Almonry, *n.* ਆਮਨਰੀ–ਲੰਗਰ ਖਾਨਾ, ਧਰਮ ਸ਼ਾਲਾ।

Almost, *adv.* ਆਲਮੋਸਟ—ਬਹੁਤ ਕਰਕੇ, ਲਗਭਗ।

Alms, *n.* ਆਮਜ਼–ਭਿੱਖਯਾ, ਦਾਨ, ਖ਼ਰੈਤ।

Alms-basket, *n.* ਆਮਜ਼ਬਾਸਕਟ—ਭੀਖ ਮੰਗਨ ਲਈ ਟੋਕਰੀ।

Alms-deed, *n.* ਆਮਜ਼ਡੀਡ–ਧਰਮ ਦਾ ਕੰਮ।

Alms-giver, *n.* ਆਮਜ਼ਗਿਵਰ–ਦਾਨ ਦੇਨ ਵਾਲਾ, ਦਾਤਾ।

Alms-giving, *n.* ਆਲਮਜ਼ਗਿਵਿੰਗ—ਦਾਨ, ਪੁੰਨ, ਖ਼ਰੈਤ।

Alms-house, *n.* ਆਮਜ਼ਹਾਉਸ–ਧਰਮਸਾਲਾ, ਲੰਗਰ ਖਾਨਾ।

Alms-man, *n.* ਆਮਜ਼ਮੈਨ–ਭਿਖਾਰੀ, ਭੀਖ ਮੰਗਨ ਵਾਲਾ, ਮੰਗਤਾ।

Aloes, *n.* ਐਲੋਜ਼–ਅਗਰ, ਮੁਸੱਬਰ।

Aloft, *adv.* ਅੈਲੋਫ਼ਟ–ਉੱਚਾ, ਉੱਪਰ।

Alone, *a.* or *adv.* ਅਲੋਨ–ਇਕੱਲਾ, ਕੱਲਮ-ਕੱਲਾ, ਤਨ ਤਨਹਾ।

Along, *adv.* ਏਲਾਂਗ–ਲੰਬਾਈ, ਇਰਦ ਗਿਰਦ, ਉੱਪਰ; *prep.* ਵਿੱਚ, ਅੱਗੇ, ਬਰਾਬਰ, ਲਗਾਤਾਰ।

Alongside, *prep.* ਏਲਾਂਗਸਾਈਡ–ਬਰਾਬਰ ਬਰਾਬਰ, ਬਗ਼ਲ ਵਿੱਚ।

Aloof, *adv.* ਅਲੂਫ਼–ਦੂਰ, ਨਿਰਾਲਾ, ਅਲੱਗ।

Alopecy, *n.* ਅਲੋਪਿਸੀ–ਵਾਲ ਖੋਰਾ।

Aloud, *adv.* ਏਲਾਉਡ—ਉੱਚੀ ਸੁਰ ਨਾਲ, ਉੱਚੀ ਆਵਾਜ਼ ਨਾਲ, ਜ਼ੋਰ ਨਾਲ।

Alpaca, *n.* ਅਲਪਾਕਾ ਇੱਕ ਪ੍ਰਕਾਰ ਦਾ ਰੇਸ਼ਮੀ ਯਾ ਗਰਮੀ ਕੱਪੜਾ।

Alpha, *n.* ਅਲਫ਼ਾ–ਯੂਨਾਨੀ ਭਾਖਾ ਦਾ ਪਹਿਲਾ ਅੱਖਰ, ਅਲਿਫ਼।

Alphabet, *n.* ਅਲਫ਼ੈਬੈਟ—ਕਿਸੇ ਭਾਖਾ ਦੀ ਵਰਣਮਾਲਾ, ੳ, ਅ, ੲ, ਆਦਿਕ।

Alphabetic, Alphabetical, *a.* (ਅਲਫ਼ੈਬੇਟਿਕ, ਅਲਫ਼ੈਬੇਟੀਕਲ) ੳ, ਅ, ਆਦਿਕ ਦਾ, ਅਲਫ਼, ਬੇ, ਆਦਿਕ ਦਾ।

Alps, *n.* ਐਲਪਸ—ਯੂਰਪ ਵਿੱਚ ਇਕ ਵੱਡਾ ਪਹਾੜ।

Already, *adv.* ਆਲਰੈਡੀ–ਇਸਤੋਂ ਪਹਿਲੇ, ਇਸ ਸਮਯ ਤੋਂ ਪਹਿਲੇ, ਪਹਿਲੋਂ ਹੀ, ਅੱਗ ਤੋਂ ਹੀ।

Also, *adv.* ਆਲਸੋ–ਸਮੇਤ, ਭੀ, ਵੀ, ਇਸਤੋਂ ਸਿਵਾਇ।

Altar, *n.* ਆਲਟਰ–ਵੇਦੀ; ਕੁਰਬਾਨ ਗਾਹ, ਓਹ ਥਾਂ ਜਿਸ ਵਿੱਚ ਕੁਰਬਾਨੀ ਕਰਦੇ ਹਨ।

Alter, *v. t.* ਆਲਟਰ–ਬਦਲ ਦੇਨਾ, ਪਲਟਨਾ, ਪਲਟ ਦੇਨਾ; ਠੀਕ ਕ०।

Alterable, *a.* ਆਲਟ੍ਰੇਬਲ–ਪਲਟੇ ਜਾਨ ਦੇ ਯੋਗ।

Alterant, *n.* ਆਲਟ੍ਰੈਂਟ—ਪਲਟਨੇ ਵਾਲਾ, ਬਦਲਨੇ ਵਾਲਾ।

Alteration, *n.* ਆਲਟ੍ਰੇਸ਼ਨ–ਪਲਟਾ, ਬਦਲ, ਅਦਲ ਬਦਲ, ਫੇਰ ਫਾਰ।

Alterative, *a.* ਆਲਟ੍ਰੇਟਿਵ–ਪਲਟਨੇ ਦਾ ਗੁਣ ਰੱਖਨ ਵਾਲਾ; ਮੁੰਜ਼ਸ਼।

Altercate, *v. t.* ਆਲਟਰਕੇਟ–ਹੁੱਜਤ ਕ०, ਤਕਰਾਰ ਕ०।

Altercation, *n.* ਆਲਟਰਕੇਸ਼ਨ—ਵਿਵਾਦ, ਟੰਟਾ, ਤਕਰਾਰ, ਝਗੜਾ; ਹੁੱਜਤ, ਵਿਤੰਡਾ; ਰੱਦ ਬਦਲ।

Altern, *a.* ਆਲਟਰਨ–ਫੇਰੀ ੨ ਨਾਲ ਕਰਨ ਵਾਲਾ, ਵਾਰੀ ੨ ਨਾਲ ਕਰਨ ਵਾਲਾ; *v. i.* ਵਾਰੀ ੨ ਨਾਲ ਹੋਨਾ।

Alternate, *n.* ਆਲਟਰਨੇਟ–ਵਾਰੀ ਵਾਰੀ; *a.* ਪ੍ਰਸਪਰ, ਆਪਸ ਵਿੱਚ; ਵਾਰੀ ਨਾਲ ਹੋਨ ਵਾਲਾ; *v. t.* ਵਾਰੀ ੨ ਨਾਲ ਹੋਨਾ

ਪਹਿਲੇ ਇੱਕ ਫੇਰ ਦੂਜਾ ਹੋਣਾ, ਬਦਲਣਾ ਅਦਲ ਬਦਲ ਕ० ।

Alternation, *n.* ਆਲਟਰਨੇਸ਼ਨ–ਫੇਰਾਂ ਫੇਰੀ, ਹੇਰਾ ਫੇਰੀ, ਅਦਲ ਬਦਲ ।

Alternative, *n.* ਆਲਟਰਨੇਟਿਵ–ਉਪਾਵ ਯਾ ਤਰੀਕਾ; ਇਲਾਜ, ਦੋ ਵਸਤੂਆਂ ਵਿੱਚੋਂ ਇੱਕ ਨੂੰ ਸ੍ਵੀਕਾਰ ਕ०, ਵਿਕਲਪ ਕ०; *a.* ਦੋ ਚੀਜ਼ਾਂ ਵਿੱਚੋਂ ਸਵੀਕਾਰ ਕਰਨ ਦਾ ਅਧਿਕਾਰ ਦੇ० ਵਾਲਾ ।

Alternatively, *adv.* ਆਲਟਰਨੇਟਿਵਲੀ—ਵਾਰੀ ੨ ਨਾਲ, ਆਪਸ ਵਿੱਚ ।

Althea, *n.* ਐਲਥੀਆ–ਖਤਮੀ, ਖੁਬਾਜ਼ੀ ।

Although, *con.* ਆਲਦੋ—ਇਸ ਬਾਤ ਦੇ ਹੁੰਦਿਆਂ, ਭਾਵੇਂ, ਕਿੰਤੂ, ਤਥਾਪਿ, ਯਦਯਪਿ ।

Altimeter, *n.* ਆਲਟੀਮੀਟਰ–ਇੱਕ ਜੰਤਰ ਜਿਸਦੇ ਨਾਲ ਉਚਾਈਆਂ ਪੈਮਾਇਸ਼ ਕੀਤੀਆਂ ਜਾਂਦੀਆਂ ਹਨ ।

Altiscope, *n.* ਆਲਟਿਸਕੋਪ—ਇੱਕ ਜੰਤਰ ਜਿਸ ਨਾਲ ਉਚਾਈਆਂ ਦੇਖੀਆਂ ਜਾਂਦੀਆਂ ਹਨ ।

Altisonant, *a.* ਆਲਟੀਸੋਨੈਂਟ–ਬੜੇ ਬੋਲ ਦਾ, ਉੱਚੇ ਸੁਰ ਦਾ, ਮਹਾਂ ਸੁਰ ਦਾ, ਉੱਚੀ ਅਵਾਜ਼ ਦਾ ।

Altitude, *n.* ਆਲਟੀਚੂਡ—ਦੋ ਸਥਾਨਾਂ ਦਾ ਆਪਸ ਵਿੱਚ ਉਚਾਈ ਦਾ ਭੇਦ, ਹੇਠਲੇ ਸਥਾਨ ਤੋਂ ਉਤਲੇ ਸਥਾਨ ਦਾ ਫ਼ਾਸਲਾ; ਉਚਾਈ, ਬੁਲੰਦੀ ।

Alto, *n,* ਅਲਟੋ–ਉੱਚਾ ਸੁਰ, ਨਖਾਦ ।

Altogether, *adv.* ਆਲਟੂਗੈਦਰ—ਪੂਰਾ, ਸਾਰਾ, ਬਿੱਲਕੁੱਲ, ਸਭ ਦਾ ਸਭ ।

Altruism, *n.* ਆਲਟਰੂਇਜ਼ਮ–ਧਰਮ, ਅਪਨੇ ਹਿਤ ਨੂੰ ਛੱਡਕੇ ਦੂਜਿਆਂ ਦਾ ਭਲਾ ਕਰਨ ਵਾਲਾ ।

Altruistic, *a.* ਆਲਟਰੂਇਸਟਿਕ—ਧਰਮ ਸੰਬੰਧੀ ।

Alum, *n.* ਐਲਮ–ਫਟਕੜੀ ।

Aluminous, *a.* ਐਲੂਮੀਨਅਸ—ਫਟਕੜੀ ਸੰਬੰਧੀ ।

Alumish, *a.* ਐਲਮਿਸ਼—ਫਟਕੜੀ ਵਰਗਾ, ਫਟਕੜੀ ਦੇ ਗੁਣ ਰੱਖਣ ਵਾਲਾ ।

Alumnus, *n.* ਏਲਮਨਸ–ਵਿੱਦਯਾਰਥੀ, ਸ਼ਾਗਿਰਦ, ਚਾਟੜਾ ।

Always, *adv.* ਆਲਵੇਜ਼—ਹਮੇਸ਼ਾ, ਨਿੱਤ, ਸਦਾ ।

Am, *v.* ਐਮ–ਹੂੰ, ਹਾਂ; ਵਰਬ to be ਦਾ first person singular ਹੈ ।

Amain, *adv.* ਅਮੇਨ–ਬਲ ਨਾਲ, ਜ਼ੋਰ ਨਾਲ ।

Amalgam, *n.* ਅਮੈਲਗਮ–ਮਿਲੀ ਹੋਈ ਧਾਤ, ਪਾਰੇ ਦੇ ਨਾਲ ਦੂਜੀ ਮਿਲੀ ਹੋਈ ਧਾਤ ।

Amalgamate, *v. t.* ਅਮੈਲਗੇਮੇਟ—ਧਾਤਾਂ ਦਾ ਮਿਲਾਉਣਾ; ਮਿਲਾਉਣਾ, ਮਿਲਾ ਦੇਣਾ ।

Amalgamation, *n.* ਅਮੈਲਗੇਮੇਸ਼ਨ—ਮੇਲ, ਮਿਲਾਵਟ ।

Amanuensis, *n.* ਅਮੈਨਉਅਨਸਿਸ–ਲੇਖਕ, ਨਕਲ ਨਵੀਸ ।

Amaranth, *n.* ਐਮਰੈਂਥ–ਕਦੀ ਨ ਮੁਰਝਾਉਣ ਵਾਲਾ ਫੁੱਲ, ਹਮੇਸ਼ਾ ਤਰੋ ਤਾਜ਼ਾ ਫੁੱਲ, ਸਦਾ ਬਹਾਰੀ ।

Amass, *v. t.* ਅਮਾਸ–ਇਕੱਠਾ ਕ०, ਬਟੋਰਨਾ, ਸਮੇਟਣਾ, ਸੰਚਯ ਕ०, ਢੇਰ ਲਗਾਉਣਾ ।

Amassment, *n.* ਅਮਾਸਮੈਂਟ–ਗਠੜੀ, ਤੋੜਾ, ਸਮੂਹ ।

Amateur, *n.* ਐਮੇਚਿਉਰ–ਕਿਸੇ ਵਿੱਦਯਾ ਯਾ ਸ਼ਿਲਪ ਵਿੱਦਯਾ ਦਾ ਪਰੇਮੀ, ਯਾ ਪੰਡਤ, ਓਹ ਸ਼ੌਕੀਨ ਜਿਸਨੇ ਕਿਸੇ ਵਿੱਦਯਾ ਦੀ ਕਿਸੇ ਉਸਤਾਦ ਪਾਸੋਂ ਸਿੱਖਯਾ ਨਾ ਪਾਈ ਹੋਵੇ ਅਤ ਅਪਨੇ ਉੱਦਮ ਤੇ ਅਕਲ ਨਾਲ ਕੰਮ ਕਰੇ ।

Amatory, *a.* ਐਮੇਟਰੀ–ਕਾਮੀ, ਅਨੁਰਾਗੀ, ਸਨੇਹੀ ।

Amaze, *v. t.* ਅਮੇਜ਼—ਹੈਰਾਨ ਕ०, ਘਬਰਾਕੁਲ ਕ०, ਘਬਰਾਉਣਾ; *n.* ਘਬਰਾਹਟ, ਘਬਰਾਕੁਲਤਾ, ਹੈਰਾਨੀ ।

Amazedly, *adv.* ਏਮੇਜ਼ਿਡਲੀ—ਘਬਰਾਹਟ ਨਾਲ ।

Amazedness, *n.* ਅਮੇਜ਼ਿਡਨੈਸ–ਘਬਰਾਹਟ, ਪਰੇਸ਼ਾਨੀ, ਹੈਰਾਨੀ ।

Amazement, *n.* ਅਮੇਜ਼ਮੈਂਟ–ਘਬਰਾਕੁਲਤਾ, ਘਬਰਾਹਟ, ਵਿਸਮਯਤਾ ।

Amazing, *a.* ਐਮੇਜ਼ਿੰਗ–ਅਦਭੁਤ, ਅਜੀਬ, ਚਮਤਕਾਰੀ ।

Amazon, *n.* ਐਮੇਜ਼ਨ-ਲੜਾਕੀ ਇਸਤ੍ਰੀ, ਬਹੁਗੁਣੀ ਇਸਤ੍ਰੀ, ਓਹ ਇਸਤ੍ਰੀ ਜੋ ਸ਼ਸਤ੍ਰਧਾਰੀ ਮਰਦਾਨਾ ਭੇਸ ਵਿਚ ਹੋਵੇ ।

Ambages, *n.* ਐਮਬੇਜਿਜ਼—ਟੇਢੀ ਬਾਤ, ਵਿਕ੍ਰੋਕਤੀ ।

Ambassador, *n.* ਐਮਬੈਸੇਡਰ—ਏਲਚੀ, ਸਫ਼ੀਰ, ਰਾਜ ਦੂਤ ।

Ambassadress, *n.* ਐਮਬੇਸੇਡ੍ਰੇਸ-ਏਲਚਿਨ, ਏਲਚੀ ਦੀ ਇਸਤ੍ਰੀ, ਰਾਜ ਦੂਤਿਨੀ ।

Amber, *n.* ਐਂਬਰ—ਅੰਬਰ, ਤ੍ਰਿਣਮਣੀ ; ਕੋਹ-ਰੁਬਾ; ਇਕ ਪ੍ਰਕਾਰ ਦੀ ਲਾਖ ਜਿਸਨੂੰ ਰਗੜਨ ਨਾਲ ਬਿਜਲੀ ਪੈਦਾ ਹੁੰਦੀ ਹੈ ; *a.* ਜਿਸ ਵਿੱਚ ਅੰਬਰ ਹੋਵੇ ।

Ambergris, *n.* ਐਂਬਰਗ੍ਰਿਸ-ਇੱਕ ਸੁਗੰਧ ਵਾਲੀ ਵਸਤੂ ਜੋ ਵ੍ਹੇਲ ਮੱਛੀ ਦੀ ਚਰਬੀ ਵਿੱਚੋਂ ਨਿਕਲਦੀ ਹੈ ।

Ambidexter, *n.* ਐਮਬੀਡੈਕਸਟਰ-ਜੋ ਦੋਹੀਂ ਪਾਸੀਂ ਮਿਲਨ ਨੂੰ ਤਿਆਰ ਰਹਿੰਦਾ ਹੈ, ਜੋ ਦੋਹਾਂ ਹੱਥਾਂ ਦਾ ਨਿਪੁਨ ਹੁੰਦਾ ਹੈ, ਦੋ ਪੱਸੇ ਦਾ ਪੱਖੀ (ਹਾਮੀ)।

Ambient, *a.* ਐਮਬੀਐਂਟ-ਚੌਹੀਂ ਪਾਸੀਂ ਘੇਰਨ ਵਾਲਾ, ਘੇਰ ਲੈਨ ਵਾਲਾ ।

Ambiguity, *n.* ਐਮਬੀਗੁਇਟੀ-ਦੋ ਅਰਥਾ, ਦੋ ਅਰਥ ਵਾਲਾ, ਜਿਸਦੇ ਦੋ ਮਇਨੇ ਹੋਨ; ਸ਼ੱਕ, ਦੁਬਦਾ ।

Ambiguous, *a.* ਐਮਬੀਗੁਅਸ-ਦੋ ਅਰਥੀ, ਗੋਲ ਮੋਲ ।

Ambit, *n.* ਐਮਬਿਟ-ਕਿਸੇ ਵਸਤੂ ਦਾ ਘੇਰਾ, ਚੁਫੇਰਾ ।

Ambition, *n.* ਐਮਬੀਸ਼ਨ-ਹੌਸਲਾ, ਉਮੰਗ; ਹਵਸ, ਲਾਲਚ ।

Ambitious, *a.* ਐਨਬੀਸ਼ਸ-ਹੌਸਲੇ ਵਾਲਾ, ਲਾਲਚੀ ।

Amble, *v. i.* ਐਂਬਲ—ਦੁਗਾਮਾ ਚਲਨਾ, ਰਵਾਲ ਚਲਨਾ, ਆਸਾਨ ਤਰੀਕੇ ਨਾਲ ਚਲਨਾ ; *n.* ਦੁਗਾਮਾ, ਰੁਆਲ ਚਾਲ ; ਉੱਤਰਗਤੀ ।

Ambler, *n.* ਐਂਬਲਰ-ਇੱਕ ਘੋੜਾ ਜਿਸਨੂੰ ਦੁਗਾਮਾ ਚਾਲ ਸਿਖਾਈ ਜਾਂਦੀ ਹੈ ।

Ambo, *n.* ਐਮਬੋ-ਪੜ੍ਹਨ ਦੀ ਮੇਜ਼, ਪਾਠ ਕਰਨ ਦੀ ਮੇਜ਼।

Ambrosia, *n.* ਐਂਬਰੋਸਿਆ-ਅੰਮ੍ਰਿਤ, ਦੇਵਤਿਆਂ ਦਾ ਕਲਪਿਤ ਭੋਜਨ, ਸੁਧਾ, ਆਬ-ਹਯਾਤ ।

Ambry, *n.* ਐਮਬਰੀ-ਦਾਨਸ਼ਾਲਾ, ਭੰਡਾਰ ।

Ambulance, *n.* ਐਮਬੂਲੈਂਸ-ਹਸਪਤਾਲ ਦੀ ਗੱਡੀ ਜੋ ਫ਼ੌਜ ਨਾਲ ਲੜਾਈ ਦੇ ਵੇਲੇ ਫੱਟੜਾਂ ਯਾ ਬੀਮਾਰਾਂ ਲਈ ਜਾਂਦੀ ਹੈ ।

Ambulant, *a.* ਐਮਬੁਲੈਂਟ-ਚਲਦਾ ਫਿਰਦਾ, ਏਧਰ ਓਧਰ ਘੁਮਦਾ ।

Ambulate, *v. i.* ਐਮਬੁਲੇਟ—ਅੱਗੇ ਪਿੱਛੇ ਹਿੱਲਨਾ ।

Ambulation, *n.* ਐਮਬੁਲੇਸ਼ਨ-ਏਧਰ ਓਧਰ ਚੱਲਨੇ, ਫਿਰਨੇ ਯਾ ਟਹਿਲਨੇ ਦੀ ਹਾਲਤ ।

Ambulatory, *a.* ਐਮਬੁਲੇਟੁਰੀ-ਤੁਰ ਫਿਰ ਸੱਕਨ ਵਾਲਾ ।

Ambuscade, *n.* ਐਮਬੁਸਕੇਡ—ਘਾਤ ਦੀ ਜਗ੍ਹਾ, ਗੁਪਤ ਅਸਥਾਨ ਜਿੱਥੇ ਲੁਪਕੇ ਦੁਸ਼ਮਨ ਪਰ ਵਾਰ ਕਰਨ ਲਈ ਬੈਠੇ ਰਹਿੰਦੇ ਹਨ ।

Ambush, *n.* ਐਮਬੁਸ਼-ਘਾਤ, ਘਾਤ ਦੀ ਜਗ੍ਹਾ; *v. t.* ਘਾਤ ਵਿੱਚ ਬੈਠਾਉਨਾ ।

Amel, *n.* ਐਮਲ—ਮੀਨਾਕਾਰੀ ਕਰਨ ਦਾ ਸਾਮਾਨ ।

Ameliorate, *v. t.* ਐਮੇਲਿਉਰੇਟ-ਸੁਆਰਨਾ, ਸੁਧਾਰਨਾ, ਅੱਛਾ ਕ० ।

Amelioration, *n.* ਐਮੇਲਿਉਰੇਸ਼ਨ-ਭਲਾਈ; ਸੁਧਾਰ, ਉੱਨਤੀ ।

Amen, *adv.* ਏਮਿਨ-ਐਸਾ ਹੀ ਹੋ, ਇਸੇ ਤਰਾਂ ਹੋਵੇ, ਤਥਾਅਸਤੁ, ਏਵਮ ਅਸਤੂ; ਅਮੀਨ ਅੱਲਾ; *n.* ਰੂਹਉਲ ਅਮੀਨ (ਹਜ਼ਰਤ ਈਸਾ ਦਾ ਖਿਤਾਬ) ।

Amenable, *a.* ਏਮਿਨੇਬਲ—ਜਵਾਬ ਦੇਹ, ਕਹਿਨਾ ਮੰਨ ਜਾਨ ਵਾਲਾ, ਆਗਯਾਕਾਰ, ਤਾਬੇਦਾਰ ।

Amend, *v. t.* ਏਮੈਂਡ-ਸੁੱਧ ਕ०, ਉੱਤਮ ਕ०, ਭਲਾ ਬਨਾਉਨਾ, ਤਰਮੀਮ ਕ०; *v. i.* ਠੀਕ ਹੋਨਾ ।

Amendment, *n.* ਅਮੈਂਡਮੈਂਟ—ਦਰੁਸਤੀ, ਤਰਮੀਮ, ਸੁਧਾਰ; ਵਧਾਓ ਘਟਾਓ ।

Amends, *n.* ਅਮੈਂਡਸ–ਬਦਲਾ, ਪਰਿ ਪਾਪ ਕਰਨ ਦਾ ਕੁਛ ਸਜ਼ਾ ਦਾ ਭੋਗ।

Amenity, *n.* ਅਮੈਨਿਟੀ—ਖੂਬੀ, ਮਕਾਨ ਦੀ ਸੁੰਦਰਤਾ; ਖ਼ੁਸ਼ੀ; ਅਸ਼ਰਾਫ਼ਤ, ਨਰਮੀ।

Amerce, *v. t.* ਏਮਰਸ–ਜੁਰਮਾਨਾ ਕ०, ਦੰਡ ਦੇਣਾ।

Amerceable, *a.* ਏਮਰਸਏਬਲ—ਜੁਰਮਾਨਾ ਕਰਨ ਦੇ ਜੋਗ।

Amercement, *n.* ਏਮਰਸਮੈਂਟ–ਜੁਰਮਾਨਾ, ਦੰਡ।

America, *n.* ਅਮੇਰਿਕਾ—ਨਵੀਂ ਦੁਨੀਆਂ, ਪਾਤਾਲ।

American, *n.* ਅਮੇਰਿਕਨ—ਅਮਰੀਕਾ ਦਾ ਵਾਸੀ; *a.* ਅਮਰੀਕਾ ਦਾ ਯਾ ਅਮਰੀਕਾ ਸੰਬੰਧੀ।

Amess, *n.* ਅਮੇਸ—ਜਾਮਾ, ਚੋਗ਼ਾ, ਚੋਲਾ, ਜੁੱਬਾ।

Amethyst, *n.* ਐਮੀਥਿਸਟ–ਨੀਲਮ, ਲਾਜਵਰਦ, ਯਾਕੂਤ।

Amiable, *a.* ਐਮਿਏਬਲ–ਸਭ ਨੂੰ ਭਾਉਂਦਾ, ਮਨਮੋਹਨ, ਪ੍ਰੀਤੀਜੋਗ, ਦਿਲਚਸਪ।

Amicable, *a.* ਐਮਿਕੇਬਲ–ਮਿੱਤ੍ਰਾਚਾਰ ਵਾਲਾ, ਪਯਾਰ ਵਾਲਾ, ਸ੍ਰਿਸ਼ਟਾਚਾਰ ਵਾਲਾ।

Amice, *n.* ਏਮਿਸ—ਪ੍ਰੋਹਿਤ ਦੇ ਬਸਤ੍ਰ ਦਾ ਹੇਠਲਾ ਭਾਗ; ਵੇਖੋ ਲਫ਼ਜ਼ Amess.

Amid, } *prep.* ਅਮਿਡ } ਅੰਤਰ, ਸਾਥ,
Amidst, } ਅਮਿਡਸਟ } ਵਿੱਚ, ਵਿੱਚਕਾਰ, ਦਰਮਿਆਨ।

Amiss, *a.* ਏਮਿਸ–ਅਨੁੱਚਿਤ, ਅਸ਼ੁਧ, ਦੋਸ਼ੀ; *adv.* ਦੋਸ਼ ਯਾ ਭਰਮ ਨਾਲ।

Amity, *n.* ਐਮਿਟੀ–ਦੋਸਤੀ, ਮਿੱਤ੍ਰਤਾਈ।

Ammonia, *n.* ਅਮੋਨੀਆ–ਨੌਸ਼ਾਦਰ।

Ammoniac, *n.* ਅਮੋਨੀਐਕ—ਇੱਕ ਪ੍ਰਕਾਰ ਦੀ ਗੋਂਦ।

Ammunition, *n.* ਐਮਿਊਨੀਸ਼ਨ–ਜੰਗ ਦਾ ਸਾਮਾਨ, ਜੁੱਧ ਦੀ ਸਾਮੱਗਰੀ ਅਰਥਾਤ ਗੋਲਾ, ਬਾਰੂਦ ਆਦਿਕ।

Amnesty, *n.* ਐਮਨੈਸਟੀ–ਮੁਆਫ਼ੀ ਉਨ੍ਹਾਂ ਅਪ- ...ਨ ਸਰਕਾਰ ਦੇ ਵਿਰੁੱਧ ਕੀਤੇ ਜਾਨ, ਆਮ ਮੁਆਫ਼ੀ, ਜਾਨ ਬਖ਼ਸ਼ੀ।

Among, } *prep.* ਏਮੰਗ } ਮੱਧ,
Amongst } ਏਮੰਗਸਟ } ਅੰਤਰ, ਦਰਮਿਆਨ, ਵਿੱਚਕਾਰ, ਮੰਡਲ; ਮਿਲਿਆ ਹੋਇਆ।

Amorous, *n.* ਐਮ-ਓਰ-ਅਸ–ਕਾਮੀ, ਰਸਿਕ, ਅਨੁਰਾਗੀ ਪੁਰਖ।

Amour, *n.* ਐਮੋਰ–ਆਸ਼ਨਾਈ, ਪ੍ਰੇਮ, ਮੁਹੱਬਤ।

Amorphous, *a.* ਏਮਾਰਫ਼ਸ—ਕਰੂਪ, ਬਦਸ਼ਕਲ, ਬੇਢੰਗਾ।

Amort, *a.* ਏਮਾਰਟ–ਉਦਾਸ, ਦਿਲਗੀਰ।

Amount, *v. i.* ਏਮਾਉਂਟ—ਪਹੁੰਚਣਾ, ਸਭ ਮਿਲਕੇ ਹੋ ਜਾਣਾ, ਜੋੜਨਾ; *n.* ਜੋੜ, ਰਕਮ, ਤੈਦਾਦ, ਜਮ੍ਹਾਂ।

Amphibious, *a.* ਐਮਫ਼ੀਬੀਅਸ—ਦੋ ਤੱਤਾਂ ਵਿੱਚ ਰਹਿਣ ਦੀ ਸਮਰਥ ਰੱਖਣ ਵਾਲਾ, ਜੋ ਜੀਵ ਜਲ ਤੇ ਹਵਾ ਵਿੱਚ ਇੱਕੋ ਜੇਹਾ ਰਹੇ, ਜਲ ਥਲ ਚਰ।

Amphibolous, *a.* ਐਮਫ਼ੀਬੋਲਸ–ਦੋ ਅਰਥਕ ਬਚਨ।

Amphiboly, *n.* ਐਮਫ਼ੀਬੋਲੀ—ਦੋ ਅਰਥ ਵਾਲਾ।

Amphisbæna, *n.* ਐਮਫ਼ਿਸਬੀਨਾ—ਦੋ ਮੂੰਹਾਂ ਸੱਪ, ਗੰਡੋਆ।

Amphitheater, *n.* ਐਮਫ਼ੀਥਿਏਟਰ—ਅਖਾੜਾ, ਤਮਾਸ਼ਾ ਘਰ ਯਾ ਥੀਏਟਰ ਜਿਸਦੇ ਚਹੁੰ ਪਾਸੀਂ ਬੈਠਣ ਦੀਆਂ ਜਗ੍ਹਾਂ ਬਣੀਆਂ ਹੋਈਆਂ ਹੋਣ; ਪਹਾੜਾਂ ਵਿੱਚ ਏਸੇ ਸ਼ਕਲ ਦੀ ਕੋਈ ਜਗ੍ਹਾ।

Ample, *a.* ਐਂਪਲ—ਕਾਫ਼ੀ, ਬਹੁਤ ਚੌੜਾ, ਵਿਸਤ੍ਰਿਤ।

Amplification, *n.* ਐਮਪਲੀਫ਼ੀਕੇਸ਼ਨ—ਵਧਾਓ, ਜਿਸੇ ਗੱਲ ਦੀ ਵਧਕੇ ਕਹਿਣ ਦੀ ਹਾਲਤ।

Amplify, *v. t.* ਐਂਪਲਿਫ਼ਾਈ–ਵੱਡਾ ਬਣਾਉਣਾ, ਬਹੁਤਾ ਕ०, ਫੈਲਾਉਣਾ।

Amplitude, *n.* ਐਮਪਲੀਚਿਊਡ—ਫੈਲਾਓ, ਫ਼ਰਾਖ਼ੀ, ਸਮਾਈ; ਵੇਖੋ ਲਫ਼ਜ਼ Abundance.

Amputate, / **Ampute,** } *v. t.* { ਐਮਪੁਟੇਟ / ਐਮਪਿਊਟ } ਅੰਗ ਨੂੰ ਕੱਟ ਦੇਣਾ ।

Amputation, *n.* ਐਂਪਿਊਟੇਸ਼ਨ-ਕਿਸੇ ਅੰਗ ਨੂੰ ਕੱਟਣ ਦੀ ਜਰਾਹੀ ।

Amply, *adv.* ਐਮਪਲੀ—ਬਹੁਤ ਸਾ, ਬਹੁਤਾਇਤ ਨਾਲ ।

Amuck, *n.* ਅਮੱਕ—ਅੰਧਾਧੁੰਦ, ਬੇਧੜਕ, ਬੇਡਰ ਹੋਕੇ; *n.* ਸੁਦਾਈਪੁਣੇ ਦਾ ਹਮਲਾ; *v. i.* ਸੁਦਾਈ ਵਾਙੂ ਦੌੜਨਾ, ਜੋ ਅੱਗੇ ਆਵੇ ਉਸਨੂੰ ਮਾਰਨਾ ।

Amulet, *n.* ਐਮੁਲੇਟ-ਗੰਡਾ, ਜੰਤਰ, ਤਵੀਤ ।

Amuse, *v. t.* ਅਮਿਊਜ਼-ਮਨ ਫੇਰਨਾ, ਟਾਲ-ਮਟੋਲਾ ਕ०, ਭੁਲਾਉਣਾ; ਦਿਲ ਖ਼ੁਸ਼ ਕ०, ਬਹਿਲਾਉਣਾ ।

Amusement, *n.* ਅਮਿਊਜ਼ਮੇਂਟ-ਦਿਲ ਪਰਚਾਵਾ, ਤਮਾਸ਼ਾ ।

Amusing, *a.* ਅਮਿਊਜ਼ਿੰਗ-ਖ਼ੁਸ਼ੀ ਦੇਣ ਵਾਲਾ, ਮਨ ਭਾਉਂਦਾ ।

An, *art.* ਐਨ-ਇੱਕ, ਉਨ੍ਹਾਂ ਸ਼ਬਦਾਂ ਦੇ ਪਹਿਲੇ, ਜਿਨ੍ਹਾਂ ਦੇ ਆਦਿ ਵਿੱਚ ਸੁਰ ਵਰਣ ਦੀ ਅਵਾਜ਼ ਨਿਕਲਦੀ ਹੈ, ਏਹ ਸ਼ਬਦ ਲਾਇਆ ਜਾਂਦਾ ਹੈ ।

Anachorite, *n.* ਅਨਅਕੋਰਾਇਟ-ਤਿਆਗੀ, ਬਨਬਾਸੀ, ਤਪੱਸੀ ।

Anachronic, *a.* ਅਨਅਕ੍ਰੋਨਿਕ—ਤਾਰੀਖ਼ ਦੀ ਗਲਤੀ ਵਾਲਾ ।

Anacronism, *n.* ਅਨਅਕਰੋਨਇਜ਼ਮ—ਕਿਸੇ ਇਤਹਾਸਕ ਸਮਯ ਦੇ ਗਿਣਣ ਵਿੱਚ ਭੁਲੇਖਾ ਖਾਣ ਦੀ ਹਾਲਤ ।

Anadem, *n.* ਐਨਾਡੈਮ-ਫੁੱਲਾਂ ਦਾ ਮੁਕਟ ਯਾ ਮਾਲਾ ।

Anagogics, *n.* ਐਨਾਗੋਜਿਕਸ-ਗੂੜ੍ਹ, ਆਤਮ ਵਿਚਾਰ ।

Anagram, *v, t.* ਐਨਾਗ੍ਰਾਮ—ਅੱਖਰਾਂ ਦੇ ਉਲਟ ਪੁਲਟ ਵਿੱਚ ਇੱਕ ਸ਼ਬਦ ਨੂੰ ਦੂਜਾ ਕਰ ਦੇਣਾ ।

Analeptic, *a.* ਐਨਾਲੇਪਟਿਕ—ਰੋਗ ਨਾਸ਼ਕ, ਪੁਸ਼ਟੀਕਾਰ ।

Analogical, / **Analogous,** } *a.* ਐਨਾਲੋਜੀਕਲ / ਐਨਾਲੋਗਸ } —ਤੁਲਜ, ਸਦਰਿਸ਼, ਮੁਆਫ਼ਿਕ, ਤੁਲਤਾ ਰੱਖਣ ਵਾਲਾ ।

Analogize, *v. t.* ਐਨਾਲੋਜਾਇਜ਼—ਉਪਮਾ ਨਾਲ ਸਮਝਾਉਣਾ ।

Analogue, *n.* ਐਨਾਲੋਗਿਉ-ਤੁੱਲਜ ਯਾ ਸਾਦ੍ਰਸ਼ ਚੀਜ਼ ।

Analogy, *n.* ਐਨਾਲੋਜੀ-ਸਦਰਸ਼, ਸੰਮਤਾ, ਤੁੱਲਤਾ ।

Analysis, *n.* ਐਨੇਲਿਸਿਸ—ਪਰਿਛੇਦ, ਪਦ ਛੇਦਨ, ਤੱਤ ਸੋਧਨ, ਤੱਤ ਨਿਕਾਸ; ਵੇਰਵਾ; ਤਫ਼ਰੀਕ; ਸਵਾਲਾਂ ਨੂੰ ਸਬਰ ਮੁਕਾਬਲੇ ਦੇ ਤਰੀਕੇ ਨਾਲ ਕੱਢਣ ਦੀ ਹਾਲਤ ।

Analyze, *v. t.* ਐਨੇਲਾਈਜ਼-ਕਿਸੇ ਦ੍ਰਵ ਤੋਂ ਉਸਦੇ ਮਿਲੇ ਹੋਏ ਤੱਤਾਂ ਨੂੰ ਅਲੱਗ ਕ०, ਪ੍ਰਿਥਕ ਕ०; ਸੋਧਨਾ; ਵੇਰਵਾ ਕ०; ਟੁਕੜੇ ਕ० ।

Anapest, *n.* ਐਨਾਪੈਸਟ—ਓਹ ਛੰਦ ਜਿਸ ਵਿੱਚ ਦੋ ਲਘੂ ਤੇ ਇੱਕ ਗੁਰੂ ਕ੍ਰਮ ਨਾਲ ਰਹਿੰਦੇ ਹਨ, ਇੱਕ ਵਜ਼ਨ ਯਾ ਚਾਲ ਜਿਸ ਵਿੱਚ ਦੋ ਛੋਟੀ ਤੇ ਇੱਕ ਵੱਡੀ ਮਾਤਰਾ ਹੋਵੇ ।

Anarch, *a.* ਅਨਾਰਕ—ਬਦ ਅਮਨੀ ਕਰਨ ਵਾਲਾ, ਹਲਚਲ ਯਾ ਗ਼ਦਰ ਕਰਨ ਵਾਲਾ ।

Anarchism, *n.* ਐਨਾਰਕਿਜ਼ਮ-ਇਹ ਨਿਯਮ ਕਿ ਕਿਸੇ ਦੇਸ ਵਿੱਚ ਰਾਜਾ ਦੇ ਹੋਣ ਦੀ ਕੋਈ ਲੋੜ ਨਹੀਂ, ਗ਼ਦਰ, ਹੰਗਾਮਾ, ਬਦਅਮਨੀ ।

Anarchy, *n.* ਅਨਾਰਕੀ—ਅੰਧੇਰ, ਹਲਚਲ, ਗ਼ਦਰ, ਕਿਸੇ ਹਕੂਮਤ ਦੇ ਨ ਹੋਣ ਦੀ ਹਾਲਤ ।

Anasarca, *n.* ਐਨਾਸਾਰਕਾ-ਇੱਕ ਪ੍ਰਕਾਰ ਦਾ ਜਲੋਧਰ ।

Anastrophe, *n.* ਐਨਸਟ੍ਰਾਫੀ-ਇੱਕ ਅਲੰਕਾਰ ਜਿਸਤੋਂ ਸ਼ਬਦਾਂ ਦਾ ਕ੍ਰਮ ਉਲਟ ਜਾਂਦਾ ਹੈ ।

Anathema, *n.* ਐਨਾਥੀਮਾ-ਈਸਾਈ ਮੱਤ ਦ ਪਾਦਰੀ ਦਾ ਸਰਾਪ, ਲਾਨਤ, ਬਦਦੁਆ ।

Anatomist, *n.* ਐਨਾਟੋਮਿਸਟ—ਸਰੀਰ ਦੇ ਚੀਰ ਫਾੜਨ ਦੀ ਵਿੱਦਯਾ ਜਾਣਣ ਵਾਲਾ, ਜਰਾਹ ।

Anatomy, *n.* ਐਨਾਟਮੀ-ਸਰੀਰ ਦਾ ਚੀਰ ਫਾੜ, ਜਰਾਹੀ ।

Anatomize, *v. t.* ਐਨਾਟੋਮਾਈਜ਼–ਚੀਰਨਾ, ਫਾੜਨਾ, ਖੋਲ੍ਹਨਾ।

Ancestor, *n.* ਐਨਸੇਸਟਰ–ਪਿਤਰ, ਬਾਪ ਦਾਦਾ, ਵੱਡ ਵਡੇਰਾ।

Ancestral, *a.* ਐਨਸੈਸਟ੍ਰੈਲ–ਬਾਪ ਦਾਦੇ ਦਾ, ਪਿਤਰਾਂ ਦਾ, ਵੱਡ ਵਡੇਰਿਆਂ ਦਾ।

Ancestry, *n.* ਐਨਸੈਸਟਰੀ–ਵੰਸ, ਕੁਲ, ਗੋਤਰ, ਘਰਾਨਾ, ਖਾਨ ਦਾਨ।

Anchor, *n.* ਐਂਕਰ—ਜਹਾਜ਼ ਦੇ ਲਈ ਲੰਗਰ; *v. i.* ਲੰਗਰ ਪਾਉਨਾ।

Anchorage, *n.* ਐਂਕੁਰੇਜ–ਲੰਗਰ ਪਾਉਨ ਦੀ ਜਗ੍ਹਾ, ਲੰਗਰ ਪਾਉਨ ਦੀ ਜਗ੍ਹਾ ਦਾ ਕਰ (ਮਸੂਲ)।

Anchored, *a.* ਐਂਕਰਡ—ਲੰਗਰ ਪਾਇਆ ਹੋਇਆ।

Anchor-hold, *n.* ਐਂਕਰਹੋਲਡ—ਲੰਗਰ ਦੀ ਪਕੜ।

Anchorite, *n.* ਐਂਕ੍ਰੋਰਾਇਟ–ਸਾਧੂ, ਤਪੱਸੀ।

Anchor-smith, *n.* ਐਂਕਰਸਮਿਥ—ਲੰਗਰ ਬਨਾਉਨ ਵਾਲਾ।

Anchoress, *n.* ਐਂਕੋਰੈਸ–ਬਾਨ ਪ੍ਰਸਤ ਇਸਤਰੀ, ਤਪੱਸਨੀ, ਵੈਰਾਗਨ, ਉਦਾਸਨ।

Anchovy, *n.* ਐਂਚੋਵੀ—ਇੱਕ ਛੋਟੀ ਮੱਛੀ ਜੋ ਚਟਨੀ ਵਿੱਚ ਖਾਧੀ ਜਾਂਦੀ ਹੈ।

Ancient, *a.* ਐਨਸ਼ੈਂਟ–ਪ੍ਰਾਚੀਨ, ਅਗਲੇ ਸਮਯ ਦਾ, ਬ੍ਰਿਧ।

Ancient, *n.* ਐਨਸ਼ੈਂਟ–ਝੰਡਾ, ਝੰਡਾ ਬਰਦਾਰ।

Ancients, *n.* ਐਨਸ਼ੈਂਟਸ–ਪ੍ਰਾਚੀਨ ਲੋਕ।

Ancillary, *a.* ਐਨਸੀਲਰੀ—ਗੁਣਕਾਰੀ; ਅਧੀਨ; ਮੱਦਦਗਾਰ।

And, *con.* ਐਂਡ–ਅਤੇ, ਤੇ, ਹੋਰ।

Androgyne, *n.* ਐਂਡਰੋਜਿਨ—ਇੱਕ ਪ੍ਰਕਾਰ ਦਾ ਹਿਜੜਾ।

Anecdote, *n.* ਅਨੈਕਡੋਟ—ਕਹਾਨੀ, ਕਿੱਸਾ, ਨਕਲ।

Anemone, *n.* ਐਨੀਮੋਨ—ਇੱਕ ਪਰਕਾਰ ਦਾ ਫੁੱਲ।

Anent, *perp.* ਅਨੈਂਟ—ਬਾਬਤ, ਕੋਲੋਂ, ਨਿਸਬਤ।

Anurism, *n.* ਏਨਿਉਰਿਜ਼ਮ–ਇੱਕ ਰੋਗ ਜਿਸ ਨਾਲ ਨਾੜੀ ਫੁਲ ਜਾਂਦੀ ਹੈ।

Anew, *adv.* ਏਨਿਊ–ਫੇਰ, ਦੂਜੀ ਵਾਰ, ਨਵੇਂ ਸਿਰੇ ਤੋਂ।

Anfractuose, *adv.* ਐਨਫ੍ਰੈਕਚੂਅਸ—ਪੇਚਦਾਰ, ਪੇਚ ਨਾਲ ਬਨਿਆ ਹੋਇਆ।

Angel, *n.* ਏਂਜਲ–ਦੇਵ, ਦੇਵਤਾ, ਦੂਤ, ਆਤਮਾ, ਈਸ਼੍ਵਰ ਦੂਤ, ਫ਼ਰਿਸ਼ਤਾ।

Angelic, *a.* ਐਂਜਲਿਕ–ਈਸ਼੍ਵਰ ਦੂਤ ਸਾਦਰਸ਼, ਫ਼ਿਸ਼ਤਾ ਖੋ।

Anger, *n.* ਐਂਗਰ–ਦਵੇਸ਼, ਕ੍ਰੋਧ, ਗੁੱਸਾ; ਰੀਸ; ਦਰਦ; *v. t.* ਛੇੜਨਾ; ਗੁੱਸਾ ਦੁਆਉਨਾ, ਕ੍ਰੋਧ ਕ॰।

Angle, *n.* ਐਂਗਲ–ਕੋਨ, ਕੋਨਾ, ਜ਼ਾਵੀਆ, ਨੋਕ, ਗੋਸ਼ਾ; ਮੱਛੀ ਫੜਨ ਦੀ ਲੱਕੜੀ; *v. i.* ਮੱਛੀ ਫੜਨ ਲਈ ਵਾਂਸ ਲਗਾਉਨਾ।

Anglican, *a.* ਐਂਗਲੀਕਨ—ਇੰਗਲਿਸਤਾਨ ਦਾ।

Anglicise, *v. t.* ਐਂਗਲੀਸਾਈਜ਼–ਅੰਗਰੇਜ਼ ਬਨਾਉਨਾ।

Anglo-Indian, *n.* ਐਂਗਲੋ·ਇੰਡੀਅਨ—ਅੰਗਰੇਜ਼ ਜਿਸਦੀ ਜਨਮ ਭੂਮਿ ਯਾ ਰਹਿਨ ਦੀ ਜਗ੍ਹਾ ਹਿੰਦੁਸਤਾਨ ਹੋਵੇ।

Angry, *a.* ਐਂਗਰੀ–ਕ੍ਰੋਧੀ, ਗੁੱਸੇ ਵਾਲਾ।

Anguish, *n.* ਐਂਗੁਇਸ਼—ਦਰਦ, ਅਜ਼ਾਬ, ਪੀੜਾ, ਦੁੱਖ।

Angular, *n.* ਐਂਗੁਲਰ–ਸਕੋਨ, ਕੋਨੇਦਾਰ।

Angust, *a.* ਐਂਗਸਟ–ਤੰਗ; ਚੁਸਤ।

Anhelation, *n.* ਐਨਹੀਲੇਸ਼ਨ—ਕਸ਼ਟ ਨਾਲ ਸਾਹ ਲੈਨ ਦੀ ਹਾਲਤ; ਸਾਹ ਚੜ੍ਹ ਜਾਨ ਦੀ ਹਾਲਤ; ਵੱਡੀ ਖ਼ਾਹਿਸ਼, ਉਮੰਗ।

Anil, *n.* ਏਨਿਲ–ਇੱਕ ਝਾੜੀ ਜਿਸ ਤੋਂ ਅਮ੍ਰੀਕਾ ਵਿੱਚ ਨੀਲ ਬਨਦਾ ਹੈ।

Anile, *a.* ਏਨਾਈਲ—ਨਿਰਬਲ, ਖੀਨ; ਕਮਜ਼ੋਰ।

Aniline, *n.* ਐਨੀਲਾਈਨ—ਇੱਕ ਵਸਤੂ ਜੋ ਨੀਲ ਵਿੱਚੋਂ ਨਿਕਲਦੀ ਹੈ।

Anility, *n.* ਏਨਿਲਿਟੀ—ਨਿਰਬਲਤਾ, ਬੁੱਢੀ ਹਾਲਤ।

Animadversion, *n.* ਐਨੀਮੈਡਵਰਸ਼ਨ—ਤਾ'ਨਾ, ਬੋਲੀ, ਦੋਸ, ਨਿੰਦਾ, ਤੁਹਮਤ; ਧਯਾਨ ।

Animadvert, *v. t.* ਐਨੀਮੈਡਵਰਟ—ਕਿਸੇ ਪਾਸੇ ਚਿੱਤ ਫੇਰਨਾ, ਕਿਸੇ ਗੱਲ ਤੇ ਬਹਿਸ ਕ॰, ਕਿਸੇ ਗੱਲ ਵੱਲ ਧਿਆਨ ਕ॰; ਤਾ'ਨਾ ਦੇਣਾ, ਬੋਲੀ ਮਾਰਨੀ, ਦੋਸ ਯਾ ਤੁਹਮਤ ਦੇਣੀ; ਨਿੰਦਾ ਕਰਨੀ ।

Animal, ਐਨੀਮਲ—ਜੀਵ ਜੰਤੂ, ਪ੍ਰਾਣੀ, ਜਾਨਵਰ, ਪਸ਼ੂ: *a.* ਜੰਤੂ ਵਿਸ਼ਯਕ, ਪਸ਼ੂ ਸਮਾਨ ਯਾ ਵੱਤ ।

Animalcule, *n.* ਐਨੀਮਲਕਿਊਲ—ਬਹੁਤ ਛੋਟਾ ਜੀਵ ਯਾ ਕੀੜਾ ਜੋ ਕੇਵਲ ਦੂਰਬੀਨ ਨਾਲ ਦੇਖਿਆ ਜਾ ਸਕੇ ।

Animality, *n.* ਐਨੀਮੇਲਿਟੀ—ਜੀਵ ਦੀ ਦਸ਼ਾ, ਪਰਾਣੀ ਦੀ ਅਵਸਥਾ, ਪਸ਼ੂ ਅਵਸਥਾ।

Animate, *n.* ਐਨੀਮੇਟ—ਜ਼ਿੰਦਾ ਕ॰, ਜਾਨ ਪਾਉਣੀ, ਸੁਰਜੀਤ ਕ॰; ਹਿੰਮਤ ਕਰਾਉਣੀ; *a.* ਜੀਉਂਦਾ, ਸੁਰਜੀਤ ।

Animated, *a.* ਐਨੀਮੇਟਿਡ—ਜ਼ਿੰਦਾ, ਚੰਚਲ, ਚਾਲਾਕ, ਪਰਬਲ, ਬਲਵਾਨ, ਚੇਤੰਨ, ਸਜੀਵ ।

Animation, *n*, ਐਨੀਮੇਸ਼ਨ—ਜੀਵਨ, ਪ੍ਰਾਕ੍ਰਮ' ਪਰਾਣ; ਬਲ, ਤੇਜ਼ੀ, ਤਾਕਤ; ਫੁਰਤੀ' ਚੰਚਲਤਾ ।

Animator, *n.* ਐਨੀਮੇਟਰ—ਪ੍ਰਾਣ ਦਾਤਾ; ਹਿੰਮਤ ਦੇਣ ਵਾਲਾ ।

Animosity, *n.* ਐਨੀਮੋਸਿਟੀ—ਅਦਾਵਤ, ਵੈਰ, ਵਿਰੋਧ, ਈਰਖਾ, ਦ੍ਵੈਖ, ਅਤਿ ਘਿਰਣਾ, ਦੁਸ਼ਮਨੀ ।

Animus, *n.* ਐਨੀਮਸ—ਸੁਭਾਵ, ਗੁੱਸੇ ਵਾਲਾ ਸੁਭਾਵ ।

Aniseed, *n.* ਐਨੀਸੀਡ—ਸੌਂਫ਼, ਬਾਦੀਆਂ ।

Anker, *n.* ਐਂਕਰ—ਪਾਣੀ ਵਰਗੇ ਪਦਾਰਥ ਮਾਪਨ ਦਾ ਇੱਕ ਪੈਮਾਨਾ ਜੋ ਸਦਾ ਸੱਤ (ਦਸ ਗੈਲਨ) ਪੰਜਸੇਰੀ ਹੁੰਦਾ ਹੈ ।

Ankle, *n.* ਐਂਕਲ—ਗਿੱਟਾ. ਪਹੁੰਚਾ ।

Anklet, *n.* ਐਂਕਲਟ—ਪਜੇਬ, ਪੈਰ ਦਾ ਗਹਿਣਾ ।

Annalist, *n.* ਐਨੇਲਿਸਟ—ਇਤਹਾਸ ਲਿਖਣ ਵਾਲਾ ।

Annalize, *v. t.* ਐਨੇਲਾਈਜ਼—ਲਿਖਣਾ, ਇਤਹਾਸ ਲਿਖਣਾ, ਇਤਹਾਸ ਵਿੱਚ ਦਰਜ ਕ॰ ।

Annals, *n. pl.* ਐਨਲਸ—ਇਤਹਾਸ, ਸਮਯ ਦਾ ਯਥਾਕ੍ਰਮ ਅਨੁਸਾਰ ਇਤਹਾਸ, ਤਵਾਰੀਖ ।

Annats, *n. pl.* ਐਨੈਟਸ—ਪਹਿਲਾ ਫਲ; ਕਿਸੇ ਧਰਮਸਾਲਾ ਦੀ ਪਹਿਲੇ ਵਰ੍ਹੇ ਦੀ ਆਮਦਨੀ ।

Anneal, *v. t.* ਅਨੀਲ—ਰੰਗ ਚੜ੍ਹਾਉਣ ਲਈ ਤਾਓ ਦੇਣਾ, ਕੱਚ ਨੂੰ ਤਾਉਣਾ ।

Annex, *v. t.* ਏਨੈਕਸ—ਅੰਤ ਵਿੱਚ ਜੋੜਨਾ, ਸੰਯੋਗ ਕ॰, ਲਗਾਉਣਾ; ਕੋਈ ਮੁਲਕ ਅਪਣੇ ਰਾਜ ਵਿੱਚ ਮਿਲਾ ਲੈਣਾ ।

Annexation, *n.* ਅਨੈਕਸੇਸ਼ਨ—ਅਨਬੰਧਨ, ਸੰਯੋਗ, ਜੋੜ, ਮੇਲ, ਦੂਸਰੇ ਦੇ ਰਾਜ ਨੂੰ ਅਪਣੇ ਰਾਜ ਨਾਲ ਮਿਲਾ ਲੈਣ ਦੀ ਹਾਲਤ ।

Annihilate, *v. t.* ਐਨੀਹੀਲੇਟ—ਮੇਟਣਾ, ਮਲੀਆਮੇਟ ਕ॰, ਨਸ਼ਟ ਕ॰, ਲੋਪ ਕ॰, ਤਬਾਹ ਕ॰ ।

Annihilation, *n.* ਐਨੀਹੀਲੇਸ਼ਨ—ਨਾਸ, ਲੋਪ, ਖਯ, ਤਬਾਹੀ, ਸੱਤਯਾਨਾਸ ।

Anniversary, *n.* ਐਨੀਵਰਸਰੀ—ਵਰ੍ਹੇ ਗੰਢ, ਵਾਰਸ਼ਿਕ ਦਿਨ, ਸਾਲਾਨਾ ਦਿਨ, ਵਾਰਸ਼ਿਕ ਉਤਸਵ; *a.* ਸਾਲਾਨਾ, ਵਾਰਸ਼ਿਕ ।

Anno-domini, *n.* ਐਨੋਡੋਮਨੀ—ਸੰਨ ਈਸਵੀ ।

Anno-mundi, *n.* ਐਨੋਮੰਡੀ—ਸੰਨ ਪੈਦਾਇਸ਼ ਦੁਨੀਆਂ ।

Annotate, *v. t.* ਐਨੋਟੇਟ—ਟੀਕਾ ਲਿਖਣਾ ਯਾ ਕ॰, ਭਾਖਾ ਵਿੱਚ ਉਲਟਾਉਣਾ ।

Annotation, *n.* ਐਨੋਟੇਸ਼ਨ—ਟੀਕਾ, ਵੇਰਵਾ ।

Annotationist, *n.* ਐਨੋਟੇਸ਼ਨਿਸਟ—ਟੀਕਾ ਕਰਨ ਵਾਲਾ ।

Annotator, *n.* ਐਨੋਟੇਟਰ—ਟੀਕਾ ਕਾਰ, ਭਾਸ਼ਕਾਰ ।

Announce, *v. t.* ਐਨਾਉਨਸ—ਪ੍ਰਕਾਸ਼ ਕ॰, ਪ੍ਰਗਟ ਕ॰, ਸਮਾਚਾਰ ਦੇਣਾ, ਦੱਸ ਦੇਣਾ ।

Announcement, *n.* ਏਨਾਉਨਸਮੈਂਟ—ਸਮਾਚਾਰ, ਵਿੱਗਜਾਪਨ, ਪਰਕਾਸ਼, ਇਸ਼ਤਿਹਾਰ ।

Annoy, *v. i.* ਏਨਾਏ—ਦੁੱਖ ਦੇਣਾ, ਪੀੜਾ ਦੇਣਾ,

ਤਕਲੀਫ਼ ਦੇਣਾ, ਖਿਝਾਉਣਾ; *n.* ਸੰਤਾਪ, ਕਲੇਸ਼, ਦੁੱਖ।

Annoyance, *n.* ਏਨਾਇਅਨਸ–ਜ਼ਹਿਮਤ,ਤਕਲੀਫ਼, ਦੁੱਖ।

Annoying, *a*, ਏਨਾਇੰਗ–ਦੁਖਦਾਈ, ਤਕਲੀਫ਼ ਦੇਣ ਵਾਲਾ।

Annual, *a.* ਐਨੁਅਲ—ਸਾਲਾਨਾ; *n.* ਵਰ੍ਹੇ ਪਿੱਛੋਂ ਆਉਣ ਵਾਲਾ; *adv.* ਹਰ ਸਾਲ, ਹਰ ਵਰ੍ਹੇ।

Annually, *adv.* ਐਨੁਅਲੀ–ਹਰ ਸਾਲ, ਪ੍ਰਤੀ ਵਰਖ, ਬਰਸ ਬਰਸ।

Annuitant, *n.* ਐਨਿਉਟੈਂਟ–ਹਰ ਸਾਲ ਤਲਬ, ਪਿਨਸ਼ਨ ਯਾ ਵਜ਼ੀਫ਼ਾ ਪਾਉਣ ਵਾਲਾ।

Annuity, *n.* ਐਨਿਉਇਟੀ-ਸਾਲਯਾਨਾ,ਸਾਲਾਨਾ ਤਲਬ ਜੋ ਕਿਸੇ ਬੀਮਾ ਕੰਪਨੀ ਪਾਸੋਂ ਮਿਲੇ ਅਰਥਾਤ ਜਿਸਨੂੰ ਪਹਿਲੇ ਰੁਪੱਯਾ ਦਿੱਤਾ ਹੋਇਆ ਹੋਵੇ।

Annul, *v. t.* ਐਨੁਲ—ਰੱਦ ਕ०, ਉਠਾ ਦੇਣਾ, ਮੇਟਣਾ, ਮੇਟ ਦੇਣਾ, ਮਨਸੂਖ ਕ०, ਲੋਪ ਕ०।

Annular, *a.* ਐਨੁਲਰ–ਮੁੰਦਰੀ ਅਕਾਰ, ਗੋਲ, ਹਲਕੇਦਾਰ।

Annulet, *n.* ਐਨੁਲੇਟ—ਛੋਟੀ ਮੁੰਦਰੀ, ਛੋਟਾ ਛੱਲਾ।

Annulment, *n.* ਐਨੁਲਮੰਟ–ਮਨਸੂਖੀ, ਰੱਦ ਕਰਨ ਯਾ ਮੇਟ ਦੇਣ ਦੀ ਹਾਲਤ।

Annumerate, *v. t.* ਏਨਿਊਮਿਰੇਟ—ਪਹਿਲੀ ਸੰਖਯਾ ਵਿੱਚ ਮੇਲ ਦੇਣਾ, ਜੋੜ ਦੇਣਾ; ਭਰਤੀ ਕ०।

Annumeration, *n.* ਏਨਿਊਮਿਰੇਸ਼ਨ–ਪਹਿਲੇ ਦੀ ਰਕਮ ਵਿੱਚ ਵਾਧਾ।

Annunciate, *v. t.* ਏਨਨਸ਼ੀਏਟ—ਸਮਾਚਾਰ ਦੇਣਾ, ਪ੍ਰਕਾਸ਼ ਕ०।

Annunciation, *n.* ਏਨਨਸ਼ੀਏਸ਼ਨ–ਪਰਕਾਸ਼, ਸੰਬਾਦ; ਮਾਰਚ ਮਹੀਨੇ ਦੀ ਪੰਝੀ ਤ੍ਰੀਕ ਜਿਸ ਦਿਨ ਕਿ ਈਸ਼੍ਵਰ ਦੂਤ ਨੇ ਈਸਾ ਦੇ ਜੰਮਣੇ ਦਾ ਸਮਾਚਾਰ ਮਰਯਮ (ਉਸਦੀ ਮਾਤਾ) ਨੂੰ ਦਿੱਤਾ ਸੀ।

Anodyne, *n.* ਐਨੋਡਾਈਨ–ਦੁੱਖ ਹਰਣ ਵਾਲੀ ਦੁਆ, ਦੁੱਖ ਹਰਣ।

Anoint, *v. t.* ਏਨਾਇੰਟ–ਤੇਲ ਮਲਨਾ, ਸਿਰ ਤੇ ਤੇਲ ਮਲਨਾ, ਤੇਲ ਚੁਪੜਾਉਣਾ।

Anointed, *p. a.* ਏਨਾਇੰਟਡ—ਰਾਜ ਤਿਲਕ ਹੋਇਆ।

Anointer, *n.* ਏਨਾਇੰਟਰ—ਤੇਲ ਲਗਾਉਣ ਵਾਲਾ।

Anomalous, *a.* ਏਨਾਮੇਲਸ—ਬੇ ਕਾਇਦਾ, ਕੁਢੰਗਾ।

Anomaly, *n.* ਏਨਾਮਲੀ—ਬੇ ਦਸਤੂਰ, ਬੇ ਕਾਇਦਗੀ।

Anomy, *n.* ਏਨਾਮੀ—ਨਿਯਮ ਤੋੜਨ ਦੀ ਹਾਲਤ।

Anon, *adv.* ਏਨਨ–ਸ਼ੀਘਰ, ਛੇਤੀ, ਝੱਟ ਪੱਟ; ਕਦੀ।

Anonymous, *n.* ਏਨਾਨੀਮਸ—ਬੇ ਨਾਮ, ਗੁਮਨਾਮ।

Another, *a.* ਅਨਅਦਰ—ਦੂਜਾ, ਹੋਰ ਕੋਈ, ਗੈਰ, ਔਰ ਗ਼ੈਰ।

Answer, *v. t.* ਅਨਸਰ–ਉੱਤਰ ਦੇਣਾ, ਪ੍ਰਤੀ ਉੱਤਰ ਦੇਣਾ; ਹਿਸਾਬ ਦੇਣਾ; ਜ਼ਾਮਨ ਹੋਣਾ; *v. i.* ਮੁਆਫ਼ਿਕ ਹੋਣਾ, ਠੀਕ ਹੋਣਾ; *n.* ਜਵਾਬ, ਉੱਤਰ।

Answerable, *a.* ਅਨਸਰਏਬਲ—ਉੱਤਰ ਜੋਗ, ਜਵਾਬੀ; ਜ਼ਿੰਮੇਂਵਾਰ।

Answerer, *n.* ਅਨਸਰਰ–ਉੱਤਰ ਦੇਣ ਵਾਲਾ।

Ant, *n.* ਆਂਟ–ਚਿਉਂਟੀ, ਕੀੜੀ; ਦੀਮਕ।

Antagonism, *n.* ਐਂਟੈਗੋਨਿਜ਼ਮ—ਵਿਰੋਧ, ਦੁਸ਼ਮਨੀ।

Antagonist, *n.* ਐਂਟੈਗੋਨਿਸਟ–ਵੈਰੀ, ਵਿਰੋਧੀ, ਦੁਸ਼ਮਨ; *a.* ਵਿਰੁੱਧ, ਲੜਾਕਾ।

Antarctic, *a.* ਐਂਟਾਰਕਟਿਕ–ਧ੍ਰੂਵ ਦੇ ਸਾਮ੍ਹਣੇ, ਦੱਖਣੀ ਕੁਤਬ ਵਾਲਾ।

Antecede, *v. t.* ਐਂਟੀਸੀਡ—ਅੱਗਰਗਾਮੀ ਹੋਣਾ, ਗਮਨ ਕ०, ਅੱਗੇ ਜਾਣਾ।

Antecedent, *a.* ਐਂਟਿਸੀਡੈਂਟ—ਪੂਰਬਗਤ, ਅੱਗਰਗਤ; *n.* ਅੱਗੇ ਜਾਣ ਵਾਲਾ; *pl.* ਪਹਿਲਾ ਹਾਲ।

Antecessor, *n.* ਐਂਟੀਸੈਸਰ–ਆਗੂ।

Ante-chamber, *n.* ਐਂਟੀਚੈਂਬਰ—ਪਹਿਲੀ ਕੋਠੜੀ, ਡਿਓਢੀ।

Ante-date, *v. t.* ਐਂਟੀਡੇਟ–ਅੱਗੇ ਦੀ ਮਿਤੀ ਲਿਖਣਾ, ਪਹਿਲੇ ਦੀ ਤਾਰੀਖ ਪਾਉਣਾ; *n.* ਅੱਗੇ ਦੀ ਮਿਤੀ।

Ante-diluvian, *a.* ਐਂਟੀਡਿਲੁਵੀਅਨ-ਹਜ਼ਰਤ ਨੂਹ ਦੇ ਤੂਫ਼ਾਨ ਤੋਂ ਪਹਿਲੇ; *n.* ਹਜ਼ਰਤ ਨੂਹ ਦੇ ਤੂਫ਼ਾਨ ਤੋਂ ਪਹਿਲੇ ਦਾ ਰਹਿਨ ਵਾਲਾ ।

Ante-lope. *n.* ਐਂਟੀਲੋਪ—ਇੱਕ ਜਾਤੀ ਦਾ ਹਿਰਨ, ਮਿਰਗ ਜਿਸਦੇ ਸਿੰਗ ਮੋਟੇ ਤੇ ਪੋਲੇ ਹੋਨ ।

Ante-lucan, *a.* ਐਂਟੀਲਿਉਕਨ—ਸੂਰਜ ਉਦੇ (ਚੜ੍ਹਨ) ਤੋਂ ਪਹਿਲੇ ਦਾ ।

Ante-meridian, (*a. m.*) *n.* ਐਂਟੀਮੇਰੀਡੀਅਨ ਦੋਪਹਿਰ ਤੋਂ ਪਹਿਲੇ ।

Ante-mundane, *a.* ਐਂਟੀਮੰਡੇਨ-ਸ੍ਰਿਸ਼ਟੀ ਤੋਂ ਪਹਿਲੇ ਦਾ ।

Antennæ, *n. pl.* ਐਂਟਨਨੀ—ਕੀੜੇ ਮਕੌੜਿਆਂ ਦੇ ਮਸਤਕ ਦੇ ਛੋਟੇ ਵਾਲ (ਰੋਮ) ਜਿਸ ਨਾਲ ਓਹ ਭੋਜਨ ਢੂੰਡਦੇ ਹਨ, ਕੀੜਿਆਂ ਦੇ ਸਿਰ ਦੇ ਸਿੰਗ ।

Ante-nuptial, *n.* ਐਂਟੀਨਪਸ਼ਿਅਲ-ਵਿਆਹ ਦੇ ਪਹਿਲੇ ਦਾ ।

Ante-paschal, *a.* ਐਂਟੀਪਾਸਚਲ—ਹਜ਼ਰਤ ਈਸਾ ਦੇ ਜੰਮਨ ਦੇ ਪਹਿਲੇ ਦਾ ।

Ante-past, *n.* ਐਂਟੀਪਾਸਟ—ਪਹਿਲੇ ਦਾ ਸੁਆਦ ।

Ante-penult, *n.* ਐਂਟੀਪਿਨਲਟ—ਦੋ ਛੱਡਕੇ ਆਖਰੀ ਹਿੱਸੇ (ਜੋੜ) ।

Anterior, *a.* ਐਂਟੀਰਿਅਰ-ਅਗਲਾ, ਪਹਿਲਾ, ਅੱਗੇ ਜਾਨ ਵਾਲਾ ।

Ante-room, *n.* ਐਂਟੀਰੂਮ-ਪਹਿਲਾ ਕਮਰਾ ।

Anthem, *n.* ਐਨਥਿਮ—ਭਜਨ, ਉਸਤਤੀ, ਮਦਾਹ ।

Anthemis, *n.* ਅਨਥੀਮਿਸ—ਬਾਬੂਨਾ ।

Anther, *n.* ਅਨਥਰ—ਜ਼ੀਰਾ ।

Anthology, *n.* ਐਨਥੋਲੋਜੀ—ਫੁੱਲਾਂ ਦਾ ਗੁੱਛਾ, ਗੁਲਦਸਤਾ; ਕਵਿਤਾ ਦਾ ਪੁੰਜ, ਭਜਨਾਂ ਦਾ ਪੁੰਜ ।

Anthropology, *n.* ਐਨਥਰੋਪਾਲੋਜੀ-ਮਨੁੱਖ ਦੇ ਸਰੀਰ ਦੀ ਬਨਾਵਟ ਦੀ ਵਿੱਦਯਾ ।

Anthropometry, *n.* ਐਨਥਰੋਪੋਮੀਟਰੀ—ਇਹ ਨਿਸਚਾ ਕਿ ਈਸ਼੍ਵਰ ਮਨੁਖ ਦੇਹ ਧਾਰਨ ਕਰਦਾ ਹੈ ।

Anthropomorphite, *n.* ਐਨਥਰੋਪੋਮੋਰਫਾਈਟ—ਓਹ ਆਦਮੀ ਜਿਸਦਾ ਏਹ ਮੱਤ ਹੈ ਕਿ ਈਸ਼੍ਵਰ ਮਨੁੱਖ ਦਾ ਆਕਾਰ ਧਾਰਨ ਕਰਦਾ ਹੈ ।

Anthropopathy, *n.* ਐਂਥਰੋਪੋਪੈਥੀ-ਮਨੁੱਖ ਦਾ ਰਾਗ ਆਦਿ ਅਰਥਾਤ ਮਨ ਦੇ ਭਾਵ; ਮਨੁੱਖ ਦੇ ਭਾਵਾਂ ਦਾ ਈਸ਼੍ਵਰ ਵੱਲੋਂ ਹੋਨ ਦਾ ਨਿਸਚਾ ।

Anthropophagy, *n.* ਅਨਥਰੋਪੋਫੇਜੀ—ਆਦਮ ਖ਼ੋਰ, ਮਨੁੱਖ ਨੂੰ ਖਾ ਜਾਨ ਵਾਲਾ ।

Antic, *a.* ਐਂਟਿਕ-ਅਨੋਖਾ, ਹਾਸੀ ਜੋਗ; *n.* ਮਸਖਰਾ, ਭੰਡ ।

Antichrist, *n.* ਐਂਟੀਕ੍ਰਾਈਸਟ—ਈਸਾਈ ਧਰਮ ਦੇ ਵਿਰੋਧੀ ।

Anticipate, *v. t.* ਐਂਟਿਸਿਪੇਟ-ਸਮਯ ਤੋਂ ਪਹਿਲੇ ਸਮਝ ਜਾਨਾ, ਪੇਸ਼ ਕਦਮੀ ਕ॰; ਉਮੈਦ ਰੱਖਨਾ, ਪਹਿਲੇ ਨਾਲ ਰਾਇ ਕਾਇਮ ਕਰਨਾ ।

Anticlimax, *n.* ਐਂਟੀਕਲੀਮੈਕਸ-ਦੁਸ਼ਕਰਮ, ਇੱਕ ਅਜੇਹਾ ਵਾਕ ਜਿਸਦੇ ਪਹਿਲੇ ਭਾਗ ਦੀ ਅਪੇਖਯਾ ਬਾਕੀ ਭਾਗ ਵਿੱਚ ਕਮਜ਼ੋਰੀ ਹੁੰਦੀ ਹੈ ।

Antidote, *n.* ਐਂਟੀਡੋਟ-ਜ਼ਹਿਰ ਮੋਹਰਾ, ਵਿਸਨਾਸੀ ਔਖਧ, ਕੋਈ ਔਖਧ ਜਿਸਦੇ ਖਾਨ ਨਾਲ ਜ਼ੈਹਰ ਦਾ ਅਸਰ ਘੱਟ ਜਾਂਦਾ ਹੈ ।

Antiministerial, *n.* ਐਂਟਿਮਿਨਿਸਟੀਰਿਅਲ—ਰਾਜ ਅਧਿਕਾਰੀਆਂ ਦਾ ਦੁਸ਼ਮਨ, ਰਾਜ ਦਾ ਦੁਸ਼ਮਨ ।

Antimonial, *a.* ਐਂਟਿਮੋਨੀਅਲ—ਸੁਰਮੇ ਦਾ ਬਨਿਆ ਹੋਇਆ ।

Antimony, *n.* ਐਂਟਿਮਨੀ-ਸੁਰਮਾਂ ।

Antinomian, *n.* ਐਂਟੀਨੋਮਿਅਨ-ਇਖਲਾਕ (ਸੁੱਧਾ ਚਰਣ) ਦੇ ਨੇਮਾਂ ਦਾ ਇਨਕਾਰੀ, ਇੱਕ ਫਿਰਕੇ ਦਾ ਨਾਉਂ ।

Antinomy, *n.* ਐਂਟੀਨੋਮੀ-ਦੋ ਕਾਨੂੰਨਾਂ ਵਿੱਚ ਵਿਰੋਧਤਾਈ ।

Antipapal, *a.* ਐਂਟੀਪੇਪਲ-ਪੋਪ ਦੇ ਵਿਰੁੱਧ

Antipathetic, *a.* ਐਂਟਿਪੈਥੇਟਿਕ—ਵਿਰੋਧੀ, ਨਫ਼ਰਤ ਕਰਨ ਵਾਲਾ ।

Antipathy, *n.* ਐਂਟਿਪੈਥੀ-ਘ੍ਰਿਣਾ, ਨਫ਼ਰਤ, ਵਿਰੋਧ, ਦੁਸ਼ਮਨੀ, ਅਦਾਵਤ ।

Antiphlogistic, *a.* ਐਂਟਿਫਲੋਜਿਸਟਿਕ—ਜਲਨ ਤੇ ਸੋਜ ਦੂਰ ਕਰਨ ਵਾਲਾ ਦਾਰੂ ।

Antiphon, *n.* ਐਂਟਿਫੋਨ—ਵਾਰੀ ੨ ਨਾਲ ਗਾਉਣਾ, ਸੰਗਤ ਦਾ ਗਾਉਣਾ, ਪਹਿਲੇ ਅੱਧੇ ਆਦਮੀਆਂ ਦਾ ਗਾਉਣਾ ਤੇ ਫੇਰ ਅੱਧਿਆਂ ਦਾ; ਜੋਟੀਆਂ ਦੇ ਸ਼ਬਦ ।

Antiphonal, *a.* ਐਂਟਿਫੋਨਾਲ—ਪ੍ਰਤੀ ਰਾਗ ਵਿਸ਼ਯਕ; *n.* ਭਜਨ ਦੀ ਪੋਥੀ ।

Antiphrasis, *n.* ਐਂਟਿਫਰੇਸਿਸ—ਸ਼ਬਦ ਦਾ ਵਿਪਰੀਤਾਰਥ ਵਿਵਹਾਰ ।

Antipodes, *n.* ਐਂਟਿਪੋਡਜ਼—ਉਹ ਲੋਗ ਜੋ ਪ੍ਰਿਥਵੀ ਦੇ ਦੂਜੇ ਪਾਸੇ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਪੈਰ ਸਾਡੇ ਪੈਰਾਂ ਦੇ ਸਾਹਮਣੇ ਰਹਿੰਦੇ ਹਨ ।

Antipope, *n.* ਐਂਟਿਪੋਪ-ਰੋਮ ਦੇ ਵੱਡੇ ਪਾਦਰੀ ਦੇ ਅਧਿਕਾਰ ਦਾ ਦੋਖੀ ।

Antiquarian, *n.* ਐਂਟਿਕਵੇਰਿਅਨ—ਪ੍ਰਾਚੀਨ ਇਤਹਾਸ ਜਾਨਣ ਵਾਲਾ ।

Antiquary, *n.* ਐਂਟਿਕਵੇਰੀ—ਜੋ ਪ੍ਰਾਚੀਨ ਸਮਯ ਦਾ ਇਤਹਾਸ ਜਾਨਦਾ ਹੋਵੇ, ਜੋ ਭੂਤ ਕਾਲ ਦੀ ਰਹਿੰਦ ਖੂੰਧ ਚੀਜ਼ਾਂ ਤੋਂ ਇਤਹਾਸ ਘੜ ਸਕਦਾ ਹੋਵੇ, ਜੋ ਪਿਛਲੇ ਸਮਯ ਦੀ ਖੋਜ ਕਰਦਾ ਹੋਵੇ ।

Antiquate, *v. t.* ਐਂਟਿਕਵੇਟ-ਪ੍ਰਚਲਤ ਨਾ ਹੋਣ ਦੇਣਾ, ਚੱਲਨ ਨ ਦੇਣਾ, ਰਵਾਜ ਨਾ ਪੈਣ ਦੇਣਾ ।

Antique, *a.* ਐਂਟਿਕ-ਪੁਰਾਣਾ, ਪੁਰਾਣੀ ਚਾਲ ਦਾ, ਪ੍ਰਾਚੀਨ ।

Antiquity, *n.* ਐਂਟਕੁਇਟੀ-ਪੁਰਾਣਾ ਸਮਯ ਯਾ ਪੁਰਾਣੇ ਸਮਯ ਦੇ ਲੋਗ ।

Antiscii, *a.* ਐਂਟਿਸਆਈ-ਜੋ ਲੋਗ ਭੂਮੱਧ ਰੇਖਾ ਦੀਆਂ ਦੋਹਾਂ ਦਸ਼ਾ ਵਿੱਚ ਰਹਿੰਦੇ ਹਨ ਅਤੇ ਜਿਨ੍ਹਾਂ ਦੀ ਛਾਉਂ ਦੁਪਹਿਰ ਨੂੰ ਉਲਟੇ ਪਾਸੇ ਪੈਂਦੀ ਹੈ ।

Antiscorbutic, *a.* ਐਂਟਿਸਕੋਰਬਯੂਟਿਕ-ਕੋਈ ਦਵਾ ਜਿਸ ਨਾਲ ਖਾਸਖੋਰੇ ਦੀ ਬੀਮਾਰੀ ਹਟ ਜਾਵੇ ।

Antiscripturism, *n.* ਐਂਟਿਸਕ੍ਰਿਪਚੁਰਇਜ਼ਮ—ਈਸਾਈਆਂ ਦੇ ਧਰਮ ਪੁਸਤਕ ਦੇ ਵਿਰੁੱਧ ।

Antiscripturist, *n.* ਐਂਟਿਸਕ੍ਰਿਪਚੁਰਿਸਟ-ਉਹ ਜੋ ਈਸਾਈਆਂ ਦੇ ਧਰਮ ਪੁਸਤਕ ਦੇ ਵਿਰੁੱਧ ਹੋਵੇ ।

Antistrophe, *n.* ਐਂਟਿਸਟ੍ਰੋਫੀ-ਜੋ ਗੀਤ ਵੰਡ ਵੰਡ ਕੇ ਗਾਇਆ ਜਾਂਦਾ ਹੈ ਉਸ ਦਾ ਦੂਜਾ ਕਵਿੱਤ ।

Antithesis, *n.* ਐਂਟੀਥੀਸਿਸ—ਵਿਰੋਧਤਾਈ; ਫ਼ਰਕ, ਮੁਕਾਬਲਾ ।

Antitype, *n.* ਐਂਟਾਇਪ-ਮੂਰਤੀ,ਪ੍ਰਤਿਬਿੰਬ; ਮੂਲ, ਅਸਲ, ਥਾਂਨੋ ।

Antler, *n.* ਐਂਟਲਰ-ਹਰਨ ਦੇ ਸਿੰਗ ਦੀ ਸ਼ਾਖ ।

Antlered, *a.* ਐਂਟਲਰਡ—ਸ਼ਾਖਦਾਰ, ਸਿੰਗਾਂ ਵਾਲਾ ।

Antœci, *n. p'.* ਐਂਟੇਇਸੀ—ਪ੍ਰਤਿਵਾਸੀ, ਉਹ ਲੋਗ ਜੋ ਪ੍ਰਿਥਵੀ ਦੇ ਇੱਕ ਪਾਸੇ ਰਹਿੰਦੇ ਹਨ ਤੇ ਦੂਜੇ ਉਨ੍ਹਾਂ ਦੇ ਦੂਜੇ ਪਾਸੇ ਰਹਿੰਦੇ ਹਨ ।

Antre, *n.* ਐਂਟਰ-ਖੱਡ, ਗੁਫ਼ਾ, ਗੜ੍ਹਾ ।

Anus, *n.* ਐਨਸ-ਗੁਦਾ, ਘੁੰਡ, ਗਾਂਡ ।

Anvil, *n.* ਐਨਵਿਲ-ਅਹਿਰਣ ।

Anxiety, *n.* ਐਂਗਜ਼ਾਇਟੀ—ਚਿੰਤਾ, ਸੋਚ, ਫ਼ਿਕਰ ।

Anxious, *a.* ਐਂਕਸ਼ਸ-ਫ਼ਿਕਰਵੰਦ, ਬੇਕਰਾਰ, ਚਿੰਤਾਤੁ ।

Any, *a.* ਐਨੀ-ਹਰ ਇੱਕ, ਪ੍ਰਤਯੇਕ; ਕੋਈ, ਕੁਝ, ਕੁਛ ।

Anyhow, *adv.* ਐਨੀਹਾਉ-ਕਿਸੇ ਤਰ੍ਹਾਂ ।

Anywhere, *adv.* ਐਨੀਵੇਅਰ-ਕਿੱਥੇ, ਕਿਸੇ ਜਗ੍ਹਾ ਵਿੱਚ ।

Anywise, *adv.* ਐਨੀਵਾਈਜ਼-ਕਿਸੇ ਪ੍ਰਕਾਰ ਨਾਲ, ਕਿਸੇ ਤਰ੍ਹਾਂ ਨਾਲ ।

Aorist, *a.* ਏਓਰਿਸਟ-ਯੂਨਾਨੀ ਭਾਸ਼ਾ ਦੇ verb ਦਾ indefinite tense.

Aorta, *n.* ਏਓਰਟਾ-ਲਹੂ ਦੇ ਵਗਨ ਦੀ ਵੱਡੀ ਨਾੜੀ ।

Apace, *adv.* ਅਪੇਸ-ਝੱਟ ਪੱਟ, ਤੁਰਤ, ਜਲਦੀ, ਛੇਤੀ ਨਾਲ ।

Apart, *adv.* ਅਪਾਰਟ—ਪ੍ਰਿਥਕ, ਨਿਆਰਾ, ਦੂਰ, ਅਲੱਗ, ਵੱਖਰਾ ।

Apartment, *n.* ਅਪਾਰਟਮੈਂਟ—ਕਮਰਾ, ਕੋਠੜੀ, ਕੋਠਾ ।

Apathetic, } *a.* ਅੱਪੈਥੈਟਿਕ } ਬੇਪ੍ਰਵਾਹ,
Apatheticl, } ਅੱਪੈਥੈਟੀਕਲ } ਮੁਰਦਾ ਦਿਲ।

Apathy, *n.* ਅੱਪੈਥੀ—ਬੇਪ੍ਰਵਾਹੀ; ਵੈਰਾਗ, ਉਦਾਸੀਨਤਾ।

Ape, *n.* ਏਪ-ਬੰਦਰ, ਬਾਂਦਰ; ਭੰਡ; *v. i.* ਨਕਲ ਕਰਨਾ, ਰੀਸ ਕਰਨੀ ਯਾ ਪਿੱਟਣੀ।

Aperient, *a.* ਏਪਰਿਐਂਟ—ਖੋਲ੍ਹਨ ਵਾਲਾ; ਮੁਲਾਇਮ; *n.* ਮੁਲਾਇਮ ਦੁਆ, ਜੁਲਾਬ।

Aperture, *n.* ਏਪਰਚੁਰ-ਸੁਰਾਖ਼, ਛੇਕ, ਬਿੱਲ।

Apetalous, *a.* ਏਪੀਟੇਲਸ-ਬਿਨਾਂ ਫੁੱਲ ਅਤੇ ਪੱਤਿਆਂ ਦ, ਬੇ ਪੰਖੜੀ।

Apex, *n.* ਏਪੈਕਸ-ਚੋਟੀ, ਮਸਤਕ, ਸਿਰਾ, ਨੋਕ।

Aphony, *n.* ਅਫੋਨੀ-ਗਲਾ ਯਾ ਸੰਘ ਬੈਠਣ ਦੀ ਹਾਲਤ।

Aphorism, *n.* ਏਫੋਰਿਜ਼ਮ-ਸੂਤਰ, ਮੂਲਵਾਕ; ਬਚਨ, ਕਹਾਵਤ।

Aphorist, *n.* ਐਫੋਰਿਸਟ-ਸੂਤਰਕਾਰ, ਕਹਾਵਤ ਦਾ ਲੇਖਕ।

Apiary, *n.* ਏਪਾਇਰੀ—ਸ਼ਹਿਤ ਦੀ ਮੱਖੀ ਰੱਖਣ ਦੀ ਜਗ੍ਹਾ।

Apiece, *adv.* ਏਪੀਸ—ਇੱਕ ਇੱਕ ਦੇ ਭਾਗ ਤੋਂ, ਹਰ ਇੱਕ ਨੂੰ, ਅਲੱਗ ਅਲੱਗ, ਵੱਖੋ ਵੱਖਰਾ।

Apish, *a.* ਏਪਿਸ਼-ਬਾਂਦਰ ਵਰਗਾ; ਅਞਾਣ, ਬਾਉਲਾ, ਮੂਰਖ।

Apishness, *n.* ਏਪਿਸ਼ਨਸ—ਰੀਸ; ਹਿਰਸ, ਲਾਲਸਾ।

Apitpat, *adv.* ਏਪਿਟਪਾਟ-ਧੜਕੇ ਨਾਲ, ਧੁਖ ਧੁਖੀ ਨਾਲ।

Aplustre, *n.* ਐਪਲਸਟਰ-ਪਹਿਲੇ ਸਮਯ ਦੇ ਜਹਾਜ਼ਾਂ ਦਾ ਝੰਡਾ।

Apocalypse, *n.* ਐਪੋਕਾਲਿਪਸ-ਦੇਵ ਬਾਣੀ, ਈਸ਼੍ਵਰੀ ਬਾਣੀ, ਅਕਾਸ਼ੋਂ ਅਵਾਜ਼, ਇਲ੍ਹਾਮ ਜ਼ਾਹਰ ਹੋਣ ਦੀ ਹਾਲਤ।

Apocope, *n.* ਐਪੋਕੋਪ-ਸ਼ਬਦ ਦੇ ਅੰਤ ਅੱਖਰ ਦਾ ਲੋਪ।

Apocrypha, *n.* ਐਪੋਕ੍ਰਿਫਾ—ਕਿਤਾਬਾਂ ਜੋ ਅੰਜੀਲ ਦੇ ਨਾਲ ਮਿਲਾਉਂਦੇ ਹਨ, ਪਰੰਤੂ ਜਿਨ੍ਹਾਂ ਨੂੰ ਸਾਰੇ ਲੋਗ ਇਲ੍ਹਾਮੀ ਨਹੀਂ ਮੰਨਦੇ।

Apocryphal, *a.* ਏਪੋਕ੍ਰਾਈਫਲ-ਸ਼ੱਕ ਵਾਲਾ, ਸ਼ੱਕੀ, ਨਾ ਪ੍ਰਤਿਤ।

Apodictical, *a.* ਏਪੋਡਿਕਟੀਕਲ—ਸਪਸ਼ਟ, ਪ੍ਰਤੱਖ, ਜ਼ਾਹਿਰ।

Apogee, *n.* ਏਪੋਜੀ-ਕਿਸੇ ਨਛੱਤ੍ਰ ਦੀ ਦੀਖਸ਼ਾ ਵਿੱਚ ਓਹ ਬਿੰਦੁ ਜਿਹੜਾ ਸਭ ਤੋਂ ਉੱਚਾ ਹੋਵੇ।

Apologist, } *n.* ਐਪੋਲੋਜਿਸਟ } ਮੁਆਫ਼ੀ ਮੰਗਣ
Apologetic, } ਐਪੋਲੋਜੈਟਿਕ } ਵਾਲਾ, ਖਿਮਾਂ ਚਾਹੁਣ ਵਾਲਾ।

Apologize, *a.* ਏਪਾਲੋਜਾਈਜ਼-ਬਿਨਤੀ ਕ੦; ਮੁਆਫ਼ੀ ਮੰਗਣਾ।

Apologue, *n.* ਐਪੋਲੋਗ-ਕਿੱਸਾ, ਕਹਾਣੀ, ਕਹਾਣੀ ਜਿਸ ਵਿੱਚੋਂ ਕੋਈ ਅਕਲ ਦੀ ਗੱਲ ਨਿਕਲੇ।

Apology, *n.* ਏਪਾਲੋਜੀ—ਬਿਨਤੀ; ਉਜ਼ਰ; ਮੁਆਫ਼ੀ।

Apophthegm, *n.* ਏਪੋਥਮ—ਅਨੋਖਾ ਬਚਨ, ਅਜੇਹੇ ਦੀ ਬਾਤ; ਮਤਲਬ ਦੀ ਭਰੀ ਹੋਈ ਗੱਲ; ਮਸਲਾ, ਕਹਾਵਤ।

Apoplectic, *a.* or *n.* ਐਪੋਪਲੈਕਟਿਕ—ਅਧਰੰਗ ਦਾ ਮਾਰਿਆ ਹੋਇਆ, ਲਕਵੇ ਦਾ ਮਾਰਿਆ ਹੋਇਆ।

Apoplexy, *n.* ਐਪੋਪਲੈਕਸੀ-ਸਕਤੇ ਦਾ ਰੋਗ, ਮਿਰਗੀ।

Apostasy, *n.* ਏਪੋਸਟੇਸੀ-ਅਪਨੇ ਧਰਮ ਤੋਂ ਪਤਿਤ, ਅਪਨੇ ਧਰਮ ਦਾ ਤਯਾਗ।

Apostate, *n.* ਏਪੋਸਟੇਟ—ਓਹ ਜੋ ਅਪਨਾ ਧਰਮ ਤਿਆਗਦਾ ਹੈ, ਓਹ ਜੋ ਅਪਨੇ ਧਰਮ ਤੋਂ ਗਿਰ ਜਾਂਦਾ ਹੈ।

Apostatize, *v. i.* ਐਪਾਸਟੇਟਾਈਜ਼—ਅਪਨਾ ਧਰਮ ਤਿਆਗਨਾ।

Aposteme, *n.* ਏਪੋਸਟੀਮ—ਪੀਪ ਨਾਲ ਭਰਿਆ ਹੋਇਆ ਫੋੜਾ।

Apostle, *n.* ਏਪਾਸਟਲ—ਈਸ਼੍ਵਰ ਦਾ ਦੂਤ, ਪੈਗੰਬਰ; ਮਸੀਹ ਦਾ ਸ਼ਾਗਿਰਦ, ਹਵਾਰੀ।

Apostrophe, *n.* ਐਪਾਸਟ੍ਰਾਫਿ-(') ਏਹ ਚਿੰਨ੍ਹ ਜਿਸ ਤੋਂ ਜਾਣਿਆ ਜਾਂਦਾ ਹੈ ਕਿ ਸ਼ਬਦ ਦਾ ਸੰਖੇਪਤ ਹੈ।

Apostume, *n.* ਏਪਾਸਟਊਮ—ਵੇਖੋ ਸ਼ਬਦ "Aposteme."

Apothecary, *n.* ਏਪਾਥਿਕੇਰੀ—ਦਵਾ ਫ਼ਰੋਸ਼, ਔਖਧੀ ਬਣਾਉਣੇ ਅਤੇ ਵੇਚਣੇ ਵਾਲਾ ।

Apothegm, *n.* ਏਪੋਥਮ—ਵੇਖੋ ਲਫ਼ਜ਼ "Apophthegm."

Apotheosis, *n.* ਏਪੋਥਿਓਸਿਸ—ਦੇਵਤਾ ਦੀ ਪਦਵੀ ।

Apothesis, *n.* ਐਪਾਥਿਸਿਸ—ਵੱਖ ਹੋਈ ੨ ਹੱਡੀ ਦਾ ਘਟਾਓ; ਗਿਰਜੇ ਦੇ ਉੱਤਰ ਵੱਲ ਇੱਕ ਸਥਾਨ ਜਿਸ ਵਿੱਚ ਪੁਸਤਕਾਂ ਆਦਿ ਲਈ ਅਲਮਾਰੀਆਂ ਹੁੰਦੀਆਂ ਹਨ ।

Apozem, *n.* ਏਪੋਜ਼ੈਮ—ਦੁਸਾਂਦਾ, ਕਾਹੜਾ, ਕਵਾਥ ।

Appal, *v. t.* ਐਪਲ—ਡਰਾਉਣਾ, ਭੈ ਦੇਣਾ ।

Appanage, *n.* ਐਪੈਨੇਜ—ਛੋਟੇ ਬਾਲਕਾਂ ਦੇ ਗੁਜ਼ਾਰੇ ਲਈ ਵੱਖਰੀ ਜ਼ਮੀਨ, ਗੁਜ਼ਾਰਾ ਜੋ ਬਾਦਸ਼ਾਹੀ ਘਰਾਣੇ ਦੇ ਪੁਰਸ਼ਾਂ ਨੂੰ ਮਿਲਦਾ ਹੈ ।

Apparatus, *n.* ਅੱਪੈਰੇਟਸ—ਕਿਸੇ ਸ਼ਿਲਪ ਵਿੱਦਯਾ ਯਾ ਬਿਉਪਾਰ ਦੇ ਨਮਿੱਤ ਅਵੱਸ਼ਕ ਯੰਤਰ ਯਾ ਸਾਮਿੱਗ੍ਰੀ ।

Apparel, *n.* ਅੱਪੈਰਲ—ਕੱਪੜੇ, ਬਸਤ੍ਰ, ਪੁਸ਼ਾਕ; *v. t.* ਕਪੜੇ ਪਹਿਨਾਉਣਾ ।

Apparent, *a.* ਅੱਪੈਰੈਂਟ—ਸਪਸ਼ਟ, ਸਾਫ਼ ; ਸਾਖਯਾਤ, ਪ੍ਰਤੱਖ ।

Apparently, *adv.* ਅੱਪੈਰੈਂਟਲੀ—ਸਾਫ਼ ਤੌਰ ਪਰ, ਵੇਖਣ ਵਿੱਚ, ਸਪਸ਼ਟ ਤੌਰ ਪਰ ।

Apparition, *n.* ਅੱਪੈਰੀਸ਼ਨ—ਸੂਰਤ, ਸ਼ਕਲ; ਭੂਤ, ਪ੍ਰੇਤ ।

Apparitor, *n.* ਅੱਪੈਰੀਟਰ—ਬੁਲਾਉਣ ਹਾਰਾ, ਦੂਤ; ਕੋਈ ਅਫ਼ਸਰ ਜੋ ਆਤਮਿਕ ਅਦਾਲਤ ਦਾ ਕੰਮ ਕਰੇ ।

Appeachmant, *n.* ਏਪੀਚਮੈਂਟਸ—ਇਲਜ਼ਾਮ ਯਾ ਦੋਸ਼ ਜੋ ਕਿਸੇ ਤੇ ਲਾਯਾ ਜਾਵੇ ।

Appeal, *v. t.* ਅਪੀਲ—ਕਿਸੇ ਛੋਟੀ ਅਦਾਲਤ ਦੇ ਫ਼ੈਸਲੇ ਨੂੰ ਨ ਮੰਨਕੇ ਮੁਕੱਦਮੇ ਨੂੰ ਵੱਡੀ ਅਦਾਲਤ ਵਿੱਚ ਪੇਸ਼ ਕ॰, ਅਪੀਲ ਕ॰; ਅਸਰ ਪਾਉਣਾ, ਰਹਿਮ ਦਿਲਾਉਣਾ, ਹਮਦਰਦੀ ਚਾਹੁਣਾ; ਵੰਗਾਰਨਾ, ਪ੍ਰਾਰਥਨਾ ਕ॰; *n.* ਅਪੀਲ, ਨਾਲਸ, ਫ਼ਰਿਆਦ ।

Appelable, *a.* ਅਪੀਲੇਬਲ—ਅਪੀਲ ਕਰਨ ਦੇ ਯੋਗ, ਪ੍ਰਾਰਥਨਾ ਦੇ ਯੋਗ ।

Appealer, *n.* ਅਪੀਲਰ—ਅਪੀਲ ਕਰਨ ਵਾਲਾ, ਕਿਸੇ ਨੂੰ ਗੁਆਹ ਮੰਨਣ ਵਾਲਾ ।

Appear, *v. t.* ਅੱਪੀਅਰ—ਦਿੱਸਣਾ, ਦਿਖਾਈ ਦੇਣਾ, ਮਲੂਮ ਹੋਣਾ, ਹਾਜ਼ਰ ਹੋਣਾ ।

Appearance, *n.* ਅੱਪੀਰੈਨਸ—ਦਰਸ਼ਨ, ਸ਼ਕਲ, ਹਾਜ਼ਰੀ ।

Appearer, *a.* ਅਪੀਅਰਰ—ਦਿਖਾਈ ਦੇਣ ਵਾਲਾ ।

Appease, *v. i.* ਅਪੀਜ਼—ਦਿਲਾਸਾ ਦੇਣਾ, ਧੀਰਜ ਦੇਣਾ, ਸ਼ਾਂਤ ਕ॰, ਚੁੱਪ ਕਰਾਉਣਾ, ਰਾਜ਼ੀ ਕ॰, ਠੰਢਾ ਕ॰, ਮਨਾਉਣਾ ।

Appeasement, *n.* ਅਪੀਜ਼ਮੈਂਟ—ਸ਼ਾਂਤੀ, ਅਮਨ ਚੈਨ ।

Appelant, / Appellant, } *n.* ਅਪੀਲਾਂਟ—ਅਪੀਲ ਕਰਨ ਵਾਲਾ ।

Appellate, *n.* ਐਂਪੀਲੇਟ—ਓਹ ਆਦਮੀ ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੋਵੇ ।

Appellatine, *a.* ਅੱਪੀਲੇਟਾਈਨ—ਸਾਧਾਰਣ, ਸਾਮਾਨਯ; *n.* ਜਾਤੀਵਾਚਕ ਸੰਗਯਾ ।

Appellation, *n.* ਐਂਪੀਲੇਸ਼ਨ—ਨਾਮ, ਪਦਵੀ, ਖ਼ਤਾਬ ।

Appellative, *n.* ਐਂਪੇਲੇਟਿਵ—ਨਾਮ, ਲਕਬ, ਖ਼ਤਾਬ; *a.* ਵੇਖੋ ਸ਼ਬਦ Appellatine.

Append, *v. t.* ਏਪੈਂਡ—ਲਗਾਉਣਾ, ਜੋੜਨਾ, ਵਾਧੂ ਧਰਨਾ ।

Appendage, / Appendance, } *n.* ਏਪੈਂਡੇਜ / ਏਪੈਂਡਨਸ } ਜੋੜੀ ਹੋਈ ਯਾ ਵਾਧੂ ਵਸਤੂ, ਜੋੜ ।

Appendix, *n.* ਏਪੈਂਡਿਕਸ—ਜ਼ਮੀਮਾ, ਅਧਿਕ, ਜੋ ਵਾਧੂ ਲਾਇਆ ਜਾਵੇ ।

Apperception, *n.* ਏਪਰਸੈਪਸ਼ਨ—ਅੰਤਰ ਬੋਧ, ਵਕੂਫ਼, ਤਮੀਜ਼ ।

Appertain, *v. t.* ਏਪੱਰਟੇਨ—ਸੰਬੰਧ ਰੱਖਣਾ, ਲਗਾਓ ਰੱਖਣਾ ।

Appetant, *a.* ਐਪੀਟੈਂਟ—ਕਾਮਾਤੁਰ, ਔਂਟਿਆ ਲੋਭਿਆ, [illegible] ।

Appetence, *n.* ਐਪੀਟੈਂਨਸ—ਕਾਮ, ਅਭਿਲਾਖਾ, ਖ਼ਾਹਿਸ਼; ਭੁੱਖ ।

Appetite, *n.* ਐਪੀਟਾਈਟ—ਖੁਧਿਆ, ਭੁੱਖ, ਇੱਛਾ, ਲਾਲਸਾ ।

Appetition, *n.* ਐਪੇਟੀਸ਼ਨ—ਵਾਂਛਾ, ਚਾਹ ।

Applaud, *v. t.* ਐਪਲਾਡ—ਧੰਨ ਕਹਿਣਾ, ਸਲਾਹੁਣਾ, ਤੌੜੀ ਮਾਰਕੇ ਪਰਸੰਨ ਕ०, ਤਾਰੀਫ਼ ਕ०, ਸ਼ਲਾਘਾ ਕ० ।

Applause, *n.* ਐਪਲਾਜ਼—ਵਾਹ ਵਾਹ, ਸ਼ਾਬਾਸ਼, ਧੰਨਵਾਦ ।

Apple, *n.* ਐਪਲ—ਸੇ, ਮੇਉ; ਅੱਖ ਦੀ ਪੁਤਲੀ ।

Appliable, *a.* ਅਪਲੀਏਬਲ—ਰੱਖੇ ਹੋਏ ਯਾ ਲਾਏ ਜਾਨ ਦੇ ਯੋਗ, ਯੋਗ ।

Appliance, } *n.* ਐਪਲਾਇੰਸ } ਜੋ ਚੀਜ਼
Appliances, } ਐਪਲਾਇੰਸਸ } ਲਾਈ ਜਾਵੇ; ਉਪਾਇ; ਹਥਿਆਰ; ਸਾਮਾਨ, ਚੀਜ਼ਾਂ, ਅਸਬਾਬ ।

Applicability, *n.* ਐਪਲੀਕੇਬਿਲਿਟੀ—ਠੀਕ ਪਨ, ਹੂਬਹੂ ।

Applicable, *a.* ਐਪਲੀਕੇਬਲ—ਠੀਕ, ਵਾਜਬ, ਮੁਨਾਸਬ; ਲੱਗਨ ਯੋਗ ।

Applicant, *n.* ਐਪਲੀਕੈਂਟ—ਅਰਜ਼ੀ ਕਰਨ ਵਾਲਾ, ਅਰਥੀ, ਯਾਚਕ ।

Application, *n.* ਐਪਲੀਕੇਸ਼ਨ—ਯੋਗ ਪ੍ਰਾਰਥਨਾ, ਨਿਵੇਦਨ ਪੱਤ੍ਰ, ਪਰਿਸ੍ਰਮ, ਅਰਜ਼ੀ, ਦਰਖ਼ਾਸਤ ।

Apply, *v. t.* ਐਪਲਾਈ—ਧਰਨਾ, ਚਿਪਕਾਉਣਾ, ਜੋੜਨਾ, ਬਿਠਾਉਣਾ; ਮਿਲਨਾ, ਮਿਲਾਉਣਾ; ਸਮਾਨ ਕ०, ਸਮਾਨ ਹੋਣਾ; ਅਭਿਆਸ ਕ०, ਬੋਲਨਾ, ਸੰਭਾਸ਼ਨ ਕ०, ਪ੍ਰਾਰਥਨਾ ਕ०; ਕੰਮ ਵਿੱਚ ਲਾਉਣਾ, ਕੰਮ ਵਿੱਚ ਰੱਖਣਾ, ਕੰਮ ਵਿੱਚ ਲੱਗੇ ਰਹਿਣਾ; *v. i.* ਠੀਕ ਆਉਣਾ, ਠੀਕ ਹੋਣਾ; ਬੇਨਤੀ ਕ० ।

Appogiatura, *n.* ਏਪੋਜੀਏਚਰਾ—ਬਾਜੇ ਦੇ ਇੱਕ ਪਰਦੇ ਦਾ ਨਾਉਂ, ਉਪ ਸੁਰ ।

Appoint, *v. t.* ਐਪਾਇੰਟ—ਮੁਕੱਰਰ ਕ०, ਜਗ੍ਹਾ ਦੇਣਾ; ਸਜਾਉਣਾ, ਸਵਾਰਨਾ ਬਣਾਉਣਾ ।

Appointer, *n.* ਐਪਾਇੰਟਰ—ਮੁਕੱਰਰ ਕਰਨ ਵਾਲਾ, ਠਾਨਣ ਵਾਲਾ, ਸਜਾਉਣ ਵਾਲਾ ।

Appointment, *n.* ਅਪਾਇੰਟਮੈਂਟ—ਨੌਕਰੀ, ਓਹਦਾ, ਮੁਕੱਰਰੀ ਓਹਦਾ; ਵਾਹਦਾ, ਇਕਰਾਰ, ਪ੍ਰਤਿੱਗਯਾ; ਸਜਾਵਟ; ਅਸਾਮੀ, ਸੇਵਾ ਪਦ ।

Apportion, *v. t.* ਐਪੋਰਸ਼ਨ—ਠੀਕ ਪਰਮਾਨ ਨਾਲ ਵੰਡਕੇ ਕਰ ਦੇਣਾ, ਹਿੱਸੇ ਕ० ।

Apportionment, *n.* ਅਪੋਰਸ਼ਨਮੈਂਟ—ਵਟਾਈ, ਵੇਖੋ ਸ਼ਬਦ "Allotment."

Apposite, *a.* ਐਪੋਜ਼ਿਟ—ਯੋਗ, ਠੀਕ, ਚੰਗਾ, ਲਾਇਕ ।

Apposition, *n.* ਐਪੋਜ਼ੀਸ਼ਨ—ਜੋੜ, ਬਹੁਤਾਇਤ; ਦੋ (nouns) ਨਾਉਂਆਂ (ਇਸਮਾਂ) ਦਾ ਇੱਕ ਸੂਰਤ ਵਿੱਚ ਇਕੱਠੇ ਹੋਨ ਦੀ ਹਾਲਤ ।

Appraise, *v. t.* ਐਪ੍ਰੇਜ਼—ਮੁੱਲ ਠਹਿਰਾਉਣਾ, ਤਖਮੀਨਾ ਕ०, ਜਾਚਨਾ, ਕੀਮਤ ਮੁਕੱਰਰ ਕਰਨਾ ।

Appraisement, *n.* ਐਪਰੇਜ਼ਮੰਟ—ਤਖਮੀਨਾ, ਮੁੱਲ ਦੀ ਜਾਚ ।

Appraiser, *n.* ਅਪਰੇਜ਼ਰ—ਨਿਰਖੀ, ਨਿਰਖ ਜਾਚਨ ਵਾਲਾ ।

Appreciable, *a.* ਅਪਰਿਸ਼ੀਏਬਲ—ਕਦਰ ਦੇ ਲਾਇਕ, ਕਦਰ ਦੇ ਯੋਗ, ਚੰਗਾ ।

Appreciate, *v. t.* ਅਪਰਿਸ਼ੀਏਟ—ਕਦਰ ਕ०, ਮੁੱਲ ਠਹਿਰਾਉਣਾ, ਜਾਚਨਾ; ਚਾਹੁਣਾ ।

Appreciative, } *n.* ਐਪਰਿਸ਼ੀਏਟਿਵ }
Appreciatory, } ਐਪਰਿਸ਼ੀਏਟਰੀ } ਗੁਣ-ਗਯਾਨੀ, ਕਦਰ ਕਰਨ ਵਾਲਾ ।

Appreciation, *n.* ਐਪਰਿਸ਼ੀਏਸ਼ਨ—ਜਾਚ; ਬੋਧ, ਵਿਚਾਰ, ਸੋਚ, ਰਾਇ; ਕਦਰ ।

Apprehend, *v. t.* ਐਪਰੀਹੈਂਡ—ਪਕੜਨਾ, ਗਿਫ਼ਤਾਰ ਕ०, ਫੜ ਲੈਣਾ; ਵੇਖ ਲੈਣਾ, ਸੋਚ ਲੈਣਾ, ਸਮਝ ਲੈਣਾ; ਡਰ ਕ० ।

Apprehender, *n.* ਐਪਰੀਹੈਂਡਰ—ਸੋਚਨ ਵਾਲਾ, ਵੇਖਨ ਵਾਲਾ, ਸਮਝਨ ਵਾਲਾ, ਫੜਨ ਵਾਲਾ, ਡਰਨ ਵਾਲਾ ।

Apprehensible, *a.* ਐਪਰੀਹੈਨਸੀਬਲ—ਫੜਨੇ ਯੋਗ, ਡਰਨੇ ਯੋਗ ।

Apprehension, *n.* ਐਪਰੀਹੈਨਸ਼ਨ—ਗ੍ਰਿਫ਼ਤਾਰੀ; ਡਰ; ਸਮਝ ।

Apprehensive, *a.* ਐਪਰੀਹੈਨਸਿਵ—ਛੇਤੀ ਸਮਝਣ ਵਾਲਾ; ਡਰਨ ਵਾਲਾ; ਸੰਦੇਹੀ ਵਹਿਮੀ।

Apprentice, *n.* ਐਪ੍ਰੈਨਟਿਸ—ਜੋ ਕੋਈ ਕਿਸੇ ਹੁਨਰ ਯਾ ਬਿਉਪਾਰ ਦੇ ਸਿੱਖਣ ਦੇ ਨਮਿੱਤ ਬੰਧੇਜ ਕਰਦਾ ਹੈ, ਉਮੇਦਵਾਰ, ਸ਼ਾਗਿਰਦ *v. t.* ਕਿਸੇ ਹੁਨਰ ਯਾ ਬਿਉਪਾਰ ਦੇ ਸਿੱਖਣ ਲਈ ਕਿਸੇ ਨੂੰ ਸ਼ਾਗਿਰਦ ਬਣਾਉਣਾ।

Apprenticeship, *n.* ਅਪ੍ਰੈਨਟਿਸਸ਼ਿਪ—ਸ਼ਾਗਿਰਦੀ।

Apprise, *v. t.* ਐਪਰਾਈਜ਼—ਖ਼ਬਰ ਦੇਣਾ, ਸਮਾਚਾਰ ਦੇਣਾ, ਇਤਲਾਹ ਦੇਣਾ।

Approach, *v. t.* ਐਪਰੋਚ—ਨੇੜੇ ਆਉਣਾ ਯਾ ਜਾਣਾ; ਨੇੜੇ ਪਹੁੰਚਣਾ; ਲਗ ਭਗ ਜਾਪਣਾ; *n.* ਨਿਕਟ ਆਗਮਨ, ਲਗ ਭਗ ਜਾਚ।

Approachable, *a.* ਐਪਰੋਚਏਬਲ—ਜਾਣ ਦੇ ਜੋਗ, ਪਹੁੰਚਣ ਦੇ ਜੋਗ।

Approbation, *n.* ਐਪਰੋਬੇਸ਼ਨ—ਪ੍ਰਸੰਨਤਾ; ਮਨਜ਼ੂਰੀ; ਪਸੰਦ।

Appropriate, *v.t.* ਐਪਰੋਪ੍ਰੀਏਟ—ਅਪਣਾ ਕ०; ਕਿਸੇ ਕੰਮ ਵਿੱਚ ਲਾਉਣਾ, ਅਲੱਗ ਕ०; *a.* ਜੋਗ, ਵਾਜਬ।

Appropriation, *n.* ਐਪਰੋਪਰੀਏਸ਼ਨ—ਖ਼ਰਚ; ਵਰਤਾਓ; ਕਿਸੇ ਚੀਜ਼ ਨੂੰ ਅਲੱਗ ਰੱਖੇ ਜਾਣ ਦੀ ਹਾਲਤ; ਧਰਮ ਹੇਤ; ਵਕਫ਼।

Approvable, *v. t.* ਐਪਰੂਵਏਬਲ—ਮਨਜ਼ੂਰ, ਪਸੰਦ ਯਾ ਤਸਦੀਕ ਹੋਣ ਦੇ ਲਾਇਕ, ਅੰਗੀਕਾਰ ਕਰਨ ਦੇ ਜੋਗ।

Approval, *n.* ਐਪਰੂਵਲ—ਪਸੰਦ, ਮਨਜ਼ੂਰੀ, ਸੰਮਤੀ।

Approvance, *n.* ਐਪਰੂਵੈਂਸ—ਅੰਗੀਕਾਰ ਕਰਨ ਦੀ ਹਾਲਤ; ਮਨਜ਼ੂਰੀ।

Approve, *v. t.* ਐਪਰੂਵ—ਚਾਹੁਣਾ; ਤਾਰੀਫ਼ ਕ०; ਸਾਬਤ ਕ०; ਪਸੰਦ ਕ०; ਮਨਜ਼ੂਰ ਕ०।

Approver, *n.* ਐਪਰੂਵਰ—ਮਨਜ਼ੂਰ ਕਰਨ ਵਾਲਾ, ਉਹ ਆਦਮੀ ਜੋ ਅਪਣੇ ਜੁਰਮ ਦਾ ਇਕਬਾਲ ਕਰੇ ਤੇ ਦੂਜਿਆਂ ਨੂੰ ਫਸਾਵੇ।

Approximate, *v. t.* ਐਪਰੋਕਸੀਮੇਟ—ਨੇੜੇ ਪਹੁੰਚਣਾ, ਨੇੜੇ ਹੋਣਾ, ਸਮੀਪ ਆਉਣਾ ਯਾ ਲਾਉਣਾ ਯਾ ਕ०; *v. i.* ਪਾਸ ੨ ਹੋਣਾ, ਲਗ ਭਗ ਹੋਣਾ, ਨੇੜੇ ਹੋਣਾ; *a.* ਨਜ਼ਦੀਕ, ਨੇੜੇ, ਨਿਕਟ; ਲਗ ਭਗ, ਕਰੀਬ ੨; ਅਟਾ ਸਟਾ।

Approximation, *n.* ਐਪਰੋਕ੍ਸੀਮੇਸ਼ਨ—ਲਗਭਗ, ਅਟਾ ਸਟਾ, ਨੇੜ ਤੇੜ।

Appulse, *n.* ਐਪਲਸ—ਧੱਕਾ, ਟੱਕਰ, ਠੋਕਰ।

Appurtenance, *n.* ਐਪਰਟੀਨੈਂਸ—ਸਰਬੰਧਤ ਸ਼ੈ, ਲਵਾਜ਼ਮਾ।

Apricot, *n.* ਐਪਰੀਕਾਟ—ਐਪਰੀਕਾਟ—ਖੁਰਮਾਨੀ, ਇੱਕ ਪ੍ਰਕਾਰ ਦਾ ਛੋਟਾ ਫਲ।

April, *n.* ਏਪਰਿਲ—ਅੰਗ੍ਰੇਜ਼ੀ ਵਰ੍ਹੇ ਦਾ ਚੌਥਾ ਮਹੀਨਾ (ਅਪ੍ਰੈਲ)।

April-fool, *n.* ਏਪਰਲਫ਼ੂਲ—ਅਪ੍ਰੈਲ ਦੇ ਮਹੀਨੇ ਵਿੱਚ ਠੱਠਾ ਮਖ਼ੌਲ ਹੁੰਦਾ ਹੈ, ਜਿਸ ਤਰ੍ਹਾਂ ਸਾਡੇ ਮੁਲਕ ਵਿੱਚ ਹੋਲੀ ਦਾ ਭੜੂਆ।

April-fool's-day, *n.* ਏਪਰਿਲ-ਫ਼ੂਲਜ਼-ਡੇ—ਅਪ੍ਰੈਲ ਮਹੀਨੇ ਦਾ ਪਹਿਲਾ ਦਿਨ।

Apron, *n.* ਐਪਰੋਨ—ਪੁਸ਼ਾਕ ਸਾਫ਼ ਰੱਖਣ ਵਾਸਤੇ ਕੰਮ ਕਰਨ ਦੇ ਸਮੇਂ ਜੋ ਕੱਪੜਾ ਉੱਪਰ, ਸਾਹਮਣੇ ਯਾ ਪੇਟ ਪੁਰ ਪਹਿਨਿਆ ਜਾਂਦਾ ਹੈ

Apropose, *a.* ਐਪਰੋਪੋਜ਼—ਮਤਲਬ ਦਾ, ਠੀਕ, ਦਰੁਸਤ।

Apsis, *n.* ਏਪਸਿਸ—ਕਿਸੇ ਗ੍ਰਹਿ ਦਾ ਉਹ ਭਾਗ ਜੋ ਸੂਰਜ ਯਾ ਧਰਤੀ ਦੇ ਬਹੁਤ ਦੂਰ ਯਾ ਬਹੁਤ ਨੇੜੇ ਹੁੰਦਾ ਹੈ।

Apt, *a.* ਐਪਟ—ਜੋਗ, ਸਮਰੱਥ, ਲਾਇਕ; ਚੁਸਤ, ਫੁਰਤੀਲਾ; ਕਿਸੇ ਸ਼ੈ ਨੂੰ ਗ੍ਰਹਿਣ ਕਰਨ ਦਾ ਸੁਭਾਓ ਰੱਖਣ ਦੇ ਜੋਗ; ਝੁਕਿਆ ਹੋਯਾ; ਲਾਲਸਾ ਵਾਲਾ।

Aptera, *n.* ਐਪਟੇਰਾ—ਬਿਨਾਂ ਖੰਭਾਂ ਦੇ ਕੀੜੇ।

Aptitude, *n.* ਐਪਟੀਚਿਊਡ—ਜੋਗਤਾ, ਲਿਆਕਤ; ਮਨੋ ਕਾਮਨਾ।

Aptly, *adv.* ਐਪਟਲੀ—ਚੰਗੀ ਤਰ੍ਹਾਂ ਨਾਲ, ਠੀਕ ਤੌਰ ਪੁਰ, ਉਚਿੱਤ ਰੀਤੀ ਨਾਲ; ਚਤੁਰਾਈ ਨਾਲ, ਚੌਕਸਾਈ ਨਾਲ, ਜਥਾਰਥ ਰੂਪ ਨਾਲ।

Aptness, *n.* ਐਪਟਨੈਸ—ਚਤੁਰਾਈ, ਚੌਕਸੀ, ਜੋਗਤਾ।

Aptote, *n.* ਐਪਟੋਟ—noun ਬਿਨਾਂ case ਦੇ, ਇਸਮ ਮਬਨੀ।

Aqua, *n.* ਐਕੁਆ–ਪਾਣੀ, ਸਾਫ਼ ਪਾਣੀ ।

Aquafortis, *n.* ਐਕੁਆਫ਼ੋਰਟਿਸ–ਤੇਜ਼ਾਬ, ਸ਼ੋਰੇ ਦਾ ਤੇਜ਼ਾਬ ।

Aquarius, *n.* ਐਕੁਆਰੀਅਸ–ਪਾਣੀ ਲਿਆਉਣ ਵਾਲਾ, ਕੁੰਭ ਰਾਸ਼ੀ ।

Aquatic, *a.* ਐਕਵੈਟਿਕ–ਆਬੀ, ਜਲ ਸੰਬੰਧੀ, ਦਰਿਆਈ ।

Aqueduct, *n*, ਐਕੁਈਡਕਟ–ਜਲ ਪਰਨਾਲੀ, ਮੋਰੀ ।

Aqueous, *a.* ਐਕੁਈਅਸ–ਪਾਣੀ ਦੇ ਸਦਰਿਸ਼, ਪਾਣੀ ਜੇਹਾ, ਜਲ ਸਮਾਨ ।

Aquiline, *a.* ਐਕੁਈਲਾਈਨ—ਉਕਾਬ ਦੀ ਚੁੰਝ ਜੇਹਾ, ਵੱਕਰ; ਟੇਢਾ, ਵਿੰਗਾ ।

Arab, Arabian, *n.* ਅਰੈਬ, ਅਰੈਬੀਅਨ — ਅਰਬ ਦੇਸ਼ ਦਾ ਨਿਵਾਸੀ; ਯਤੀਮ ਬੱਚਾ; ਅਰਬੀ ਘੋੜਾ ।

Arabia, *n.* ਅਰੈਬੀਆ–ਅਰਬ ਦੇਸ ।

Arabic, *a.* ਅਰੈਬਿਕ—ਅਰਬ ਦੇਸ਼ ਦਾ; *n.* ਅਰਬੀ ਬੋਲੀ, ਅਰਬ ਦੇਸ ਦੀ ਬੋਲੀ ।

Arable, *a.* ਅਰੇਬਲ–ਜੁੱਤੇ ਜਾਣ ਦੇ ਯੋਗ ।

Araneous, *a.* ਅਰੇਨੀਅਸ–ਮੱਕੜੀ ਦੇ ਜਾਲੇ ਵਰਗਾ ।

Aration, *n.* ਅਰੇਸ਼ਨ–ਹਲ ਚਲਾਉਣ ਦਾ ਕੰਮ; ਕਿਸਾਨੀ ।

Arbiter, *n.* ਆਰਬੀਟਰ–ਮੁਨਸਿਫ਼, ਪੰਚ, ਫ਼ੈਸਲਾ ਕਰਨ ਵਾਲਾ ।

Arbitrable, *a.* ਆਰਬਿਟਰੇਬਲ–ਜਿਸਦੇ ਸੰਬੰਧ ਵਿੱਚ ਨਿਆਇ ਕੀਤਾ ਜਾਵੇ, ਫ਼ੈਸਲਾ ਹੋਣ ਦੇ ਯੋਗ ।

Arbitrament, *n.* ਆਰਬਿਟਰੇਮੈਂਟ–ਫ਼ੈਸਲਾ, ਨਿਸਚਾ ।

Arbitrariness, *n.* ਆਰਬਿਟਰੇਰੀਨੈਸ–ਜ਼ੁਲਮ, ਅੱਤਯਾਚਾਰ, ਉਪੱਦ੍ਰਵ, ਵਧੀਕੀ ।

Arbitrary, *a.* ਆਰਬਿਟਰੇਰੀ—ਫ਼ੈਸਲਾ ਕੀਤਾ ਗਿਆ, ਖ਼ੁਦਗ਼ਰਜ਼ੀ ਦਾ ਫ਼ੈਸਲਾ; ਨਿਰਦਈ ਹੁਕਮ ਜਿਸ ਵਿੱਚ ਦੂਜਿਆਂ ਦੀ ਮਰਜ਼ੀ ਦਾ ਵਿਚਾਰ ਨ ਕੀਤਾ ਜਾਏ; ਖ਼ੁਦਗ਼ਰਜ਼, ਸ੍ਵਾਰਥੀ, ਖ਼ੁਦਮੁਖ਼ਤਾਰ, ਅਪਣੀ ਕਰਨ ਵਾਲਾ; ਬੇ-ਕਾਇਦਾ, ਬੇਢੰਗਾ ।

Arbitrate, *v. t.* ਆਰਬਿਟਰੇਟ–ਨਿਪਟਾਉਣਾ, ਫ਼ੈਸਲਾ ਕਰਾਉਣਾ, ਨਿਰਣਯ ਕ०, ਵਿਚਾਰਨਾ, ਪੰਚਾਇਤ ਕ०, ਨਿਆਇ ਕ० ।

Arbitration, *a.* ਆਰਬਿਟਰੇਸ਼ਨ—ਫ਼ੈਸਲਾ, ਪੰਚਾਇਤ ।

Arbitrator, *n.* ਆਰਬਿਟਰੇਟਰ—ਮਧਯਸਥ, ਪੰਚ, ਮੁਨਸਿਫ਼ ।

Arbitress, *n.* ਆਰਬਿਟਰੈਸ—ਮਧਯਸਥਿਨ, ਵਿੱਚ ਵਿਚੋਲੀ, ਵਿੱਚ ਹੋਕੇ ਫ਼ੈਸਲਾ ਕਰਾਉਣ ਵਾਲੀ ।

Arbore, *n.* ਆਰਬੋਰਿ–ਝਾੜ, ਛੋਟਾ ਬੂਟਾ ।

Arboreous, *a.* ਆਰਬੋਰਿਅਸ—ਦਰਖ਼ਤ ਜਾਂ ਰੁੱਖ ਸੰਬੰਧੀ ।

Arborescent, *a.* ਆਰਬੋਰਿਸੈਂਟ–ਰੁੱਖ ਵਾਙੂ ਜੰਮਦਾ ਯਾ ਵਧਦਾ ਹੋਇਆ ।

Arborist, *n.* ਆਰਬੋਰਿਸਟ–ਬ੍ਰਿਛਾਂ ਦੀ ਵਿੱਦਯਾ ਜਾਣਨ ਵਾਲਾ ।

Arbour, *n.* ਆਰਬਰ–ਅਲੱਗ ਜਗ੍ਹਾ, ਵੱਖਰੀ ਥਾਉਂ, ਗੋਸ਼ਾ, ਬ੍ਰਿਛਾਂ ਦੇ ਸਾਏ ਹੇਠ ਜਗ੍ਹਾ ।

Arbute, *n.* ਆਰਬਿਊਟ—ਇੱਕ ਪਰਕਾਰ ਦਾ ਰੁੱਖ ।

Arc, *n.* ਆਰਕ–ਕੌਸ, ਚਾਪ; ਧਨੁਖ, ਕਮਾਨ ।

Arcade, *n.* ਆਰਕੇਡ—ਮਹਿਰਾਬਦਾਰ ਰਸਤਾ, ਛੱਤਾ ।

Arcanum, *n.* ਆਰਕੇਨਮ–ਭੇਦ ।

Arch, *n.* ਆਰਚ—ਮਹਿਰਾਬ, ਚਾਪ ; *v. t.* ਮਹਿਰਾਬ ਬਣਾਉਣਾ; *a.* ਵੱਡਾ ਸਰਦਾਰ, ਆਗੂ, ਪ੍ਰਧਾਨ, ਮੁਖ੍ਯ, ਸਿਆਣਾ, ਚਤੁਰ, ਨਟ ਖਟ ।

Archœology, *n.* ਆਰਕੇਓਲੋਜੀ—ਪ੍ਰਾਚੀਨ ਜਾਂ ਪੁਰਾਤਨੀ ਚੀਜ਼ਾਂ ਦੀ ਵਿੱਦਯਾ ।

Archaic, *a.* ਆਰਕੇਕ–ਪੁਰਾਣਾ, ਅੱਪ੍ਰਚਲਤ ।

Archangel, *n.* ਆਰਕੈਂਜਲ–ਸੁਰਗੀ ਦੂਤ ।

Archbishop, *n.* ਆਰਚਬਿਸ਼ਪ—ਵੱਡਾ ਪਾਦਰੀ, ਧਰਮ ਅਧਿਕਾਰੀਆਂ ਦਾ ਸਰ-ਦਾਰ ।

Archdeacon, *v. t.* ਆਰਚਡੀਕਨ—ਵੱਡੇ ਪਾਦਰੀ ਦਾ ਸਹਾਇਕ ਜਾਂ ਨਾਇਬ ।

Archducal, *a.* ਆਰਚਡੂਕਲ–ਵੱਡੇ ਨਵਾਬ ਦਾ

Archduchess, *n.* ਆਰਚਡਚਿਸ-ਵੱਡੇ ਨਵਾਬ ਦੀ ਬੇਟੀ, ਭੈਣ ਯਾ ਬੇਗਮ ।

Archduchy, *n.* ਆਰਚਡਚੀ—ਵੱਡੇ ਨਵਾਬ ਦਾ ਮੁਲਕ ।

Archduke, *n.* ਆਰਚਡਿਊਕ-ਵੱਡਾ ਨਵਾਬ ।

Archer, *n.* ਆਰਚਰ-ਤੀਰ ਚਲਾਉਨ ਵਾਲਾ, ਤੀਰਅੰਦਾਜ਼ ।

Archery, *n.* ਆਰਚਰੀ-ਤੀਰਅੰਦਾਜ਼ੀ ।

Archetype, *n.* ਆਰਕੇਟਾਈਪ-ਮੂਲ, ਮੂਰਤੀ, ਅਸਲ ।

Archipelago, *n.* ਆਰਕੀਪੈਲੇਗੋ—ਛੋਟੇ ੨ ਟਾਪੂਆਂ ਨਾਲ ਭਰਿਆ ਹੋਇਆ ਸਮੁੰਦਰ ।

Architect, *n.* ਆਰਕੀਟੈੱਕਟ-ਰਾਜ, ਮੈਮਾਰ, ਇਮਾਰਤ ਬਨਾਉਨ ਦੀ ਵਿੱਦਯਾ ਜਾਨਣ ਵਾਲਾ ।

Architective, *a.* ਆਰਕੀਟੈਕਟਿਵ—ਰਾਜ ਦਾ ਕੰਮ ਕਰਨ ਵਾਲਾ ।

Architectonic, *a.* ਆਰਕੀਟੈਕਟੋਨਿਕ-ਮਕਾਨ ਆ ਦਕ ਬਨਾਉਨ ਵਿੱਚ ਨਿਪੁਣ ।

Architectural, *a.* ਆਰਕੀਟੈਕਚਰਲ—ਅਮਾਰਤੀ, ਅਮਾਰਤ ਦੇ ਸੰਬੰਧ ਵਿੱਚ ।

Architecture, *n.* ਆਰਕੀਟੈਕਚਰ—ਘਰ ਆਦਿ ਬਨਾਉਣ ਦੀ ਵਿੱਦਯਾ ।

Architrave, *n.* ਆਰਕਿਟਰੇਵ-ਘਰ ਦਾ ਓਹ ਭਾਗ ਜੋ ਥੰਭੇ ਪਰ ਰਹਿੰਦਾ ਹੈ ।

Archives, *n. pl.* ਆਰਚਿਵਸ-ਦਫ਼ਤਰ, ਜਿਸ ਸਥਾਨ ਵਿੱਚ ਪ੍ਰਾਚੀਨ ਪੁਸਤਕ ਯਾ ਲੇਖ ਰੱਖੇ ਜਾਂਦੇ ਹਨ ।

Archness, *n.* ਆਰਚਨਸ-ਵਡੱਪਨ ।

Archon, *n.* ਆਰਚੋਨ—ਪ੍ਰਾਚੀਨ ਕਾਲ ਵਿੱਚ ਯਨਾਨ ਦੇਸ਼ ਦੇ ਨੱਗਰ ਏਥੰਸ ਦਾ ਪ੍ਰਧਾਨ; ਵਿਚਾਰ ਕਰਤਾ ।

Archway, *n.* ਆਰਚਵੇ-ਇੱਕ ਰਾਹ ਜੋ ਮਹਿਰਾਬ ਦੇ ਵਿੱਚਕਾਰ ਦੀ ਹੋਵੇ ।

Arctic, *a.* ਆਰਕਟਿਕ—ਉੱਤਰ ਯਾ ਪਹਾੜ ਦਾ, ਸ਼ਮਾਲੀ ।

Arcubalist, *n.* ਆਰਕਿਊਬਾਲਿਸਟ-ਕਮਾਨ, ਗੁਲੇਲ, ਇੱਕ ਪ੍ਰਕਾਰ ਦਾ ਧਨੁਖ ।

Ardency, *n.* ਆਰਡੇਨਸੀ-ਗਰਮੀ, ਸਰਗਰਮੀ, ਵਾਂਛਾ, ਤਪਾਕ, ਸ਼ੌਕ ।

Ardent, *a.* ਆਰਡੈਂਟ-ਅਨੁਰਾਗੀ, ਉਤਸਾਹੀ; ਤਪਤ, ਤੁੰਦ, ਸਰਗਰਮ, ਜੋਸ਼ ਵਾਲਾ ।

Ardently, *adv.* ਆਰਡੈਂਟਲੀ—ਉਤਸਾਹ ਨਾਲ, ਚਾਹ ਨਾਲ, ਪ੍ਰੇਮ ਨਾਲ ; ਸਰਗਰਮੀ ਨਾਲ ।

Ardour, *n* ਆਰਡਰ-ਉਮੰਗ, ਚਾਹ, ਸ਼ੌਕ ।

Arduous, *a.* ਆਰਡੂਅਸ—ਉੱਚਾ, ਬੁਲੰਦ ; ਕਠਿਨ, ਮੁਸ਼ਕਲ ।

Arduousness, *n.* ਆਰਡੁਅਸਨੈਸ—ਬੁਲੰਦੀ, ਉਚਾਈ; ਸਖ਼ਤੀ, ਕਠਿਨਤਾ ।

Are, *pl.* ਆਰ–To be ਦਾ third person, plural number, indicative mood, present tense ਹੈ ।

Area, *n.* ਏਰੀਆ—ਅੰਗਨ, ਵੇਹੜਾ ; ਖੇਤਰ ਫਲ, ਮੈਦਾਨ; ਰਕਬਾ ਅਰਥਾਤ ਲੰਬਾਈ ਚੌੜਾਈ ।

Arecanut, *n.* ਐਰੀਕੇਨਟ-ਸੁਪਾਰੀ, ਛਾਲੀਆ ।

Arefaction, *n.* ਏਰਿਫ਼ੈਕਸ਼ਨ—ਖ਼ੁਸ਼ਕੀ, ਸੁਕਾਵਟ ।

Arefy, *v. t.* ਏਰਿਫ਼ਾਈ—ਖ਼ੁਸ਼ਕ ਕ॰, ਸੁਕਾਉਨਾ ।

Arena, *n.* ਐਰਿਨਾ—ਰੇਤਲਾ ਅਖਾੜਾ, ਬਾਲੂ ਨਾਲ ਵਿਛਿਆ ਹੋਇਆ ਅਖਾੜਾ, ਦੰਗਲ; ਮੈਦਾਨ, ਖੇਤ; ਲੜਾਈ ਦਾ ਮੈਦਾਨ ।

Arenaceous, *a.* ਐਰਿਨੇਸ਼ਿਅਸ—ਰੇਤਲਾ, ਬਾਲੂ ਵਾਲਾ ।

Areometer, *n.* ਐਰਿਓਮੀਟਰ-ਇੱਕ ਯੰਤਰ ਜਿਸ ਨਾਲ ਦ੍ਰਵ ਪਦਾਰਥਾਂ ਦਾ ਭਾਰੀਪਨ ਮਿਣਿਆ ਜਾਂਦਾ ਹੈ; ਪੈਮਾਨਾ ਸ਼ਰਾਬ ।

Argent, *a.* ਆਰਜੈਂਟ-ਚਾਂਦੀ ਦਾ, ਰੁਪੱਯੇ ਵਾਙੂ, ਚਮਕਦਾ ਹੋਇਆ ।

Argil, *n.* ਆਰਜਿਲ-ਘੁਮਿਆਰ ਦੀ ਮਿੱਟੀ ।

Argillaceous, *a.* ਆਰਜਿੱਲਾਸ਼ਸ—ਚਿਕਨੀ ਮਿੱਟੀ ਵਰਗਾ ।

Argonaut, *n.* ਆਰਗੋਨਾਟ—ਆਰਗੋ ਨਾਮ ਜਹਾਜ਼ ਵਿੱਚ ਜੋ ਗਿਆ ਸੀ ; ਇੱਕ ਪ੍ਰਕਾਰ ਦੀ ਮੱਛੀ ।

Argosy, *n.* ਆਰਗੋਸੀ-ਸੁਦਾਗਰੀ ਦਾ ਜਹਾਜ਼, ਵਣਜ ਦਾ ਜਹਾਜ਼ ।

Argue, *v. t.* ਆਰਗਯੂ-ਤਰਕ ਕ॰, ਬਿਬਾਦ

ਕ०, ਹੁੱਜਤ ਕ०, ਬਹਿਸ ਕ०; ਦਲੀਲ ਕਰਨਾ ।

Arguer, *n.* ਆਰਗੁਅਰ-ਹੁੱਜਤੀ, ਵਿਵਾਦੀ ।

Arguing, *n.* ਆਰਗੁਇੰਗ-ਤਰਕ, ਦਲੀਲ, ਬਹਸ, ਹੁੱਜਤ ।

Argument, *n.* ਆਰਗੂਮੈਂਟ-ਹੇਤੂ ; ਦਲੀਲ, ਵਿਸ਼ਯ ।

Argumentation, *n.* ਆਰਗੂਮੈਂਟੇਸ਼ਨ—ਦਲੀਲ, ਬਹਿਸ ।

Argumentize, *v. t.* ਆਰਗੂਮੈਂਟਾਈਜ਼—ਬਹਿਸ ਕ०, ਵਿਚਾਰ ਕ० ।

Argute, *a.* ਆਰਗਯੂਟ—ਸਮਝਦਾਰ, ਚਤੁਰ, ਤੇਜ਼, ਤੇਜ਼ ਫ਼ਹਿਮ ।

Arian, *a.* ਏਰੀਅਨ—ਏਰੀਅਸ ਜੋ ਈਸਾ ਨੂੰ ਈਸ਼੍ਵਰ ਨਾਲੋਂ ਛੋਟਾ ਮੰਨਦਾ ਸੀ ਯਾ ਉਸਦਾ ਪੰਥੀ ।

Arid, *a.* ਏਰਿਡ-ਖ਼ੁਸ਼ਕ, ਸੁੱਕਾ ।

Aridity, *n.* ਏਰਿਡਿਟੀ-ਖ਼ੁਸ਼ਕੀ, ਸੁਕਾਵਟ ।

Aries, *n.* ਏਰੀਅਜ਼-ਮੇਖ ਰਾਸੀ ।

Arietation, *n.* ਏਰਿਏਟੇਸ਼ਨ-ਮੇਢੇ ਵਾਙੂੰ ਟੱਕਰ ਮਾਰਨ ਦੀ ਹਾਲਤ ।

Aright, *adv.* ਏਰਾਈਟ—ਠੀਕ ਤੌਰ ਪੁਰ, ਸ਼ੁੱਧਤਾਈ ਨਾਲ ।

Ariolation, *n.* ਏਰਿਓਲੇਸ਼ਨ-ਜੋਤਿਸ਼, ਭਵਿਸ਼ਤ ਵਿੱਦਯਾ, ਪੇਸ਼ੀਨਗੋਈ ।

Arise, *v. t.* ਏਰਾਈਜ਼—ਨਿਕਲਨਾ; ਉੱਠਨਾ, ਚੜ੍ਹਨਾ; ਜਾਗਨਾ ।

Aristarchy, *n.* ਏਰਿਸਟਾਰਚੀ—ਭਲੇ ਲੋਗਾਂ ਦਾ, ਜਿਨ੍ਹਾਂ ਨੂੰ ਅਧਿਕਾਰ ਹੋਵੇ, ਸਮੂਹ ।

Aristocracy, *n.* ਏਰਿਸਟੋਕਰੇਸੀ—ਪ੍ਰਧਾਨ ਲੋਗਾਂ ਦਾ ਰਾਜ, ਸਰਦਾਰਾਂ ਦਾ ਰਾਜ, ਅਮੀਰ ।

Aristocrat, *n.* ਏਰਿਸਟੋਕ੍ਰੇਟ-ਓਹ ਪੁਰਸ਼ ਜੋ ਚਾਹੁੰਦਾ ਹੈ ਕਿ ਆਮ ਲੋਗ ਰਾਜ ਕਾਜ ਵਿੱਚ ਦਖਲ ਨ ਦੇਨ, ਕੇਵਲ ਵੱਡੇ ੨ ਆਦਮੀ ਹੀ ਰਾਜ ਕਰਨ; ਅਭਿਮਾਨੀ ।

Aristocratic, *a.* ਏਰਿਸਟੋਕ੍ਰੇਟਿਕ-ਅਮੀਰੀ ਦੇ ਖ਼ਿਆਲ ਵਾਲਾ ।

Aristotelian, *a.* ਏਰਿਸਟੋਟੇਲਿਅਨ-ਅਰਸਤੂ ਨਾਲ ਸੰਬੰਧ ਰੱਖਨ ਵਾਲਾ ।

Arithmetic, *n.* ਆਰਿਥਮੈਟਿਕ-ਹਿਸਾਬ ਦੀ ਵਿੱਦਯਾ, ਅੰਕ ਗਣਿਤ ।

Arithmetical, *a.* ਆਰਿਥਮੈਟੀਕਲ-ਹਿਸਾਬੀ

Arithmeticion, *n.* ਆਰਿਥਮੈਟੀਸ਼ਨ—ਹਿਸਾਬ ਯਾ ਗਣਿਤ ਵਿੱਦਯਾ ਦੇ ਜਾਨਣ ਵਾਲਾ ।

Ark, *n.* ਆਰਕ-ਸੰਦੂਕ, ਪੇਟੀ; ਬੇੜੀ, ਇੱਕ ਛੋਟਾ ਜਹਾਜ਼ ਜਿਸ ਵਿਚ ਨੂਹ ਚੜ੍ਹਕੇ ਤੂਫ਼ਾਨ ਤੋਂ ਬਚਿਆ ਸੀ ।

Arm, *n.* ਆਰਮ-ਬਾਂਹ, ਭੁਜਾ; ਡਾਲੀ; ਸਮੁੰਦਰ ਦਾ ਸੋਤਾ; ਸ਼ਾਖ਼; ਖਾੜੀ; ਬਲ, ਸ਼ਕਤੀ, ਜ਼ੋਰ; ਫ਼ੌਜ ਦਾ ਹਿੱਸਾ; *v. t.* ਹਥਯਾਰ ਦੇਨਾ; *v. i.* ਹਥਯਾਰ ਉਠਾਉਨਾ, ਸ਼ਸਤ੍ਰ ਬੰਨ੍ਹਣਾ ।

Armada, *n.* ਆਰਮੇਡਾ-ਜੰਗੀ ਜਹਾਜ਼ ਲਈ ਸਜੀ ਹੋਈ ਫ਼ੌਜ, ਜੰਗੀ ਜਹਾਜ਼ਾਂ ਦਾ ਬੇੜਾ ।

Armament, *n.* ਆਰਮੇਮੈਂਟ-ਓਹ ਫ਼ੌਜ ਜੋ ਜੰਗ ਦੇ ਵਾਸਤੇ ਸਜਾਈ ਜਾਵੇ ।

Armature, *n.* ਆਰਮੇਚਰ—ਕਵਚ, ਜ਼ਿਰਾ ਬਖ਼ਤਰ, ਲੜਾਈ ਵਿੱਚ ਦੇਹ ਦੀ ਰੱਖਯਾ ਲਈ ਲੋਹੇ ਦੀ ਵਰਦੀ ।

Armenian, *n.* ਆਰਮਿਨਿਅਨ-ਆਰਮਿਨਿਆ ਦੇਸ ਦਾ ਰਹਿਨ ਵਾਲਾ; *a.* ਆਰਮਿਨਿਆ ਦੇਸ ਸੰਬੰਧੀ ।

Armful, *a.* ਆਰਮਫ਼ੁਲ-ਜਿਤਨਾ ਦੋਹਾਂ ਬਾਹਾਂ ਵਿੱਚ ਆ ਸਕੇ ।

Armhole, *n.* ਆਰਮਹੋਲ-ਬਗ਼ਲ; ਮੋਹਰੀ ।

Armillary, *a.* ਆਰਮਿਲਰੀ-ਹੱਥ ਦੇ ਕੜੇ ਵਰਗਾ ।

Armipotent, *a.* ਆਰਮੀਪੋਟੈਂਟ—ਹਥਯਾਰਾਂ ਨਾਲ ਬਲਵਾਨ, ਯੁੱਧ ਵਿੱਚ ਬਲਵਾਨ ।

Armistice, *n.* ਆਰਮਿਸਟਿਸ—ਥੋੜੇ ਦਿਨਾਂ ਤਕ ਲੜਾਈ ਦਾ ਬੰਦ ਰਹਿਨਾ, ਮੁਹਲਤ ਜੰਗ ।

Armless, *a.* ਆਰਮਲੈਸ—ਜਿਸਦੀ ਬਾਂਹ ਨ ਹੋਵੇ, ਭੁਜਾ ਹੀਨ; ਮੁਚਾਲਾ ।

Armlet, *n.* ਆਰਮਲੈਟ-ਛੋਟੀ ਬਾਂਹ; ਕੰਗਨੀ, ਕੰਗਨਾ; ਬਾਜ਼ੂ ਬੰਦ; ਸਮੁੰਦਰ ਦੀ ਸ਼ਾਖ਼ ।

Armour, *n.* ਆਰਮਰ-ਵੇਖੋ ਸ਼ਬਦ "Armature."

Armourbearer, *n.* ਆਰਮਰਬੇਅਰਰ—ਹਥਿਆਰ ਉਠਾਉਣ ਵਾਲਾ ।

Armourer, *n.* ਆਰਮਰਰ—ਹਥਿਆਰ ਵੇਚਣ ਜਾਂ ਬਣਾਉਣ ਵਾਲਾ ।

Armoury, *n.* ਆਰਮਰੀ—ਸਿਲ੍ਹਾ ਖ਼ਾਨਾ, ਹਥਿਆਰ ਰੱਖਣ ਦੀ ਜਗ੍ਹਾ ।

Armpit, *n.* ਆਰਮਪਿਟ-ਬਗਲ ।

Arms, *n.* ਆਰਮਸ-ਸ਼ਸਤ੍ਰ, ਹਥਿਆਰ, ਸਾਮਾਨ ਜੰਗ; ਯੁੱਧ, ਦੁਸ਼ਮਣੀ ਦੀ ਹਾਲਤ ।

Arm's-reach, *n.* ਆਰਮਸ-ਰੀਚ-ਹੱਥ ਦੀ ਪਹੁੰਚ, ਹੱਥ ਦੀ ਪਹੁੰਚ ਜੇਡਾ ਦੁਰਾਡਾ ।

Army, *n.* ਆਰਮੀ—ਫ਼ੌਜ, ਸੈਨਾ, ਕਟਕ, ਲਸ਼ਕਰ, ਸਪਾਹ, ਦਲ ।

Aroma, *n.* ਐਰੋਮਾ—ਸੁਗੰਧ, ਮਹਿਕ, ਖ਼ੁਸ਼ਬੂ ।

Aromatic, *a.* ਐਰੋਮੈਟਿਕ—ਮਸਾਲੇ ਦਾਰ, ਸੁਗੰਧੀ ਵਾਲਾ, ਮਹਿਕਣ ਵਾਲਾ; *n.* ਖ਼ੁਸ਼ਬੂਦਾਰ ਦੁਵਾ ।

Aromatize, *v. t.* ਐਰੋਮੇਟਾਈਜ਼-ਖ਼ੁਸ਼ਬੂਦਾਰ ਕ॰, ਮਸਾਲਾ ਪਾਕੇ ਸੁਗੰਧੀ ਵਾਲਾ ਕ॰ ।

Aromatizer, *n.* ਐਰੋਮੇਟਾਈਜ਼ਰ-ਖ਼ੁਸ਼ਬੂਦਾਰ ਕਰਨ ਵਾਲਾ ਪਦਾਰਥ ।

Arose, *p. t.* ਐਰੋਜ਼-of Arise ਉਠਾ ।

Around, *adv.* ਏਰਾਊਂਡ-ਹਰ ਤਰਫ਼, ਗਿਰਦੇ, ਚੌਗਿਰਦੇ, ਦਾਇਰੇ ਵਿੱਚ; *prep.* ਇਰਦ ਗਿਰਦ, ਸਭ ਪਾਸੇ, ਏਧਰ ਓਧਰ ।

Arouse, *v. t.* ਏਰਾਊਜ਼-ਜਗਾਉਣਾ, ਉਠਾਉਣਾ; ਉਕਸਾਉਣਾ ।

Arow, *adv.* ਐਰਾਓ-ਪੰਗਤੀ ਵਿੱਚ, ਕਤਾਰ ਬੰਦੀ ਨਾਲ ।

Aroynt, *Int.* ਐਰੋਇੰਟ—ਚਲੇ ਜਾਓ, ਦੂਰ ਹੋ ਜਾਓ ।

Arpeggio, *n.* ਆਰਪੈਗਿਓ-ਬਾਜੇ ਦੀ ਤਾਰ ਦਾ ਸੁਰ ਜਾਂ ਗਤ ਜੋ ਗੀਤ ਦੇ ਨਾਲ ਹੁੰਦੀ ਹੈ ।

Arqubusade, *n.* ਆਰਕਿਊਬਸੇਡ—ਛੋਟੀ ਬੰਦੂਕ ਦੀ ਗੋਲੀ; ਜ਼ਖ਼ਮ (ਘਾਉ) ਲਈ ਅਤਰ ਜਾਂ ਚੋਇਆ ਹੋਇਆ ਪਾਣੀ ।

Arquebuse, *n.* ਆਰਕੂਈਬਸ-ਛੋਟੀ ਬੰਦੂਕ, ਪਿਸਤੌਲ ।

Arqubusier, *n.* ਆਰਕਿਊਬਸੀਅਰ-ਬੰਦੂਕਚੀ, ਬੰਦੂਕੀਆ ।

Arrack, *n.* ਅਰੈਕ-ਅਰਕ; ਸ਼ਰਾਬ, ਮਧਰਾ ।

Arraign, *v. t.* ਅਰੇਨ-ਨਾਲਸ਼ ਕ॰, ਮੁਜਰਮ ਠਹਿਰਾਉਣਾ, ਕਲੰਕ ਲਗਾਉਣਾ, ਦੋਸੀ ਕ॰।

Arraignment, *n.* ਅਰੇਨਮੈਂਟ-ਨਾਲਸ਼, ਦਾਵਾ ਇਲਜ਼ਾਮ ।

Arrange, *v. t.* ਅਰੇਂਜ-ਯਥਾ ਕਰਮ ਰੱਖਣਾ, ਦਰੁਸਤ ਕ॰, ਠੀਕ ੨ ਕ॰ ਜਾਂ ਰੱਖਣਾ, ਸਵਾਰਨਾ, ਸਵਾਰ ਬਣਾਕੇ ਰੱਖਣਾ ।

Arrangement, *n.* ਅਰੇਂਜਮੈਂਟ—ਬੰਦੋਬਸਤ, ਇੰਤਜ਼ਾਮ, ਪ੍ਰਬੰਧ; ਦਰੁਸਤੀ; ਫ਼ੈਸਲਾ, ਸਫ਼ਾਈ ।

Arranger, *n.* ਅਰੇਂਜਰ—ਪ੍ਰਬੰਧਕ, ਦਰੁਸਤ ਕਰਨ ਵਾਲਾ ।

Arrant, *a.* ਅਰੈਂਟ-ਬਹੁਤ ਹੀ ਬੁਰਾ, ਅਤਿ ਮੰਦ; ਬਦਨਾਮ, ਖ਼ੁਆਰ ।

Arras, *n.* ਐਰਸ-ਓਹ ਕੱਪੜਾ ਜਿਸ ਵਿੱਚ ਬੂਟੇ ਅਰ ਚਿਤ੍ਰਕਾਰੀ ਹੋਈ ੨ ਹੁੰਦੀ ਹੈ ਅਤੇ ਜੋ ਘਰਾਂ ਦਿਆਂ ਦਰਵਾਜ਼ਿਆਂ ਵਿੱਚ ਸ਼ੋਭਾ ਲਈ ਲਾਇਆ ਜਾਂਦਾ ਹੈ ,ਅਰ ਫ਼ਰਾਂਸ ਦੇਸ ਦੇ ਅਰਸ ਨਾਮ ਨੱਗਰ ਵਿੱਚ ਬਣਦਾ ਹੈ ।

Array, *v. t.* ਐਰਾਈ-ਤਰਤੀਬ ਕ॰ ਜਾਂ ਦੇਣਾ ਸਫ਼ ਜਾਂ ਪ੍ਰਬੰਧੀ ਕ॰; ਕਪੜਾ ਪਹਿਨਾਉਣਾ, ਸ਼ਿੰਗਾਰਨਾ; *n.* ਸਫ਼ ਬੰਦੀ, ਪੁਸ਼ਾਕ ।

Arrear, } *n.* { ਏਰਿਅਰ } ਕੰਮ ਜੋ ਦੇਣ
Arrears, } { ਏਰਿਅਰਸ } ਵਾਸਤੇ ਪਿਆ ਹੋਵੇ, ਬਕਾਇਆ, ਬਾਕੀ ।

Arrearage, *n.* ਏਰਿਅਰਏਜ-ਹਿਸਾਬ ਵਿੱਚ ਜੋ ਦੇਣਾ ਰਹਿ ਗਿਆ ਹੋਵੇ, ਬਕਾਇਆ, ਬਾਕੀ ।

Arrect, *a.* ਏਰੈਕਟ-ਖੜਾ, ਸਿੱਧਾ; *v. t.* ਖੜਾ ਕ॰ ।

Arreption, *n.* ਏਰੈਪਸ਼ਨ-ਖੋਹ ਮਾਰ ।

Arreptitious, *a.* ਏਰੈਪਟੀਸ਼ਸ—ਜ਼ੋਰਾਵਰੀ ਲਿਆ ਗਿਆ, ਖੋਹਿਆ ਗਿਆ ।

Arrest, *v. t.* ਏਰੈਸਟ-ਰੋਕਣਾ, ਫੜਨਾ, ਗ੍ਰਿਫ਼ਤਾਰ ਕ॰; *n.* ਗ੍ਰਿਫ਼ਤਾਰੀ, ਰੋਕ ।

Arrival, *n.* ਅਰਾਈਵਲ-ਪਹੁੰਚ, ਆਮਦ ।

Arrive, *v. t.* ਅਰਾਈਵ-ਆਜਾਨਾ, ਪਹੁੰਚਨਾ, ਦਾਖ਼ਲ ਹੋਨਾਂ ; ਮਜ਼ਲ ਮਜ਼ਲ ਪਹੁਚਨਾ ; ਪਧਾਰਨਾ ।

Arrogance, *n.* ਐਰੋਗੇਨਸ—ਹੰਕਾਰ, ਸ਼ੇਖ਼ੀ, ਘੁਮੰਡ ।

Arrogant, *a.* ਐਰੋਗੇਂਟ-ਹੰਕਾਰੀ, ਸ਼ੇਖ਼ੀਖੋਰਾ, ਘੁਮੰਡੀ ।

Arrogate, *v. t.* ਐਰੋਗੇਟ-ਹੰਕਾਰ ਨਾਲ ਦਾਵਾ ਕ०, ਸ਼ੇਖ਼ੀ ਮਾਰਨੀ, ਗਰਭ ਕ० ।

Arrow, *n.* ਐਰੋ-ਤੀਰ, ਬਾਨ ।

Arrow-head, *n.* ਐਰੋਹੈਡ—ਤੀਰ ਦੀ ਨੋਕ, ਬਾਨ ਦਾ ਸਿਰਾ; ਇੱਕ ਪ੍ਰਕਾਰ ਦਾ ਪਾਣੀ ਦਾ ਪੌਦਾ ਜਿਸਦੇ ਪੱਤਰ ਤੀਰ ਵਾਂਙੂ ਹੁੰਦੇ ਹਨ ।

Arrow-root, *n.* ਐਰੋਰੂਟ-ਅਰਾਰੂਟ, ਮਾਂਦਿਆਂ ਲਈ ਇੱਕ ਹਲਕੀ ਖ਼ੁਰਾਕ ।

Arrowy, *a.* ਐਰੋਈ-ਜਿਸਦੇ ਵਿੱਚ ਤੀਰ ਹੋਨ ।

Arse, *n.* ਆਰਸ—ਚਿੱਤੜ, [illegible]ਤੜ; ਗੁਦਾ, ਗਾਂਡ, ਬੁਡ ।

Arsenal, *n.* ਆਰਸੇਨਲ-ਮੈਗਜ਼ੀਨ, ਤੋਪਖ਼ਾਨਾ, ਸਿਲ੍ਹਾਖ਼ਾਨਾ, ਜੰਗੀ ਯਾ ਬਹਿਰੀ ਸਾਮਾਨ ਰੱਖਨ ਦੀ ਜਗ੍ਹਾ, ਬਾਰੂਦ ਆਦਿ ਰੱਖਨ ਤੇ ਬਨਾਉਨ ਦੀ ਥਾਉਂ ।

Arsenic, *n.* ਆਰਸੇਨਿਕ-ਸੰਖੀਯਾ; ਹੜਤਾਲ ।

Arsenical, *a.* ਆਰਸੇਨੀਕਲ-ਓਹ ਸ਼ੈ ਜਿਸ ਵਿੱਚ ਸੰਖੀਯਾ ਹੋਵੇ ।

Arson, *n.* ਆਰਸਨ-ਘਰ ਨੂੰ ਅੱਗ ਲਾਉਨ ਦਾ ਪਾਪ ।

Art, ਆਰਟ-To be ਦਾ second person singular, indicative mood, present tence ਹੈਂ ।

Art, *n.* ਆਰਟ-ਹੁਨਰ, ਕਾਰਾਗਰੀ, ਉਸਤਾਦੀ, ਕਰਤਬ, ਫ਼ਨ ; ਬਿਉਪਾਰ ; ਚਾਲਾਕੀ ; ਛੈਲਮੁਛੋ ।

Artery, *n.* ਆਰਟਰੀ-ਨਾੜ, ਕਲੇਜੇ ਨਾਲ ਓਹ ਲੱਗੀ ਹੋਈ ਨਾਲੀ ਜਿਸ ਵਿੱਚੋਂ ਲਹੂ ਹੋਕੇ ਸਰੀਰ ਦੇ ਸਾਰਿਆਂ ਹਿੱਸਿਆਂ ਵਿੱਚ ਜਾਂਦਾ ਹੈ ਤੇ ਫੇਰ ਭੌਂਕੇ ਛੋਟੀਆਂ ਨਾੜਾਂ ਦੇ ਰਸਤੇ ਕਲੇਜੇ ਵਿੱਚ ਆਜਾਂਦਾ ਹੈ ।

Artful, *a.* ਆਰਟਫੁਲ-ਨਿਪੁਣ, ਗੁਣੀ, ਹੁਨਰਮੰਦ; ਹਿਕਮਤੀ; ਫ਼ਰੇਬੀ, ਧੂਰਤ ।

Artfully, *adv.* ਆਰਟਫੁਲੀ—ਹੁਨਰਵੰਦੀ ਨਾਲ; ਛਲ ਅਥਵਾ ਧੋਖੇ ਨਾਲ, ਚਾਲਾਕੀ ਨਾਲ ।

Artfulness, *n.* ਆਰਟਫੁਲਨੈਸ-ਹੁਨਰਵੰਦੀ, ਚਾਲਾਕੀ; ਫ਼ਰੇਬ, ਧੋਖਾ ।

Artichoke, *n.* ਆਰਟੀਚੋਕ-ਇੱਕ ਪ੍ਰਕਾਰ ਦੀ ਤਰਕਾਰੀ ।

Article, *n.* ਆਰਟੀਕਲ—ਬਾਤ, ਵਿਸ਼ਯ; ਸੰਯੋਗ, ਪ੍ਰਤਿੱਗਯਾ, ਸ਼ਰਤ, ਇਕਰਾਰ ; ਅਹਿਦ; ਦਫ਼ਾ (ਅਹਿਦਨਾਮੇ ਵਿੱਚ); ਬੋਲੀ ਦਿਆਂ ਭਾਗਾਂ ਵਿੱਚੋਂ ਇੱਕ ਭਾਗ, ਚੀਜ਼, ਜਿਨਸ ਵਸਤ, ਸ਼ੈ, ਲੇਖ; *v. i.* ਸੰਕੇਤ ਕ०, ਬੰਧੇਜ ਕ०; *v. t.* ਅਹਿਦਨਾਮਾ ਕ०, ਸ਼ਰਤਾਂ ਨਾਲ ਬੰਨ੍ਹ ਲੈਨਾ ।

Articles, *n.* ਆਰਟੀਕਲਜ਼-ਰਕਮਾਂ; ਮੁਆਮਲੇ, ਦਫ਼ਾ ।

Articular, *n.* ਆਰਟੀਕੁਲਰ-ਜੋੜਦਾਰ, ਗੰਢ ਵਾਲਾ ।

Articulate, *a*, ਆਰਕਿਊਲੇਟ—ਜੁੜਿਆ ਹੋਇਆ, ਜੋੜਦਾਰ; ਸਾਫ਼, ਖੁੱਲ੍ਹਾ; *v. t.* ਸਾਫ਼ ੨ ਸ਼ਬਦ ਉੱਚਾਰਣ ਕ० ।

Articulately, *adv.* ਆਰਟਿਕਿਊਲੇਟਲੀ-ਸਾਫ਼ ਆਵਾਜ਼ ਨਾਲ ।

Articulation, *n.* ਆਰਟਿਕਿਊਲੇਸ਼ਨ-ਸਪਸ਼ਟ ਉੱਚਾਰਣ; ਜੋੜ, ਗੰਢ ।

Artifice, *n.* ਆਰਟੀਫ਼ਿਸ-ਛਲ, ਕਪਟ, ਹੀਲਾ, ਫ਼ਰੇਬ, ਹੁਨਰ ।

Artificer, *n.* ਆਰਟੀਫ਼ਿਸਰ—ਕਾਰੀਗਰ, ਦਸਤਕਾਰ ।

Artificial, *a.* ਆਰਟਿਫ਼ਿਸ਼ਲ—ਬਨਾਵਟੀ, ਨਕਲੀ, ਝੂਠਾ ।

Artificiality, *n.* ਆਰਟੀਫ਼ਿਸ਼ੀਐਲਿਟੀ—ਬਨਾਵਟ, ਦਿਖਾਵਾ ।

Artificially, *adv.* ਆਰਟੀਫ਼ੀਸ਼ੀਐਲੀ—ਕ਼ਾਰੀਗਰੀ ਨਾਲ, ਤਰਕੀਬ ਨਾਲ ।

Artillery, *n.* ਆਰਟਿਲਰੀ—ਤੋਪਖਾਨਾ, ਜੰਗ ਦਾ ਸਾਮਾਨ, ਤੋਪ ।

Artisan, *n.* ਆਰਟਿਸਨ-ਕ਼ਾਰੀਗਰ, ਦਸਤਕਾਰ, ਹੱਥ ਦਾ ਕ਼ਾਰੀਗਰ ।

Artist, *n.* ਆਰਟਿਸਟ—ਹੁਨਰਵੰਦ, ਗੁਣੀ, ਕਾਰੀਗਰ, ਉਸਤਾਦ ।

Artless, *a.* ਆਰਟਲੈਸ–ਸਾਦਾ, ਭੋਲਾ ।

Artsman, *n.* ਆਰਟਸਮੈਨ—ਹੁਨਰ ਵਾਲਾ, ਸ਼ਿਲਪ ਵਿੱਦਯਾ ਜਾਨਣ ਵਾਲਾ, ਕਾਰੀਗਰ ।

Aruspice, *n.* ਏਰਸਪਿਸ—ਜੋਤਸ਼ੀ, ਕੁਰਬਾਨ ਕੀਤੇ ਹੋਏ ਜਾਨਵਰਾਂ ਦੀਆਂ ਆਂਦਰਾਂ ਦੇਖਕੇ ਪੇਸ਼ੀਨ ਗੋਈ ਕਰਨ ਵਾਲਾ ।

As, *con.* ਐਜ਼–ਜੈਸਾ, ਜੈਸਾਕਿ, ਜਿਸ ਤਰ੍ਹਾਂ ਕਿ, ਯਥਾ, ਜਿਸ ਪ੍ਰਕਾਰ ਕਿ, ਮਾਨੰਦ; ਜੈਸਾ ਤੈਸਾ ; ਜਿਸ ਵੇਲੇ, ਦ੍ਰਿਸ਼ਟਾਂਤ ਦੇ ਤੌਰ, ਕਿਉਂਕਿ; *adv.* ਤੁਲਯ ਰੂਪ ਨਾਲ, ਯਥਾ ।

Asafœtida, *n.* ਐਸਾਫੀਟਿਡਾ–ਹਿੰਗ ।

Asbestos, *n.* ਐਸਬੈਸਟੋਜ਼–ਇੱਕ ਰੇਸ਼ੇਦਾਰ ਨ ਸੁੱਕਨ ਵਾਲਾ ਪੱਥਰ (ਵਸਤੂ) ।

Ascend, *v.t.* or *v.i.* ਅਸੈਂਡ–ਚੜ੍ਹਨਾ, ਉੱਪਰ ਜਾਨਾ; ਉੱਠਨਾ; ਪਹੁੰਚ ਜਾਨਾ; ਵਧਨਾ, ਉੱਨਤੀ ਕ° ।

Ascendant, *a.* ਅਸੈਂਡੰਟ–ਉੱਚਾ,ਵਧਕੇ,ਸ੍ਰੇਸ਼ਟ; *n.* ਉਦੇ, ਇਕਬਾਲ, ਚੜ੍ਹਦੀ ਕਲਾ ।

Ascent, *n.* ਅਸੈਂਟ–ਚੜ੍ਹਾਈ, ਟੀਲਾ ।

Ascendency, *n.* ਅਸੈਂਡਨਸੀ–ਗ਼ਲਬਾ, ਸਭ ਤੋਂ ਅਗੇਰ ਹੋਨ ਦੀ ਹਾਲਤ ।

Ascension, *n.* ਅਸੈਂਸ਼ਨ–ਚੜ੍ਹਾਉ, ਵੇਖੋ ਸ਼ਬਦ "Ascension-day."

Ascension-day, *n.* ਐਸੈਂਸ਼ਨਡੇ—ਹਜ਼ਰਤ ਈਸਾ ਦੇ ਅਸਮਾਨ ਪਰ ਜਾਨ ਦਾ ਦਿਨ ।

Ascertain, *v. t.* ਅਸਰਟੇਨ—ਜਾਚਨਾ, ਨਿਸਚੇ ਕ°, ਤਹਕੀਕ ਕ°, ਠੀਕ ਕ°, ਮਲੂਮ ਕ°, ਨਿਰਨੇ ਕ° ।

Ascetic, *n.* ਐਸੇਟਿਕ–ਤਪੱਸੀ, ਸਾਧੂ, ਸੰਤ, ਸਨਯਾਸੀ; *a.* ਤਪੱਸਿਆ ਕਰਨ ਵਾਲਾ ।

Asceticism, *n.* ਅਸੈਟਿਸਿਜ਼ਮ–ਤਪ,ਸਨਯਾਸ, ਵੈਰਾਗ ।

Ascites, *n.* ਏਸਾਈਟਿਸ–ਇਸਤਿਸਕਾ, ਜਲੋਧਰ ਰੋਗ, ਪੇਟ ਵਿੱਚ ਪਾਨੀ ਭਰਨ ਦੀ ਹਾਲਤ ।

Ascititious, *a.* ਐਸੀਟਿਸ਼ਿਅਸ—ਅਧਿਕ, ਵਾਧੂ ।

Ascribe, *v. t.* ਐਸਕ੍ਰਾਇਬ–ਕਾਰਣ ਘਟਾਉਣਾ, ਸਮਝਣਾ ਅਤੇ ਲਗਾਉਣਾ, ਨਿਸਬਤ ਕ°, ਸਿਖਲਾਉਣਾ, ਜ਼ਿੰਮੇਂ ਲਾਉਣਾ, ਸਮਝਾਉਣਾ, ਜਾਨਣਾ ।

Ascription, *n.* ਐਸਕ੍ਰਿਪਸ਼ਨ–ਅਰੋਪਨ,ਅਧਯਾਰੋਪ; ਲਗਾਉ ।

Ash, *n.* ਐਸ਼ ਇੱਕ ਪ੍ਰਕਾਰ ਦਾ ਰੁੱਖ ਯਾ ਉਸ ਦੀ ਲੱਕੜੀ; ਰਾਖ, ਸੁਆਹ, ਖ਼ਾਕ ।

Ashamed, *a.* ਅਸ਼ੇਮਡ–ਸ਼ਰਮਿੰਦਾ, ਲੱਜਿਆਵੰਤ, ਖੱਜਲ, ਪਸ਼ੇਮਾਨ ।

Ash-colour, *n.* ਐਸ਼ਕਲਰ–ਖਾਕੀ ਰੰਗ ।

Ash-coloured, *a.* ਐਸ਼ਕੱਲਰਡ—ਖਾਕੀ, ਭਸਮ ਵਰਗਾ ।

Ashes, *n.* ਐਸ਼ਿਜ਼–ਰਾਖ, ਭਸਮ, ਮੁਰਦੇ ਨੂੰ ਸਾੜਨ ਦੇ ਪਿੱਛੋਂ ਜੋ ਕੁਝ ਉਸਦਾ ਬਚ ਰਹੇ ।

Ashore, *adv.* ਅਸ਼ੋਰ–ਤਟ ਪਰ, ਕਿਨਾਰੇ ਪਰ, ਕੰਢੇ ਤੇ, ਕੰਢੇ ਲੱਗਿਆ ਹੋਯਾ ।

Ash-Wednesday, *n.* ਐਸ਼ਵੈਂਡਨੈਸਡੇ—ਈਸਾਈਆਂ ਦੇ ਚਿਲ੍ਹੇ ਦਾ ਪਹਿਲਾ ਦਿਨ ।

Ashy, *a.* ਐਸ਼ੀ–ਰਾਖ ਵਰਗਾ; ਪੀਲਾ, ਖਾਕੀ ।

Asia, *n.* ਏਸ਼ਿਆ–ਏਸ਼ੀਆ, ਦੀਪ ਜਿਸ ਵਿੱਚ ਬਹੁਤ ਸਾਰੇ ਮੁਲਕ ਹਨ, ਹਿੰਦੁਸਤਾਨ ਭੀ ਏਸ ਦੀਪ ਵਿੱਚ ਹੈ ।

Asian, *a.* ਏਸ਼ਿਅਨ–ਏਸ਼ੀਆ ਦਾ, ਏਸ਼ੀਆ ਸੰਬੰਧੀ ।

Asiatic, *a.* ਏਸ਼ਿਆਟਿਕ–ਏਸ਼ੀਆ ਸੰਬੰਧੀ; *n.* ਏਸ਼ੀਆ ਨਿਵਾਸੀ ।

Aside, *adv.* ਏਸਾਇਡ–ਇੱਕ ਪਾਸੇ, ਅਲੱਗ, ਏਕਾਂਤ ਵਿੱਚ ।

Asinine, *n.* ਏਸਾਈਨਿਨ—ਗਧੇ ਵਰਗਾ, ਖੋਤੇ ਜੇਹਾ ।

Ask, *v. t.* ਆਸਕ–ਬੇਨਤੀ ਕ°, ਯਾਚਨਾ ਕ°, ਮੰਗਨਾ; ਚਾਹੁਨਾ; ਪੁੱਛਨਾ; ਸੁਆਲ ਯਾ ਪ੍ਰਸ਼ਨ ਕ°; ਜਾਚਨਾ ।

Askance, *adv.* ਅਸਕੈਨਸ–ਇੱਕ ਪਾਸਿਓਂ ਤਰਿੱਛਾ, ਤਰਿੱਛੀ ਨਜ਼ਰ ਨਾਲ ।

Asker, *a.* ਆਸਕਰ–ਸਵਾਲੀ, ਯਾਚਕ, ਮੰਗਨ ਵਾਲਾ, ਪੁੱਛਨ ਵਾਲਾ ।

Askew, *adv.* ਆਸਕਿਊ–ਤ੍ਰਿੱਛਾ, ਟੇਢਾ; ਘ੍ਰਿਣਾ ਨਾਲ; ਤ੍ਰਿਸਕਾਰ ਨਾਲ ।

Aslant, *adv.* ਐਸਲੈਂਟ–ਇੱਕ ਪਾਸਿਓਂ ਤ੍ਰਿੱਛਾ ; ਤ੍ਰਿੱਛਾ, ਸਲਾਮੀ ਵਾਲਾ, ਢਲਾਉ ।

Asleep, *adv.* and *a.* ਅਸਲੀਪ—ਸੁੱਤੇ ਹੋਇਆ, ਆਰਾਮ ਵਿੱਚ, ਆਰਾਮ ਕਰਦਾ ਹੋਇਆ।

Aslope, *adv.* ਅਸਲੋਪ-ਢਾਲੂ, ਢਾਲ ਨਾਲ, ਸਲਾਮੀ।

Asp, *n.* ਐਸਪ-ਇੱਕ ਕਿਸਮ ਦਾ ਜ਼ਹਿਰਦਾਰ ਛੋਟਾ ਸੱਪ।

Asparagus, *n.* ਐਸਪੈਰਾਗਸ-ਨਾਗਦੋਨ।

Aspect, *n.* ਐਸਪੈਕਟ-ਸੂਰਤ, ਸ਼ਕਲ, ਅਕਾਰ; ਮੂੰਹ, ਰੂਪ; ਹਾਲਤ; ਤਰਫ਼, ਰੁਖ; ਸੰਗ, ਲਗਨ।

Aspen, *n.* ਐਸਪੈਨ-ਇੱਕ ਪ੍ਰਕਾਰ ਦਾ ਰੁੱਖ ਜਿਸਦੇ ਪੱਤਰ ਹਿੱਲਦੇ ਹਨ, ਬੇਲ ਮਜਨੂੰ।

Asperate, *v. t.* ਐਸਪਿਰੇਟ—ਖਰ੍ਹਵਾ ਕ०, ਉੱਚਾ ਨੀਵਾਂ ਕ०; ਖੁਰਦਰਾ ਕ०।

Asperity, *n.* ਐਸਪਰਟਿਟੀ—ਉੱਚਾ ਨੀਵਾਂ, ਖਰਵਾਹਟ, ਰੁੱਖਾ ਪਨ; ਤੁਰਸ਼ੀ; ਤਲਖ਼ ਸੁਭਾਵ।

Asperse, *v. t.* ਐਸਪਰਸ-ਦੋਸ਼ ਲਗਾਉਣਾ, ਕਲੰਕਤ ਕ०; ਔਗੁ ਲਗਾਉਣਾ, ਇਲਜ਼ਾਮ ਲਗਾਉਣਾ।

Aspersion, *n.* ਐਸਪਰਸ਼ਨ-ਤੁਹਮਤ, ਊਜ, ਕਲੰਕ, ਇਲਜ਼ਾਮ।

Asphalte, Asphaltos, *n.* ਅਸਫਲਟ, ਐਸਫਲਟੋਸ ਰਾਲ।

Asphodel, *n.* ਐਸਫੋਡਿਲ-ਕੰਵਲ।

Aspirant, *a.* ਐਸਪੀਰੈਂਟ—ਖ਼ਾਹਿਸ਼ ਕਰਨ ਵਾਲਾ, ਚਾਹਵਾਨ।

Aspirate, *v. t.* ਐਸਪੀਰੇਟ-ਸਾਫ਼ ੨ ਸ਼ਬਦ ਬੋਲਨਾ।

Aspiration, *n.* ਐਸਪੀਰੇਸ਼ਨ—ਅਭਿਲਾਖਾ, ਚਾਹ, ਹਿੜਕ, ਖ਼ਾਹਿਸ਼; ਸਾਹ ਲੈਣ ਦੀ ਹਾਲਤ।

Aspire, *v. t.* ਐਸਪਾਇਰ—ਲਾਲਸਾ ਕ०, ਤਰਸਨਾ; ਤਾਕ ਵਿੱਚ ਰਹਿਣਾ; ਖ਼ਾਹਿਸ਼ ਕ०; ਉੱਚ ਪਦਵੀ ਨੂੰ ਪਹੁੰਚਣ ਦੀ ਕੋਸ਼ਸ਼ ਕ०।

Aspiring, *a.* ਅਸਪਾਇਰਿੰਗ—ਵੱਡੇ ਹੌਸਲੇ ਵਾਲਾ, ਵੱਡੇ ਦਮਾਗ ਵਾਲਾ, ਉੱਚੀ ਨਿਗਾਹ ਵਾਲਾ।

Asportation, *n.* ਐਸਪੋਰਟੇਸ਼ਨ—ਟਲਾਵ, ਸਰਕਾਵ।

Asquint, *adv.* ਐਸਕੁਇੰਟ—ਤਰਿੱਛੀ ਨਜ਼ਰ ਨਾਲ, ਭੈਂਗੀ ਨਜ਼ਰ ਨਾਲ।

Ass, *n.* ਆਸ—ਗਧਾ, ਖੋਤਾ; ਮੂਰਖ, ਬੇਵਕੂਫ਼।

Ass-head, *n.* ਆਸਹੈਡ—ਅਹਿਮਕ, ਮੂਰਖ, ਮੰਦ ਬੁੱਧੀ।

Assail, *v. t.* ਅਸੇਲ-ਵਾਰ ਕ०, ਹਮਲਾ ਕ०, ਹੱਲਾ ਕ०, ਚੜ੍ਹਾਈ ਕ०; ਬੁਰਾ ਕਹਿਣਾ, ਕਲੰਕ ਲਗਾਉਣਾ, ਦੋਸ਼ ਦੇਣਾ।

Assailable, *a.* ਅਸੇਲੇਬਲ-ਜਿਸ ਪੁਰ ਹਮਲਾ ਯਾ ਵਾਰ ਹੋ ਸਕੇ।

Assailant, *n.* ਅਸੇਲੈਂਟ—ਹਮਲਾ ਯਾ ਹੱਲਾ ਕਰਨ ਵਾਲਾ।

Assassin, *n.* ਅੱਸੈਸਿਨ—ਧੋਖੇ ਨਾਲ ਮਾਰਨ ਵਾਲਾ, ਘਾਤ ਕਰਨ ਵਾਲਾ।

Assassinate, *v. t.* ਅਸਾਸੀਨੇਟ-ਛਲ ਨਾਲ ਮਾਰਨਾ, ਘਾਤ ਕ०।

Assassination, *n.* ਅਸਾਸੀਨੇਸ਼ਨ—ਗੁਪਤ ਘਾਤ, ਕਤਲ, ਖ਼ੂਨ।

Assault, *v. t.* ਅਸਾਲਟ-ਹਮਲਾ, ਹੱਲਾ ਯਾ ਚੜ੍ਹਾਈ ਕ०; *n.* ਹਮਲਾ, ਧਾਵਾ, ਮਾਰ ਪਿੱਟ, ਵਾਰ, ਚੜ੍ਹਾਈ।

Assay, *v. t.* ਐਸੇ-ਪਰਖਣਾ, ਪਰਖ ਕ०, ਕੱਸ ਲਾਉਣੀ, ਜਾਚਣਾ; *n.* ਪਰਖ, ਤਾਓ, ਕੱਸ।

Assayer, *n.* ਅਸੇਅਰ—ਸੱਰਾਫ਼, ਪਰਖਣ ਵਾਲਾ।

Assecution, *n.* ਐਸੀਕਿਊਸ਼ਨ—ਪ੍ਰਾਪਤੀ, ਲਾਭ, ਲਭਦੀ।

Assemblage, *n.* ਏਸੈਂਬਲੇਜ-ਸਮੂਹ, ਮੰਡਲੀ; ਜਲਸਾ, ਸਭਾ, ਪੰਚਾਇਤ; ਅਖਾੜਾ।

Assemble, *v. i.* ਏਸੈਂਬਲ-ਇਕੱਠਾ ਯਾ ਜਮਾਂ ਕ०, ਜੋੜਨਾ; *v. i.* ਜਮਾਂ ਹੋਣਾ, ਜੁੜਨਾ।

Assembler, *n.* ਐਸੈਂਬਲਰ—ਜਮ੍ਹਾਂ ਕਰਨ ਵਾਲਾ, ਇਕੱਠਾ ਕਰਨ ਵਾਲਾ।

Assembly, *n.* ਏਸੈਂਬਲੀ—ਸਮੂਹ, ਸਭਾ, ਮੰਡਲੀ; ਕਾਨੂਨੀ ਮਜਲਸ ਯਾ ਸਭਾ।

Assembly-room, *n.* ਅਸੈਂਬਲੀਰੂਮ-ਕਾਨੂਨੀ ਮਜਲਸ ਦੇ ਜੋੜ ਮੇਲ ਦਾ ਕਮਰਾ; ਨਾਚ ਘਰ।

Assent, *v. i.* ਏਸੈਂਟ—ਰਾਜ਼ੀ ਹੋਣਾ, ਮੰਨਣਾ, ਸ੍ਵੀਕਾਰ ਕ०; *n.* ਸ੍ਵੀਕਾਰਤਾ, ਅੰਗੀਕਾਰਤਾ, ਮਨਜ਼ੂਰੀ, ਮਰਜ਼ੀ, ਰਜ਼ਾਵੰਦੀ, ਸੰਮਤੀ ।

Assentation, *n.* ਏਸੈਂਨਟੇਸ਼ਨ—ਖੁਸ਼ਾਮਦ, ਤਾਰੀਫ਼, ਵਡਿਆਈ ।

Assert, *v. t.* ਏਸਰਟ-ਇਕਰਾਰ ਕ०; ਕਹਿਣਾ, ਬੋਲਣਾ; ਦਾਵਾ ਕ०; ਅਪਣਾ ਅਧਿਕਾਰ ਪ੍ਰਕਾਸ਼ ਕ० ।

Assertion, *n.* ਏਸਰਸ਼ਨ—ਬਚਨ, ਵਾਕ, ਇਕਰਾਰ, ਕੌਲ ਕਰਾਰ ।

Assertive, *a.* ਅਸਰਟਿਵ-ਨਿਸ਼ਚਿਤ, ਯਕੀਨੀ, ਪ੍ਰਖਤਾ ।

Assess, *v. t.* ਏਸੈਸ-ਅੰਕਣਾ; ਕਰ, ਟਿਕਸ ਜਾ ਮਾਮਲਾ ਲਾਉਣ ਵਾਸਤੇ ਜਾਚਣਾ, ਤਖ-ਮੀਨਾ ਕ०; ਕਰ, ਮਾਮਲਾ ਯਾ ਟੈਕਸ ਲਾਉਣੀ ।

Assessment, *n.* ਏਸੈਸਮੈਂਟ—ਬੰਦੋਬਸਤ; ਮਾਮਲੇ ਯਾ ਟੈਕਸ ਦਾ ਅੰਦਾਜ਼ਾ, ਜ਼ਮੀਨ ਯਾ ਮਕਾਨ ਦੇ ਮਸੂਲ ਦਾ ਅੰਦਾਜ਼ਾ; ਮਾਲ ਗੁਜ਼ਾਰੀ ।

Assesser, Assessor, *n.* ਅਸੇਸਰ-ਮਾਮਲਾ ਯਾਂ ਟੈਕਸ ਦਾ ਅੰਦਾਜ਼ਾ ਕਰਨ ਵਾਲਾ ਅਤੇ ਲਗਾਉਣ ਵਾਲਾ; ਮੁਨਸਫ਼, ਤਿਆਕਲ; ਓਹ ਆਦਮੀ ਜੋ ਜੱਜ ਨਾਲ ਬੈਠਕੇ ਇਨਸਾਫ਼ ਕਰਦਾ ਹੈ ।

Assets, *n. pl.* ਏਸੈਟਸ—ਪੂੰਜੀ; ਕਰਜ਼ਾ ਚੁਕਾਉਣ ਵਾਸਤੇ ਜਾਇਦਾਦ ਯਾ ਰੁਪੱਯਾ ਜੋ ਪਾਸ ਹੋਵੇ ਯਾ ਵਸੂਲ ਕਰਨ ਵਾਲਾ ਹੋਵੇ; ਪੈਦਾਵਾਰੀ ।

Asseverate, *v. t.* ਐਸੇਵੇਰੇਟ—ਸੌਂਹ ਖਾਕੇ ਕਹਿਣਾ, ਸੁਗੰਧ ਖਾਕੇ ਇਕਰਾਰ ਕ०, ਬਚਨ ਕ० ।

Asservation, *n.* ਏਸਰਵੇਸ਼ਨ—ਸੌਂਹ ਖਾਕੇ ਇਕਰਾਰ, ਕੌਲ, ਬਚਨ ।

Assiduity, *n.* ਐਸੀਡਿਊਇਟੀ—ਉੱਦਮ, ਮਿਹਨਤ, ਪਰੀਸ਼੍ਰਮ, ਲਗਨ ।

Assiduous, *a.* ਏਸੀਡਿਊਅਸ—ਮਿਹਨਤੀ, ਹੌਸਲੇ ਵਾਲਾ, ਕੋਸ਼ਸ਼ ਕਰਨ ਵਾਲਾ ।

Assign, *v. t.* ਏਸਾਇਨ-ਲਗਾਉਣਾ, ਦਿਲਾਉਣਾ; ਮੁਕੱਰਰ ਕ०; ਹਿੱਸਾ ਕ०, ਕੋਈ ਚੀਜ਼ ਦੂਜੇ ਨੂੰ ਦੇ ਦੇਣੀ, ਵੇਚ ਦੇਣੀ ।

Assignable, *a.* ਏਸਾਈਨੇਬਲ—ਦੇਣ ਦੇ ਯੋਗ, ਦੂਜੇ ਦੇ ਨਾਂ ਕਰ ਦੇਣ ਦੇ ਯੋਗ ।

Assignation, *n.* ਏਸਾਈਨੇਸ਼ਨ—ਹਵਾਲਾ ਕਰ ਦੇਣ ਦੀ ਹਾਲਤ, ਮਿਲਣ ਦਾ ਇਕਰਾਰ; ਕਿਸੇ ਦੇ ਨਾਮ ਕੋਈ ਵਿਰਾਸਤ ਕਰ ਦੇਣ ਦੀ ਹਾਲਤ ।

Assignee, *a.* ਏਸਾਈਨੀ-ਜਿਸਨੂੰ ਕੋਈ ਚੀਜ਼ ਦਿੱਤੀ ਜਾਵੇ, ਜਿਸਦੇ ਨਾਂ ਕੋਈ ਚੀਜ਼ ਕਰ ਦਿੱਤੀ ਜਾਵੇ ।

Assignment, *n.* ਏਸਾਈਨਮੈਂਟ—ਸਪੁਰਦ ਕਰਨ ਦੀ ਹਾਲਤ, ਆਪਣਾ ਹੱਕ ਦੇ ਦੇਣ ਦੀ ਹਾਲਤ ।

Assimilate, *v. t.* ਐਸੀਮਿਲੇਟ—ਸਦਰਿਸ਼ ਕ०, ਸਮਾਨ ਕ०; ਇੱਕ ਸਮਾਨ ਹੋਣਾ; ਹਜ਼ਮ ਹੋਣਾ, ਪਚਣਾ; *v. i.* ਮਿਲ ਜਾਣਾ, ਇੱਕ ਜਾਨ ਹੋ ਜਾਣਾ, ਇੱਕ ਜਿਗਰ ਹੋਣਾ ।

Assimilation, *n.* ਏਸਿਮੀਲੇਸ਼ਨ-ਇੱਕੋ ਜੇਹਾ ਹੋਣ ਦੀ ਹਾਲਤ, ਇੱਕ ਮੇਲ; ਹਜ਼ਮ, ਪਾਚਨ ।

Assist, *v. t.* ਅਸਿਸਟ-ਮੱਦਦ ਕ०, ਸਹਾਇਤਾ ਕ० ਵਾ ਦੇਣੀ, ਸਹਾਰਾ ਦੇਣਾ, ਹੱਥ ਦੇਣਾ, ਸਾਥ ਦੇਣਾ, ਉਪਕਾਰ ਕ० ।

Assistance, *n.* ਅਸਿਸਟੈਨਸ-ਮੱਦਦ, ਸਹਾਇਤਾ, ਉਪਕਾਰ, ਸਹਾਰਾ ।

Assistant, *n.* ਅਸਿਸਟੇਂਟ—ਮੱਦਦਗਾਰ, ਸਹਾਇਕ, ਉਪਕਾਰੀ; *a.* ਮੱਦਦ ਦੇਣ ਵਾਲਾ, ਸਹਾਇਤਾ ਕਰਨ ਵਾਲਾ ।

Assistless, *a.* ਅਸਿਸਟਲੈਸ-ਲਾਚਾਰ, ਬੇਬਸਾ, ਬਿਚਾਰਾ ।

Assize, *n.* ਏਸਾਈਜ਼-ਇੱਕ ਅਜੇਹੀ ਕਚੈਹਰੀ ਜਿਸ ਵਿੱਚ ਇੱਕ ਜੱਜ ਅਤੇ ਪੰਚ ਵਰ੍ਹੇ ਭਰ ਵਿੱਚ ਦੋ ਵਾਰ ਵਿਚਾਰ ਦੇ ਨਮਿੱਤ ਬੈਠਦੇ ਹਨ; ਦੌਰਾ ਸਪੁਰਦ; ਕਚਹਿਰੀ, ਅਦਾਲਤ; ਤੋਲ ਯਾ ਭਾਉ ਦਾ ਨਿਯਮ; *v. t.* ਤੋਲ ਯਾ ਭਾਉ ਦਾ ਨਿਯਮ ਕ० ।

Associate, *v. t.* ਐਸੋਸ਼ੀਏਟ—ਮਿਲਾਉਣਾ, ਮਿੱਤ੍ਰਤਾਈ ਰੱਖਣੀ; ਸਾਥ ਕ०, ਸਾਂਝੀ ਕ०; *v. i.* ਮਿਲਣਾ, ਮੇਲ ਜੋਲ ਰੱਖਣਾ, ਏਕਤਾ ਕ०, ਨਾਲ ਰਹਿਣਾ; *n.* ਸਾਥੀ, ਸੰਗੀ, ਸਾਂਝੀ, ਮਿੱਤਰ, ਯਾਰ; *a.* ਮੇਲੀ, ਜੁੜਿਆ ਹੋਇਆ, ਸਾਥ ਵਾਲਾ ।

Association, *n.* ਐਸੋਸੀਏਸ਼ਨ–ਏਕਤਾ, ਮੇਲ, ਮੇਲ ਮਿਲਾਪ, ਮੇਲ ਜੋਲ, ਸੰਧੀ, ਸੰਯੋਗ; ਸਭਾ, ਸਮਾਜ, ਮੰਡਲੀ, ਪੰਗਤ, ਮਜਲਸ ।

Associator, *n.* ਐਸੋਸ਼ੀਏਟਰ–ਸਾਥੀ, ਸੰਗੀ, ਮਿੱਤਰ ।

Assonance, *n.* ਐਸੋਨੈਂਸ—ਇੱਕ ਅਵਾਜ਼, ਇੱਕ ਸੁਰ; ਤੁਕ, ਕਾਫ਼ੀਆ ।

Assonant, *a.* ਐਸੋਨੈਂਟ—ਇੱਕੋ ਜੇਹੀ ਅਵਾਜ਼ ਵਾਲਾ, ਇੱਕੋ ਜੇਹੀ ਸੁਰ ਵਾਲਾ, ਤੁਕ ਬੰਦੀ ਕਰਨ ਵਾਲਾ, ਕਾਫ਼ੀਆ ਬੰਦੀ ਕਰਨ ਵਾਲਾ ।

Assoil, *v. t.* ਏਸਾਇਲ–ਖੋਲ੍ਹਨਾ, ਮੁਕਤ ਕ॰ ; ਦਾਗੀ ਕ॰, ਮੈਲਾ ਕ॰, ਧੱਬਾ ਲਾਉਣਾ ।

Assort, *v. t.* ਏਸਾਰਟ–ਅੱਡੋ ਅੱਡ ਵਨਗੀਆਂ ਕਰਨੀਆਂ, ਵੱਖੋ ਵੱਖ ਵਨਗੀਆਂ ਕਰਨੀਆਂ, ਕਿਸਮ ਵਾਰ ਲਾਉਣਾ, ਛਾਂਟਣਾ, ਵੰਡਣਾ; *v. i.* ਸਜਣਾ; ਠੀਕ ਹੋਣਾ ।

Assortment, *n.* ਅਸੋਰਟਮੰਟ—ਸਜਾਵਟ ; ਖੇਪ ।

Assuage, *v. t.* ਐਸੁਏਜ—ਸ਼ਾਂਤ ਕ॰, ਠੰਢਾ ਕ॰; ਘਟਾਉਣਾ, ਥੋੜ੍ਹਾ ਕ॰; ਧੀਮਾ ਕ॰, ਦਿਲਾਸਾ ਦੇਣਾ ।

Assuetude, *n.* ਐਸੁਈਟਿਊਡ–ਆਦਤ, ਰੀਤੀ, ਅਭ੍ਯਾਸ, ਵਿਹਾਰ ।

Assume, *v. t.* ਐਸਿਊਮ–ਧਾਰਨ ਕ॰, ਆਪਣੇ ਉੱਪਰ ਲੈਣਾ; ਅਖ਼ਤਿਆਰ ਕ॰; ਦੰਭ ਕ॰; ਕਿਆਸ ਕ॰ ; *v. i.* ਆਕੜਨਾ, ਹੱਦੋਂ ਵਧਣਾ, ਵੱਡਾ ਦਾਵਾ ਕ॰ ।

Assuming, *a.* ਐਸਿਊਮਿੰਗ—ਹੰਕਾਰੀ ; *n.* ਹੰਕਾਰ ।

Assumption, *n.* ਏਸੰਪਸ਼ਨ–ਮੰਨੀ ਹੋਈ ਗੱਲ, ਜ਼ਿੰਮੇਂਵਾਰੀ; ਕਿਆਸ; ਕਿਆਸੀ ਬਾਤ; ਅੰਤ੍ਰ ਧਯਾਨ ।

Assurance, *n.* ਏਸ਼ਿਉਰੈਂਸ—ਵਿਸ਼ਵਾਸ, ਭਰੋਸਾ, ਇਤਬਾਰ; ਦਿਲਜਮੀ ।

Assure, *v. t.* ਐਸਿਉਰ—ਵਿਸ਼ਵਾਸ ਦੇਣਾ, ਭਰੋਸਾ ਦੇਣਾ, ਹਿੰਮਤ ਦੇਣਾ ; ਦਿਲ ਜਮੀਂ ਕਰਨੀ, ਬੀਮਾ ਕ॰ ।

Asterisk, *n.* ਐਸਟੇਰਿਸਕ–ਛਾਪੇ ਵਿੱਚ ਸਟਾਰ ਯਾ ਤਾਰੇ ਦਾ (*) ਚਿੰਨ੍ਹ; ਛੋਟਾ ਤਾਰਾ ।

Asterism, *n.* ਐਸਟਰਿਜ਼ਮ—ਤਾਰਾ ਮੰਡਲ, ਛਾਪੇ ਵਿੱਚ ਤਾਰਾ ਰੂਪ (*) ਚਿੰਨ੍ਹ, ਛੋਟਾ ਤਾਰਾ ।

Astern, *adv.* ਐਸਟਰਨ–ਜਹਾਜ਼ ਦੇ ਪਿਛਲੀ ਤਰਫ਼; ਪਿੱਛੇ, ਪਛਾੜੀ, ਪਛਵਾੜੇ ।

Asteroid, *n.* ਐਸਟਆਇਡ–ਗ੍ਰਹਿ ਪਿੰਡ, ਛੋਟਾ; ਚਲਦਾ ਸਤਾਰਾ ।

Asthma, *n.* ਐਸਥਮਾ—ਸ੍ਵਾਸ ਰੋਗ, ਦਮੇਂ ਦਾ ਰੋਗ ।

Astonish, *v. t.* ਐਸਟਾਨਿਸ਼–ਬਜਾਕੁਲ ਕ॰, ਹੈਰਾਨ ਕ॰, ਘਬਰਾਉਣਾ; *v. i.* ਅਸਚਰਜ ਹੋਣਾ, ਹੱਕਾ ਬੱਕਾ ਰਹਿਣਾ ।

Astonishing *part. a.* ਐਸਟਾਨਸ਼ਿੰਗ—ਅਸਚਰਜ, ਅਦਭੁਤ ।

Astonishment, *n.* ਐਸਟਾਨਿਸ਼ਮੈਂਟ–ਹੈਰਤ, ਹੈਰਾਨੀ, ਅਸਚਰਜਤਾਈ, ਅਚੰਭਾ ।

Astound, *v. t.* ਐਸਟੌਂਡ–ਹੈਰਾਨ ਕ॰, ਚਕ੍ਰਿਤ ਕ॰ ।

Astral, *a.* ਅਸਟਰਲ–ਤਾਰਿਆਂ ਜੇਹਾ, ਸਤਾਰੇ ਦਾਰ ।

Astray, *adv.* ਐਸਟਰੇ–ਭੁੱਲਾ ਭਟਕਾ, ਭੁੱਲਿਆ ਹੋਇਆ ।

Astrict, *v. t.* ਐਸਟ੍ਰਿਕਟ–ਹੱਦ ਕ॰; ਅਰਜ਼ੀ ਦੇਕੇ ਟਕਾ ਕ॰ ।

Astride, *adv.* ਐਸਟ੍ਰਾਈਡ—ਦੁਵੱਲੀ ਟੰਗਾ ਪਸਾਰਕੇ, ਇੱਕ ਟੰਗ ਏਧਰ ਇੱਕ ਓਧਰ ਕਰਕੇ ।

Astringe, *v. t.* ਏਸਟਰਿੰਜ—ਸਮੇਟਣਾ, ਸੰਕੋਚਣਾ ।

Astringency, *n.* ਐਸਟਰਿੰਜੈਨਸੀ–ਸੰਕੋਚਨ, ਸਮੇਟਨ ।

Astringent, *a.* ਐਸਟਰਿੰਜੈਂਟ–ਖਿੱਚਣ ਵਾਲਾ, ਸਮੇਟਨ ਵਾਲਾ, ਸੁੰਗੜਨ ਵਾਲਾ; ਕਾਬਜ਼; *n.* ਸੰਕੋਚਨ, ਖਿੱਚਣ ਵਾਲੀ ਦੁਵਾ ; ਕਬਜ਼; ਕਸੈਲਾਪਨ ।

Astrolabe, *n.* ਐਸਟਰੋਲੇਬ—ਪੂਰਬ ਕਾਲ ਵਿੱਚ ਸੂਰਜ ਯਾ ਨਛੱਤ੍ਰਾਂ ਦੀ ਉਚਾਈ ਜਾਨਣ ਦਾ ਯੰਤਰ ।

Astrology, *n.* ਐਸਟਰੋਲੋਜੀ–ਇਲਮ ਨਜੂਮ, ਜੋਤਸ਼, ਜਿਸ ਨਾਲ ਅੱਗੇ ਦਾ ਹਾਲ ਦੱਸਿਆ ਜਾਂਦਾ ਹੈ ।

Astrologer, *n.* ਐਸਟ੍ਰੋਲੋਜਰ–ਨਜੂਮੀ, ਜੋਤਸ਼ੀ, ਅੱਗੇ ਦਾ ਹਾਲ ਦੱਸਣ ਵਾਲਾ, ਰਮਲੀਆ, ਫ਼ਾਲ ਪਾਉਣ ਵਾਲਾ।

Astrologize, *v. i.* ਐਸਟਰੋਲੋਜਾਈਜ਼–ਜੋਤਸ਼ ਵਿੱਦਯਾ ਦਾ ਅਭਯਾਸ ਕ॰।

Astronomer, *n.* ਐਸਟਰਾਨੋਮਰ–ਵਿੱਦਯਾਵਾਨ ਪੁਰਸ਼ ਜੋ ਸੂਰਜ, ਚੰਦਰਮਾਂਹ, ਤਾਰਾਗਨ ਆਦਿਕ ਦੀ ਵਿੱਦਯਾ ਜਾਣਦਾ ਹੈ।

Astronomize, *v. i.* ਐਸਟਰਾਨੋਮਾਈਜ਼—ਸਤਾਰਿਆਂ ਦੀ ਵਿੱਦਯਾ ਪੜ੍ਹਨੀ ਅਤੇ ਅਭਯਾਸ ਕ॰।

Astronomy, *n.* ਐਸਟਰੋਨੋਮੀ–ਜਿਸ ਵਿੱਦਯਾ ਨਾਲ ਸੂਰਜ, ਚੰਦ ਅਤੇ ਤਾਰਾਗਨ ਦਾ ਅਸਰ, ਉਨ੍ਹਾਂ ਦੀ ਚਲਤ ਅਤੇ ਫ਼ਾਸਲਾ ਦੱਸਿਆ ਜਾਂਦਾ ਹੈ; ਤਾਰਿਆਂ ਦੀ ਵਿੱਦਯਾ, ਸਿਧਾਂਤ।

Astrotheology, *n.* ਐਸਟਰੋਥੀਓਲੋਜੀ—ਨਛੱਤ੍ਰਾਂ ਦੁਆਰਾ ਬ੍ਰਹਮ ਨਿਰੂਪਣ।

Astute, *a.* ਐਸਟਿਉਟ—ਸੁਘੜ, ਸਿਆਣਾ, ਤਿੱਖਾ, ਚਤੁਰ, ਹੁਸ਼ਿਆਰ।

Asunder, *adv.* ਐਸੰਡਰ—ਅਲੱਗ, ਨਿਆਰਾ, ਵੱਖਰਾ, ਜੁਦਾ।

Asylum, *n.* ਐਸਾਈਲਮ–ਆਸਰੇ ਦਾ ਸਥਾਨ; ਪਨਾਹ ਦੀ ਜਗ੍ਹਾ; ਲੰਗਰ ਦੀ ਜਗ੍ਹਾ, ਪੁੰਨ ਅਸਥਾਨ।

Asymmetry, *n.* ਏਸਿੱਮੇਟਰੀ–ਬੇ ਅੰਦਾਜ਼ਾ, ਜਿਸਦਾ ਕੋਈ ਹਿਸਾਬ ਨ ਹੋਵੇ।

At, *prep.* ਐਟ–ਪਾਸ, ਵਿੱਚ, ਪਰ, ਤੋਂ, ਵੱਲ; ਇੱਕ ਅਵਯ ਹੈ ਜੋ (੧) ਸਮਾ ਪ੍ਰਗਟ ਕਰਦਾ ਹੈ ਜਥਾ *at* first (੨) ਸਥਾਨ ਜਥਾ *at* home, *at* church (੩) ਦਸ਼ਾ ਜਥਾ *at* work, *at* prayer (੪) ਕੀਮਤ ਜਥਾ *at* one rupee a seer (੫) ਤਰਫ਼ ਜਥਾ He fired *at* lion, *at* large ਖੁੱਲ੍ਹਾ।

Atabal, *n.* ਐਟਾਬਾਲ–ਢੋਲ, ਢੋਲਕੀ।

Ataraxy, *n.* ਐਟੇਰੈਕਸੀ–ਚੈਨ, ਆਰਾਮ।

Ataxy, *n.* ਏਟੈਕਸੀ—ਖਲਬਲੀ, ਘਬਰਾਹਟ, ਅਬਤਰੀ।

Ate, *p. t.* ਏਟ–*p. t.* of Eat, ਖਾਯਾ, ਖਾਧਾ।

Atheism, *n.* ਏਥੀਅਜ਼ਮ—ਨਾਸਤਕ ਪਨ, ਦਹਰੀਆ ਪਨ, ਈਸ਼੍ਵਰ ਦੇ ਭਾਵ ਦਾ ਇਨਕਾਰ।

Atheist, *n.* ਏਥੀਇਸਟ—ਨਾਸਤਕ, ਦਹਿਰੀਆ।

Athirst, *a.* ਏਥਰਸਟ–ਪਿਆਸਾ।

Athlete, *n.* ਏਥਲੀਟ—ਪਹਿਲਵਾਨ, ਕੁਸ਼ਤੀ ਕਰਨ ਵਾਲਾ, ਘੁਲਨ ਵਾਲਾ, ਮੱਲ।

Athletic, *a.* ਏਥਲੈਟਿਕ—ਕੁਸ਼ਤੀ ਦੇ ਸੰਬੰਧ ਵਿੱਚ; ਜ਼ੋਰਾਵਰ, ਬਲੀ, ਹੱਟਾ ਕੱਟਾ।

Athwart, *prep.* ਏਥਵਾਰਟ—ਪਾਰ, ਆਰ ਪਾਰ।

Atlantic, *a.* ਐਟਲਾਂਟਿਕ–ਸਮੁੰਦਰ ਸੰਬੰਧੀ।

Atlas, *n.* ਐਟਲੈਸ–ਮੁਲਕਾਂ ਦੇ ਨਕਸ਼ਿਆਂ ਦੀ ਕਿਤਾਬ, ਦੇਸ਼ਾਂ ਦੇ ਚਿੱਤ੍ਰਾਂ ਦੀ ਪੁਸਤਕ।

Atmosphere, *n.* ਐਟਮੋਸਫ਼ੀਅਰ–ਵਾਯੂ ਮੰਡਲ ਜੋ ਭੂਮੰਡਲ ਨੂੰ ਘੇਰਦਾ ਹੈ, ਕੁੱਰਾ ਹਵਾ ਜੋ ਜ਼ਮੀਨ ਨੂੰ ਘੇਰਦਾ ਹੈ।

Atom, *n.* ਐਟਮ–ਪਰਮਾਣੂ, ਕਿਣਕਾ, ਜ਼ੱਰਾ।

Atomist, *n.* ਐਟੋਮਿਸਟ–ਪਰਮਾਣੂਵਾਦੀ, ਇਹ ਮੰਨਣ ਵਾਲਾ ਕਿ ਈਸ਼੍ਵਰ ਦੀ ਮਰਜ਼ੀ ਦੇ ਬਗ਼ੈਰ ਸਭ ਚੀਜ਼ਾਂ ਆਪ ਤੋਂ ਆਪ ਪਰਮਾਣੂਆਂ ਤੋਂ ਬਣੀਆਂ ਹਨ।

Atone, *v. i.* ਏਟੋਨ–ਬਦਲੇ ਵਿੱਚ ਦੇਣਾ, ਪਰਾਸਚਿੱਤ ਕ॰, ਕਫ਼ਾਰਾ ਯਾ ਡੰਡ ਦੇਣਾ; ਮੰਨਣਾ।

Atonement, *n.* ਏਟੋਨਮੈਂਟ—ਪਰਾਸਚਿੱਤ, ਕਫ਼ਾਰਾ, ਡੰਡ।

Atop, *adv.* ਏਟਾਪ–ਉੱਪਰ, ਸਿਰ ਪੁਰ, ਚੋਟੀ ਪੁਰ।

Atramental, *a.* ਐਟਰਾਮੈਂਟਲ—ਸਿਆਹ, ਕਾਲਾ।

Atrocious, *a.* ਐਟਰੋਸ਼ਸ—ਅਤਿਯੰਤ ਦੁਸ਼ਟ, ਬਹੁਤ ਬੁਰਾ, ਅਤਿ ਦੋਸ਼ੀ, ਮਹਾਂ ਪਾਪੀ, ਦੁਖਦਾਈ, ਨਿਰਦਈ, ਜ਼ਾਲਮ।

Atrocity, *n.* ਅਟ੍ਰਾਸਿਟੀ—ਵੱਡਾ ਪਾਪ, ਬੁਰਿਆਈ, ਅਤਿਯੰਤ ਦੁਸ਼ਟਤਾ, ਜ਼ੁਲਮ, ਅੱਤਯਾਚਾਰ।

Atrophy, *n.* ਐਟਰੋਫ਼ੀ–ਖ਼ੁਰਾਕ ਦੇ ਨਾ ਪਾਚਨ ਹੋਣ ਕਰਕੇ ਮਾੜਾਪਨ, ਸੋਕਾ।

Attach, *v. t.* ਅਟੈਚ—ਲਗਾਉਣਾ; ਜੋੜਨਾ, ਮਿਲਾਉਣਾ, ਨੱਥੀ ਕ॰, ਬੰਨ੍ਹਣਾ, ਜਕੜਨਾ,

ਟਾਂਕਣਾ, ਸਾਥ ਕ॰; ਖਿੱਚ ਕ॰; ਪ੍ਰੇਮ ਨਾਲ ਖਿੱਚ ਲੈਣਾ; ਰਿਝਾਉਣਾ; ਪਕੜ ਲੈਣਾ; ਕੁਰਕ ਕਃ;

Attachment, *n.* ਅਟੈਚਮੈਂਟ–ਕੁਰਕੀ, ਗ੍ਰਿਫ਼ਤਾਰੀ; ਪਿਆਰ, ਪ੍ਰੇਮ; ਹੇਲ ਮੇਲ, ਸੰਗ।

Attack, *v. t.* ਅਟੈਕ—ਹਮਲਾ ਕਃ, ਕਿਸੇ ਉੱਪਰ ਟੁੱਟਕੇ ਪੈਣਾ, ਧਾਵਾ ਅਰ ਚੜ੍ਹਾਈ ਕਃ; *n.* ਹਮਲਾ, ਹੱਲਾ, ਧਾਵਾ।

Attacker, *n.* ਅਟੈਕਰ–ਹਮਲਾ ਕਰਨ ਵਾਲਾ, ਚੋਟ ਕਰਨ ਵਾਲਾ।

Attain, *v. t.* ਅਟੇਨ–ਪ੍ਰਾਪਤ ਕਃ, ਹਾਸਲ ਕਃ, ਪਾਉਣਾ, ਲਾਭ ਕਃ, ਪਹੁੰਚਣਾ, ਪਹੁੰਚਾਉਣਾ।

Attainable, *a.* ਅਟੇਨਏਬਲ–ਪ੍ਰਾਪਤੀ ਜੋਗ, ਜੋ ਮਿਲ ਜਾਵੇ, ਮਿਲਨਹਾਰ।

Attainder, *n.* ਅਟੇਂਡਰ—ਕਲੰਕ, ਦਾਗ਼, ਐਬ, ਦੋਸ਼।

Attainment, *n.* ਅਟੇਨਮੇਂਟ—ਪਰਾਪਤੀ, ਲਾਭ।

Attainments, *pl. n.* ਅਟੇਨਮੇਂਟਸ—ਗੁਣ, ਹੁਨਰ, ਜੌਹਰ, ਲਿਆਕਤ।

Attaint, *v. t.* ਅਟੇਂਟ–ਰਾਜ ਦਰੋਹ ਦਾ ਦੋਸ਼ੀ ਠਹਿਰਾਉਣਾ, ਕਲੰਕੀ ਕ॰, ਦੋਸੀ ਕ॰, ਬਗ਼ਾਵਤ ਦਾ ਜੁਰਮ ਕਾਇਮ ਕ॰; *n.* ਮਾਂਦਗੀ; ਥਕਾਵਟ; ਧੱਬਾ, ਕਲੰਕ।

Attaintment, *n.* ਅਟੇਂਟਮੇਂਟ–ਦੂਸ਼ਤ ਹੋਣ ਦੀ ਅਵਸਥਾ, ਕਲੰਕ।

Attainture, *n.* ਅਟੇਂਚਰ—ਕਲੰਕ, ਅਪਕੀਰਤੀ।

Attemper, *v. t.* ਏਟੈਂਪਰ—ਮਿਸ਼ਰਤ ਕ॰, ਕਮਜ਼ੋਰ ਕ॰, ਘਟਾਉਣਾ; ਠੀਕ ਕ॰, ਉਪਯੁਕਤ ਕ॰।

Attemperate, *a.* ਏਟੈਂਮਪ੍ਰੇਟ–ਠੀਕ ਵ ਉਪਯੁਕਤ ਕੀਤਾ ਗਿਆ; ਅੰਦਾਜ਼ੇ ਵਾਲਾ।

Attempt, *v. t.* ਏਟੈਂਪਟ–ਜਤਨ ਕ॰, ਉਦਯੋਗ ਕ॰, ਚੇਸ਼ਟਾ ਕ॰, ਤੋਸ਼ਸ਼ ਕ॰; ਇਰਾਦਾ ਕ॰, ਚੜ੍ਹਾਈ ਕਰਨੀ, ਹੱਲਾ ਕ॰; *n.* ਜਤਨ, ਚੇਸ਼ਟਾ, ਕੋਸ਼ਸ਼; ਚੜ੍ਹਾਈ, ਹਮਲਾ।

Attend, *v. t.* ਅਟੈਂਡ—ਹਾਜ਼ਰ ਰਹਿਣਾ, ਸੇਵਾ ਕ॰; ਧਯਾਨ ਦੇਣਾ, ਮਨ ਲਗਾਉਣਾ, ਸਾਥ ਹੋਣਾ ਜਾ ਲੱਗੇ ਰਹਿਣਾ; ਗ਼ੌਰ ਕ॰; ਦਿਲ ਦੇਣਾ; *v. i.* ਧਯਾਨ ਦੇਣਾ, ਮਨ, ਚਿੱਤ ਜਾ ਕੰਨ ਲਗਾਉਣਾ।

Attendance, *n.* ਅਟੈਂਡੈਂਸ ਹਾਜ਼ਰੀ, ਸੇਵਾ, ਖ਼ਿਦਮਤ।

Attendant, *n.* ਅਟੈਂਡੈਂਟ–ਸੇਵਕ, ਟਹਿਲੀਆ; ਮਿੱਤਰ, ਸਾਥੀ; *a.* ਸਾਥੀ।

Attender, *n.* ਅਟੈਂਡਰ–ਸਾਥੀ, ਸੰਗੀ।

Attent, *a.* ਏਟੈਂਟ–ਸਾਵਧਾਨ, ਸੁਚੇਤ, ਤਤਪਰ, ਹੁਸ਼ਿਆਰ, ਖ਼ਬਰਦਾਰ।

Attention, *n.* ਅਟੈਨਸ਼ਨ–ਹੁਸ਼ਿਆਰੀ, ਚੌਕਸੀ, ਧਯਾਨ, ਲਿਹਾਜ਼।

Attentive, *a.* ਅਟੈਂਟਿਵ–ਹੁਸ਼ਿਆਰ, ਚੌਕਸ, ਸਾਵਧਾਨ, ਤਤਪਰ, ਸੁਚੇਤ।

Attenuant, *a.* ਅਟੈਨਯੂਐਂਟ–ਪਤਲਾ ਕਰਨ ਵਾਲਾ।

Attenuate, *v. t.* ਅਟੈਨਯੂਏਟ–ਪਤਲਾ ਕ॰; ਵਧਾਉਣਾ, ਸ਼ੌਰਰ ਵਿੱਚੋਂ ਖਿੱਚਣਾ; *a.* ਪਤਲਾ ਕੀਤਾ ਗਿਆ।

Attest, *v. t.* ਏਟੈਸਟ—ਸਹੀ ਕ॰, ਗਵਾਹੀ ਦੇਣਾ ਜਾ ਦੁਆਉਣੀ, ਤਸਦੀਕ ਕ॰।

Attestation, *n.* ਏਟੈਸਟੇਸ਼ਨ—ਤਸਦੀਕ, ਗਵਾਹੀ।

Attester, *n.* ਏਟੈਸਟਰ—ਗਆਹ, ਸਾਖੀ, ਸਾਕਸ਼ੀ, ਤਸਦੀਕ ਕਰਨ ਵਾਲਾ।

Attire, *v. t.* ਏਟਾਇਰ—ਕਪੜੇ ਪਹਿਰਾਉਣਾ; ਸਜਾਉਣਾ; *n.* ਬਸਤਰ, ਕਪੜੇ, ਪੁਸ਼ਾਕ।

Attitude, *n.* ਐਟਿਚਿਉਡ—ਤੌਰ, ਹਾਲਤ, ਅੰਦਾਜ਼, ਭਾਵ, ਰਵੱਈਆ, ਦਸ਼ਾ, ਤਰਜ਼।

Attollent, *a.* ਐਟਾਲੈਂਟ–ਉਠਾਉਣ ਵਾਲਾ।

Attorn, *v. t.* ਏਟਾਰਨ—ਕਿਸੀ ਅਸਾਮੀ ਦੀ ਖ਼ਿਦਮਤ ਦੂਸਰੇ ਦੇ ਹਵਾਲੇ ਕ॰।

Attorney, *n.* ਏਟਾਰਨੀ–ਮੁਖ਼ਤਾਰ, ਵਕੀਲ।

Attorney-general, *n.* ਏਟਾਰਨੀ-ਜਨਰਲ–ਸਰਕਾਰੀ ਵਕੀਲ।

Attorney-ship, *n.* ਏਟਾਰਨੀਸ਼ਿਪ–Letter or power of Attorney, ਮੁਖ਼ਤਿਆਰ ਨਾਮਾ, ਮੁਖ਼ਤਿਆਰੀ।

Attornment, *n.* ਏਟਾਰਨਮੈਂਟ—ਕਿਸਾਨ ਦੇ ਨਵੇਂ ਮਾਲਕ ਦੇ ਅਧੀਨ ਹੋਣ ਦੀ ਹਾਲਤ।

Attract, *v. t.* ਏਟ੍ਰੈਕਟ-ਖਿੱਚਣਾ; ਮਨ ਹਰ ਲੈਣਾ, ਲੁਭਾਉਣਾ, ਉਲਝਾਉਣਾ।

Attractable, *a.* ਅਟ੍ਰੈਕਟੇਬਲ-ਜਿਸ ਨੂੰ ਖਿੱਚ ਯਾ ਉਲਝਾ ਸੱਕੀਏ।

Attraction, *n.* ਅਟ੍ਰੈਕਸ਼ਨ-ਅਕਰਸ਼ਨ ਸ਼ਕਤੀ, ਕਸ਼ਿਸ਼, ਖਿੱਚ।

Attractive, *a.* ਅਟ੍ਰੈਕਟਿਵ—ਖਿੱਚਨ ਵਾਲਾ, ਮਨ ਮੋਹਨ ਵਾਲਾ।

Attractiveness, *n.* ਅਟ੍ਰੈਕਟਿਵਨੈਸ—ਵੇਖੋ ਸ਼ਬਦ "Attraction,"

Attribute, *v. t.* ਐਟਰੀਬਿਊਟ-ਅਰੋਪਨ ਕ॰, ਠਹਿਰਾਉਣਾ, ਸੰਬੰਧਤ ਕ॰; ਲਗਾਉਣਾ; *n.* ਉਪਾਧੀ; ਗੁਣ, ਲਗਾਈ ਹੋਈ ਵਸਤੂ।

Attributive, *a.* ਐਟਰੀਬਿਊਟਿਵ—ਗੁਣ ਵਾਚਕ।

Attrition, *n.* ਐਟਰੀਸ਼ਨ—ਰਗੜ, ਘਸਰ, ਰਗੜ ਨਾਲ ਘਸਕੇ ਪੁਰਾਨਾ ਹੋ ਜਾਣ ਦੀ ਹਾਲਤ; ਅਫ਼ਸੋਸ, ਸੋਗ।

Attune, *v. t.* ਏਟਿਊਨ-ਸੁਰ ਮਿਲਾਉਣੀ, ਤਾਲ ਮਿਲਾਉਣਾ, ਖ਼ੁਸ਼ ਅਵਾਜ਼ ਕ॰; *v. i.* ਸੁਰ ਬੰਨ੍ਹਣੀ।

Auburn, *a.* ਔਬਰਨ-ਲਾਲੀ ਭਾਹ ਮਾਰਦਾ, ਕੈਰਮੀ ਰੰਗਾ, ਭੂਸਲਾ।

Auction, *n.* ਔਕਸ਼ਨ-ਨੀਲਾਮ, ਨੀਲਾਮ ਕੀਤੀ ਹੋਈ ਵਸਤੂ।

Auctioneer, *n.* ਔਕਸ਼ਨੀਅਰ-ਨੀਲਮ ਕਰਨ ਵਾਲਾ, ਨੀਲਾਮੀਆ।

Audacious, *a.* ਔਡੇਸ਼ਸ—ਨਿਰਭਯ; ਢੀਠ, ਨਿਰਲੱਜ, ਨਿਡਰ, ਸ਼ੋਖ਼, ਬੇਲਿਹਾਜ਼।

Audacity, *n.* ਔਡੇਸਿਟੀ-ਦਲੇਰੀ, ਨਿਰਭਯਤਾ, ਬੇਸ਼ੋਖ਼ੀ, ਗੁਸਤਾਖ਼ੀ।

Audible, *a.* ਔਡੀਬਲ-ਸੁਨਾਈ ਦੇਣ ਦੇ ਯੋਗ।

Audience, *n.* ਔਡਿਐਨਸ-ਸੁਨਾਈ; ਸਭਾ-ਸਦ, ਸ੍ਰੋਤਾਗਣ; ਸਭਾ ਜਾਂ ਦਰਬਾਰ ਅੱਗੇ ਸੁਨਾਉਣ ਦੀ ਆਗਜਾ।

Audience-chamber, *n.* ਔਡੀਐਨਸ-ਚੈਂਬਰ-ਦੀਵਾਨ ਖ਼ਾਨਾ।

Audit, *n.* ਔਡਿਟ—ਨਿਕਾਸੀ, ਲੇਖਾ, ਆਖ਼ਰੀ ਹਿਸਾਬ; *v. t.* ਹਿਸਾਬ ਜਾਚਣਾ, ਹਿਸਾਬ ਦੀ ਪੜਤਾਲ ਕ॰, ਨੀਯਤ ਕੀਤੇ ਹੋਏ ਅਫ਼-ਸਰਾਂ ਦੇ ਲੇਖੇ ਚੋਖੇ ਦੀ ਪੜਤਾਲ ਕ॰।

Auditor, *n.* ਔਡੀਟਰ-ਸ੍ਰੋਤਾ; ਹਿਸਾਬ ਦੀ ਪੜਤਾਲ ਕਰਨ ਵਾਲਾ।

Auditress, *n.* ਔਡੀਟਰੈਸ-ਸੁਨਣ ਵਾਲੀ।

Auger, *n.* ਔਗਰ-ਵਰਮਾ, ਵਰਮੀ।

Aught, *n.* ਆਟ-ਕੋਈ ਚੀਜ਼, ਕੋਈ ਦਰਬ ਯਾ ਵਸਤੂ।

Augment, *v. t.* ਔਗਮੈਂਟ—ਵਧਾਉਣਾ, ਅਧਿਕ ਕ॰; *n.* ਅਧਿਕਤਾਈ, ਵਧੀਕੀ, ਜ਼ਿਆਦਤੀ।

Augur, *n.* ਔਗਰ—ਰਮਲੀਆ, ਜਾਨਵਰਾਂ ਦੇ ਉੱਡਨ ਤੋਂ ਤੇ ਹੋਰ ਸ਼ਗਨਾਂ ਤੋਂ ਅੱਗੇ ਹੋਨ ਵਾਲੀਆਂ ਗੱਲਾਂ ਦੱਸਨ ਵਾਲਾ; *v. t.* ਸ਼ਗਨ ਵੇਖਣਾ, ਵਿਚਾਰਨਾ, ਅੱਗੇ ਦੀ ਗੱਲ ਦੱਸਣੀ; *v. i.* ਸ਼ਗਨ ਵਿਚਾਰਨਾ, ਕਿਆਸ ਕਰਨੀ।

Augurate, *v. t.* ਔਗੁਰੇਟ—ਅੱਗੇ ਦੀ ਗੱਲ ਦੱਸਣਾ, ਲੱਛਣਾਂ ਯਾ ਸ਼ਗਨਾਂ ਨਾਲ ਅੱਗੇ ਦੀ ਗੱਲ ਕਹਿਣੀ।

Augury, *n.* ਔਗੁਰੀ-ਭਵਿਸ਼ਤ ਕਥਨ, ਜੋਬ ਦੇ ਹਾਲ ਦੱਸਨ ਦੀ ਵਿੱਦਯਾ।

August, *a.* ਆਗਸਟ-ਮਹਾਂ ਪ੍ਰਤਾਪੀ, ਪੂਜਯ; *n.* ਅੰਗ੍ਰੇਜ਼ੀ ਵਰ੍ਹੇ ਦਾ ਅਠਵਾਂ ਮਹੀਨਾ (ਅਗਸਤ)।

Aularian, *n.* ਔਲੇਰਿਅਨ—ਔਕਸਫੋਰਡ ਦੇ ਛਾਤ੍ਰਾਂ ਸੀ ਭਿੰਨ ਹਾਲ ਦਾ ਮੈਂਬਰ।

Aunt, *a.* ਔਂਟ-ਭੂਆ, ਮਾਸੀ, ਚਾਚੀ, ਮਾਮੀ।

Auricle, *n.* ਔਰੀਕਲ-ਕੰਨ ਦਾ ਗਿਰਦਾ; ਦਿਲ ਦਾ ਪੜਦਾ।

Aurora, *n.* ਔਰੋਰਾ-ਭੋਰ, ਤੜਕਾ, ਪ੍ਰਾਤਾਕਾਲ, ਪੌਹ ਫੁੱਟੀ, ਸਵੇਰਾ।

Auscultation, *n.* ਅਸਕੁਲਟੇਸ਼ਨ-ਸੁਨਾਵਟ' ਛਾਤੀ ਦੇ ਅੰਦਰ ਦੀ ਆਵਾਜ਼ ਨਾਲ ਸੁਨਕੇ ਸ਼ਰੀਰ ਦੇ ਰੋਗਾਂ ਦੀ ਪ੍ਰੀਖਯਾ।

Auspicate, *v. t.* ਔਸਪੀਕੇਟ—ਸ਼ੁਰੂ ਕਰਨ ਵੇਲੇ ਚੰਗਾ ਪਾਸਾ ਲੈਣਾ।

Auspice, *n.* ਔਸਪਾਈਸ-ਪਰਿੰਦਿਆਂ ਦੀਆਂ ਹਰਕਤਾਂ ਤੋਂ ਸ਼ਗਨ ਪ੍ਰੀਖਯਾ, ਸ਼ਗਨ; ਰੱਖਯਾ; ਹਮਾਇਤ।

Auspicious, *a.* ਔਸਪੀਸ਼ਸ—ਸ਼ੁਭ, ਨੇਕ, ਮੁਬਾਰਕ।

Austere, *a.* ਔਸਟੀਅਰ-ਸਖ਼ਤ, ਤੁੰਦ, ਕਠਿਨ ਕਠੋਰ।

Austerity, *n.* ਆਸਟਰਇਟੀ-ਸਖ਼ਤੀ, ਤੇਜ਼ੀ, ਤੁੰਦੀ; ਤਪੱਸਿਆ।

Austral, *a.* ਔਸਟਰਲ-ਜਨੂਬੀ, ਦੱਖਣੀ।

Authentic, *a.* ਔਥਨਟਿਕ-ਪਰਮਾਣੀਕ, ਸੁੱਚਾ, ਮੁਤਿਬਰ; ਅਸਲ, ਠੀਕ।

Authenticate, *v. t.* ਔਥਨਟੀਕੇਟ-ਪਰਮਾਣੀਕ ਕ०, ਅਸਲੀ ਠਹਿਰਾਉਣਾ; ਤਸਦੀਕ ਕ०।

Authenticity, *n.* ਔਥਨਟੀਸਿਟੀ—ਅਸਲੀਅਤ, ਸੁੱਚਾ ਹੋਣ ਦੀ ਤਸਦੀਕ।

Author, *n.* ਆਥਰ-ਮੂਲ ਕਰਤਾ, ਗ੍ਰੰਥਕਾਰ, ਗ੍ਰੰਥ ਕਰਤਾ।

Authoress, *n.* ਆਥਰਸ—ਗ੍ਰੰਥ ਬਣਾਉਣ ਵਾਲੀ, ਪੁਸਤਕ ਰਚਨ ਵਾਲੀ।

Authoritative, *a.* ਆਥੋਰੀਟੇਟਿਵ—ਅਖ਼ਤਿਆਰ ਵਾਲਾ; ਪੱਕਾ।

Authority, *n.* ਅਥਾਰਟੀ-ਅਧਿਕਾਰ, ਪਰਭੁਤਾ; ਪ੍ਰਮਾਣ; ਸਨਦ; ਹਾਕਮ; ਕਾਨੂਨੀ ਅਧਿਕਾਰ।

Authorization, *n.* ਆਥੋਰੀਜ਼ੇਸ਼ਨ-ਹੁਕਮ, ਆਗਜਾ।

Authorize, *v. t.* ਆਥੋਰਾਈਜ਼-ਅਖ਼ਤਿਆਰ ਯਾ ਅਧਿਕਾਰ ਦੇਣਾ, ਪ੍ਰਮਾਣੀਕ ਕ०, ਆਗਜਾ ਦੇਣਾ।

Autobiography, *n.* ਔਟੋਬਿਓਗਰਾਫ਼ੀ—ਅਪਣਾ ਜੀਵਨ ਚਰਿੱਤ੍ਰ ਅਪਣੇ ਹੱਥ ਨਾਲ ਲਿਖਿਆ ਹੋਇਆ।

Autocracy, *n.* ਔਟੋਕ੍ਰੇਸੀ-ਖ਼ੁਦਸਰੀ, ਅਪਣੀ ਹਕੂਮਤ, ਇੱਕੋ ਪੁਰਸ਼ ਦਾ ਸਾਰੇ ਰਾਜ ਤੇ ਅਖ਼ਤਿਆਰ ਹੋਣ ਦੀ ਹਾਲਤ।

Autocrat, *n.* ਔਟੋਕ੍ਰੇਟ-ਖ਼ੁਦ ਸਰ ਬਾਦਸ਼ਾਹ।

Autograph, *n.* ਆਟੋਗਰਾਫ਼-ਅਪਣੇ ਹੱਥ ਦਾ ਲਿਖਿਆ ਹੋਇਆ ਖ਼ਤ ਯਾ ਕਾਗਜ਼; *a.* ਕਲਮੀ, ਦਸਤੀ, ਹੱਥ ਦਾ।

Automatic, *n.* ਆਟੋਮੇਟਿਕ—ਆਪੇ ਆਪ ਕੰਮ ਹੋਣ ਦੀ ਹਾਲਤ, ਆਪੇ ਆਪ ਹਿੱਲਣ ਦੀ ਹਾਲਤ, ਜਿਸ ਤਰ੍ਹਾਂ ਮਸ਼ੀਨ।

Automation, *n.* ਆਟੋਮੇਸ਼ਨ-ਅਪਣੇ ਆਪ ਚੱਲਣ ਵਾਲੀ ਕਲ।

Automobile, *n.* ਆਟੋਮੋਬਾਇਲ—ਆਪੇ ਚੱਲਣ ਵਾਲੀ ਗੱਡੀ।

Autonomous, *a.* ਔਟੋਨੋਮਸ-ਸੁਾਧੀਨ, ਖ਼ੁਦ-ਮੁਖ਼ਤਾਰੀ।

Autonomy, *n.* ਔਟੋਨੋਮੀ-ਸ੍ਵੈਰਾਜ, ਅਪਣੇ ਪ੍ਰਬੰਧ ਦਾ ਅਧਿਕਾਰ।

Autopsy, *n.* ਆਟੋਪਸੀ-ਸ੍ਵੈ ਦ੍ਰਿਸ਼ਟੀ, ਅਪਣੀ ਅੱਖ ਨਾਲ ਦੇਖਣੇ ਸਬੂਤ; ਮੌਤ ਦੇ ਪਿੱਛੋਂ ਸਰੀਰ ਨੂੰ ਚੀਰ ਫਾੜਕੇ ਦੇਖਣ ਦੀ ਹਾਲਤ।

Autumn, *n.* ਆਟਮ-ਅੰਗ੍ਰੇਜ਼ੀ ਵਰ੍ਹੇ ਦੀ ਤੀਸਰੀ ਰੁੱਤ ਯਾ ਤੀਜਾ ਮੌਸਮ, ਮੌਸਮ ਖ਼ਿਜ਼ਾਂ, ਪਤਝੜ; ਘਟਾਓ।

Auxiliary, *a.* ਆਕਜ਼ਿਲੀਅਰੀ-ਮੱਦਦਗਾਰ, ਸਹਾਇਕ, ਉਪਕਾਰੀ; *n.* ਸੰਗੀ, ਸਾਥੀ, ਮੇਲੀ।

Avail, *v. t.* ਅਵੇਲ—ਲਾਭ ਦੇਣਾ ਯਾ ਕ०; ਫ਼ਾਇਦਾ ਉਠਾਉਣਾ, ਫਲ ਦੇਣਾ, ਉਪਕਾਰ ਕ०; ਕੰਮ ਆਉਣਾ; *v. i.* ਕੰਮ ਆਉਣਾ, ਕੰਮ ਦੇ ਲਾਇਕ ਹੋਣਾ, ਫਲ ਦੇਣਾ, ਲਾਭ ਦੇਣਾ, ਗੁਣਦਾਇਕ ਹੋਣਾ; *n.* ਕੰਮ ਕਾਰ, ਲਾਭ, ਫਲ, ਗੁਣ, ਫ਼ਾਇਦਾ, ਪ੍ਰਾਪਤ; ਉਪਕਾਰ।

Available, *a.* ਅਵੇਲੇਬਲ—ਫ਼ਾਇਦਾਮੰਦ, ਲਾਭਦਾਇਕ, ਗੁਣਕਾਰੀ; ਫਲਦਾਇਕ; ਪ੍ਰਾਪਤ ਹੋ ਜਾਣ ਵਾਲਾ।

Avalanche, *n.* ਐਵੇਲਾਂਸ਼—ਬਰਫ਼, ਮਿੱਟੀ ਆਦਿਕ ਦਾ ਢੇਰ ਜੋ ਪਹਾੜ ਤੋਂ ਗਿਰਦਾ ਹੈ।

Avarice, *n.* ਐਵੇਰਿਸ—ਹਿਰਸ, ਲਾਲਚ, ਲੋਭ।

Avaricious, *a.* ਅਵੈਰੀਸ਼ਸ-ਲਾਲਚੀ, ਲੋਭੀ, ਹਿਰਸੀ।

Avast, *Int.* ਏਵਾਸਟ-ਰੋਕੋ, ਠਹਿਰੋ, ਥੰਮ ਜਾਓ, ਚੁੱਪ, (ਜਹਾਜ਼ ਵਾਲੇ ਲੋਗ ਏਹ ਸ਼ਬਦ ਵਰਤਦੇ ਹਨ)।

Avaunt, *int.* ਏਵਾਂਟ-ਦੂਰ ਹੋ, ਚਲਾ ਜਾਹ, ਦਫ਼ਾ ਹੋ, ਪਰੇ ਹੋ।

Ave, *int.* ਆਵੇ-ਜੈ ਜੈ, ਸਲਾਮਤ ਰਹੋ, ਮੁਬਾਰਕ ਹੋਵੇ; ਮਰਯਮ (ਈਸਾ ਦੀ ਮਾਂ) ਨੂੰ

Avenge, *v. t.* ਅਵੈਂਜ—ਬਦਲਾ ਲੈਣਾ, ਵੈਰ ਲੈਣਾ; ਡੰਡ ਦੇਣਾ।

Avengement, *n.* ਅਵੈਂਜਮੈਂਟ-ਡੰਡ, ਸਜ਼ਾ, ਬਦਲਾ।

Avenue, *n.* ਅਵਾਨ੍ਯੂ—ਪਾਸੀਂ ਬਿਰਛਾਂ ਦੇ ਵਿਚਕਾਰ ਦਾ ਰਾਹ।

Aver, *v. t.* ਐਵਰ—ਇਕਰਾਰ ਕ०, ਦ੍ਰਿੜ੍ਹਤਾ ਨਾਲ ਕਹਿਣਾ।

Average, *n.* ਐਵਰੇਜ-ਔਸਤ, ਮੱਧਮ, ਵਿੱਚਕਾਰ ਦਾ ਲੇਖਾ; *a.* ਵਿੱਚ ਦਾ, ਵਿਚਕਾਰਲਾ, ਮੱਧਮ; *v. t.* ਦਰਮਿਆਨ ਕ०, ਵਿਚਕਾਰ ਕ०।

Averruncate, *v. t.* ਐਵੇਰਨਕੇਟ-ਜੜ੍ਹ ਤੋਂ ਉਖਾੜ ਦੇਣਾ।

Averse, *a.* ਐਵਰਸ—ਬਿਪਰੀਤ, ਪ੍ਰਤੀਕੂਲ; ਵਿਰੁੱਧ; ਟੇਢਾ।

Aversion, *n.* ਐਵਰਸ਼ਨ—ਨਫ਼ਰਤ, ਘਿਰਨਾਂ, ਘਿਨਾਂ।

Avert, *v. t.* ਐਵਰਟ—ਮੋੜਨਾ, ਦੂਰ ਕ०, ਦਫ਼ਾ ਕ०, ਟਾਲਨਾ, ਹਟਾਉਣਾ।

Aviary, *n.* ਏਵਿਅਰੀ—ਚਿੜੀਆਂ ਦਾ ਘਰ, ਚਿੜੀਆ ਖ਼ਾਨਾ।

Avid, *a.* ਏਵਿਡ-ਲਾਲਚੀ, ਖ਼ਾਹਿਸ਼ਵੰਦ।

Avidity, *n.* ਏਵਿਡਿਟੀ—ਲਾਲਚ, ਲੋਭ, ਲਾਲਸਾ; ਭੁੱਖ, ਖੁੱਧਿਆ।

Avocation, *n.* ਐਵੋਕੇਸ਼ਨ-ਭੁਲਾਵਾ; ਬਿਉਪਾਰ; ਕੰਮ, ਪੇਸ਼ਾ, ਸ਼ਗਲ, ਧੰਦਾ।

Avoid, *v. t.* ਅਵਾਇਡ-ਬਚਣਾ, ਅਲੱਗ ਰੈਹਣਾ, ਤਿਆਗਣਾ, ਟਾਲਮਟੋਲਾ ਕ०, ਉਠਾ ਦੇਣਾ, ਪਰਹੇਜ਼ ਕ०, ਬਚਕੇ ਰਹਿਣਾ।

Avoidable, *a.* ਅਵਾਇਡੇਬਲ—ਬਚਣੇ ਜੋਗ, ਅਲੱਗ ਰੱਖਣ ਦੇ ਲਾਇਕ।

Avoirdupois, *n.* ਅਵਰਡੁਪੋਇਜ਼-ਇੱਕ ਵੱਟਾ ਜਿਸਦੇ ਇੱਕ ਪੌਂਡ ਦੇ ੧੬ ਔਂਸ ਹੁੰਦੇ ਹਨ।

Avolation, *n.* ਐਵੋਲੇਸ਼ਨ—ਉੱਡ ਜਾਣ ਦੀ ਹਾਲਤ, ਭੱਗਲ ਹੋ ਜਾਣ ਦੀ ਹਾਲਤ।

Avouch, *v. t.* ਐਵੌਚ-ਇਕਰਾਰ ਕ०, ਨਵੇਦਨ ਕ०, ਪੁਸ਼ਟੀ ਕ०, ਸਾਬਤ ਕ०; *n.* ਗਵਾਹੀ, ਸ਼ਹਾਦਤ।

Avow, *v. t.* ਏਵਾਉ-ਕਬੂਲ ਕ०, ਅੰਗੀਕਾਰ ਕ०; ਠਹਿਰਾਉਣਾ; ਵਰਨਨ ਕ०।

…ਪਰਾਰ ਯਾ

Avowedly, *adv.* ਅਵਾਊਡਲੀ—ਸਾਫ਼ ੨, ਮੂੰਹੋਂ ਮੂੰਹ।

Avulsion, *n.* ਏਵਲਸ਼ਨ-ਅਲਗਾਵ, ਤੋੜਾਵ, ਖਿੰਚਾਵ।

Await, *v. t.* ਅਵੇਟ-ਰਾਹ ਵੇਖਣਾ, ਤੱਕਣਾ, ਉਡੀਕਣਾ; ਤਿਆਰ ਹੋਣਾ।

Awake, *v. t.* ਅਵੇਕ-ਜਗਾਉਣਾ, ਉਠਾਉਣਾ; ਖ਼ਬਰਦਾਰ ਕ०, ਹੁਸ਼ਿਆਰ ਕ०, ਕੰਨ ਖੋਲ੍ਹਣੇ; ਨਵੇਂ ਕੰਮ ਵਿੱਚ ਲਾਉਣਾ; *v. i.* ਜਾਗ ਉਠਣਾ; *a.* ਜਾਗਦਾ; ਖ਼ਬਰਦਾਰ, ਹੁਸ਼ਿਆਰ, ਸੁਚੇਤ।

Awaken, *v. t.* ਅਵੇਕਨ—ਵੇਖੋ ਸ਼ਬਦ "Awake."

Award, *v. t.* ਏਵਾਰਡ-ਫ਼ੈਸਲਾ ਕ०, ਡਿਗਰੀ ਦੇਣੀ; ਤਜਵੀਜ਼ ਕ०, ਨਿਰਨਯ ਕ०; ਇਨਾਮ ਆਦਿਕ ਦੇਣਾ, ਵਿਚਾਰ ਪੂਰਬਕ ਦੇਣਾ; *n.* ਫ਼ੈਸਲਾ, ਹੁਕਮ, ਤਜਵੀਜ਼।

Aware, *a.* ਅਵੇਅਰ—ਹੁਸ਼ਿਆਰ, ਖ਼ਬਰਦਾਰ, ਸੁਚੇਤ, ਚੇਤੰਨ, ਚੌਕਸ; ਜਾਣਦਾ, ਵਾਕਫ਼।

Away, *adv.* ਅਵੇ-ਦੂਰ, ਵਿਛੜਿਆ ਹੋਇਆ; ਗ਼ੈਰ ਹਾਜ਼ਰ; *Int.* ਦੂਰ ਹੋ ਜਾਹ, ਹਟੋ, ਜਾਓ, ਉਠੋ, ਪਰੇ ਹੋ।

Awe, *n.* ਆ-ਰੋਬ, ਦਬ ਦਬਾ; ਡਰ; *v. t.* ਡਰਾਉਣਾ, ਭਯ ਦਿਖਾਉਣਾ।

Awful, *a.* ਆਫੁਲ—ਭਯਾਨਕ, ਡਰਾਉਣਾ, ਖ਼ੌਫ਼ਨਾਕ।

Awhile, *adv.* ਏਵਾਈਲ-ਕੁਛ ਕਾਲ, ਥੋੜੀ ਦੇਰ ਤਕ, ਕੁਛ ਦਿਨ।

Awkward, *a.* ਆਕਵਰਡ-ਅਨਾੜੀ, ਅਵਾਣ; ਗੁਆਰ, ਨਾਮਾਕੂਲ; ਭੱਦਾ, ਬਡੌਲ, ਬੇਢੰਗਾ; ਟੇਢਾ, ਵਿੰਗਾ।

Awkwardness, *n.* ਆਕਵਾਰ੍ਡਨੈਸ-ਅਨਾੜੀ ਪੁਣਾ; ਬੇਢੰਗਾ ਪਨ।

Awl, *n.* ਆਲ-ਸੂਆ, ਨਹੇਰਨੀ, ਮੋਚੀਆਂ ਦਾ ਸੂਆ।

Awning, *n.* ਆਨਿੰਗ-ਸਾਇਬਾਨ, ਚੰਦੋਆ, ਸ਼ਾਮਿਆਨਾ।

Awoke, *p. t.* ਏਵੋਕ-*p. t.* of Awake ਜਾਗਿਆ ਹੋਇਆ ।

Awry, *adv.* ਅੱਰੀ-ਤ੍ਰਿੱਛਾ, ਟੇਢਾ, ਡਿੰਗਾ ।

Ax, **Axe**, *n.* ਐਕਸ-ਕੁਲਹਾੜੀ, ਕੁਡਾਲੀ, ਤੇਸ਼ਾ ।

Axiom, *n.* ਐਕਸੀਅਮ-ਸੁਤੇਸਿੱਧ, ਆਪੇ ਸਿੱਧ ਹੋਨ ਵਾਲਾ; ਅਸੂਲ, ਜਿਸਦੇ ਸਬੂਤ ਦੇਨ ਦੀ ਲੋੜ ਨਹੀਂ, ਸੁਤੇ ਪ੍ਰਕਾਸ਼ ਪਰਮਾਨ ।

Axis, *n.* ਐਕਸਿਸ-ਮਹਿਵਰ, ਧੁਰਾ ।

Axle, *n.* ਐਕਸਿਲ-ਧੁਰੀ; ਧੁਰਾ ।

Ay, *adv.* ਆਈ-ਹਾਂ, ਕਿੰਤੂ ।

Aye, *adv.* ਏ-ਹਮੇਸ਼ਾਂ, ਸਦਾ, ਨਿੱਤ, ਸਰਬਦਾ ।

Azure, *a.* ਐਜ਼ਿਉਰ-ਅਕਾਸ਼ ਦੇ ਰੰਗ ਦਾ, ਨੀਲਾ; *n.* ਨੀਲਵਰਣ ।

Azyme, *n.* ਏਜ਼ਾਮ-ਨਾ ਖ਼ਮੀਰ ਕੀਤੀ ਹੋਈ ਰੋਟੀ ॥

B

Baa, *n.* ਬਾ-ਭੇਡ ਦੀ ਭੂੰ ਭੂੰ; *v. n.* ਭੇਡ ਵਾਂਙੂ ਭੂੰ ੨ ਕ० ।

Babal, *n.* ਬੈਬਲ-ਗੜ ਬੜ ।

Babble, *v. i.* ਬੈਬਲ—ਬੱਚੇ ਵਾਂਙੂ ਬਕਨਾ, ਬਕਵਾਸ ਕ०, ਵਾ ਦੁਆ ਬਕਨਾ; ਭੇਦ ਖੋਲ੍ਹਨਾ; *n.* ਬਕ ਬਕ, ਵਾ ਦੁਆ, ਬਕਵਾਸ ।

Babbler, *n.* ਬੈਬਲਰ-ਬਕਵਾਸ ਕਰਨ ਵਾਲਾ, ਬਕਵਾਸੀ, ਭੌਂਕਾ ।

Babe, **Baby**, *n.* ਬੇਬੀ-ਬਾਲਕ, ਦੁੱਧ ਪੀਂਦਾ ਬੱਚਾ ।

Babel, *n.* ਬੈਬਲ-ਈਸਾਈਆਂ ਦੀ ਧਰਮ ਪੁਸਤਕ ਵਿੱਚ ਇੱਕ ਸ਼ਹਿਰ ਦਾ ਨਾਉਂ ਜਿਸ ਵਿੱਚ ਜ਼ਬਾਨਾਂ (ਬੋਲੀਆਂ) ਬਦਲੀਆਂ ਗਈਆਂ ।

Baboon, *n.* ਬੈਬੂਨ-ਲੰਗੂਰ, ਇੱਕ ਪ੍ਰਕਾਰ ਦਾ ਬਾਂਦਰ ।

Baby-farm, *n.* ਬੇਬੀਫ਼ਾਰਮ-ਇੱਕ ਆਸ਼ਰਮ ਜਿਸ ਵਿੱਚ ਬਿਬਚਾਰੀ ਲੋਗ ਅਪਨੇ ਬੁਰੇ ਆਚਾਰ ਨਾਲ ਪੈਦਾ ਕੀਤੇ ਹੋਏ ਬੱਚੇ ਕੁਝ ਰੁਪੱਯੇ ਦੇਕੇ ਦੇ ਆਉਂਦੇ ਹਨ ਤਾਂਕਿ ਉਨ੍ਹਾਂ ਨੂੰ ਉੱਥੇ ਪਾਲਿਆ ਜਾਵੇ ।

Baby-hood, *n.* ਬੇਬੀਹੁੱਡ—ਬਚਪਨ, ਬਾਲਪਨ ।

Baby-show, *n.* ਬੇਬੀ-ਸ਼ੋ—ਬੱਚਿਆਂ ਦੀ ਨੁਮਾਇਸ਼ ।

Bacchanal, Bacchant, *n.* ਬੈਕਾਨਲ, ਬੈਕੰਟ — ਸ਼ਰਾਬੀ, ਭੰਗੜ ।

Bachelor, *n.* ਬੈਚੇਲਰ-ਕੁਆਰਾ, ਨਾ ਵਿਆਹਿਆ ਹੋਇਆ ;—*of arts* ਯੂਨੀਵਰਸਿਟੀ ਦੀ ਬੀ. ਏ. ਦੀ ਡਿਗਰੀ ।

Bacilus, *n.* ਬੈਸੀਲਸ—ਛੋਟੇ ਪ੍ਰਮਾਣੂ ਜੈਸੇ ਕੀੜੇ ਜੋ ਲਹੂ ਵਿੱਚ ਪਾਏ ਜਾਂਦੇ ਹਨ ।

Back, *n.* ਬੈਕ—ਪਿੱਠ, ਪਿਛਾੜੀ; *adv.* ਪਿੱਛੇ; *v. i.* ਹਟਨਾ, ਪਿੱਛੇ ਹਟਨਾ; *v. t.* ਘੋੜੇ ਉੱਤੇ ਚੜ੍ਹਨਾ; ਸਹਾਰਾ ਦੇਨਾ, ਪੁਸ਼ਟੀ ਕ०, ਪਿੱਛੇ ਹਟਾਉਨਾ; ਪਿੱਛਾ ਕ०, ਮੱਦਦ ਦੇਨਾ ।

Back-bite, *v. t.* ਬੈਕਬਾਈਟ-ਚੁਗ਼ਲੀ ਖਾਨਾ, ਪਿੱਠ ਪਿੱਛੇ ਨਿੰਦਾ ਕਰਨੀ ।

Back-biter, *n.* ਬੈਕਬਾਈਟਰ-ਚੁਗ਼ਲ ਖ਼ੋਰ, ਨਿੰਦਕ ।

Back-biting, *n.* ਬੈਕਬਾਈਟਿੰਗ—ਚੁਗ਼ਲਖ਼ੋਰੀ, ਨਿੰਦਾ ।

Back-bone, *n.* ਬੈਕਬੋਨ—ਰੀੜ੍ਹ; ਪਿੱਠ ਯਾ ਕਮਰ ਦੀ ਹੱਡੀ ।

Back-door, *n.* ਬੈਕਡੋਰ-ਚੋਰ ਖਿੜਕੀ, ਚੋਰ ਰਾਹ, ਚੋਰ ਦਰਵਾਜ਼ਾ ।

Back-friend, *n.* ਬੈਕਫ਼੍ਰੈਂਡ-ਲੁਕਿਆ ਹੋਯਾ ਦੁਸ਼ਮਨ ਯਾ ਵੈਰੀ ।

Back-gammon, *n.* ਬੈਕਗੈਮਨ—ਚੌਪਟ ਜੇਹੀ ਇੱਕ ਖੇਡ ।

Back-ground, *n.* ਬੈਕਗ੍ਰਾਉਂਡ—ਤਸਵੀਰ ਦਾ ਓਹ ਹਿੱਸਾ ਜੋ ਦੇਖਨ ਵਾਲੇ ਤੋਂ ਬਹੁਤ ਦੂਰ ਜਾਪਦਾ ਹੈ; ਨਜ਼ਰੋਂ ਗ਼ੈਬ, ਅੱਖਾਂ ਤੋਂ ਓਹਲੇ ।

Back-room, *n.* ਬੈਕਰੂਮ-ਚੋਰ ਕੋਠੜੀ ।

Back-side, *n.* ਬੈਕਸਾਈਡ-ਚੂੱਤੜ, ਚਿੱਤੜ ।

Backslide, *v. t.* ਬੈਕਸਲਾਈਡ—ਡਿੱਗਨਾ, ਪਤਿਤ ਹੋਨਾ, ਫਿਰ ਜਾਨਾ ।

Backslider, *n.* ਬੈਕਸਲਾਈਡਰ-ਧਰਮ ਭ੍ਰਸ਼ਟ, ਪਤਿਤ ।

Backward, *adv.* ਬੈਕਵਾਰਡ-ਪਿੱਛੇ; *a.*

ਆਲਸੀ, ਦੋਚਿਤਾ, ਦਿਲ ਛੱਡੂ, ਓਹ ਜਿਸਨੂੰ ਆਉਂਦਾ ਜਾਂਦਾ ਕੁਝ ਨ ਹੋਵੇ ।

Backwardness, *n.* ਬੈਕਵਾਰਡਨੈਸ—ਢਿੱਲ, ਸੁਸਤੀ ।

Backwards, *adv.* ਬੈਕਵਾਰਡਸ-ਪਿੱਛੇ ।

Bacon, *n.* ਬੇਕਨ-ਸੂਰ ਦਾ ਸੁਕਾਇਆ ਹੋਯਾ ਤੇ ਲੂਨ ਵਾਲਾ ਮਾਸ ।

Bad, *a.* ਬੈਡ—ਮੰਦਾ, ਖੋਟਾ, ਦੁਸ਼ਟ, ਬੁਰਾ, ਦੁਖਦਾਈ, ਬਦ ਨਸੀਬ; ਮਾਂਦਾ ।

Badge, *n.* ਬੈਜ—ਪਛਾਨਣ ਲਈ ਨਸ਼ਾਨੀ, ਚਪੜਾਸ, ਪਟਾ ।

Badger, *n.* ਬੈਜਰ-ਬਿੱਜੂ; ਬਿਉਪਾਰੀ ਜੋ ਇੱਕ ਜਗ੍ਹਾ ਤੋਂ ਮਾਲ ਖਰੀਦਦਾ ਹੈ ਅਤੇ ਦੂਜੀ ਜਗ੍ਹਾ ਲਿਜਾਕੇ ਵੇਚਦਾ ਹੈ; *v. t.* ਸਤਾਉਣਾ ।

Badly, *adv.* ਬੈਡਲੀ-ਬੁਰੀ ਤਰ੍ਹਾਂ ਨਾਲ, ਅਜੋੜਪੁਣੇ ਨਾਲ; ਅਨਾੜੀਪਨ ਨਾਲ ।

Baffle, *v. t.* ਬੈਫ਼ਲ—ਠੱਗਣਾ; ਘਬਰਾ ਦੇਣਾ; ਮਾਰਨਾ; ਅਕਲ ਮਾਰ ਦੇਣੀ; ਕਿਸੇ ਜਗ੍ਹਾ ਨ ਰਹਿਨ ਦੇਣਾ ।

Bag, *n.* ਬੈਗ-ਥੈਲਾ, ਬੋਰੀ, ਝੋਲੀ, ਖੀਸਾ; *v. t.* ਬੋਰੇ ਵਿੱਚ ਭਰਨਾ; ਫੜਨਾ, ਸ਼ਿਕਾਰ ਕਰਨਾ ।

Baggage, *n.* ਬੈਗੇਜ-ਫ਼ੌਜ ਦਾ ਸਾਮਾਨ, ਡੇਰਾ ਬਸਤ੍ਰ, ਬਿਸਤ੍ਰਾ ਬੋਰੀਆ; ਇੱਕ ਨਖ਼ਰੇ ਵਾਲੀ ਇਸਤ੍ਰੀ ।

Bag-pipe, *n.* ਬੈਗਪਾਈਪ-ਵਾਜਾ ਜੋ ਫੂਕਨ ਥੀਂ ਵੱਜਦਾ ਹੈ, ਬੀਨ ।

Bail, *n.* ਬੇਲ-ਜ਼ਮਾਨਤ; ਮੁਚੱਲਕਾ; ਜ਼ਾਮਨ; *v. t.* ਜ਼ਮਾਨਤ ਦੇਣੀ, ਮੁਚੱਲਕਾ ਲੈਣਾ, ਜ਼ਮਾਨਤ ਪੁਰ ਛੱਡਣਾ ਯਾ ਰਹਾ ਕ० ।

Bailable, *a.* ਬੇਲੇਬਲ—ਜ਼ਮਾਨਤ ਦੇ ਜੋਗ, ਜਿਸਦੀ ਜ਼ਮਾਨਤ ਹੋ ਸਕਦੀ ਹੈ ਤੇ ਕਾਨੂਨ ਕੋਈ ਰੁਕਾਵਟ ਨਹੀਂ ਪਾ ਸਕਦਾ ।

Bailiff, *n.* ਬੇਲਿਫ਼—ਪਿਆਦਾ, ਕਚਹਿਰੀ ਦਾ ਚਪੜਾਸੀ; ਅਮੀਨ ।

Bait, *v. t.* ਬੇਟ-ਫਾਹੀ ਲਾਉਣੀ, ਜਾਲ ਵਿੱਚ ਮਾਸ ਆਦਿਕ ਜਾਨਵਰਾਂ ਨੂੰ ਫੜਨ ਵਾਸਤੇ ਲਾਉਣਾ, ਚਾਰਾ ਲਗਾਉਣਾ, ਰਸਤੇ ਵਿੱਚ ਅਨਾਜ ਪਾਣੀ ਦੇਣਾ; *n.* ਲਾਲਚ ਦੇਣ ਵਾਲੀ ਚੀਜ਼, ਲਾਲਚ, ਫਾਹੀ, ਮੱਛੀ ਫੜਨ ਦਾ ਕੰਡਾ ।

Baize, *n.* ਬੇਜ਼-ਪੱਟੂ ।

Bake, *v. t.* ਬੇਕ-ਪੱਕਾ ਕਰਨਾ, ਪਕਾਉਣਾ ।

Baker, *n.* ਬੇਕਰ-ਰੋਟੀ ਵਾਲਾ, ਨਾਨਬਾਈ ।

Bakery, *n.* ਬੇਕਰੀ-ਰੋਟੀ ਘਰ, ਤੰਦੂਰ ।

Balance, *n.* ਬੈਲੈਂਸ-ਬਾਕੀ; ਤੱਕੜੀ; ਤੁਲਾ ਰਾਸ; *v. t.* ਤੋਲਣਾ, ਧੜਾ ਬੰਨ੍ਹਣਾ; ਥੰਮਣਾ ।

Balcony, *n.* ਬਾਲਕੋਨੀ—ਬਾਲਾਖ਼ਾਨਾ, ਬਰਾਮਦਾ, ਮਾੜੀ ।

Bald, *a.* ਬਾਲਡ-ਨੰਗਾ; ਗੰਜਾ; ਬੁਰਾ ।

Baldness, *n.* ਬਾਲਡਨੈਸ-ਗੰਜ ।

Bale, *n.* ਬੇਲ-ਗੰਢ, ਗਠੜੀ, ਧੋਰੀ; ਦੁੱਖ, ਕਲੇਸ਼; *v. t.* ਗੰਢ ਬੰਨ੍ਹਣਾ ।

Baleful, *a.* ਬੇਲਫ਼ੁਲ-ਦੁਖੀ; ਉਦਾਸ ।

Balk, *n.* ਬਾਕ-ਖੇਤ ਦੀ ਵੱਟ; ਸ਼ਤੀਰ, ਕੜੀ; ਨਿਰਾਸਤਾ; *v. t.* ਧੋਖਾ ਦੇਣਾ; ਨਿਰਾਸ ਕ०; ਬੇਕਾਰ ਕ०, ਵਿਗਾੜਨਾ ।

Ball, *n.* ਬਾਲ-ਗੋਲਾ, ਗੋਲੀ; ਅੱਖ ਦਾ ਡੇਲਾ; ਗੇਂਦ; ਨਾਚ ।

Ballad, *n.* ਬੈਲਡ-ਰਾਗ, ਗੀਤ; ਜਿਸ ਵਿੱਚ ਬਹਾਦਰੀ ਦਾ ਜ਼ਿਕਰ ਹੋਵੇ ।

Ballast, *n.* ਬੈਲੈਸਟ—ਓਹ ਭਾਰੀ ਚੀਜ਼ ਜੋ ਜਹਾਜ਼ ਨੂੰ ਸਿੱਧਾ ਰੱਖਨ ਲਈ ਜਹਾਜ਼ ਦੀ ਹੇਠਲੀ ਤੈਹ (ਛੱਤ) ਵਿੱਚ ਰੱਖੀ ਜਾਂਦੀ ਹੈ; ਰੋੜਾ, ਕੰਕਰ ਆਦਿਕ ਜੋ ਰੇਲ ਆਦਿਕ ਦੀ ਸੜਕ ਤੇ ਪਾਇਆ ਜਾਂਦਾ ਹੈ ।

Ballet, *n.* ਬੈਲਟ-ਨਾਟਕ, ਨਾਚ ।

Balloon, *n.* ਬੈਲੂਨ-ਗ਼ੁਬਾਰਾ, ਬਬਾਨ, ਉੱਡਨ ਖਟੋਲਾ, ਹਵਾਈ ਜਹਾਜ਼; ਰਸਾਇਨ ਬਨਾਉਨ ਲਈ ਇੱਕ ਭਾਂਡਾ ।

Ballot, *n.* ਬੈਲਟ-ਗੋਲੀ ਜੋ ਰਾਇ ਦੇਨ ਵਿੱਚ ਵਰਤੀ ਜਾਂਦੀ ਹੈ, ਪੋਸ਼ੀਦਾ ਰਾਇ; *v. i.* ਗੋਲੀ ਨਾਲ ਰਾਇ ਦੇਣਾ, ਪੋਸ਼ੀਦਾ ਰਾਇ ਦੇਣੀ ।

Ball-room, *n.* ਬਾਲਰੂਮ—ਨਾਚ ਘਰ, ਨਾਚ ਦਾ ਕਮਰਾ ।

Balm, *n.* ਬਾਮ-ਸੁਗੰਧੀ ਵਾਲਾ ਲੇਪ, ਮਲ੍ਹਮ; *v. t.* ਸੁਗੰਧੀ ਵਾਲਾ ਲੇਪ ਲਗਾਉਣਾ ।

Balmy, *a.* ਬਾਮੀ–ਖ਼ੁਸ਼ਬੂਦਾਰ; ਆਰਾਮ ਦੇਨ ਵਾਲਾ, ਸੁਖਦਾਈ; ਠੰਢਾ; ਨਰਮ ।

Balneary, *n.* ਬਾਲਨੀਅਰੀ—ਅਸ਼ਨਾਨ ਘਰ, ਗੁਸਲ ਖ਼ਾਨਾ ।

Balneation, *n.* ਬਾਲਨੀਏਸ਼ਨ—ਅਸ਼ਨਾਨ, ਨ੍ਹਾਉਨ ।

Balsam, *n.* ਬਾਲਸਮ–ਮਰਹਮ, ਤਿਲਾ; ਮਹਿੰਦੀ ਦਾ ਫੁੱਲ ।

Baluster, Balustrade,	*n.*	ਬਲਸਟਰ ਬਲਸਟਰੇਡ	ਕਟਹਿਰਾ, ਜੰਗਲਾ ; ਵਾੜ ।

Bamboo, *n.* ਬੈਂਬੂ–ਵਾਂਸ ।

Bamboozle, *v. t.* ਬੈਂਬੂਜ਼ਲ–ਦੰਮ ਦਿਲਾਸਾ ਦੇਨਾ; ਠੱਗਨਾ, ਧੋਖਾ ਦੇਨਾ; *n.* ਧੋਖਾ ।

Ban, *n.* ਬੈਨ–ਵਿੱਗਜਾਪਨ; ਸਰਾਪ, ਲਾਨਤ ।

Banana, *n.* ਬੈਨਾਨਾ–ਕੇਲਾ ।

Band, *n.* ਬੈਂਡ–ਪੱਟੀ; ਸੰਗਤ, ਜਮਾਤ, ਮੰਡਲੀ, ਗ੍ਰੋਹ; ਫ਼ੌਜ ਦਾ ਦਸਤਾ; ਵਾਜਾ ਅਤੇ ਵਜਾਉਨ ਵਾਲੇ; *v. t.* ਇਕੱਠਾ ਕਰਨਾ ।

Bandage, *n.* ਬੈਂਡੇਜ–ਪੱਟੀ, ਬੰਦ; *v. t.* ਪੱਟੀ ਯਾ ਬੰਦ ਬੰਨ੍ਹਣਾ ।

Bandit, *n.* ਬੈਂਡਿਟ–ਡਾਕੂ, ਲੁਟੇਰਾ ।

Band-master, *n.* ਬੈਂਡਮਾਸਟਰ—ਵਾਜਾ ਸਿਖਾਉਨ ਵਾਲਾ, ਬੀਨ ਮਾਸਟਰ ।

Bandog, *n.* ਬੈਂਡਾਗ–ਇੱਕ ਵੱਡਾ ਕੁੱਤਾ ।

Bandy, *a.* ਬੈਂਡੀ–ਟੇਢਾ, ਵਿੰਗਾ; *v. t.* ਏਧਰ ਤੋਂ ਓਧਰ ਮਾਰਨਾ ਯਾ ਫੈਂਕਨਾ; ਵਟੰਡਾ ਵਾਦ ਕ°, ਝਗੜਨਾ; ਰੱਦ ਬਦਲ ਕ° ।

Bane, *n.* ਬੇਨ–ਵਿਖ, ਜ਼ਹਿਰ; ਬਰਬਾਦੀ, ਨਾਸ਼; ਬਿਪਤਾ, ਆਫ਼ਤ, ਬਲਾ; *v. t.* ਵਿਖ ਦੇਨਾ ।

Baneful, *a.* ਬੇਨਫ਼ੁਲ—ਵਿਖ ਵਾਲਾ, ਜ਼ਹਿਰਦਾਰ; ਦੁਖਦਾਈ; ਘਾਤਕ ।

Bang, *n.* ਬੈਂਗ–ਮੁੱਕਾ, ਘਸੁੰਨ; ਖੜਕਾ, ਉੱਚੀ ਅਵਾਜ਼ ਜੋ ਕਿਸੇ ਭਾਰੀ ਚੀਜ਼ ਦੇ ਡਿੱਗਨ ਦੀ ਆਉਂਦੀ ਹੈ; *v. t.* ਸੋਟੇ ਨਾਲ ਮਾਰਨਾ; ਠੋਕਨਾ ।

Bangle, *n.* ਬੈਂਗਲ–ਕੜਾ, ਗੋਖੜੂ, ਬਾਂਕ; ਚੂੜੀ; ਕੜੀ ।

Banian, *n.* ਬੇਨੀਅਨ—ਬਾਨੀਆਂ, ਸਾਹੂਕਾਰ, ਸੇਠ, ਮਹਾਜਨ; ਕੁੜਤਾ, ਬਨਿਐਨ ।

Banish, *v. t.* ਬੈਨਿਸ਼—ਦੂਰ ਕ°, ਬਾਹਿਰ ਕ°, ਨਿਕਾਲਨਾ; ਦੇਸ ਥੀਂ ਕੱਢ ਦੇਨਾ, ਦੂਰ ਕਰ ਦੇਨਾ, ਜਲਾਵਤਨ ਕ°, ਦੇਸਨਿਕਾਲਾ ਦੇਨਾ; ਕਾਲੇਪਾਨੀ ਭੇਜਨਾ ।

Banishment, *n.* ਬੈਨਿਸ਼ਮੈਂਟ–ਦੇਸਨਿਕਾਲਾ, ਜਲਾਵਤਨੀ ।

Bank, *n.* ਬੈਂਕ–ਟਿੱਲਾ; ਤੱਟ, ਕਿਨਾਰਾ; ਢੇਰ, ਤੋਦਾ; ਪੁਸ਼ਤਾ; ਬੈਂਕ ਯਾ ਕੋਠੀ ਜਿੱਥੇ ਰੁਪੱਯਾ ਰੱਖਦੇ ਹਨ; *v. t.* ਬੰਦ ਯਾ ਪੁਸ਼ਤਾ ਬੰਨ੍ਹਣਾ; ਹਿਸਾਬ ਕਿਤਾਬ ਰੱਖਨਾ, ਰੁਪੱਯਾ ਜਮ੍ਹਾਂ ਕ°, ਲੈਨ ਦੇਨ ਕ° ਯਾ ਰੱਖਨਾ ।

Banker, *n.* ਬੈਂਕਰ—ਮਹਾਜਨ, ਕੋਠੀ ਵਾਲਾ, ਸ਼ਾਹੂਕਾਰ ।

Banking, *n.* ਬੈਂਕਿੰਗ—ਸਾਹੂਕਾਰਾ, ਸਰਾਫ਼ੀ, ਰੁਪੱਯੇ ਦਾ ਬਿਓਪਾਰ ।

Bankrupt, *n.* ਬੈਂਕਰਪਟ–ਦਿਵਾਲੀਆ; *v.t.* ਦਿਵਾਲਾ ਕੱਢਨਾ ।

Bankruptcy, *n.* ਬੈਂਕਰਪਸੀ–ਦਿਵਾਲਾ ।

Banner, *n.* ਬੈਨਰ–ਝੰਡਾ, ਨਿਸ਼ਾਨ, ਧੁਜਾ ।

Banns, *n* ਬੈਨਸ—ਵਿਆਹ ਦਾ ਵਿੱਗਜਾਪਨ, ਸ਼ਾਦੀ ਦੀ ਖ਼ਬਰ ।

Banquet, *n.* ਬੈਂਕਵਿਟ—ਭੋਜਨ, ਦਾਵਤ; ਜ਼ਿਆਫ਼ਤ; *v. i.* ਦਾਵਤ ਯਾ ਜ਼ਿਆਫ਼ਤ ਕਰਨਾ ।

Banter, *v. t.* ਬੈਂਟਰ–ਠੱਠਾ ਕ°, ਹਾਸੀ ਕ°, *n.* ਹਾਸੀ, ਠੱਠਾ, ਮਖ਼ੌਲ, ਛੇੜ ਛਾੜ ।

Bantling, *n.* ਬੈਂਟਲਿੰਗ–ਦੁੱਧ ਪੀਂਦਾ ਬਾਲਕ, ਰੁਲਦ ਖੁਲਦ ਛੋਟਾ ਬਾਲ, ਬੱਚਾ ।

Baptism, *n.* ਬੈਪਟਿਜ਼ਮ—ਈਸਾਈਆਂ ਦੀ ਪਹੁਲ; ਬਿਪਤਸਮਾਂ ।

Baptist, *n.* ਬੈਪਟਿਸਟ—ਬਿਪਤਸਮਾਂ ਦੇਨ ਵਾਲਾ, ਪਾਦਰੀ ।

Baptize, *v. t.* ਬੈਪਟਾਈਜ਼—ਈਸਾਈ ਬਨਾਉਨਾ; ਬਿਪਤਸਮਾਂ ਦੇਨਾ; ਈਸਾਈਆਂ ਵਿੱਚ ਨਾਂ ਰੱਖਨ ਦੀ ਰਸਮ ਕਰਨੀ ।

Bar, *n.* ਬਾਰ–ਅਟਕਾਓ, ਰੋਕ; ਡੰਡਾ; ਅਦਾਲਤ ਦੇ ਵਕੀਲ; ਓਹ ਜੰਗਲਾ ਜਿੱਥੇ ਜਾਕੇ ਅਦਾਲਤ ਵਿੱਚ ਕੈਦੀ ਖੜਾ ਹੁੰਦਾ ਹੈ; ਸ਼ਰਾਬਖ਼ਾਨੇ ਦਾ ਕਟਹਿਰਾ ਜਿੱਥੇ ਸ਼ਰਾਬ ਵਿੱਕੀ

ਜਾਂਦੀ ਹੈ; *v. t.* ਰੋਕਨਾ, ਅਟਕਾ ਲੈਨਾ; ਖ਼ਾਰਜ ਕ० ।

Barb, *n.* ਬਾਰਬ–ਤੀਰ ਆਦਿਕ ਦਾ ਮੁੜਿਆ ਹੋਇਆ ਨੋਕ; ਮੱਛੀ ਪਕੜਨ ਦੀ ਨੋਕ; ਇੱਕ ਪ੍ਰਕਾਰ ਦਾ ਘੋੜਾ; *v. i.* ਦਾੜ੍ਹੀ ਮੁਨਾਉਨਾ ।

Barbarian, *n.* ਬਾਰਬੇਰਿਅਨ–ਜੰਗਲੀ,ਗੰਵਾਰ, ਵਹਿਸ਼ੀ, ਰਾਕਸ਼ ।

Barbaric, *a.* ਬਾਰਬੇਰਿਕ—ਵਹਿਸ਼ਿਆਨਾ, ਜੰਗਲੀ, ਅਸੱਭ ।

Barbarism, Barbarity, *n.* ਬਾਰਬੇਰਇਜ਼ਮ, ਬਾਰਬੇਰਇਟੀ ਗੰਵਾਰਪੁਨਾ, ਮੂਰਖਪੁਨਾ, ਬੇਅਕਲੀ ।

Barbarous, *a.* ਬਾਰਬੇਰਸ–ਵਹਿਸ਼ੀ; ਗੁਆਰ, ਜੰਗਲੀ; ਬੇਰਹਿਮ, ਕਠੋਰ; ਓਹ ਜਿਸਨੂੰ ਵਿੱਦਜਾ ਦਾ ਕੁਝ ਬੋਧ ਨ ਹੋਵੇ ।

Barbed, *a.* ਬਾਰਬਡ–ਖ਼ਾਰਦਾਰ, ਕੰਡੇ ਵਾਲਾ ।

Barber, *n.* ਬਾਰਬਰ–ਨਾਈ, ਨਊਆ, ਹਜਾਮ; ਖ਼ਲੀਫ਼ਾ ।

Barbery, *n.* ਬਾਰਬੇਰੀ–ਜ਼ਰਿਸ਼ਕ ।

Barbette, *n.* ਬਾਰਬੱਟ–ਦਮਦਮਾ ।

Barbicon, *n.* ਬਾਰਬੀਕਨ–ਫ਼ਸੀਲ ਦਾ ਬੁਰਜ ।

Bard, *n.* ਬਾਰਡ–ਭੱਟ, ਕਵੀ ।

Bare, *a.* ਬੇਅਰ–ਨੰਗਾ; ਕੇਵਲ; ਪਛਾਨਿਆ ਗਿਆ; ਕੰਗਾਲ, ਨਿਰਧਨ, ਜਿਵੇਂ (bare of money).

Bare-boned, *a.* ਬੇਅਰਬੋਨਿਡ–ਨੰਗੀ ਹੱਡੀਆਂ ਵਾਲਾ, ਕਮਜ਼ੋਰ, ਪਤਲਾ ।

Bare-faced, *a.* ਬੇਅਰਫ਼ੇਸਿਡ–ਢੀਠ,ਨਿਰਲੱਜ, ਬੇਸ਼ਰਮ; ਬੇਪੜਦਾ ।

Bare-foot, *a.* ਬੇਅਰਫ਼ੁੱਟ—ਨੰਗੇ ਪੈਰ, ਜੁੱਤੀ ਬਿਨਾਂ ।

Bargain, *n.* ਬਾਰਗੇਨ–ਸੌਦਾ, ਸੌਦਾ ਸੂਤ; ਬਚਨ, ਤੋਲ ਕਰਾਰ; *v. i.* ਵੇਚਨ ਵਾਸਤੇ ਸੌਦਾ ਕ०, ਮੁੱਲ ਕ०, ਚੁਕਾਉਨਾ ਜਾ ਠਹਿਰਾਉਨਾ ।

Barge, *n.* ਬਾਰਜ–ਮਾਲ ਲੱਦਨ ਲਈ ਬੇੜੀ, ਬਜਰਾ, ਸੈਰ ਕਰਨ ਲਈ ਬੇੜੀ; ਇੱਕ ਛੋਟਾ ਜਹਾਜ਼ ।

Barge-man, *n.* ਬਾਰਜਮੈਨ–ਮੱਲਾਹ ।

Bark, *n.* ਬਾਰਕ–ਬਿਛ ਦਾ ਛਿੱਲੜ, ਛਿਲਕਾ; ਛੋਟਾ ਜਹਾਜ਼; *v. t.* ਭੌਂਕਨਾ, ਹੌਂ ਹੌਂ ਕ०; ਛਿੱਲ ਲਾਹੁਨੀ ਜਾ ਉਤਾਰਨੀ ।

Barley, *n.* ਬਾਰਲੇ –ਜੌਂ, ਇੱਕ ਪ੍ਰਕਾਰ ਦਾ ਅਨਾਜ ।

Barley-beer, *n.* ਬਾਰਲੇਬੀਅਰ—ਜੌਂ ਦੀ ਸ਼ਰਾਬ ।

Barley-cake, *n.* ਬਾਰਲੇਕੇਕ–ਜੌਂ ਦੀ ਰੋਟੀ ।

Barley-corn, *n.* ਬਾਰਲੇਕੋਰਨ–ਜੌਂ ਦਾ ਦਾਨਾ; ਇੰਚ ਦਾ ਤੀਜਾ ਹਿੱਸਾ ।

Barley-meal, *n.* ਬਾਰਲੇਮੀਲ—ਜੌਂ ਦਾ ਆਟਾ ।

Barm, *n.* ਬਾਰਮ–ਖ਼ਮੀਰ, ਤਾੜੀ ।

Bar-maid, *n.* ਬਾਰਮੇਡ—ਸ਼ਰਾਬਖ਼ਾਨੇ ਦੀ ਟਹਿਲਨ ।

Barn, *n.* ਬਾਰਨ–ਖਲਵਾੜਾ, ਅਨਾਜ ਦਾ ਘਰ ।

Barnacle, *n.* ਬਾਰਨੇਕਲ—ਸਿੱਪ ਦੀ ਮੱਛੀ; ਹੰਸ ਸਮਾਨ ਇੱਕ ਪੰਛੀ; ਘੋੜੇ ਦੇ ਨਥਨੇ ਫੜਨ ਦਾ ਅੰਤਰ; ਐਨਕ ।

Baro-meter, *n.* ਬੈਰੋਮੀਟਰ–ਹਵਾ ਮਾਪਨ ਦਾ ਜੰਤਰ ।

Baron, *n.* ਬੈਰਨ—ਵਲਾਇਤ ਦੇ ਅਮੀਰ ਦਾ ਖ਼ਤਾਬ ।

Baronage, *n.* ਬੈਰਨਏਜ–ਅਮੀਰ, ਮੁਸ਼ੀਰ ।

Baroness, *n.* ਬੈਰਨਅਸ–Baron ਦੀ ਬੇਗਮ ।

Baronet, *n.* ਬੈਰੋਨੈਟ—baron ਥੀਂ ਦੂਜੀ ਪਦਵੀ ।

Baro-scope, *n.* ਬੈਰੋਸਕੋਪ–ਹਵਾ ਮਾਪਨ ਦਾ ਇੱਕ ਜੰਤਰ ।

Barouche, *n.* ਬੈਰੂਸ਼–ਚਾਰ ਪਹੀਆਂ ਦੀ ਟੱਪਦਾਰ ਗੱਡੀ ।

Barrack, *n.* ਬੈਰਕ–ਬਾਰਕ, ਸਿਪਾਹੀਆਂ ਦੇ ਰਹਿਨ ਦਾ ਮਕਾਨ ।

Barrel, *n.* ਬੈਰਲ—ਪੀਪਾ; ਬੀਰ ਸ਼ਰਾਬ ਦਾ ਨਾਪ; ਨਾਲੀ ।

Barren, *a.* ਬੈਰਨ—ਬੰਜਰ, ਜਿਸ ਵਿੱਚ ਕੁਝ ਪੈਦਾ ਨ ਹੋ ਸਕੇ, ਕੱਲਰੀ; ਸੰਢ (ਇਸਤ੍ਰੀ); ਅੱਫਲ, ਨਿਸਫਲ; *n.* ਕੱਲਰੀ ਧਰਤੀ, ਬੰਜਰ ਜ਼ਮੀਨ ।

Barricade, *n.* ਬੈਰੀਕੇਡ–ਰੋਕ; ਕੱਚਾ ਪੁਸ਼ਤਾ; ਕੱਚੀ ਮੋਰਚਾ ਬੰਦੀ; *v. t.* ਰੋਕਣਾ; ਨਾਕਾ-ਬੰਦੀ ਕ॰ ।

Barrier, *n.* ਬੈਰੀਇਰ–ਪਨਾਹ; ਹੱਦ; ਰੋਕ; ਖਾਈ ।

Barrister, Barrister-at-law, *n.* ਬੈਰਿਸਟਰ ਬੈਰਿਸਟਰਐਟਲਾ—ਵੱਡਾ ਵਕੀਲ, ਕੌਂਸਲੀ ਵਕੀਲ ।

Barrow, *n.* ਬੈਰੋ–ਹੱਥ ਗੱਡੀ, ਠੇਲਾ ।

Barter, *n.* ਬਾਰਟਰ–ਪਲਟੇ ਯਾ ਤਬਾਦਲੇ ਦਾ ਬਿਉਪਾਰ; *v. t.* ਪਲਟੇ ਦਾ ਬਿਉਪਾਰ ਕ॰, ਚੀਜ਼ ਪਿੱਛੇ ਚੀਜ਼ ਵਟਾਉਣੀ ।

Base, *n.* ਬੇਸ–ਬੁਨਿਆਦ, ਨੀਂ; ਤਲਾ, ਪਾਯਾ, ਕੁਰਸੀ; ਕਾਇਦਾ; ਅਧਾਰ; *a.* ਨਿਕੰਮਾਂ; ਨੀਚ, ਅਧਮ, ਕਮੀਨਾ; *v. t.* ਨੀਂ ਰੱਖਣੀ ।

Base-born, *a.* ਬੇਸਬੋਰਨ–ਹਰਾਮੀ, ਹਰਾਮ-ਜ਼ਾਦਾ, ਵਰਨ ਸੰਕਰ ।

Baseless, *a.* ਬੇਸਲੈਸ—ਬੇ ਬੁਨਿਆਦ, ਬੇ ਅਸਲ, ਜਿਸਦਾ ਸਿਰ ਨ ਪੈਰ ।

Basement, *n.* ਬੇਸਮੰਟ—ਬੁਨਿਆਦ; ਕਿਸੇ ਮਕਾਨ ਦੀ ਹੇਠਲੀ ਮੰਜ਼ਲ ।

Baseness, *n.* ਬੇਸਨੈਸ–ਨੀਚਪੁਨਾ, ਕਮੀਨਾਪਨ, ਪਾਜੀਪਨ; ਨੀਚਤਾ ।

Bashful, *a.* ਬੈਸ਼ਫ਼ੁਲ–ਸ਼ਰਮਾਕਲ, ਵੱਡੇ ਹਯਾ ਵਾਲਾ, ਸ਼ਰਮੀਲਾ, ਲੱਜਿਆਵਾਨ; ਝੱਟ ਪੱਟ ਘਬਰਾ ਜਾਨ ਵਾਲਾ; ਅਪਨੇ ਉੱਤੇ ਵਿਸ਼ਵਾਸ ਨ ਰੱਖਣ ਵਾਲਾ ।

Bashfulness, *n.* ਬੈਸ਼ਫ਼ੁਲਨੈਸ–ਲੱਜਾ, ਹਯਾ, ਲਾਜ, ਸ਼ਰਮ ।

Basil, *v. t.* ਬੇਸਿਲ—ਹਥਯਾਰ ਨੂੰ ਸਾਨ ਤੇ ਲਗਾਉਣਾ; ਕੰਢੇ ਤੇ ਕੋਨਾ ਬਣਾਉਣਾ; *n.* ਤਰਖਾਨ ਦੇ ਹਥਯਾਰ ਦੀ ਧਾਰ; ਤੁਲਸੀ ਦਾ ਬੂਟਾ, ਨਿਆਜ਼ ਬੋ ।

Basilica, *n.* ਬੇਸਿਲੀਕਾ–ਵੱਡਾ ਦਾਲਾਨ; ਬਾਂਹ ਦੀ ਵਿਚਕਾਰਲੀ ਨਾੜੀ ।

Basilisk, *n.* ਬੇਸੀਲਿਸਕ—ਇੱਕ ਕਿਸਮ ਦਾ ਚੋਟੀਦਾਰ ਸੱਪ ।

Basin, *n.* ਬੇਸਿਨ—ਇੱਕ ਛੋਟਾ ਭਾਂਡਾ; ਇੱਕ ਛੋਟਾ ਹੌਜ਼; ਮੁਲਕ ਦਾ ਉਹ ਹਿੱਸਾ ਜਿਸਨੂੰ ਦਰਯਾ ਪਾਨੀ ਦੇਂਦਾ ਹੈ ।

Basis, *n.* ਬੇਸਿਸ–ਮੂਲ, ਨੀਂਹ, ਬੁਨਿਆਦ ।

Bask, *v. t.* ਬਾਸਕ–ਧੁੱਪ ਸੇਕਣੀ, ਤਾਪਣੀ; ਧੁੱਪ ਸੇਕਣੀ ।

Basket, *n.* ਬਾਸਕਟ–ਟੋਕਰੀ, ਟੋਕਰਾ ।

Basket-hilt, *n.* ਬਾਸਕਟਹਿਲਟ–ਮੁੱਠ,ਦਸਤਾ; ਕਬਜ਼ਾ ।

Basket-woman, *n.* ਬਾਸਕਟਵੋਮੈਨ–ਟੋਕਰੀ ਵਾਲੀ ।

Bas-relief, *n.* ਬੈਸਰਿਲੀਫ਼–ਤੱਛਿਆ ਹੋਇਆ ਯਾ ਉਭਰਿਆ ਹੋਯਾ ਪੱਥਰ ਪੁਰ ਕੰਮ ।

Bass, *n.* ਬਾਸ–ਇੱਕ ਪ੍ਰਕਾਰ ਦੀ ਮੱਛੀ; ਮੁੜ੍ਹ, ਚਟਾਈ ।

Bastard, *n.* ਬੈਸਟਰਡ–ਹਰਾਮੀ, ਹਰਾਮਜ਼ਾਦਾ; ਖਚਰਾ; *a.* ਹਰਾਮ ਦਾ, ਹਰਾਮੀ; ਝੂਠਾ; ਖੋਟਾ ।

Baste, *v. t.* ਬੇਸਟ–ਲਾਠੀ ਨਾਲ ਮਾਰਨਾ; ਮੱਖਨ ਯਾ ਥਿਉ ਨਾਲ ਮਾਸ ਭੁਨਣਾ; ਕੱਚੀ ਸਲਾਈ ਕਰਨੀ; ਲੰਗਰ ਪਾਉਣਾ ।

Bastenado, *n.* ਬੈਸਟੀਨੇਡੋ–ਲੱਕੜੀ ਯਾ ਸੋਟੇ ਦੀ ਮਾਰ ।

Bastion, *n.* ਬੈਸਸ਼ਨ–ਬੁਰਜ ।

Bat, *n.* ਬੈਟ—ਚਮਗਿੱਦੜ; ਗੇਂਦ ਖੇਡਨ ਵਾਲਾ ਬੱਲਾ;

Batch, *n.* ਬੈਚ–ਘਾਨ; ਥੋਕ; ਗੁੱਹ; ਕਿਸੇ ਚੀਜ਼ ਦੀ ਉਤਨੀ ਮਿਕਦਾਰ ਜੋ ਇੱਕ ਵਾਰ ਕੀਤੀ ਜਾਏ ।

Bate, *v. t.* ਬੇਟ—ਘਟਾਉਣਾ, ਮੁੱਲ ਘਟਾਉਣਾ, ਕੱਟ ਲੈਣਾ ।

Batlet, *n.* ਬੈਟਲੈਟ–ਕੁਦੀ ਕਰਨ ਦਾ ਮੁਗਦਰ ।

Bath, *n.* ਬਾਥ—ਨ੍ਹਾਉਣ ਦਾ ਕਮਰਾ, ਅਸ਼ਨਾਨ ਅਸਥਾਨ, ਹਮਾਮ, ਗੁਸਲ ਖ਼ਾਨਾ; ਇੱਕ ਮਾਪ; ਅਸ਼ਨਾਨ, ਗੁਸਲ ।

Bathe, *v. t.* ਬੇਥ–ਨ੍ਹਾਉਣਾ, ਅਸ਼ਨਾਨ ਕ॰, ਗੁਸਲ ਕ॰; ਧੋਣਾ, ਸਾਫ਼ ਕ॰ ।

Battalion, *n.* ਬੈਟੈਲੀਅਨ–ਪਲਟਨ ।

Batten, *v. i.* ਬੈਟਨ—ਵਧਣਾ, ਮੋਟਾ ਤਾਜ਼ਾ ਹੋਣਾ ।

Batter, *n.* ਬੇਟਰ–ਆਟਾ, ਅੰਡਾ ਤੇ ਦੁੱਧ ਦੀ ਮਿਲਾਵਟ; *v. t.* ਮਾਰ ਮਾਰਕੇ ਗਿਰਾਉਣਾ, ਤੋੜ ਦੇਨਾ, ਢਾਹ ਦੇਨਾ ।

Battery, *n.* ਬੈਟਰੀ–ਤੋਪਾਂ ਦੀ ਕਤਾਰ, ਮੋਰਚਾ; ਕੜਕ ਬਿਜਲੀ; ਮਾਰ ਕੁੱਟ; ਅਸੂਨ ਮੁੱਕੀ ।

Battle, *n.* ਬੈਟਲ—ਯੁੱਧ, ਜੰਗ, ਲੜਾਈ; ਮਾਰਕਾ; ਰਨ ਭੂਮੀ; *v. t.* ਲੜਾਈ ਕ०, ਹਮਲਾ ਕ०, ਚੜ੍ਹਾਈ ਕ०; ਕੁੱਟਨਾ, ਮਾਰ ਮਾਰਕੇ ਡੇਗਣਾ ।

Battle-axe, *n.* ਬੈਟਲਐਕਸ—ਗੰਡਾਸਾ, ਤਬਰ ।

Battlement, *n.* ਬੈਟਲਮੈਂਟ—ਕਿਲੇ ਦੀਆਂ ਕੰਧਾਂ ਵਿੱਚ ਛੇਕ ਜਿਸ ਵਿੱਚੋਂ ਗੋਲੀ ਚੱਲ ਸਕੇ, ਮੋਰਚਾ, ਸ਼ਹਿਰ ਪਨਾਹ ।

Bauble, *n.* ਬਾਬਲ—ਤੁੱਛ ਵਸਤ, ਘਟੀਆ ਗਹਿਨਾ, ਖਡੌਨਾ, ਦਿਖਾਵੇ ਦੀ ਚੀਜ਼ ।

Bawd, *a.* ਬਾਡ–ਦੱਲਾ, ਕੁਟਨੀ ।

Bawdy, *a.* ਬਾਡੀ-ਨੀਚ, ਬੁਰਾ, ਗੰਦਾ ।

Bawdy-house, *n.* ਬਾਡੀਹਾਊਸ—ਕੋਠੀ, ਚਕਲਾ ਕੋਠੇ, ਰੰਡੀ ਘਰ ।

Bawl, *v. i.* ਬਾਲ–ਹਾਕ ਮਾਰਨਾ, ਬੁਲਾਉਣਾ, ਪੁਕਾਰਨਾ, ਚੱਲਾਉਣਾ ।

Bay, *n.* ਬੇ–ਖਾੜੀ, ਖ਼ਲੀਜ; ਤਜ ਦਾ ਰੁੱਖ ਜਿਸਦੇ ਪੱਤਰਾਂ ਨੂੰ ਤੇਜ ਪੱਤਰ ਆਖਦੇ ਹਨ; *a.* ਪਿੰਗਲ ਸੁਰੰਗ; ਕਮੈਦ; *v. i.* ਭੌਂਕਣਾ; ਘੇਰੇ ਜਾਣਾ ।

Bayonet, *n.* ਬੇਯੋਨਿਟ–ਸੰਗੀਨ; *v. t.* ਸੰਗੀਨ ਨਾਲ ਘਾਇਲ ਕ० ।

Bazar, *n.* ਬਾਜ਼ਾਰ–ਬਾਜ਼ਾਰ, ਹੱਟੀ ।

Bdellium, *n.* ਡੇਲੀਅਮ–ਗੁੱਗਲ ।

Be, *v. i.* ਬੀ–ਹੋਨਾ, ਹੋ ਜਾਣਾ; ਰਹਿਣਾ, ਰਹਿ ਜਾਣਾ ।

Beach, *n.* ਬੀਚ—ਸਮੁੰਦਰ ਦਾ ਕਿਨਾਰਾ, ਤਟ, ਕੰਢਾ, ਸਾਹਲ ।

Beacon, *n.* ਬੀਕਨ–ਰਾਹ ਦੱਸਨ ਲਈ ਉੱਚੇ ਥਾਂ ਉੱਤੇ ਜੋ ਕੁਝ ਰੋਸ਼ਨੀ ਹੋਵੇ, ਫ਼ਾਨੂਸਦਾਰ ਮੀਨਾਰ, ਅਕਾਸ਼ ਦੀਵਾ ।

Bead, *n.* ਬੀਡ—ਗੋਲੀ, ਮਾਲਾ ਦਾ ਦਾਨਾ, ਮਨਕਾ, ਮਾਲਾ, ਤਸਬੀ ।

Beadle, *n.* ਬੀਡਲ–ਵਲਾਇਤ ਵਿੱਚ ਅਦਾਲਤ ਦਾ ਚਪੜਾਸੀ ।

Beadroll, *n.* ਬੀਡਰੋਲ–ਉਨ੍ਹਾਂ ਲੋਕਾਂ ਦੀ ਸੂਚੀ ਪੱਤ੍ਰ ਜਿਨ੍ਹਾਂ ਲਈ ਜਾਪ ਹੋਵੇ ।

Beads-man, *n.* ਬੀਡਸਮੈਨ—ਮਾਲਾ ਫੇਰਨ ਵਾਲਾ, ਤਸਬੀ ਫੇਰਨ ਵਾਲਾ ।

Beak, *n.* ਬੀਕ–ਚੁੰਝ, ਪੰਛੀ ਦੀ ਚੁੰਜ; ਨੋਕ ।

Beam, *n.* ਬੀਮ– ਕੜੀ, ਸ਼ਤੀਰ; ਤੱਕੜੀ ਦੀ ਡੰਡੀ; ਸੂਰਜ ਦੀ ਕਿਰਣ; *v. i.* ਚਮਕਨਾ, ਜਗਮਗਾਉਣਾ ।

Beaming, *a.* ਬੀਮਿੰਗ—ਚਮਕਦਾ ਹੋਇਆ; ਉਜਾਗਰ, ਰੋਸ਼ਨ ।

Bean, *n.* ਬੀਨ–ਲੋਬੀਆ, ਫਲੀ; ਸੇਮ ।

Bear, *n.* ਬੇਅਰ–ਭਾਲੂ ਰਿੱਛ; *v. t.* ਲੈ ਚੱਲਨਾ; ਸੰਭਾਲਨਾ; ਸਹਿਣਾ; ਰੱਖਣਾ; ਪੈਦਾ ਕ०; *v. i.* ਸਹਿਣਾ; ਧਯਾਨ ਦੇਨਾ ।

Bearable, *a.* ਬੇਅਰਏਬਲ–ਸਹਿਨ ਜੋਗ ।

Beard, *n.* ਬੀਅਰਡ–ਦਾੜ੍ਹੀ; *v. t.* ਮੁਕਾਬਲਾ ਕ०, ਸਾਮ੍ਹਣਾ ਕ० ।

Bearded, *a.* ਬੇਅਰਡਡ–ਦਾੜ੍ਹੀ ਵਾਲਾ ।

Beardless, *a.* ਬੇਅਰਡਲਸ–ਅਨਦਾੜ੍ਹੀਆ ।

Bearer, *n.* ਬੇਅਰਰ—ਭਾਰ ਉਠਾਉਨ ਵਾਲਾ, ਕੁੱਲੀ, ਮਜ਼ਦੂਰ; ਲੈ ਜਾਨ ਵਾਲਾ; ਚਿੱਠੀ ਲੈ ਜਾਨ ਵਾਲਾ, ਕਾਸਦ; ਸਰਦਾਰ; ਬਹਿਰਾ; ਫਲਦਾਰ, ਮੇਵੇਦਾਰ ।

Bearing, *n.* ਬੇਅਰਿੰਗ–ਚਾਲ, ਢੰਗ; ਬਰੰਗ ਖ਼ਤ ਜਿਸ ਪੁਰ ਕੋਈ ਟਿਕਟ ਨ ਲੱਗਿਆ ਹੋਵੇ ।

Beast, *n.* ਬੀਸਟ–ਚੌਪਾਯਾ, ਮੂੜ੍ਹ, ਪਸ਼ੂ, ਹੈਵਾਨ; ਕਰਖ਼ਤ ਆਦਮੀ ।

Beastly, *adv.* ਬੀਸਟਲੀ–ਪਸ਼ੂ ਸੁਭਾਉ, ਹੈਵਾਨ ਵਰਗਾ, ਗੰਦਾ ।

Beat, *v. t.* ਬੀਟ–ਮਾਰਨਾ, ਸੱਟਾਂ ਮਾਰਨੀਆਂ; ਦਬਾਓ ਪਾਉਣਾ; ਠੋਕਨਾ; ਵਜਾਉਣਾ; ਘੜਨਾ; ਜਿੱਤਨਾ, ਹਰਾਉਣਾ, ਫ਼ਤਹ ਕ०; *v. i.* ਟੱਕਰ ਖਾਨਾ; ਧੜਕਨਾ; ਉਛਲਨਾ, ਫੜਕਨਾ; *n.* ਮਾਰ, ਵਾਰ, ਚੋਟ; ਹਲਕਾ ਚੌਕੀਦਾਰ ਆਦਿਕ ਦਾ; ਇਲਾਕ; ਹੱਦ; ਗਸ਼ਤ ।

Beatific, *a.* ਬੀਟਿਫ਼ਿਕ—ਸੁਖਦਾਇਕ, ਸੁਖਕਾਰੀ ।

Beatify, *v. t.* ਬੀਟੀਫ਼ਾਈ—ਸੁਖ ਦੇਨਾ, ਆਨੰਦ ਦੇਨਾ ।

Beating, *n.* ਬੀਟਿੰਗ-ਮਾਰ, ਪੀਟ, ਸਜ਼ਾ ।

Beatitude, *n.* ਬੀਟੀਚਯੂਡ-ਪਰਮ ਸੁਖ, ਪਰਮ ਆਨੰਦ; ਮੁਕਤੀ ।

Beau, *n.* ਬੋ-ਛੈਲ ਛਬੀਲਾ, ਬਾਂਕਾ ।

Beauteous, *a.* ਬਿਊਟਿਅਸ-ਸੁੰਦਰ, ਮਨੋਹਰ ।

Beautiful, *a.* ਬਿਊਟੀਫੁਲ—ਸੁੰਦਰ, ਸੋਹਣਾ, ਰੂਪਵੰਤ, ਮਲੂਕ, ਖ਼ੂਬਸੂਰਤ, ਸ਼ਕੀਲ, ਹਸੀਨ ।

Beautifully, *adv.* ਬਿਊਟੀਫੁਲੀ-ਖ਼ੂਬਸੂਰਤੀ ਨਾਲ, ਸੁੰਦਰਤਾਈ ਨਾਲ ।

Beautify, *v. t.* ਬਿਊਟੀਫ਼ਾਈ-ਸ਼ਿੰਗਾਰ ਕ०, ਸੁੰਦਰ ਬਣਾਉਣਾ ।

Beauty, *n.* ਬਿਊਟੀ-ਸੁੰਦਰਤਾ, ਸੁਹੱਪਣ, ਹੁਸਨ, ਖ਼ੂਬਸੂਰਤੀ ।

Beaver, *n.* ਬੀਵਰ-ਊਦ ਬਲਾਓ, ਸਗ ਆਬੀ (ਪਾਣੀ ਦਾ ਕੁੱਤਾ) ।

Becalm, *v. t.* ਬੀਕਾਮ-ਚੁੱਪ ਕ०; ਠਹਿਰਨਾ; ਥੰਮਣਾ, ਦਿਲ ਨੂੰ ਯਰਾਮ ਦੇਣਾ ।

Because, *con.* ਬੀਕਾਜ਼—ਇਸ ਲਈ, ਕਿਉਂਕਿ ।

Bechance, *v. i.* ਬੀਚਾਨਸ-ਹੋਣਾ, ਵਾਕਿਆ ਹੋਣਾ; ਇਤਫ਼ਾਕ ਹੋ ਜਾਣਾ ।

Beck, *v. t.* ਬੈਕ-ਸਿਰ ਹਿਲਾਕੇ ਦੱਸਣਾ, ਸੈਨਤ ਮਾਰਨੀ; *n.* ਇਸ਼ਾਰਾ, ਸੈਨਤ ।

Beckon, *v. i.* ਬੀਕਨ-ਇਸ਼ਾਰਾ ਕ०. ਅੱਖ ਮਾਰਨਾ, ਸੈਨਤ ਕਰਨੀ ।

Becloud, *v. t.* ਬਿਕਲਾਊਡ—ਧੁੰਧਲਾ ਕ०, ਅੰਧੇਰਾ ਕ० ।

Become, *v. i.* ਬੀਕਮ-ਹੋ ਜਾਣਾ, ਹੋਣਾ; *v. t.* ਠੀਕ ਆਉਣਾ. ਸੁਹਾਉਣਾ, ਸਜ ਜਾਣਾ ।

Becoming, *a.* ਬਿਕਮਇੰਗ-ਸੁੰਦਰ; ਲਾਇਕ, ਮੁਨਾਸਬ ।

Bed, *n.* ਬੈਡ-ਵਿਛਾਉਣਾ, ਬਿਸਤ੍ਰਾ; ਮੰਜਾ; ਸੇਜ; ਫ਼ਰਸ਼; ਰਦਾ, ਤੈਹ; ਨਦੀ ਦੀ ਤੈਹ; ਫੁੱਲਾਂ ਦੀ ਕਿਆਰੀ; *v. t.* ਨਾਲ ਸੌਣਾ, ਭੋਗ ਕ०; ਬੀਜਣਾ; ਬੀ ਲਗਾਉਣਾ; ਬਿਠਾਉਣਾ, ਜੜਨਾ ।

Bedash, Bedaub, *v. t.* ਬੈਡਆਸ਼, ਬੀਡਾਬ — ਲੇਪ ਕ०, ਲਗਾਉਣਾ, ਲਪੇਟਣਾ; ਮੈਲਾ ਕ० ।

Bedazzle, *v. t.* ਬੀਡੈਜ਼ਲ—ਬਹੁਤ ਰੋਸ਼ਨੀ ਨਾਲ ਨਜ਼ਰ ਦਾ ਡਗਮਗਾਉਣਾ, ਚੁੰਧਿਆ ਜਾਣਾ ।

Bed-chamber, *n.* ਬੈਡਚੈਂਬਰ -ਸੌਣ ਦਾ ਕਮਰਾ ।

Bed-clothes, *n.* ਬੈਡਕਲੋਥਿਸ—ਵਿਛੌਨੇ ਦਾ ਉੱਪਰਲਾ ਕਪੜਾ ।

Bedding, *n.* ਬੈਡਿੰਗ-ਵਿਛੌਣਾ, ਬਿਸਤ੍ਰਾ ।

Bedeck, *v. t.* ਬੀਡੈਕ-ਸੁਆਰਨਾ, ਸਜਾਉਣਾ ।

Bedew, *v. t.* ਬਡਿਊ-ਤਰ ਕ०, ਨਮ ਕ०, ਗਿੱਲਾ ਕ० ।

Bedlam, *n.* ਬੈਡਲਮ-ਪਾਗਲਖ਼ਾਨਾ ।

Bed-room, *n.* ਬੈਡਰੂਮ-ਸੌਣ ਦਾ ਕਮਰਾ ।

Bed-stead, *n.* ਬੈਡਸਟੈਡ-ਪਲੰਘ, ਮੰਜਾ ।

Bee, *n.* ਬੀ-ਸ਼ਹਿਦ ਦੀ ਮੱਖੀ, ਮਾਖਿਉਂ; ਸਿੱਧਾ, ਰੇਜ਼ੇ ਦਾ ਰਾਹ ।

Beef, *n.* ਬੀਫ਼-ਗੋ ਮਾਸ, ਗਊ ਦਾ ਮਾਸ ।

Bee-hive, *n.* ਬੀਹਾਈਵ-ਸ਼ਹਿਦ ਦੀ ਮੱਖੀਆਂ ਦਾ ਛੱਤਾ ।

Beer, *n.* ਬੀਰ-ਜੌਂ ਦੀ ਸ਼ਰਾਬ, ਬੀਰ ਸ਼ਰਾਬ ।

Beer-barrel, *n.* ਬੀਰਬੈਰਲ-ਜੌਂ ਦੀ ਸ਼ਰਾਬ ਦਾ ਪੀਪਾ ।

Beer-house, *n.* ਬੀਰ-ਹਾਊਸ—ਬੀਰ ਦੀ ਭੱਠੀ ।

Bees-wax, *n.* ਬੀਜ਼ਵੈਕਸ-ਮੋਮ ।

Beetle, *n.* ਬੀਟਲ-ਭੌਰਾ; ਮੋਗਰਾ, ਗਬਰੀਲਾ; *v. i.* ਬਾਹਰ ਉਭਰਨਾ, ਬਾਹਰ ਯਾ ਉੱਤੇ ਲਟਕਣਾ ।

Befall, *v. t.* ਬੀਫ਼ਾਲ-ਹੋਣਾ, ਬੀਤਣਾ; ਵਾਕਿਆ ਹੋਣਾ; ਆਉਣਾ; ਘਟਣਾ ।

Befit, *v. t.* ਬੀਫ਼ਿਤ—ਜੋਗ ਹੋਣਾ, ਠੀਕ ਹੋਣਾ; ਫ਼ਬਿਣਾ, ਸੋਹਣਾ ।

Befoam, *v. i.* ਬੀਫ਼ੋਮ—ਝੱਗ ਨਾਲ ਭਰਨਾ, ਫੇਨ ਨਾਲ ਭਰਨਾ ।

Befool, *v. t.* ਬੀਫ਼ੂਲ—ਮੂਰਖ ਬਣਾਉਣਾ, ਬੇਵਕੂਫ਼ ਬਣਾਉਣਾ ।

Before, *prep.* ਬੀਫ਼ੋਰ-ਅੱਗੇ, ਸਾਮ੍ਹਣੇ, ਰੂਬਰੂ; *adv.* ਅੱਗੇ ਤੋਂ ।

Beforehand, *adv.* ਬੀਫ਼ੋਰਹੈਂਡ-ਪਹਿਲੇ ਤੋਂ, ਅੱਗੇ ਤੋਂ ।

Befoul, *v. t.* ਬੀਫ਼ਾਉਲ-ਮੈਲਾ ਕ०, ਖਰਾਬ ਕ०, ਵਿਗਾੜਨਾ ।

Befriend, *v. t.* ਬਿਫ਼੍ਰੈਂਡ—ਹਮਾਇਤ ਕ०, ਸਹਾਇਤਾ ਕਰਨੀ, ਮੱਦਦ ਕਰਨੀ, ਸਾਥ ਦੇਣਾ, ਹੱਥ ਫੜਨਾ ।

Befring, *v. t.* ਬਿਫ਼ਰਿੰਜ-ਝਾਲਰ ਨਾਲ ਸਜਾਉਣਾ, ਝਾਲਰ ਲਾਉਣਾ ।

Beg, *v. i.* ਬੇਗ—ਮੰਗਣਾ, ਭੀਖ ਤੇ ਗੁਜ਼ਾਰਾ ਕ:; *v. t.* ਪ੍ਰਾਰਥਨਾ ਕਰਨੀ, ਬੇਨਤੀ ਕਰਨੀ, ਮਿੰਨਤ ਕਰਨੀ, ਤਰਲੇ ਕਰਨੇ ।

Beget, *v. t.* ਬੀਗੇਟ—ਜਨਣਾ, ਉਪਜਾਉਣਾ, ਪੈਦਾ ਕ०; ਉਠਾਉਣਾ, ਖੜਾ ਕ० ।

Begetter, *n.* ਬੀਗੇਟਰ—ਜਨਨ ਵਾਲਾ, ਉਤਪੰਨ ਕਰਨ ਵਾਲਾ, ਉਤਪਾਦਕ, ਪਿਓ ।

Beggable, *a.* ਬੇਗੇਬਲ-ਜੋ ਮੰਗੇ ਜਾਣੇ ਦੇ ਜੋਗ ਹੋਵੇ ।

Beggar, *n.* ਬੇਗਰ-ਭਿਖਾਰੀ, ਭੀਖ ਮੰਗਣ ਵਾਲਾ, ਮੰਗਤਾ, ਫ਼ਕੀਰ; *v. t.* ਮੰਗਤਾ ਬਣਾ ਦੇਣਾ, ਭੀਖ ਮੰਗਾਉਣੀ; ਨੌਕਰੀ ਹਰ ਲੈਣੀ, ਸਾਰਾ ਕੁਝ ਖੋਹ ਲੈਣਾ; ਕੱਢ ਦੇਣਾ, ਮੁਕਾ ਦੇਣਾ; ਤੰਗ ਕ:, ਲਾਚਾਰ ਕ: ।

Beggarliness, *n.* ਬੇਗਰਲੀਨੈਸ-ਨੀਚਤਾਈ; ਕੰਗਾਲੀ; ਕਮੀਨਾਪਨ ।

Beggarly, *a.* ਬੇਗਰਲੀ-ਤੁੱਛ, ਨੀਚ, ਕਮੀਨਾ; *adv.* ਨੀਚ ਭਾਵ ਨਾਲ, ਕੰਗਾਲਤਾ ਨਾਲ, ਕਮੀਨੇਪਨ ਨਾਲ ।

Beggary, *n.* ਬੇਗਰੀ—ਗਰੀਬੀ, ਦਲਿੱਦਰ, ਫ਼ਕੀਰੀ, ਕੰਗਾਲੀ ।

Begilt, *n.* ਬੀਗਿਲਟ-ਸੋਨੇ ਅਥਵਾ ਚਾਂਦੀ ਨਾਲ ਮੁਲੰਮਾ ਕੀਤਾ ਹੋਇਆ ।

Begin, *v. t.* or *i.* ਬੀਗਿਨ—ਅਰੰਭ ਕ० ਅਥਵਾ ਹੋਣਾ, ਸ਼ੁਰੂ ਕ० ਜਾਂ ਹੋਣਾ; ਉਤਪੰਨ ਕ: ਜਾਂ ਹੋਣਾ, ਪੈਦਾ ਕ: ਜਾਂ ਹੋਣਾ ।

Beginner, *n.* ਬੀਗਿੱਨਰ-ਅਰੰਭ ਕਰਨ ਵਾਲਾ, ਸ਼ੁਰੂ ਕਰਨ ਵਾਲਾ, ਪ੍ਰਵਿਰਤਕ; ਅੱਲ੍ਹੜ, ਨਾਤਜਰਬੇਕਾਰ ।

Beginning, *n.* ਬੀਗਿੱਨਿੰਗ-ਆਦਿ, ਮੁੱਢ, ਅਰੰਭ; ਮੂਲ; ਪਹਿਲ; ਨਿਕਾਸ ।

Beginningless, *a.* ਬੀਗਿੱਨਿੰਗਲੈਸ—ਅਨਾਦਿ, ਜਿਸਦਾ ਆਦਿ ਨ ਹੋਵੇ, ਨਿਰਮੂਲ; ਬੇ ਅਸਲ ।

Begird, *v. t.* ਬੀਗਰਡ-ਘੇਰ ਲੈਣਾ; ਲਪੇਟਨਾ; ਕਮਰ ਕਸਾ ਕ०, ਲੱਕ ਬੰਨ੍ਹਣਾ ।

Beglerbeg, *n.* ਬੇਗਲਰਬੇਗ—ਤੁਰਕ ਦੇਸ ਦੇ ਸੂਬੇ ਦਾ ਇੱਕ ਹਾਕਮ ।

Begnaw, *v. t.* ਬੀਨਾ-ਚਬਾਉਣਾ, ਚੱਬਣਾ, ਖਾ ਜਾਣਾ; ਦੰਦਾਂ ਨਾਲ ਟੁੱਕਣਾ, ਕੁਤਰਨਾ ।

Begone, *Int.* ਬੀਗੋਨ-ਚਲੇ ਜਾਓ, ਦੂਰ ਹੋ ਜਾਓ; ਚਲਾ ਜਾਹ, ਦੂਰ ਹੋ, ਪਰੇ ਹਟ, ਦਫ਼ਾ ਹੋ ।

Begot, Begotten, } *p. p.* ਬੀਗਾਟ, ਬੀਗਾਟਨ } ਵੇਖੋ ਸ਼ਬਦ "Beget."

Begrime, *v. t.* ਬਿਗ੍ਰਾਈਮ—ਮੈਲਾ ਕ०; ਮਲੀਨ ਕ० ।

Begrudge, *v. t.* ਬੀਗੱਜ-ਹਸਦ ਕ०, ਈਰਖਾ ਕਰਨੀ, ਦੂਜੇ ਨੂੰ ਵੇਖਕੇ ਸੜਨਾ; ਕੁੜ੍ਹ ਕੁੜ੍ਹ ਕੇ ਦੇਣਾ ।

Beguile, *v. t.* ਬੀਗਾਈਲ—ਬਹਿਲਾਉਣਾ; ਫੁਸਲਾਉਣਾ; ਬਹਿਕਾਉਣਾ; ਛਲਨਾ, ਠੱਗਣਾ, ਫ਼ਰੇਬ ਦੇਣਾ, ਧੋਖਾ ਦੇਣਾ ।

Begun, *p. p.* ਬੀਗਨ-ਵੇਖੋ ਸ਼ਬਦ Begin.

Behalf, *n*, ਬੀਹਾਫ਼-ਖਾਤਰ, ਅਰਥ, ਨਮਿੱਤ; ਪਿੱਛੇ; ਵਾਸਤੇ, ਲਈ; ਲਾਭ ।

Behave, *v. t.* or *i.* ਬੀਹੇਵ—ਨਿਭਾਉਣਾ; ਵਿਹਾਰ ਕ०; ਸਲੂਕ ਕ०, ਪੇਸ਼ ਆਉਣਾ; ਚਾਲ ਅਧੀਨ ਕਰਨੀ ।

Behaviour, *n.* ਬੀਹੇਵੀਅਰ-ਆਚਰਨ, ਚਾਲ ਢਾਲ, ਰਵੈਯਾ, ਲੱਛਨ; ਸਲੂਕ ।

Behead, *v. t.* ਬੀਹੈਡ-ਸਿਰ ਕੱਟਣਾ, ਢੁੱਬਣਾ, ਲਾਹੁਣਾ, ਮਾਰ ਦੇਣਾ ।

Beheld, *p. p.* ਬੀਹੈਲਡ—ਵੇਖੋ ਸ਼ਬਦ "Behold."

Behemoth, *n.* ਬੀਹੇਮੋਥ-ਉਹ ਜੰਤੂ ਜਿਸਦਾ, ਵਰਨਣ ਅੰਜੀਲ ਦੀ ਪੁਸਤਕ ਦੇ ਸਾਬ ਨਾਮੀ ਭਾਗ ਵਿੱਚ ਹੈ ਤੇ ਜਿਸਨੂੰ ਲੋਗ "ਸਮੁੰਦਰੀ ਘੋੜਾ, ਹਾਥੀ ਜਾਂ ਬੈਲ" ਆਖਦੇ ਹਨ ।

Behest, *n.* ਬੀਹੈਸਟ—ਹੁਕਮ, ਆਗਿਆ; ਹਦਾਇਤ ।

Behind, *prep.* ਬੀਹਾਇੰਡ-ਪਿੱਛੇ, ਪਸ਼ਚਾਤ; ਪਿੱਛੇ ਰਿਹਾ ਹੋਇਆ, ਛੋਟੇ ਦਰਜੇ ਦਾ; *adv.* ਪਿਛਲੀ ਵੱਲ, ਪਿੱਠ ਪਿੱਛੇ ।

Behindhand, *a.* ਬੀਹਾਇੰਡਹੈਂਡ—ਬਾਕੀ ਰਿਹਿਆ ਹੋਇਆ, ਸੁਸਤ, ਪਿੱਛੇ ਰਿਹਿਆ ਹੋਇਆ ।

Behold, *v. t.* ਬੀਹੋਲਡ—ਵੇਖਣਾ, ਤੱਕਣਾ, ਨਿਗਾਹ ਕ॰; *p. t.* Beheld, *p. p.* of Beheld or Beholden; ਵੇਖੋ, ਏਹ ਵੇਖੋ; ਕੀ ਵੇਖਦੇ ਹੋ ? ਏਹ ਲਓ !

Behold, *Int.* ਬੀਹੋਲਡ-ਵੇਖੋ, ਤੱਕੋ ।

Beholden, *p. a.* ਬੀਹੋਲਡਨ—ਕਿਰਤਘਨ, ਉਪਕਾਰ ਨੂੰ ਮਾਨਣ ਵਾਲਾ ।

Beholder, *n.* ਬੀਹੋਲਡਰ-ਵੇਖਨ ਵਾਲਾ, ਤੱਕਨ ਵਾਲਾ; ਤਮਾਸ਼ਾ ਵੇਖਨ ਵਾਲਾ ।

Behoof, *n.* ਬੀਹੂਫ਼—ਨਫ਼ਾ, ਲਾਭ, ਫ਼ਾਇਦਾ; ਵਾਸਤਾ, ਗਰੱਜ਼, ਖ਼ਾਤਰ ।

Behoovable, *a.* ਬੀਹੂਵਏਬਲ—ਗੁਣਕਾਰੀ, ਉਪਕਾਰੀ, ਹਿਤਕਾਰੀ; ਫ਼ਾਇਦਾਵੰਦ ।

Behoove, Behove, } *v. t.* ਬੀਹੂਵ, ਬੀਹੋਵ } ਜੋਗ ਹੋਣਾ, ਉਚਿੱਤ ਹੋਣਾ, ਕਰਤੱਵਜ ਹੋਣਾ; ਏਹ ਕੇਵਲ ਸ਼ਬਦ It ਦੇ ਨਾਲ ਆਉਂਦਾ ਹੈ, ਯਥਾ It behoves.

Behooveful, *a.* ਬੀਹੂਵਫ਼ੁਲ-ਜ਼ਰੂਰੀ, ਜੋਗ, ਉਚਿਤ; ਲਾਭਕਾਰੀ ।

Being, *a.* ਬੀਇੰਗ—ਭਾਵ, ਹਸਤੀ; ਜੀਵਨ, ਜ਼ਿੰਦਗੀ; ਵਜੂਦ, ਬੁੱਤ; ਵਸਤੂ, ਸ਼ੈ, ਚੀਜ਼ ।

Belabour, *v. t.* ਬੀਲੇਬਰ—ਸਖ਼ਤ ਮਿਹਨਤ ਕ॰; ਮਾਰਨਾ, ਕੁੱਟਣਾ; ਠੋਕਣਾ ।

Belaced, *a.* ਬੀਲੇਸਡ—ਗੋਟਾ ਯਾ ਕਿਨਾਰੀ ਨਾਲ ਬਣਿਆ ਹੋਇਆ ।

Belate, *v. t.* ਬੀਲੇਟ-ਰੋਕਣਾ, ਅਟਕਾਉਣਾ; ਢਿੱਲ ਕ॰, ਵਿਲੰਬ ਕ॰ ।

Belated, *a.* ਬੀਲੇਟਿਡ—ਅੰਧੇਰੇ ਹੋਨ ਕਰਕੇ ਘਬਰਾਇਆ ਹੋਇਆ ।

Belatedness, *n.* ਬੀਲੇਟਿਡਨੈਸ—ਵਿਲਬ, ਢਿੱਲ, ਦੇਰ; ਸੁਸਤੀ ।

Belay, *v. t.* ਬੀਲੇ-ਰਾਹ ਰੋਕਣਾ, ਘੇਰ ਲੈਣਾ; ਘਾਤ ਵਿੱਚ ਰਹਿਣਾ ਯਾ ਰੱਖਣਾ; ਰੱਸੀ ਬੰਨ੍ਹਣਾ ।

Belch, *v. t.* ਬੈਲਚ-ਡਕਾਰ ਲੈਣਾ, ਡਕਾਰਨਾ; *n.* ਡਕਾਰ ।

Belching, *n.* ਬੈਲਚਿੰਗ-ਡਕਾਰ ।

Beldam, Beldame, } *n.* ਬੈਲਡਮ, ਬੈਲਡਾਮ } ਕਰੂਪ ਇਸਤ੍ਰੀ, ਬੁੱਢੀ ਤ੍ਰੀਮਤ; ਡਾਇਨ, ਜਾਦੂਗਰਨੀ ।

Beleaguer, *v. t.* ਬੀਲੀਗਰ-ਮੁਹਾਸਰਾ ਕ॰, ਘੇਰ ਲੈਣਾ; ਰੋਕਣਾ ।

Belfry, *n.* ਬੈਲਫ਼ਰੀ-ਘੰਟਾ ਘਰ ।

Belie, *v. t.* ਬੀਲਾਈ-ਝੂਠਾ ਕ॰, ਝੁਠਲਾਉਣਾ, ਤੁਹਮਤ ਲਗਾਉਣੀ, ਮਿਥਿਆ ਕਲੰਕ ਲਗਾਉਣਾ ।

Belief, *n.* ਬੀਲੀਫ਼—ਵਿਸ਼ਵਾਸ, ਯਕੀਨ, ਭਰੋਸਾ, ਪ੍ਰਤੀਤ; ਸਮਝ, ਗਯਾਨ, ਮੱਤ; ਭਗਤੀ, ਧਰਮ, ਸ਼ਰਧਾ, ਪ੍ਰੇਮ, ਨਿਸਚਾ; ਈਮਾਨ ।

Believable, *a.* ਬੀਲੀਵੇਬਲ—ਵਿਸ਼ਵਾਸ ਦੇ ਜੋਗ, ਇਤਬਾਰ ਕਰਨ ਦੇ ਲਾਇਕ ।

Believe, *v. t.* or *i.* ਬੀਲੀਵ—ਪ੍ਰਤੀਤ ਕ॰ ਸੱਚ ਕਰ ਮਾਨਣਾ, ਮੰਨਣਾ, ਵਿਸ਼ਵਾਸ ਕ॰, ਸਰੱਧਾ ਕ॰, ਯਕੀਨ ਕ॰; ਭਗਤੀ ਕ॰, ਨਿਸਚਾ ਕ॰; ਈਮਾਨ ਲਿਆਉਣਾ, ਧਰਮ ਪ੍ਰਵਾਨ ਕ॰ ।

Believer, *n.* ਬੀਲੀਵਰ-ਮੰਨਣ ਵਾਲਾ, ਵਿਸ਼ਵਾਸੀ, ਸਰਧਾਲੂ ।

Belike, *adv.* ਬੀਲਾਇਕ—ਬਹੁਤ ਕਰਕੇ; ਕਦਾਚਿੱਤ; ਸ਼ਾਇਦ ।

Bell, *n.* ਬੈਲ—ਘੰਟਾ, ਘੰਟੀ; ਘੜੀ; ਘੁੰਗਰੂ; ਟੱਲ ।

Belladonna, *n.* ਬੈਲਾਡੋਨਾ-ਮਕੋ ।

Belle, *n.* ਬੈਲ—ਸੁੰਦਰ, ਛੈਲ ਛਬੀਲੀ, ਅਲਬੇਲੀ ਯਾ ਰੰਗੀਲੀ ਇਸਤ੍ਰੀ, ਬਾਂਕੀ ਇਸਤ੍ਰੀ ।

Belles-letters, *n.* ਬੈਲਸਲੈਟਰ-ਵਿਦਯਾ ਰਸ, ਇਲਮ ਅਦਬ, ਅਲੰਕਾਰ ਵਿੱਦਯਾ, ਉੱਤਮ ਅਤੇ ਭਲਮਨਸਾਈ ਦੇ ਪੁਸਤਕ ।

Bell-flower, *n.* ਬੈਲਫ਼ਲੋਵਰਸ-ਇਸ਼ਕਪੇਚਾ ।

Bell-founder, *n.* ਬੈਲਫ਼ੌਂਡਰ-ਘੰਟਾ ਢਾਲਨੇ ਵਾਲਾ, ਘੰਟਾ ਬਨਾਉਨ ਵਾਲਾ ।

Bell-hanger, *n.* ਬੈਲਹੈਂਗਰ-ਘੰਟਾ ਟੰਗਨ ਵਾਲਾ ।

Bellicose, *n.* ਬੈਲੀਕੋਸ-ਲੜਨ ਵਾਲਾ, ਲੜਾਕਾ, ਝਗੜਾਲੂ ।

Belligerent, *n.* ਬੈਲੀਜੀਰੈਂਟ-ਲੜਾਕਾ ਵਾਲਾ।

Belligerous, Belligerant, } *a.* [illegible]ਜਾਰਟ } ਯਾ [illegible] ਕਰਨ ਵਾਲੇ, ਦੋਹੀਂ ਪਾਸੀਂ ਲੜਾਈ ਕਰਨ ਵਾਲੇ।

Bell-man, *n.* ਬੈਲਮੈਨ-ਘੰਟਾ ਵਜਾਉਨ ਵਾਲਾ

Bell-metel, *n.* ਬੈਲਮੈਟਲ—ਕੰਸੀ, ਭਰਤ ਆਦਿਕ ਘੰਟਾ ਬਨਾਉਣ ਦੀ ਧਾਤ।

Bellow, *v. t.* ਬੈਲੋ-ਸਾਨ੍ਹ ਵਾਙੂ ਘੜੁਕ ਮਾਰਨੀ, ਗਰਜਨਾ; *n.* ਗਰਜ।

Bellows, *n.* ਬੈਲੋਜ਼-ਧੌਂਕਨੀ; ਭੱਠੀ।

Bell-ringer, *n.* ਬੈਲਰਿੰਗਰ-ਘੰਟਾ ਵਜਾਉਨ ਵਾਲਾ।

Bell-rope, *n.* ਬੈਲਰੋਪ-ਰੱਸੀ ਜਿਸਦੇ ਖੀਚਨ ਨਾਲ ਘੰਟਾ ਵਜਾਯਾ ਜਾਂਦਾ ਹੈ।

Belluine, *a.* ਬੈਲੂਇਨ-ਪਸ਼ੂ ਵਰਗਾ, ਵਹਿਸ਼ੀ ਸਮਾਨ।

Bell-wether, *n.* ਬੈਲਵੈਦਰ—ਘੰਟੇ ਵਾਲੀ ਭੇਡ, ਅਗਲੀ ਭੇਡ ਜਿਸਦੇ ਪਿੱਛੇ ਸਭ ਭੇਡਾਂ ਚਲਦੀਆਂ ਹਨ।

Belly, *n.* ਬੈਲੀ-ਪੇਟ, ਢਿੱਡ, ਉਦਰ; ਕੁੱਖ ਰਹਿਮ; *v. i.* ਪੇਟ ਫੁੱਲ ਉੱਠਨਾ ਯਾ ਆਉਣਾ।

Bellyache, *n.* ਬੈਲੀਏਕ-ਪੇਟ ਪੀੜਾ, ਸੂਲ; ਪੇਚਸ, ਮਰੋੜ।

Bellyband, *n.* ਬੈਲੀਬੈਂਡ—ਘੋੜੇ ਦਾ ਤੰਗ; ਕਮਰਬੰਦ, ਪਟਕਾ।

Bellybound, *a.* ਬੈਲੀਬਾਉਂਡ-ਜਿਸਦੇ ਪੇਟ ਵਿੱਚ ਕਬਜ਼ ਹੋਵੇ; ਜਿਸਦੇ ਪੇਟ ਵਿੱਚ ਸੁੱਦਾ ਹੋਵੇ।

Bellyful, *n.* ਬੈਲੀਫੁਲ—ਪੇਟ ਭਰਨ ਜੋਗੀ ਖ਼ੁਰਾਕ, ਉਤਨੀ ਵਸਤੁ ਜਿਸ ਥੀਂ ਪੇਟ ਭਰ ਜਾਵੇ।

Bellygod, *n.* ਬੈਲੀਗਾਡ—ਖਾਹਦੜ, ਪੇਟੂ, ਪੇਟ ਪਾਲੂ, ਸ਼ਿਕਮ ਪਰਸਤ।

Bellytimber, *n.* ਬੈਲੀਟਿੰਬਰ-ਭੋਜਨ, ਖ਼ੁਰਾਕ, ਆਹਾਰ, ਖਿੱਸਾ ਤਿੱਸਾ, ਦਾਲ ਦਲੀਆ।

Bellypinched, *n.* ਬੈਲੀਪਿੰਚਡ-ਭੁੱਖ ਮੋਯਾ, ਨਦੀਦਾ, ਭੁੱਖਾ ਬੰਗਾਲੀ; ਭੁੱਖਾ ਪੁਰਖ; ਫ਼ਾਕਾਕਸ਼।

[illegible]m, *n.* [illegible]ਰਮ-ਗੰਡੋਇਆ।

Belong, *v. i.* ਬੀਲੌਂਗ—ਮਾਲਕ ਹੋਣਾ, ਹੱਕ ਹੋਣਾ; ਸੰਬੰਧ ਰੱਖਣਾ, ਲਗਾਓ ਰੱਖਣਾ; [illegible] ਰੱਖਣਾ; ਸ਼ਾਮਲ ਹੋਣਾ; ਦਾਖ਼ਲ ਹੋਣਾ।

Belongings, *n.* ਬੀਲੌਂਗਿੰਗਸ—*pl.* ਮਾਲ ਅਸਬਾਬ, ਚੀਜ਼ ਵਸਤ।

Belonging to, *prep.* ਬੀਲੌਂਗਿੰਗਟੂ—ਦਾ,ਦੀ, ਦੇ, ਸਰਬੰਧ ਵਿੱਚ।

Beloved, *a.* ਬੀਲਵਡ—ਪਿਆਰਾ, ਪਿਆਰੀ, ਮਹਿਬੂਬ, ਮਹਿਬੂਬਾ, ਮਾਸ਼ੂਕ, ਦਿਲਦਾਰ, ਦਿਲਬਰ।

Below, *adv.* ਬੀਲੋ—ਹੇਠਾਂ, ਤਲੇ, ਨੀਚੇ; *prep.* ਨੀਚੇ, ਤਲੇ; ਕਮ; ਅਦਨਾ।

Belt, *n.* ਬੈਲਟ—ਪੇਟੀ, ਕਮਰਬੰਦ, ਪਟਕਾ; ਪੱਟੀ; ਪੜਤਲਾ, ਪਟਾ; ਆਬਨਾਇ; *v. t.* ਪੇਟੀ ਨਾਲ ਬੰਨ੍ਹਣਾ; *v. i.* ਘੇਰਨਾ, ਹਲਕਾ ਕਃ।

Bemangle, *v. t.* ਬੀਮੈਂਗਲ-ਫਾੜਨਾ, ਟੁਕੜੇ ਕ०, ਟੋਟੇ ਕ०, ਧੱਜੀਆਂ ਉਡਾਉਣੀਆਂ।

Bemask, *v. t.* ਬੀਮਾਸਕ—ਲੁਕਾਉਣਾ, ਛਿਪਾਉਣਾ।

Bemaze, *v. t.* ਬੀਮੇਜ਼-ਘਬਰਾਉਣਾ; ਭੁਲਾਉਣਾ; ਭਟਕਾਉਣਾ।

Bemire, *v. t.* ਬੀਮਾਇਰ—ਚਿੱਕੜ ਵਿੱਚ ਰੁਲਾਉਣਾ, ਚਿੱਕੜ ਵਿੱਚ ਡੋਬਣਾ, ਲਬੂ ਪੱਥੂ ਕਃ।

Bemoan, *v. t.* ਬੀਮੋਨ-ਸ਼ੋਕ ਕ०, ਵਿਰਲਾਪ ਕ०, ਰੋਣਾ, ਮਾਤਮ ਕ०, ਅਫ਼ਸੋਸ ਕ०; ਪਛਤਾਉਣਾ।

Bemoaning, *n.* ਬੀਮੋਨਇੰਗ—ਵਿਰਲਾਪ, ਸ਼ੋਕ।

Bemock, *v. t.* ਬੀਮਾਕ—ਹਾਸੀ ਕ०, ਠੱਠਾ ਮਸ਼ੌਲ ਕ०।

Bemoil, *v. t.* ਬੀਮਾਇਲ—ਚਿੱਕੜ ਵਿੱਚ ਭਰਨਾ।

Bemonster, *v. t.* ਬੀਮਾਨਸਟਰ—ਭਯਾਨਕ ਬਨਾਉਣਾ, ਡਰਾਉਣੀ ਸੂਰਤ ਬਨਾਉਣੀ।

Bemourn, *v. t.* or *i.* ਬੀਮਾਰਨ-ਸ਼ੋਕ ਕ०, ਵਿਰਲਾਪ ਕ०, ਮਾਤਮ ਕ०।

Bemused, *a.* ਬੀਮਿਊਜ਼ਡ—ਸੁਫ਼ਨਾ ਵੇਖਣ ਵਾਲਾ; ਚਿੰਤਾ ਅਤੇ ਧਿਆਨ ਵਿੱਚ ਥੱਕਾ ਹੋਇਆ; ਅਪਨੇ ਖ਼ਿਆਲ ਵਿੱਚ ਮਸਤ; ਹੈਰਾਨ ਹੋਇਆ ਹੋਇਆ ।

Bench, *n.* ਬੈਂਚ-ਤਖ਼ਤਾ; ਮਹਿਕਮਾ; ਅਦਾਲਤ; ਅਦਾਲਤ ਵਿੱਚ ਜੱਜਾਂ ਵਾਸਤੇ ਬੈਠਨ ਦੀ ਜਗ੍ਹਾ; ਜੱਜ ਜੋ ਉਸ ਜਗ੍ਹਾ ਇਨਸਾਫ਼ ਕਰਨ ਵੇਲੇ ਬੈਠਦੇ ਹਨ ।

Bend, *v. t.* ਬੈਂਡ—ਝੁਕਾਉਣਾ; ਟੇਢਾ ਕ०, ਮੋੜਨਾ; ਮਤੈਹਤ ਕ०, ਵੱਸ ਵਿੱਚ ਕ०, ਅਧੀਨ ਕ०; *v. i.* ਟੁੱਕਨਾ; ਮੁੜਨਾ, ਟੇਢਾ ਹੋਣਾ; ਝੁਕਨਾ, ਝੁਕ ਜਾਣਾ; *n.* ਮੋੜ, ਟੇਢ, ਖ਼ਮ; ਚੱਕਰ, ਪੇਚ ।

Beneath, *prep.* and *adv.* ਬੀਨੀਥ-ਤਲੇ, ਨੀਚੇ, ਹੇਠਾਂ; ਨਾਲਾਇਕ; ਅਧਮ, ਕਮੀਨਾ ।

Benediction, *n.* ਬੈਨੀਡਿਕਸ਼ਨ-ਅਸ਼ੀਰਬਾਦ; ਧੰਨਵਾਦ; ਕ੍ਰਿਪਾਲਤਾ ।

Benefaction, *n.* ਬੈਨਿਫ਼ੈਕਸ਼ਨ—ਨੇਕੀ, ਉਪਕਾਰ, ਭਲਾ ਕੰਮ; ਹਿਤ, ਭਲਾਈ; ਦਾਨ, ਖ਼ਰਾਇਤ, ਬਖ਼ਸ਼ੀਸ਼ ।

Benefactor, *n.* ਬੈਨੀਫ਼ੈਕਟਰ—ਉਪਕਾਰੀ, ਨੇਕੀ ਕਰਨ ਵਾਲਾ, ਗ਼ਰੀਬ ਪਰਵਰ, ਦਾਤਾ ਦੀਨ ਦਿਆਲ; ਖ਼ੈਰਖ਼ਾਹ ।

Benefactress, *n.* ਬੈਨੀਫ਼ੈਕਟ੍ਰੈਸ—Fem. of Benefactor.

Benefice, *n.* ਬੈਨੀਫ਼ਿਸ-ਪਾਦਰੀ ਦਾ ਰੋਜ਼ਗਾਰ, ਹੱਕ ਅਮਾਮ, ਪ੍ਰਮੇਸ਼ਰ ਨਮਿੱਤ; ਮੁਆਫ਼ੀ ਖ਼ਾਨਗਾਹ ।

Beneficence, *n.* ਬੈਨੀਫ਼ਿਸੈਨਸ-ਨੇਕੀ, ਹਿਤ, ਪਰਉਪਕਾਰ ।

Beneficial, *a.* ਬੈਨੀਫ਼ਿਸ਼ੀਅਲ-ਫ਼ਾਇਦਾਵੰਦ, ਲਾਭਕਾਰੀ, ਗੁਣਕਾਰੀ; ਕੰਮ ਦੇ ਲਾਇਕ; ਅਸਰ ਵਾਲੀ ।

Beneficient, *n.* ਬੈਨੀਫ਼ੀਸੈਂਟ-ਪਰਉਪਕਾਰੀ, ਹਿਤਕਾਰੀ, ਦਯਾਲੂ, ਕ੍ਰਿਪਾਲੂ, ਉਦਾਰਚਿੱਤ ।

Beneficiancy, *n.* ਬੈਨੀਫ਼ੀਸ਼ੀਐਨਸੀ-ਕ੍ਰਿਪਾ, ਅਨੁਗ੍ਰਹਿ, ਮਿਹਰਬਾਨੀ ।

Beneficiary, *a.* ਬੈਨੀਫ਼ਿਸ਼ਿਅਰੀ—ਅਧੀਨ, ਮਤੈਹਤ; *n.* ਲਾਭ ਉਠਾਉਨ ਵਾਲਾ, ਨਫ਼ਾ ਪਾਉਨ ਵਾਲਾ; ਓਹ ਜਿਸਦੇ ਕਬਜ਼ੇ ਵਿੱਚ ਮੁਆਫ਼ੀ ਖ਼ਾਨਗਾਹ ਹੈ ।

Benefit, *n.* ਬੈਨੀਫ਼ਿਟ—ਕ੍ਰਿਪਾਲਤਾ, ਮਿਹਰਬਾਨੀ; ਫ਼ਾਇਦਾ, ਲਾਭ; *v. t.* ਭਲਾਈ ਕ०, ਉਪਕਾਰ ਕ०; ਗੁਣ ਕ०; *v. i.* ਫ਼ਾਇਦਾ ਉਠਾਉਣਾ, ਫ਼ਾਇਦਾ ਯਾ ਨਫ਼ਾ ਹੋਣਾ ।

Benevolence, *n.* ਬੀਨੈਵੋਲੈਨਸ-ਕ੍ਰਿਪਾ,ਮਿਹਰਬਾਨੀ; ਖ਼ੈਰਖ਼ਾਹੀ; ਬਖ਼ਸ਼ਸ਼, ਭੇਟ ਪੂਜਾ, ਨਜ਼ਰਾਨਾ, ਸਲਾਮੀ ।

Banevolent, *a.* ਬੀਨੈਵੋਲੈਂਟ-ਹਿਤੈਸ਼ੀ,ਮਿਹਰਬਾਨ; ਦਯਾਲੂ, ਨੇਕ, ਖ਼ੈਰਖ਼ਾਹ ।

Benight, *v. t.* ਬੀਨਾਈਟ—ਅੰਧੇਰੇ ਵਿੱਚ ਪਾਉਣਾ; ਰਾਹ ਭੁਲਾਉਣਾ, ਕੁਰਸਤੇ ਪਾਉਣਾ; ਰਾਤ ਹੋ ਜਾਣੀ; ਰਸਤਾ ਭੁੱਲ ਜਾਣਾ ।

Benign, *a.* ਬੀਨਾਇਨ—ਦਯਾਲੂ, ਕਿਰਪਾਲੂ, ਮਿਹਰਬਾਨ; ਚੰਗਾ ।

Benision, *n.* ਬੈਨੀਜ਼ਨ-ਦੁਆ, ਅਸ਼ੀਰਬਾਦ ।

Bent, *p. t.* ਬੈਂਟ-*p. t.* of Band, ਝੁਕਿਆ ਹੋਇਆ; *a.* ਮੁੜਿਆ ਹੋਇਆ, ਖ਼ਮਦਾਰ; ਦ੍ਰਿੜ੍ਹ, ਤਕੜਾ; *n.* ਝੋਕ, ਮੋੜ; ਝੁਕਾਉ, ਝੁਕਾਵਟ; ਦਿਲ ਦਾ ਭਾਵ, ਦਿਲ ਦਾ ਝੁਕਾਉ; ਇੱਛਾ, ਇਰਾਦਾ ।

Benumb, *v. t.* ਬੀਨੰਬ-See Numb.

Benzoin, *n.* ਬੈਨਜ਼ੋਇਨ-ਲੁਬਾਨ ।

Bepaint, *v. t.* ਬੀਪੇਂਟ-ਰੰਗ ਨਾਲ ਭਰਨਾ ।

Bepinch, *v. t.* ਬੀਪਿੰਚ-ਚੁਟਕੀ ਨਾਲ ਦਾਗ਼ ਪਾਉਣਾ ।

Bepowder, *v. t.* ਬੀਪੌਡਰ-ਚੂਰਨ ਯਾ ਸਫ਼ੂਫ਼ ਛਿੜਕਨਾ, ਪਾਉਣਾ ਯਾ ਉਡਾਉਣਾ ।

Bepraise, *v. t.* ਬੀਪ੍ਰੇਜ਼—ਅਤਿ ਪ੍ਰਸ਼ੰਸਾ ਕ० ਬਹੁਤ ਤਾਰੀਫ਼ ਕ०, ਸਲਾਹੁਣਾ, ਵਡਿਆਈ ਕਰਨੀ ।

Bequeath, *v. t.* ਬੀਕੁਈਥ-ਵਸੀਅਤ ਕਰਨੀ, ਵਸੀਅਤ ਕਰਕੇ ਆਪਣੀ ਜਾਇਦਾਦ ਦੂਜੇ ਨੂੰ ਦੇ ਦੇਣੀ, ਹਿਬਾ ਕ० ।

Bequest, *n.* ਬੀਕੁਐਸਟ—ਵਸੀਅਤ, ਕੋਈ ਚੀਜ਼ ਵਸੀਅਤ ਕਰਕੇ ਛੱਡ ਜਾਣੀ ।

Berate, *v. t.* ਬੀਰੇਟ-ਝਿੜਕਨਾ, ਦੁਰਕਾਰਨਾ; ਪਰੇ ਹਟਾਉਣਾ ।

Berattle, *v. t.* ਬੀਰੈਟਲ-ਸ਼ੋਰ ਨਾਲ ਭਰਨਾ ਕੋਲਾਹਲ ਨਾਲ ਭਰਨਾ ।

Bere, *n.* ਬੇਰ—ਇੱਕ ਪ੍ਰਕਾਰ ਦਾ ਜੌਂ " ਇੰਦਰ ਜੌਂ " ਆ

Bereave, *v. t.* ਬੀਰੀਵ [illegible], ਛੀਨ ਲੈਣਾ, ਲੁੱਟ ਲੈਣਾ; ਲੈ ਲੈਣਾ ।

Bereavement, *n.* ਬੀਰੀਵਮੈਂਟ—ਨੁਕਸਾਨ, ਹਾਨੀ; ਵਿਯੋਗ; ਮੌਤ ।

Bereft, *p. p.* ਬੀਰਫਟ–ਹੀਣਾ, ਹੀਨ, ਖਾਲੀ ।

Berg, *n.* ਬਰਗ–ਪਹਾੜ, ਹਮਾਚਲ ।

Berhyme, *v. t.* ਬੀਰਾਈਮ—ਕਵਿਤਾ ਵਿੱਚ ਵਰਨਣ ਕ०, ਚਾੜ੍ਹੀਆ ਬੰਦੀ ਜਾ ਸੇਅਰ ਵਿੱਚ ਬਿਆਨ ਕ० ।

Berlin, *n.* ਬਰਲਿਨ–ਇੱਕ ਪ੍ਰਕਾਰ ਦੀ ਗੱਡੀ ਜੋ ਪਹਿਲੇ ਪਹਿਲ ਬਰਲਨ ਨਗਰ (ਜਰਮਨੀ ਦੀ ਰਾਜਧਾਨੀ) ਵਿੱਚ ਬਣੀ ਸੀ ।

Berry, *n.* ਬੈਰੀ–ਕੋਈ ਛੋਟਾ ਫਲ ਜਿਸ ਵਿੱਚ ਕਈ ਬੀ ਹੁੰਦੇ ਹਨ; ਬੇਰ, ਪਿਪਲੀ, ਬਰਕੋਲਾ ।

Berth, *n.* ਬਰਥ–ਸੌਣ ਦੀ ਜਗ੍ਹਾ; ਜਹਾਜ਼ ਦਾ ਕਮਰਾ, ਉਹ ਜਗ੍ਹਾ ਜਿੱਥੇ ਜਹਾਜ਼ ਦਾ ਲੰਗਰ ਪਾਉਂਦੇ ਹਨ; ਨੌਕਰੀ, ਅਸਾਮੀ ।

Beryl, *n.* ਬੈਰਿਲ–ਫ਼ੀਰੋਜ਼ਾ, ਕੀਮਤੀ ਪੱਥਰ ।

Bescrawl, *v. t.* ਬੀਸਕ੍ਰਾਲ—ਬੁਰਾ ਲਿਖਣਾ, ਘਸੀਟਕੇ ਲਿਖਣਾ, ਚੀਚ ਵਰੋਲੀਆਂ ਮਾਰਨੀਆਂ, ਚੀਚ ਘਚੋਲੀਆਂ ਮਾਰਨੀਆਂ ।

Beseech, *v. t.* ਬੀਸੀਚ–ਮਿੰਨਤ ਕ०, ਚੰਦੀਆਂ ਵਿਲਕਣੀਆਂ, ਤਰਲੇ ਕਰਨੇ, ਬੇਨਤੀ ਕ०; ਮੰਗਣਾ ।

Beseem, *v. i.* ਬੀਸੀਮ–ਯੋਗ ਹੋਣਾ, ਉਚਿਤ ਹੋਣਾ; ਫਬਣਾ ।

Beset, *v. t.* ਬੀਸੈਟ–ਘੇਰਾ ਪਾਉਣਾ, ਟੁੱਟਕੇ ਪੈਣਾ; ਦਿਕ ਕ०, ਸਤਾਉਣਾ, ਖਿਝਾਉਣਾ; ਹੈਰਾਨ ਪਰੇਸ਼ਾਨ ਕ० ।

Beshrew, *v. t.* ਬੀਸ਼ਰਿਊ–ਸਰਾਪ ਦੇਣਾ, ਬਦ ਦੁਆ ਦੇਣਾ; ਧਿੱਕਾਰ ਦੇਣਾ ।

Beside, *prep.* ਬੀਸਾਈਡ–ਅਲੱਗ, ਨੇੜੇ, ਪਾਸ ਪਾਸੇ ਸਿਰ; ਉਪਰੰਤ, ਇਸਦੇ ਉੱਪਰ; ਅਨੁਸਾਰ ਨਹੀਂ ।

Besides, *adv.* ਬੀਸਾਈਡਸ–ਹੋਰ ਭੀ, ਇਸਦੇ ਉੱਪਰ; ਇਸਤੋਂ ਸਿਵਾਇ ।

Besiege, *v. t.* ਬੀਸੀਜ–ਘੇਰਾ ਪਾਉਣਾ, ਮੁਹਾਸਰਾ ਕ० ।

[illegible]ਸਡ–ਘੇਰਿਆ ਹੋਇਆ ।

Besieger, *n.* ਬੀਸੀਜਰ ਘੇਰਾ ਪਾਉਣ ਵਾਲਾ, ਮੁਹਾਸਰਾ ਕਰਨ ਵਾਲਾ ।

Besmear, *v. t.* ਬੀਸਮੀਅਰ—ਭਰ ਦੇਣਾ, ਭਟ[illegible] ਕ०, ਖ਼ਰਾਬ ਕ०, ਵਿਗਾੜ ਦੇਣਾ, ਲਿਪ ਦੇਣਾ ।

Besmut, *v. t.* ਬੀਸਮਟ—ਧੂਏਂ, ਕਾਲਖ ਜਾ ਕੱਜਲ ਨਾਲ ਕਾਲਾ ਕ० ।

Besom, *n.* ਬੇਜ਼ਮ–ਝਾੜੂ, ਬਹੁਕਰ ।

Besort, *v. t.* ਬੀਸਾਰਟ–ਸੇਤ੍ਹਾ ਕ०; ਠੀਕ ਕ०, ਲਾਇਕ ਕ०; *n.* ਸਾਥ, ਹਾਜ਼ਰੀ, ਅੜਦਲ ।

Besot, *v. t.* ਬੀਸਾਟ–ਅਚੇਤ ਕ०, ਬੇਹੋਸ਼ ਕ०, ਸਾਊ ਕ०, ਮੂੜ੍ਹ ਕ०; ਪਾਗ਼ਲ ਬਣਾਉਣਾ ।

Besougt, *v. t.* ਬੀਸਾਟ–*p. t.* and *p. p.* of Beseech, ਬੇਨਤੀ ਕੀਤੀ, ਮਿੰਨਤ ਕੀਤੀ ।

Bespangle, *v. t.* ਬੀਸਪੈਂਗਲ—ਸਤਾਰੇ ਲਾਉਣਾ, ਸਤਾਰਿਆਂ ਜਾ ਹੋਰ ਕਿਸੇ ਚਮਕੀਲੀ ਚੀਜ਼ ਨਾਲ ਸਜਾਉਣਾ ।

Bespatter, *v. t.* ਬੀਸਪੈਟਰ–ਛਿੱਟੇ ਪਾਉਣਾ, ਗੰਦਾ ਕ०, ਨਾਪਾਕ ਕ०; ਕਲੰਕ ਲਗਾਉਣਾ, ਤੁਹਮਤ ਲਗਾਉਣੀ ।

Bespeak, *v. t.* ਬੀਸਪੀਕ–ਅੱਗੇ ਹੀ ਕਹਿ ਰੱਖਣਾ, ਰੋਕ ਰਖਣਾ ।

Bespice, *v. t.* ਬੀਸਪਾਈਸ—ਮਸਾਲੇ ਲਾਕੇ ਚੰਗੇ ਸੁਆਦ ਵਾਲਾ ਕ० ।

Bespit, *v. t.* ਬੀਸਪਿਟ–ਥੁੱਕ ਨਾਲ ਭਰਨਾ; ਥੁੱਕ ਸੁੱਟਣੀ ।

Bespread, *v. t.* ਬੀਸਪ੍ਰੈਡ–ਖਿਲਾਰਨਾ, ਏਧਰ ਓਧਰ ਸੁੱਟਣਾ ।

Besprinkle, *v. t.* ਬੀਸਪਰਿੰਕਲ–ਛਿੜਕਣਾ; ਛਿੜਕਾ ਕ०, ਛਿੱਟਾਂ ਪਾਉਣੀਆਂ ।

Best, *a.* ਬੈਸਟ—ਸਭ ਤੋਂ ਅੱਛਾ, ਸਭ ਨਾਲੋਂ ਚੰਗਾ; *adv.* ਸਭ ਤੋਂ ਭਲਾ ।

Bestain, *v. t.* ਬੀਸਟੇਨ—ਭਰਨਾ, ਭਰ ਦੇਣਾ; ਧੱਬਾ ਲਾਉਣਾ, ਦਾਗ਼ ਲਾਉਣਾ ।

Bestead, *v. t.* ਬੀਸਟੈਡ—ਉਪਕਾਰ ਕ०, ਸਲੂਕ ਕ०; ਗੁਣ ਕ०, ਫ਼ਾਇਦਾ ਕ०; ਆਰਾਮ ਦੇਣਾ ।

Bestial, *a.* ਬੈਸਚੀਅਲ-ਪਸ਼ੂ ਸਮਾਨ, ਵਹਿਸ਼ੀ ; ਭਰਿਸ਼ਟ ।

Bestick, *v. t.* ਬੀਸਟਿਕ—ਕਿਸੇ ਚੀਜ਼ ਤੇ ਅਟਕ ਜਾਣਾ ।

Bestir, *v. t.* ਬੀਸਟਿਰ—ਉੱਦਮ ਕਰਨ ਨੂੰ ਪ੍ਰੇਰਨਾ, ਕੰਮ ਵਿੱਚ ਲਗਾਉਣਾ ; ਹੱਥ ਪੈਰ ਮਾਰਨੇ, ਹੱਦੋਂ ਵਧਕੇ ਕੋਸ਼ਸ਼ ਕਰਨੀ ।

Bestow, *v. t.* ਬੀਸਟੋ—ਬਖ਼ਸ਼ ਦੇਣਾ; ਬਖ਼ਸ਼ਸ਼ੀ ਕਰਨੀ ; ਤੁਹਫ਼ਾ ਦੇਣਾ; ਦਾਨ ਦੇਣਾ, ਖ਼ਰਾਇਤ ਕਰਨੀ; ਨਾਤਾ ਕ०; ਲਗਾਉਣਾ; ਰੱਖਣਾ ।

Bestowal, *n.* ਬੀਸਟੋਅਲ-ਦਾਨ, ਪੁੰਨ, ਬਖ਼ਸ਼ੀਸ਼, ਖ਼ਰਾਇਤ ।

Bestraw, **Bestrew**, *v. t.* ਬੀਸਟਰਾ, ਬੀਸਟ੍ਰਿਊ ਛਿਕੜਨਾ, ਫੈਲਾਉਣਾ, ਖਿੰਡਾਉਣਾ ।

Bestride, *v. t.* ਬੀਸਟਰਾਈਡ—ਚੜ੍ਹਨਾ, ਚੜ੍ਹ ਬੈਠਣਾ, ਸਵਾਰ ਹੋਣਾ, ਦੋਹਾਂ ਟੰਗਾਂ ਦੇ ਵਿਚਕਾਰ ਕਰਕੇ ਬੈਠਣਾ ।

Bestud, *v. t.* ਬੀਸਟੱਡ-ਮੋੜ੍ਹਨਾ, ਫੁੱਲ ਜੜਨਾ ।

Bet, *n.* ਬੈਟ—ਸ਼ਰਤ, ਬਾਜ਼ੀ ; *v. t.* ਸ਼ਰਤ ਬੰਨ੍ਹਣੀ, ਬਾਜ਼ੀ ਲਾਉਣੀ ।

Betake, *v. t.* ਬੀਟੇਕ—ਲੈਣਾ ; ਪਕੜਨਾ ; ਆਸਰਾ ਲੈਣਾ, ਉਪਾਇ ਕ०, ਲੱਗਣਾ, ਦਿਲ ਦੇਣਾ ।

Betel, *n.* ਬੀਟਲ-ਪਾਨ, ਪਾਨ ਦਾ ਪੱਤਰ ।

Betel-nut, *n.* ਬੀਟਲ-ਨੱਟ—ਸੁਪਾਰੀ, ਛਾਲੀਆ ।

Bethink, *v. i.* ਬੀਥਿੰਕ—ਚੇਤਾ ਕ०, ਯਾਦ ਕ०, ਸੋਚਣਾ; ਵਿਚਾਰਨਾ ।

Bethump, *v. t.* ਬੀਥੰਪ-ਕੁੱਟਣਾ, ਮਾਰਨਾ ।

Betide, *v. t.* ਬੀਟਾਈਡ-ਆਨ ਪੈਣਾ, ਆਉਣਾ, ਆ ਜਾਣਾ; ਭਾਵੀ ਬੀਤਣਾ, ਬੀਤ ਜਾਣਾ, ਹੋ ਜਾਣਾ ।

Betime, **Betimes**, *adv.* ਬੀਟਾਈਮ, ਬੀਟਾਈਮਸ ਸਮੇਂ ਸਿਰ, ਵੇਲੇ ਸਿਰ, ਵਕਤ ਪੁਰ, ਠੀਕ ਵੇਲੇ ਸਿਰ ।

Betoken, *v.t.* ਬੀਟੋਕਨ-ਦੱਸਣਾ, ਬਤਲਾਉਣਾ, ਸੁਝਾਉਣਾ, ਪ੍ਰਗਟ ਕ०, ਅੱਗੋਂ ਜਤਾਉਣਾ ਜਾ ਦਿਖਾਉਣਾ ।

Betorn, *p. a.* ਬੀਟਾਰਨ-ਟੁਕੜੇ ਟੁਕੜੇ ਕੀਤਾ ਗਿਆ ।

Betoss, *v. t.* ਬੀਟਾਸ-ਹਿਲਾਉਣਾ, ਉਛਾਲਨਾ; ਪ੍ਰੇਸ਼ਾਨ ਕ०, ਜੋਸ਼ ਦਿਲਾਉਣਾ ।

Betray, *v. t.* ਬੀਟਰੇ-ਦਗ਼ਾਬਾਜ਼ੀ ਨਾਲ ਫੜਾ ਦੇਣਾ, ਧੋਖਾ ਦੇਣਾ, ਭੇਤ ਦੇ ਦੇਣਾ ਯਾ ਖੋਲ੍ਹ ਦੇਣਾ, ਦਗ਼ਾ ਕ०, ਵਿਸਵਾਸਘਾਤ ਕ०, ਵਿਸਾਹਕੇ ਮਾਰਨਾ ।

Betrayal, *n.* ਬੀਟਰੇਅਲ-ਧੋਖਾ, ਦਗ਼ਾ ।

Betrayer, *n.* ਬੀਟਰੇਅਰ-ਧੋਖੇਬਾਜ਼, ਦਗ਼ਾਬਾਜ਼, ਯਾਰ ਮਾਰ ।

Betrim, *v. t.* ਬੀਟਰਿਮ-ਸਜਣਾ, ਸਜਾਉਣਾ, ਚੰਗੇ ਬਸਤ੍ਰ ਪਹਿਨਣੇ, ਗਹਿਣੇ ਆਦਿਕ ਪਾਕੇ ਸਜਾਵਟ ਕ० ।

Betroth, *v. t.* ਬੀਟਰਾਥ—ਸਗਾਈ ਕ०, ਮੰਗਣੀ ਕ०, ਕੁੜਮਾਈ ਕ०; ਰੋਕਣਾ ।

Betrothal, *n.* ਬੀਟਰਾਥਲ-ਸਗਾਈ, ਮੰਗਣੀ ਕੁੜਮਾਈ ।

Betrust, *v. t.* ਬੀਟਰਸਟ—ਭਰੋਸਾ ਕ०; ਸੌਂਪਣਾ ।

Better, *v. t.* ਬੈਟਰ-ਸੁਧਾਰਨਾ, ਸੁਆਰਨਾ ; ਹੋਰ ਭਲੋਂ ਬਹੁਤ ਚੰਗਾ ਕ०; ਉੱਨਤੀ ਕਰਨੀ ; *n.* ਚੰਗਿਆਈ ਵਿੱਚ ਦੂਜੇ ਕੋਲੋਂ ਵਧਕੇ ; *a.* ਦੂਜਿਆਂ ਕੋਲੋਂ ਗੁਣਾਂ ਵਿੱਚ ਵਧੀਕ ; *adv.* ਬਹੁਤ ਦਰਜੇ ਕਰਕੇ ਚੰਗਾ, ਸਭ ਕੋਲੋਂ ਚੰਗਾ ।

Better-half, *n.* ਬੈਟਰਹਾਫ਼-ਇਸਤ੍ਰੀ, ਅਰਧੰਗੀ ।

Betters, *n.* ਬੈਟਰਸ-ਵੱਡੇ, ਵੱਡਵਡੇਰੇ, ਬਜ਼ੁਰਗ; ਚੰਗੇ ।

Betumbled, *p. t.* ਬੀਟੰਬਲਡ—ਗੜ ਬੜ, ਝਗੜਾ ਰਗੜਾ ।

Between, *prep.* ਵਿੱਚਕਾਰ, ਦੋਹਾਂ ਦੇ ਵਿੱਚਕਾਰ, ਆਪਸ ਵਿੱਚ ਦੀ ।

Bevel, **Bevil**, *v. t.* ਬੀਵਲ, ਬੀਵਿਲ ਕੱਟਕੇ ਤਿਰਛਾ ਕੋਣਾ ਕ०; *n.* ਢੁਲਾਵ ਤਿਰਛਾਈ ।

Beverage, *n.* ਬਿਵੀਰੇਜ—ਸ਼ਰਬਤ, ਅਰਕ, ਸ਼ਰਾਬ, ਭੰਗ, ਆਦਿਕ ਪੀਣ ਦੀ ਚੀਜ਼ ।

Bevy, *n.* ਬੇਵੀ—ਪੰਛੀਆਂ ਦਾ ਝੁੰਡ ; ਸਭਾ, ਸਮਾਜ ।

Bewail, *v. i.* ਬੀਵੇਲ—ਗ਼ਮ ਕ॰, ਸ਼ੋਕ ਕ਼, ਵਿਰਲਾਪ ਕ਼, ਰੋਣਾ, ਵੈਣ ਪਾਉਣਾ ।

Beware, *v. i.* ਬੀਵੇਅਰ—ਹੁਸ਼ਿਆਰ ਹੋਣਾ ਯਾ ਰਹਿਣਾ, ਸੁਚੇਤ ਹੋਣਾ ਯਾ ਰਹਿਣਾ, ਖ਼ਬਰਦਾਰ ਹੋਣਾ ਯਾ ਰਹਿਣਾ ।

Beweep, *v. t.* ਬੀਵੀਪ—ਰੋਣਾ ।

Bewilder, *v. t.* ਬੀਵਿਲਡਰ—ਭੁਲਾਉਣਾ, ਭਟਕਾਉਣਾ, ਘਬਰਾਉਣਾ ; ਭੁਲਾਵਟ ਦੇਣੀ ; ਪਰੇਸ਼ਾਨ ਕ॰, ਹੈਰਾਨ ਕ॰ ।

Bewilderment, *n.* ਬੀਵਿਲਡਰਮੈਂਟ—ਹੈਰਾਨੀ ਪਰੇਸ਼ਾਨੀ; ਭੁਲਾਵਟ ।

Bewitch, *v. t.* ਬੀਵਿਚ—ਮੋਹਤ ਕ਼, ਮੋਹ ਲੈਣਾ; ਟੂਣਾ ਕ਼, ਜਾਦੂ ਕ਼ ।

Bewitchery, *n.* ਬੀਵਿਚਰੀ—ਜਾਦੂ, ਟੂਣਾ, ਟੋਟਕਾ ।

Bewray, *v. t.* ਬੀਰੇ—ਧੋਖਾ ਦੇਣਾ, ਛਲ ਨਾਲ ਪ੍ਰਕਾਸ਼ ਕ਼; ਦਿਖਾ ਦੇਣਾ ।

Bey, *n.* ਬੇ—ਤੁਰਕ ਦੇਸ਼ ਦੇ ਇੱਕ ਸੂਬੇ ਦਾ ਹਾਕਮ ।

Beyond, *prep.* ਬੀਯਾਂਡ—ਪਾਰ, ਉਸ ਪਾਸੇ ਵੱਲ, ਉਸਤੋਂ ਪਰੇ, ਉਸਤੋਂ ਉੱਚਾ, ਉੱਪਰ; ਪਹੁਚ ਤੋਂ ਪਰੇ; *adv.* ਪਰੇ, ਉਸ ਪਾਸੇ, ਉਸ ਤਰਫ਼ ।

Bezel, *n.* ਬੇਜ਼ਲ—ਮੁੰਦਰੀ ਦੇ ਨਗ ਦਾ ਘਰ, ਅੰਗੂਠੀ ਦੀ ਖੋਰੀ ।

Bezoare, *n.* ਬੀਜ਼ੋਰ—ਜ਼ਹਿਰ ਮੋਹਰਾ ।

Bias, *n.* ਬਾਇਸ—ਦਿਲ ਦਾ ਝੁਕਾਉ, ਤਰਫ਼ਦਾਰੀ, ਪੱਖਪਾਤ; ਇੱਛਾ; *v. t.* ਇੱਕ ਪਾਸੇ ਝੁਕ ਜਾਣਾ ; *adv.* ਉਰੇਬ, ਉਰੇਬਵਾ; ਕਤਰਵਾਂ ।

Bib, *v. i.* ਬਿਬ—ਬਹੁਤ ਸ਼ਰਾਬ ਪੀਣੀ; ਘੁੱਟ ਭਰਨਾ, ਚੁਸਕੀ ਲੈਣੀ ; *n.* ਇੱਕ ਪ੍ਰਕਾਰ ਦੀ ਮੱਛੀ ; ਮਲਮਲ ਆਦਿਕ ਦਾ ਬਣਿਆ ਹੋਇਆ ਕੱਪੜਾ ਜੋ ਬੱਚਿਆਂ ਦੀ ਛਾਤੀ ਪੁਰ ਪਾਇਆ ਜਾਂਦਾ ਹੈ ਤਾਂਕਿ ਕੱਪੜੇ ਮੈਲੇ ਨ ਹੋਨ, ਗਿੱਦੀ ।

Bibacious, *a.* ਬਿਬੇਸੀਅਸ—ਸ਼ਰਾਬੀ, ਸ਼ਰਾਬ ਖ਼ੋਰ, ਬਦਮਸਤ ।

Bibble, *n.* ਬਿਬਲ—ਬਕਵਾਸ ; ਗੱਪ ਸ਼ੱਪ, ਗਪੌੜਾ ।

Bible, *n.* ਬਾਈਬਲ—ਈਸਾਈਆਂ ਦੀ ਧਰਮ ਪੁਸਤਕ, ਅੰਜੀਲ ।

Bibliographer, *n.* ਬਿਬਲੀਓਗਰਾਫ਼ਰ—ਕਿਤਾਬਾਂ ਯਾ ਪੁਸਤਕਾਂ ਦੀ ਨਕਲ ਕਰਨ ਵਾਲਾ ।

Bibliography, *n.* ਬਿਬਲੀਓਗਰਾਫ਼ੀ—ਪੁਸਤਕ ਯਾ ਗਰੰਥ ਵਿੱਦਯਾ, ਕਿਤਾਬੀ ਇਲਮ ।

Bibliopolist, *n.* ਬਿਬਲੋਪੋਲਿਸਟ—ਪੁਸਤਕਾਂ ਵੇਚਨ ਵਾਲਾ ।

Bibliotheke, *n.* ਬਿਬਲੋਥੀਕ—ਪੁਸਤਕਾਲਯ, ਲਾਇਬ੍ਰੇਰੀ ।

Bice, *n.* ਬਾਈਸ—ਨੀਲਾ ਯਾ ਹਰਾ ਰੰਗ ।

Bicipital, Bicipitous, *a.* ਬਿਸੀਪੀਟਲ, ਬਿਸੀਪੀਟਸ — ਦੋ ਸਿਰਾ, ਦੋ ਸਿਰ ਵਾਲਾ ।

Bickem, *n.* ਬਿਕੈਮ—ਨੋਕਦਾਰ ਲੋਹਾ ।

Bicker, *v. t.* ਬਿੱਕਰ—ਲੜਨਾ, ਝਗੜਨਾ, ਮਾਰੋ ਮਾਰ ਕ॰; ਕੰਬਣਾ ।

Bickering, *n.* ਬਿੱਕਰਿੰਗ—ਲੜਾਈ, ਝਗੜਾ ।

Bicorne, Bicornous, *a.* ਬਾਇਕਾਰਨ, ਬਾਇਕਾਰਨਸ — ਦੋ ਸਿੰਗੀ, ਦੋ ਸਿੰਗਾ ਵਾਲਾ ।

Bicycle, *n.* ਬਾਇਸੈਕਲ—ਬਾਈਸਿਕਲ, ਦੋ ਪਹੀਆਂ ਵਾਲੀ ਪੈਰ ਗੱਡੀ ।

Bid, *v. t.* ਬਿਡ—ਹੁਕਮ ਕ॰ ਯਾ ਦੇਣਾ, ਆਗਯਾ ਦੇਣਾ; ਇੱਛਾ ਕ਼; ਪੁੱਛਣਾ ; ਬੋਲੀ ਦੇਣਾ; ਪ੍ਰਗਟ ਕ॰ ; ਨਿਉਂਦਾ ਦੇਣਾ ; *n.* ਬੋਲੀ, ਦਾਮ, ਪੈਸੇ ।

Bidder, *n.* ਬਿੱਡਰ—ਬੋਲੀ ਦੇਨ ਵਾਲਾ ।

Bidding, *n.* ਬਿਡਿੰਗ—ਆਗਿਆ, ਫ਼ਰਮਾਇਸ਼, ਹੁਕਮ ।

Bide, *v. t.* or *i.* ਬਾਇਡ—ਵੱਸਣਾ, ਵਾਸ ਕ॰ ਟਿਕਣਾ ; ਵੇਲੇ ਦੀ ਉਡੀਕ ਰੱਖਣਾ ; ਦੁੱਖ ਨੂੰ ਸਹਿਣਾ ।

Bidental, *a.* ਬਾਇਡੈਂਟਲ—ਦੋ ਦੰਦਾਂ ਵਾਲਾ ।

Bidet, *n.* ਬਿਡਿਟ—ਇੱਕ ਛੋਟਾ ਘੋੜਾ ।

Biding, *n.* ਬਾਈਡਿੰਗ—ਵਾਸ ਦੀ ਜਗ੍ਹਾ, ਨਿਵਾਸ ।

Biennial, *a.* ਬੀਐਨੀਅਲ—ਦੋ ਸਾਲਾ, ਦੋ ਵਰ੍ਹੇ ਤੀਕ ਰਹਿਣ ਵਾਲਾ, ਦੋ ਵਰ੍ਹੇ ਵਿੱਚ ਹੋਣ ਵਾਲਾ।

Bier, *n.* ਬੀਅਰ—ਜਨਾਜ਼ਾ, ਅਰਥੀ, ਮੁਰਦਾ ਉਠਾਉਣ ਦਾ ਤਖ਼ਤਾ, ਇੱਕ ਗੱਡੀ ਜਿਸ ਵਿੱਚ ਮੁਰਦੇ ਨੂੰ ਪਾਕੇ ਕਬਰਾਂ ਵੱਲ ਦੱਬਣ ਲਈ ਲੈ ਜਾਂਦੇ ਹਨ।

Biestings, *n.* ਬੀਸਟਿੰਗਜ਼-ਗਾਂ ਦੇ ਸੂਣੇ ਪਰ ਪਹਿਲੇ ਦਿਨ ਦਾ ਦੁੱਧ, ਬਹੁਲੀ।

Bifid, Bifidated, } *a.* ਬੀਫ਼ਿਡ, ਬੀਫ਼ਿਡਏਟਿਡ } ਦੋ ਸ਼ਾਖਾ, ਦੋ ਚੀਰਾ, ਦੋ ਸ਼ਾਖਾਂ ਵਿੱਚ ਫਟਿਆ ਹੋਇਆ, ਦੋ ਭਾਗਾਂ ਵਿੱਚ ਚੀਰਿਆ ਹੋਇਆ।

Bifold, *a.* ਬੀਫ਼ੋਲਡ-ਦੁਗਣਾ, ਦੋਹਰਾ।

Biformed, *a.* ਬਾਇਫ਼ਾਰਮੇਡ—ਦੋ ਰੂਪਾ, ਦੋ ਰੰਗਾ, ਦੋ ਰੂਪਾ।

Bifronted, *a.* ਬੀਫ਼ਰੰਟਿਡ—ਦੋ ਮੂੰਹਾਂ, ਦੋ ਮੁਖਾਂ ਵਾਲਾ।

Bifurcated, *a.* ਬੀਫ਼ਰਕੇਟਿਡ—ਦੋ ਸ਼ਾਖਾ, ਦੋ ਸ਼ਾਖਦਾਰ।

Big, *a.* ਬਿਗ-ਵੱਡਾ, ਮੋਟਾ, ਭਾਰੀ, ਭਰਿਆ ਹੋਇਆ; ਗਰਭ ਵਾਲੀ, ਪੇਟ ਵਾਲੀ, ਪੈਰ ਭਾਰੀ।

Bigamist, *n.* ਬਿਗੇਮਿਸਟ—ਦੋ ਵਹੁਟੀਆਂ ਵਾਲਾ, ਦੋ ਬੀਵੀਆਂ ਵਾਲਾ।

Bigamy, *n.* ਬਿਗੇਮੀ-ਇੱਕ ਵਹੁਟੀ ਦਿਆਂ ਜੀਉਂਦਿਆਂ ਦੂਜੀ ਹੋਰ ਵਿਆਹੁਣ ਦਾ ਅਪਰਾਧ।

Biggin, *n.* ਬਿੱਗਿਨ-ਬੱਚੇ ਦੀ ਟੋਪੀ।

Bight, *n.* ਬਾਈਟ-ਖਲੀਜ, ਖਾੜੀ; ਰੱਸੀ ਦੀ ਲਪੇਟ।

Bigly, *adv.* ਬਿਗਲੀ—ਹੰਕਾਰ ਨਾਲ, ਸ਼ੇਖ਼ੀ ਨਾਲ।

Bigot. *n.* ਬਿਗਟ-ਧੱਮਬੀ, ਹੱਟਾ ਕੱਟਾ, ਹੱਠ ਧਰਮ ਵਾਲਾ; *a.* ਬਿਨਾਂ ਵਿਚਾਰ, ਹਠੀਲਾ।

Bigotry, *n.* ਬਿਗਾਟਰੀ-ਧੱਮਬ, ਹਠ ਧਰਮੀ।

Bilander, *n.* ਬਿਲੈਂਡਰ-ਸੌਦਾਗਰੀ ਦੀ ਇੱਕ ਛੋਟੀ ਬੇੜੀ ਜਾ ਜਹਾਜ਼।

Bilateral, *a.* ਬੀਲੇਟਰਲ-ਦੋ ਭੁਜਾਂ ਵਾਲਾ, ਦੋ ਪਹਿਲੂ।

Bilbo, *n.* ਬਿਲਬੋ ਤਲਵਾਰ, ਪੇਸ਼ ਕਬਜ਼।

Bile, *n.* ਬਾਈਲ-ਜਿਗਰ ਦੀ ਗਰਮੀ, ਪਿਤ, ਸੁਫਰਾ; ਦੁਸ਼ਮਨੀ, ਅਦਾਵਤ; ਤਲਖ਼ੀ, ਗੁੱਸਾ।

Bilestone, *n.* ਬਾਈਲਸਟੋਨ-ਪਥਰੀ, ਮਸਾਨੇ ਦੀ ਪਥਰੀ।

Bilge, *n.* ਬਿਲਜ-ਤੈਂਹ, ਥੱਲਾ, ਜਹਾਜ਼ ਦੇ ਥੱਲੇ ਦੀ ਚੌੜਾਈ; *v. i.* ਪਾਣੀ ਦੇਣਾ, ਜਹਾਜ਼ ਦੇ ਤਲੇ ਛੇਕ ਹੋਣਾ, ਪਾਣੀ ਚੁਰਾਉਣਾ।

Bilingual, *a.* ਬੋਲਿੰਗੁਅਲ—ਦੋ ਜੀਭਾ, ਦੋ ਜ਼ਬਾਨਾਂ ਵਾਲਾ।

Bilious, *a.* ਬਿਲੀਅਸ-ਸੁਫ਼ਰਾਵੀ, ਪਿਤ ਵਾਲਾ, ਪੱਤੀ।

Bilk, *v. t.* ਬਿਲਕ—ਫ਼ਰੇਬ ਕ॰, ਧੋਖਾ ਕ॰, ਠੱਗਣਾ।

Bill, *n.* ਬਿੱਲ-ਪੰਛੀ ਦੀ ਚੁੰਝ; ਕੁਹਾੜੀ, ਦਾਤ੍ਰੀ; ਹਿਸਾਬ ਦਾ ਬਿੱਲ, ਹਿਸਾਬ ਦੇ ਲੈਣ ਦੀ ਫ਼ਹਿਰਿਸਤ, ਕਾਨੂਨ ਦਾ ਮਸੌਦਾ ਜਾ ਖਰੜਾ; ਨਾਲਸ਼; ਅਰਜ਼ੀ ਦਾਵਾ; ਨੁਸਖ਼ਾ; ਇਸ਼-ਤਿਹਾਰ; *v. i.* ਚੋਗਾ ਬਦਲਣਾ।

Billet, *n.* ਬਿਲਟ—ਚਿੱਠੀ, ਸਿਪਾਹੀਆਂ ਦੇ ਰਹਿਣ ਦੀ ਜਗ੍ਹਾ ਨਿੱਯਤ ਕਰਨ ਦੀ ਚਿੱਠੀ; *v. t.* ਸਿਪਾਹੀਆਂ ਨੂੰ ਰਹਿਣ ਵਾਸਤੇ ਟਿਕਟ ਦੇਣੀ।

Billetdoux, : *n.* ਬਿਲੀਡੂ—A love letter, ਪ੍ਰੇਮ ਪੱਤਰ।

Billiards, *n.* ਬਿਲੀਅਰਡਸ-ਅੰਟਾ ਖੇਲ।

Billion, *n.* ਬਿਲੀਅਨ-ਖਰਬ, ਮਹਾਂ ਪਦਮ।

Billow, *n.* ਬਿਲੋ-ਵੱਡੀ ਲਹਿਰ, ਤੁਰੰਗ; *v. t.* ਲਹਿਰਾਉਣਾ।

Bimonthly, *a.* ਬਾਈਮੰਥਲੀ-ਹਰ ਦੋ ਮਹੀਨੇ ਜਾ ਮਹੀਨੇ ਵਿੱਚ ਦੋ ਵਾਰ।

Bin, *n.* ਬਿਨ-ਸ਼ਰਾਬ ਆਦਿ ਦੀ ਕੋਠੜੀ।

Binary, *a.* ਬਿਨੈਰੀ—ਦੋ, ਦੋਹਰਾ, ਦੁਗਣਾ, ਜੋੜਾ।

Bind, *v. t.* ਬਾਈਂਡ-ਬੰਨ੍ਹਣਾ, ਕੱਸਣਾ; ਰੋਕਣਾ; ਠਹਿਰਾ ਲੈਣਾ; ਹੱਦ ਬੰਨ੍ਹਣੀ; ਅਹਿਸਾਨਵੰਦ ਕ॰; ਪੱਟੀ ਬੰਨ੍ਹਣੀ; *v. i.* ਠੋਕਾ ਕ॰; ਪਾਬੰਦੀ ਹੋਣੀ; ਸਖ਼ਤ ਹੋਣਾ।

Binder, *n.* ਬਾਈਂਡਰ-ਬੰਨ੍ਹਣ ਵਾਲਾ, ਜਿਲਦ ਸਾਜ਼।

Binding, *n.* ਬਾਈਂਡਿੰਗ–ਜਿਲਦ, ਪੱਟੀ; *a.* ਵਾਜਬ; ਕਬਜ਼ ਕਰਨ ਵਾਲਾ।

Binocular, *a.* ਬਾਇਨੌਕਿਊਲਰ—ਦੋ ਅੱਖਾਂ ਵਾਲਾ, ਦੋ ਨੇਤਰਾਂ ਵਾਲਾ।

Binomial, *a.* ਬਾਇਨੌਮੀਅਲ–ਦੋ ਭਾਗ ਰੱਖਣੇ ਵਾਲਾ, ਦੋ ਪਦ ਰੱਖਣੇ ਵਾਲਾ; ਜੋੜਾ; *n.* ਜੁੜਵੀਂ ਅੱਖ।

Biographer, *n.* ਬਾਇਓਗਰੇਫ਼ਰ—ਜੀਵਨ ਚਰਿੱਤ੍ਰ ਲਿਖਣੇ ਵਾਲਾ।

Biography, *n.* ਬਾਇਓਗਰਾਫ਼ੀ—ਜੀਵਨ ਚਰਿੱਤ੍ਰ, ਜਨਮਸਾਖੀ, ਆਦਮੀ ਦੇ ਜੀਵਨ ਦਾ ਇਤਹਾਸ।

Biology, *n.* ਬਾਇਓਲੌਜੀ–ਜੀਵਨ ਵਿੱਦਯਾ।

Bipartite, *a.* ਬਾਇਪਰਟਾਇਟ–ਦੋ ਬਰਾਬਰ ਹਿੱਸੇ ਰੱਖਣ ਵਾਲਾ।

Biped, *n.* ਬਾਇਪੈਡ–ਦੋ ਪਾਯਾ, ਦੋ ਪੈਰਾਂ ਵਾਲਾ ਜਾਨਵਰ।

Bipennated, *a.* ਬਾਇਪੈਨੇਟਡ—ਦੋ ਪਰਾਂ ਵਾਲਾ, ਦੋ ਖੰਭਾਂ ਵਾਲਾ।

Biquadrate, *n.* ਬਾਇਕੁਐਡਰੇਟ–ਚਤੁਰ ਘਾਟ ਯਾ ਕੂੰਟ; ਮੁਰੱਬੇ ਦਾ ਮੁਰੱਬਾ।

Birch, *n.* ਬਰਚ—ਇੱਕ ਪ੍ਰਕਾਰ ਦਾ ਪੇੜ ਯਾ ਬ੍ਰਿਛ।

Bird, *n.* ਬਰਡ—ਪਖੇਰੂ, ਪੰਛੀ, ਪ੍ਰਿੰਦ; ਚਿੜੀ; *v. i.* ਪੰਛੀ ਫੜਨੇ; bird's eye view, ਉੱਪਰ ਤੋਂ ਵੇਖਿਆ ਗਿਆ; ਚੀਲ (ਇੱਲ) ਦੀ ਨਜ਼ਰ।

Bird-bolt, *n.* ਬਰਡਬੋਲਟ—ਪੰਛੀ ਮਾਰਨ ਦਾ ਤੀਰ, ਇੱਕ ਛੋਟਾ ਤੀਰ।

Bird-cage, *n.* ਬਰਡਕੇਜ–ਪਿੰਜਰਾ।

Bird-catcher, *n.* ਬਰਡਕੈਚਰ—ਚਿੜੀਮਾਰ, ਸ਼ਿਕਾਰੀ।

Birth, *n.* ਬਰਥ–ਜਨਮ, ਉਤਪੱਤੀ, ਪੈਦਾਇਸ਼; ਕੁਲ, ਵੰਸ; ਖ਼ਾਨਦਾਨ, ਘਰਾਨਾ।

Birth-day, *n.* ਬਰਥਡੇ—ਜਨਮ ਦਿਨ, ਵਰ੍ਹੇ ਗੰਢ।

Birthdom, *n.* ਬਰਥਡਮ–ਪੈਦਾਇਸ਼ ਦਾ ਹੱਕ, ਕੁਲ ਦਾ ਅਧਿਕਾਰ।

Birth-night, *n.* ਬਰਥਨਾਈਟ–ਜਨਮ ਰਾਤ੍ਰੀ, ਜਨਮ ਰਾਤ।

Birth-place, *n.* ਬਰਥਪਲੇਸ—ਜਨਮ ਭੂਮੀ, ਜਨਮ ਦੇਸ਼, ਜਨਮ ਸਥਾਨ।

Birth-right, *n.* ਬਰਥਰਾਈਟ–ਜਨਮ ਅਧਿਕਾਰ, ਓਹ ਅਧਿਕਾਰ ਜੋ ਕਿਸੇ ਨੂੰ ਕਿਸੇ ਜਗ੍ਹਾ ਪੈਦਾ ਹੋਣ ਦੇ ਕਾਰਨ ਮਿਲਦਾ ਹੈ।

Biscuit, *n.* ਬਿਸਕੁਇਟ—ਕਰੜੀ ਸੁੱਕੀ ਰੋਟੀ, ਬਿਸਕੁਟ।

Bisect, *v. t.* ਬਾਈਸੈਕਟ–ਕੱਟਕੇ ਬਰਾਬਰ ਦੋ ਹਿੱਸੇ ਕਰਨੇ, ਇੱਕੋ ਜੇਹੇ ਦੋ ਭਾਗ ਕਰਨੇ।

Bisection, *n.* ਬਾਈਸੈਕਸ਼ਨ—ਦੋ ਬਰਾਬਰ ਹਿੱਸੇ ਕਰਨ ਦੀ ਹਾਲਤ।

Bishop, *n.* ਬਿਸ਼ਪ—ਈਸਾਈਆਂ ਦਾ ਵੱਡਾ ਪਾਦਰੀ; ਛਾਉਨੀ ਦੀ ਬੋਲੀ ਵਿੱਚ ਸ਼ਰਾਬ; ਸੰਗਤਰੇ ਅਤੇ ਮਿਸ਼ਰੀ ਦੀ ਮਿਲਾਵਟ; ਰੁਕ (ਸ਼ਤਰੰਜ ਦੀ ਨਰਦ)।

Bismuth, *n.* ਬਿਸਮਥ–ਕੂਲ ਧਾਤ, ਫੁੱਲ।

Bison, *n.* ਬੀਸਨ–ਇੱਕ ਜੰਗਲੀ ਪਸ਼ੂ।

Bissextile, *n.* ਬਿਸੈਕਸਟਾਈਲ—ਅੰਗ੍ਰੇਜ਼ੀ ਵਰ੍ਹੇ ਦਾ ਚੌਥਾ ਸਾਲ, ਜਿਸ ਵਿੱਚ ਇੱਕ ਦਿਨ ਵਧੀਕ ਹੁੰਦਾ ਹੈ ਅਰਥਾਤ ਜਿਸਨੂੰ ਲੀਪ ਦਾ ਸਾਲ ਆਖਦੇ ਹਨ।

Bistoury, *n.* ਬਿਸਟੂਅਰੀ–ਨਸ਼ਤ੍ਰ ਜਿਸ ਨਾਲ ਡਾਕਟਰ ਜ਼ਖ਼ਮ ਨੂੰ ਚੀਰਦੇ ਫਾੜਦੇ ਹਨ।

Bistre, *n.* ਬਿਸਟਰ—ਕਾਲਖ ਯਾ ਕੱਜਲ ਦਾ ਬਣਿਆ ਹੋਇਆ ਰੰਗ।

Bisulcous, *a.* ਬਿਜ਼ਲਕਸ—ਚੀਰੇ ਹੋਏ ਸੁੰਮ ਵਾਲਾ, ਚੀਰੇ ਹੋਏ ਖੁਰ ਵਾਲਾ।

Bit, *n.* ਬਿਟ–ਘੋੜੇ ਦਾ ਦਹਾਨਾ ਅਰਥਾਤ ਲਗਾਮ ਦਾ ਲੋਹੇ ਵਾਲਾ ਹਿੱਸਾ ਜਿਹੜਾ ਘੋੜੇ ਦੇ ਮੂੰਹ ਵਿੱਚ ਹੁੰਦਾ ਹੈ; ਟੁਕੜਾ, ਬੁਰਕ, ਲੁਕਮਾ, ਨਵਾਲਾ; ਬੋਟੀ; ਰੋੜਾ।

Bitch, *n.* ਬਿਚ—ਕੁੱਤੀ, ਕੁਤੀਆ; ਲੜਾਕੀ ਇਸਤ੍ਰੀ।

Contort, *v. t.* ਕਨਟੌਰਟ—ਮਰੋੜਨਾ, ਵਲ ਦੇਣਾ ।

Contorted, *a.* ਕਨਟੌਰਟਡਿ–ਬੇਜੋੜ ।

Contortion, *n.* ਕਨਟੌਰਸ਼ਨ—ਮਰੋੜ, ਪੇਚ, ਵਲ ।

Contour, *n.* ਕਨਟੂਰ–ਘੇਰਾ, ਨਕਸ਼ਾ, ਢਾਂਚਾ, ਡੌਲ, ਸ਼ਕਲ, ਚਿਹਰਾ ।

Contra, *a.* ਕਨਟਰਾ–ਵਿਰੁੱਧ, ਬੇਮੁਖ, ਬਿਪਰੀਤ, ਉਲਟ, ਬਰਖ਼ਿਲਾਫ਼ ।

Contraband, *a.* ਕਨਟਰਾਬੈਂਡ—ਵਰਜਿਤ, ਨਿਖਿੱਧ, ਅਨੁਚਿੱਤ, ਨਾਜਾਇਜ਼, ਕਾਨੂਨ ਦੇ ਵਿਰੁੱਧ, ਮਨਾ ਕੀਤਾ ਹੋਇਆ ; *n.* ਰਾਜ ਦੇ ਵਿਰੁੱਧ ਬਿਓਪਾਰ ।

Contract, *n.* ਕਨਟਰੈਕਟ–ਕੌਲ ਕਰਾਰ, ਕਰਾਰ ਮਦਾਰ, ਬਚਨ, ਮੰਗਨੀ; ਠੇਕਾ; ਲਿਖਤ, ਇਕਰਾਰਨਾਮਾ, ਪਟਾ; *v. t.* ਵਿਹਾਰ ਕ॰, (ਕਿਸੇ ਕੰਮ ਨੂੰ) ਨਿਜਿੱਠਨਾ ; ਘਟਾਉਨਾ, ਸੰਖੇਪ ਕ॰ ; ਤੰਗ ਕ॰; ਹਾਸਲ ਕ॰ ; ਪ੍ਰਾਪਤ ਕ॰, ਲੈਣਾ, ਪੈਦਾ ਕ॰ ; ਸੰਕੋਚਨਾ, ਸੁਕੜਾਉਨਾ ; ਮੰਗਨੀ ਕਰਨੀ, ਸੰਬੰਧ ਕ॰; *v. i.* ਸੰਕੋਚ ਜਾਨਾ, ਸੁਕੜਨਾ, ਸਕੜਨਾ, ਅਕੜਨਾ; ਬਚਨ ਹਾਰਨਾ ; [illegible] ਜਾ ਕ॰ ।

Contracted, *a.* ਕਨਟਰੈਕਟਡਿ—[illegible] ਹੋਇਆ, ਸਮੇਟਿਆ ਹੋਇਆ, [illegible] ਜਾ ਚੜ੍ਹੀ ਹੋਈ ।

Contractedness, *n.* ਕਨਟਰੈਕਟਡਿਨੈਸ—ਸੁਕੜ ਜਾਨ ਯਾ ਸੰਕੋਚ ਜਾਨ ਦੀ ਹਾਲਤ ।

Contractible, *a.* ਕਨਟਰੈਕਟੀਬਲਿ–ਸੁਕੜਨੇ ਦੇ ਯੋਗ, ਸੰਕੋਚ ਹੋ ਜਾਨ ਦੇ ਲਾਇਕ ।

Contraction, *n.* ਕਨਟ ਸ਼ਨ—ਸੰਕੋਚ, ਖਿੱਚ, ਜਕੜਾਓ, ਸਮੇਟ; ਮਰੋੜ, ਪੇਚਸ਼, ਜਾੱਢਾ; ਅਕੜਾਓ; ਸੰਖੇਪ, ਇਖ਼ਤਸਾਰ, ਮੁਖ਼ਤਸਿਰ ਕਰਨ ਦੀ ਹਾਲਤ ।

Contractor, *n.* ਕਨਟਰੈਕਟਰ—ਠੇਕੇਦਾਰ, ਨਿਯਮ ਕਰਨੇ ਵਾਲਾ ।

Contradict, *v. t.* ਕਨਟਰੈਡਿਕਟ—ਕਿਸੇ ਦੀ ਬਾਤ (ਕੱਟਣੀ), ਵਿਰੁੱਧ ਵਰਨਣ ਕ॰, ਰੱਦ ਕ॰, ਝੁਠਲਾਉਨਾ, ਉਲਟ ਕਹਿਣਾ, (ਗੱਲ ਨੂੰ ਫੇਰਨਾ; ਰੋਕਨਾ, ਅਟਕਾਉਣਾ, ਵਰਜਨਾ, ਹਟਕਨਾ, ਮਨੇਂ ਕ॰ ।

Contradiction, *n.* ਕਨਟਰੈਡਿਕਸ਼ਨ—ਇਨਕਾਰ, ਨਾਂਹ; ਵਿਰੁੱਧ ਵਰਨਣ, ਉਲਟ ਕਹਿਣ ਦੀ ਹਾਲਤ; ਵਿਰੋਧਤਾਈ, ਉਲਟ ।

Contradictor, *n.* ਕਨਟਰੈਡਿਕਟਰ–ਵਿਰੋਧੀ, ਉਲਟ ਕਹਿਣ ਵਾਲਾ, ਝੂਠਿਆਂ ਕਰਨ ਵਾਲਾ ।

Contradictory, *a.* or *n.* ਕਨਟਰੈਡਿਕਟਰੀ–ਵਿਰੁੱਧ, ਉਲਟਾ, ਬਿਪਰੀਤ; (ਕਿਸੇ ਦੀ ਗੱਲ ਯਾ ਕਥਨ ਨੂੰ) ਕੱਟ ਦੇਣ ਦੀ ਹਾਲਤ ।

Contradistinct, *a.* ਕਨਟਰੈਡਿਸਟਿੰਕਟ—ਬਿਪਰੀਤ ਗੁਣਾਂ ਦਾ, ਵਿਰੋਧ ਧਰਮਾਂ ਦਾ, ਵੱਖਰਾ ।

Contradistinguish, *v. t.* ਕਨਟਰੈਡਿਸਟਿੰਗੁਇਸ਼—ਵਿਰੁੱਧ ਗੁਣਾਂ ਨਾਲ ਪਹਿਚਾਨਣਾ ।

Contraindicate, *v. t.* ਕਨਟਰੇਂਡੀਕੇਟ—ਕਿਸ ਰੋਗ ਦੀ ਦਸ਼ਾ ਦੇ ਵਿਰੁੱਧ ਲੱਛਣ ਯਾ ਔਖਧੀ ਦੱਸਨੀ ।

Contranatural, *a.* ਕਨਟਰੇਨੈਚੁਰਲ–ਬਿਪਰੀਤ ਪਰਕ੍ਰਿਤੀ, ਕੁਦਰਤ ਦੇ ਉਲਟ ।

Contraposition, *n.* ਕਨਟਰੈਪੋਜ਼ੀਸ਼ਨ—ਸਨਮੁਖ ਵਿੱਚ ਸਥਾਪਨ, ਸਾਹਮਣੇ ਰੱਖਣ ਦੀ ਹਾਲਤ।

Contrapuntist, *n.* ਕਨਟਰੈਪਨਟਿਸਟ—ਤਾਲ ਅਤੇ ਸੁਰ ਮਿਲਾਉਣੇ ਵਿੱਚ ਨਿਪੁਨ ਪੁਰਖ।

Contrariety, *n.* ਕਨਟਰੈਰਾਈਇਟੀ–ਵਿਰੋਧਤਾਈ, ਬਿਪਰੀਤੀ।

Contrariwise, *adv.* ਕਨਟਰੈਰੀਵਾਈਜ਼—ਵਿਰੁੱਧ ਇਸਦੇ, ਬਰਖ਼ਿਲਾਫ਼ ਇਸਦੇ, ਉਲਟ ਇਸਦੇ।

Contrary, *n.* ਕਨਟਰੈਰੀ—ਵਿਰੁੱਧ ਗੁਣਾਂ ਦੀਆਂ ਚੀਜ਼ਾਂ, ਵਿਰੁੱਧ ਭਾਵ; *a.* ਪ੍ਰਤਿਕੂਲ, ਵਿਰੋਧੀ, ਬਿਪਰੀਤ, ਖ਼ਿਲਾਫ਼।

Contrast, *v. t.* ਕਨਟਰਾਸਟ–ਮੁਕਾਬਲਾ ਕ०, ਫ਼ਰਕ ਯਾ ਭੇਤ ਦੇਖਣਾ; *n.* ਮੁਕਾਬਲਾ, ਫ਼ਰਕ, ਭੇਤ, ਅੰਤਰ।

Contravallation, *n.* ਕਨਟਰੈਵੇਲੇਸ਼ਨ—ਸ਼ਹਿਰ ਦੇ ਚੌਹੀਂ ਪਾਸੀਂ ਮੋਰਚਾਬੰਦੀ ਜੋ ਉਸ ਸ਼ਹਿਰ ਦੇ ਘੇਰਨੇ ਵਾਲੇ ਇਸ ਖ਼ਿਆਲ ਨਾਲ ਬਣਾਉਂਦੇ ਹਨ ਕਿ ਅੰਦਰ ਦੇ ਲੋਗ ਅਚਾਨਚੱਕ ਬਾਹਰ ਨਾ ਉੱਠ ਭੱਜਣ।

Contravene, *v. n.* ਕਨਟਰੈਵੀਨ–ਵਿਰੁੱਧ ਯਾ ਉਲਟ ਹੋਣਾ, ਅੜਨਾ, ਬਿਪਰੀਤ ਹੋਣਾ; ਤੋੜਨਾ।

Contravention, *n.* ਕਨਟਰੈਵੈਨਸ਼ਨ–ਵਿਰੋਧ, ਬਿਪਰੀਤੀ, ਦਖ਼ਲ ਦੇਣ ਦੀ ਹਾਲਤ।

Contributary, *a.* ਕਨਟਰੀਬੀਊਟਰੀ—ਹਾਲਾ ਯਾ ਕਰ ਭਰਨ ਵਾਲਾ।

Contribute, *v. t.* ਕਨਟਰੀਬੀਊਟ—ਦੇਣਾ, ਚੰਦਾ ਯਾ ਹਿੱਸਾ ਦੇਣਾ, ਸਹਾਇਤਾ ਯਾ ਮੱਦਦ ਦੇਣੀ; (ਕਿਸੇ ਅਖ਼ਬਾਰ ਨੂੰ) ਮਜ਼ਮੂਨ ਦੀ ਮੱਦਦ ਦੇਣੀ।

Contribution, *n.* ਕਨਟਰੀਬੀਊਸ਼ਨ–ਅੰਸ਼, ਭਾਗ, ਅੰਸ਼ ਦਾਨ, ਚੰਦਾ, ਹਿੱਸਾ ਰਸਦੀ, ਸਹਾਇਤਾ, ਦਿੱਤੀ ਹੋਈ ਚੀਜ਼; (ਅਖ਼ਬਾਰ ਵਿੱਚ ਦਿੱਤਾ ਹੋਇਆ) ਮਜ਼ਮੂਨ।

Contributive, *a.* ਕਨਟਰੀਬੀਊਟਿਵ–ਸਹਾਇਕ, ਚੰਦਾ ਦੇਣੇ ਵਾਲਾ।

Contributor, *n.* ਕਨਟਰੀਬੀਊਟਰ—ਚੰਦੇ ਵਿੱਚ ਸਹਾਇਤਾ ਦੇਣੇ ਵਾਲਾ, ਉਪਕਾਰੀ, ਸਹਾਇਕ; (ਅਖ਼ਬਾਰ ਵਿੱਚ) ਮਜ਼ਮੂਨ ਦੇਣੇ ਵਾਲਾ, ਸੰਪਾਦਕ।

Contributory, *a.* ਕਨਟਰੀਬੀਊਟਰੀ—ਕਿਸੇ ਅਖ਼ਬਾਰ ਵਿੱਚ ਹਰ ਵਾਰ ਜਾਂ ਨਿੱਯਤ ਸਮਯ ਤੇ ਮਜ਼ਮੂਨ ਦੇਣੇ ਵਾਲਾ, [illegible]ਕ, ਸਹਾਇਕ, ਮੱਦਦਗਾਰ।

Contrite, *a.* ਕਨਟਰਾਈਟ—ਪਛਤਾਵਾ ਕਰਨ ਵਾਲਾ, ਪਸ਼ੈਮਾਨ; ਚਿੰਤਾਤੁਰ; ਤੋੜਿਆ ਹੋਇਆ, ਟੁੱਟਿਆ ਹੋਇਆ।

Contrition, *n.* ਕਨਟਰੀਸ਼ਨ—ਪਛਤਾਵਾ ਪਸ਼ੈਮਾਨੀ; ਚਿੰਤਾ।

Contrivance, *n.* ਕਨਟਰਾਈਵੈਨਸ–ਉਪਾਇ, ਜੁਗਤ, ਜਤਨ, ਹਿਕਮਤ, ਤਦਬੀਰ, ਜੋੜ ਤੋੜ, ਫੰਦਸ਼, ਤਰਕੀਬ, ਨਵੀਂ ਕਾਢ।

Contrive, *v. t.* ਕਨਟਰਾਈਵ–ਉਪਾਇ ਕ०, ਜਤਨ ਕ०, ਤਦਬੀਰ ਕ०, ਜੁਗਤ ਕ०' ਕਾਢ ਕੱਢਣੀ, ਨਵੀਂ ਚੀਜ਼ ਬਣਾਉਣੀ, ਈਜਾਦ ਕਰਨੀ।

Contrivement, *n.* ਕਨਟਰਾਈਵਮੈਂਟ—ਨਿਰੂਪਣ, ਨਿਰਮਾਣ, ਕਲਪਨਾ, ਏਜਾਦ, ਕਾਢ।

Contriver, *n.* ਕਨਟਰਾਈਵਰ–ਉਪਾਇ ਯਾ ਤਦਬੀਰ ਕਰਨੇ ਵਾਲਾ, ਹਿਕਮਤੀ, ਮਨਸੂਬੇਬਾਜ਼।

Control, *n.* ਕਨਟਰੋਲ–ਅਟਕਾਵ, ਰੋਕ, ਕੈਦ; ਅਧਿਕਾਰ, ਵੱਸ, ਕਾਬੂ; ਹੁਕਮ, ਆਗਜ਼ਾ, ਦਬਾਓ; *v. t.* ਅਟਕਾਉਣਾ, ਰੋਕਣਾ, ਅਧੀਨ ਕ०, ਵੱਸ ਕ०, ਦਬਾਉਣਾ, ਵਰਜਣਾ; ਹੁਕਮ ਕ०।

Controllable, *a.* ਕਨਟਰੋਲੇਬਲਿ–ਦਬਾਉਣੇ ਯਾ ਰੋਕਣੇ ਜੋਗ, ਮੰਨਣੇ ਜੋਗ, ਜੋ ਮਾਤਹਿਤ ਯਾ ਹੇਠਾਂ ਹੋ ਸੱਕੇ।

Controller, *n.* ਕਨਟਰੋਲਰ—ਰਾਖੀ ਕਰਨੇ ਵਾਲਾ, ਰੱਖਿਆ ਕਰਨੇ ਵਾਲਾ, ਦਾਰੋਗ਼ਾ; ਹਿਸਾਬ ਪੜਤਾਲ ਕਰਨੇ ਵਾਲਾ, ਅਮੀਨ, ਨਾਜ਼ਰ।

Controversial, *a.* ਕਨਟਰੋਵਰਸ਼ੀਅਲ—ਬਬਾਦੀ, ਤਕਰਾਰੀ, ਝਗੜਾਲੂ, ਹੁੱਜਤੀ।

Controversialist, *n.* ਕਨਟਰੋਵਰਸ਼ੀਆਲਿਸਟ—ਬਬਾਦੀ, ਹੁੱਜਤੀ।

Controversy, *n.* ਕਨਟਰੋਵਰਸੀ—ਝਗੜਾ, ਝਗੜਾ ਝਾਂਸਾ, ਝੇੜਾ, ਬਾਦ ਵਿਬਾਦ; ਉੱਤ੍ਰ ਪ੍ਰਸ਼ਨ, ਸੁਆਲ ਜਵਾਬ।

Controvert, *v. t.* ਕਨਟਰੋਵਰਟ—ਬਿਬਾਦ ਕ०, ਝਗੜਾ ਯਾ ਟੰਟਾ ਕ०, ਬਹਿਸ ਕਰਨੀ, ਦਲੀਲ ਨਾਲ ਮੁਕਾਬਲਾ ਕ०; ਹੁੱਜਤ ਕ०, ਝੁਠਲਾਉਣਾ।

Controvertible, *a.* ਕਨਟਰੋਵਰਟੀਬਲਿ—ਬਿਬਾਦ ਦੇ ਜੋਗ, ਹੁੱਜਤ ਦੇ ਲਾਇਕ।

Contumacious, *a.* ਕਨਟ੍ਯੁਮੇਸ਼ੀਅਸ-ਜ਼ਿੱਦੀ, ਹੱਠੀ।

Contumaciousness, *n.* ਕਨਟ੍ਯੁਮੇਸ਼ੀਅਸਨੈਸ—ਵੇਖੋ ਲਫ਼ਜ਼ Contumacy.

Contumacy, *n.* ਕਨਟ੍ਯੁਮੇਸੀ—ਜ਼ਿੱਦ, ਹੱਠ, ਢੀਠਪੁਣਾ।

Contumelious, *a.* ਕਨਟੀਉਮੀਲੀਅਸ—ਘਿਣਾਂ ਕਰਨੇ ਵਾਲਾ, ਅਸਭ੍ਯ, ਬਦਬੋਲਾ।

Contumeliousness, *n.* ਕਨਟੀਉਮੀਲੀਅਸਨੈਸ—ਵੇਖੋ ਲਫ਼ਜ਼ Contumely.

Contumely, *n.* ਕਨਟੀਉਮਲੀ—ਘਿਰਣਾ ਕਰਨ ਦੀ ਹਾਲਤ, ਗਾਲੀ, ਦੁਰਵਾਕ।

Contuse, *v. t.* ਕਨਟੀਉਜ਼-ਕੁਚਲਨਾ, ਕੁਚਲ ਦੇਣਾ, ਝੁਲਸੇ ਜਾਣਾ।

Contusion, *n.* ਕਨਟੀਉਜ਼ਨ-ਕੁਚਲਾਈ, ਚੋਟ, ਟੋਕਰ, ਜ਼ਖਮ; ਗੁੱਝੀ ਮਾਰ।

Conundrum, *n.* ਕੋਨਨਡਰਮ—ਇੱਕ ਨੀਚ ਠੱਠਾ, ਪਹੇਲੀ, ਬੁਝਾਰਤ।

Convalescence, *n.* ਕਨਵੇਲਸੈਨਸ-ਅਰਾਮ, ਸਿਹਤ, ਸ਼ਫ਼ਾ, ਬੀਮਾਰੀ ਦੇ ਪਿੱਛੋਂ ਅਰਾਮ।

Convalescent, *a.* ਕਨਵੇਲਸੈਂਟ—ਰੋਗ ਦੇ ਪਿੱਛੋਂ ਰਾਜ਼ੀ ਹੋਣ ਵਾਲਾ, ਸਿਹਤ ਵਾਲਾ।

Convene, *v. t.* ਕਨਵੀਨ-ਇਕੱਠਾ ਕ०, ਜਮ੍ਹਾਂ ਕ०; ਸਭਾ, ਕਮੇਟੀ ਯਾ ਅੰਜਮਨ ਆਦਿਕ ਕਰਨੀ, ਮਜਲਸ ਕਰਨੀ, ਜਲਸਾ ਕ०: ਬੁਲਾ ਭੇਜਣਾ; *v. i.* ਇਕੱਠਾ ਹੋਣਾ, ਜਮ੍ਹਾਂ ਹੋਣਾ, ਇੱਕ ਥਾਂ ਇਕੱਠੇ ਹੋਣਾ।

Convener, *n.* ਕਨਵੀਨਰ-ਕਿਸੇ ਕਮੇਟੀ, ਸਭਾ ਯਾ ਅੰਜਮਨ ਆਦਿਕ ਨੂੰ ਇਕੱਠਾ ਕਰਨੇ ਯਾ ਬੁਲਾਉਣੇ ਵਾਲਾ, ਜਮ੍ਹਾਂ ਕਰਨੇ ਵਾਲਾ।

Convening, *p.p.* ਕਨਵੀਨਿੰਗ-ਇਕੱਠੇ ਕਰਦੇ ਹੋਏ।

Convenience, Conveniency, *n.* ਕਨਵੀਨੀਐਨਸ, ਕਨਵੀਨੀਐਨਸੀ—ਜੋਗਤਾ, ਆਨੰਦ, ਸੁਖ, [illegible]; ਵਿਹਲ, ਸੁਖਾਲ, ਫ਼ੁਰਸਤ।

Convenient, *a.* ਕਨਵੀਨੀਐਂਟ—ਉਚਿੱਤ, ਜੋਗਜ, ਜਥਾਜੋਗ, ਆਰਾਮ ਦਾ, ਸੁਖ ਦਾ, ਸੁਖੀ; ਫ਼ੁਰਸਤ ਦਾ, ਵਿਹਲਾ; ਅਸਾਨ।

Conveniently, *adv.* ਕਨਵੀਨੀਐਂਟਲੀ—ਅਸਾਨੀ ਨਾਲ, ਚੰਗੇ ਨਾਲ, ਅਰਾਮ ਨਾਲ, ਤਕਲੀਫ਼ ਤੋਂ ਬਿਨਾਂ, ਵੇਹਲੇ ਵੇਲੇ ਸਿਰ।

Convent, *v. t.* ਕਨਵੈਂਟ-ਹਾਕਮ ਯਾ ਅਦਾਲਤ ਦੇ ਸਾਹਮਣੇ ਬੁਲਾਉਣਾ; *n.* ਕੰਵਾਰਿਆਂ ਦਾ ਮਠ, ਕੰਵਾਰੀਆਂ ਦੀਆਂ ਯਾਤ੍ਰਗਾਹਾਂ; ਧਾਰਮਿਕ ਲੋਗਾਂ ਦੀ ਸਭਾ, ਧਰਮ ਅਸਥਾਨ, ਆਸ਼ਰਮ; ਅਖਾੜਾ।

Conventicle, *n.* ਕਨਵੈਂਟੀਕਲਿ-ਈਸਾਈਆਂ ਦੀ ਜਮਾਤ ਨਿਮਾਜ਼ ਵਾਸਤੇ।

Convention, *n.* ਕਨਵੈਨਸ਼ਨ-ਸਮਾਜ, ਸਭਾ, ਮੰਡਲੀ, ਮਜਲਸ, ਜਮਾਤ, ਜੱਥਾ; ਇਕਰਾਰ, ਅਹਿਦ ਪੈਮਾਨ, ਬਚਨ।

Conventional, *a.* ਕਨਵੈਨਸ਼ਨਲ—ਰਸਮੀ, ਰਿਵਾਜ ਨਿੱਤ ਦਾ।

Converge, *v. i* ਕਨਵਰਜ-ਇੱਕ ਹੀ ਬਿੰਦੂ ਯਾ ਕੇਂਦਰ ਦੀ ਓਰ ਝੁਕਨਾ ਯਾ ਨਿਕਟ ਹੋਣਾ, ਇੱਕ ਥਾਂ ਆਕੇ ਮਿਲਨਾ।

Convergence, Convergency, *n.* ਕਨਵਰਜੈਨਸ, ਕਨਵਰਜੈਨਸੀ—ਇੱਕ ਬਿੰਦੂ ਦੀ ਓਰ ਝੁਕਨ ਦੀ ਹਾਲਤ, ਝੁਕਾਓ, ਮੀਲਾਨ।

Convergent, Converging, *a.* ਕਨਵਰਜੰਟ, ਕਨਵਰਜਿੰਗ—ਇੱਕ ਹੀ ਸਿੰਮਤ ਨੂੰ ਝੁਕਾਓ, ਇੱਕ ਹੀ ਕੇਂਦਰ ਦੀ ਵੱਲ ਝੁਕਾਓ।

Conversable, Conversible, *a.* ਕਨਵਰਸੇਬਲਿ, ਕਨਵਰਸੀਬਲਿ—ਮਿਲਨਸਾਰ, ਗੱਲ ਬਾਤ ਯਾ ਬਾਤ ਚੀਤ ਕਰਨੇ ਦੇ ਲਾਇਕ, ਮਿਲਣੇ ਯਾ ਬਾਤ ਕਰਨ ਦੇ ਜੋਗ।

Conversant, *a.* ਕਨਵਰਸੈਂਟ—ਵਾਕਿਫ਼, ਵਾਕਬ, ਵਾਕਿਫ਼ਕਾਰ, ਆਸ਼ਨਾ, ਜਾਣਕਾਰ ਨਿਪੁਨ, ਕੁਸ਼ਲ।

Conversation, *n.* ਕਨਵਰਸੇਸ਼ਨ—ਬੋਲ ਚਾਲ, ਬਾਤ ਚੀਤ, ਗੱਲ ਕੱਥ, ਬੋਲਾ ਚਾਲੀ, ਗੱਪ ਸ਼ੱਪ, ਜੁਆਬ ਸੁਆਲ ਅਲਾਪ।

Conversational, *a.* ਕਨਵਰਸੇਸ਼ਨਲ—ਬੋਲ ਚਾਲ ਦਾ, ਬਾਤ ਚੀਤ ਦੇ ਸੰਬੰਧ ਵਿੱਚ।

Conversationalist, *n.* ਕਨਵਰਸੇਸ਼ਨਲ-ਇਸਟ—ਮਿੱਠਾ ਬੋਲਣ ਵਾਲਾ, ਮਿੱਠਬੋਲਾ ਬੋਲਣ ਵਾਲਾ; ਚੰਗੀਆਂ ਗੱਪਾਂ ਮਾਰਨ ਵਾਲਾ।

Conversazione, *n.* ਕਨਵਰਸੇਸ਼ੀਓਨ—ਵਿੱਦਯਾ ਦੀਆਂ ਗੱਲਾਂ, ਇਲਮੀ ਬਾਤਾਂ; ਗੱਲ ਬਾਤ, ਦਿਲ ਬਹਿਲਾਉਣ ਲਈ ਬਾਤ ਚੀਤ।

Converse, *v. i.* ਕਨਵਰਸ—ਅਲਾਪ ਕ०, ਬਾਤ ਚੀਤ ਕਰਨੀ, ਚਰਚਾ ਕਰਨੀ, ਗੱਲ ਕੱਥ ਕਰਨੀ, ਦੇਖਣਾ, ਭਾਲਣਾ; *n.* ਸੰਭਾਸ਼ਨ, ਬੋਲ ਚਾਲ, ਬਾਤ ਚੀਤ, ਜਾਣ ਪਹਿਚਾਣ, ਵਾਕਬੀ, ਸਾਹਿਬ ਸਲਾਮਤ; ਵਿਰੁੱਧ, ਉਲਟ; ਜ਼ਿੱਦ।

Conversely, *adv.* ਕਨਵਰਸਲੀ—ਉਲਟਾ, ਵਿਰੋਧ ਨਾਲ, ਬਰਖ਼ਿਲਾਫ਼।

Conversion, *n.* ਕਨਵਰਸ਼ਨ—ਬਦਲਨ ਦੀ ਹਾਲਤ, ਪਲਟ ਦੇਣ ਦੀ ਹਾਲਤ, ਇੱਕ ਧਰਮ, ਦੀਨ ਯਾ ਮਜ਼੍ਹਬ ਵਿੱਚੋਂ ਦੂਜੇ ਵਿੱਚ ਜਾਨ ਦੀ ਹਾਲਤ, ਬੁਰਾ ਚਲਨ ਛੱਡਕੇ ਭਲਮਨਸਾਈ ਫੜਨ ਦੀ ਹਾਲਤ, ਸੁਧਾਰ; ਉਲਟ ਪੁਲਟ; ਸਾਹਮਨਾ ਯਾ ਰੁਖ਼ ਬਦਲਨ ਦੀ ਹਾਲਤ।

Convert, *v. t.* ਕਨਵਰਟ—ਪਲਟ ਡਾਲਨਾ, ਪਲਟ ਜਾਣਾ, ਇੱਕ ਧਰਮ ਤੋਂ ਦੂਜੇ ਧਰਮ ਵਿੱਚ ਲਿਆਉਣਾ, ਈਸਾਈ ਕ०, ਰੂਪ ਯਾ ਸ਼ਕਲ ਬਦਲਨਾ; ਅਪਨਾ ਕ०, ਅਲੱਗ ਕ०, ਨਿਕਾਲਨਾ; ਭਲਾ ਬਨਾਉਣਾ, ਸੁਧਾਰਨਾ, ਸੁਧਾਰਨਾ; *n.* ਅਨਮਤ ਅਵਲੰਬੀ, ਦੂਜੇ ਮੱਤ ਵਿੱਚ ਗਿਆ ਹੋਇਆ, ਨਵਾਂ ਚੇਲਾ, ਮੁਸੱਲੀ, ਕਿਰਾਨੀ, ਨਵਾਂ ਕਰਿਸਟਾਨ।

Converter, *n.* ਕਨਵਰਟਰ—ਇੱਕ ਧਰਮ ਤੋਂ ਦੂਜੇ ਧਰਮ ਵਿੱਚ ਲਿਆਉਣ ਵਾਲਾ।

Convertible, *a.* ਕਨਵਰਟੀਬਲਿ—ਪਲਟਨੇ ਯੋਗ, ਬਦਲਨੇ ਦੇ ਲਾਇਕ, ਇੱਕ ਨੂੰ ਕੱਢ ਦੂਜੇ ਨੂੰ ਲੁਕਾਓ।

Convex, *a.* ਕਨਵੈਕਸ—ਗੁਬਜ਼ੀ, ਬਾਹਰ ਵੱਲੋਂ ਗੋਲ ਉੱਭਰਿਆ ਹੋਇਆ, ਗੁੰਬਜ਼ਦਾਰ, ਮੱਛੀ ਦੀ ਪਿੱਠ ਵਰਗਾ; *n.* ਉਭਾਰ, ਕੁੱਬਾ ਹੋਨ ਦੀ ਹਾਲਤ।

Convex-concave, *n.* ਕਨਵੈਕਸਕਨਕੇਵ—ਉਭਰਾ ਮਘਾ।

Convexity, *n.* ਕਨਵੈਕਸਇਟੀ—ਉਭਰਾਉ ਉਭਾਰਪਨ।

Convey, *v. t.* ਕਨਵੇ—ਲੈਜਾਣਾ, ਢੋਣਾ, ਉਠਾਕੇ ਲੈ ਜਾਣਾ, ਲੈ ਚੱਲਨਾ, ਪਹੁਚਾਉਣਾ; ਵੇਚਨਾ, ਇੱਕ ਤੋਂ ਦੂਜੇ ਨੂੰ ਦੇਣਾ, ਬਖ਼ਸ਼ਨਾ, ਦੇ ਦੇਣਾ; ਸਮਝਾਉਣਾ, ਬਤਾਉਣਾ; *v. i.* ਉਭਾਰ ਦੇਣਾ, ਅਲੱਗ ਕ०, ਭੀਰ ਕ०।

Conveyance, *n.* ਕਨਵੇਐਨਸ—ਪਹੁੰਚਾਉਣ ਯਾ ਲੈ ਜਾਣ ਦੀ ਹਾਲਤ, ਦੂਜੇ ਨੂੰ ਹੱਕ ਦੇਣ ਦੀ ਹਾਲਤ; ਗੱਡੀ, ਸਵਾਰੀ; ਦਾਨ, ਹਿਬਾ, ਬਖ਼ਸ਼ੀਸ਼ਨਾਮਾ।

Conveyer, *n.* ਕਨਵੇਅਰ—ਲੈ ਚੱਲਨੇ ਵਾਲਾ, ਰਥਵਾਨ, ਵਾਹੀ, ਸੰਚਾਰਕ; ਅਰਪਣ ਕਰਨੇ ਵਾਲਾ।

Convicinity, *n.* ਕਨਵੀਸਿਨਇਟੀ—ਨਿਕਟਤਾ, ਪੜੋਸ, ਹਮਸਾਇਗੀ।

Convict, *v. t.* ਕਨਵਿਕਟ—ਪਰਮਾਣ ਨਾਲ ਅਪਰਾਧੀ ਯਾ ਦੋਸ਼ੀ ਠਹਿਰਾਉਣਾ, ਮੁਜਰਮ ਯਾ ਤਕਸੀਰਵਾਰ ਸਾਬਤ ਕ०; ਫਤਵਾ ਦੇਣਾ, ਹੁਕਮ ਦੇਣਾ; ਸਾਬਤ ਕ०, ਸਬੂਤ ਕ०; *n.* ਦੋਸ਼ੀ, ਪਰਮਾਣ ਪੂਰਬਕ ਅਪਰਾਧੀ, ਮੁਜਰਮ, ਕੈਦੀ ਯਾ ਗੁਨਹਗਾਰ।

Conviction, *n.* ਕਨਵਿਕਸ਼ਨ—ਨਿਸਚੇ, ਪੱਕਾ, ਯਕੀਨ; ਮੁਜਰਮ ਠਹਿਰਾਉਨ ਦੀ ਹਾਲਤ, ਫਤਵਾ, ਸਬੂਤ, ਦੋਸ਼ ਯਾ ਜੁਰਮ।

Convictive, *a.* ਕਨਵਿਕਟਿਵ—ਵਿਸਵਾਸ ਯਾ ਯਕੀਨ ਜਮਾਉਨ ਦੇ ਸਮਰੱਥ, ਦੋਸੀ ਠਹਿਰਾਉਨ ਦਾ ਅਖ਼ਤਿਆਰ।

Convince, *v. t.* ਕਨਵਿਨਸ—ਪਰਮਾਣ ਯਾ ਦਲੀਲ ਨਾਲ ਅੰਗੀਕਾਰ ਕ०; ਵਿਸਵਾਸ ਜਮਾਉਨਾ, ਨਿਸਚੇ ਕਰਾਉਣਾ, ਯਕੀਨ ਦਿਲਾਉਣਾ, ਸੰਸਾ ਯਾ ਸ਼ੱਕ ਦੂਰ ਕ०, ਸਮਝਾਉਣਾ।

Convincible, *a.* ਕਨਵਿਨਸੀਬਲਿ—ਯਕੀਨ ਦੇ ਲਾਇਕ, ਸਬੂਤ ਦੇ ਯੋਗ।

Convivial, *a.* ਕਨਵਿਵੀਅਲ—ਉਤਸਵ ਸੰਬੰਧੀ, ਦਾਵਤ ਦੇ ਸੰਬੰਧ ਵਿੱਚ; ਮਿਲਾਪੀ, ਆਨੰਦੀ, ਅਲਾਪੀ, ਖੁਸ਼ ।

Convocate, *v. t.* ਕਨਵੋਕੇਟ—ਸਭਾ ਯਾ ਸਮਾਜ ਵਿੱਚ ਬੁਲਾਉਣਾ, ਇਕੱਠੇ ਕ० ।

Convocation, *n.* ਕਨਵੋਕੇਸ਼ਨ—ਬੁਲਾਵਾ, ਸੱਦਾ; ਤਲਬੀ, ਨਿਉਂਤਾ; ਸਭਾ, ਮਜਲਿਸ, ਜਮਾਤ, ਪੰਚਾਇਤ; ਪਾਦਰੀਆਂ ਦੀ ਸਭਾ, ਯੂਨੀਵਰਸਿਟੀ ਦਾ ਵਾਰਖਿਕ (ਸਾਲਾਨਾ) ਜਲਸਾ ਬੀ. ਏ., ਐਮ. ਏ. ਆਦਿਕ ਨੂੰ ਸਨਦਾਂ ਦੇਣ ਲਈ ।

Convoke, *v. t.* ਕਨਵੋਕ-ਬੁਲਾਕੇ ਇਕੱਤ੍ਰ ਕ०, ਜਮ੍ਹਾਂ ਕ०, ਸਭਾ, ਸਮਾਜ ਯਾ ਅੰਜਮਨ ਵਿੱਚ ਬੁਲਾਉਣਾ; ਦੱਸਣਾ ।

Convoluted, *a.* ਕਨਵੋਲੀਉਟਿਡ-ਲਪੇਟਿਆ ਹੋਇਆ ।

Convolution, *n.* ਕਨਵੋਲੀਉਸ਼ਨ—ਲਪੇਟ, ਪੇਚ, ਵਲ ।

Convolve, *v. t.* ਕਨਵੋਲਵ-ਇਕੱਠਾ ਲਪੇਟਣਾ, ਇੱਕ ਭਾਗ ਪਰ ਦੂਜੇ ਭਾਗ ਨੂੰ ਲਪੇਟਣਾ ।

Convoy, *v. t.* ਕਨਵੋਇ-ਪ੍ਰਿਥਵੀ ਯਾ ਸਮੁੰਦਰ ਵਿੱਚ ਰਾਖੀ ਕਰਕੇ ਪਹੁੰਚਾਉਣਾ ਯਾ ਲੈ ਜਾਣਾ; *n.* ਸਾਮਾਨ ਜੰਗ (ਯੁੱਧ) ਅਤੇ ਰਸਦ ਆਦਿਕ ਲੈ ਜਾਣੇ ਵਾਲਾ ਜਹਾਜ਼ ਯਾ ਬੇੜਾ, ਸਿਪਾਹ, ਗਾਰਦ, ਫ਼ੌਜ ਦਾ ਦਸਤਾ; ਰੱਖਯਾ ਕਰਨੇ ਵਾਲਾ, ਰਾਖੀ ਕਰਨੇ ਵਾਲਾ; ਰੱਖਯਾ, ਬਚਾਉ ।

Convulse, *v. t.* ਕਨਵਲਸ—ਮਰੋੜਨਾ, ਵਲ ਦੇਣਾ; ਅਕੜਾਉਣਾ, ਹਿਲਾਉਣਾ, ਝੁਲਾਉਣਾ ।

Convulsion, *n.* ਕਨਵਲਸ਼ਨ—ਮਰੋੜ, ਵਲ; ਹਲ ਚਲ, ਦੰਗਾ, ਫ਼ਸਾਦ; ਗੰਠੀਆ, ਫ਼ਾਲਜ ।

Convulsive, *a.* ਕਨਵਲ'ਸਿਵ-ਮਰੋੜਨੇ ਵਾਲਾ, ਹਿਲਾਉਣੇ ਵਾਲਾ ।

Cony, *n.* ਕੋਨੀ—ਸਹਿਆ, ਖ਼ਰਗੋਸ਼; ਭੋਲਾ ਭਾਲਾ, ਮਿੱਥਿਆ ਮਾਯਾ, ਮਿੱਥਿਆ ਪੰਧਰਾ ।

Cony-burrow, *n.* ਕੋਨੀਬਰੋ—ਓਹ ਥਾਂ ਜਿੱਥੇ ਸਹੇ ਆਪਣੀ ਖੁੱਡ ਜ਼ਮੀਨ ਵਿੱਚ ਖੋਦਦੇ ਹਨ ।

Cony-catch, *v. t.* ਕੋਨੀਕੈਚ—ਠੱਗਣਾ, ਛਲਣਾ, ਧੋਖਾ ਦੇਣਾ, [illegible] ਕ० ।

Coo, *v. i.* ਕੂ—ਕੂਕੂ ਕ० [illegible] ਤਰ ਜੇਹਾ ਸ਼ਬਦ ਕ०, ਗੁਟਕਣਾ ।

Cooing, *n.* ਕੂਇੰਗ—ਗੁਟਕ, ਕਬੂਤਰ ਜੇਹੀ ਅਵਾਜ਼ ।

Cook, *v. t.* ਕੁਕ-ਪਕਾਉਣਾ, ਰਸੋਈ ਯਾ ਭੋਜਨ ਬਣਾਉਣਾ, ਖਾਣਾ ਤਿਆਰ ਕ०; ਮਰੋੜ ਤਰੋੜ ਕ०; ਮੁਲੰਮਾਂ ਕ०; ਕਿਸੇ ਹਿਸਾਬ ਨੂੰ ਮਰੋੜ ਤਰੋੜਕੇ ਬਣਾਉਣਾ; *n.* ਰਸੋਈਆ, ਬਵਰਚੀ, ਨਾਨਬਾਈ ।

Cookery, *n.* ਕੁਕਰੀ-ਪਕਾਉਣ ਦੀ ਵਿੱਦਯਾ, ਰਸੋਈ ਬਣਾਉਣ ਦੀ ਵਿੱਦਯਾ, ਬਵਰਚੀ-ਪੁਣਾ ।

Cookmaid, *n.* ਕੁਕਮੇਡ—ਰਸੋਈ ਬਣਾਉਣ ਵਾਲੀ ।

Cook-room, *n.* ਕੁਕਰੂਮ-ਰਸੋਈਖਾਨਾ, ਪਕਾਉਣ ਦਾ ਕਮਰਾ, ਬਵਰਚੀਖਾਨਾ ।

Cool, *a.* ਕੂਲ-ਠੰਡਾ, ਠੰਡੇ ਜੇਹਾ, ਸਿੱਲ੍ਹਾ, ਸਰਦ; ਸੀਤਲ, ਸੰਤੋਖੀ, ਜੋਸ਼ ਰਹਿਤ; ਰੁੱਖਾ, ਬੇਪ੍ਰਵਾਹ, ਇਸਥਿਰ; ਅੱਖੜ, ਸ਼ੋਖ਼ ਗੁਸਤਾਖ਼; *n.* ਸਰਦੀ, ਠੰਡ, ਠੰਡਕ, ਸੀਤ; *v. i.* ਠੰਡਾ ਹੋਣਾ, ਸੀਤਲ ਹੋਣਾ; *v. t.* ਠੰਡਾ ਕ०, ਸਰਦ ਕ०, ਸੀਤਲ ਕ०; ਢਿੱਲਾ ਕ०, ਧੀਮਾਂ ਕ० ।

Coolen, *n.* ਕੂਲਨ-ਕੂਨੰਗ, ਲਮਢੀਂਗ ।

Coolly, *adv.* ਕੂਲੀ—ਸ਼ੋਖ਼ੀ ਨਾਲ, ਗੁਸਤਾਖ਼ੀ ਨਾਲ ।

Coolness, *n.* ਕੂਲਨੈਸ—ਠੰਡ, ਥੋੜੀ ਠੰਡ, ਸਰਦੀ, ਖੁਨਕੀ; ਰੁੱਖਾਪਨ, ਰੁਖਾਈ, ਕੌੜਾ ਸੁਭਾਉ, ਗੁੱਸੇ ਹੋਣ ਦੀ ਹਾਲਤ ।

Cooly, Coolie, *n.* ਕੁਲੀ-ਮਜ਼ਦੂਰ, ਕੁਲੀ ।

Coop, *n.* ਕੂਪ-ਪੀਪਾ, ਕੁੱਪਾ; ਪਿੰਜਰਾ, ਖੁੱਡਾ (ਪੰਛੀਆਂ ਲਈ) ਖੋਚਾ; *v. t.* ਬੰਦ ਕ०, ਮੁੰਦਣਾ, ਕੈਦ ਵਿੱਚ ਰੱਖਣਾ ।

Cooper, *n.* ਕੂਪਰ-ਪੀਪਾ ਯਾ ਕੁੱਪਾ ਬਣਾਉਣ ਵਾਲਾ ।

Co-operate, *v. i.* ਕੋਉਪਰੇਟ—ਮਿਲਕੇ ਕੰਮ ਕ०, ਮਿਲਣਾ, ਏਕਤਾ ਕਰਨੀ, ਸ਼ਰੀਕ

ਹੋਨਾ, ਇੱਕ ਦੂਸੇ ਦੀ ਸਹਾਇਤਾ ਯਾ ਮੱਦਦ ਕਰਨੀ ।

Co-operation, *n.* ਕੋਉਪਰੇਸ਼ਨ–ਮੇਲ,ਮਿਲਾਪ, ਸੰਬੰਧ, ਸੰਜੋਗ, ਇਤਫ਼ਾਕ, ਸੱਥਾ ।

Co-operative, *a.* ਕੋਉਪਰੇਟਿਵ—ਇੱਕ ਹੀ ਮਤਲਬ ਯਾ ਗ਼ਰਜ਼ ਵਾਸਤੇ ਇੱਕ ਦੂਸੇ ਦੇ ਸਹਾਇਕ,। ਮੈਂਬਰਾਂ ਨੂੰ ਥੋਕ ਫ਼ਰੋਸ਼ੀ ਦੇ ਭਾਉ ਨਾਲ ਚੀਜ਼ਾਂ ਦੇਨ ਲਈ (ਦੁਕਾਨ) ਪਾਈ ਹੋਈ ਯਾ ਕਾਇਮ ਕੀਤੀ ਹੋਈ ।,

Co-operator, *n.* ਕੋਉਪਰੇਟਰ—ਮਿਲਕੇ ਕੰਮ ਕਰਨੇ ਵਾਲਾ ।

Co-ordinate, *a.* ਕੋਔਰਡੀਨੇਟ—ਬਰਾਬਰ ਦਾ, ਬਰੋਬਰ ਦਾ, ਇੱਕ ਤੋਲ ਯਾ ਇੱਕ ਮਾਪ ਦਾ, ਇੱਕੋ ਜੇਹਾ, ਇੱਕ ਪਾਏ ਦਾ, ਇੱਕ ਰੁਤਬੇ ਦਾ; *n.* (*pl. Math.*) ਓਹ ਲਕੀਰਾਂ ਜਿਨ੍ਹਾਂ ਨਾਲ ਕਿਸੇ ਲਕੀਰ ਦੀ ਬਿੰਦੀ (ਨੁਕਤੇ) ਦੀ ਥਾਂ ਮਲੂਮ ਹੋਵੇ ।

Coot, *n.* ਕੂਟ–ਮੁਰਗਾਬੀ ।

Cop, *n.* ਕੋਪ–ਚੋਟੀ, ਸਿਰ ।

Copal, *n.* ਕੋਪਲ–ਇੱਕ ਪ੍ਰਕਾਰ ਦਾ ਗੂੰਦ ਜੋ ਰੰਗ ਵਿੱਚ ਪਾਉਂਦੇ ਹਨ ।

Coparcenary, *a.* ਕੋਪਾਰਸੇਨਰੀ—ਸਾਂਝਾ, ਮੁਸ਼ਤਰਕਾ; *n.* ਸਾਂਝ, ਭਾਈਵਾਲੀ, ਭਾਈ-ਚਾਰਾ; ਸ਼ਰਾਕਤ, ਵਿਰਸਾ ।

Co-parcener, *n.* ਕੋਪਾਰਸਨਰ—ਸ਼ਰੀਕ, ਸ਼ਰੀਕ ਵਿਰਸਾ, ਪੱਤੀਦਾਰ, ਹਿੱਸੇਦਾਰ, ਭਾਈਵਾਲ ।

Co-partner, *n.* ਕੋਪਾਰਟਨਰ–ਸ਼ਰੀਕ, ਸਾਂਝੀ, ਹਿੱਸੇਦਾਰ, ਸਾਥੀ ।

Co-partnership, *n.* ਕੋਪਾਰਟਨਰਸ਼ਿਪ—ਸਾਂਝ, ਭਾਈਵਾਲੀ, ਹਿੱਸਾ, ਸ਼ਰਾਕਤ ।

Cope, *v. i.* ਕੋਪ—ਸਾਹਮਣਾ ਕ०, ਲੜਨਾ, ਲੜਾਈ ਕ०, ਮੁਕਾਬਲਾ ਕ०; ਮਿਲਨ ਦੀ ਹਾਲਤ, ਬਰੋਬਰੀ ਕਰਨ ਦੀ ਹਾਲਤ, ਵੇਖ ਭਾਲ; *n.* ਪੱਗ, ਪਗੜੀ; ਸਰਪੋਸ਼; ਛੱਤ, ਗੁੰਬਜ਼; ਚੋਗਾ, ਜੁੱਬਾ, ਫ਼ਰਗਲ; ਖਾਨ ਯਾ ਕਾਨ ਦਾ ਮਸੂਲ ।

Copestone, Coping-stone, *n.* ਕੋਪਸਟੋਨ, ਕੋਪਿੰਗਸਟੋਨ — ਚੋਟੀ ਦਾ ਪੱਥਰ ।

Copier, *n.* ਕੋਪੀਅਰ–ਨਕਲ ਨਵੀਸ, ਕਾਤਬ ਲੇਖਕ; ਨਕਲ ਉਤਾਰਨ ਯਾ ਕਰਨ ਵਾਲਾ ਨਕਲ ਮਾਰਨ ਵਾਲਾ, ਨਕਲੂ ।

Coping, *n.* ਕੋਪਿੰਗ—ਕੰਧ ਯਾ ਦੀਵਾਰ ਦਾ ਢੱਕਨਾਂ, ਮੰਡੇਰ, ਸਿਰਾ ।

Copious, *a.* ਕੋਪੀਅਸ–ਬਹੁਤ ਸਾਰਾ, ਬਹੁਤਾ, ਵਾਫ਼ਿਰ ।

Copiously, *adv.* ਕੋਪੀਅਸਲੀ—ਬਹੁਤਾਇਤ ਨਾਲ, ਬਹੁਤ ਹੀ, ਬਹੁਤ ਕਰਕੇ, ਅੰਤ ਸੁਮਾਰ ਨਾ ਹੋਣ ਦੀ ਹਾਲਤ ਵਿੱਚ, ਅਨ-ਗਿਨਤ ।

Copiousness, *n.* ਕੋਪੀਅਸਨੈਸ–ਬਹੁਤਾਇਤ, ਬਹੁਤ ਸਾਰੀ ਹੋਣ ਦੀ ਹਾਲਤ; ਵਿਸਤਾਰ, ਖੁੱਲ੍ਹਾ ਹੋਨ ਦੀ ਹਾਲਤ ।

Copped, *a.* ਕੋਪਡਿ–ਮੀਨਾਰ ਦੀ ਸ਼ਕਲ ਦਾ ਗਾਉਦੁੰਮ ।

Copper, *n.* ਕੋਪਰ–ਤਾਂਬਾ; *a.* ਤਾਂਬੇ ਦਾ ਬਰ-, ਤਨ; ਪਸਾ, ਢਬੂਆ ।

Copperas, *n.* ਕੋਪਰਐਸ—ਹੀਰਾ ਕਸੀਸ, ਜ਼ੰਗਾਰ ।

Copper-dust, *n.* ਕੋਪਰਡਸਟ—ਧਾਤ ਸਾਫ਼ ਕਰਨੇ ਵਾਲੀ ਰੇਤ ਯਾ ਬੂਰਾ ।

Copper-nose, *n.* ਕੋਪਰਨੋਜ਼—ਪਕੋੜੇ ਜੇਹ ਨੱਕ, ਨੱਕੂ ।

Copper-plate, *n.* ਕੋਪਰਪਲੇਟ–ਤਾਂਬਾ ਪੱਤਰ ਜਿਸ ਪਰ ਮੂਰਤੀ ਆਦਿਕ ਖੋਦੀ ਜਾਂਦੀ ਹੈ, ਤਾਂਬੇ ਦੀ ਤਖ਼ਤੀ ।

Coppersmith, *n.* ਕੋਪਰਸਮਿਥ–ਠਠੇਰਾ ।

Coppery, *a.* ਕੋਪਰੀ–ਤਾਂਬੇ ਦਾ, ਤਾਂਬੇ ਜੇਹਾ, ਤਾਂਬੇ ਵਰਗਾ ।

Coppice, *n.* ਕੋਪਿਸ–ਝਾੜ, ਝਾੜੀ ।

Copula, *u.* ਕੋਪੂਲਾ—ਸੰਗਯਾ ਅਤੇ ਕ੍ਰਿਯਾ ਸੰਬੰਧੀ ਸ਼ਬਦ, (*Urdu*) ਹਰਫ਼ ਰਬਤ; ਹੱਡੀਆਂ ਦਾ ਬੰਦ ।

Copulate, *v. t.* ਕੋਪੂਲੇਟ–ਜੋੜਾ ਹੋਨਾ, ਇਸਤ੍ਰੀ ਪੁਰਖ ਦਾ ਇਕੱਤ੍ਰ ਹੋਨਾ, ਸੰਜੋਗ ਕ०, ਜੋੜਨਾ, ਲਗਾਉਣਾ; *v. i.* ਜੁੜਨਾ, ਲੱਗਣਾ; ਮੈਥਨ ਕ०, ਭੋਗ ਕ०, ਸਮਾਹ ਕ०, ਇਸਤ੍ਰੀ ਪੁਰਖ ਦਾ ਇਕੱਠਾ ਸੌਣਾ; ਖੇਲਨਾ ।

Copulation, *n.* ਕੋਪੁਲੇਸ਼ਨ—ਮੈਥਨ, ਭੋਗ, ਸਮਾਹ, ਸੁਹਬਤ, ਜੋੜਾ ਹੋਣ ਦੀ ਹਾਲਤ ।

Copulative, *a.* ਕੋਪੁਲੇਟਿਵ–ਮਿਲਾਉਣੇ ਵਾਲਾ, ਜੋੜਨੇ ਵਾਲਾ ।

Copulative-conjunction, *n.* ਕੋਪੁਲੇਟਿਵ ਕਨਜੰਕਸ਼ਨ———ਸਮੁੱਚੇ, ਸੰਬੰਧ ਸ਼ਬਦ, (*Urdu*) ataf.

Copy, *v. t.* ਕੋਪੀ—ਉਤਾਰਨਾ, ਉਤਾਰਾ ਕ०, ਨਕਲ ਕ०, ਨਕਲ ਨਵੀਸੀ ਕ०; *n*, ਨਕਲ, ਉਤਾਰਾ, ਨਕਸ਼ਾ, ਨਮੂਨਾ, ਡੌਲ; ਅਸਲ, ਮਸੌਦਾ ।

Copybook, *n.* ਕੋਪੀਬੁੱਕ—ਸਿੱਖਯਾ ਅਨੁਸਾਰ ਲਿਖਨ ਦੀ ਕਾਪੀ,ਅਭਯਾਸ ਕਰਨੇ ਦੀ ਪੋਥੀ, ਓਹ ਪੁਸਤਕ ਜਿਸਨੂੰ ਦੇਖਕੇ ਵਿੱਦਯਾਰਥੀ ਲਿਖਣਾ ਸਿੱਖਦੇ ਹਨ ।

Copyhold, *n.* ਕੋਪੀਹੋਲਡ–ਪਟਾ, ਲਿਖਤ ।

Copyholder, *n.* ਕੋਪੀਹੋਲਡਰ—ਪਟਾਦਾਰ, ਪਟਾ ਰੱਖਣੇ ਵਾਲਾ, ਓਹ ਆਦਮੀ ਜੋ ਪਰੂਫ ਦੁਰੁਸਤ ਕਰਨੇ ਵਾਲੇ ਦੇ ਨਾਲ ਅਸਲ ਮਸੌਦਾ ਪੜ੍ਹਦਾ ਹੈ ।

Copyist, *n.* ਕੋਪੀਇਸਟ—ਨਕਲ ਨਵੀਸ, ਕਾਤਬ, ਲਿਖਣੇ ਵਾਲਾ, ਮੁਹਰਰ ।

Copyright, *n.* ਕੋਪੀਰਾਈਟ–ਕਿਸੇ ਛਾਪੇ ਦੀ ਪੁਸਤਕ ਵਿੱਚ ਉਸਦੇ ਕਰਤਾ ਯਾ ਉਸਦੇ ਪ੍ਰਤਿਨਿਧੀ ਦਾ ਅਧਿਕਾਰ, ਪੁਸਤਕ ਦੇ ਕਰਤਾ ਦਾ ਅਧਿਕਾਰ, ਹੱਕ ਤਸਨੀਫ਼ ।

Coquet, *v. t.* ਕੋਕੁਇਟ—ਨਖਰਾ ਕ०, ਪ੍ਰੀਤ ਜਤਾਉਣੀ; ਦੰਭ ਯਾ ਧੋਖਾ ਦੇਣਾ ।

Coquetry, *n.* ਕੋਕਇਟਰੀ—ਨਖਰਾ, ਨਖਰੇ-ਬਾਜ਼ੀ, ਅਦਾ ।

Coquette, *n.* ਕੋਕੁਇਟ—ਨਖਰੇਬਾਜ਼, ਅਦਾ ਕਰਨੇ ਵਾਲਾ ।

Coquettish, *a.* ਕੋਕਇਟਸ਼—ਨਖਰੇਬਾਜ਼; ਬਾਂਕਾ ।

Coracle, *n.* ਕੋਰੇਕਲ–ਮੱਛੀਆਂ ਫੜਨ ਵਾਲਿਆਂ ਦੀ ਬੇੜੀ ।

Coral, *n.* ਕੋਰਲ–ਮੂੰਗਾ; ਗੁਲੀਆਂ; ਲੱਕੜੀ ਦਾ ਖਿਲੌਣਾ, ਗੁੱਲੀ ।

Corant, *n.* ਕੋਰੈਂਟ–ਇੱਕ ਭਾਂਤ ਦਾ ਨਾਚ ।

Corban, *n.* ਕੋਰਬੈਨ—ਦਾਨ, ਭਿੱਛਿਆ, ਪੁੰਨ, ਖ਼ਰਾਇਤ, ਚੜ੍ਹਾਵਾ; ਦਾਨ ਪਾਤਰ, ਭਿੱਖਯਾ ਵਾਸਤੇ ਕਾਸਾ, ਤੂੰਬਾ ।

Cord, *n.* ਕੋਰਡ—ਡੋਰ, ਰੱਸੀ, ਤਨਾਂ; ਮਾਪਨ ਦਾ ਫੀਤਾ; ਰੱਸੀ ਨਾਲ ਬੰਨ੍ਹਣਾ ।

Cordage, *n.* ਕੋਰਡੇਜ–ਜਹਾਜ਼ ਦੇ ਰੱਸੇ ।

Corden, *n.* ਕੋਰਡਨ–ਘੇਰਾ, ਹਲਕਾ, ਚੱਕਰ; ਜੰਗੀ ਨਾਕਿਆਂ ਦਾ ਸਿਲਸਿਲਾ; ਰੇਸ਼ਮੀ ਫੀਤਾ ਜੋ ਮਾਣ ਵਾਸਤੇ ਪਹਿਨਿਆ ਜਾਂਦਾ ਹੈ ।

Cordial, *a.* ਕੋਰਡੀਅਲ—ਦਿਲੀ, ਜਿਗਰੀ, ਸੱਚੇ ਦਿਲ ਤੋਂ, ਦਿਲੋਂ ਵਸੋਂ, ਨਿਰਮਲ ਚਿੱਤ ਹੋਕੇ, ਨਿਸ਼ਕਪਟ ਹੋਕੇ; *n.* ਬਲ ਅਧਿਕ ਕਰਨੇ ਵਾਲੀ ਔਖਧੀ, ਪੁਸ਼ਟ ਕਰਨ ਵਾਲੀ ਦੁਆਈ, ਦਿਲ ਨੂੰ ਖ਼ੁਸ਼ ਕਰਨ ਵਾਲੀ ਸ਼ੈ ।

Cordiality, *n.* ਕੋਰਡੀਐਲਇਟੀ–ਦਿਲ ਦਾ ਜੋਸ਼, ਮਨ ਦਾ ਉਭਾਰ, ਦਿਲ ਦੀ ਸਚਾਈ, ਮਨ ਦੀ ਸਫ਼ਾਈ ।

Cordially, *adv.* ਕਾਰਡੀਅਲੀ–ਦਿਲ ਨਾਲ, ਹਿਰਦੇ ਨਾਲ, ਦਿਲ ਜਾਨ ਨਾਲ, ਸਿਰ ਅੱਖਾਂ ਤੇ, ਦਿਲ ਦੇ ਜੋਸ਼ ਨਾਲ ।

Cord-wain, *n.* ਕੋਰਡਵੇਨ–ਕਮਾਇਆ ਹੋਯਾ ਚਮੜਾ ।

Cord-wainer, *n.* ਕੋਰਡਵੇਨਰ—ਮੋਚੀ, ਜੁੱਤੀ ਬਨਾਉਣੇ ਵਾਲਾ, ਚੁਮਾਰ ।

Core, *n.* ਕੋਰ–ਦਿਲ, ਹਿਰਦਾ, ਦਿਲ ਹੀ ਦਿਲ; ਕਿਸੇ ਚੀਜ਼ ਦਾ ਅੰਦਰਲਾ ਭਾਗ, ਗੁੱਦਾ, ਗਿਰੀ, ਮਗ਼ਜ਼; ਕਿੱਲ, ਫੋੜੇ ਦੇ ਅੰਦਰ ਦਾ ਮੁਆਦ, ਜ਼ਖ਼ਮ ।

Co-respondent, *n.* ਕੋਰੇਸਪੋਂਡੈਂਟ–ਰਸਪਾਡੈਂਟ ਦੇ ਨਾਲ ਦਾ; ਸ਼ਰੀਕ, ਪ੍ਰਤਿਬਾਦੀ, ਜੁਆਬ ਦੇਣੇ ਵਾਲੇ ਦੇ ਨਾਲ ਦਾ ਸ਼ਰੀਕ, ਮੁੱਦਾਅਲੇਹ ਦੇ ਵਿਹਾਰ ਦਾ ਸ਼ਰੀਕ ।

Coriaceous, *a.* ਕੋਰੀਏਸੀਅਸ—ਚਮੜੇ ਦਾ, ਚਮੜੇ ਜੇਹੀ ਚੀਜ਼ ਦਾ ।

Coriander, *n.* ਕੋਰੀਐਂਡਰ–ਧਨੀਆਂ, ਧਨੀਏਂ ਦਾ ਬੂਟਾ ।

Cork, *n.* ਕੋਰਕ–ਕਾਗ, ਕਾਕ ਦੀ ਛਿੱਲ; ਡਾਟ, ਕਾਕ, ਕਾਗ, ਗੱਟਾ, ਡੱਟ; *v. t.* ਡਾਟ ਯਾ ਕਾਗ ਲਗਾਉਣਾ, ਡਾਟ ਦੇਣਾ, ਕਾਕ ਨਾਲ ਬੰਦ ਕ० ।

Corking-pin, *n.* ਕੋਰਕਿੰਗਪਿੰਨ—ਸਭ ਤੋਂ ਵੱਡੀ ਸੂਈ, ਸਭ ਤੋਂ ਵੱਡਾ ਕਾਂਟਾ ।

Cork-screw, *n.* ਕੋਰਕਸਕਰੋਊ-ਡਾਟ ਕੱਢਨ ਦਾ ਪੇਚ ।

Cormorant, *n.* ਕੋਰਮੋਰੈਂਟ—ਮੱਛੀਆਂ ਖਾਣ ਵਾਲਾ ਆਬੀ ਪੰਛੀ; ਖਾਹਦੜ, ਖਾਊਪੰਨਾ ।

Corn, *n.* ਕੋਰਨ—ਦਾਣਾ, ਬੀ; ਅਨਾਜ, ਨਾਜ, ਧਾਨ,ਗੱਲਾ; (ਪੈਰ ਦੀਆਂ ਉਂਗਲੀਆਂ ਪਰ) ਭੌਰੀ, ਗੰਢ, ਸੁੱਕੀ ਦੀ ਖਮਰ; *v. t* ਨਮਕੀਨ ਕ०, ਲੂਣ ਛਿੜਕਨਾ ਯਾ ਲਗਾਉਣਾ, ਲੂਣ ਧੂੜਕਨਾ, ਲੂਣ ਦਾ ਧੂੜਕ ਦੇਨਾ; ਰਵਾ ਬਨਾਉਣਾ ।

Corn-chandler, *n.* ਕੋਰਨਚੈਂਡਲਰ—ਧਾਨੀਆਂ, ਗੱਲਾ ਯਾ ਅਨਾਜ ਵੇਚਣ ਵਾਲਾ ।

Cornea, *n.* ਕੋਰਨੀਆ-ਅੱਖਾਂ ਦਾ ਡੇਲਾ ।

Cornelian, *n.* ਕੋਰਨੀਲੀਅਨ-ਅਕੀਕ, ਇਕ ਬਹੁਮੁੱਲਾ ਪੱਥਰ ।

Corneous, *a.* ਕੋਰਨੀਅਸ—ਸਿੰਗ ਜੇਹਾ; ਸਾਖ਼ਦਾਰ ।

Corner, *n.* ਕੋਰਨਰ-ਕੋਨਾ, ਕਿਨਾਰਾ; ਗੋਸ਼ਾ, ਏਕਾਂਤ, ਖਿਲਵਤ ।

Cornered, *a.* ਕੋਰਨਰਡ-ਸਕੋਨ, ਕੋਨੇ ਵਾਲਾ ।

Corner-stone, *n.* ਕੋਰਨਰਸਟੋਨ—ਇਮਾਰਤ ਵਿੱਚ ਕੋਨੇ ਦਾ ਖਾਸ ਪੱਥਰ ।

Cornet, *n.* ਕੋਰਨੇਟ-ਇੱਕ ਪ੍ਰਕਾਰ ਦਾ ਵਾਜਾ; ਰਸਾਲੇ ਦਾ ਝੰਡਾ ਬਰਦਾਰ ।

Corn-field, *n.* ਕੋਰਨਫ਼ੀਲਡ—ਅਨਾਜ ਦਾ ਖੇਤ ।

Cornice. *n.* ਕੋਰਨਿਸ-ਕਿੰਗਰਾ ।

Cornicle, *n.* ਕੋਰਨੀਕਲਿ-ਇੱਕ ਛੋਟਾ ਸਿੰਗ ।

Cornigerous, *a.* ਕੋਰਨੀਜੀਰਸ-ਸ਼ਾਖ਼ਦਾਰ, ਸਿੰਗ ਵਾਲਾ ।

Corn-wain, *n.* ਕੋਰਨਵੇਨ-ਅਨਾਜ ਦੀ ਭਰੀ ਹੋਈ ਗੱਡੀ ।

Corn-weevil, *n.* ਕੋਰਨਵੀਵਲ—ਸੁਸਰੀ, ਢੋਰਾ, ਖਪਰਾ; ਘੁਣ ।

Corol, Corola, *n.* ਕਰੋਲ, ਕਰੋਲਾ } ਫੁੱਲ ਦੀ ਅੰਦਰ ਦੀ ਪੱਤੀ ।

Corollary, *n.* ਕਰੋਲਰੀ—ਨਤੀਜਾ, ਪ੍ਰਨਾਮ ਹਾਸਿਲ; ਨਿਕਲੀ ਹੋਈ ਬਾਤ, ਸਾਫ ਨਤੀਜਾ, ਸਪਸ਼ਟ ਪ੍ਰਨਾਮ ।

Corona, *n.* ਕੋਰੋਨਾ-ਥੰਮ੍ਹੇ ਦੇ ਉੱਪਰ ਦਾ ਭਾਗ ਜੋ ਚਪਟਾ ਅਤੇ ਵੱਡਾ ਹੁੰਦਾ ਹੈ; ਕਿੰਗਰਾ ਫੁੱਲ ਦਾ ਤਾਜ ।

Coronal, *n.* ਕੋਰੋਨਲ—ਮੁਕਟ ਜੇਹਾ, ਸ਼ਾਹੀ ਤਾਜ ਵਰਗਾ; ਪੁਸ਼ਪ ਮਾਲਾ, ਫੁੱਲਾਂ ਦਾ ਹਾਰ; ਤਾਜ ।

Coronation, *n.* ਕੋਰੋਨੇਸ਼ਨ-ਤਾਜਪੋਸ਼ੀ, ਤਖ਼ਤ ਨਸ਼ੀਨੀ, ਰਾਜ ਤਿਲਕ, ਟਿੱਕਾ ।

Coroner, *n.* ਕੋਰੋਨਰ—ਇੰਗਲਿਸਤਾਨ ਵਿੱਚ ਉਹ ਹਾਕਮ ਜਿਸਨੂੰ ਅਚਾਨਕ ਮੌਤ ਹੋ ਜਾਣ ਦੇ ਕਾਰਨ ਦੀ ਖੋਜ ਕਰਨ ਦਾ ਅਧਿਕਾਰ ਹੁੰਦਾ ਹੈ ।

Coronet, *n.* ਕੋਰੋਨੇਟ—ਅਮੀਰਾਂ ਦਾ ਤਾਜ, ਕੁੱਲਾ, ਮੁਕਟ, ਜਿਗਾ; ਘੋੜੇ ਦੇ ਸੁੰਮ ਦਾ ਉੱਪਰਲਾ ਹਿੱਸਾ ।

Corporal, *n.* ਕੋਰਪੋਰੇਲ—ਅੰਗ੍ਰੇਜ਼ੀ ਫ਼ੌਜ ਦਾ ਛੋਟਾ ਓਹਦੇਦਾਰ, ਫ਼ੌਜ ਦਾ ਨਾਇਕ; ਖਪਰੈਲ; *a.* ਦੇਹ ਸੰਬੰਧੀ, ਜਿਸਮਾਨੀ, ਬਦਨੀ, ਸ੍ਰੀਰ ਦੇ ਸਰਬੰਧ ਵਿੱਚ ।

Corporate, *a.* ਕੋਰਪੋਰੇਟ-ਸਮਾਜਿਕ, ਸਾਧਾਰਣ, ਸਾਮਾਨਜ; ਜਮਾਤ ਯਾ ਸਭਾ ਮੰਨੀ ਪਰਮੰਨੀ ਯਾ ਜਿਸਨੂੰ ਸਨਦ ਮਿਲੀ ਹੋਈ ਹੋਵੇ ।

Corporation, *n.* ਕੋਰਪੋਰੇਸ਼ਨ—ਪੰਚਾਇਤ, ਸਭਾ ਯਾ ਅੰਜਮਨ ਜਿਸਨੂੰ ਸਨਦ ਮਿਲੀ ਹੋਈ ਹੋਵੇ; ਪ੍ਰਬੰਧ ਕਰਨ ਵਾਲੀ ਜਮਾਤ, ਕਾਨੂਨ ਬਨਾਉਣ ਵਾਲੀ ਮਜਲਸ ।

Corporeal, *a.* ਕੋਰਪੋਰੀਅਲ—ਦੇਹੀ ਸੰਬੰਧੀ, ਸ਼ਰੀਰਕ, ਮਾਦੀ; ਮਾਇਕ, ਮਾਇਆ ਸੰਬੰਧੀ ।

Corporealist, *n.* ਕੋਰਪੋਰੀਏਲਿਸਟ—ਅਨਾਤਮਵਾਦੀ, ਜੋ ਇਹ ਮੰਨੇ ਕਿ ਆਤਮਾ ਕੋਈ ਨਹੀਂ ਹੈ ।

Corps, *n.* ਕੋਰ—ਪਟਲਨ, ਰਸਾਲਾ, ਤੋਪਖ਼ਾਨਾ; ਫ਼ੌਜ, ਸੈਨਾ, ਦਲ ।

Corpse, *n.* ਕੋਰਪਸ-ਲੋਥ, ਲਾਸ਼, ਮਿਰਤਕ, ਮੱਯਤ ।

Corpulence, Corpulency, } n. ਕੋਰਪੀਉਲੈਨਸ, ਕੋਰਪੀਉਲੈਨਸੀ } ਮੋਟਾਈ, ਮਥੂਲਤਾ।

Corpulent, a. ਕੋਰਪੁਲੈਂਟ—ਮੋਟਾ, ਮਥੂਲ, ਥਿੱਤਲ, ਗੋਗੜੀਆ, ਗੋਗੜ ਗਨੇਸ਼।

Corpuscle, n. ਕੋਰਪਸਲ-ਜ਼ੱਰਰਾ, ਕਨ, ਰੇਜ਼ਾ, ਟੁਕੜਾ, ਸੂਖ਼।

Corpuscular, a. ਕੋਰਪਸਕੀਉਲਰ—ਕਨ-ਦਾਰ।

Corradiation, n. ਕੋਰੇਡੀਏਸ਼ਨ-ਇੱਕ ਬਿੰਦੂ ਵਿੱਚ ਕਿਰਨਾਂ ਦਾ ਸੰਜੋਗ।

Correct, v. t. ਕੁਰੈਕਟ—ਸੋਧਨਾ, ਸੁੱਧ ਕ०, ਠੀਕ ਕ०, ਦਰੁਸਤ ਕ०, ਸੁਧਾਰਨਾ, ਬਨਾਉਣਾ, ਸੰਵਾਰਨਾ; ਤਾੜਨਾ ਕਰਨੀ, ਤਾੜਨਾ, ਸਿੱਧਾ ਕ०, ਡਾਂਟਨਾ, ਡੰਡ ਦੇਣਾ; ਹਟਾਉਣਾ, ਅਲੱਗ ਕ०; a. ਨਿਰਦੋਸ਼, ਸੁੱਧ, ਠੀਕ।

Correction, n. ਕੁਰੈਕਸ਼ਨ-ਸੁਧਾਰ, ਸੁਧਾਈ, ਸੁਆਰਨ ਦੀ ਹਾਲਤ, ਦਰੁਸਤ, ਸਹੀ ਜਾ ਠੀਕ ਕਰਨ ਦੀ ਹਾਲਤ; ਡੰਡ, ਸਜ਼ਾ, ਕੰਨ ਮਰੋੜਨ ਦੀ ਹਾਲਤ; ਬੁਰੇ ਸੁਭਾਉ ਨੂੰ ਹਟਾਉਣ ਦੀ ਹਾਲਤ।

Corrections, n. pl. ਕੁਰੈਕਸ਼ਨਸ-ਸੁੱਧੀਆਂ, ਗਲਤੀਆਂ, ਸੁਧਾਈ (ਛਪਵਾਈ ਵਿੱਚ)।

Corrective, a. ਕੁਰੈਕਟਿਵ-ਠੀਕ ਜਾ ਦਰੁਸਤ ਕਰਨੇ ਵਾਲਾ, ਸੋਧਨੇ ਵਾਲਾ; ਠੀਕ ਜਾ ਦਰੁਸਤ ਹੋਣ ਦੇ ਲਾਇਕ; n. ਉਹ ਜੋ ਠੀਕ ਜਾ ਦਰੁਸਤ ਕਰਨ ਦਾ ਅਧਿਕਾਰ ਰੱਖਦਾ ਹੋਵੇ।

Correctly, adv. ਕੁਰੈਕਟਲੀ-ਠੀਕ ਤੌਰ ਪੁਰ, ਦਰੁਸਤੀ ਨਾਲ, ਸੁੱਧਤਾਈ ਨਾਲ।

Correctness, n. ਕੁਰੈਕਟਨੈਸ-ਸੁੱਧੀ, ਸੁੱਧ-ਤਾਈ, ਨਿਰਮਲਤਾ, ਸਚਾਈ, ਮੌਚਾਪਨ।

Corrector, n. ਕੁਰੈਕਟਰ—ਸੋਧਕ, ਸੁੱਧ ਕਰਨ ਵਾਲਾ; ਡੰਡ ਦੇਨੇ ਵਾਲਾ।

Correlation. n. ਕੋਰੇਲੇਸ਼ਨ—ਆਪਸ ਵਿੱਚ ਦੀ ਸਾਂਕਾਦਾਰੀ ਜਾ ਰਿਸ਼ਤੇਦਾਰੀ, ਪ੍ਰਸਪਰ ਸੰਬੰਧ।

Correlative, a. ਕੋਰੇਲੇਟਿਵ-ਪ੍ਰਸਪਰ ਸੰਬੰਧ, ਆਪਸ ਵਿੱਚ ਦੀ ਰਿਸ਼ਤਾ ਰੱਖਨੇ ਵਾਲਾ; (*Urdu gram.*) ਮੁਤਾਦਲਾ।

Correption, n. ਕੁਰੈਪਸ਼ਨ-ਝਿੜਕ, ਘੁਰਕੀ, ਧਮਕੀ, ਡਾਂਟ।

Correspond, v. i. ਕੋਰਿਸਪੌਂਡ—ਆਪਸ ਵਿੱਚ ਦੀ ਲਿਖਾ ਪੜ੍ਹੀ ਕਰਨੀ ਜਾ ਰੱਖਨੀ, ਚਿੱਠੀ ਪੱਤਰ ਵਿਹਾਰ ... ਮਿਲਨਾ, ਜੁੜਨਾ, ਇੱਕੋ ਜੇਹਾ ਹੋਣਾ, ... ਹੋਣਾ, ਬੈਠਣ ਲੱਗਣਾ।

Correspondence, Correspondency, } n. ਕੋਰੈਸਪੌਂਡੈਨਸ, ਕੋਰੈਸਪੌਂਡੈਨਸੀ } ਚਿੱਠੀ ਪੱਤਰ, ਚਿੱਠੀ ਚੁਪਾਤੀ, ਲਿਖਾ ਪੜ੍ਹੀ ਮੇਲ, ਮਿਲਾਪ, ਲਗਾਉ।

Correspondent, a. ਕੋਰੈਸਪੌਂਡੈਂਟ—ਜੋਗ, ਠੀਕ, ਇੱਕਸਾ, ਸਮਾਨ; ਮਿਲਦਾ ਹੋਇਆ; n. ਲਿਖਾ ਪੜ੍ਹੀ ਕਰਨੇ ਵਾਲਾ, ਚਿੱਠੀ ਪੱਤਰ ਲਿਖਨੇ ਵਾਲਾ, ਅਖ਼ਬਾਰ ਵਿੱਚ ਖ਼ਬਰਾਂ ਜਾ ਮਜ਼ਮੂਨ ਭੇਜਨੇ ਵਾਲਾ, ਲੇਖਕ, ਖ਼ਤਿ-ਬਰ।

Corresponding, p. a. ਕੋਰੈਸਪੌਂਡਿੰਗ-ਜੋਗ ਸਦਰਿਸ਼, ਮੁਤਾਬਕ, ਮੁਕਾਬਲਾ, ਰੂਬਰੂ; ਮਿਲਦਾ ਹੋਇਆ; ਚਿੱਠੀ ਪੱਤਰ ਦਾ, ਚਿੱਠੀ ਵਿਹਾਰ ਦਾ।

Corridor, n. ਕੋਰੀਡੋਰ-ਘੁੰਮਦਾ, ਲੰਬਾ ਰਾਹ।

Corrigendum, Corrigenda, pl. } n. ਕੋਰੀਜੈਂਡਮ, ਕੋਰੀਜੈਂਡਾ } ਸੁੱਧ ਪੱਤ੍ਰੀ, ਗਲਤੀਆਂ ਦੀ ਫ਼ਹਰਿਸਤ, ਸਿਹਤਨਾਮਾ; ਸਿਹਤ, ਦਰੁਸਤੀ।

Corrigible, a. ਕੋਰੀਜੀਬਲ—ਸੋਧਨੇ ਜਾ ਦਰੁਸਤ ਕਰਨੇ ਦੇ ਜੋਗ, ਜਿਸਨੂੰ ਦਰੁਸਤ ਕਰਨੇ ਦਾ ਅਧਿਕਾਰ ਹੋਵੇ; ਡੰਡ ਪਉਣ ਦੇ ਲਾਇਕ।

Corrival, n. ਕੋਰਾਈਵਲ—ਵੇਖੋ ਲਫ਼ਜ਼ Rival.

Corrivalry, n. ਕੋਰਾਈਵਲਰੀ—ਵੇਖੋ ਲਫ਼ਜ਼ Rivalry.

Corrivate, v. t. ਕੋਰਾਈਵੇਟ-ਕਈ ਨਦੀਆਂ ਦਾ ਪਾਣੀ ਖਿੱਚਕੇ ਇੱਕ ਵਿੱਚ ਮਿਲਾ-ਉਣਾ।

Corroborant, n. ਕੋਰੋਬੋਰੈਂਟ-ਪੁਸ਼ਟੀ ਕਾਰਕ ਪ੍ਰਮਾਣੀਕ ਕਰਨੇ ਵਾਲਾ।

Corroborate, v. t. ਕੋਰੋਬੋਰੇਟ—ਪੁਸ਼ਟ ਜਾ ਪ੍ਰਮਾਣੀਕ ਕ०, ਪੱਕਿਆਂ ਕ०, ਪੱਕਾ ਕ०

ਜਿਸੇ ਬਿਆਨ ਦੀ ਪੁਖਤਾਈ (ਤਸਦੀਕ) ਕਰਨੀ ।

Corroboration, *n.* ਕੋਰੋਬੋਰੇਸ਼ਨ–ਪੱਕਿਆਈ, ਪੁਸ਼ਟੀ, ਤਸਦੀਕ, ਸਹਾਇਤਾ, ਤਾਈਦੀ ਬਿਆਨ ।

Corroborative, *a.* ਕੋਰੋਬੋਰੇਟਿਵ—ਪੁਸ਼ਟੀ-ਵਾਨ, ਸਹਾਇਕ, ਸਹਾਈ, ਹਾਮੀ. ਹਮਾ-ਇਤੀ ।

Corrode, *v. t.* ਕੋਰੋਡ–ਥੀਨੇ ੨ ਖਾ ਜਾਣਾ, ਖਾ ਜਾਣਾ, ਕੱਟਣਾ, ਕਤਰਨਾ; ਗਲਾਉਣਾ, ਘੱਟ ਕ०, ਘਟਾਉਣਾ, ਵਿਗਾੜਨਾ, ਨਿਰਬਲ ਕ०, ਨਾਸ ਕ०, ਕ੍ਰਮ ਨਾਲ ਨਾਸ ਕ०, ਜੰਗਾਲ ਵਾਂਙੂ ਖਾ ਜਾਣਾ ।

Corrosion, Corrosiveness, *n.* ਕੋਰੋਜ਼ਨ, ਕੋਰੋਸਿਵਨੈਸ ਕਾਟ, ਕਟਾਉ, ਖਰਾਸ਼, ਗਲਾਉ ।

Corrosive, *a.* ਕੋਰੋਸਿਵ–ਕਾਟ ਕਰਨੇ ਵਾਲਾ, ਖਾਉ, ਗਲਾਊ; ਜਲਾਨੇ ਵਾਲਾ, ਦੁੱਖ ਦੇਨੇ ਵਾਲਾ, ਗਲਾਨੇ ਵਾਲਾ, ਤਕਲੀਫ਼ ਦੇਨੇ ਵਾਲਾ ।

Corrugate, *v. t.* ਕੋਰੁਗੇਟ—ਸੁਕੜਾਉਣਾ, ਝੁਰੜੀ ਪਾਉਣੀ, ਖਿੱਚਨਾ ।

Corrugation, *n.* ਕੋਰੁਗੇਸ਼ਨ—ਸੁਕੜਾਉ, ਝੁਰੜੀ ।

Corrupt, *v. t.* ਕੁਰਪਟ—ਸੜਾਉਣਾ, ਥੋਹਾ ਕ०, ਗੰਦਾ ਕ०, ਮਿਲਾਉਣਾ; ਵਿਗਾੜਨਾ, ਖਰਾਬ ਕ०; ਨਾਸ ਕ०, ਨਿਕੰਮਾਂ ਕ०, ਨਿਕਾਰਾ ਕ० ।

Corrupt, Corrupted, *a.* ਕੁਰਪਟ, ਕੁਰਪਟਡਿ ਬੁਰਾ, ਖੋਟਾ, ਖਰਾਬ, ਵਿਗੜਿਆ ਹੋਇਆ; ਵੱਢੀਖੋਰਾ, ਰਿਸ਼ਵਤੀ, ਰਿਸ਼ਵਤਖੋਰ, ਗਾਸ਼ੀ, ਘਾਉਘੱਪ ।

Corrupter, *n.* ਕੁਰਪਟਰ—ਵਿਗਾੜੂ, ਚੋੜੂ, ਚੋੜ ਚਾਨਣ, ਨਾਸ ਕਰਨੇ ਵਾਲਾ ।

Corruptible, *a.* ਕੁਰਪਟੀਬਲਿ–ਸੜਨੇ ਵਾਲਾ, ਸੜਨੇ ਗਲਨੇ ਜੋਗ; ਵਿਗੜਨੇ ਜੋਗ, ਵਿਗ-ੜਨ ਦੇ ਲਾਇਕ ।

Corruption, *n.* ਕੁਰਪਸ਼ਨ—ਸੜਨ, ਗਲਨ; ਵਿਗਾੜ, ਖਰਾਬੀ; ਬੁਰਿਆਈ, ਖੋਟਾਈ, ਬੁਰਾ ਚਲਨ, ਖੋਟਾ ਕੰਮ; ਵੱਢੀ, ਰਿਸ਼ਵਤ-ਖੋਰੀ; ਅਧਮਤਾਈ ।

Corruptive, *a.* ਕੁਰਪਟਿਵ–ਸੜਾਉ, ਗਲਾਉ, ਵਿਗੜਨ ਦੀ ਹਾਲਤ ।

Corruptly, *adv.* ਕੁਰਪਟਲੀ—ਖਰਾਬ ਤੌਰ ਪੁਰ, ਬੁਰੇ ਹਾਲ ਨਾਲ; ਵੱਢੀ ਨਾਲ, ਬੁਰਿ-ਆਈ ਨਾਲ, ਧੋਖੇ ਨਾਲ ।

Corsair, *n.* ਕੋਰਸਾਰ—ਸਮੁੰਦਰੀ ਚੋਰ ਜਾ ਡਾਕੂ ।

Corse, *n.* ਕੋਰਸ–ਵੇਖੋ ਲਫ਼ਜ਼ Corpse.

Corselet, *n.* ਕੋਰਸਲੈਟ–ਹਲਕਾ ਕਵਚ, ਹਲਕਾ ਬਖਤਰ ।

Corset, *n.* ਕੋਰਸੈਟ–ਅੰਗੀ, ਚੋਲੀ ।

Cortege, *n.* ਕੋਰਟੇਜ—ਨੌਕਰਾਂ ਦੀ ਕਤਾਰ, ਹਮਰਾਹੀ ।

Cortes, *n.* ਕੋਰਟਸ–ਹਸਪਾਨੀਆ ਅਤੇ ਪੁਰਤ-ਗਾਲ ਦੀ ਪਾਰਲੀਮੰਟ ਯਾ ਰਾਜ ਸਭਾ ਦਾ ਨਾਉਂ ।

Cortex, *n.* ਕੋਰਟੇਕਸ—ਛਿਲਕਾ, ਛਿੱਲੜ; ਛਹਨਾ ।

Cortical, *a.* ਕੋਰਟੀਕਲ—ਛਿਲਕੇ ਜੇਹਾ, ਅੰਦਰ ਦਾ, ਬਾਹਰ ਦਾ ।

Corticated, *a.* ਕੋਰਟੀਕੇਟਡਿ–ਛਿਲਕੇ ਵਾਲਾ, ਛਿਲਕੇ ਜੇਹਾ ।

Cortile, *n.* ਕੋਰਟਾਈਲ–ਵੇਹੜਾ, ਚੌਂਕ, ਸਿਹਨ, ਦਲਾਨ ।

Coruscate, *v. i.* ਕੋਰਸਕੇਟਿ–ਚਮਕਨਾ, ਝਲ-ਕਾਰਾ ਮਾਰਨਾ ।

Coruscating, Coruscant, *a.* ਕੋਰਸਕੇਟਿੰਗ, ਕੋਰਸਕੇਂਟ ਚਮਕਦਾ ਹੋਇਆ, ਚਮਕੀਲਾ, ਚਮਕਦਾਰ ।

Coruscation, *n.* ਕੋਰਸਕੇਸ਼ਨ—ਚਮਕ, ਝਲਕ; ਭਬੂਕਾ, ਸੁਹਲਾ ।

Corvette, *n.* ਕੋਰਵੈੱਟਿ—ਇੱਕ ਛੋਟਾ ਜੰਗੀ ਜਹਾਜ਼, ਸਮਾਚਾਰ ਪਹੁੰਚਾਉਨ ਦੀ ਕਿਸ਼ਤੀ ਯਾ ਬੇੜੀ ।

Corybantic, *a.* ਕੋਰੀਬੈਂਟਿਕ—ਪਾਗਲ, ਬਾਉਲਾ, ਜਨੂਨੀ, ਵਹਿਸ਼ੀ, ਦੀਵਾਨਾ ।

Corypheus, *n.* ਕੋਰੀਫੀਅਸ–ਦਲ ਦਾ ਪਤੀ, ਸਮਾਜ ਦਾ ਮੁਖੀਆ ।

Co-sharer, *n.* ਕੋਸ਼ਿਆਰਰ–ਸਾਂਝੀ, ਹਿੱਸੇਦਾਰ, ਸ਼ਰੀਕ ।

Cosily, *adv.* ਕੌਸੀਲੀ—ਚੈਨ ਨਾਲ, ਤਸੱਲੀ ਨਾਲ, ਸ਼ਾਂਤੀ ਨਾਲ ।

Co-sine, *n.* ਕੋਸਾਈਨ—ਸਾਥ ਸਾਹਮਣੇ ਦੀ ਜਾਪ ।

Cosmetic, *n.* ਕੌਸਮੈਟਿਕ—ਵਟਣਾ, ਵਸਮਾਂ; *a.* ਸੋਹਣਾ ਬਨਣੇ ਵਾਲਾ, ਚਮਕੀਲਾ ਬਨਣੇ ਵਾਲਾ ।

Cosmic, } *n.* ਕੌਸਮਿਕ } ਸੰਸਾਰਕ,
Cosmical, } ਕੌਸਮੀਕਲ } ਲੌਕਿਕ, ਜਗਤ ਯਾ ਸੰਸਾਰ ਸੰਬੰਧੀ, ਸੰਸਾਰੀ; ਸੂਰਜ ਦੇ ਨਾਲ ਉਦੇ ਯਾ ਅਸਤ ਹੋਣੇ ਵਾਲਾ ।

Cosmically, *adv.* ਕੌਸਮੀਕਲੀ—ਸੂਰਜ ਦੇ ਨਾਲ ।

Cosmogony, *n.* ਕੌਸਮੋਗਨੀ—ਜਗਤ ਯਾ ਸੰਸਾਰ ਉਤਪਤੀ, ਪੈਦਾਇਸ਼ ਆਲਮ ਯਾ ਦੁਨੀਆਂ ।

Cosmography, *n.* ਕੌਸਮੋਗਰਾਫੀ—ਸ੍ਰਿਸ਼ਟੀ ਵਿਚਾਰ, ਸੰਸਾਰ ਬ੍ਰਿਤਾਂਤ, ਦੁਨੀਆਂ ਦੀ ਤਰਕੀਬ ਦੀ ਵਿੱਦਯਾ, ਕੈਫ਼ੀਯਤ ਜਹਾਨ ।

Cosmopolitan, *a.* ਕੌਸਮੋਪੌਲੀਟਨ—ਸਾਰੀ ਦੁਨੀਆਂ ਦਾ, ਆਲਮ ਦਾ ।

Cosmopolitan, } *n.* ਕੌਸਮੋਪੌਲੀਟਨ }
Cosmopolite, } ਕੌਸਮੋਪੋਲਾਈਟ } ਸਾਰੇ ਮੁਲਕਾਂ ਦਾ ਮਿੱਤਰ ਯਾ ਭਲਾ ਚਾਹੁਨ ਵਾਲਾ, ਮਹਾਂ ਗਿਆਨੀ, ਵੈਰ ਵਿਰੋਧ ਯਾ ਈਰਖਾ ਦ੍ਵੈਖ ਤੋਂ ਪਰੇ ।

Cosmos, *n.* ਕੌਜ਼ਮੌਸ—ਸ੍ਰਿਸ਼ਟੀ, ਦੁਨੀਆਂ, ਆਲਮ, ਜਹਾਨ ।

Cosset, *n.* ਕੌਸਟ—ਘਰ ਦਾ ਪਲਿਆ ਹੋਇਆ ਭੇਡ ਦਾ ਬੱਚਾ ਯਾ ਪੱਠਾ; ਪਿਆਰਾ, ਲਾਡਲਾ, ਜਾਨੀ ।

Cost, *n.* ਕੌਸਟ—ਮੁੱਲ, ਲਾਗਤ, ਦਾਮ, ਕੀਮਤ, ਖਰਚ; ਘਾਟਾ, ਟੋਟਾ; ਚੱਟੀ; ਖਿਸਾਰਾ, ਕਸਰ, ਨੁਕਸਾਨ; *v. n.* ਲੱਗਣਾ, ਮੁੱਲ ਨੂੰ ਆਉਣਾ, ਖਰਚ ਹੋਣਾ, ਆਉਣਾ, ਬੈਠਣਾ; ਉਠਾਉਣਾ, ਸਹਿਣਾ, ਸਹਾਰਨਾ ।

Costal, *n.* ਕੌਸਟਲ—ਪਾਸੇ ਸਿਰ ਦਾ, ਪਹਿਲੂ ਦਾ, ਪੱਸਲੀ ਸੰਬੰਧੀ ।

Costard, *n.* ਕੌਸਟਾਰਡ—ਸਿਰ, ਇੱਕ ਵੱਡਾ ਗੋਲ ਸੇਉ ਸਿਰ ਵਾਂਙੂ ।

Coster-monger, *n.* ਕੌਸਟਰਮੌਂਗਰ—ਮੇਵਾ ਫ਼ਰੋਸ਼ ਯਾ ਮੇਵਾ ਵੇਚਨ ਵਾਲਾ ।

Costive, *a.* ਕੌਸਟਿਵ—ਕ... ਯਾ ਕਬਜ਼ੀ ਕਰਨੇ ਵਾਲਾ, ਬੋਝਲ, ਅ... ਨੇ ਵਾਲਾ ।

Costiveness, *n.* ਕੌਸਟਿਵਨੈਸ—ਕਬਜ਼,ਕਬਜ਼ੀ, ਅੜ ।

Costless, *a.* ਕੌਸਟਲੈਸ—ਮੁਫ਼ਤ ਦਾ, ਬਿਨਾਂ ਮੁੱਲ ਤੋਂ, ਅਨਮੁੱਲਾ, ਐਵੇਂ, ਮੁਫ਼ਤੀ ।

Costliness, *n.* ਕੌਸਟਲੀਨੈਸ—ਬਹੁਤ ਮੁੱਲ, ਬਹੁਤ ਕੀਮਤ ।

Costly, *n.* ਕੌਸਟਲੀ—ਮਹਿੰਗਾ, ਵੱਡੀ ਲਾਗਤ ਯਾ ਵੱਡੇ ਮੁੱਲ ਦਾ, ਬਹੁਮੁੱਲਾ, ਚੋਖੀ ਕੀਮਤ ਦਾ ।

Costs, *n. pl.* ਕੌਸਟਸ—ਖਰਚਾ, ਲਾਗਤ; ਖਰਚਾ ਅਦਾਲਤ ।

Costume, *n.* ਕੌਸਟੀਉਮ—ਕੱਪੜੇ ਪਹਿਨਣੇ ਦਾ ਢੱਬ, ਢੰਗ, ਤਰਕੀਬ, ਵਿਧੀ; ਪੁਸ਼ਾਕ, ਲਿਬਾਸ, ਬਾਣਾ ।

Co-sufferer, *n.* ਕੋਸਫ਼ੱਰਰ—ਦੂਸਰੇ ਦੇ ਸਾਥ ਹਾਨੀ, ਕਲੇਸ਼ ਯਾ ਦੁੱਖ ਸਹਿਣੇ ਯਾ ਭੋਗਣੇ ਵਾਲਾ ।

Cot, *n.* ਕੌਟ—ਛੋਟਾ ਪਲੰਘ, ਪਲੰਘੀਹੀ, ਮੰਜੀ ।

Cot, } ਕੌਟ } ਝੌਂਪੜਾ, ਝੌਂਪੜੀ,
Cote, } *n.* ਕੌਟਿ } ਝੁੱਗੀ, ਕੁਟੀਆ,
Cottage, } ਕੌਟੇਜ } ਕੁੱਲੀ; ਛੱਪਰ; ਛੋਟਾ ਬੰਗਲਾ ।

Cote, *n.* ਕੌਟਿ—ਵਾੜਾ, ਘੇਰਾ ।

Co-temporary, *a.* ਕੋਟੈਂਪੋਰੇਰੀ—ਇੱਕ ਹੀ ਸਮੇਂ ਦਾ, ਇੱਕ ਹੀ ਵਕਤ ਦਾ, ਸਮਕਾਲੀ ।

Coterie, *n.* ਕੋਟਰਈ—ਮਿੱਤਰਾਂ ਦੀ ਸਭਾ ਯਾ ਕਲਬ ।

Cotillon, *n.* ਕੋਟਿਲਯੌਂਗ—ਫੁਰਤੀ ਅਤੇ ਚਪਲਤਾ ਦਾ ਫਰਾਂਸੀਸੀ ਨਾਚ ।

Cotquean, *n.* ਕੌਟਕੁਈਨ—ਓਹ ਪੁਰਸ਼ ਜੋ ਇਸਤ੍ਰੀਆਂ ਦੇ ਕੰਮ ਵਿੱਚ ਲੱਗਿਆ ਰਹਿੰਦਾ ਹੈ ।

Cottage, } *n.* ਕੌਟੇਜਿ } ਝੌਂਪੜੀ ਯਾ ਕੁਟੀਆ
Cotter, } ਕੌਟਰ } ਵਿੱਚ ਰਹਿਣੇ ਵਾਲਾ, ਛੱਪਰ ਵਾਸੀ; (ਕਾਨੂਨ ਵਿੱਚ) ਮੁਆਫ਼ੀਦਾਰ ।

Cotton, *n.* ਕੋਟਨ—ਰੂੰ, ਕੁਪਾਹ; ਸੂਤੀ ਕੱਪੜਾ, ਰੂੰ ਦਾ ਕੱਪੜਾ; ਸੂਤ, ਸੂਤਰ ।

Cotton-corder, *n.* ਕੋਟਨਕੋਰਡਰ—ਪੇਂਜਾ, ਧੁਨੀਆ ।

Cotton-gin, *n.* ਕੋਟਨਜਿਨ—ਰੂੰ ਵੇਲਣ ਦੀ ਕਲ, ਵੇਲਨਾ ।

Cotton-merchant, *n.* ਕੋਟਨ ਮਰਚੈਂਟ—ਰੂੰ ਵੇਚਣ ਵਾਲਾ, ਰੂੰ ਜਾ ਕੁਪਾਹ ਦਾ ਸੌਦਾਗਰ ਜਾ ਬਿਉਪਾਰੀ ।

Cotton-mills, *n.* ਕੋਟਨਮਿਲਸ—ਰੂੰ ਜਾ ਕੱਪੜੇ ਦਾ ਕਾਰਖ਼ਾਨਾ ।

Cotton-plant, *n.* ਕੋਟਨਪਲਾਂਟ—ਕੁਪਾਹ ਦਾ ਪੌਦਾ; ਮਨਛਿਟੀ ।

Cotton-press, *n.* ਕੋਟਨਪਰੈਸ—ਰੂੰ ਨੂੰ ਦੱਬਕੇ ਇਕੱਠਿਆਂ ਕਰਨੇ ਵਾਲਾ ਘਰ ਜਾ ਕਲਾ ।

Cotton-seed, *n.* ਕੋਟਨਸੀਡ—ਵੜੇਵਾਂ ।

Cotton-silk, *n.* ਕੋਟਨਸਿਲਕ—ਨਰਮੇ ਦੀ ਰੂੰ, ਸੈਂਬਲ ਦੀ ਰੂੰ ।

Cotyledon, *n.* ਕੋਟੀਲੇਡਨ—ਕੋਲ ਜਾ ਕਟੋਰੇ ਜੇਹਾ ਪੱਤਾ ਜਾ ਪੱਤਰ ।

Couch, *n.* ਕਉਚ—ਪਲੰਘ, ਖਾਟ, ਕਉਚ; *v. t.* ਲਿਟਾਉਣਾ, ਸੁਲਾਉਣਾ; ਲੇਟਣਾ, ਸੌਣਾ, ਵਿਛਣਾ; ਛੁਪਣਾ; ਵਰਨਣ ਕ०, ਕਥਨ ਕ०; ਅੱਖਾਂ ਦਾ ਮੋਤੀਆਬਿੰਦ ਕੱਢਣਾ; *v. i.* (ਡਰਦੇ ਮਾਰੇ) ਦਬਕ ਜਾ ਸਹਮ ਜਾਣਾ; ਲੁਕਣਾ, ਛਿਪਣਾ ।

Couchant, *a.* ਕਉਚੈਂਟ—ਲੇਟਿਆ ਹੋਇਆ, ਸਿਰ ਉਠਾਏ ਬੈਠਿਆ ਹੋਇਆ, ਉਠ ਜਾ ਬਿੱਲੀ ਵਾਂਗੂ ਬੈਠਿਆ ਹੋਇਆ ।

Couchee, *n.* ਕਾਉਛੀ—ਸੌਣ ਦਾ ਸਮੇਂ ਜਾ ਵੇਲਾ, ਬਹੁਤੀ ਰਾਤ ਗਈ ਮੁਲਾਕਾਤ ਕਰਨ ਦਾ ਸਮੇਂ ।

Coucher, *n.* ਕਊਚਰ—ਅੱਖਾਂ ਵਿੱਚੋਂ ਮੋਤੀਆਬਿੰਦ ਕੱਢਣ ਵਾਲਾ ।

Couching, *n.* ਕਉਚਿੰਗ—ਝੁਕਾਓ ।

Cough, *n.* ਕਫ—ਖੰਘ, ਖਾਂਸੀ, ਕਫ, ਖੁਰਖੁਰੀ ਖਹੂੰ ੨, ਢਊਂ ਢਊਂ, ਥਾਂਸ; *v. i.* ਖੰਘਣਾ ਥਾਂਘਣਾ ।

Could, *p. p.* of Can ਕੁੱਡ—ਸੱਕਿਆ, ਵੇਖੋ ਸ਼ਬਦ Can.

Coulter, *n.* ਕੋਲਟਰ—ਹਲ ਦਾ ਫਾਲਾ ਜੋ ਜ਼ਮੀਨ ਨੂੰ ਪੁੱਟਦਾ ਹੈ ।

Council, *n.* ਕੌਂਸਿਲ—ਸਭਾ, ਸੰਘਾ, ਪੰਚ ਇਤ, ਮਜਲਿਸ, ਜਮਾਤ, ਕੌਂਸਲ, ਜਲਸਾ; ਪੰਚਾਂ ਦੀ ਸਲਾਹ ।

Council-chamber, *n.* ਕੌਂਸਿਲ ਚੈਂਬਰ—ਦੀਵਾਨਖਾਨਾ; ਕੌਂਸਲ ਦੇ ਜਲਸੇ ਦਾ ਵੱਡਾ ਕਮਰਾ; ਬੈਠਕ, ਮਜਲਸ, ਮਜਲਸਤਗਾਹ ।

Councillor, *n.* ਕੌਂਸਿਲਰ—ਕੌਂਸਲ ਦਾ ਮੈਂਬਰ, ਜਲਸੇ ਦਾ ਮੈਂਬਰ, ਸਲਾਹਕਾਰ ।

Counsel, *n.* ਕੌਂਸੈਲ—ਸਲਾਹ, ਵਿਚਾਰ, ਮਸ਼ਵਰਾ; ਉਪਦੇਸ਼, ਨਸੀਹਤ; ਸਿੱਖਯਾ, ਮੱਤ, ਰਾਇ; ਭੇਤ; ਵਕੀਲ; ਕੌਂਸਲੀ; *v. t.* ਸਿੱਖਯਾ ਦੇਣੀ, ਉਪਦੇਸ਼ ਦੇਣਾ, ਨਸੀਹਤ ਕਰਨੀ, ਸਲਾਹ ਦੇਣੀ ।

Counsellor, *n.* ਕੌਂਸੈਲਰ—ਸਿੱਖਯਾ ਦੇਣੇ ਵਾਲਾ, ਮੰਤਰੀ, ਸਲਾਹਕਾਰ; ਵਜ਼ੀਰ, ਮੁਸ਼ੀਰ; ਬੈਰਿਸਟਰ, ਕੌਂਸਲੀ, ਵੇਖੋ ਸ਼ਬਦ Councillor.

Count, *v. t.* ਕਾਉਂਟ—ਗਿਨਣਾ, ਜੋੜਨਾ, ਗਿਣਤੀ ਕ०, ਹਿਸਾਬ ਕ०, ਸੁਮਾਰ ਕ०; ਲਿਹਾਜ਼ ਕ०, ਸਮਝਣਾ, ਬੁੱਝਣਾ, ਜਾਨਣਾ; *v. i.* ਵਧਣਾ, ਬਹੁਤ ਹੋਣਾ; ਭਰੋਸਾ ਕ०; *n.* (ਕਾਨੂਨ ਵਿੱਚ) ਦਾਵਾ; ਗਿਣਤੀ, ਸੰਖਯਾ; ਅੰਗ੍ਰੇਜ਼ੀ ਖ਼ਿਤਾਬ ਜੇਹੜਾ ਬਾਕੀ ਦੇਸ ਵਿੱਚ ਖ਼ਾਨ, ਨਵਾਬ, ਠਾਕੁਰ ਜਾ ਅਮੀਰ ਕਹਿੰਦੇ ਹਨ ।

Countable, *a.* ਕਾਉਂਟੇਬਲ—ਜੋ ਗਿਣਿਆ ਜਾ ਸੱਕੇ, ਜੋ ਗਿਣਤੀ ਵਿੱਚ ਆ ਜਾਵੇ ।

Countenance, *n.* ਕਾਉਂਟੇਨੈਂਸ—ਰੂਪ, ਸੂਰਤ, ਮੁਖੜਾ, ਚੇਹਰਾ; ਮੁਖ, ਮੂੰਹ, ਨਕਸ਼ ਨਿਗਾਰ, ਸ਼ਕਲ ਵਟਲ; ਕਿਰਪਾ, ਮੇਹਰਬਾਨੀ; ਦ੍ਰਿਸ਼ਟੀ, ਪੱਖ, ਹਮਾਇਤ, ਮੱਦਦ, ਸਹਾਇਤਾ; *v. t.* ਮੂੰਹ ਵੇਖਣਾ, ਪੱਖ ਕ०, ਹਮਾਇਤ ਕ०, ਮੱਦਦ ਕਰਨੀ ।

Counter, *n.* ਕਾਉਂਟਰ—ਗਿਣਨੇ ਵਾਲਾ, ਗਿਣਤੀ ਕਰਨੇ ਵਾਲਾ; ਦਮੜਾ, ਦਾਮ; ਨਰਦੀ; ਰੁਪੱਯੇ ਦੇ ਗਿਨਣੇ ਵਾਸਤੇ ਸਿੱਕਾ ਘੋੜੇ ਦਾ ਸੀਨਾ; *a.* ਵਿਮੁਖ, ਉਲਟਾ, ਬਿਪਰੀਤ, ਵਿਰੁੱਧ, ਖਿਲਾਫ਼; *adv.* ਉਲਟਾ, ਬਰਖਿਲਾਫ਼ ।

Counteract, *v. t.* ਕਾਉਂਟਰੈਕਟ—ਕੱਟਣਾ, ਵੱਢਣਾ, ਤੋੜਨਾ; ਹਰਜ ਕ०; ਮਨਾਂ ਕ०, ਹਟਕਨਾ, ਰੋਕਣਾ; ਮਾਰਨਾ; ਉਲਟਾ ਅਸਰ ਕ० ।

Counteraction, *n.* ਕਾਉਂਟਰੈਕਸ਼ਨ—ਰੋਕ, ਕਾਟ ਵਾਟ, ਤੋੜ; ਮੁਕਾਬਲਾ, ਵਿਰੋਧਤਾਈ, ਉਲਟਾ ਅਸਰ ।

Counter-balance, *n.* ਕਾਉਂਟਰ ਬੈਲੈਂਨਸ—ਸਮਾਨ ਤੋਲ, ਬਰਾਬਰ ਦਾ ਧੜਾ, ਇੱਕੋ ਜੇਹਾ ਤੋਲ; *v. t.* ਬਰਾਬਰ ਕ०, ਤੋਲਨਾ, ਸਮਾਨ ਤੋਲ ਕ०, ਧੜਾ ਪੂਰਾ ਕ०, ਪਾਸਿੰਗ ਕ० ।

Counter-buff, *v. t.* ਕਾਉਂਟਰਬੱਫ਼—ਹਟਾ ਦੇਣਾ, ਟਾਲ ਦੇਣਾ; *n.* ਉਲਟੀ ਮਾਰ, ਉਲਟਾ ਧੱਕਾ, ਪਲਟਾ ।

Counter-change, *v. t.* ਕਾਉਂਟਰਚੇਂਜ—ਅਦਲਾ ਬਦਲੀ ਕ०, ਪਲਟਾਉਣਾ, ਵਟਾਉਣਾ; *n.* ਅਦਲਾ ਬਦਲੀ, ਪਲਟਾਓ, ਵਟਾਉਣ ਦੀ ਹਾਲਤ ।

Counter-charm, *n.* ਕਾਉਂਟਰ ਚਾਰਮ—ਟੂਣੇ ਪਰ ਟੂਣਾ, ਜਾਦੂ ਦਾ ਉਤਾਰ, ਉਤਾਰਾ ਯਾ ਹਟਾਉਣ ਦੀ ਹਾਲਤ, ਉਲਟਾ ਮੰਤਰ; *v. t.* ਟੂਣਾ ਹਟਾਉਣਾ, ਇੱਕ ਟੂਣੇ ਨੂੰ ਦੂਜੇ ਟੂਣੇ ਨਾਲ ਕੱਟਣਾ ।

Counter-check, *v. t.* ਕਾਉਂਟਰ ਚੈਕ—ਰੋਕਣਾ, ਅਟਕਾਉਣਾ; *n.* ਰੋਕ ਟੋਕ, ਮਨਾਹੀ ।

Counter-cost, *v. t.* ਕਾਉਂਟਰ ਕੌਸਟ—ਹਿਸਾਬ ਕ०, ਗਿਣਤੀ ਕ० ।

Counter-coster, *n.* ਕਾਉਂਟਰ ਕੌਸਟਰ—ਮੁਨੀਮ, ਮੁਸਾਹਿਬ, ਲੇਖਾ ਪੱਤਾ ਕਰਨੇ ਵਾਲਾ ।

Counter-current, *n.* ਕਾਉਂਟਰ ਕਰੰਟ—ਉਲਟੀ ਧਾਰਾ ।

Counter-evidence, *n.* ਕਾਉਂਟਰਐਵੀਡੇਨਸ—ਉਲਟੀ ਗਵਾਹੀ, ਉਲਟੀ ਸ਼ਹਾਦਤ ।

Counter-feit, *n.* ਕਾਉਂਟਰਫ਼ੀਟ—ਨਕਲ ਕ०, ਭੇਸ ਬਨਾਉਣਾ ਯਾ ਕ०, ਮਕਰ ਕ०, ਜਾਲਸਾਜ਼ੀ ਕ०; *v. i.* ਭੇਸ ਵਟਾਉਣਾ; ਮਚਲ ਮਾਰਨੀ; *a.* ਨਕਲੀ, ਬਨਾਉਟੀ, ਜਾਹਲੀ, ਖੋਟਾ, ਝੂਠਾ; *n.* ਨਕਲ, ਬਨਾਉਟੀ, ਜਾਲਸਾਜ਼ੀ, ਝੂਠ, ਖੋਟ ।

Counterfeit-coin, *n.* ਕਾਉਂਟਰਫ਼ੀਟ ਕੁਆਇਨ—ਜਾਲੀ, ਸਿੱਕਾ, ਬਨਾਉਟੀ ਯਾ ਖੋਟਾ ਰੁਪੱਯਾ ।

Counterferment, *n.* ਕਾਉਂਟਰਫ਼ਰਮੰਟ—ਉਬਾਲ ਦੇ ਵਿਰੁੱਧ ਉ... ।

Counter-foil, *n.* ਕਾਉਂਟਰਫ਼ਾਇਲ—ਕਿਸੇ ਹਿਸਾਬ ਦੇ ਕਾਗ਼ਜ਼ ਆਦਿਕ ਦਾ ਜੋੜਾ, ਮਸੌਦਾ; ਜੋੜਾ ।

Countermand, *v. t.* ਕਉਂਟਰਮੈਂਡ—ਹੁਕਮ ਉਲਟਾਉਣਾ, ਹੁਕਮ ਰੱਦ ਕ०, ਹੁਕਮ ਫੇਰਨਾ; *n.* ਪਹਿਲੇ ਹੁਕਮ ਦੇ ਵਿਰੁੱਧ ਹੁਕਮ ।

Counter-march, *v. i.* ਕਉਂਟਰ ਮਾਰਚ—ਪਿੱਛੇ ਮੁੜਨਾ, ਵਾਪਸ ਹੋਣਾ, ਪਰਤ ਆਉਣਾ, ਉਲਟਾ ਕੂਚ ਹੋਣਾ; *n.* ਵਾਪਸੀ, ਉਲਟਾ ਕੂਚ; ਫ਼ੌਜ ਦਾ ਉਲਟਾ ਕੂਚ, ਫ਼ੌਜ ਦੀ ਕਤਾਰ ਦੀ ਬਦਲ ਜਾਣ ਦੀ ਹਾਲਤ ।

Counter-mark, *n.* ਕਉਂਟਰ ਮਾਰਕ—ਚੀਜ਼ਾਂ ਦੀ ਗਠੜੀ ਪੁਰ ਦੂਜਾ ਯਾ ਤੀਜਾ ਨਿਸ਼ਾਨ ।

Countermine, *n.* ਕਉਂਟਰਮਾਈਨ—ਸੁਰੰਘ ਦੇ ਹੇਠਾਂ ਸੁਰੰਘ, ਦੁਸ਼ਮਨ ਦੀ ਸੁਰੰਘ ਦੇ ਮੁਕਾਬਲੇ ਸੁਰੰਘ; ਛਲ, ਦਗ਼ਾ, ਫ਼ਰੇਬ, ਧੋਖਾ; *v. t.* ਲੁਕ ਛਿਪਕੇ ਹਾਰ ਦੇਣੀ ਯਾ ਨੀਚੇ ਕ० ।

Counter-motion, *n.* ਕਾਉਂਟਰ ਮੋਸ਼ਨ—ਵਿਰੁੱਧ ਚਾਲ, ਹਰਕਤ ਮੁਕਾਬਲ, ਇੱਕ ਤਜਵੀਜ਼ ਦੇ ਵਿਰੁੱਧ ਹੋਰ ਤਜਵੀਜ਼ ।

Countermure, *n.* ਕਾਉਂਟਰਮਯੂਰ—ਕੰਧ ਦੇ ਪਿੱਛੇ ਕੰਧ, ਕੰਧ ਦੇ ਬਰਾਬਰ ਕੰਧ, ਅੜ ਤੇ ਅੜ ।

Connterpane, *n.* ਕਾਉਂਟਰਪੇਨ—ਪਲੰਘ ਦੇ ਉੱਪਰ ਦਾ ਕੱਪੜਾ, ਪਲੰਘ ਪੋਸ਼ ।

Counterpart, *n.* ਕਾਉਂਟਰਪਾਰਟ—ਨਕਲ, ਉਤਾਰ; ਦੂਜੀ ਕਾਪੀ, ਮੁਸੌਦਾ; ਜੋੜਾ, ਜੋੜ, ਮੇਲ, ਤਦਰੂਪ, ਸਨਮੁਖ, ਅਸਲ ਉੱਤਰ, ਮੁਕਾਬਲਾ ।

Counterplea, *n.* ਕਉਂਟਰਪਿਲੀ—(ਕਾਨੂਨ ਵਿੱਚ) ਉਜ਼ਰ ਦਾ ਜਵਾਬ ।

Counterpoise, *n.* ਕਉਂਟਰਪੁਆਇਜ਼—ਬਰਾਬਰ ਬੋਝ ਯਾ ਤੋਲ, ਧੜਾ, ਪਾਸਿੰਗ;

v. t. ਬੋਝ ਬਰਾਬਰ ਕ०, ਧੜਾ ਬਰਾਬਰ ਕ०, ਪਾਸਿੰਗ ਕ० ।

Counterpoison, *n.* ਕੌਉਂਟਰਪਾਇਜ਼ਨ—ਜ਼ਹਿਰ ਮੋਹਰਾ, ਜ਼ਹਿਰ ਨੂੰ ਮਾਰਨ ਵਾਲੀ ਦੁਆਈ ।

Counter-proof, *n.* ਕੌਉਂਟਰਪਰੂਫ਼—ਸਬੂਤ ਦੇ ਸਾਹਮਣੇ ਸਬੂਤ, ਸਬੂਤ ਦਾ ਰੱਦ ।

Counterseal, *v. t.* ਕੌਉਂਟਰਸੀਲ—ਦੂਜੇ ਦੇ ਨਾਲ ਮੋਹਰ ਕਰਨੀ ।

Countersign, *v. t.* ਕੌਉਂਟਰਸਾਈਨ-ਇੱਕ ਅਫ਼ਸਰ ਦੇ ਹਸਤਾਖਰ (ਦਸਤਖਤ) ਦੇ ਮੁਕਾਬਲੇ ਪੱਕਾ ਕਰਨ ਵਾਸਤੇ ਦੂਜੇ ਵੱਡੇ ਅਫ਼ਸਰ ਨੇ ਹਸਤਾਖਰ ਕ०; *n.* ਓਹ ਗੁਪਤ ਨਿਸ਼ਾਨੀ ਜਿਸਤੇ ਪਹਿਰੇ ਵਾਲਾ ਦੂਜੇ ਨੂੰ ਫ਼ਸ ਵਿੱਚ ਆਉਣ ਦੇਂਦਾ ਹੈ ।

Counter-stroke, *n.* ਕੌਉਂਟਰਸਟਰੋਕ-ਉਲਟੀ ਠੋਕਰ ।

Counter-surity, *n.* ਕੌਉਂਟਰਸ਼ਿਉਰਿਟੀ—ਜ਼ਾਮਨ ਦੀ ਜ਼ਮਾਨਤ ।

Countersway, *n.* ਕੌਉਂਟਰਸਵੇ—ਵਿਰੁੱਧ ਬਲ ਜਾ ਪ੍ਰਭਾਵ ।

Countervail, *v. t.* ਕੌਉਂਟਰਵੇਲ-ਤੁੱਲ ਬਲ ਹੋਣਾ; ਤੁੱਲ ਤੋਲ ਹੋਣਾ; ਤੁੱਲ ਮੁੱਲ ਹੋਣਾ ।

Counterview, *n.* ਕੌਉਂਟਰਵੀਉ—ਵਿਰੋਧ, ਓਹ ਹਾਲਤ ਜਿਸ ਵਿੱਚ ਦੋ ਆਦਮੀ ਇੱਕ ਦੂਜੇ ਨੂੰ ਵੇਖਦੇ ਹਨ ।

Countess, *n.* ਕੌਉਂਟੇਸ-Count ਦੀ ਇਸਤ੍ਰੀ. ਅਮੀਰ ਦੀ ਬੀਵੀ, ਸੁਪਤਨੀ, ਬੇਗਮ ਜਾ ਰਾਣੀ ।

Counting-house } *n.* ਕੌਉਂਟਿੰਗ ਹਉਸ }
Counting-room, } ਕੌਉਂਟਿੰਗ ਰੂਮ }
ਹਿਸਾਬ ਘਰ, ਖਾਤਾ ਘਰ ।

Countless, *a.* ਕੌਉਂਟਲੇਸ-ਬੇਹਿਸਾਬ, ਅਨਗਿਣਤ ।

Country, *n.* ਕਨਟਰੀ-ਦੇਸ, ਮੁਲਕ, ਭੂਮੀ; ਪਿੰਡ, ਗਾਉਂ; ਮੌਲਗੁਜ਼ਾਰ, ਇਰਦ ਗਿਰਦ; ਰੱਯਤ, ਪਰਜਾ; ਆਮ; *a.* ਦੇਸੀ, ਮੁਲਕੀ; ਪੇਂਡੂ, ਦੇਹਾਤੀ; ਗੰਵਾਰ, ਅਨਾੜੀ, ਅੱਖੜ, ਕੱਚਾ ।

Country-man, *n.* ਕਨਟਰੀਮੈਨ—ਸੁਦੇਸ਼ੀ, ਇੱਕ ਦੇਸ ਜਾ ਮੁਲਕ ਦਾ, ਦੇਸੀ ਜਾਣੀ, ਵਤਨੀ; ਗਵਾਰ; ਪੇਂਡੂ, ਦੇਹਾਤੀ ।

County, *n.* ਕੌਉਂ—ਜ਼ਿਲਾ, ਸੂਬਾ ।

Couple, *n.* ਕੱਪਲ—ਜੋੜਾ, ਜੋੜੀ, ਸੰਗ; ਟੁਕੜਾ, ਟੁਕੜੀ; ਖਾਵੰਦ ਇਸਤ੍ਰੀ ਦੇ ਜੋੜ ... ਲਾੜਾ ਲਾੜੀ, ਵਹੁਟੀ ਗੱਭਰੂ, ਮੀਆਂ ਬੀਬੀ, ਰੰਨ ਖਸਮ; (ਮਹਿਰਾਬ ਦੀ) ਕੈਂਚੀ; ਯਾਰ ਦਾ ਜੋੜਾ; *v. t.* ਜੋੜਨਾ, ਮਿਲਾਉਣਾ, ਸੰਬੰਧ ਕ०; ਵਿਆਹੁਣਾ, ਵਰਨਾ, ਵਿਆਹ ਦੇਣਾ, ਨਿਕਾਹ ਪੜ੍ਹਾਉਣਾ, ਸ਼ਾਦੀ ਕ०, ਘਰ ਵਸਾਉਣਾ, ਪੀਲੇ ਹੱਥ ਕਰਨੇ, ਪੱਲੇ ਲਗਾਉਣਾ; *v. i.* ਜੁੜਨਾ, ਮਿਲਨਾ, ਜੋੜਾ ਲੱਗਣਾ ।

Couplet, *n.* ਕੌਉਪਲਟ—ਦੋਹਿਰਾ, ਸੋਰਠਾ, ਬੈਂਤ, ਕਵਿਤਾ, ਸ਼ਿਅਰ; ਮੰਗਲਾਚਰਨ ।

Coupling, *n.* ਕੌਉਪਲਿੰਗ—ਜੋੜ, ਬੰਧਨ, ਮਿਲਾਪ ।

Coupon, *n.* ਕੂਪਨ—ਕੂਪਨ; ਪਰਚਾ (ਸੂਦ ਬਿਆਜ); ਰੇਲ ਦੀ ਟਿਕਟ ਜਾ ਡਾਕਖ਼ਾਨੇ ਦੇ ਮਨੀਆਰਡਰ ਦਾ ਓਹ ਹਿੱਸਾ ਜੋ ਰੁਪੱਯਾ ਦੇਨ ਦੇ ਪਿੱਛੋਂ ਕੱਟਿਆ ਜਾਂਦਾ ਹੈ ।

Courage, } *n.* ਕਰਿਜ }
Courageousness, } ਕਰਜੀਅਸਨੈਸ }
—ਸੂਰਮਤਾਈ, ਜੋਧਾਪਨ, ਮਰਦਾਨਗੀ, ਦਰਿਆਮਗੀ, ਬਹਾਦੁਰੀ, ਬੀਰਤਾਈ, ਦਲੇਰੀ, ਹਿੰਮਤ, ਹੌਸਲਾ; ਜਿਗਰ, ਕਲੇਜਾ; ਗੁਰਦਾ ।

Courageous, *a.* ਕਰੇਜਿਅਸ—ਸੂਰਬੀਰ, ਜੋਧਾ, ਦਲੇਰ, ਬਹਾਦੁਰ, ਦਰਿਆਮ, ਜਵਾਂਮਰਦ, ਹਿੰਮਤ ਵਾਲਾ, ਦਿਲ ਵਾਲਾ ।

Courageously, *adv.* ਕਰੇਜੀਅਸਲੀ—ਸੂਰਬੀਰਤਾ ਨਾਲ, ਬਹਾਦੁਰੀ ਨਾਲ, ਦਰਿਆਮਗੀ ਨਾਲ ।

Courant, } *n.* ਕੁਰੈਂਟ } ਇੱਕ ਭਾਂਤ ਦਾ
Couranto, } ਕੁਰੈਂਟੋ } ਨਾਚ, ਕੋਈ ਬਾਤ
ਜੋ ਸਮਾਚਾਰ ਪੱਤਰ ਦੇ ਵਾਙੂੰ ਛੇਤੀ ਫੈਲ ਜਾਂਦੀ ਹੈ ।

Courier, *n.* ਕੋਰੀਅਰ—ਹਲਕਾਰਾ, ਕਾਸਦ, ਦੂਤ ।

Course, *n.* ਕੋਰਸ-ਚਾਲ, ਦੌੜ; ਰਾਹ, ਲੀਕ, ਰਸਤਾ; ਢੰਗ, ਤੌਰ, ਤਰੀਕਾ, ਸੂਰਤ,

ਰੀਤ, ਰਸਮ, ਕਾਇਦਾ; ਪ੍ਰੰਯੋਜ; ਇਸਤ੍ਰੀ ਦੇ ਮਾਹਵਾਰੀ ਕੱਪੜੇ, ਫੁੱਲ, ਹੈਜ਼; ਚਾਲ ਢਾਲ; ਚਾਲ ਚਲਨ, ਰੰਗ ਢੰਗ, ਲੱਛਨ, ਵਰਤਾਓ; *v. t.* ਸ਼ਿਕਾਰ ਦੇ ਪਿੱਛੇ ਜਾਣਾ, ਸ਼ਿਕਾਰ ਕ०, ਪਿੱਛੇ ਭੱਜਣਾ; ਦੌੜਾਉਣਾ, ਭਜਾਉਣਾ; *v. i.* ਭੱਜਣਾ, ਨੱਸਣਾ, ਛੇਤੀ ਚੱਲਣਾ, ਚੱਕਰ ਖਾਣਾ।

Courser, *n.* ਕੋਰਸਰ-ਸ਼ਿਕਾਰੀ, ਹੇੜੀ; ਘੋੜ ਦੌੜ ਯਾ ਲੜਾਈ ਦਾ ਘੋੜਾ, ਤੁਰੰਗ; ਸ਼ੁਤਰ-ਮੁਰਗ।

Courses, *n. pl.* ਕੋਰਸਜ਼-ਕੱਪੜਿਆਂ ਦੇ ਦਿਨ, ਹੈਜ਼ ਦੇ ਦਿਨ, ਮਹੀਨੇ ਦੇ ਦਿਨ।

Court, *n.* ਕੋਰਟ—ਨਿਆਇ ਸਭਾ; ਮਹਿਕਮਾ, ਅਦਾਲਤ, ਅਦਾਲਤ, ਕਚਹਿਰੀ, ਕਾਨੂਨ ਘਰ; ਖਾਤਰ, ਟਹਿਲ; ਸਭਾ, ਦੀਵਾਨ ਖਾਸ, ਦੀਵਾਨਖਾਨਾ; ਸਲੂਸ, ਸਲੈ; ਦਰਬਾਰੀ, ਮੁਸਾਹਿਬ ਸ਼ਾਹੀ; ਰਾਜ, ਪਾਦਸ਼ਾਹੀ, ਰਾਜ ਦਰਬਾਰ, ਦਰਬਾਰ, ਦਰਬਾਰ ਸ਼ਾਹੀ; ਰਾਜ ਮੰਦਰ, ਰਾਜ ਯਾ ਬਾਦਸ਼ਾਹੀ ਮਹਲ, ਗੱਦੀ ਅਸਥਾਨ, ਤਖ਼ਤ ਦੀ ਜਗ੍ਹਾ; ਚੌਂਕ, ਸਿਹਨ, ਅਖਾੜਾ; *v. t.* ਖ਼ਾਤਰ ਕਰਨੀ, ਖ਼ੁਸ਼ਾਮਦ ਕਰਨੀ, ਪਿੱਛੇ ਲੱਗਣਾ, ਪੈਰ ਫੜਨੇ ਯਾ ਪੈਰਾਂ ਤੇ ਡਿੱਗਣਾ; ਚਾਹੁਣਾ, ਖ਼ਾਹਸ਼ ਕਰਨੀ ਯਾ ਰੱਖਣੀ; ਪ੍ਰੇਮ ਕ०, ਇਸ਼ਕ ਕ०, ਮੁਹੱਬਤ ਕਰਨੀ, ਪਿੱਛੇ ਲਗੇ ਫਿਰਨਾ।

Court-cord, *n.* ਕੋਰਟਕੋਰਡ-ਤਸਵੀਰ ਵਾਲਾ ਤਾਸ਼ ਯਾ ਪੱਤਾ।

Court-day, *n.* ਕੋਰਟਡੇ—ਰਾਜ ਸਭਾ ਯਾ ਕਚਹਿਰੀ ਦਾ ਦਿਨ।

Court-dress, *n.* ਕੋਰਟ ਡਰੇਸ—ਦਰਬਾਰੀ ਪੁਸ਼ਾਕ ਯਾ ਕੱਪੜਾ।

Courteous, *a.* ਕੋਰਟੀਅਸ—ਮਿਲਨਸਾਰ, ਚੰਗੇ ਸੁਭਾਉ ਦਾ, ਹਸਮੁਖਾ, ਟਹਿਲ ਯਾ ਆਦਰ ਸਤਿਕਾਰ ਲਈ ਤਿਆਰ, ਆਉ ਭਗਤ ਵਾਲਾ।

Courteously, *adv.* ਕੋਰਟੀਅਸਲੀ—ਆਉ ਭਗਤ ਨਾਲ, ਆਦਰ ਸਨਮਾਨ ਨਾਲ, ਚੰਗੇ ਸੁਭਾਉ ਨਾਲ, ਖਿੜੇ ਚੇਹਰੇ ਨਾਲ।

Courteousness, Courtesy, *n.* ਕੋਰਟੀਅਸਨੈਸ, ਕਰਟਸੀ — ਮਿਲਨਸਾਰੀ, ਆਦਰ ਸਨਮਾਨ, ਆਉ ਭਗਤ, ਚੰਗਾ ਸੁਭਾਉ; ਕਿਰਪਾ, ਮਿਹਰਬਾਨੀ।

Courter, *n.* ਕੋਰਟਰ—[illegible]ਤ੍ਰੀ ਉਪਾਸਕ, ਵਿਆਹ ਲਈ ਇਸ[illegible] ਮਿੰਨਤ ਕਰਨੇ ਵਾਲਾ।

Courtesan, *n.* ਕੋਰਟੀਜ਼ਨ-ਖਾਨਗੀ, ਵੇਸਵਾ, ਕੰਜਰੀ, ਗਨਕਾ, ਰੰਡੀ।

Court-like, *n.* ਕੋਰਟਲਾਈਕ—ਚੰਗੇ ਸੁਭਾਉ ਵਾਲਾ, ਮਿੱਠੀ ਜ਼ੁਬਾਨ ਵਾਲਾ।

Courtliness, *n.* ਕੋਰਟਲੀਨੈਸ—ਦਰਬਾਰੀ ਸੁਭਾਉ, ਅਮੀਰਾਂ ਜੇਹਾ।

Courtly, *a.* ਕੋਰਟਲੀ-ਦਰਬਾਰੀ, ਚੰਗੇ ਸੁਭਾਉ ਵਾਲਾ।

Court-martial, *n.* ਕੋਰਟਮਾਰਸ਼ੀਅਲ-ਜੰਗੀ ਯਾ ਫ਼ੌਜੀ ਅਫ਼ਸਰ।

Courtship, *n.* ਕੋਰਟਸ਼ਿਪ—ਬੇਨਤੀ, ਮਿੰਨਤ, ਉਮੰਗ, ਚਾਹ, ਲਗਨ; ਮਰਦ ਵੱਲੋਂ ਵਿਆਹ ਦੀ ਖ਼ਾਹਿਸ਼; ਇਸ਼ਕਬਾਜ਼ੀ।

Court-yard, *n.* ਕੋਰਟਯਾਰਡ-ਸਿਹਨ, ਚੌਂਕ, ਵਿਹੜਾ।

Cousin, *n.* ਕਜ਼ਨ-ਚਾਚੇ, ਤਾਏ, ਭੂਆ, ਮਾਮੇ ਯਾ ਮਾਸੀ ਦਾ ਪੁੱਤਰ ਭਰਾ ਯਾ ਭਾਈ; ਚਾਚੇ ਆਦਿਕ ਦੀ ਬੇਟੀ ਭੈਣ।

Cove, *n.* ਕਵ-ਛੋਟਾ ਨਾਲਾ ਯਾ ਖਲੀਜ, ਕੂਲ੍ਹ; ਆਸਰਾ ਸਥਾਨ; ਰੰਗੀਲਾ, ਮਸਖ਼ਰਾ; *v. t.* ਮਹਿਰਾਬ ਬਨਾਉਣਾ।

Covenant, *n.* ਕਵੇਨੈਂਟ-ਬਚਨ, ਕੌਲ ਕਰਾਰ, ਅਹਿਦ ਪੈਮਾਨ, ਆਪਸ ਵਿੱਚ ਦੀ ਅਹਿਦ; ਲਿਖਤ, ਇਕਰਾਰਨਾਮਾ, ਅਹਿਦਨਾਮਾ · *v. i.* ਸ਼ਰਤ ਕਰਨੀ; *v. t.* ਇਕਰਾਰ ਕ०, ਲਿਖ ਦੇਣਾ, ਅਹਿਦ ਪੈਮਾਨ ਕ०।

Covenanted, ਕਵੇਨੈਂਟਡਿ—ਜਿਸਦਾ ਅਹਿਦਨਾਮਾ ਹੋਇਆ ਹੋਵੇ।

Covenanted-servants, *n. pl.* ਕਵੇਨੈਂਟਡਿ ਸਰਵੈਂਟਸ—ਓਹ ਨੌਕਰ ਜਿਨ੍ਹਾਂ ਦਾ ਨੌਕਰੀ ਲਈ ਅਹਿਦਨਾਮਾ ਹੋ ਚੁੱਕਿਆ ਹੋਵੇ।

Covenanter, *n.* ਕਵੇਨੈਂਟਰ—ਓਹ ਆਦਮੀ ਜਿਸਨੇ ਅਹਿਦ ਪਮਾਨ ਕੀਤਾ ਹੋਵੇ।

Covenous, *a.* ਕਵੇਨਸ-ਛਲੀ, ਕਪਟੀ, ਫ਼ਰੇਬੀ।

Cover, *n.* ਕਵਰ—ਢਕਣਾ, ਢੱਕਣੀ, ਢਕਣੀ, ਸਰਪੋਸ਼, ਗਿਲਾਫ਼, ਲਫ਼ਾਫ਼ਾ; ਪਰਦਾ, ਆੜ, ਅਸਤਰ; ਪਨਾਹ, ਬਚਾਉ, ਛਾਉਂ; ਹਮਾਇਤ; ਰੋਕ; ਮੇਜ਼ਪੋਸ਼, ਮੇਜ਼ ਦੀ ਚਾਦਰ, ਥਾਲ, ਰਕਾਬੀ; ਬਹਾਨਾ, ਮਕਰ, ਹੀਲਾ; *v. t.* ਢੱਕਣਾ, ਓੜ੍ਹਨਾ, ਮੜ੍ਹਨਾ; ਸਿਰ ਨੂੰ ਢੱਕਣਾ, ਟੋਪੀ ਜਾ ਪੱਗ ਬੰਨ੍ਹਣੀ; ਅੰਡੇ ਸੇਣੇ, ਪਾਲਣਾ, ਬੱਚੇ ਜਾ ਫ਼ਲ ਕੱਢਣਾ; ਲੁਕਾਉਣਾ, ਛਿਪਾਉਣਾ, ਅਲੋਪ ਕ०; ਬਚਾਉਣਾ, ਰੱਖਿਆ ਕਰਨੀ, ਅਮਾਨਤ ਵਿੱਚ ਰੱਖਣਾ, ਸਾਂਭਣਾ; ਵੱਸ ਹੋਣਾ, ਕਾਫ਼ੀ ਹੋਣਾ; ਵਿਸ਼ੇ ਭੋਗ ਕ०, ਇਕੱਠੇ ਸੌਣਾ; ਆਦਮੀ ਤੋਂ ਲੈਕੇ ਜਾਨਵਰਾਂ ਅਤੇ ਜੰਤੂਆਂ ਆਦਿਕ ਦਾ ਭੋਗ ਕ० ।

Covered, *a.* ਕਵਰਡ—ਢੱਕਿਆ ਹੋਇਆ; ਮੜ੍ਹਿਆ ਹੋਇਆ, ਗਿਲਾਫ਼ ਚੜ੍ਹਿਆ ਹੋਯਾ, ਛਤਰੀਦਾਰ, ਟੋਪੀਦਾਰ; ਛੁਪਿਆ ਹੋਇਆ, ਲੁਕਿਆ ਹੋਇਆ ।

Covering, *n.* ਕਵਰਿੰਗ—ਪੋਸ਼ਸ਼, ਚਾਦਰ, ਗਿਲਾਫ਼ ।

Coverlet, } *n.* ਕਵਰਲੇਟ } ਪਲੰਘ ਦੇ
Coverled, } ਕਵਰਲਿਡ } ਉੱਪਰ ਦਾ ਕੱਪੜਾ; ਰਜ਼ਾਈ, ਲੇਫ, ਗੋਦੜਾ; ਗਿਲਾਫ਼ ।

Covert, *n.* ਕਵਰਟ—ਢੱਕਿਆ ਹੋਇਆ, ਪਨਾਹ ਵਿੱਚ, ਛਾਂ ਵਿੱਚ, ਸਾਏ ਵਿੱਚ, ਛਾਂ ਹੇਠਾਂ; ਗੁਪਤ, ਛੁਪਿਆ ਹੋਇਆ, ਲੁਕਾਕੇ; ਸੁਹਾਗਣ, ਵਿਆਹੀ ਹੋਈ, ਨਿਕਾਹੀ ਹੋਈ; *n.* ਬਚਾਉ, ਆੜ, ਪਨਾਹ; ਝਾੜੀ, ਬਨ, ਜੰਗਲ, ਝੁੰਡ (ਰੁੱਖਾਂ ਦਾ) ।

Coverture, *n.* ਕਵਰਚਰ—ਰੱਖਿਆ, ਪਨਾਹ, ਛਤਰ ਛਾਇਆ; ਆਸਰਾ, ਸਹਾਰਾ; ਵਿਆਹਤਾ ।

Covet, *v. i.* ਕਵਟ—ਲਾਲਚ ਕ०, ਲੋਭ ਕ०, ਲਲਚਾਉਣਾ, ਚਾਹੁਣਾ, ਖ਼ਾਹਿਸ਼ ਕਰਨੀ, ਹਿਰਸ ਕਰਨੀ ।

Coveting, *n.* ਕਵਟਿੰਗ—ਲਾਲਚ, ਲੋਭ, ਹਿਰਸ ।

Covetous, *a.* ਕਵੇਟਸ—ਲਾਲਚੀ, ਲੋਭੀ, ਹਿਰਸੀ ।

Covetousness, *n.* ਕਵੇਟਸਨੈਸ—ਲਾਲਚ, ਲੋਭ, ਹਿਰਸ, ਤਮਾਂ ।

Covey, *n.* ਕੋਵੇ—ਝੋਲ, ਪਾਲ; ਬੱਚੇ, ਝੁੰਡ ।

Covin, *n.* ਕੋਵਿਨ—ਛਲ ਦਾ ਇਕਰਾਰ ਜਾਂ ਨਿਯਮ, ਸਾਜ਼ਸ਼ ।

Cow, *n.* ਕੌਊ—ਗਾਂ, ਗਊ, ਗਊ ਮਾਤਾ; ਕਾਮਧੇਨ; ਗ਼ਰੀਬ, ਪੁੱਜਕੇ ਭਲਾਮਾਨਸ; *v. t.* ਡਰਾਉਣਾ, ਭੈ ਦੇਣਾ, ਦਬਾਉਣਾ ।

Coward, } *a.* ਕਵਰਡ } ਡਰਾਕਲ,
Cowardly. } ਕਵਰਡਲੀ } ਡਰਪੋਕ, ਡਰੂ, ਕਾਫ਼ਿਰ, ਭਗੌੜਾ, ਬੁਜ਼ਦਿਲ ।

Cowardice, } *n.* ਕਵਰਡਿਸ }
Cowardliness, } ਕਵਰਡਲੀਨੈਸ } ਬੇਹਿੰਮਤੀ, ਕਾਇਰਤਾ, ਬੁਜ਼ਦਿਲੀ

Cow-dung, *n.* ਕੌਊਡੰਗ—ਗੋਹਾ, ਗੋਬਰ; (ਸੁੱਕਿਆ ਹੋਇਆ) ਏਰਨਾ ਗੋਹਾ ।

Cower, *v. i.* ਕਵਰ—ਡਰ ਨਾਲ ਦਬਣਾ, ਡਰ ਨਾਲ ਝੁਕਣਾ ਜਾ ਝੁਕ ਜਾਣਾ ।

Cowherd, *n.* ਕੌਊਹਰਡ—ਗਊਆਂ ਚਰਾਉਣ ਵਾਲਾ, ਗੁਆਲਾ, ਵਾਗੀ, ਗੁੱਜਰ ।

Cowhide, *n.* ਕੌਊਹਾਈਡ—ਗਊ ਜਾ ਬਲਦ ਦਾ ਚੰਮ ਜਾ ਚਮੜਾ ।

Cow-house, *n.* ਕੌਊਹਊਸ—ਗੋ ਸ਼ਾਲਾ, ਗਊ ਸ਼ਾਲਾ, ਗਊਆਂ ਦਾ ਵਾੜਾ ਜਾ ਅਸਥਾਨ ।

Cowkeeper, *n.* ਕੌਊਕੀਪਰ—ਓਹ ਆਦਮੀ ਜਿਸਦਾ ਪੇਸ਼ਾ ਗਊਆਂ ਰੱਖਣੇ ਦਾ ਹੈ ।

Cowl, *n.* ਕੌਊਲ—ਬੈਰਾਗੀ ਦਾ ਇੱਕ ਪ੍ਰਕਾਰ ਦਾ ਬਾਣਾ ਜਾ ਟੋਪੀ, ਜੁੱਬਾ, ਕੁੜਤਾ ।

Cowleech, *n.* ਕੌਊਲੀਚ—ਸਲੋਤ੍ਰੀ, ਪਸ਼ੂਆਂ ਦਾ ਹਕੀਮ ।

Cowpox, *n.* ਕੌਊਪੌਕਸ—ਗਊ ਦੇ ਥਣਾਂ ਦੀ ਸੀਤਲਾ ।

Cowslip, *n.* ਕੌਊਸਲਿਪ—ਬਸੰਤ ਰਿਤੂ ਦਾ ਇੱਕ ਫੁੱਲ ।

Cox, *n.* ਕੌਕਸ—ਮੁਰਗ, ਮੁਰਗਾ, ਕੁੱਕੜ ।

Coxcomb, *n.* ਕੌਕਸਕੂਮ—ਬੇਵਕੂਫ਼ੀ ਜਾ ਮੂਰਖਤਾਈ ਦੀ ਕਲਗੀ ਜਾ ਤੁੱਰਾ; ਬਾਂਕਾ, ਅੱਖੜਖਾਨ, ਛੈਲ ਛਬੀਲਾ; ਜਟਾਧਾਰੀ; ਕੇਸ ।

Coxcombical, *n.* ਕੌਕਸਕੂਮੀਕਲ—ਬਾਂਕਾ, ਅੱਖੜ, ਛਛੋਹਰਾ ।

Coy, *a.* ਕੁਆਇ—ਸ਼ਰਮ ਵਾਲਾ, ਲੱਜਿਆਵੰਤ, ਸ਼ਰਮੀਲਾ, ਹਯਾ ਵਾਲਾ, ਦੀਦ੍ਰਿਆਂ ਵਿੱਚ

ਹਯਾ ਵਾਲਾ; ਭੜਕਨ ਵਾਲਾ; *v. t.* ਪਜਾਰ ਕ०, ਹੱਥ ਫੇਰੀ ਕ० ।

Coyness, *n.* ਕੁਆਇਨੈਸ–ਲਾਜ, ਹਯਾ, ਸ਼ਰਮ, ਦੀਦਿਆਂ ਦਾ ਹਯਾ; ਭੜਕ ।

Cozen, *v. t.* ਕਜ਼ਨ—ਛਲ ਕ०, ਧੋਖਾ ਦੇਨਾ, ਠੱਗਨਾ, ਦਗ਼ਾ ਯਾ ਫ਼ਰੇਬ ਕ० ।

Cozenage, *n.* ਕਜ਼ਨਜ—ਛਲ, ਕਪਟ, ਠੱਗੀ, ਵਲਛਲ, ਧੋਖਾ; ਅੜੀ ਮਾਰੀ ।

Cozener, *n.* ਕਜ਼ਨਰ—ਠੱਗੀ, ਛਲੀ, ਕਪਟੀ ; ਅੜੀਮਾਰ ।

Cozy, *a.* ਕੋਜ਼ੀ–ਆਰਾਮ ਯਾ ਸੁਖ ਦੇਨੇ ਵਾਲਾ।

Crab, *n.* ਕਰੈ—ਸਖ਼ਤ ਚਮੜੇ ਵਾਲੀ ਮੱਛੀ, ਕੇਕੜਾ; (ਜੋਤਸ਼)ਕਰਕ ਰਾਸ (ਰਮਲ) ਬੁਰਜ ਸਰਤਾਨ; ਜੰਗਲੀ ਸੇਉ, ਇੱਕ ਬਿਛ ਜਿਸ ਪਰ ਖੱਟਾ ਸੇਉ ਲੱਗਦਾ ਹੈ; ਕੌੜਾ ਸੁਭਾਉ, ਨੱਕ ਚੜ੍ਹਾ; ਪਲਕੇ ਭੁੜਕ ਡੰਡਿਓਂ ਪਾਰ ਹੋਨ ਵਾਲਾ, ਗੁੱਸਾ ; ਪੱਥਰ ਉਠਾਉਨ ਦੀ ਕਲਾ ।

Crabbed, *a.* ਕਰੈਬਡਿ—ਖੱਟਾ, ਤੁਰਸ਼; ਕੌੜਾ, ਸਖ਼ਤ, ਗੁਸੈਲ; ਕਠਿਨ, ਮੁਸ਼ਕਲ, ਭਾਰੀ, ਪੇਚਦਾਰ, ਪੇਚੀਦਹ, ਟੇਢੀ ਖੀਰ ।

Crabbed-writing, *n.* ਕਰੈਬਡਿ ਰਾਈਟਿੰਗ—ਬੁਰਾ ਖ਼ਤ; ਕੀੜੇ ਮਕੌੜੇ ।

Crabbedness, *n.* ਕਰੈਬਡਿਨੈਸ—ਖਟਾਈ, ਤੁਰਸ਼ੀ; ਕੌੜਾ ਸੁਭਾਉ, ਖਿੱਝਿਆ ਹੋਯਾ ।

Craber, *n.* ਕਰੇਬਰ–ਪਾਨੀ ਦਾ ਚੂਹਾ ।

Crab-louse, *n.* ਕਰੈਬਲਊਸ–ਚਿਚੜੀ, ਜੂੰ ।

Crack, *n.* ਕਰੈਕ—ਤਰੇੜ, ਲਕੀਰ, ਦਰਜ, ਸ਼ਿਗਾਫ਼ ; ਕੜਕ, ਕੜਾਕਾ, ਕੜਕੜਾਹਟ, ਧੜ ਧੜ, ਫਟਕਾਰ ; *a.* ਕੜਾਕੇਦਾਰ, ਧੜਾਕੇਦਾਰ; ਵੱਡਾ, ਚੰਗਾ; *v. t.* ਕੜਕਾਉਨਾ, ਤੜਕਾਉਨਾ, ਮੁੜਕਾਉਨਾ, ਫਾੜਨਾ, ਤੋੜਨਾ, ਛੇੜਨਾ, ਦਰਜ ਪਾਉਨੀ, ਸ਼ਿਗਾਫ਼ ਕ०; (ਕੋਟੜਾ) ਲਗਾਉਨਾ, ਮਾਰਨਾ; ਠੱਠਾ ਮਾਰਨਾ, ਗੱਪ ਮਾਰਨੀ ; *v. i.* ਕੜਕਨਾ, ਤਿੜਕਨਾ, ਮੁੜਕਨਾ, ਫਟਨਾ, ਵਲ ਆਉਨਾ ; ਕੜਾਕਾ ਹੋਨਾ, ਅਵਾਜ਼ਾ ਹੋਨਾ ।

Crack-trained, *a.* ਕਰੈਕਟਰੇਂਡ—ਪਾਗਲ ਯਾ ਦਿਵਾਨੇ ਜੇਹਾ ।

Cracked, *a.* ਕਰੈਕਡਿ—ਟੁੱਟਿਆ ਹੋਇਆ, ਫੁੱਟਿਆ ਹੋਇਆ, ਟੁੱਟਿਆ ਫੁੱਟਿਆ ਹੋਯਾ, ਕੜਕਿਆ ਹੋਇਆ, [illegible] ।

Cracker, *n.* ਕਰੈਕਰ [illegible] ਸ਼ਬਾਜ਼ੀ ਦਾ ਪਟਾਕਾ; ਸ਼ੇਖ਼ੀਖੋਰਾ; [illegible] ਪ੍ਰਕਾਰ ਦਾ ਬਿਸਕਟ ।

Crackle, *v. i.* ਕਰੈਕਲਿ—[illegible]ੜਕਨਾ, ਕੜਕੜਾਉਨਾ; ਮੁੜਕਨਾ, ਭੜਭੜਾਉਨਾ ।

Crackling, *n.* ਕਰੈਕਲਿੰਗ—ਕੜਕ, ਚੜਖ, ਚੜਚੜਾਹਟ ।

Cracknel, *n.* ਕਰੈਕਨਲ–ਇੱਕ ਪ੍ਰਕਾਰ ਦਾ ਭੁਰਭੁਰਾ ਬਿਸਕੁਟ ।

Cradle, *n.* ਕਰੈਡਲਿ–ਹੰਡੋਲਾ, ਪੰਘੂੜਾ ; ਬਚਪਨ, ਬਾਲਪਨ ; *v. t.* ਹੰਡੋਲੇ ਯਾ ਪੰਘੂੜੇ ਵਿੱਚ ਰੱਖਨਾ ਯਾ ਸੁਲਾਉਨਾ ।

Craft, *n.* ਕਰਾਫ਼ਟ—ਕੰਮ, ਕਾਰ, ਉੱਦਮ, ਬਿਓਪਾਰ; ਹੁਨਰ, ਕਰਤਬ, ਦਸਤਕਾਰੀ, ਸ਼ਿਲਪ ਵਿੱਦਯਾ; ਧੰਦਾ, ਪੇਸ਼ਾ ; ਛਲ ਵਲ, ਛਲ ਛਿੱਦਰ; ਧੋਖਾ, ਠੱਗੀ, ਫ਼ਰੇਬ, ਮਕਰ ; ਬੇੜੀ, ਕਿਸ਼ਤੀ, ਡੌਂਗੀ ।

Craftily, *adv.* ਕਰਾਫ਼ਿਟਲੀ—ਛਲ ਨਾਲ, ਧੋਖੇ ਫ਼ਰੇਬ ਨਾਲ, ਦਗ਼ੇ ਨਾਲ, ਠੱਗੀ ਨਾਲ, ਠੱਗਕੇ ।

Craftiness, *n.* ਕਰਾਫ਼ਟੀਨੈਸ–ਚਲਾਕੀ, ਦਗ਼ਾਬਾਜ਼ੀ, ਧੋਖਾ; ਪੇਸ਼ਾ, ਹੁਨਰ ।

Craftsman, *n.* ਕਰਾਫ਼ਟਸਮੈਨ–ਕਾਰੀਗਰ, ਦਸਤਕਾਰ, ਹੁਨਰਵੰਦ, ਪੇਸ਼ੇ ਵਾਲਾ, ਕਸਬੀ ।

Crafts-master, *n.* ਕਰਾਫ਼ਟਸ ਮਾਸਟਰ—ਇੱਕ ਆਦਮੀ ਜੋ ਅਪਨੇ ਹੁਨਰ ਯਾ ਸ਼ਿਲਪ ਵਿੱਚ ਨਿਪੁਨ ਹੈ ।

Crafty, *a.* ਕਰਾਫ਼ਟੀ—ਚਲਾਕ, ਕਪਟੀ, ਛਲੀਆ, ਠੱਗ, ਮੱਕਾਰ, ਧੂਰਤ, ਕੁਟਿਲ; ਫ਼ੈਲਸੂਫ਼ ।

Crag, *n.* ਕਰੈਗ–ਚਿਟਾਨ, ਟਿੱਲਾ; ਆਦਮੀ ਦੀ ਗਰਦਨ, ਗਲਾ; ਭੇਡ ਦੀ ਗਰਦਨ ।

Cragged, } *a.* ਕਰੈਗਡਿ } ਉੱਚਾ ਨੀਵਾਂ,
Craggy, } ਕਰੈਗੀ } ਅਨਪੱਧਰਾ, ਅਘੜਾ ਦੁਘੜਾ ।

Craggedness, } *n.* ਕਰੈਗਿਡਨੈਸ } ਉਚਾਨ
Cragginess, } ਕਰੈਗੀਨੈਸ } ਨਿਵਾਨ

ਉਚਾਈ ਨਿਚਾਈ, ਅਸਪੱਸ਼ਟਤਾ ਹੋਣ ਦੀ ਹਾਲਤ, ਅਘੜ ਦੁਘੜਾਪਨ।

Cram, *v. t.* ਕਰੈਮ—(ਹੋਰ) ਭਰਨਾ, ਤੁੜਨਾ, ਤੁੰਨਣਾ, ਘੁਸੇੜਨਾ; ਬਹੁਤ ਖਾਣਾ ਯਾ ਖੁਆਉਣਾ, ਨੱਕੋਨੱਕ ਭਰਨਾ; *n.* ਤੋਤੇ ਵਾਙੂ ਯਾਦ ਕਰਨ ਦੀ ਹਾਲਤ, ਘੋਟਾ ਲਾਉਣ ਦੀ ਹਾਲਤ; ਭਰਤੀ।

Crambo, *n.* ਕਰੈਮਬੋ–ਤੁਕਬੰਦੀ,ਕਾਫੀਆਬੰਦੀ, ਬੈਂਤਬਾਜ਼ੀ।

Cramming, *n.* ਕਰੈਮਿੰਗ–ਪ੍ਰੀਖਿਆ ਲਈ ਛੇਤੀ ੨ ਤੋਤੇ ਵਾਙੂੰ ਰਟਨ ਯਾ ਯਾਦ ਕਰਨ ਦੀ ਹਾਲਤ, ਘੋਟਾ ਲਾਉਣ ਦੀ ਹਾਲਤ।

Cramp, *n.* ਕਰੈਂਪ—ਰੋਕ, ਅੜ, ਕੈਦ, ਬੰਧੇਜ, ਅਟਕਾਉ; ਖਿੱਚ, ਮਰੋੜ, ਅਕੜਵਾਈ: *v. t.* ਰੋਕਣਾ, ਅੜਨਾ, ਹਟਾ ਲੈਣਾ; ਅਕੜਾਉਣਾ, ਮੁਗੜਨਾ, ਖਿੱਚ ਪਹੁੰਚਣੀ।

Crampfish, *n.* ਕਰੈਂਪਫ਼ਿਸ਼–ਇੱਕ ਅਜੇਹੀ ਮੱਛੀ ਜੋ ਜਿਸਨੂੰ ਛੁਹ ਜਾਂਦੀ ਹੈ ਉਹ ਆਕੜ ਜਾਂਦਾ ਹੈ; ਜਹਾਜ਼ ਤਬਾਹ (ਗ਼ਰਕ) ਕਰਨੇ ਵਾਲਾ।

Crane, *n.* ਕਰੇਨ–ਲਮਢੀਂਗ, ਕੁਲੰਗ; ਇੱਕ ਭਾਰੀ ਚੀਜ਼ ਉਠਾਉਣ ਵਾਲੀ ਕਲਾ।

Craniology, *n.* ਕਰੇਨੀਔਲੋਜੀ—ਸਿਰ ਯਾ ਦਿਮਾਗ਼ ਦੀ ਬਨਾਵਟ (ਤਰਕੀਬ) ਵਿੱਦਿਆ, ਕਪਾਲ ਵਿੱਦਿਆ।

Cranium, *n.* ਕਰੈਨੀਅਮ–ਖੋਪਰੀ, ਕਪਾਲ।

Crank, *n.* ਕਰੈਂਕ–ਧੁਰ ਦਾ ਝੁਕਿਆ ਹੋਇਆ ਸਿਰਾ, ਧੁਰ ਦੀ ਟੇਢੀ ਜੇਹੀ ਹਾਲਤ; ਟੇਢ, ਮੋੜ, ਖਮ; ਗੱਲ ਬਾਤ ਵਿੱਚ ਫੇਰ ਯਾ ਪੇਚ; *a.* ਦਲੇਰ, ਤਕੜਾ (ਜਹਾਜ਼ ਦੇ ਮੱਲਾਹਾਂ ਵਿੱਚੋਂ); ਡੋਲਦਾ (ਭਰਿਆ ਹੋਇਆ ਜਹਾਜ਼), ਉਲਟ ਜਾਣ ਦੇ ਯੋਗ।

Crankle, *v. t.* ਕਰੈਂਕਲਿ–ਤੋੜਕੇ ਕੋਨੇ ਅਤੇ ਮੋੜ ਬਨਾਉਣਾ।

Cranny, *n.* ਕਰੈਨੀ–ਦਰਜ, ਤੇੜ; ਛੇਕ, ਮੋਰੀ, ਸੰਨ੍ਹ।

Crape, *n.* ਕਰੇਪ–ਇੱਕ ਪ੍ਰਕਾਰ ਦਾ ਪਤਲਾ ਕਾਲਾ ਕੱਪੜਾ, ਗ਼ੱਚ ਦਾ ਕੱਪੜਾ, ਪਤਲਾ ਕਾਲਾ ਮਾਤਮੀ ਕੱਪੜਾ।

Crapula, *n.* ਕਰੈਪੂਲਾ–ਸ਼ਰਾਬ ਪੀਣ ਦੇ ਪਿੱਛੋਂ ਖ਼ੁਮਾਰ, ਮਸਤੀ।

Crash, *v. i.* ਕਰੈਸ਼–ਕੜਕੜਾਉਣਾ (ਜੇਹਾ ਕੁ ਕਈਆਂ ਚੀਜ਼ਾਂ ਦੇ ਡਿੱਗਣ ਦੀ ਅਵਾਜ਼ ਆਉਂਦੀ ਹੈ); *v. t.* ਤੋੜਨਾ; ਝੁਲਸਣਾ; *n.* ਕੜਕੜਾਹਟ, ਧੜਾਕਾ।

Crasis, *n.* ਕਰੈਸਿਸ—ਪਰਕ੍ਰਿਤੀ, ਸੁਭਾਵ, ਦੋ ਸ੍ਵਰਾਂ ਨੂੰ ਇੱਕਤ੍ਰ ਕਰਕੇ ਅਜੇਹਾ ਮਿਲਾਉਣਾ ਕਿ ਜਿਸਦਾ ਉਚਾਰਨ ਇੱਕ ਵਾਰ ਹੋਵੇ।

Crass, *a.* ਕਰਾਸ—ਮੋਟਾ, ਖੁਰਦੁਰਾ; ਬਹੁਤ, ਅਤੀਯੰਤ; ਬਿਲਕੁੱਲ, ਸਰਾਸਰ।

Crassiment, Crassitude, *n.* ਕਰਾਸੀਮੈਂਟ, ਕਰਾਸੀਟੀਊਡ—ਮੋਟਾਈ, ਗਾੜ੍ਹਾਪਨ।

Cratch, *n.* ਕਰੈਚ—ਸੁੱਕੀ ਹੋਈ ਘਾਹ ਰੱਖਣ ਦਾ ਅਸਥਾਨ।

Crate, *n.* ਕਰੇਟਿ–ਟੋਕਰਾ, ਛੱਲ; ਟੋਕਰੀ।

Crater, *n.* ਕਰੇਟਰ–ਜਵਾਲਾਮੁਖੀ, ਅੱਗ ਨਿਕਲਨ ਵਾਲੇ ਪਹਾੜ ਦਾ ਮੂੰਹ (ਦਹਾਨਾ)।

Craunch, *v. t.* ਕਰਾਂਸ਼–ਚਬਾਉਣਾ, ਚਬਾਕੇ ਖਾਣਾ।

Cravat, *n.* ਕਰੈਵਟ–ਗੁਲੂਬੰਦ, ਗਲ ਨੂੰ ਸਰਦੀ ਤੋਂ ਬਚਾਉਣ ਵਾਲਾ ਕੱਪੜਾ।

Crave, *v. t.* ਕਰੇਵ—ਬੇਨਤੀ ਕ॰, ਅਰਦਾਸ ਕ॰, ਪ੍ਰਾਰਥਨਾ ਕ॰; ਚਾਹੁਣਾ, ਲਾਲਸਾ ਕਰਨੀ, ਖ਼ਾਹਿਸ਼ ਕਰਨੀ ਮੰਗਣਾ।

Craven, *a.* ਕਰੇਵਨ–ਭਗੌੜਾ, ਡਰੂ, ਡਰਾਕਲ, ਵੇਖੋ ਲਫ਼ਜ਼ Cowardly; *n.* ਡਰੂ ਯਾ ਡਰਾਕਲ (ਆਦਮੀ), ਵੇਖੋ ਲਫ਼ਜ਼ Coward.

Craving, *n.* ਕਰੇਵਿੰਗ–ਧੁਨ, ਹਿੜਕ, ਲਾਲਸਾ, ਦਿਲ ਦੀ ਇੱਛਿਆ ਯਾ ਖ਼ਾਹਿਸ਼।

Craw, *n.* ਕਰਾ–ਚਿੜੀਆਂ ਦਾ ਪੋਟਾ; ਹੌਸਲਾ, ਦਲੇਰੀ।

Craw-fish, *n.* ਕਰਾਫ਼ਿਸ਼—ਝੀਂਗਾ ਮੱਛੀ, ਝੀਂਗਾ।

Crawl, *v. i.* ਕਰਾਲ—ਪੇਟ ਦੇ ਭਾਰ ਚੱਲਣਾ, ਰੀਂਗਣਾ, ਹੌਲੀ ੨ ਚੱਲਣਾ; ਖਿਸਕਣਾ ਅੱਖ ਬਚਾਕੇ ਚੱਲ ਦੇਣਾ।

Crayon, *n.* ਕਰਾਉਨ–ਰੰਗਦਾਰ ਖੜੀਏ ਦੀ ਪਿਨਸਲ; *v. t.* ਤਸਵੀਰ ਯਾ ਨਕਸ਼ਾ ਖਿੱਚਣਾ।

Craze, *v. t.* ਕਰੇਜ਼–ਟੁਕੜੇ ੨ ਕ०, ਚੂਰਾ ੨ ਕ०, ਤੋੜਨਾ, ਨਿਰਬਲ ਕ०, ਘਟਾਉਣਾ; ਦੀਵਾਨਾ ਬਣਾਉਣਾ, ਪਾਗਲ ਕ०, ਬਾਉਲਾ ਜਾਂ ਸ਼ੁਦਾਈ ਕ० ।

Craziness, *n.* ਕਰੇਜ਼ੀਨੈਸ–ਨਿਰਬਲਤਾ, ਕਮਜ਼ੋਰੀ, ਨਤਾਕਤੀ, ਜ਼ੁਅਫ਼; ਸੌਦਾ, ਦਮਾਗ਼ ਵਿੱਚ ਖਲਲ, ਬਾਉਲਾਪਨ ।

Crazy, *a.* ਕਰੇਜ਼ੀ–ਟੁੱਟਿਆ ਹੋਇਆ ਜਾਂ ਟੁੱਟੀ ਹੋਈ, ਟੁਟਿਆ ਟੁਟਿਆ ਹੋਇਆ, ਡਿੰਗਾ ਤਿੜਿੰਗਾ; ਪਗਲਾ, ਪਾਗਲ, ਬਾਉਲਾ, ਸੌਦਾਈ, ਦੀਵਾਨਾ, ਦਮਾਗ਼ ਫਿਰਿਆ ਹੋਇਆ ।

Creak, *v. i.* ਕਰੀਕ–ਕੜਕੜਾਉਣਾ, ਚੀਂ ਚੀਂ ਕ०, ਚੜ ੨ ਕ०, ਚੂੰ ੨ ਕ० ।

Cream, *n.* ਕਰੀਮ—ਮਲਾਈ; ਅਸਲ ਸਤ, ਜਾਨ, ਰੂਹ, ਅਤਰ, (*Urdu*) ਲੁਬਲੁਬਾਬ; *v. t.* ਮਲਾਈ ਉਤਾਰਨੀ; ਉੱਪਰੋਂ ਕੁਲਨਾ; ਸਤ ਜਾਂ ਅਤਰ ਚੱਕਣਾ, ਮਲਾਈ ਉਤਾਰ ਲੈਣੀ ।

Cream-cheese, *n.* ਕਰੀਮਚੀਜ਼—ਮਲਾਈ ਦਾ ਪਨੀਰ ।

Cream-coloured, *a.* ਕਰੀਮ ਕਲਰਡ—ਮਲਾਈ ਦਾ ਰੰਗ; (*Urdu*) ਨੁਕਰਾ ਜਾਂ ਸਬਜ਼ ਘੋੜਾ ।

Cream-faced, *a.* ਕਰੀਮਫ਼ੇਸਡ—ਪੀਲਾ, ਫਿੱਕਾ, ਪਿੱਲਾ ਚਿਹਰਾ; ਡਰੂ, ਡਰਾਕਲ, ਚਿੱਟਾ ਫਕਫ ਰੰਗ, ਕਾਇਰ ।

Creamy, *a.* ਕਰੀਮੀ—ਮਲਾਈਦਾਰ, ਮਲਾਈ ਵਾਙੂੰ, ਮਲਾਈ ਜੇਹਾ, ਚਿਕਨੀ ਚੋਪੜੀ ।

Creasote, } *n.* ਕਰੀਸੋਟ } ਪਤਲਾ ਰੋਗ਼ਨ
Creosote, } ਕਰੀਓਸੋਟ } ਛਾਰ ।

Crease, *n.* ਕਰੀਜ਼–ਸਿਕਨ, ਵੱਟ, ਦੋਹਰਾ ਕਰਨ ਨਾਲ ਜਾਂ ਚੁਨਣ ਨਾਲ ਜੋ ਨਿਸ਼ਾਨ ਪੈ ਜਾਂਦਾ ਹੈ; *v. t.* ਭੋੜਨਾ, ਸਿਕਨ ਜਾਂ ਵੱਟ ਪਾਉਣਾ ।

Create, *v. t.* ਕਰੀਏਟ—ਰਚਨਾ, ਸਿਰਜਨਾ, ਨਿਰਮਾਨ ਕ०, ਉਤਪੰਨ ਕ०, ਬਣਾਉਣਾ, ਪੈਦਾ ਕ०; ਪੇਸ਼ ਕ०, ਹਾਜ਼ਰ ਕ०, ਖੜਾ ਕ०, ਅਸਥਾਪਨ ਕ०, ਕਾਇਮ ਕ०, ਨਿੱਯਤ ਕ०; ਖੋਲ੍ਹਨਾ ।

Creation, *n.* ਕਰੀਏਸ਼ਨ–ਉਤਪੱਤੀ, ਪੈਦਾਇਸ਼, ਉਤਪੰਨ; ਅਸਥਾਪਨ [illegible] ਤ ਕਰਨ ਦੀ ਹਾਲਤ, ਕਾਇਮ [illegible] ਹਾਲਤ, ਬਣਾਉਣ ਦੀ ਹਾਲਤ; [illegible], ਖਲਕ, ਦੁਨੀਆਂ, ਸ੍ਰਿਸ਼ਟੀ ([illegible]); ਭਾਵ ।

Creative, *a.* ਕਰੀਏਟਿਵ–[illegible] ਕਰਨੇ ਵਾਲਾ, ਉਤਪੱਤੀ ਕਰਨੇ ਵਾਲਾ; [illegible] ।

Creator, *n.* ਕਰੀਏਟਰ–ਬਿਧਾਤਾ, ਕਰਤਾਰ, ਕਰਤਾ, ਸ੍ਰਿਸ਼ਟੀ ਕਰਤਾ ਜਾਂ ਰਚਤਾ, ਬ੍ਰਹਮਾ, ਪੈਦਾ ਕਰਨੇ ਵਾਲਾ, ਰਚਤਾ, ਸਿਰਜਨਹਾਰ, ਖ਼ਾਲਕ ।

Creature, *n.* ਕਰੀਏਚਰ–ਪੈਦਾਇਸ਼, ਸ੍ਰਿਸ਼ਟੀ ਰਚਨਾ, ਜੀਵਜੰਤ, ਜਾਨਵਰ, ਹੈਵਾਨ, ਕੀੜਾ ਮਕੌੜਾ; ਆਦਮੀ, ਪੁਰਸ਼, ਮਨੁੱਖ, ਖਲਕ, ਇਨਸਾਨ; ਲੋਗ; ਭਤੂਆ, ਮੁਰਦਾ; ਚੇਲਾ, ਨਿੱਕਾ; ਬੰਦਾ, ਪਰਅਧੀਨ, ਗ਼ੁਲਾਮ, ਪਾਲਤੂ ਜਾਂ ਪਾਲਕ ।

Creature-comforts, *n. pl.* ਕਰੀਏਚਰ ਕਮਫ਼ੋਰਟਸ—ਚੰਗੇ ਜਾਂ ਸੁਆਦੀ ਖਾਣੇ, ਤਰਮਾਲ ।

Credence, *n.* ਕਰੇਡੈਨਸਿ–ਵਿਸ਼ਵਾਸ, ਸ਼ਰਧਾ, ਇਤਬਾਰ, ਨਿਸਚੇ, ਯਕੀਨ; ਪਤ, ਸਾਖ ।

Credenda, *pl.* } *n.* ਕਰੇਡੈਂਡਾ } ਧਰਮ
Credendum, } ਕਰੇਡੈਂਡਮ } ਵਿੱਚ ਸ਼ਰਧਾ ਦੀਆਂ ਬਾਤਾਂ ।

Credent, *a.* ਕਰੇਡੈਂਟ–ਸ਼ੀਘਰ ਜਾਂ ਛੇਤੀ ਪੱਟ ਵਿਸ਼ਵਾਸ ਕਰਨੇ ਵਾਲਾ, ਵਿਸ਼ਵਾਸੀ, ਛੇਤੀ ਪੱਟ ਗੱਲਾਂ ਬਾਤਾਂ ਵਿੱਚ ਹਾਥ ਆ ਜਾਨ ਵਾਲਾ, ਜਿਸ ਲਾਈ ਗੱਲੀਂ ਉਸੇ ਨਾਲ ਉਠ ਚੱਲੀ ।

Credential, } *n.* ਕਰੇਡੈਂਸ਼ੀਅਲ }
Credentials, *pl.* } ਕਰੇਡੈਂਸ਼ੀਅਲਜ਼ }
—ਪ੍ਰਤੀਤ ਜਾਂ ਵਿਸ਼ਵਾਸ ਪੱਤਰ, ਸਨਦ, ਵਸੀਕਾ, ਵਕਾਲਤਨਾਮਾ, ਮੁਖ਼ਤਾਰਨਾਮਾ ।

Credibility, } *n.* ਕਰੇਡੀਬਿਲਇਟੀ }
Credibleness, } ਕਰੇਡੀਬਲਿਨੈਸ }
—ਵਿਸ਼ਵਾਸ, ਪ੍ਰਤੀਤ, ਇਤਬਾਰ, ਸਾਖ, ਯਕੀਨ, ਭਰੋਸਾ ।

Credible, *a.* ਕਰੇਡੀਬਲਿ–ਪ੍ਰਤੀਤ ਜਾਂ ਪਰਮਾਨ ਜੋਗ, ਪ੍ਰਮਾਣੀਕ, ਮੁਅਤਬਿਰ, ਇਤਬਾਰ ਦੇ ਲਾਇਕ ।

Credit, *n.* ਕਰੈਡਿਟ—ਵਿਸ਼ਵਾਸ, ਪਰਤੀਤ, ਇਤਬਾਰ, ਨਿਹਚਾ, ਨਿਸਚਾ, ਯਕੀਨ, ਮਾਨਤਾ, ਪਤ ਪ੍ਰਤੀਤ, ਭਰਮ ਭਾ, ਆਬਰੂ, ਇੱਜ਼ਤ, ਮਾਨ, ਵਡਿਆਈ; ਉਧਾਰ, ਕਰਜ਼; *v. t.* ਪ੍ਰਤੀਤ ਜਾਂ ਵਿਸ਼ਵਾਸ ਕ॰, ਇਤਬਾਰ ਕ॰, ਨਿਸਚਾ ਕ॰, ਯਕੀਨ ਕ॰ ਮੰਨਣਾ, ਭਰੋਸਾ ਕ॰, ਸੱਤ ਮੰਨਣਾ; (ਲੇਖੇ ਜਾਂ ਹਿਸਾਬ ਵਿੱਚ) ਜਮਾਂ ਕ॰ ਜਾਂ ਲਿਖਣਾ, ਆਗਤ ਕ॰, ਵਸੂਲੀ ਪਾਉਣਾ; ਲਗਾਉਣਾ, ਸੰਬੰਧ ਕ॰ ।

Creditable, *a.* ਕਰੈਡੀਟੇਬਿਲ-ਚੰਗਾ, ਯਾਂਗ, ਕੀਰਤੀ ਜਾਂ ਪ੍ਰਸੰਸਾ ਜੋਗ, ਤਾਰੀਫ਼ ਦੇ ਲਾਇਕ, ਉਪਮਾਂ ਜੋਗ, ਮੁਤਿਬਿਰ ।

Creditably, *adv.* ਕਰੈਡੀਟੇਬਲੀ—ਚੰਗੀ ਤਰ੍ਹਾਂ ਨਾਲ, ਇਤਬਾਰ ਨਾਲ ।

Creditor, *n.* ਕਰੈਡੀਟਰ-ਧਨਦਾਤਾ, ਸ਼ਾਹ ਧਨਵਾਨ, ਮਹਾਜਨ, ਲੈਣਦਾਰ, ਕਰਜ਼ਾ ਦੇਣੇ ਵਾਲਾ; (ਹਿਸਾਬ ਵਿੱਚ) ਜਮ੍ਹਾਂ ।

Creditrix, *n.* ਕਰੈਡਿਟਰਿਕਸ—ਵਿਸ਼ਵਾਸ ਕਰਨੇ ਵਾਲੀ ਇਸਤ੍ਰੀ; ਕਰਜ਼ਾ ਦੇਣੇ ਵਾਲੀ ਇਸਤ੍ਰੀ ।

Credits, *n. pl.* ਕਰੈਡਿਟਸ-ਰੁਪੱਯੇ ਪਾਉਣ ਦੀ ਹਾਲਤ, (ਹਿਸਾਬ ਵਿੱਚ) ਜਮ੍ਹਾਂ; ਉਧਾਰ ।

Credulity, *n.* ਕਰੈਡੀਉਲਿਟੀ—ਭੋਲਾਪਨ, ਮੰਨਦਾ ਦਿਲ, ਮੰਨਦਾਪਨ, ਸਾਦਗੀ ਸਿੱਧਾਪਨ ।

Credulous, *a.* ਕਰੈਡੀਉਲਸ-ਭੋਲਾ, ਮੰਨਦਾ, ਸਿੱਧਾ ਮੰਨਦਾ, ਛੇਤੀ ਮੰਨ ਲੈਣ ਵਾਲਾ ।

Creed, *n.* ਕਰੀਡ-ਧਰਮ, ਦੀਨ, ਮੱਤ; (*Mah.*) ਕਲਮਾਂ, ਅਕੀਦਾ ।

Creek, *n.* ਕਰੀਕ—ਨਾਲਾ, ਟਾਲ, ਖਾੜੀ, ਖਲੀਜ, ਕੂਲ੍ਹ; ਮੋੜ ।

Creep, *v. i.* ਕਰੀਪ—ਰੀਂਗਣਾ, ਪੇਟ ਦੇ ਬਲ ਚਲਣਾ, ਗਿੱਡ ਦੇ ਭਾਰ ਟੁਰਨਾ; ਥੋੜੇ ੨ ਜਾਂ ਸਹਿਜੇ ੨ ਚੱਲਣਾ, ਹੌਲੇ ੨ ਚੱਲਣਾ; ਵੜਨਾ, ਘੁਸਣਾ ।

Creeper, *n.* ਕਰੀਪਰ—ਰੀਂਗਣੇ ਵਾਲਾ, ਪੇਟ ਦੇ ਬਲ ਚੱਲਣੇ ਵਾਲਾ, ਕੀੜਾ ਮਕੌੜਾ; (ਪੌਦਾ) ਵੇਲ, ਲਤ ।

Creep-hole, *n.* ਕਰੀਪਹੋਲ—ਛੇਕ, ਖੁੱਡ, ਸੁਰਾਖ਼, ਰਖਨਾ; ਹੀਲਾ, ਬਹਾਨਾ, ਢਕੋਸਲਾ, ਢਕਵੰਜ ।

Creepingly, *adv.* ਕਰੀਪਿੰਗਲੀ—ਰੀਂਗਦੇ ਹੋਏ, ਸਹਿਜੇ ੨, ਹੌਲੇ ੨, ਧੀਮੀ ਚਾਲ ਨਾਲ ।

Creeping-things, *n.* ਕਰੀਪਿੰਗਥਿੰਗਸ—ਕੀੜੇ ਮਕੌੜੇ, ਕੀਟ ਪਤੰਗੇ, ਜੀਆ ਜੰਤੂ ।

Cremate, *v. t.* ਕਰੀਮੇਟ-ਮੁਰਦੇ ਨੂੰ ਸਾੜਨਾ ਜਾਂ ਅੱਗ ਦੇਣਾ ।

Cremation, *n.* ਕਰੀਮੇਸ਼ਨ—ਦਾਹ ਕਰਮ, ਮੁਰਦੇ ਨੂੰ ਦਾਹ ।

Cremation-ground, *n.* ਕਰੀਮੇਸ਼ਨਗਰਾਊਂਡ —ਮਸਾਨ ਭੂਮਿਕਾ, ਮਸਾਨ, ਉਹ ਥਾਂ ਜਿੱਥੇ ਮੁਰਦੇ ਨੂੰ ਦਾਹ ਦਿੱਤਾ ਜਾਂਦਾ ਹੈ, ਮੜ੍ਹੀਆਂ, ਸ਼ਮਸਾਨ ਭੂਮੀ ।

Cremona, *n.* ਕਰੀਮੋਨਾ-ਇੱਕ ਚੰਗੀ ਸਾਰੰਗੀ ਜੋ ਮੁਲਕ ਇਟਲੀ ਵਿੱਚ ਬਣਦੀ ਹੈ ।

Cremor, *n.* ਕਰੀਮੋਰ-ਦੁੱਧ ਦੀ ਮਲਾਈ, ਦੁੱਧ ਦੀ ਮਲਾਈ ਸਮਾਨ ਵਸਤੂ ।

Crenated, } ਕਰੀਨੇਟਡਿ } ਕਿੰਗਰੇਦਾਰ,
Crenate, } *a.* ਕਰੀਨੇਟ } ਦੰਦਾਨੇਦਾਰ,
Crenelled, } ਕਰੀਨਲਡਿ } ਉੱਚਾਨੀਦਾਂ, ਕੱਟਿਆ ਹੋਇਆ, ਗੋਲ ਕੱਟਿਆ ਹੋਇਆ ।

Crenellated, *a.* ਕਰੀਨਲਲੇਟਡਿ—ਕਿੰਗਰੇਦਾਰ ।

Crepitate, *v. i.* ਕਰੈਪੀਟੇਟਿ-ਕੜਕੜਾਉਣਾ, ਖੜਖੜਾਉਣਾ ।

Crepitation, *n.* ਕਰੈਪੀਟੇਸ਼ਨ-ਕੜਕੜਾਹਟ, ਚੜਚੜਾਹਟ ।

Crepuscule, *n.* ਕਰੀਪਸਕੀਉਲ-ਪੌਹ ਫੁਟਨ ਅਤੇ ਆਥਣ ਦੇ ਵੇਲੇ ਦੀ ਸੂਰਜ ਦਾ ਰੋਸ਼ਨੀ ।

Crepusculine, } *a.* ਕਰੀਪਸਕਯੂਲਾਈਨ }
Crepusculous, } ਕਰੀਪਸਕੀਉਲਸ }
—ਧੁੰਦਲਾ, ਕੁਝ ਉਜਾਲਾ ਤੇ ਕੁਝ ਅੰਧੇਰਾ, ਟਿਮਟਿਮਾਤਾ ।

Crescendo, *n.* ਕਰੀਸੈਂਡੋ—(ਰਾਗ ਵਿੱਚ) ਚੜ੍ਹਦਾ ਹੋਇਆ ਸੁਰ ।

Crescent, *n.* ਕਰੀਸੈਂਟ—ਦੂਜ ਦਾ ਚੰਦ ਜਾਂ ਚੰਦ੍ਰਮਾਂ; ਵਰਧਮਾਨ, ਅਰਧ ਚੰਦ; ਤੁਰਕਾਂ ਜਾਂ ਮੁਸਲਮਾਨਾਂ ਦਾ ਝੰਡਾ; ਵਧਦਾ ਹੋਯਾ, ਚੜ੍ਹਦਾ ਹੋਇਆ ।

Crescive, *a.* ਕਰੀਸਿਵ–ਵਧਦਾ ਹੋਇਆ।

Cress, Cresses, *n.* ਕਰੈਸ, ਕਰੈਸਸ ਇੱਕ ਪ੍ਰਕਾਰ ਦੀ ਬੂਟੀ ਜੋ ਸਿਲ੍ਹਾਬੇ ਵਿੱਚ ਉੱਗਦੀ ਹੈ, ਹਾਲੋਂ।

Cresset, *n.* ਕਰੈਸਟ–ਅਕਾਸ਼ੀ ਦੀਵਾ; ਮਸਾਲ; ਕੁਮਕਮਾਂ।

Crest, *n.* ਕਰੈਸਟ–ਝੁੰਡ, ਗੁੱਛਾ, ਚੂੰਡੀ, ਕਲਗੀ, ਤੁੱਰਾ, ਚੋਟੀ; ਪਰਾਂ ਦਾ ਤਾਜ ਯਾ ਕਲਗੀ, ਕੇਸ; ਪਰ (ਖੰਭ) ਜੇਹੀ ਲਹਿਰ; ਧੀਰਤਾ, ਮਰਦਊ, ਬਹਾਦੁਰੀ; *v. t.* ਸਿਰ ਯਾ ਚੋਟੀ ਪਰ ਹੋਰ ਟੋਪੀ ਪਹਿਨਾਉਣੀ, ਉੱਪਰ ਛਾ ਜਾਨਾ।

Crestaceous, *a.* ਕਰੈਸਟੇਸੀਅਸ—ਖੜੀਆ ਮਿੱਟੀ ਦੀ ਭਾਂਤ ਦਾ, ਖੜੀਆ ਮਿੱਟੀ ਦਾ।

Crested, *a.* ਕਰੈਸਟਡਿ–ਤੁਰਰੇਦਾਰ; ਫਨਵਾਲਾ ਕੇਸਦਾਰ।

Crest-fallen, *a.* ਕਰੈਸਟਫ਼ਾਲਨ—ਸਿਰ ਸੁੱਟੇ ਹੋਏ, ਸਿਰ ਹੇਠਾਂ ਕੀਤਾ ਹੋਇਆ, ਮਨ ਮਾਰਿਆ ਹੋਇਆ, ਹਿੰਮਤ ਹਾਰੀ ਹੋਈ, ਦਿਲ ਧੁੱਖਿਆ ਹੋਇਆ।

Crevice, *n.* ਕਰੇਵਿਸ–ਤਰੇੜ, ਦਰਜ਼, ਸੂਰਾਖ਼, ਸ਼ਿਗਾਫ਼, ਚੀਰ, ਲਕੀਰ।

Crew, *n.* ਕਰੀਉ—ਮਲਾਹ, ਹਾਂਜੀ; ਜੱਥਾ, ਮੰਡਲੀ, ਜਮਾਤ, ਗਰੋਹ; ਭੀੜ ਭਾੜ, ਸ਼ੈਤਾਨੀ ਲਸ਼ਕਰ, ਕਾਵਾਂ ਰੌਲਾ।

Crewel, *n.*ਕਰੀਉਇਲ–ਸੂਤ ਜੋ ਖੁੱਦੋ ਯਾ ਕਿਸੇ ਗੋਲ ਚੀਜ਼ ਪੁਰ ਵੱਟਿਆ ਹੋਵੇ।

Crib, *n.* ਕਰਿਬ—ਖੁਰਲੀ, ਸਰਨਾ; ਥਾਨ; ਪੀਹੜੀ, ਮੰਜੀ, ਪਲੰਘੀਰੀ; (ਦਾਣਿਆਂ ਵਾਸਤੇ) ਕੋਠੀ, ਠੇਕੀ; ਝੌਂਪੜੀ, ਕੁਟੀਆ; ਪਰੀਖਿਆ ਦੀ ਪੁਸਤਕ (ਜੇਹਾਕੁ ਯੂਨਾਨੀ, ਲਾਤਾਨੀ, ਅਰਬੀ ਅਤੇ ਸੰਸਕ੍ਰਿਤ ਦੀ); *v. t.* ਬੰਦ ਕ०, ਮੁੰਦਨਾ, ਭੀੜਨਾ; ਚੁਰਾਉਨਾ, ਬਚਾਉਨਾ, ਅਲਗ ਕ०।

Cribbage, *n.* ਕਰੀਬਿਜ–ਤਾਸ਼ ਦਾ ਇੱਕ ਭਾਂਤ ਦਾ ਖੇਡ।

Crick, *n.* ਕਰਿਕ–ਦਰਵਾਜੇ ਦੀ ਆਵਾਜ਼, ਕਿਸੇ ਅੰਗ ਦੇ ਆਕੜ ਜਾਨ ਦੀ ਹਾਲਤ, ਖਿੱਚ, ਗਲੇ ਦੀ ਅਕੜਨ, ਜੋੜਾਂ ਨੂੰ ਖਿੱਚ।

Cricket, *n.* ਕਰਿਕਟ—ਇੱਕ ਪ੍ਰਕਾਰ ਦਾ ਕੀੜਾ ਜਿਸਨੂੰ ਘੁਰਘੁਰਾ ਅਤੇ ਝੀਂਗਰ ਆਖਦੇ ਹਨ; ਗੇਂਦ ਬਲੇ ਦੀ ਖੇਲ।

Cricketer, *n.* ਕਰਿਕਟਰ–[illegible] ਬੱਲਾ ਖੇਲਨੇ ਵਾਲਾ।

Crier, Cryer, *a.* ਕਰਾਈਅਰ—(ਕਚਹਿਰੀ ਵਿੱਚ) ਅਵਾਜ਼ ਮਾਰਨੇ ਵਾਲਾ; ਪੁਕਾਰਨ ਵਾਲਾ; (ਨਮਾਜ਼ ਵੇਲੇ) ਬਾਂਗ ਦੇਨੇ ਵਾਲਾ, ਮੁੱਲਾਂ।

Crime, *n.* ਕਰਾਈਮ–ਪਾਪ, ਅਪਰਾਧ, ਦੋਸ਼, ਦੂਸ਼ਨਾ, ਔਗਨ, ਗੁਨਾਹ, ਅਧਰਮ; (ਕਾਨੂਨ) ਜੁਰਮ, ਕਾਨੂਨ ਦੇ ਤੋੜਨ ਦੀ ਹਾਲਤ।

Crimeful, *a.* ਕਰਾਈਮਫ਼ੁਲ—ਪਾਪੀ, ਦੋਸ਼ੀ, ਅਨਜਾਈ।

Crimeless, *a.* ਕਰਾਈਮਲੈਸ–ਨਿਰ ਅਪਰਾਧੀ, ਨਿਰਦੋਸ਼ੀ।

Criminal, *a.* ਕਰੀਮੀਨਲ—ਅਨੁਚਿੱਤ, ਅਧਰਮ, ਖੋਟਾ, ਨਾਜਾਇਜ਼; ਦੋਸ਼ੀ, ਅਪਰਾਧੀ, ਪਾਪੀ, ਗੁਨਹਗਾਰ, ਮੁਜਰਮ; ਫ਼ੌਜਦਾਰੀ ਦਾ; *n.* ਪਾਪੀ, ਦੋਸ਼ੀ, ਗੁਨਹਗਾਰ, ਤਕਸੀਰਵਾਰ, ਮੁਜਰਮ, ਅਪਰਾਧੀ।

Criminality, *n.* ਕਰੀਮੀਨੈਲਇਟੀ—ਪਾਪ, ਅਪਰਾਧ, ਦੋਸ਼, ਗੁਨਾਹ।

Criminate, *v. t.* ਕਰੀਮੀਨੇਟਿ–ਦੋਸ਼ ਲਗਾਉਨਾ ਯਾ ਦੇਨਾ, ਅਪਰਾਧ ਲਗਾਉਨਾ, ਕਲੰਕ ਲਗਾਉਨਾ, ਮੁਜਰਮ ਬਨਾਉਣਾ ਯਾ ਠਹਿਰਾਉਣਾ।

Crimination, *n.* ਕਰੀਮੀਨੇਸ਼ਨ—ਤੁਹਮਤ, ਜੁਰਮ, ਊਜ, ਤੁਹਮਤ ਜੁਰਮ।

Criminatory, *a.* ਕਰੀਮੀਨੇਟਰੀ—ਤੁਹਮਤ ਦੇਨੇ ਵਾਲਾ, ਊਜ ਲਾਉਨ ਵਾਲਾ।

Criminousness, *n.* ਕਰੀਮੀਨਸਨੈਸ–ਦੁਸ਼ਟਤਾ, ਖੋਟਾਈ, ਦੋਸ਼, ਜੁਰਮ, ਗੁਨਾਹ।

Crimp, *a.* ਕਰਿੰਪ–ਭੁਰਭੁਰਾ, ਕਰਾਰਾ, ਮੁੜਕਨ ਵਾਲਾ।

Crimple, *v. t.* ਕਰਿਮਪਲਿ—ਸਕੜਾਉਨਾ, ਸੁਕੜਾਉਨਾ, ਸਮੇਟਨਾ।

Crimson, *n.* ਕਰਿਮਜ਼ਨ–ਕਿਰਮਜ਼, ਲਾਲ ਰੰਗ, ਗੂੜ੍ਹਾ ਸੁਰਖ਼ ਰੰਗ; *a.* ਕਿਰਮਜ਼ੀ, ਲ਼ਾਲ, ਲਾਲ ਰੰਗ ਦਾ; *v. t*, ਫਰਸ਼ੀ ਸਲਾਮ ਕ०,

ਖੁਸ਼ਾਮਦ ਕ०, ਠੇਉਨੀ ਠੇਉਨੀ ਕਰਨੀ, ਕੱਚੀ ਖੁਸ਼ਾਮਦ ਕ० ।

Cringe, *v. t.* ਕਰਿੰਜ—ਖਿੱਚਣਾ, ਤਾਨਣਾ; *v. i.* ਨਿਉਂ ਜਾਣਾ, ਅਧੀਨਗੀ ਨਾਲ ਨਿਉਂਨਾ, ਖੁਸ਼ਾਮਦ ਕ०; *n.* ਡੰਡੌਤ, ਫ਼ਰਸ਼ੀ ਸਲਾਮ ।

Cringeling, *n.* ਕਰਿੰਜਲਿੰਗ—ਖੁਸ਼ਾਮਦੀ, ਖੁਸ਼ਾਮਦੀ ਟੱਟੂ, ਫ਼ਰਸ਼ੀ ਸਲਾਮ ਕਰਨੇ ਵਾਲਾ, ਝੋਲੀਚੁੱਕ ।

Crinite, *a.* ਕਰਿਨਿਟਿ—ਲੰਮੇਂ ਵਾਲਾਂ ਦੀ ਦੁੰਮ ਰੱਖਨ ਵਾਲਾ, ਵਾਲ ਜੇਹਾ ।

Crinkle, *v. t.* ਕਰਿੰਕਲ—ਲਪੇਟਨਾ, ਝੁਰੜੀ ਜਾ ਸ਼ਿਕਨ ਪਾਉਨਾ, ਵਲ ਪਾਉਣਾ; *n.* ਲਪੇਟ, ਪੇਚ, ਵਲ, ਸ਼ਿਕਨ, ਝੁਰੜੀ ।

Cripple, *n.* and *a.* ਕਰਿੱਪਲ—ਲੰਗੜਾ, ਲੂਲ੍ਹਾ, ਲੁੰਜਾ, ਪਿੰਗਲਾ; *v. t.* ਲੰਗੜਾ ਕ०, ਲੂਲ੍ਹਾ ਕ०, ਲੁੰਜਾ ਕ०; ਨਿਰਬਲ ਕ०, ਕਮਜ਼ੋਰ ਕ०, ਬੇਬਸ ਕ०, ਘੱਟ ਕ० ।

Crisis, *n.* ਕਰਾਈਸਿਸ—ਸੂਖਮ ਕਾਲ, ਨਾਜ਼ਕ ਵਕਤ, ਅੜੇਵੇਂ ਦਾ ਸਮਾਂ, ਪਤਾਵੇ ਦਾ ਵੇਲਾ, ਅਜ਼ਮਾਇਸ਼ ਦਾ ਵਕਤ ।

Crisp, } *a.* ਕਰਿਸਪ } ਵਲ ਜਾ ਪੇਚਦਾਰ,
Crispy, } ਕਰਿਸਪੀ } ਝੁਰੜੀਦਾਰ; ਕਰਾਰਾ ਭੁਰਭੁਰਾ, ਕੜਾਕੇਦਾਰ, ਖਸਤਾ ।

Crisp, *v. t.* ਕਰਿਸਪ—ਮਰੋੜਨਾ, ਮਰੋੜ ਦੇਣਾ, ਝੁਰੜੀ ਪਾਉਣੀ; ਵੱਟਣਾ ।

Criterion, *n.* ਕਰੀਟੇਰੀਅਨ—ਕਸੌਟੀ, ਪਰਖ, ਜਾਚ, ਪਹਿਚਾਨ, ਤੋਲ, ਚਿੰਨ੍ਹ ।

Critic, *n.* ਕਰਿਟਿਕ—ਦਿੱਬ ਦ੍ਰਿਸ਼ਟੀ ਵਾਲਾ, ਦੂਰ ਦੀ ਸੋਚਨ ਵਾਲਾ; ਜਾਚ ਪੜਤਾਲ ਕਰਨੇ ਵਾਲਾ; ਦੋਸ਼ ਕੱਢਨ ਜਾ ਫੜਨ ਵਾਲਾ, ਨੁਕਤਾਚੀਨੀ ਕਰਨੇ ਵਾਲਾ, ਛਿੱਦਰ ਕੱਢਨ ਵਾਲਾ ।

Critical, *a.* ਕਰੀਟੀਕਲ—ਭਿਆਨਕ; ਨਾਜ਼ਕ ਵਕਤ ਵਿੱਚ, ਔਕੜ ਵੇਲੇ, ਭੀੜ ਪਈ ਵੇਲੇ, ਠੀਕ ਵਕਤ ਪੁਰ; ਦਿੱਬ ਦ੍ਰਿਸ਼ਟੀ ਨਾਲ ।

Criticise, *v. t.* ਕਰਿਟੀਸਾਈਜ਼—ਗੁਣ ਦੋਸ਼ ਨਿਰੂਪਣ ਕ०, ਰਾਇ ਦੇਨੀ ਜਾ ਲਿਖਨੀ *v. t.* ਛਿੱਦਰ ਢੂੰਡਨੇ ਜਾ ਕੱਢਨੇ, ਦੋਸ਼ ਦੱਸਣਾ, ਨੁਕਤਾਚੀਨੀ ਕਰਨੀ ।

Criticiser, *n.* ਕਰਿਟੀਸਾਈਜ਼ਰ—ਸੂਖਮ ਦ੍ਰਿਸ਼ਟੀ ਨਾਲ ਵੇਖਣ ਵਾਲਾ, ਦੋਸ਼ ਅਰੋਪਨ ਜਾ ਕੱਢਨ ਵਾਲਾ, ਐਬ ਭਾਲਣ ਵਾਲਾ ।

Criticism, *n.* ਕਰਿਟੀਸੀਜ਼ਮ—ਗੁਣ ਦੋਸ਼ ਪਰੀਖਯਾ, ਗੁਣ ਦੋਸ਼ ਨਿਰੂਪਨ ਵਿੱਦਯਾ ।

Critique, *n.* ਕਰੀਟੀਕ—ਕਿਸੇ ਪੁਸਤਕ ਦੀ ਸਲਾਹਯਾ ਜਾ ਉਸਦੇ ਦੋਸ਼ ਕੱਢਣ ਦਾ ਲੇਖ; ਸੂਖਮ ਦ੍ਰਿਸ਼ਟੀ ਨਾਲ ਵਿਚਾਰ, ਗੁਣ ਦੋਸ਼ ਨਿਰੂਪਣ ।

Heavenly, *a.* ਹੇਵਨਲੀ-ਬੈਕੁੰਠੀ, ਸੁਰਗੀ, ਬਹਿਸ਼ਤੀ, ਆਕਾਸ਼ੀ, ਅਸਮਾਨੀ।

Heavily, *adv* ਹੈਵੀਲੀ-ਬੋਝ ਥੀਂ, ਭਾਰੀ; ਉਦਾਸੀ ਨਾਲ, ਰੰਜ ਨਾਲ।

Heaviness, *n.* ਹੈਵੀਨੈਸ-ਬੋਝ, ਭਾਰ, ਵਜ਼ਨ; ਉਦਾਸੀ, ਸੁਸਤੀ, ਆਲਸ; ਸਖ਼ਤੀ।

Heavy, *a* ਹੈਵੀ—ਭਾਰੀ, ਵਜ਼ਨੀ; ਸਖ਼ਤ, ਕਠਿਣ; ਲੱਦਿਆ ਹੋਇਆ; ਉਦਾਸ, ਸੁਸਤ।

Hebetate, *v t.* ਹੈਬੀਟੇਟ-ਕੁੰਦ ਯਾ ਖੁੰਡਾ ਕ੦।

Hebrew *n.* ਹਿਬਰੂ-ਯਹੂਦੀ ਬੋਲੀ, ਇਬਰਾਨੀ, ਯਹੂਦੀ ਲੋਕ।

Hecatomb, *n.* ਹੈਕਟੋਂਬ-ਸੌ ਬੈਲ ਦਾ ਬਲੀਦਾਨ।

Hectic, *a.* ਹੈਕਟਿਕ-ਦਿਕ ਯਾ ਤਪੈ ਦਾ ਰੋਗੀ।

Hector *n.* ਹੈਕਟਰ ਰੁਸਤਮਖਾਂ, ਆਫ਼ਤਬਾਜ਼।

Hedge, *n* ਹੈੱਜ—ਕੰਡੇ ਦੀ ਬਾੜ ਯਾ ਟੱਟੀ, ਝਾੜਬੰਦੀ; *v. t.* ਬਾੜ ਯਾ ਕੰਡੇ ਲਗਾਉਣਾ, ਰੋਕਣਾ, ਛੁਪਾਉਣਾ, ਰਖਸ਼ਾ ਕ੦।

Hedgehog, *n.* ਹੈਜਹਾਗ-ਕੰਡੈਲਾ, ਝਾੜਚੂਹਾ।

Heed, *v. t.* ਹੀਡ-ਧਿਆਨ ਦੇਣਾ, ਮਨ ਲਗਾਉਣਾ; *n.* ਧਿਆਨ, ਹੁਸ਼ਿਆਰੀ, ਲਿਹਾਜ਼।

Heedful, *a.* ਹੀਡਫੁਲ—ਸੁਚੇਤ, ਹੁਸ਼ਿਆਰ, ਖ਼ਬਰਦਾਰ, ਸਾਵਧਾਨ।

Heedfulness, *n.* ਹੀਡਫੁਲਨੈਸ—ਸਾਵਧਾਨੀ, ਹੁਸ਼ਿਆਰੀ, ਚੌਕਸੀ, ਖ਼ਬਰਦਾਰੀ।

Heedless, *a.* ਹੀਡਲੈਸ—ਅਚੇਤ, ਅਸੋਚ, ਬੇਪਰਵਾਹ, ਬੇਹੋਸ਼, ਬੇਖ਼ਬਰ।

Heedlessness, *n.* ਹੀਡਲੈਸਨੈਸ-ਬੇਪਰਵਾਹੀ, ਅਚੇਤਤਾ, ਬੇਖ਼ਬਰੀ, ਬੇਹੋਸ਼ੀ।

Heel, *n.* ਹੀਲ-ਏੜੀ, ਅੱਡੀ; ਠੇਡਾ; ਜਹਾਜ਼ ਦਾ ਪਿੱਛਾ; *v. i.* ਅੱਡੀ ਯਾ ਏੜੀ ਲਗਾਉਣੀ, ਝੁਕਣਾ, ਨੱਚਣਾ ।

Heft, *n.* ਹੈਫ਼ਟ-ਵਜ਼ਨ, ਤੋਲ; ਜਤਨ, ਕੋਸ਼ਿਸ਼ ।

Heifer, *n.* ਹੈਫ਼ਰ-ਵੱਛੀ, ਵਛੀਆ ।

Heigh-ho, *Int.* ਹੀਹੋ-ਹੇ ਈਸ਼੍ਵਰ, ਹੇ ਅੱਲਾ, ਹੇ ਵਾਹਿਗੁਰੂ; ਆਹਾ, ਓਹੋ ।

Height, *n.* ਹਾਈਟ-ਉਚਾਈ, ਉਚਾਣ; ਚੋਟੀ, ਸਿਰ; ਹਦ, ਦਰਜਾ, ਰੁਤਬਾ ।

Heighten, *v. t.* ਹਾਈਟਨ—ਉੱਚਾ ਕਰ, ਵਧਾਉਣਾ, ਸੁਧਾਰਨਾ, ਅੱਛਾ ਕ॰, ਭਾਰੀ ਕ॰ ।

Heinous, *a.* ਹੇਨਸ-ਵੱਡਾ, ਕੜਾ, ਸਖ਼ਤ ।

Heinousness, *n.* ਹੇਨਸਨੈਸ-ਸਖ਼ਤੀ, ਤੇਜ਼ੀ ।

Heir, *n.* ਏਅਰ-ਵਾਰਸ, ਧਨ ਅਧਿਕਾਰੀ ।

Heiress, *n.* ਏਅਰੈਸ—ਵਾਰਿਸ ਇਸਤ੍ਰੀ, ਵਾਰਿਸਾ, ਵਾਰਿਸਨ ।

Heirloom, *a.* ਏਅਰਲੂਮ-ਵਿਰਸਾ, ਮਾਲ ਅਸਬਾਬ ਜੋ ਵੱਡਿਆਂ ਥੀਂ ਮਿਲੇ ।

Helical, *a.* ਹੇਲੀਕਲ-ਪੇਚਦਾਰ, ਵਲਾਂ ਵਾਲਾ, ਪੇਚ ਦਰਪੇਚ, ਵਿੰਗਾ, ਟੇਢਾ ।

Heliotrope, *n.* ਹੇਲੀਓਟਰੋਪ-ਸੂਰਜਮੁਖੀ; ਇੱਕ ਪੱਥਰ ਜਿਸ ਨਾਲ ਪਹਿਲੇ ਕਾਲ ਦੇ ਲੋਗ ਸੂਰਜ ਨੂੰ ਵੇਖਦੇ ਸਨ ।

Helix, *n.* ਹੇਲਿਕਸ-ਕੁੰਡਲਦਾਰ ਚੀਜ਼ ।

Hell, *n.* ਹੈਲ-ਨਰਕ, ਜਮਲੋਕ, ਪਾਤਾਲ ।

Hellish, Helly, *a.* ਹੈਲਿਸ਼, ਹੈਲੀ-ਨਰਕੀ ।

Helm, *n.* ਹੈਲਮ-ਪਤਵਾਰ, ਇੱਕ ਹਥਿਆਰ; ਰਾਜ ਸਥਾਨ; ਖੋਦ, ਟੋਪ ।

Helmet, *n.* ਹੈਲਮੇਟ-ਲੋਹੇ ਦਾ ਟੋਪ ।

Help, *v. t.* ਹੈਲਪ-ਮੱਦਦ ਯਾ ਸਹਾਇਤਾ ਕ॰, ਸਹਾਰਾ ਦੇਣਾ, ਦੁੱਖ ਹਟਾਉਣਾ, ਉਪਕਾਰ ਕ॰; *n.* ਸਹਾਰਾ, ਉਪਕਾਰ, ਮੱਦਦ, ਸਹਾਇਤਾ ।

Helpful, *a.* ਹੈਲਪਫ਼ੁਲ-ਸਹਾਇਕ, ਉਪਕਾਰੀ।

Helpless, *n.* ਹੈਲਪਲੈਸ—ਅਧੀਨ, ਅਨਾਥ, ਬਿਚਾਰਾ; ਨਿਰ ਉਪਾਇ, ਦੀਨ, ਅਸਾਧ ।

Helpmate, *n.* ਹੈਲਪਮੇਟ-ਸਹਕਾਰੀ, ਪਤਨੀ, ਪਤੀ, ਸਾਥੀ, ਸਹਾਇਕ ।

Helve, *n.* ਹੈਲਵ-ਕੁਹਾੜੀ ਦਾ ਦਸਤਾ ।

Hem, *n.* ਹੇਮ-ਆਂਚਲ, ਕੰਨੀ, ਮਗਜ਼ੀ, ਕੋਰ, ਸੰਜਾਫ਼, ਹਾਸ਼ੀਆ, ਕਿਨਾਰਾ; ਖੰਘਾਰ, ਖੰਘ; *v. t.* ਸੰਜਾਫ਼ ਯਾ ਕੰਨੀ ਲਗਾਉਣੀ; ਘੇਰਨਾ; ਖੰਘਣਾ, ਖਊਂ ਖਊਂ ਕਰ ।

Hemicycle, *n.* ਹੇਮੀਸਾਇਕਲ-ਅੱਧਾ ਚੱਕ੍ਰ ।

Hemiplegia, Hemiplegy, *n.* ਹੈਮੀਪਲੇਜੀਆ, ਹੈਮੀਪਲੇਜੀ—ਅਧਰੰਗ, ਲਕਵਾ ।

Hemisphere, *n.* ਹੈਮਿਸਫ਼ੀਅਰ-ਭੂਗੋਲ ਦਾ ਅੱਧਾ, ਅੱਧਾ ਗੋਲਾ, ਅੱਧੀ ਦੁਨੀਆਂ ।

Hemistich, *n.* ਹੈਮਿਸਟਿਕ-ਪਦ, ਮਿਸਰਾ ।

Hemlock, *n.* ਹੈਮਲਾਕ—ਇੱਕ ਜ਼ਹਿਰੀਲਾ ਬ੍ਰਿਛ ।

Hemorrhage, *n.* ਹੈਮਰੇਜ-ਲਹੂ ਦਾ ਬਹਾਉ, ਰੁਧਿਰ ਪ੍ਰਵਾਹ, ਜਿਰਯਾਨ ਖ਼ੂਨ ।

Hemorrhoids, *n.* ਹੈਮੋਰੋਇਡਜ਼-ਖ਼ੂਨੀ ਬਵਾਸੀਰ ।

Hemp, *n.* ਹੈਮਪ-ਪਟੂਆ, ਟੇਗ, ਗਾਂਜਾ ।

Hen, *n.* ਹੇਨ-ਮੁਰਗੀ, ਕੁਕੜੀ ।

Henbane, *n.* ਹੇਨਬੇਨ-ਭੰਗ, ਬਿਜਯਾ, ਗਾਂਜਾ।

Hence, *adv.* ਹੈਨਸ—ਇਸ ਕਾਰਣ; ਇਥੋਂ, ਹੁਣ ਥੀਂ, ਇਸਤੋਂ ਪਿੱਛੇ, ਇੱਥੋਂ ਤਕ ।

Henceforth, *adv.* ਹੈਂਸਫ਼ੋਰਥ—ਹੁਣ ਥੀਂ, ਅੱਗੇ ਤੋਂ ।

Hepatic, Hepatical, *a.* ਹੇਪੇਟਿਕ, ਹੇਪੇਟੀਕਲ—ਜਿਗਰੀ, ਜਿਗਰ ਸੰਬੰਧੀ ।

Heptagon, *n.* ਹੈਪਟੇਗਨ-ਸਤਕੋਨੀਆਂ, ਸੱਤਾਂ ਨੁੱਕਰਾਂ ਵਾਲਾ, ਸਤ ਪਹਲੂ ।

Heptarchy, *n.* ਹੈਪਟਾਰਚੀ—ਇੱਕ ਕਾਲ ਵਿੱਚ ਸੱਤਾਂ ਰਾਜਿਆਂ ਦਾ ਰਾਜ ।

Her, *pron.* ਹਰ—ਉਸਦਾ, ਉਸਦੀ, ਉਸਨੂੰ (ਇਸਤ੍ਰੀ ਲਿੰਗ ਲਈ) ।

Herald, *n.* ਹੈਰਲਡ—ਢੰਡੋਰਾ ਦੇਣ ਵਾਲਾ; ਆਗੂਆ ।

Herb, *n.* ਹਰਬ-ਸਬਜ਼ੀ, ਬੂਟੀ, ਬੂਟਾ ।

Herbage, *n.* ਹਰਬੇਜ—ਬਨਸਪਤੀ, ਸਾਗ ਪਾਤ, ਘਾਸ ਪਾਤ, ਨਬਾਤਾਤ ।

Herbal, *n.* ਹਰਬਲ—ਬੂਟੀ ਪੁਸਤਕ, ਸਬਜ਼ ਕਲਪ ।

Herbivorous, *a.* ਹਰਬੀਵੋਰਸ-ਭਾਜੀ ਯਾ ਤਰਕਾਰੀ ਖਾਣ ਵਾਲਾ, ਚਰਿੰਦਾ ।

Heiculean, *a*. ਹਰਕੂਲੀਅਨ–ਭਾਰੀ, ਅਤਯੰਤ ਬਲਵਾਨ ਯਾ ਮਹਾਂ ਜੋਧਾ ਸੰਬੰਧੀ ।

Herd, *n*. ਹਰਡ–ਕਤਾਰ, ਪਾਲ, ਡਾਰ, ਝੁੰਡ, *v. t.* ਝੁੰਡ ਬਨਾਉਣਾ, ਇਕੱਠਾ ਕ० ।

Herdsman, *n*. ਹਰਡਸਮੈਨ–ਗਡਰਯਾ, ਚਰਵਾਹਾ, ਪਾਲੀ, ਗੁਆਲਾ ।

Here, *adv*. ਹੀਅਰ–ਇਸ ਜਗਾਂ, ਇੱਥੇ, ਇੱਧਰ ।

Hereabout, *adv*. ਹੀਅਰਅਬੌਟ–ਇਧਰ ਉਧਰ, ਏਥੇ ਓਥੇ ।

Hereafter, *adv*. ਹੀਅਰਆਫ਼ਟਰ–ਇਸਦੇ ਪਿੱਛੋਂ, ਹੁਣ ਥੀਂ, ਅਬ ਸੇ ।

Hereat, *adv*. ਹੀਅਰਐਟ–ਇਸਤੇ, ਇਸਥੀਂ ।

Hereby, *adv*. ਹੀਅਰਬਾਈ–ਇਸ ਥੀਂ, ਇਸ ਕਾਰਣ, ਇਸ ਲਈ ।

Hereditable *a* ਹੈਰੀਡੀਟੇਬਲ–ਵਿਰਸੇ ਜੋਗਾ।

Hereditary, *a*. ਹੈਰੀਡੀਟਰੀ–ਪੈਤ੍ਰਿਕ, ਪਿਤਾ ਆਦਿ ਥੀਂ ਮਿਲਿਆ ਹੋਇਆ, ਪੀੜ੍ਹੀ ਬਪੀੜ੍ਹੀ, ਨਸਲੀ, ਮਾਰੂਸੀ ।

Herein, *adv*. ਹੀਅਰਇਨ–ਇਸ ਵਿੱਚ ।

Hereof, *adv*. ਹੀਅਰਆਫ਼–ਇਸਥੀਂ, ਇਸਦਾ

Heresy, *n*. ਹੀਅਰਸੀ–ਧਰਮ ਸ਼ਾਸਤ੍ਰ ਵਿਰੁਧ।

Heretic, *n*. ਹੈਰੀਟਿਕ–ਨਾਸਤਿਕ, ਕਾਫ਼ਰ ।

Hereto, *adv*. ਹੀਅਰਟੂ–ਏਥੋਂ ਤੀਕ, ਹੁਣ ਤੀਕ, ਹੁਣ ਤਕ, ਯਹਾਂ ਤਕ।

Heretofore, *adv*. ਹੀਅਰਟੂਫ਼ੋਰ–ਪੂਰਵ ਕਾਲ ਵਿੱਚ, ਪਰਾਚੀਨ ਕਾਲ ਵਿੱਚ, ਇਸ ਥੀਂ ਪਹਲੇ ।

Herewith, *adv*. ਹੀਅਰਵਿਥ–ਇਸਦੇ ਨਾਲ।

Heriot, *n*. ਹੈਰੀਅਟ–ਰਾਜਦੰਡ, ਜ਼ਬਤੀ ।

Heritable, *a*. ਹੈਰੀਟੇਬਲ–ਵਿਰਸੇ ਜੋਗਾ ।

Heritage, *n*. ਹੈਰੀਟੇਜ–ਵਿਰਸਾ, ਪਿਤਾ ਆਦਿ ਥੀਂ ਮਿਲਿਆ ਹੋਇਆ ਮਾਲ, ਬਿਪੌਤੀ ।

Heimaphrodite, *n*. ਹਰਮੈਫ਼ਰੋਡਿਟ–ਹਿਜੜਾ

Hermetic, Hermetical, *a*. ਹਰਮੈਟਕ, ਹਰਮੈਟੀਕਲ–ਰਸਾਇਣੀ; ਕੀਮੀਆ ਦਾ, ਅਜੇਹਾ ਬੰਦ ਜਿਸ ਵਿੱਚ ਵਾਯੂ ਨਾ ਜਾਵੇ ।

Hermit, *n*. ਹਰਮਿਟ–ਵੈਰਾਗੀ, ਸੰਨਿਆਸੀ, ਬਨਬਾਸੀ, ਗੋਸ਼ਾ ਨਸ਼ੀਨ ।

Hermitage, *n*. ਹਰਮੀਟੇਜ–ਆਸ਼ਰਮ, ਮੁਨੀਵਾਸ, ਕੁਟੀਆ, ਤਕੀਆ ।

Hermitary, *n*. ਹਰਮੀਟਰੀ–ਹੁਜਰਾ, ਗੁਫ਼ਾ।

Hermitess, *n*. ਹਰਮੀਟੈਸ–ਸਨਿਆਸਨ, ਬਨਬਾਸਨ, ਗੋਸ਼ਾਨਸ਼ੀਨ ਇਸਤ੍ਰੀ ।

Hern, *n*. ਹਰਨ–ਬਗਲਾ, ਧ੍ਰੁਤੀਮਾਰ ।

Hernia, *n*. ਹਰਨੀਆ–ਫ਼ਿਤਕ, ਅੰਡਕੋਸ਼ ਯਾ ਟੱਟਿਆਂ ਦਾ ਰੋਗ ।

Hero, *n*. ਹੀਰੋ–ਸੂਰਬੀਰ, ਬਹਾਦੁਰ, ਸੂਰਮਾ ।

Heroic, *a*. ਹੀਰੋਇਕ–ਬਹਾਦੁਰਾਨਾ ।

Heroine, *n*. ਹੀਰੋਇਨ–ਬੀਰਨੀ, ਬਹਾਦੁਰ ਇਸਤ੍ਰੀ ।

Heroism, *n*. ਹੀਰੋਇਜ਼ਮ–ਬੀਰਤਾ, ਦਲੇਰੀ, ਬਹਾਦੁਰੀ ।

Heron, *n*. ਹੈਰਨ–ਬਗੁਲਾ, ਧ੍ਰੁਤੀਮਾਰ ।

Herpes, *n*. ਹਰਪੈਸ–ਦਾਦ, ਧੱਦਰੀ, ਚੰਬਲ, ਖੁਰਕ, ਖਾਜ ।

Herring, *n*. ਹਰਿੰਗ–ਇੱਕ ਛੋਟੀ ਮੱਛੀ ।

Hers, *pron*. ਹਰਸ–ਉਸਦਾ, ਉਸਦੀ, ਉਸਦੇ (ਇਸਤ੍ਰੀ ਲਿੰਗ ਲਈ) ।

Hesitancy, *n*. ਹੈਜ਼ੀਟੈਨਸੀ–ਦੁਬਧਾ, ਸੰਦੇਹ ।

Hesitant, *a*. ਹੈਜ਼ੀਟੈਂਟ–ਸੰਦੇਹ ਯਾ ਸ਼ੱਕ ਕਰਨ ਵਾਲਾ ।

Hesitate, *v. i*. ਹੈਜ਼ੀਟੇਟ–ਠਹਰ ਜਾਨਾ ।

Hesitation, *n*. ਹੈਜ਼ੀਟੇਸ਼ਨ–ਸੰਦੇਹ, ਸ਼ੱਕ, ਦੁਬਧਾ, ਸੰਸਾ; ਝਿਜਕ ।

Heterarchy, *n*. ਹੈਟਰਆਰਕੀ–ਬਦੇਸ਼ੀ ਰਾਜ ਯਾ ਹਕੂਮਤ ।

Heteroclite, *n*. ਹੈਟਰੋਕਲਿਟ–ਨੇਮ ਵਿਰੁੱਧ ।

Heterodox, *n*. ਹੈਟਰੋਡੌਕਸ–ਧਰਮ ਵਿਰੋਧੀ, ਨਾਸਤਕ, ਕਾਫ਼ਿਰ ।

Heterogeneous, *a*. ਹੈਟਰੋਜੀਨਸ–ਭਿੰਨ ਜਾਤੀਯ, ਵਰਣ ਸ਼ੰਕਰ, ਖਲਤ ਮਲਤ ।

Hew, *v. t*. ਹੀਉ–ਚੀਰਨਾ, ਕੁਹਾੜੀ ਨਾਲ ਕੱਟਨਾ, ਕਤਰਨਾ, ਟੋਟੇ ਕ० ।

Hexagon, *n*. ਹੈਕਸੇਗਨ–ਛੇਕੋਣ ਖਟਕੋਣ ।

Hexagonal, *a*. ਹੈਕਸੇਗੋਨਲ–ਛੇਕੋਨੀਆ, ਛੇ ਨੁੱਕਰਾਂ ਵਾਲਾ ।

Hexameter, *n.* ਹੈਕਸੇਮੇਟਰ—ਛੇ ਪਦ ਦਾ ਸ਼ਲੋਕ, ਛੇ ਰੁਕਨ ਦੇ ਵਜ਼ਨ ਦਾ ਸ਼ੇਰ।

Hexapod, *n.* ਹੈਕਸੇਪੋਡ-ਛੀਆਂ ਪੈਰਾਂ ਵਾਲਾ ਕੀੜਾ, ਖਟ ਪਦ ਕੀੜਾ।

Hey, *Int.* ਹੇ-ਸਜ ਸਜ, ਆਹਾ।

Heyday, *Int.* ਹੇਡੇ-ਵਾਹਵਾਹ, ਕਿਉਂ ਨ ਹੋ।

Hiatus, *n.* ਹੇਅਟਸ-ਛੇਕ, ਸੁਰਾਖ, ਰਖਨਾ।

Hibernal, *a.* ਹੀਬਰਨਲ—ਠੰਡੀ ਰੁੱਤ ਦਾ, ਸਰਦੀ ਦਾ, ਸੀਤ ਕਾਲ ਦਾ।

Hibernate, *v. i.* ਹੀਬਰਨੇਟ-ਬੰਦ ਥਾਂ ਪੁਰ ਸਰਦੀ ਪਹੁੰਚਨੀ।

Hiccough, *n.* ਹਿਕਪ—ਹਿਚਕੀ; *v.* ਹਿਚਕੀ ਲੈਨੀ।

Hid, Hidden, *a.* ਹਿਡ, ਹਿਡਨ-ਛਿਪਿਆ ਯਾ ਲੁਕਿਆ ਹੋਇਆ, ਗੁਪਤ।

Hide, *v. t.* ਹਾਇਡ-ਛਿਪਾਉਨਾ, ਲੁਕਾਉਨਾ, ਢਾਪਨਾ, ਢੱਕਨਾ, ਦਬਣਾ; *n.* ਚਮੜਾ, ਖੱਲ, ਚਮੜਾ, ਚੰਮ।

Hideous, *a.* ਹੀਡੀਅਸ-ਭਿਆਨਕ, ਡਰਾਉਨਾ, ਬੁਰਾ, ਗੰਦਾ, ਘਿਨਾਉਨਾ।

Hideousness, *n.* ਹੀਡੀਅਸਨੈਸ-ਡਰ, ਭਯ, ਖ਼ਤਰਾ, ਖ਼ੌਫ਼; ਘਿਨਾਉਪਨ।

Hie, *v. t.* ਹੀ-ਜਲਦੀ ਕ੦, ਛੇਤੀ ਚਲਨਾ।

Hierarch, *n.* ਹੀਅਰਆਰਕ-ਪਰੋਹਿਤ, ਗੁਰੂ

Hierarchy, *n.* ਹੀਅਰਆਰਕੀ-ਪਰੋਹਤਾਈ, ਗੁਰਿਆਈ।

Hieroglyphic *n* ਹੀਅਰੋਗਲੀਫਿਕ-ਮਿਸਰ ਦੇਸ ਦੇ ਪਰਾਚੀਨ ਕਾਲ ਦਾ ਮੂਰਤੀ ਦੁਆਰਾ ਲੇਖ।

Hierogram, *n.* ਹੀਅਰੋਗਰਮ-ਇੱਕ ਪ੍ਰਕਾਰ ਦੀ ਪਵਿਤ੍ਰ ਲਿਖਤ।

Higgle, *v. i.* ਹਿੱਗਲ—ਫੇਰੀ ਕਰਕੇ ਵੇਚਨਾ, ਫਿਰਕੇ ਵੇਚਨਾ, ਛਾਬੜੀ ਵੇਚਨੀ।

High, *a.* ਹਾਈ—ਉੱਚਾ, ਕੁਲੀਨ, ਮੰਹਗਾ, ਉੱਨਤ, ਬਹੁਤ; *adv.* ਉੱਚਾ।

Highly, *adv.* ਹਾਈਲੀ—ਉੱਪਰ, ਉੱਤੇ, ਨਿਪਟ, ਵੱਡਾ, ਅੱਛਾ, ਚੰਗਾ।

Highness, *n.* ਹਾਈਨੈਸ-ਉੱਚਾਈ, ਰਾਜਿਆਂ ਦਾ ਪਦਵੀ ਜੇਹਾ ਮਹਾਰਾਜ ਆਦਿਕ।

Highland, *n.* ਹਾਈਲੈਂਡ-ਪਹਾੜੀ ਦੇਸ਼।

Highway, *n.* ਹਾਇ ਵੇ-ਵੱਡੀ ਸੜਕ।

Hilarity, *n.* ਹੀਲੇਰੀਟੀ—ਹੁਲਾਸ, ਆਨੰਦ, ਖ਼ੁਸ਼ੀ, ਹਾਸਾ, ਰੰਗਰਲੀਆਂ।

Hilarious, *a.* ਹੀਲੇਰੀਅਸ-ਆਨੰਦਤ, ਮਗਨ, ਖ਼ੁਸ਼, ਪਰਸੰਨ।

Hill, *n.* ਹਿੱਲ-ਪਹਾੜੀ, ਟਿੱਲਾ, ਪਰਬਤ।

Hillock, *n.* ਹਿੱਲੌਕ-ਪਹਾੜੀ, ਟਿੱਬਾ, ਟਿੱਲਾ।

Hilly, *a.* ਹਿੱਲੀ—ਪਹਾੜੀਆਂ ਨਾਲ ਭਰਿਆ ਹੋਇਆ, ਪਰਬਤੀ, ਪਹਾੜੀ।

Hilt, *n.* ਹਿਲਟ-ਮੁੱਠ, ਕਬਜ਼ਾ, ਦਸਤਾ।

Him, *pron.* ਹਿਮ-ਉਸਨੂੰ (ਪੁਲਿੰਗ ਲਈ)।

Himself, *pron.* ਹਿਮਸੈਲਫ਼-ਆਪਣੇ ਤਾਈਂ, ਆਪ (ਪੁਲਿੰਗ ਲਈ)।

Hind, *a.* ਹਾਈਂਡ—ਪਿਛਲਾ, ਪਿੱਛੇ ਦਾ; *n.* ਹਿਰਨੀ, ਬਾਰਾਂਸਿੰਗੀ।

Hinder, *v. t.* ਹਾਈਂਡਰ-ਰੋਕਨਾ, ਮਨਾਂ ਕ੦, ਅਟਕਾਉਨਾ, ਠਹਰਾਉਨਾ।

Hindrance, *n.* ਹਿੰਡਰੈਂਸ—ਰੋਕ, ਰੁਕਾਵਟ, ਆੜ।

Hindu, *n.* ਹਿੰਡੂ-ਹਿੰਦੂ; ਹਿੰਦੁਸਤਾਨ ਦਾ ਰਹਨ ਵਾਲਾ ਯਾ ਵਾਸੀ।

Hinge, *n.* ਹਿੰਜ-ਬੂਹੇ ਯਾ ਦਲੀਜ਼ ਦੀ ਚੂਲ, ਕੁਬੀ, ਕਬਜ਼ਾ; *v. t.* ਕਬਜ਼ਾ ਯਾ ਕੁੰਡਾ ਲਗਾਉਨਾ; *v. i.* ਨਿਰਭਰ ਹੋਨਾ, ਅਟਕਨਾ।

Hint, *v. t.* ਹਿੰਟ—ਇਸ਼ਾਰਾ ਕ੦, ਸੈਨਤ ਮਾਰਨੀ; *n.* ਇਸ਼ਾਰਾ, ਸੈਨਤ, ਸਾਨ।

Hip, *n.* ਹਿਪ—ਚੁੱਤੜ, ਪੱਠਾ, ਕੂਲਾ; *v. t.* ਚੁੱਤੜ ਉਖਾੜਨਾ, ਕੂਲਾ ਉਤਾਰਨਾ।

Hippish, *a.* ਹਿੱਪਿਸ਼-ਦਿਲਗੀਰ, ਦੁਖੀ ਮਨ ਵਾਲਾ।

Hippocamp, *n.* ਹਿੱਪੋਕੈਮਪ—ਦਰਿਆਈ ਘੋੜਾ।

Hippocentaur, *n.* ਹਿੱਪੋਸੈਨਟੌਰ-ਅੱਧਾ ਆਦਮੀ।

Hippodrome *n.* ਹਿੱਪੋਡਰੋਮ—ਘੋੜਿਆਂ ਯਾ ਗੱਡੀਆਂ ਦੇ ਦੁੜਾਨ ਦਾ ਚੱਕਰ।

Hippogriff, ਹਿੱਪੋਗਰਿਫ਼-ਪਰਾਂ ਵਾਲਾ ਘੋੜਾ।

Hippopotamus, *n.* ਹਿੱਪੋਪੋਟੈਮਸ—ਦਰਿਆਈ ਘੋੜਾ ।

Hipshot, *n.* ਹਿਪਸ਼ਾਟ—ਚੁੱਤੜ ਯਾ ਚੂਲੇ ਦਾ ਜੋੜ ਉਤਰਿਆ ਹੋਇਆ ।

Hire, *v. t.* ਹਾਇਰ—ਭਾੜੇ ਯਾ ਕਿਰਾਏ ਪੁਰ ਦੇਨਾ ਯਾ ਲੈਨਾ, ਨਿਸ਼ਚਤ ਦੇਨੀ; *n.* ਕਿਰਾਯਾ, ਭਾੜਾ; ਮੇਹਨਤਾਨਾ, ਮਜ਼ਦੂਰੀ, ਉਜਰਤ।

Hireling, *n.* ਹਾਇਰਲਿੰਗ-ਠੇਕੇ ਦਾ ਨੌਕਰ, ਠੇਕੇ ਪੁਰ ਕੰਮ ਕਰਨ ਵਾਲਾ, ਭਾੜੇ ਯਾ ਠੇਕੇ ਪੁਰ ਜਾਨ ਵਾਲਾ, ਮਜ਼ਦੂਰ ।

Hiror, *n.* ਹਾਰਰ-ਪਹਾੜਾ ਯਾ ਕਿਰਾਯਾ ਕਰਨ ਵਾਲਾ, ਭੜੈਤ ।

Hirsute, *a.* ਹਰਸੂਟ-ਰੂਈਂਦਾਰ, ਵਾਲਾਂ ਵਾਲਾ; ਉਜੱਡ, ਅੱਖੜ, ਗੰਵਾਰ ।

His, *pron.* ਹਿਜ਼-ਉਸਦਾ, ਉਸਦੀ, ਇਸਦਾ ਅਪਨਾ (ਪੁਲਿੰਗ ਲਈ) ।

Hisk, *v. t.* ਹਿਸਕ-ਕਠਿਨਾਈ ਯਾ ਔਖ ਨਾਲ ਸਾਹ ਲੈਨਾ ।

Hispid, *a.* ਹਿਸਪਿਡ-ਖੁਰਦਰਾ, ਸਖ਼ਤ ਵਾਲਾਂ ਵਾਲਾ; ਕੰਡਿਆਂ ਵਾਲਾ ।

Hiss, *v. t.* ਹਿੱਸ-ਫੂ ਫੂ ਯਾ ਛੀ ਛੀ ਕ੦, ਤੌੜੀ ਵਜਾਉਨੀ; ਫੁੰਕਾਰਨਾ; *n.* ਸੱਪ ਦੀ ਫੁੰਕਾਰ; ਘਿਨਾ (ਨਫ਼ਰਤ) ਸੂਚਕ ਸ਼ਬਦ ।

Hist, *Int.* ਹਿਸਟ-ਚੁੱਪ ਰਹੋ ।

Historian, *n.* ਹਿਸਟੋਰੀਅਨ-ਇਤਹਾਸ ਵੇਤਾ, ਇਤਹਾਸ ਯਾ ਤਵਾਰੀਖ਼ ਲਿਖਨ ਵਾਲਾ ।

Historical, *a.* ਹਿਸਟੋਰੀਕਲ—ਇਤਹਾਸਕ ਇਤਹਾਸ ਸੰਬੰਧੀ, ਤਵਾਰੀਖੀ ।

Historiographer, *n.* ਹਿਸਟੋਰੀਓਗ੍ਰਾਫਰ—ਇਤਹਾਸ ਰਚਤਾ ਯਾ ਲਿਖਨ ਵਾਲਾ ।

History, *n.* ਹਿਸਟਰੀ-ਇਤਹਾਸ, ਤਵਾਰੀਖ਼ ਬਿਰਤਾਂਤ, ਕਹਾਨੀ, ਮਨੁਸ਼ ਬਖਾਨ ।

Hit, *v. t.* ਹਿਟ-ਮਾਰਨਾ, ਖੜਖੜਾਉਨਾ, ਟਕਰਾਉਨਾ; ਨਿਸ਼ਾਨੇ ਪੁਰ ਪਹੁੰਚਨਾ; *v. i.* ਲਗਨਾ, ਛੂਨਾ; ਕਾਮਯਾਬ ਹੋਨਾ; *n.* ਮਾਰ, ਚੋਟ, ਸੱਟ; ਸ਼ੁੱਧ ਵਿਚਾਰ; ਸੰਜੋਗ ।

Hitch, *v. i.* ਹਿਚ—ਫਸ ਜਾਨਾ, ਅਟਕਨਾ, ਅਟਕ ੨ ਯਾ ਰੁਕ ਰੁਕਕੇ ਟੁਰਨਾ, ਲੰਗੜਾਉਨਾ; *n.* ਰੁਕਾਵ, ਪਕੜ, ਰੋਕ, ਅਟਕਾਉ, ਹਿਚਕ, ਟੁੱਟ, ਗੰਢ, ਫੰਦਾ ।

Hither, *adv.* ਹੀਥਰ-ਇੱਧਰ, ਯਹਾਂ, ਇੱਥੇ; ਇਸ ਪਾਸੇ; ਇੱਥੋਂ ਤੀਕ ।

Hitherto, *adv.* ਹੀਥਰਟੂ-ਅਭੀ, ਹੁਣੇ, ਇਸੇ ਵੇਲੇ; ਹੁਨ ਤੀਕ, ਅਜ ਤੋੜੀ, ਇਸ ਥਾਂ ਤਕ ।

Hitherward, *adv.* ਹੀਥਰਵਰਡ—ਇਧਰ, ਇਸ ਪਾਸੇ ।

Hive, *n.* ਹਾਇਵ—ਛੱਤਾ, ਖੱਖਰ, ਮਖਯਾਲ, ਮੱਖੀਆਂ ਜੋ ਇੱਕ ਛੱਤੇ ਵਿੱਚ ਹੋਨ; ਝੁੰਡ; *v. t.* ਖੱਖਰ ਵਿੱਚ ਇਕੱਠਾ ਕ੦, ਛੱਤੇ ਵਿੱਚ ਰੱਖਨਾ ।

Ho, Hoa, *n.* ਹੋ, ਹੋਆ-ਲਲਕਾਰਨ ਯਾ ਠੈਹਰਾਉਨ ਦੀ ਆਵਾਜ਼, ਹੋ ।

Hoar, *n.* ਹੋਰ-ਪੁਰਾਨਾਪਨ, ਫੁਰਨਸਾਲਗੀ ।

Hoard, *v. t.* ਹੋਰਡ—ਸਮੇਟਨਾ, ਜਮਾਂ ਕ੦, ਇਕੱਠਾ ਕ੦, ਜੋੜਨਾ, ਬਟੋਰਨਾ; *n.* ਗੰਜ, ਖ਼ਜ਼ਾਨਾ, ਕੋਸ਼, ਪੂੰਜੀ, ਮਾਯਾ ।

Hoarfrost, *n.* ਹੋਰਫ਼ਰਾਸਟ-ਕੋਹਰ, ਪਾਲਾ ।

Hoariness, *n.* ਹੋਰੀਨੈਸ-ਧੌਲਾਪਨ, ਵਾਲਾਂ ਦੀ ਚਿਟਿਆਈ ।

Hoarse, *a.* ਹੋਰਸ-ਰੁੱਖੀ ਸੁਰ, ਭਾਰੀ, ਫਟੀ ਯਾ ਬੈਠੀ (ਆਵਾਜ਼) ।

Hoarseness, *n.* ਹੋਰਸਨੈਸ-ਗਲ ਯਾ ਆਵਾਜ਼ ਦਾ ਘੰਠਨਾ ।

Hoary, *a.* ਹੋਰੀ-ਚਿੱਟਾ, ਸਫ਼ੇਦ, ਧੌਲਾ, ਭੂਰਾ ।

Hoax, *n.* ਹੋਕਸ-ਧੋਖਾ, ਛਲ ਕਪਟ, ਦਮ, ਝਾਂਸਾ, ਧ੍ਰੋਹ; *v. t.* ਧੋਖਾ ਦੇਨਾ, ਛਲਨਾ, ਘੁੱਤਾ ਯਾ ਝਾਂਸਾ ਦੇਨਾ ।

Hob, *n.* ਹੋਬ-ਪੇਂਡੂ, ਦੇਹਾਤੀ, ਗੰਵਾਰ; ਅੰਗੀਠੀ ਦਾ ਚਪਟਾ (ਸਾਫ਼) ਕਿਨਾਰਾ ।

Hobble, *v. i.* ਹੋਬਲ-ਲੰਗੜਾਉਨਾ, ਲੰਗੜਾਕੇ ਚਲਨਾ, ਉਛਲ ਕੇ ਚਲਨਾ; *v. t.* ਇੱਕ ਪੈਰ ਨੂੰ ਦੂਜੇ ਨਾਲ ਬੰਨ੍ਹਣਾ; *n.* ਦੁਬਧਾ, ਹੈਰਾਨੀ; ਵਿੰਗੀ ਟੇਢੀ ਚਾਲ ।

Hobgoblin, *n.* ਹੋਬਗੋਬਲਿਨ—ਭੂਤ, ਭੂਤਨਾ, ਦਿਓ; ਪਰੀ ।

Hobnail, *n.* ਹੋਬਨੇਲ-ਫੁੱਲਦਾਰ ਕੰਡਾ; ਘੁੰਡੀਦਾਰ ਕਿੱਲ; ਗੰਵਾਰ, ਪੇਂਡੂ ।

Hobnob, *n.* ਹੋਬਨੋਬ-ਇਕੱਠੇ ਮਿਲਕੇ ਸ਼ਰਾਬ ਪੀਨ ਲਈ ਬੁਲਾਉਨ ਦਾ ਵਾਕ ।

Hock, *n.* ਹੋਕ—ਇੱਕ ਪਰਕਾਰ ਦੀ ਸ਼ਰਾਬ;

ਪੱਟ ਦਾ ਇੱਕ ਹਿੱਸਾ; ਸਰੀਰ ਦੀ ਪਿਛਲੀ ਜਾਂਘ।

Hocus-pocus, *n.* ਹੋਕਸਪੋਕਸ—ਛਲੀਆ, ਭਾਨਮਤੀ, ਧੁੱਤੇਬਾਜ਼; ਛਲਧੁੱਤਾ; *v. t.* ਠੱਗਣਾ, ਧੁੱਤਾ ਦੇਣਾ, ਛਲਨਾ, ਦਗ਼ਾ ਦੇਣ,।

Hod, *n.* ਹੌਡ—ਚੂਨਾ ਉਠਾਉਣ ਦੀ ਕਿਸ਼ਤੀ ਜਾ ਟੋਕਰੀ।

Hodman *n.* ਹੌਡਮੈਨ-ਮਜ਼ਦੂਰ, ਟੋਕਰੀ ਢੋਣ ਵਾਲਾ।

Hoe, *n.* ਹੋ-ਬੇਲਚਾ, ਫਾਉੜਾ, ਕੁਦਾਲ; *v. t.* ਕੁਦਾਲ ਨਾਲ ਕੱਟਣਾ, ਪੁੱਟਣਾ, ਖੋਦਣਾ।

Hog, *n.* ਹੌਗ—ਸੂਅਰ, ਸੂਰ, ਵਰਾਹ; ਜਹਾਜ਼ ਸਾਫ਼ ਕਰਨ ਦੀ ਝੈਂਗਰ; *v. t.* ਵਾਲ ਕੱਟਣਾ; ਜਹਾਜ਼ ਦਾ ਥੱਲਾ ਖੁਰਚਣਾ ਜਾ ਸਾਫ਼ ਕ०।

Hogcote, Hogsty, *n.* ਹੌਗਕੋਟ, ਹੌਗਸਟੀ—ਸੂਰ ਦਾ ਘੋਰੜਾ, ਸੂਰ ਦੇ ਰਹਿਣ ਦੀ ਥਾਂ।

Hoggish *a.* ਹੌਗਿਸ਼-ਸੂਰ ਵਾਂਗੂ ਬਹੁਤ ਖਾਣ ਵਾਲਾ; ਗੰਦਾ, ਮੈਲਾ, ਨਾਪਾਕ।

Hogherd, *n.* ਹੌਗਹਰਡ-ਸੂਰਾਂ ਦਾ ਰਖਵਾਲਾ।

Hogshead, *n.* ਹੌਗਸਹੈਡ-ਵੱਡਾ ਪੀਪਾ; ਪੰਜ ਮਣਾ।

Hoiden, Hoyden, *n.* ਹੋਇਡਨ—ਨਕਾਰੀ ਲੱਕੜ; *a.* ਨਿਕੰਮਾ, ਨਿਕਾਰਾ; ਨਿਕੰਮੀ ਖੇਡ; *v. t.* ਨਿਕੰਮੀ ਖੇਡ ਖੇਡਣੀ।

Hoist, *v. t.* ਹੋਇਸਟ-ਉਠਾਉਣਾ, ਖੜਾ ਕ०, ਚੜ੍ਹਾਉਣਾ; *n.* ਚੜ੍ਹਾਉ, ਚੜ੍ਹਾਈ; ਅਸਬਾਬ ਚੜ੍ਹਾਉਣ ਦੀ ਕਲ; ਮਸਤੂਲ ਦੀ ਉਚਾਈ।

Hoity-toity, *n.* ਹੋਇਟੀਟੋਇਟੀ—ਅਸਚਰਜ (ਅਚਰਜ) ਜਾ ਖਿਨ ਸੂਚਕ ਵਾਕ।

Hold, *v. t.* ਹੋਲਡ-ਰੋਕਣਾ, ਥੰਮ੍ਹਣਾ, ਪਕੜਨਾ, ਆਪਣੇ ਵੱਸ ਵਿੱਚ ਰੱਖਣਾ; *v. i.* ਹੋਣਾ, ਠਹਿਰਨਾ, ਟਿਕਣਾ, ਖੱਬਣਾ, ਫਸਣਾ, ਰੁਕਣਾ, ਜੰਮਣਾ, ਪੱਕਾ ਰਹਿਣਾ, ਠੀਕ ਬੈਠਣਾ, ਠੀਕ ਨਿਕਲਣਾ *n.* ਪਕੜ, ਰੋਕ, ਅਟਕਾਉ, ਕੈਦ, ਹਵਾਲਾਤ ਠਹਿਰਾਉ; ਜਹਾਜ਼ ਦਾ ਪੇਟ; *Int.* ਠਹਿਰੋ ਚੁੱਪ ਰਹੋ, ਬੱਸ ਕਰੋ।

Holder, *n.* ਹੋਲਡਰ-ਪਕੜਨ ਵਾਲਾ, ਧਰਤਾ ਮਾਲਿਕ; ਅੰਕੁੜਾ, ਕਬਜ਼ਾ, ਦਸਤਾ।

Holdfast, *n.* ਹੋਲਡਫ਼ਾਸਟ—ਕੁੰਡਾ, ਅੰਕੁੜੀ, ਕਿੱਲਾ, ਕੋਈ ਫੜਨ ਵਾਲੀ ਚੀਜ਼।

Holding, *n.* ਹੋਲਡਿੰਗ—ਕਾਸ਼ਤ, ਪੱਟਾ, ਇਜਾਰਾ, ਪਿੰਡ ਦਾ ਹਿਸਾਬ।

Hole, *n.* ਹੋਲ—ਛੇਦ, ਛੇਕ, ਸੁਰਾਖ਼, ਮੋਰੀ, ਖਿੱਲ, ਖੁੱਡ, ਮੂੰਹ, ਘਾਣ।

Holiday, *n.* ਹੌਲੀਡੇ—ਤਿਹਾਰ, ਤਿਉਹਾਰ, ਉਤਸਵ ਪਰਬ; ਛੁੱਟੀ, ਆਰਾਮ ਦਾ ਦਿਨ।

Holiness, *n.* ਹੋਲੀਨੈਸ—ਪਵਿੱਤ੍ਰਤਾ, ਧਰਮ ਸ਼ੀਲਤਾ; ਪਿਉਤ੍ਰਾ, ਭਗਤ।

Holla *n.* ਹੋਲਲਾ—ਪੁਕਾਰ, ਚੀਖ; ਘੋੜੇ ਦੇ ਠਹਿਰਾਨ ਦਾ ਵਾਕ; ਬੱਸ ਬੇਟਾ ਬੱਸ।

Holland, *n.* ਹੋਲਲੈਂਡ-ਸਣ ਦਾ ਕੱਪੜਾ।

Hollo, Hollea, *Int.* ਹੋਲਲੋ-ਆਸੀ, ਹੇ, ਏ।

Hollo, *v. i.* ਹੋਲਲੋ—ਪੁਕਾਰਨਾ, ਚੀਖਣਾ, ਚਿਲਾਉਣਾ।

Hollow, *a.* ਹੋਲੋ—ਖੋਖਲਾ, ਪੋਲਾ, ਥੋਥਾ, ਖਾਲੀ; ਝੂਠਾ; *n.* ਛੇਦ, ਛੇਕ; ਗਾੜ੍ਹਾ, ਟੋਆ, ਖੰਦਕ; ਖੋਖਲਾਪਨ; *v. t.* ਖਾਲੀ, ਖੋਖਲਾ, ਪੋਲਾ ਜਾ ਥੋਥਾ ਕ०।

Hollowness, *n.* ਹੋਲੋਨੇਸ-ਪੋਲ।

Holocaust, *n.* ਹੋਲੋਕੌਸਟ-ਹੋਮ, ਆਹੁੱਤੀ, ਹਵਨ, ਇਕ ਪ੍ਰਕਾਰ ਦਾ ਬਲੀਦਾਨ।

Holster, *n.* ਹੋਲਸਟਰ-ਪਿਸਤੌਲਖ਼ਾਨਾ।

Holt, *n.* ਹੋਲਟ-ਜੰਗਲ ਬਨ, ਰੱਖ, ਕੁੰਜ।

Holy, *a.* ਹੋਲੀ—ਭਗਤ, ਧਰਮਾਤਮਾ, ਸੁੱਚਾ, ਪਵਿੱਤਰ, ਸਾਧੂ, ਧਾਰਮਿਕ, ਨਿਰਅਪਰਾਧ।

Homage, *n.* ਹੋਮੇਜ-ਸੇਵਾ, ਟਹਲ, ਪੂਜਾ, ਸਤਕਾਰ।

Home, *n.* ਹੋਮ-ਘਰ, ਮਕਾਨ, ਥਾਂ, ਜਨਮ ਭੂਮੀ, ਮਕਾਨ, ਡੇਰਾ; *a.* ਘਰ ਦਾ, ਦੇਸੀ, ਆਪਣਾ; ਸਖ਼ਤ, ਭਾਰੀ; *adv.* ਘਰ ਨੂੰ, ਨੇੜੇ, ਪਾਸ, ਕੋਲ, ਨਜ਼ਦੀਕ।

Homeliness, *n.* ਹੋਮਲੀਨੈਸ—ਸਰਲਤਾ, ਸੁਗਮਤਾ, ਸਾਦਗੀ, ਸਾਦਾਪਨ।

Homely, *a.* ਹੋਮਲੀ-ਭੱਦਾ, ਸਾਦਾ, ਰੁੱਖਾ, ਬਿਨ ਛਿਲਿਆ, ਕੁਦਰਤਾ।

Home-made, *a.* ਹੋਮਮੇਡ-ਘਰ ਦਾ ਬਣਿਆ ਹੋਇਆ, ਦੇਸੀ, ਖਾਨਗੀ।

Homestead, *n.* ਹੋਮਸਟੈਡ-ਰਹਿਣ ਦੀ ਜਗ੍ਹਾ, ਗ੍ਰਹ ਭੂਮੀ, ਘਰ ਦੀ ਥਾਂ।

Homicide, *n.* ਹੋਮੀਸਾਇਡ—ਮਨੁੱਖ ਘਾਤ, ਨਰ ਹਿੰਸਾ; ਖ਼ੂਨੀ, ਕਾਤਲ ।

Homilist, *n.* ਹੋਮੀਲਿਸਟ–ਉਪਦੇਸ਼ਕ ।

Homily, *n.* ਹੋਮੀਲੀ–ਉਪਦੇਸ਼, ਨਸੀਹਤ ।

Hominy, *n.* ਹੋਮੀਨੀ–ਦਲਆ, ਰਬੜੀ ।

Homo, *n.* ਹੋਮੋ–ਹਮ, ਸਮ ।

Homœpathy, *n.* ਹੋਮੋਪੈਥੀ—ਔਗ ਦਾ ਸੜਿਆ ਅੰਗ ਨਾਲ ਠੀਕ ਹੁੰਦਾ ਹੈ ਇਸ ਤਰਾਂ ਦੀ ਚਕਿਤਸਾ ।

Homogeneous, *a.* ਹੋਮੋਜੀਨਸ—ਸਜਾਤੀ ਉਸੇ ਪ੍ਰਕਾਰ ਦਾ ।

Hone, *n.* ਹੋਨ–ਸਾਣ ਜਿਸਤੇ ਹਥਿਆਰ ਤਿਖੇ ਕਰਦੇ ਹਨ; *v. t.* ਧਾਰ ਬਣਾਉਣੀ, ਤਿੱਖਾ ਕ੦, ਸਾਨ ਤੇ ਲਗਾਉਣਾ ।

Honest, *a.* ਔਨੇਸਟ–ਸੱਚਾ, ਧਾਰਮਕ, ਖਰਾ, ਠੀਕ, ਮੋਤਬਿਰ, ਦਿਆਨਤਦਾਰ ।

Honestly, *adv* ਔਨੇਸਟਲੀ–ਨਿਆਇ, ਧਰਮ ਜਾਂ ਸੱਚਾਈ ਨਾਲ ।

Honesty, *n.* ਔਨੇਸਟੀ–ਸਚਾਈ, ਖਰਾਪਨ ।

Honey, *n.* ਹਨੀ—ਸ਼ਹਦ, ਸ਼ਹਤ, ਮਾਖਿਓਂ; ਮਧੂ ਮਿੱਠਾ; *v. t.* ਸ਼ਹਦ ਲਗਾਉਣੀ ।

Honeycomb, *n.* ਹਨੀਕੋਮਬ—ਸ਼ਹਤ ਦਾ ਛੱਤਾ ਖੱਖਰ; ਛੇਕਾਂ ਵਾਲਾ ਢਾਲਿਆ ਹੋਇਆ ਲੋਹਾ ।

Honeymoon *n.* ਹਨੀਮੂਨ–ਚਾਨਣੀ ਰਾਤ; ਵਿਆਹ ਦਾ ਪਹਲਾ ਮਹੀਨਾ, ਚਣ ਰਾਤ ।

Honied, *a.* ਹਨਿਡ–ਮਿੱਠਾ, ਸ਼ਹਦ ਵਾਲਾ ।

Honour, *n.* ਆਨਰ–ਸਤਿਕਾਰ, ਮਾਨ ਆਦਰ, ਪੂਜਾ; ਖਦਵੀ; ਪਤ, ਵਡਿਆਈ; ਆਨ ਬਾਨ ਠਾਠ ਬਾਠ; *v. t.* ਆਦਰ ਜਾਂ ਮਾਨ ਕ੦ ।

Honourable, *a.* ਆਨਰੇਬਲ–ਪੂਜਯ, ਇੱਜ਼ਤਦਾਰ, ਮੋਤਬਿਰ, ਉਚਿਤ, ਸਾਖਵਾਲਾ; ਆਦਰ ਜੋਗ, ਸਾਹਿਬ ਅਥਤੁ, ਸ਼ਰੀਫ਼ ।

Honourably, *adv.* ਆਨਰੇਬਲੀ–ਸਤਿਕਾਰ ਜਾਂ ਇੱਜ਼ਤ ਨਾਲ ।

Honorary, *a.* ਆਨਰੇਰੀ—ਇੱਜ਼ਤ ਦਾ, ਵਜ਼ੀਫ਼ਾ ।

Hood, *n.* ਹੁੱਡ–ਟੋਪੀ, ਟੋਪ; ਓੜ੍ਹਨੀ ।

Hoodwink, *v. t* ਹੁਡਵਿੰਕ–ਅੱਖਾਂ ਬੰਦ ਕਰਨਾ ਆਂ, ਅੱਖਾਂ ਵਿੱਚ ਮਿੱਟੀ ਪਾਉਣੀ; ਛਲਨਾ, ਠੱਗਨਾ; ਕੱਸਣਾ, ਢੱਕਨਾ ।

Hoof, *n.* ਹੂਫ਼–ਸੁਮ, ਖੁਰ ।

Hook, *n.* ਹੁਕ–ਕਾਂਟਾ, ਕੁੰਡਾ, ਅੰਕਸ; ਦਾਤਰੀ; *v. t.* ਕੁੰਡੇ ਨਾਲ ਫੜਨਾ, ਅਟਕਾਉਣਾ, ਕੁੰਡੇ ਵਿੱਚ ਪਾਉਣਾ, ਜੋੜਨਾ, *v. i.* ਝੁਕਨਾ, ਟੇਢਾ ਹੋਣਾ, ਮੁੜਨਾ ।

Hoop, *n.* ਹੂਪ—ਗੋਲ ਵਸਤੂ, ਘੇਰਾ, ਛੱਲਾ, ਕੁੰਡਲ; ਚੀਖ, ਲਲਕਾਰ; *v. t.* ਘੇਰਨਾ, ਚੱਕ੍ਰ ਬਨਾਉਣਾ; *v. i.* ਚੀਖ ਮਾਰਨੀ, ਲਲਕਾਰਨਾ ।

Hooping-cough, *n.* ਹੂਪਿੰਗਕਫ਼–ਕੁੱਕੜ ਖੰਘ ਕਾਹਰੀ ਖੰਘ ।

Hoot, *n.* ਹੂਟ–ਰੋਲਾ, ਪੁਕਾਰ, ਲਲਕਾਰ; *v. t.* ਹੂ ਹੂ ਕ੦, ਲਲਕਾਰਨਾ; ਭੋਂਡੀ ਮਾਰਨੀ ।

Hop, *v. i.* ਹੋਪ—ਨਚਨਾ, ਕੁੱਦਨਾ, ਫੁਦਕਨਾ, ਉੱਛਲਨ; *n* ਨਾਚ, ਉੱਛਲ, ਕੁਦ; ਇੱਕ ਬੇਲ ਦੀ ਹੁੱਦ; ਇੱਕ ਪ੍ਰਕਾਰ ਦਾ ਰੁੱਖ ਜੋ ਸ਼ਰਾਬ ਬਨਾਉਣ ਦੇ ਕੰਮ ਆਉਂਦਾ ਹੈ ।

Hope *n.* ਹੋਪ—ਆਸਰਾ, ਆਸ, ਸਹਾਰਾ, ਭਰੋਸਾ, ਉਮੈਦ; *v. t.* ਆਸ ਰੱਖਣੀ, ਭਰੋਸਾ ਕ੦ ਉਮੈਦ ਰੱਖਣਾ ।

Hopeful, *a.* ਹੋਪਫੁਲ–ਆਸਾਵੰਦ, ਉਮੈਦਵਾਰ ।

Hopefulness, *n.* ਹੋਪਫੁਲਨੈਸ–ਉਮੈਦਵਾਰੀ ।

Hopeless, *a.* ਹੋਪਲੈਸ–ਆਸਾਹੀਨ, ਨਿਰਾਸ, ਨਾਉਮੈਦ; ਜਿਸ ਥਾਂ ਕੁਝ ਆਸਾ ਨਾ ਹੋਵੇ ।

Horal, Horary, *a.* ਹੋਰਲ, ਹੋਰੇਰੀ—ਘੰਟੇ ਭਰ ਦਾ ।

Horde, *n.* ਹੋਰਡ–ਦਲ, ਫਿਰਕਾ, ਸਾਥੀ ।

Horizon, *n.* ਹੋਰੀਜ਼ਨ–ਅਸਮਾਨ ਦਾ ਘੇਰਾ, ਦਿਸ਼ਾ ਮੰਡਲ, ਅਕਾਸ਼ ਕਾਰਕ, ਮਨ ਅਸਥਾਨ ।

Horizontal, *a.* ਹੋਰੀਜ਼ਾਂਟਲ–ਉਫ਼ਕੀ, ਡਿੰਗਾ ਜਿਹਾ ।

Horn, *n* ਹੋਰਨ—ਸਿੰਗ, ਨਰਸਿੰਗਾ, ਤੁਰਹੀ; ਖੱਪਰ, ਪਿਆਲਾ; ਚੀਜ਼ ਦੀ ਮੁੱਛ; ਮੋੜਦਾਰ ਸੋਟਾ; ਮੋੜਲ ।

Hornet, *n.* ਹੋਰਨੈਟ ਭੇਮੂ, ਭੂੰਡ ਭਿੜ ।

Hornless *a.* ਹੋਰਨਲੈਸ–ਸਿੰਗਹੀਨ, ਬੇਸਿੰਗਾ ।

Horny, *a.* ਹੋਰਨੀ–ਸਿੰਗ ਦਾ, ਸ਼ਾਖ਼ਦਾਰ ।

Horologe, *n.* ਹੋਰੋਲੋਗ–ਘੜੀ ।

Horology, Horography, *n.* ਹੋਰੋਲੋਜੀ, ਹੋਰੋਗਰਾਫ਼ੀ—ਸਮਯ ਗਿਣਤ, ਸਮਯ ਨਾਪਨ ਦੀ ਵਿੱਦਯਾ, ਵੇਲਾ ਮਿਣਨ ਦੀ ਵਿੱਦਯਾ।

Horoscope, *n.* ਹੋਰਸਕੋਪ—ਲਗਨ ਕੁੰਡਲੀ, ਜਨਮ ਪਤ੍ਰੀ, ਜ਼ਾਯਚਾ।

Horrible, Horrid, *a.* ਹੌਰੀਬਲ, ਹੌਰਿਡ—ਭਿਆਨਕ, ਡਰਾਉਣਾ।

Horrify, *v. t.* ਹੌਰੀਫ਼ਾਈ—ਡਰਾਉਣਾ, ਭਯ ਯਾ ਡਰ ਦਿਖਾਉਣਾ।

Horror, *n.* ਹੌਰਰ—ਡਰ, ਭਯ, ਖ਼ੌਫ਼।

Horse, *n.* ਹੌਰਸ—ਘੋੜਾ, ਅਸ਼ਵ; ਸਵਾਰ, ਘੁੜ ਚੜ੍ਹਾ; *v. t.* ਘੋੜੇ ਪੁਰ ਚੜ੍ਹਨਾ, ਸਵਾਰੀ ਕਰਨੀ; ਘੋੜੀ ਭਰਨਾ।

Horseback, *n.* ਹੌਰਸਬੈਕ—ਘੋੜੇ ਦਾ ਲੱਕ।

Horsebreaker, *n.* ਹੌਰਸਬਰੇਕਰ—ਚਾਬੁਕ ਸਵਾਰ, ਘੋੜਾ ਫੇਰਨ ਵਾਲਾ।

Horseman, *n.* ਹੌਰਸਮੈਨ—ਸਵਾਰ, ਘੁੜ ਚੜ੍ਹਾ।

Horse-race, *n.* ਹੌਰਸਰੇਸ—ਘੋੜ ਦੌੜ।

Horseshoe, *n.* ਹੌਰਸਸ਼ੂ—ਘੋੜੇ ਦੀ ਨਾਲ।

Hortative, *a.* ਹੌਰਟੇਟਿਵ—ਉਪਦੇਸ਼ਕ, ਮੱਤ ਦੇਣ ਵਾਲਾ, ਸਲਾਹਕਾਰ।

Hortation, *n.* ਹੌਰਟੇਸ਼ਨ—ਉਪਦੇਸ਼, ਸਿੱਖਯਾ।

Horticulture, *n.* ਹੌਰਟੀਕਲਚਰ—ਬਾਗ਼ਬਾਨੀ, ਉਦਯਾਨ (ਰੁੱਖਾਂ ਦੀ) ਵਿੱਦਯਾ।

Hortulan, *a.* ਹੌਰਟੂਲਨ—ਬਾਗ਼ ਸੰਬੰਧੀ, ਉਦਯਾਨ ਦਾ, ਬਾਗ਼ ਦਾ।

Hose, *n.* ਹੋਜ਼—ਘੁਟੰਨਾ, ਪਾਜਾਮਾ; ਮੌਜ਼ਾ, ਜੁਰਾਬ; ਚੰਮ ਦੀ ਨਲੀ।

Hosier, *n.* ਹੋਜ਼ੀਅਰ—ਜੁਰਾਬਾਂ ਦਾ ਬਿਓਪਾਰੀ, ਮੌਜ਼ੀਆਂ ਵੇਚਨ ਵਾਲਾ, ਜੁਰਾਬਾਂ ਬਨਾਉਣ ਵਾਲਾ।

Hospitable, *a.* ਹੌਸਪੀਟੇਬਲ—ਪਰੋਹਣਿਆਂ ਪੁਰ ਦਿਆਲੂ, ਅਤਿਥੀ ਸੇਵਕ, ਦਾਤਾ, ਦਾਨੀ।

Hospital, *n.* ਹੌਸਪੀਟਲ—ਰੋਗ ਸ਼ਾਲਾ, ਸ਼ਫ਼ਾਖ਼ਾਨਾ, ਹਸਪਤਾਲ।

Hospitality, *n.* ਹੌਸਪੀਟੈਲਿਟੀ—ਸਤਕਾਰ, ਅਤਿਥੀ ਸੇਵਾ, ਮਹਮਾਨਦਾਰੀ।

Host, *n.* ਹੌਸਟ—ਮਹਮਾਨ ਨਵਾਜ਼, ਭਠਿਆਰਾ; ਫ਼ੌਜ, ਸੈਨਾ, ਕਟਕ, ਦਲ, ਲਸ਼ਕਰ; ਭੀੜ।

Hostage, *n.* ਹੌਸਟੇਜ—ਸ਼ਰੀਰ ਬੰਧਕ।

Hostel, Hostelry, Hostry, *n.* ਹੌਸਟਲ, ਹੌਸਟਲਰੀ, ਹੌਸਟਰੀ—ਸਰਾਂ, ਮੁਸਾਫ਼ਰਖ਼ਾਨਾ, ਯਾਤਰੀ ਸਥਾਨ; ਤਬੇਲਾ, ਘੁੜਸ਼ਾਲਾ।

Hostess, *n.* ਹੌਸਟੈਸ—ਭਠਿਆਰੀ, ਅਤਿਥੀ ਸੇਵਕਾ, ਮੇਹਤਰਾਨੀ।

Hostile, *a.* ਹੌਸਟਾਈਲ—ਵੈਰੀ, ਦੁਸ਼ਮਨ, ਵਿਪਰੀਤ, ਵਿਰੋਧੀ।

Hostility, *n.* ਹੌਸਟੀਲਿਟੀ—ਯੁੱਧ, ਵੈਰ, ਦੁਸ਼ਮਨੀ, ਜੰਗਬਾਜ਼ੀ, ਲੜਾਈ, ਫ਼ਸਾਦ।

Hot, *a.* ਹੌਟ—ਤੱਤਾ, ਗਰਮ, ਉਸ਼ਨ, ਮਸਤ, ਕਾਮੀ; ਕੌੜਾ, ਤੇਜ਼, ਵੱਡਾ, ਭਾਰੀ, ਸਖ਼ਤ।

Hotel, *n.* ਹੋਟਲ—ਮੁਸਾਫ਼ਿਰਖ਼ਾਨਾ, ਸਰਾਯ।

Hotness, *n.* ਹੌਟਨੈਸ—ਤੁੱਸੀ, ਗਰਮੀ, ਤੇਜ਼ੀ।

Hough, *n.* ਹੋਕ—ਜਨੌਰ ਦੀ ਪਿਛਲੀ ਟੰਗ ਦਾ ਜੋੜ ਜੋ ਰਾਨ ਨਾਲ ਮਿਲਿਆ ਹੁੰਦਾ ਹੈ; *v. t.* ਰਾਨ ਦੀ ਨਸ ਕੱਟਣਾ, ਲੰਙਾ ਕ੦।

Hound, *n.* ਹੌਂਡ—ਸ਼ਿਕਾਰੀ ਕੁੱਤਾ; *v. t.* ਲਪਕਣਾ, ਸ਼ਿਕਾਰ ਕ੦।

Hour, *n.* ਅਵਰ—ਇਕ ਘੰਟਾ, ਢਾਈ ਘੜੀ; ਕਾਲ, ਵੇਲਾ, ਸਮਯ।

Hour-glass, *n.* ਅਵਰਗਲਾਸ—ਰੇਤ ਘੜੀ।

Hourhand, *n.* ਅਵਰਹੈਂਡ—ਘੰਟੇ ਦੀ ਸੂਈ।

Hourly, *adv.* ਅਵਰਲੀ—ਘੜੀ ਘੜੀ, ਅੱਠੋ ਪਹਰ, ਹਰ ਘੜੀ।

Houri, *n.* ਹੂਰੀ—ਹੂਰ, ਪਰੀ।

House, *n.* ਹੌਸ—ਘਰ, ਹਵੇਲੀ, ਗ੍ਰਹ, ਕੋਠੀ; ਕੁਟੰਬ, ਘਰਾਨਾ; ਕਾਰਖ਼ਾਨਾ; *v. t.* ਠੈਹਰਾਨਾ, ਮਕਾਨ ਯਾ ਘਰ ਵਿੱਚ ਰੱਖਣਾ, ਉਤਾਰਨਾ; ਛੁਪਾਉਣਾ, ਛਾਂ ਵਿੱਚ ਰੱਖਣਾ; ਦੱਬਣਾ, ਗੱਡਣਾ; *v. i.* ਰਹਨਾ, ਠੈਹਰਨਾ, ਟਿਕਣਾ।

Household, *n.* ਹੌਸਹੋਲਡ—ਘਰਾਨਾ, ਕੁਟੰਬ, ਵੰਸ਼, ਕੁਨਬਾ; *a.* ਕੁਟੰਬੀ, ਘਰਾਨੇ ਸੰਬੰਧੀ।

Housemaid, *n.* ਹੌਸਮੇਡ—ਦਾਸੀ, ਲੌਂਡੀ, ਟਹਲਨ, ਨੌਕਰਾਨੀ।

Hovel, *n.* ਹੌਵਲ—ਛੱਪਰ, ਝੌਂਪੜੀ, ਕੁਟੀਆ।

Hover, *v. t.* ਹੋਵਰ—ਘੁੱਮਣਾ, ਫਿਰਨਾ, ਚੱਕਰ ਖਾਣੇ, ਮੰਡਲਾਉਣਾ, ਲਟਕਣਾ।

How, *adv.* ਹੌ—ਕੈਸੇ, ਕਿਸ ਪ੍ਰਕਾਰ, ਕੀਕੁਰ, ਕਿੱਦਾਂ, ਕਿਸ ਤਰਾਂ; ਕਿਸ ਲਈ, ਕਿਸ ਕਾਰਣ।

However, *adv.* ਹੌਐਵਰ-ਮਗਰ, ਤਦ ਵੀ, ਫਿਰ ਵੀ, ਤਥਾਪੀ, ਤੌਭੀ ।

Howl, *n.* ਹੌਲ-ਪੁਕਾਰ, ਚੀਕ, ਸ਼ੋਰ, ਵਾਵੇਲਾ; ਭੇੜੀਏ ਯਾ ਕੁੱਤੇ ਦੀ ਬੋਲੀ; *v.t.* ਭੌਂ ਭੌਂ ਕ०, ਭੌਂਕਨਾ; ਰੋਨਾ; ਗੱਜਨਾ, ਗੂੰਜਨਾ ।

Howlet, *n.* ਹੌਲੈਟ-ਉੱਲੂ ਦਾ ਪੱਠਾ ।

Howsoever, *a.* ਹੌਸੋਐਵਰ-ਕੈਸੀ ਹੀ ।

Hoy, *n.* ਹੌਏ-ਇਕ ਛੋਟੀ ਨਾਓ ਯਾ ਕਿਸ਼ਤੀ ।

Hub, *n.* ਹੱਬ-ਪਹੀਏ ਦੀ ਨਾਹ ।

Hubbub, *n.* ਹੁਬਬ-ਹਲਚਲ, ਹੁੱਲੜ, ਖੜ-ਬੜੀ, ਅਫੜਾ ਤਫੜੀ; ਹਲਚਲ ।

Huckaback, *n.* ਹੱਕਾਬੈਕ-ਖੇਸ ਦੀ ਬੁਨਾਵਟ ਦਾ ਕੱਪੜਾ ।

Huckster, *n.* ਹਕਸਟਰ—ਕਮਾਤੀ, ਫੇਰੀ ਫਿਰਨ ਵਾਲਾ, ਵਨਜਾਰਾ ।

Huddle, *n.* ਹੱਡਲ—ਭੀੜ, ਬਖੇੜਾ; *v. i.* ਇਕੱਠਾ ਹੋਨਾ, ਭੀੜ ਕਰਨੀ; *v. t.* ਜਲਦੀ ਕ०, ਹੜਬੜੀ ਕ०; ਲਪਟ ਰੱਖਨਾ, ਤੈਹ ਕ०; ਘਾਲਮੇਲ ਕ०, ਮਿਲਾ ਦੇਨਾ ।

Hue, *n.* ਹ੍ਯੂ-ਰੌਲਾ, ਖੱਪ, ਝਮੇਲਾ, ਚਿੱਲਾਹਟ ।

Huff, *n.* ਹੱਫ-ਰਿੜਚਿੜਾਹਟ, ਤਾਓ, ਕਰੋਧ, ਸ਼ੀਂਗੀਆ; *v. i.* ਭੜਕਨਾ, ਫੁਲਨਾ ।

Hug, *n.* ਹਗ—ਗਲੇ ਲਗਾਉਨਾ, ਗੋਦ ਵਿੱਚ ਲੈਨਾ, ਕੁੱਛੜ ਚੁੱਕਨਾ, ਪਿਆਰ ਕ० ।

Huge, *a.* ਹ੍ਯੂਜ-ਬਹੁਤ ਵੱਡਾ, ਫੈਲਿਆ ਹੋਯਾ, ਵਿਸਤ੍ਰਿਤ, ਖੁੱਲ੍ਹਾ ।

Hulk, *n.* ਹੁਲਕ-ਪੁਰਾਨੇ ਜਹਾਜ਼ ਦੀ ਕੋਠੀ ।

Hull, *n.* ਹੁੱਲ-ਛਿਲਕਾ, ਖੋਲ, ਛਿੱਲੜ; *v. t* ਛਿਲਕਾ ਉਤਾਰਨਾ; ਜਹਾਜ਼ ਦੇ ਪੇਟੇ ਪੁਰ ਗੋਲਾ ਮਾਰਨਾ ।

Hum, *v. t.* ਹਮ-ਹੂੰ ਹੂੰ ਕ०, ਘੁਨਘੁਨਾਉਨਾ ਭਿਨਭਿਨਾਉਨਾ, ਭਿਨਕਨਾ; *n.* ਭਿਨਕ, ਭਿਨ-ਭਿਨਾਹਟ, ਘੁਨਘੁਨਾਹਟ ।

Human, *a.* ਹ੍ਯੂਮਨ-ਇਨਸਾਨੀ, ਮਨੁਸ਼ ਜਾਤੀ ਦਾ, ਆਦਮੀ ਦਾ; *n.* ਆਦਮੀ, ਪੁਰਖ, ਜਨ

Humane, *a.* ਹ੍ਯੂਮੇਨ—ਦਿਆਲੂ, ਮੋਮਦਿਲ ਪਰਉਪਕਾਰੀ, ਨਰਮ ਦਿਲ ।

Humanity, *n.* ਹ੍ਯੂਮੈਨੇਟੀ-ਮਨੁਸ਼ਜਤਾ, ਭਲ ਮਨਸਾਊ ।

Humanize, *v. t.* [illegible] ਉਨਾ, ਦਿਆਲੂ ਯਾ ਨਰਮ ਦਿਲ ਬਨਾਉਨਾ ।

Human-kind, *n.* ਹ੍ਯੂਮਨ ਕਾਇੰਡ—ਮਨੁੱਖ ਜਾਤੀ, ਬਨੀ ਆਦਮ, ਆਦਮੀਜ਼ਾਦ ।

Humble, *a.* ਹੰਬਲ—ਨਿਮਾਨਾ, ਬਿਚਾਰਾ, ਸਾਦਾ, ਸੁਸ਼ੀਲ; ਨੀਚ, ਅਧਮ, ਨਰਮ, ਦੀਨ; *v. t.* ਤੋੜ ਦੇਨਾ, ਅਧੀਨ ਯਾ ਨਿਰਬਲ ਕ० ।

Humbleness, *n.* ਹੰਬਲਨੈਸ-ਦੀਨਤਾ, ਗਰੀ-ਬੀ, ਨਿਮਰਤਾ, ਨਰਮੀ, ਗਰੀਬੀ ।

Humbly, *adv.* ਹੰਬਲੀ-ਦੀਨਤਾ ਯਾ ਨਿਮਰ-ਤਾ ਨਾਲ ।

Humbug, *n.* ਹਮਬਗ—ਝੂਠ, ਧੋਖਾ, ਛਲ; *v. t.* ਧੋਖਾ ਦੇਨਾ, ਛਲ ਕ०, ਝੂਠ ਬੋਲਨਾ ।

Humid, *a.* ਹ੍ਯੂਮਿਡ-ਗਿੱਲਾ, ਤਰ, ਭਿਜਿਆ ਹੋਇਆ, ਮਰਤੂਬ ।

Humidity, *n.* ਹ੍ਯੂਮੀਡਿਟੀ-ਤਰੀ, ਤਰਾਵਤ, ਨਮੀ, ਗਿੱਲਾਪਨ ।

Humiliate, *v. t.* ਹ੍ਯੂਮੀਲੀਏਟ-ਦਬਾ ਦੇਨਾ, ਅਧਮ ਕ०, ਸ਼ਰਮਸਾਰ ਕ० ।

Humiliation, *n.* ਹ੍ਯੂਮੀਲੀਏਸ਼ਨ—ਦੀਨਤਾ, ਗਰੀਬੀ; ਰੰਜ ।

Humility, *n.* ਹ੍ਯੂਮੀਲਿਟੀ-ਨਿਮਰਤਾ; ਸ਼ੀਲਤਾ, ਤਾਬੇਦਾਰੀ, ਗਰੀਬੀ ।

Humming, *n.* ਹੱਮਿੰਗ-ਭਿਨਭਿਨਾਹਟ, ਸ਼ਹਦ ਦੀ ਮੱਖੀ ਦਾ ਸ਼ਬਦ (ਆਵਾਜ਼) ।

Humming-bird, *n.* ਹੱਮਿੰਗਬਰਡ—ਇੱਕ ਪ੍ਰਕਾਰ ਦਾ ਪੰਛੀ, ਸ਼ਕਰਖ਼ੋਰਾ ।

Hummock, *n.* ਹੁੱਮਕ-ਟਿੱਬਾ, ਟਿੱਲਾ ।

Humoral, *a.* ਹ੍ਯੂਮੋਰਲ-ਖਿਲਤੀ, ਗੁਣ ਵਾਲਾ, ਸੁਭਾਵਕ ।

Humorist, *n.* ਹ੍ਯੂਮੋਰਿਸਟ—ਹਸਮੁਖਾ, ਮਖ਼ੌ-ਲੀਆ, ਖ਼ੁਸ਼ਤਬਾ ।

Humorous, *a.* ਹ੍ਯੂਮਰਸ-ਠੱਠਾ ਕਰਨ ਵਾਲਾ, ਮਨਮੌਜੀ, ਮਖ਼ੌਲੀਆ, ਠਠੋਲਾ, ਠੱਠੇਬਾਜ਼ ।

Humour, Humer, *n.* ਹ੍ਯੂਮਰ—ਬਲਗ਼ਮ, ਮਵਾਦ; ਸੁਭਾਵ; ਹਾਸੀ, ਠੱਠਾਪਨ; ਲਹਰ, ਮਨ ਦੀ ਮੌਜ; *v. t.* ਸੰਤੁਸ਼ਟ ਕ०, ਮਾਨ ਰੱਖਨਾ, ਕ੍ਰਿਪਾ ਕਰਨੀ, ਖ਼ਾਤਰ ਕ० ।

Hump, *n.* ਹੰਪ-ਕੁੱਬ, ਉਭਾਰ, ਸੋਜ ।

Humpback, *n.* ਹੰਮਬੈਕ-ਕੁੱਬਾ, ਕੁਬੜਾ ।

Hunch, *v. i.* ਹੰਚ–ਹੱਕਣਾ, ਕੋਹਨੀ (ਅੜਕ) ਮਾਰਨੀ; *n.* ਮੁੱਕਾ, ਘੁੱਸਾ, ਕੋਹਨੀ ਜਾਂ ਹੱਥ ਦਾ ਧੱਕਾ ।

Hundred, *a.* ਹੰਡਰਡ—ਸੌ (੧੦੦), ਸੈਂਕੜਾ, ਪੰਜ ਵੀਹਾਂ, ਦੋ ਪਚਾਸੇ ।

Hundred-fold, *n.* ਹੰਡਰਡਫੋਲਡ–ਸੌ ਗੁਣਾਂ ।

Hundredth, *a.* ਹੰਡਰੈਡਥ–ਸੌਵਾਂ ।

Hunger, *n.* ਹੰਗਰ–ਭੁੱਖ, ਖੁਧਾ; *v. i.* ਭੁੱਖ ਲੱਗਣੀ, ਚਾਹੁਣਾ ।

Hungry, *n.* ਹੰਗਰੀ–ਭੁੱਖਾ; ਘੋਸਰ ।

Hunks, *n.* ਹੰਕਸ–ਮੱਖੀਚੂਸ, ਕੰਜੂਸ, ਸੂਮ ।

Hunt, *v. t.* ਹੰਟ–ਪਿੱਛਾ ਕ०, ਸ਼ਿਕਾਰ ਕ०, ਖੋਜ ਕ०; *n.* ਖੋਜ, ਪਿੱਛਾ, ਢੂੰਡ, ਤਲਾਸ਼ ।

Hunter, *n.* ਹੰਟਰ–ਸ਼ਿਕਾਰੀ, ਸ਼ਿਕਾਰਬਾਜ਼ ।

Huntress, *n.* ਹੰਟਰੈਸ—ਸ਼ਿਕਾਰਨ ।

Hurdle, *n.* ਹਰਡਲ–ਟੱਟੀ; *v. t.* ਟੱਟੀ ਲਗਾਉਣੀ, ਬੰਦ ਕ० ।

Hurds, *n.* ਹਰਡਸ—ਸਣ ਜਾਂ ਪਟਸਨ ਦਾ ਛਾਂਟਨ ।

Hurdy-gurdy, *n.* ਹਰਡੀਗਰਡੀ–ਸਰੰਗੀ ਜਾਂ ਇਕਤਾਰੇ ਜੇਹਾ ਤਾਰ ਜਾਂ ਵਾਲ ਲਗਿਆ ਹੋਇਆ ਵਾਜਾ।

Hurl, *v. t.* ਹਰਲ–ਜ਼ੋਰ ਜਾਂ ਬਲ ਨਾਲ ਸੁਟ ਦੇਣਾ; *n.* ਫੈਂਕ, ਬਲਵਾ, ਦੰਗਾ ।

Hurly-burly, *n.* ਹਰਲੀਬਰਲੀ–ਖਲਬਲੀ, ਖੜਬੜੀ, ਹਫੜਾ ਤਫੜੀ ।

Hurra, Hurrah, *Int.* ਹੁਰਰਾ–ਜਯ ਜਯ, ਵਾਹਵਾਹ, ਸ਼ਾਬਾਸ਼ ।

Hurricane, *n.* ਹਰੀਕੇਨ–ਝੱਖੜ, ਵੱਡੀ ਭਾਰੀ ਆਂਧੀ ਜਾਂ ਹਨੇਰੀ, ਤੂਫ਼ਾਨ ।

Hurry, *v. t.* ਹਰੀ—ਜਲਦੀ ਕ०, ਘਬਰਾ ਦੇਣਾ; *n.* ਜਲਦੀ, ਸ਼ਤਾਬੀ, ਹਲਚਲੀ ।

Hurst, *n.* ਹਰਸਟ–ਜੰਗਲ ।

Hurt, *n.* ਹਰਟ—ਹਾਨੀ, ਘਾਉ, ਚੋਟ; *v. t.* ਹਾਨੀ ਕ०, ਘਾਉ ਕ०; ਦੁੱਖ ਪਹੁੰਚਾਉਣਾ ।

Hurtful, *a.* ਹਰਟਫ਼ੁਲ–ਘਾਤਕ, ਹਾਨੀਕਾਰਕ, ਦੁਖਦਾਈ; *n.* Hurtfulness.

Hurtle, *v. t.* ਹਰਟਲ–ਧੱਕਾ ਦੇਣਾ, ਧਕੇਲਣਾ ।

Hurtless, *a.* ਹਰਟਲੈਸ–ਬਿਨ ਹਾਨੀ ।

Husband, *n.* ਹਸਬੈਂਡ–ਕੰਤ, ਗਭਰੂ, ਖੌਂਦ, ਖਸਮ, ਸਵਾਮੀ, ਪਤੀ, ਭਰਤਾ, ਮਾਲਿਕ; ਜੁਗਤੀ; ਕਿਸਾਨ, ਖੇਤੀ ਕਰਨ ਵਾਲਾ, ਪਰਤਾ; *v. t.* ਘੱਟ ਖ਼ਰਚ ਕ०, ਜੁਗਤ ਨਾਲ ਚਲਣਾ; ਬੀਜਣਾ, ਖੇਤੀ ਕ०, ਮੇਤਣਾ ।

Husbandless, *a* ਹਸਬੈਂਡਲੈਸ–ਨਿਖਸਮੀ ।

Husbandman, *n.* ਹਸਬੈਂਡਮੈਨ–ਕਿਸਾਨ; ਘਰ ਦਾ ਵੱਡਾ ਪੁਰਖ, ਪੁਰਖਾ, ਸਰਪਰਸਤ ।

Husbandry, *n.* ਹਸਬੈਂਡਰੀ—ਗ੍ਰਿਹਸਤ; ਕਿਸਾਨੀ, ਖੇਤੀ; ਕਮਖ਼ਰਚੀ ।

Hush, *Int.* ਹਸ਼–ਚੁਪ ਰਹੋ; *v. t.* ਦਬਾਉਣਾ, ਚੁੱਪ ਕ०, ਮੂੰਹ ਬੰਦ ਕ०; ਠੰਡਾ, ਮੰਦਾ ਜਾਂ ਧੀਮਾ ਕ०; *v. i.* ਚੁੱਪ ਹੋਣਾ ।

Hush-money, *n.* ਹਸ਼ਮਨੀ–ਚੁੱਪਕਰਾਈ, ਰਿਸ਼ਵਤ, ਗੁਸ, ਮੂੰਹ ਭਰਾਈ ।

Husk, *n.* ਹਸਕ–ਛਿਲਕਾ, ਛਿੱਲ, ਭੁਸੇ; *v.t.* ਛਿਲਣਾ, ਛਿਲਕਾ ਉਤਾਰਨਾ ।

Husky, *a.* ਹਸਕੀ–ਛਿਲਕੇ ਜਾਂ ਭੁਸੀ ਵਾਲਾ; ਖੁਰਦਰਾ, ਰੁੱਖਾ, ਭਾਰੀ ।

Hussar *n.* ਹੁੱਸਰ–ਵਲੈਤੀ ਘੁੜ ਚੜ੍ਹੇ ਸਿਪਾਹੀਆਂ ਦਾ ਰਸਾਲਾ ।

Hussy, *n.* ਹੁਜ਼ੀ–ਠੰਗਣੀ, ਸਮਾਲੋ ।

Hustle, *v. t.* ਹਸਲ–ਉਝਲ ਪੇਝਲ ਕ० ।

Hut, *n.* ਹਟ–ਝੌਂਪੜੀ, ਝੁੱਗੀ, ਕੁਟੀ; *v.* ਛਪਰਾਂ ਵਿਚ ਉਤਾਰਨਾ ਜਾਂ ਰੱਖਣਾ ।

Hutch, *n.* ਹਚ–ਸੰਦੂਕ, ਪਿੰਜਰਾ ।

Huzza, *n.* ਹੁਜ਼ਾ–ਜਯ ਜਯਕਾਰ; *v. t.* ਜਯ ਜਯਕਾਰ ਕ० ।

Hyacinth, *n.* ਹੀਆਸਿੰਥ—ਸੁੰਬੁਲ, ਇੱਕ ਪ੍ਰਕਾਰ ਦੀ ਮਣਿ ।

Hyades, Hyads, *n.* ਹੀਆਡੈਜ਼, ਹੀਅਡਜ਼—ਸਤਾਰਿਆਂ ਦਾ ਇੱਕ ਗੁੱਛਾ ਜਿਸਦੇ ਨਿਕਲਨ ਪੁਰ ਮੀਂਹ ਵੱਸਦਾ ਹੈ ।

Hyaline, *a.* ਹੀਆਲਿਨ–ਸ਼ੀਸ਼ੇ ਦਾ, ਸ਼ੀਸ਼ੇ ਜਾਂ ਬਲੌਰ ਜੇਹਾ ।

Hybrid, *n.* ਹੀਬਰਿਡ—ਸੰਕਰਾ ਜਾਂ ਦੋਗਲਾ ਜਾਤ; *a.* ਦੋਗਲਾ, ਦੋ ਨਸਲਾ ।

Hydatis, *n.* ਹੀਡੇਟਿਸ–ਛਾਲਾ, ਫਫੋਲਾ ।

Hydra, *n.* ਹੀਡਰਾ—ਪਾਣੀ ਦਾ ਸੱਪ; ਬਹੁਤ ਸਿਰਾਂ ਦਾ ਸਵਾਂਗ, ਕਵਨ ।

Hydraulican, *n.* ਹਾਈਡਰੌਲੀਕਨ—ਜਲ ਤਰੰਗ, ਪਾਣੀ ਦਾ ਵਾਜਾ ।

Hydraulics, *n.* ਹਾਈਡਰੌਲਿਕਸ—ਉਦਕ ਗਤਿ ਵਿਦਿਆ, ਪਾਣੀ ਦੇ ਚਾਲ ਦੀ ਵਿੱਦਿਆ ।

Hydrodynamics, *n.* ਹੀਡਰੋਡੀਨੈਮਿਕਸ-ਪਾਣੀ ਦੀ ਚਾਲ, ਪਣਚਾਲ ।

Hydrogen, *n.* ਹਾਈਡਰੋਜਨ-ਜਲ ਜਨਕ ਵਾਯੂ, ਓਹ ਵਾਯੂ ਜੋ ਪਾਣੀ ਦਾ ਇਕ ਅੰਗ ਹੈ ।

Hydrography, *n.* ਹਾਈਡਰੋਗਰਾਫੀ—ਸਮੁੰਦਰ ਯਾ ਨਦੀ ਦੇ ਮਾਪ ਦੀ ਵਿੱਦਿਆ ।

Hydrology, *n.* ਹਾਈਡਰੋਲੋਜੀ-ਜਲ ਵਿੱਦਿਆ।

Hydromancy, *n.* ਹਾਈਡਰੋਮੈਨਸੀ—ਪਾਣੀ ਦੁਆਰਾ ਸ਼ਗਨ ਲੈਣ ਦਾ ਢੰਗ ।

Hydromel, *n.* ਹਾਈਡਰੋਮੈਲ-ਸ਼ਹਦ ਤੇ ਪਾਣੀ ਦਾ ਸ਼ਰਬਤ ।

Hydrometry, *n.* ਹੀਡਰੋਮੇਟਰੀ-ਸ਼ਰਾਬ ਦੀ ਤੇਜ਼ੀ ਮਿਣਨ ਦਾ ਹੁਨਰ ।

Hydropathy, *n.* ਹੀਡਰੋਪੈਥੀ—ਜਲ ਚਕਿਤਸਾ, ਇਲਾਜ ਪਾਣੀ ।

Hydrophobia, *n.* ਹੀਡਰੋਫੋਬੀਆ—ਜਲ ਭਯ ਰੋਗ ਜੋ ਪਾਗਲ ਕੁੱਤੇ ਦੇ ਕੱਟਣ ਥੀਂ ਹੁੰਦਾ ਹੈ, ਹਲਕ ।

Hydropic, *a.* ਹੀਡਰੋਪਿਕ-ਜਲੋਦਰੀ, ਆਬੀ।

Hydrostatics, *n.* ਹੀਡਰੋਸਟੈਟਿਕਸ—ਪਣਤੋਲ; ਜਲ ਵਿੱਦਿਆ ।

Hydrotic, *n.* ਹੀਡਰੋਟਿਕ—ਓਹ ਦੁਆ ਜੋ ਪਾਣੀ ਅਤੇ ਬਲਗਮ ਨੂੰ ਕੱਢੇ ।

Hyemal, *a.* ਹੀਮਲ-ਜਾੜੇ ਦਾ, ਸਰਮਾਈ ।

Hygeia, *n.* ਹੀਜੀਆ-ਅਰੋਗਤਾ ਦੀ ਦੇਵੀ ।

Hygrology, *n.* ਹੀਜਰੋਲੋਜੀ—ਦੇਹ ਰਸ ਵਿੱਦਿਆ ।

Hygrometer, Hygroscope, *n.* ਹੀਗਰੋਮੇਟਰ, ਹੀਗਰੋਸਕੋਪ—ਵਾਯੂ ਦੀ ਤਰੀ ਨਾਪਣ ਦਾ ਜੰਤਰ ।

Hylozoic, *n.* ਹੀਲੋਜ਼ੋਇਕ—ਪਰਕ੍ਰਿਤੀ ਨੂੰ ਸਜੀਵ ਸਮਝਣ ਵਾਲਾ ।

Hymen, *n.* ਹੀਮੈਨ—ਵਿਆਹ ਦਾ ਦੇਵਤਾ; ਭਗ ਦਾ ਪਰਦਾ ।

Hymn, *n.* ਹਿਮ-ਉਸਤਤੀ, ਭਜਨ; *v. t.* ਉਸਤਤੀ ਯਾ ਭਜਨ ਕ० ।

Hymnic, *a.* ਹਿਮਨਿਕ-ਭਜਨ ਦਾ, ਧਾਰਮਿਕ ਮਜ਼ਹਬ ਦਾ ।

Hymnology, *n.* ਹਿਮਨੋਲੋਜੀ-ਭਜਨ ਪੁਸਤਕ, ਗੀਤਾਵਲੀ ।

Hyp, *n.* ਹਿਪ-ਉਦਾਸੀ, ਸੁਸਤੀ; *v. i.* ਸੁਸਤ ਯਾ ਉਦਾਸ ਕ० ।

Hyperbole, *n.* ਹੀਪਰਬੋਲ—ਉਚਿਤ ਥੀਂ ਵਧੀਕ ਉਸਤਤੀ ।

Hyphen, *n.* ਹੀਫਨ—ਸ਼ਬਦ ਵਿਭਾਗਕਾਰੀ ਚਿੰਨ੍ਹ ਜੋੜਾ (-) ।

Hypnotic, *a.* ਹਿਪਨੋਟਿਕ-ਨੀਂਦ ਲਿਆਉਣ ਵਾਲੀ ।

Hypocrisy, *n.* ਹੀਪੋਕਰੀਸੀ-ਦੰਭ, ਕਪਟ, ਫ਼ਰੇਬ, ਛਲ ।

Hypocrite, *n.* ਹਿਪੋਕਰਿਟ-ਕਪਟੀ, ਅਧਰਮੀ ਦੋਰੰਗੀ, ਫ਼ਰੇਬੀ ।

Hypocritic, Hypocritical, *a.* ਹੀਪੋਕਰੀਟਿਕ, ਹੀਪੋਕਰੀਟਲ-ਛਲੀ, ਕਪਟੀ, ਛਲੀਆ, ਪਾਖੰਡੀ, ਬਹੁਰੂਪੀਆ ।

Hypotenuse, *n.* ਹਿਪੋਟੀਨੂਜ਼-ਰੇਖਾ ਵਿਸ਼ੇਸ਼, ਵਤਰ ।

Hypothecate, *v. t.* ਹੀਪੋਥੀਕੇਟ-ਬੈਧਕ ਰੱਖਣਾ, ਆੜ ਵਿੱਚ ਰੱਖਣਾ ।

Hypothesis, *n.* ਹੀਪੋਥੀਸਿਸ—ਅਨੁਮਾਨ, ਅਟਕਲ ।

Hypothetic, *a.* ਹੀਪੋਥੀਟਿਕ-ਫ਼ਰਜ਼ੀ ।

Hyssop, *n.* ਹੀਸਪ-ਜੂਫ਼ਾ ।

Hysteria, *n.* ਹਿਸਟੀਰੀਆ-ਵਾਓਗੋਲਾ ।

Hysterics, *n.* ਹਿਸਟੀਰਿਕਸ-ਗ਼ਸ਼ੀ ਜੋ ਇਸਤ੍ਰੀਆਂ ਨੂੰ ਹੋ ਜਾਂਦੀ ਹੈ ।

Hythe, *n.* ਹਿਥ-ਬੰਦਰਗਾਹ ।

I.

I, *pron.* ਆਈ-ਮੈਂ, ਮੈਂਨੇ ।

Ibis, *n.* ਇਬਿਸ-ਮਿੱਸਰ ਦੇਸ ਦੀ ਇਕ ਚਿੜੀ ।

Ice, *n.* ਆਇਸ-ਕਲ (ਮਸ਼ੀਨ) ਦੀ ਬਰਫ਼ ।

Icon, *n.* ਇਕਨ-ਮੂਰਤ, ਪਰਿਤਮਾ, ਤਸਵੀਰ ।

Iconoclast, *n.* ਇਕੋਨੋਕਲਾਸਟ—ਪਰਿਤਮਾ ਤੋੜਨ ਵਾਲਾ, ਮੂਰਤੀ ਖੰਡਨ ਕਰਨ ਵਾਲਾ ।

Iconography, *n.* ਈਕੋਨੋਗਰਾਫ਼ੀ—ਮੂਰਤੀ ਵਰਨਣ, ਬੁੱਤਨਾਮਾ ।

Icteric, *n.* ਇਕਟੈਰਿਕ-ਪਾਂਡੂ ਰੋਗ ਦੀ ਦੁਆ ।

Icteric, Icterical, *a.* ਇਕਟੈਰਿਕ, ਇਕਟੈਰੀਕਲ—ਪਾਂਡੂਰੋਗੀ, ਯਰਕਾਨੀ, ਯਰਕਾਨ ਨੂੰ ਹਟਾਉਣ ਵਾਲੀ ।

Icy, *a.* ਆਈਸੀ—ਬਰਫ਼ ਦਾ, ਬਰਫ਼ ਦਾ ਬਣਿਆ ਹੋਇਆ, ਠੰਡਾ, ਸਰਦ, ਬੇਪਰਵਾਹ ।

Idea, *n.* ਆਈਡੀਆ—ਰੂਪ, ਧਿਆਨ, ਚਿੰਤਾ, ਰਾਯ, ਸਮਤੀ, ਮਨਸੂਬਾ ।

Ideal, *a.* ਆਈਡੀਅਲ—ਕਲਪਿਤ, ਖ਼ਿਆਲੀ ।

Idealism, *n.* ਆਈਡੀਅਲਿਜ਼ਮ-ਇਸ ਗੱਲ ਦਾ ਨਿਸਚੇ ਕਿ ਸੰਸਾਰ ਮਿਥਿਆ (ਝੂਠਾ) ਹੈ ।

Idealize, *v. t.* ਆਈਡੇਲਾਈਜ਼—ਕਲਪਨਾ ਕ०, ਖ਼ਿਆਲੀ ਬਨਾਉਣਾ ।

Identical, *a.* ਈਡੈਨਟੀਕਲ—ਇੱਕ ਰੂਪ, ਮਿਲਦਾ ਜੁਲਦਾ, ਸਮ ਰੂਪ, ਇਕ ਹੀ, ਓਹੀ ।

Identification, *n.* ਈਡੇਨਟੀਫ਼ੀਕੇਸ਼ਨ—ਵਾਕਫ਼ੀ, ਪਛਾਣ, ਜਾਨ ਪਹਚਾਨ, ਸ਼ਨਾਖ਼ਤ ।

Identify, *v. t.* ਈਡੈਨਟੀਫ਼ਾਈ—ਇੱਕ ਜਾਨਣਾ, ਓਹੋ ਜੇਹਾ ਸਮਝਣਾ; ਪਛਾਨਣਾ ।

Identity, *n.* ਈਡੈਂਟਿਟੀ-ਏਕਤਾਈ, ਸਮਤਾ, ਮੁਤਾਬਕਤ, ਪਹਚਾਣ ।

Ides, *n. pl.* ਇਡਜ਼-ਮਹੀਨੇ ਦਾ ਤੀਸਾ ਹਿੱਸਾ ।

Idiocy, *n.* ਈਡੀਓਸੀ-ਪਾਗਲਪਨ, ਬਾਉਲਾਪਨ, ਸੌਦਾ, ਖ਼ਬਤ ।

Idiom, *n.* ਈਡੀਅਮ—ਭਾਸ਼ਾ ਯਾ ਬੋਲੀ ਦੀ ਰੀਤੀ, ਵਾਕ ਰੀਤੀ, ਵਾਕ ਧਾਰਾ, ਮੁਹਾਵਰਾ ।

Idiomatic, Idiomatical, *a.* ਈਡੀਓਮੈਟਿਕ, ਈਡੀਓਮੈਟੀਕਲ—ਬੋਲ ਚਾਲ ਦੇ ਸਮਾਨ, ਬਾਮੁਹਾਵਰਾ ।

Idiopathy, *n.* ਈਡੀਓਪੈਥੀ-ਆਦਿ ਰੋਗ, ਪਹਲਾ ਰੋਗ, ਅਸਲੀ ਬੀਮਾਰੀ ।

Idiot, *n.* ਈਡੀਅਟ-ਜਨਮ ਦਾ ਪਗਾਲ, ਮੂਰਖ।

Idiotic, Idiotical, *a.* ਈਡੀਓਟਿਕ, ਈਡੀਓਟੀਕਲ-ਪਾਗਲਾਂ ਜੇਹਾ, ਮੂਰਖਾਨਾ ।

Idiotism, *n.* ਈਡੀਓਟਿਜ਼ਮ-ਮੂਰਖਪਨਾ ।

Idiotize, *v. i.* ਈਡੀਓਟਾਇਜ਼—ਮੂਰਖ ਬਨ ਜਾਨਾ ।

Idle, *a.* ਆਈਡਲ-ਬੇਕਾਰ, ਅਕਾਰਥ, ਨਿਕਾਰਾ; ਨਿਕੰਮਾ; ਸੁਸਤ, ਆਲਸੀ; *v. t.* ਆਲਸ ਵਿਚ ਸਮਯ ਬਿਤਾਉਣਾ ।

Idol, *n.* ਆਈਡਲ-ਮੂਰਤੀ, ਪਰਿਤਮਾ, ਮੂਰਤ, ਸੂਰਤ, ਬੁੱਤ; ਪਿਆਰਾ, ਸਨਮ; ਪਰਛਾਵਾਂ ।

Idolater, *n.* ਆਈਡੋਲੇਟਰ-ਮੂਰਤੀ ਯਾ ਪਰਿਤਮਾ ਪੂਜਕ, ਬੁੱਤ ਪਰਸਤ, ਮੋਹਿਤ ।

Idolatrize, *v. i.* ਆਈਡੋਲੇਟਰਾਇਜ਼-ਮੂਰਤੀ ਪੂਜਾ ਯਾ ਬੁੱਤ ਪ੍ਰਸਤੀ ਕ० ।

Idolatrous, *a.* ਆਈਡੋਲੇਟਰਸ-ਮੂਰਤੀ ਪੂਜਾ ਸੰਬੰਧੀ ।

Idolatry, *n.* ਆਈਡੋਲੇਟਰੀ-ਮੂਰਤੀ ਪੂਜਾ, ਬੁੱਤ ਪਰਸਤੀ; ਪਿਆਰ, ਮਮਤਾ ।

Idolize, *v. t.* ਆਈਡੋਲਾਇਜ਼—ਬਹੁਤ ਪ੍ਰੇਮ ਕ०; ਦੇਵਤਾ ਸਮਾਨ ਪੂਜਨਾ ਯਾ ਮੰਨਣਾ ।

If, *conj.* ਇਫ਼-ਯਦਿ, ਅਗਰ, ਜੇਕਰ, ਜੇ ।

Igneous, *a.* ਇਗਨੀਅਸ-ਅੱਗ ਜੇਹਾ, ਅੱਗ ਦਾ ਬਣਿਆ ਹੋਇਆ, ਅਗ ਦਾ ।

Ignepotent, *n.* ਇਗਨੇਪੋਟੈਂਟ—ਅਗਨੀ ਦੇਵਤਾ, ਅੱਗ ਨੂੰ ਵੱਸ ਵਿੱਚ ਰੱਖਣ ਵਾਲਾ ।

Ignis-fatuus, *a.* ਇਗਨੀਫ਼ੇਟਿਊਸ-ਛਲਾਵਾ, ਸ਼ੁੱਲਾ, ਭਬੂਕਾ, ਸ਼ਬਾਬਾ ।

Ignite, *v. t.* ਇਗਨਾਇਟ—ਅੱਗ ਲਗਾਉਣੀ, ਬਾਲਨਾ, ਸੁਲਗਾਉਣਾ, ਜਲਾਉਣਾ ।

Ignition, *n.* ਇਗਨੀਸ਼ਨ-ਅੱਗ ਲੱਗ ਜਾਨ ਦੀ ਹਾਲਤ, ਆਤਿਸ਼ਜ਼ਨੀ ।

Ignivomous, *a.* ਇਗਨੀਵੋਮਸ—ਜੁਆਲਾਮੁਖੀ, ਆਤਸ਼ਫ਼ਸ਼ਾਂ ।

Ignoble, *a.* ਇਗਨੋਬਲ-ਤੁੱਛ, ਨੀਚ, ਅਕੁਲੀਨ, ਓਛਾ, ਪਾਜੀ ।

Ignobleness, *n.* ਇਗਨੋਬਲਨੈਸ—ਤੁੱਛਤਾ, ਨੀਚਤਾ, ਓਛਾਪਨ, ਪਾਜੀਪਨ ।

Ignominious, *a.* ਇਗਨੋਮੀਨੀਅਸ—ਲੱਜਾਕਾਰ, ਨੀਚ, ਅਯੋਗ, ਬਦਨਾਮੀ ਦਾ ।

Ignominy, *n.* ਇਗਨੋਮੀਨੀ-ਅਪਮਾਨ, ਅਪਜੱਸ, ਬਦਨਾਮੀ, ਬੇਇਜ਼ਤੀ ।

Ignoramus, *a.* ਇਗਨੋਰੇਮਸ—ਮੁਜਰਮ (ਅਪਰਾਧੀ) ਦੇ ਛੁਟਕਾਰੇ ਲਈ ਜੂਰੀ ਵਾਲਿਆਂ ਦੀ ਤਜਵੀਜ਼; ਅਨਾੜੀ, ਅਗਯਾਨੀ, ਨਾਦਾਨ ।

ਅਵਿਦਆ, ਅਨਜਾਣਪੁਣਾ, ਨਾਦਾਨੀ ।

Ignorant, *a.* ਇਗਨੋਰੈਂਟ–ਮੂਰਖ, ਅਗਜਾਨੀ ਅਨਾੜੀ, ਅਨਜਾਨ, ਨਾਦਾਨ, ਬੇਖ਼ਬਰ ।

Ignore, *v. t.* ਇਗਨੋਰ–ਨਾ ਜਾਨਣਾ, ਬੇਖ਼ਬਰ ਰਹਨਾ, ਅਗਜਾਨੀ ਰਹਨਾ ਯਾ ਕ०, ਅਨਜਾਨ ਬਣਨਾ, ਨਾ ਮੰਨਣਾ ।

Ilk, *adv.* ਇਲਕ–ਓਹ ਹੀ, ਹਰ ਇੱਕ ।

Ill, *a.* ਇੱਲ–ਦੁਸ਼ਟ, ਮੰਦ, ਬੁਰਾ, ਟੇਢਾ; ਰੋਗੀ, ਬੀਮਾਰ; *n.* ਦੁਰਦਸ਼ਾ, ਬੁਰਾਈ, ਪੀੜ, ਦੁਖ, ਬਿਪਤਾ; ਰੋਗ, ਬੀਮਾਰੀ; *adv.* ਕਠਿਨਤਾ ਯਾ ਔਖ ਨਾਲ ।

Illapse, *v.i.* ਇਲਲੈਪਸ–ਬੀਤਨਾ, ਬਤੀਤ ਹੋਨਾ, ਗੁਜ਼ਰ ਜਾਨਾ; *n.* ਦੋ ਚੀਜ਼ਾਂ ਦਾ ਆਪਸ ਵਿੱਚ ਮੇਲ, ਸਰਕਾਉ ।

Illation, *n.* ਇਲਲੇਸ਼ਨ–ਫਲ, ਨਤੀਜਾ ।

Illative, *a.* ਇਲਲੇਟਿਵ–ਫਲਦਾਇਕ, ਜਿਸਥੀਂ ਨਤੀਜਾ ਨਿਕਲੇ; *n.* ਨਤੀਜਾ ਯਾ ਫਲ ਪ੍ਰਗਟ ਕਰਨ ਵਾਲੀ ਚੀਜ਼ ।

Illaudable, *a.* ਇਲਲੌਡੇਬਲ–ਉਸਤਤੀ ਦੇ ਅਜੋਗ, ਘਿਨ ਜੋਗ ।

Illegal, *a.* ਇਲਲੀਗਲ–ਕਾਨੂਨ ਵਿਰੁਧ, ਸ਼ਾਸਤ੍ਰ ਵਿਰੁੱਧ, ਵਰਜਿਤ, ਨਾਜਾਇਜ਼ ।

Illegality, *n.* ਇਲਲੀਗੇਲੇਟੀ—ਕਾਨੂਨ ਯਾ ਸ਼ਾਸਤ੍ਰ ਵਿਰੋਧਤਾ, ਵਿਰਜਿਤਾ ।

Illegally, *adv.* ਇਲਲੀਗਲੀ—ਵਿਦਸਥਾ ਵਿਰੋਧ ਨਾਲ, ਬੇਜਾ ।

Illegible, *a.* ਇਲਲੇਜੀਬਲ–ਜੋ ਪੜ੍ਹਿਆ ਨਾ ਜਾ ਸੱਕੇ, ਅਸਪਸ਼ਟ ।

Illegitimacy, *n.* ਇਲਲੀਜੀਟੀਮੇਸੀ—ਵਿਜਨਮ, ਹਰਾਮਜ਼ਾਦਗੀ, ਦੋਗਲਾਪਨ ।

Illegimate, *a.* ਇਲਲੀਜੀਟੀਮੇਟ—ਦੋਗਲਾ, ਵਿਜਨਮਾ, ਸ਼ਾਸਤ੍ਰ ਵਿਰੁਧ ।

Illiberal, *a.* ਇਲਲਿਬਰਲ—ਕੰਜੂਸ, ਸੂਮ; ਅਧਮ, ਓਛਾ, ਤੰਗ ਦਿਲ ।

Illiberality, *n.* ਇਲਲਿਬਰੇਲੇਟੀ—ਕੰਜੂਸੀ, ਸੂਮਪਨਾ; ਅਧਮਤਾ, ਓਛਾਪਨ, ਤੰਗਦਿਲੀ ।

Illicit, *a.* ਇਲਲੀਸਿਟ–ਆਗਯਾ ਯਾ ਨਿਯਮ ਵਿਰੁੱਧ, ਅਜੋਗ, ਜੋ ਠੀਕ ਨਾ ਹੋਵੇ ।

Illimitable, *a.* ਇਲਲਿਮੀਟੇਬਲ—ਅਨੰਤ, ਬੇਹੱਦ, ਜਿਸਦੀ ਹੱਦ ਨਾ ਹੋਵੇ ।

Illinition, *n.* ਇਲਲੀਨੀਸ਼ਨ—ਮਾਲਿਸ਼ ਦੀ ਚੀਜ਼, ਮਾਲਿਸ਼ ਕਰਨ ਦੀ ਹਾਲਤ ।

Illiteracy, *n.* ਇਲਲਿਟਰੇਸੀ–ਮੂਰਖਤਾ ।

Illiterate, *a.* ਇਲਲਿਟਰੇਟ–ਅਨਪੜ੍ਹ, ਵਿਦਯਾ ਹੀਨ, ਮੂਰਖ, ਬੇਸਮਝ ।

Illnatured, *a.* ਇਲਨੇਚਰਡ—ਚਿੜਚਿੜਾ, ਬਦ ਮਿਜ਼ਾਜ, ਖੋਟੇ ਸੁਭਾਉ ਵਾਲਾ ।

Illness, *n.* ਇਲਨੇਸ–ਰੋਗ, ਬੀਮਾਰੀ, ਖੋਟ, ਦੁਸ਼ਟਤਾ, ਬੁਰਾਈ, ਖਰਾਬੀ ।

Illogical, *a.* ਇਲਲੌਜੀਕਲ–ਯੁਕਤੀ ਵਿਰੁੱਧ, ਬੇਦਲੀਲ ।

Ill-starred, *a.* ਇਲਸਟਾਰਡ—ਅਭਾਗਾ, ਬਦਨਸੀਬ, ਬਦਬਖ਼ਤ ।

Ill-timed, *a.* ਇਲਟਾਇਮਡ–ਕੁਵੇਲੇ, ਕੁਵਕਤ, ਅਵੇਰੇ, ਕੁਸਮਯ ।

Illude, *v. t.* ਇਲਲੂਡ–ਠੱਗਨਾ, ਧੋਖਾ ਦੇਨਾ, ਛਲ, ਘੁੱਤਾ, ਝਾਂਸਾ ਯਾ ਦਗ਼ਾ ਕ० ।

Illume, *v. t.* ਇਲਲੂਮ—ਉਜਲਾ ਯਾ ਪਰਕਾਸ਼ ਕ०, ਚਮਕਾਉਨਾ, ਰੌਸ਼ਨ ਕ० ।

Illuminate, *v. t.* ਇਲਲੂਮੀਨੇਟ–ਪਰਕਾਸ਼, ਉੱਜਲ ਯਾ ਉਜਾਗਰ ਕ०; ਸਜਾਉਨਾ; ਚਿਤਰਕਾਰੀ ਕ०; *a.* ਚਮਕਦਾ ਹੋਇਆ, ਰੌਸ਼ਨ, ਪਰਕਾਸ਼ਿਤ ।

Illuminate, Illumine, *n.* ਇਲਲੂਮੀਨੇਟ, ਇਲਲੂਮਿਨ—ਗੁਪਤ ਗੱਲਾਂ ਜਾਨਣ ਵਾਲਾ, ਗੈਬਦਾਨ ।

Illumination, *n.* ਇਲਲੂਮੀਨੇਸ਼ਨ—ਜਗਮਗਾਹਟ, ਪਰਕਾਸ਼, ਦੀਪਤਿ; ਸਜਾਵਟ; ਜੋਤ ।

Illuminative, *a.* ਇਲਲੂਮੀਨੇਟਿਵ–ਰੌਸ਼ਨ, ਪਰਕਾਸ਼ਕ ।

Illuminator, *n.* ਇਲਲੂਮੀਨੇਟਰ—ਚਾਨਣ ਵਧਾਉਨ ਵਾਲਾ, ਸ਼ੀਸ਼ਾ, ਉੱਨਤੀ ਦਾਇਕ ।

Illusion, *n.* ਇਲਲੂਜ਼ਨ–ਧੋਖੇ ਦੀ ਟੱਟੀ, ਛਲ, ਮਾਯਾ, ਭਰਮ, ਫ਼ਰੇਬ ।

Illusive, Illusory, *a.* ਇਲਲੂਸਿਵ, ਇਲਲੂਸੋਰੀ–ਛਲਕਾਰੀ, ਝੂਠਾ, ਧੋਖੇ ਦਾ ।

Illustrate, *v. t.* ਇਲਲਸਟਰੇਟ–ਦਰਿਸ਼ਟਾਂਤ ਦੁਆਰਾ ਸਮਝਾਉਣਾ, ਅਰਥ ਕ०, ਪਰਕਾਸ਼ ਕ०; ਚਿੱਤਰ ਦੁਆਰਾ ਪ੍ਰਗਟ ਕ० ।

Illustration, *n.* ਇਲਲਸਟਰੇਸ਼ਨ ਉਦਾਹਰਣ ਚਿੱਤਰ ਕਥਨ, ਵਰਣਨ, ਦ੍ਰਿਸ਼ਟਾਂਤ ।

Illustrative, *a.* ਇਲਲਸਟਰੇਟਿਵ–ਚਿੱਤਰ ਦੁਆਰਾ ਪ੍ਰਗਟ ਕਰਨ ਵਾਲਾ ।

Illustrator, *n.* ਇਲਲਸਟਰੇਟਰ–ਟੀਕਾਕਾਰ, ਪ੍ਰਗਟ ਕਰਨ ਵਾਲਾ ।

Illustrious, *a.* ਇਲਲਸਟਰੀਅਸ–ਨਾਮੀ, ਮਸ਼ਹੂਰ, ਪ੍ਰਸਿਧ; ਸਰੇਸ਼ਟ, ਕੀਰਤੀਮਾਨ ।

Illustriousness, *n.* ਇਲਲਸਟਰੀਅਸਨੈਸ—ਵਡਿਆਈ, ਪਰਸਿੱਧਤਾ, ਮਸ਼ਹੂਰੀ ।

Ill-will, *n.* ਇਲਵਿਲ–ਵਿਗੁਤਾ, ਵੈਰ, ਦੁਸ਼ਮਣੀ, ਕੀਨਾ, ਪ੍ਰਕ੍ਰੋਧ ।

Image, *n.* ਇਮੇਜ—ਤਸਵੀਰ, ਰੂਪ, ਮੂਰਤੀ ਪ੍ਰਤਿਮਾ, ਬੁੱਤ, ਖ਼ਿਆਲ; *v. t.* ਕਲਪਨਾ ਕ०, ਖ਼ਿਆਲ ਬਣਨਾ; ਤਸਵੀਰ ਬਣਾਉਣੀ ਅਕਸ ਪਾਉਣਾ ।

Imagery, *n.* ਇਮੇਜਰੀ–ਮੂਰਤਾਂ, ਪੁਤਲੀਆਂ, ਮੂਰਤਾਂ, ਭੇਸ, ਰੂਪ, ਵਹਿਮ, ਖ਼ਿਆਲ, ਖ਼ਿਆਲੀ ਪੁਲਾਉ; ਅਲੰਕਾਰ ਕਥਨ ।

Imaginable, *a.* ਇਮੈਜੀਨੇਬਲ–ਵਿਚਾਰ ਜੋਗ, ਬੋਧਨੀਯ, ਚਿੰਤਨੀਯ, ਸੰਭਵ ।

Imaginary, *a.* ਇਮੈਜੀਨਰੀ—ਕਲਪਿਤ, ਖ਼ਿਆਲੀ, ਵਹਮੀ, ਫ਼ਰਜ਼ੀ ।

Imagination, *n.* ਇਮੈਜੀਨੇਸ਼ਨ–ਧਿਆਨ, ਕਲਪਨਾ, ਚਿੰਤਾ, ਸੋਚ ।

Imaginative, *a.* ਇਮੈਜੀਨੇਟਿਵ—ਬਹੁਤ ਵਿਚਾਰ ਵਾਲਾ, ਚਿੰਤਾਵਾਨ, ਮੁਸੱਵਰਯਾ ।

Imagine, *v. t.* ਇਮੈਜਿਨ–ਵਿਚਾਰਨਾ, ਸੋਚਣਾ, ਧਿਆਨ ਕ०, ਮਨਸੂਬਾ ਪਕਾਉਣਾ ।

Imbathe, *v. t.* ਇਮਬੇਥ–ਨਹਾਉਣਾ, ਅਸ਼ਨਾਨ ਕ०, ਗੁਸਲ ਕ० ।

Imbecile, *a.* ਇਮਬੇਸਾਇਲ–ਦੁਰਬਲ, ਮਰਯਲ, ਢਿੱਲਾ, ਨਿਰਬਲ; ਅਲਪ ਬੁੱਧੀ ।

Imbecility *a.* ਇਮਬੀਸਿਲਿਟੀ–ਨਿਰਬਲਤਾ, ਦੁਰਬਲਤਾ ਕਮਜ਼ੋਰੀ ਨਾਮਰਦੀ ।

Imbed, *v. t* ਇਮਬੈਡ—ਧਰਤੀ ਜਾ ਮਿੱਟੀ ਵਿਚ ਕੁਝ ਦੱਬਣਾ; ਵਿਛੌਣਿਆਂ ਵਿਚ ਦੱਬਣਾ ।

Imbibe *v. t.* ਇਮਬਾਇਬ–ਪੀ ਲੈਣਾ, ਚੂਸ ਲੈਣਾ, ਸੁਖਾ ਲੈਣਾ ।

Imbibition, *n* ਇਮਬੀਬੀਸ਼ਨ–ਖਿੱਚਣ ਜਾ ਚੂਸਨ ਦੀ ਕ੍ਰਿਆ ।

Imbitter, *v. t.* ਇਮਬਿੱਟਰ–ਕੌੜਾ ਕ०, ਲਾਲ ਕ०, ਸਤਾਉਣਾ, ਭੜਕਾਉਣਾ ।

Imbosk, *v. t.* ਇਮਬੌਸਕ–ਛੁਪਾਉਣਾ, ਲੁਕਾਉਣਾ, ਪੋਸ਼ੀਦਾ ਰੱਖਣਾ, ਦਬਕਾਉਣਾ ।

Imbricate, Imbricated, *a.* ਇਮਬਰੀਕੇਟ ਇਮਬਰੀਕੇਟਿਡ—ਸਾਲ ਜਾ ਡਾਟ ਰੂਪੀ, ਕਪੜਿਆਂ ਦੇ ਸਮਾਨ ਉੱਪਰ ਹੇਠ ।

Imbrue, *v. t.* ਇਮਬਰੂ–ਗਿੱਲਾ ਕ०, ਭਿਗੋਣਾ, ਤਰ ਕ०, ਭਿਉਂ ਦੇਣਾ ।

Imbue, *v. t.* ਇਮਬ੍ਯੂ–ਰੰਗ ਚੜ੍ਹਾਉਣਾ, ਗਾੜ੍ਹਾ ਰੰਗ ਕ०; ਅਸਰ ਕ० ।

Imitable, *a.* ਇਮੀਟੇਬਲ–ਨਕਲ ਕਰਨ ਜੋਗ।

Imitate, *v. t.* ਇਮੀਟੇਟ—ਮੇਲ ਮਿਲਾਉਣਾ, ਨਕਲ ਕ० ।

Imitation, *n.* ਇਮੀਟੇਸ਼ਨ—ਉਤਾਰ, ਨਕਲ, ਅਨੁਰੂਪ, ਪੈਰਵੀ ।

Imitative, *a.* ਇਮੀਟੇਟਿਵ–ਨਕਲੀ, ਬਦਲਨ ਦਾ ਸੁਭਾਵ ਰੱਖਣ ਵਾਲਾ ।

Imitator, *n.* ਇਮੀਟੇਟਰ–ਨਕਲ ਕਰਨ ਵਾਲਾ, ਅਨੁਯਾਈ ।

Immaculate, *a.* ਇਮਮੈਕੂਲੇਟ—ਨਿਰਦੋਖੀ, ਨਿਰਅਪਰਾਧੀ, ਪਵਿਤ੍ਰ, ਬੇਦਾਗ਼, ਸਾਫ਼ ।

Immaculateness, *n.* ਇਮਮੈਕੂਲੇਟਨੈਸ—ਸਫ਼ਾਈ, ਪਵਿਤ੍ਰਤਾ, ਪਾਕੀਜ਼ਗੀ ।

Immalleable, *a.* ਇਮਮੈਲਲੀਏਬਲ–ਕੜਾ, ਸਖਤ, ਜੋ ਕੁੱਟਨ ਨਾਲ ਵਧ ਨਾ ਸੱਕੇ ।

Immanacle, *v. t.* ਇਮਮੈਨੇਕਲ–ਹਥਕੜੀ ਪਾਉਣੀ, ਰੋਕਣਾ, ਕੈਦ ਕ० ।

Immanent, *a.* ਇਮਮਨੈਂਟ–ਅਸਲੀ, ਸੁਭਾਵਿਕ, ਅੰਤਰਿਕ, ਅੰਦਰੂਨੀ, ਅੰਦਰਲਾ ।

Immanity, *n.* ਇਮਮੈਨਿਟੀ–ਪਸ਼ੂਪਨ, ਵਹਸ਼ੀਪਨ ਬੇਰਹਮੀ, ਨਿਰਦਯਤਾ ।

Immaterial, *a.* ਇਮਮੈਟੀਰੀਅਲ—ਤੁੱਛ, ਹਲਕਾ, ਸ਼ਰੀਰ ਰਹਤ, ਨਿਰਾਕਾਰ ।

Immature, *a.* ਇਮਮੈਚੂਰ–ਕੱਚਾ, ਅਸਿੱਧ, ਵੇਲੇ ਥੀਂ ਪਹਲੇ ।

Immatureness, Immaturity, *n.* ਇਮਮੈਚੂਰਨੈਸ, ਇਮਮੈਚੂਰਿਟੀ–ਕੱਚਾਪਨ, ਅੱਧ-ਵਰਿੱਤਤਾ, ਅਸੰਪੂਰਣਤਾ।

Immeasurable, *a.* ਇਮਮੈਯਰਏਬਲ—ਬੇਹਿਸਾਬ, ਅਨੰਤ, ਬੇਅੰਤ, ਅਨਗਿਣਤ।

Immediate, *a.* ਇਮਮੀਡੀਏਟ—ਨਜ਼ਦੀਕ, ਨੇੜੇ, ਸਮੀਪ; ਵਰਤਮਾਨ, ਬੇਵਾਸਤਾ।

Immediately, *adv.* ਇਮਮੀਡੀਏਟਲੀ—ਇਸੇ ਵੇਲੇ, ਹੁਣੇ, ਤੁਰੰਤ, ਝਟਪਟ, ਜਲਦੀ।

Immedicable, *a.* ਇਮਮੈਂਡੀਕੇਬਲ–ਅਸਾਧ, ਜਿਸਦਾ ਦਾਰੂ ਨਾ ਹੋ ਸੱਕੇ।

Immelodious, *a.* ਇਮਮੈਲੋਡੀਅਸ–ਬੇਸੁਰਾ, ਰਸਹੀਨ, ਨਾਮੌਜ਼ੂਨ।

Immemorial, *a.* ਇਮਮੈਮੋਰੀਅਲ–ਪਰਾਚੀਨ, ਬਹੁਤ ਪੁਰਾਨਾ, ਬਹੁਤ ਕਾਲ ਦਾ, ਕਦੀਮ।

Immense, *a.* ਇਮਮੈਨਸ—ਅਨੰਤ, ਬਹੁਤ ਵੱਡਾ, ਬੇਹਦ, ਬੇਪਾਯਾਂ।

Immensely, *adv.* ਇਮਮੇਨਸਲੀ–ਅਤਯੰਤ, ਬਹੁਤ, ਬੇਹਦ, ਹਦ ਥੀਂ ਵਧੀਕ।

Immenseness Immensity, *n* ਇਮ-ਮੈਨਸਨੇਸ, ਇਮਮੇਨਸਿਟੀ—ਅਨੰਨਤਾ, ਚੌੜਾਈ।

Immerge, Immerse, *v. t.* ਇਮਮਰਜ, ਇਮਮਰਸ—ਡੁਬੋਨਾ, ਡੋਬਨਾ, ਗਰਕ ਕ॰; ਗੱਡਣਾ, ਕੰਮ ਵਿਚ ਲਗਾਉਣਾ।

Immerse, *a.* ਇਮਮਰਸ—ਡੁਬਿਆ ਹੋਇਆ, ਗਰਕ।

Immersion, *n.* ਇਮਮਰਸ਼ਨ–ਮਗਨਤਾ, ਡੋਬ, ਗੋਤਾਖੋਰੀ, ਮਸਰੂਫੀਅਤ, ਅਸਤ।

Immethodical, *a.* ਇਮਮੈਥੋਡੀਕਲ–ਅਣਮਿਆ, ਬੇਢੱਬਾ, ਬੇਢੰਗਾ, ਬੇਦਸਤੂਰ, ਕ੍ਰਮ ਰਹਿਤ।

Immigrant, *n.* ਇਮਮੀਗਰੈਂਟ—ਪਰਦੇਸੀ, ਅਨਦੇਸੀ।

Immigrate, *v. i.* ਇਮਮੀਗਰੇਟ–ਦੂਸੇ ਦੇਸ ਯਾ ਦੇਸ਼ਾਂਤਰ ਵਿਚ ਜਾਕੇ ਵੱਸਨਾ।

Immigration, *n.* ਇਮਮੀਗਰੇਸ਼ਨ–ਪਰਦੇਸ ਦਾ ਵਾਸ, ਦੂਜੇ ਦੇਸ ਵੱਸਣ ਦੀ ਹਾਲਤ।

Imminerce, *n.* ਇਮਮੀਨੈਂਸ—ਸਿਰ ਪੁਰ ਲਟਕੀ ਹੋਈ ਬਿਪਤਾ, ਸੁਦਨੀ, ਆਉਣ ਵਾਲਾ ਦੁੱਖ ਯਾ ਆਫ਼ਤ।

Imminent, *a.* ਇਮਮੀਨੈਂਟ–ਨਿਕਟ ਵਰਤੀ, ਸਮੀਪ ਉਪਸਥਿਤ, ਨੇੜੇ ਆਉਣ ਵਾਲਾ।

Immission, *n* ਇਮਮਿਸ਼ਨ–ਪਹੁੰਚ।

Immit, *v t.* ਇਮਮਿਟ–ਘੁਸੇੜਨਾ, ਬਦੋਬਦੀ ਪਾਉਣਾ, ਅੰਦਰ ਪਹੁਚਾਉਣਾ, ਦਾਖਲ ਕ॰।

Immitigable. *a.* ਇਮਮੀਟੀਗੇਬਲ–ਨਰਮ ਨਾ ਹੋਨ ਜੋਗ, ਪੱਥਰ ਵਰਗਾ।

Immix, *v. t.* ਇਮਮਿਕਸ–ਮਿਲਾਉਣਾ, ਰਲਾ-ਉਣਾ, ਇਕੱਠਾ ਕ॰।

Immobility, *n.* ਇਮਮੋਬਿਲਿਟੀ–ਸਥਿਰਤਾ, ਠਹਰਾਓ, ਬਹਰਕਤੀ।

Immoderate, *a.* ਇਮਮੋਡਰੇਟ–ਅਤਯੰਤ, ਬੇ-ਠਿਕਾਨੇ, ਬਹੁਤ, ਅਨੁਚਿਤ, ਬੇਹਿਸਾਬ।

Immodest, *a.* ਇਮਮੋਡੇਸਟ—ਨਿਰਲੱਜ, ਬੇ-ਸ਼ਰਮ; ਸ਼ੇਖ਼ੀਖੋਰਾ, ਬੇਲਿਹਾਜ਼, ਬੁਰਾ।

Immodesty, *n.* ਇਮਮੋਡੇਸਟੀ–ਨਿਰਲੱਜਤਾ, ਬੇਸ਼ਰਮੀ, ਬੇਹਯਾਈ, ਅਸਭਯਤਾ, ਸ਼ੇਖ਼ੀ।

Immolate, *v. t.* ਇਮਮੋਲੇਟ—ਬਲੀ ਦੇਨਾ, ਬਲੀਦਾਨ ਕ॰, ਕੁਰਬਾਨੀ ਕ॰।

Immolation, *n.* ਇਮਮੋਲੇਸ਼ਨ–ਬਲੀਦਾਨ, ਕੁਰਬਾਨੀ।

Immoral, *a.* ਇਮਮੌਰਲ—ਅਧਰਮੀ, ਬੁਰਾ, ਵਿਭਚਾਰੀ, ਭੈੜਾ, ਧਰਮ ਵਿਰੁਧ, ਦੁਸ਼ਟ।

Immorality, *n.* ਇਮਮੋਰੈਲੇਟੀ–ਅਧਰਮਤਾ, ਦੋਸ਼, ਬਦਕਾਰੀ, ਦੁਸ਼ਟਤਾ।

Immortal, *a.* ਇਮਮੌਰਟਲ–ਅਮਰ, ਅਮਿੱਟ, ਅਬਨਾਸੀ, ਸਦਾ ਰਹਨ ਵਾਲਾ।

Immortality, *n.* ਇਮਮੌਰਟੈਲੇਟੀ–ਅਮਰਤਾ, ਹਮੇਸ਼ਗੀ, ਅਮਿਟਤਾ।

Immortalize, *v. t.* ਇਮਮੌਰਟੈਲਾਇਜ਼—ਅਮਰ ਕ॰, ਸਦਾ ਦਾ ਜੀਵਨ ਦੇਨਾ।

Immovable, *a.* ਇਮਮੂਵੇਬਲ–ਅਚਲ, ਅਟਲ, ਦ੍ਰਿੜ, ਸਥਿਰ, ਮੁਸਤਕਿਲ।

Immunity, *n.* ਇਮਮੂਨਿਟੀ—ਹੱਕ, ਅਧਿ-ਕਾਰ; ਛੁਟਕਾਰਾ, ਖਲਾਸੀ, ਰਿਹਾਈ।

Immure, *v. t.* ਇਮਮੂਰ–ਦੀਵਾਰ ਦੇਕੇ ਵਿੱਚ ਘੇਰਨਾ, ਅਟਕਾਉਣਾ, ਕੈਦ ਕ॰, ਬੰਦ ਕ॰।

Immusical, *a.* ਇਮਮੂਜ਼ੀਕਲ—ਬੇਸੁਰਾ, ਬੇਤਾਲ, ਬੇਤਾਲਾ।

Immutability, *n.* **ਇਮਮੁਟੇਬਿਲੀਟੀ—ਨਿਤਸਤਾ, ਅਮਿਟਤਾ, ਸਾਥਤੀ ।**

Immutable, *a.* **ਇਮਮੁਟੇਬਲ—ਅਮਿਟ, ਅਚਲ, ਸਥਿਰ, ਨਿਤਜ ।**

Immutation, *n.* **ਇਮਮੁਟੇਸ਼ਨ-ਬਦਲੀ ।**

Imp, *n.* ਇਮਪ -ਕੁਤਨਾ, ਕੁਤ, ਪਰੇਤ; *v. t.* ਉੱਡਨ ਜੋਗ ਕ੦, ਖੰਭ ਦੇਨਾ ।

Impact, *v. t.* ਇਮਪੈਕਟ-ਕੱਸਨਾ, ਜਕੜਨਾ, ਕੁਬ ਦੱਬਨਾ; *n.* ਟੱਕਰ, ਦਾਬ; ਅੰਗਾਂ ਦਾ ਠੀਕ ਮਿਲਾਓ ।

Impair, *v. t.* ਇਮਪੇਅਰ-ਵਿਗਾੜਨਾ, ਖਰਾਬ ਕ੦, ਘਟਾਉਨਾ, ਨਿਰਬਲ ਕ੦, ਉਤਾਰਨਾ ।

Impalpable, *a.* ਇਮਪੈਲਪੇਬਲ—ਮਹੀਨ, ਬਰੀਕ, ਪਤਲਾ ।

Impanel, *v. t.* ਇਮਪੈਨਲ-ਫਹਰਿਸਤ ਵਿੱਚ ਜੂਰੀ ਵਾਲਿਆਂ ਦੇ ਨਾਉਂ ਲਿਖਨਾ ।

Imparity, *n.* ਇਮਪੈਰੇਟੀ-ਭੇਦ, ਅਸਮਤਾ, ਫ਼ਰਕ, ਜੋ ਬਰਾਬਰ ਭਾਗਾਂ ਵਿਚ ਨਾ ਵੰਡਿਆ ਜਾ ਸੱਕੇ, ਦਰਜੇ ਜਾਂ ਜੋਗਤਾ ਦਾ ਭੇਦ ।

Imparl, *v. i.* ਇਮਪਾਰਲ-ਕਿਸੇ ਮੁਕੱਦਮੇ ਨੂੰ ਆਪਸ ਵਿਚ ਨਿਪਟਾਨ ਲਈ ਮੋਹਲਤ ਮੰਗਨਾ; *n.* Imparlance.

Impart, *v. t.* ਇਮਪਾਰਟ—ਪਰਦਾਨ ਕ੦, ਦੇਨਾ, ਬਤਲਾਉਨਾ, ਦੱਸਨਾ, ਸੁਝਾਉਨਾ, ਪਤਾ ਦੇਨਾ, ਕਹਨਾ ।

Impartial, *a.* ਇਮਪਾਰਸ਼ਲ-ਅਪਖਸ਼ੀ, ਪੱਖ-ਪਾਤ ਥੀਂ ਰਹਿਤ, ਸੱਚਾ, ਨਿਆਯਕਾਰੀ, ਬੇ-ਤਰਫ਼ਦਾਰ, ਮੁਨਸਿਫ਼ ।

Impartiality, *n.* ਇਮਪਾਰਟੀਐਲਿਟੀ—ਨਿਆਯ, ਇਨਸਾਫ਼, ਅਪੱਖਤਾ, ਬੇਤਰਫ਼ਦਾਰੀ ।

Impartible, *a.* ਇਮਪਾਰਟੀਬਲ-ਜੋ ਵੰਡਿਆ ਨਾ ਜਾ ਸੱਕੇ; ਕਹਨ ਜੋਗ, ਦੱਸੇ ਜਾਨ ਜੋਗ ।

Impassable, *a.* ਇਮਪਾਸੇਬਲ-ਅਗੰਮ, ਬੰਦ, ਔਖਾ, ਕਠਿਨ, ਜੋ ਪਾਰ ਨਾ ਕੀਤਾ ਜਾ ਸੱਕੇ ।

Impassibility, *n.* **ਇਮਪਾਸ਼ੀਬਿਲੀਟੀ-ਦੁੱਖ ਥੀਂ ਛੁਟਕਾਰਾ ਯਾ ਖਲਾਸੀ ।**

Impassible, *a.* **ਇਮਪਾਸੀਬਲ—ਦੁੱਖ ਯਾ ਕਲੇਸ਼ ਰਹਿਤ ।**

Impassive, *a.* **ਇਮਪੈਸਿਵ-ਇੰਦਰੀ ਹੀਨ, ਬੇਹਿਸ ।**

Impatience, *n.* **ਇਮਪੈਸ਼ੰਸ-ਅਸੰਤੋਖ, ਅਧੀਰਤਾ, ਬੇਚੈਨੀ, ਬੇਸਬਰੀ ।**

Impawn, *v. t.* ਇਮਪੌਨ-ਗਹਨੇ ਪਾਉਨਾ ।

Impeach, *v. t.* ਇਮਪੀਚ-ਕਲੰਕ ਯਾ ਦੋਸ਼ ਲਗਾਉਨਾ; ਉੱਤਰ ਮੰਗਨਾ ।

Impeachment, *n.* ਇਮਪੀਚਮੈਂਟ-ਕਲੰਕ, ਨਾਲਿਸ਼, ਤੋਹਮਤ, ਪੁੱਛ ਗਿੱਛ ।

Impearl, *v. t.* ਇਮਪਰਲ-ਮੋਤੀ ਜੇਹਾ ਬਨਾ-ਉਨਾ, ਮੋਤੀ ਜੜਨਾ ।

Impeccability, *n.* ਇਮਪੈਕੇਬਿਲੇਟੀ-ਨਿਰ-ਦੋਸ਼ਤਾ, ਸੁੱਧਤਾਈ, ਬੇਗੁਨਾਹੀ ।

Impeccable, *a.* ਇਮਪੈਕੇਬਲ—ਨਿਰਦੋਸ਼, ਬੇਗੁਨਾਹ, ਸੁੱਧ ।

Impede, *v. t.* ਇਮਪੀਡ-ਅਟਕਾਉਨਾ, ਬਾਧਾ ਪਾਉਨਾ, ਰੋਕਨਾ ।

Impediment, *n.* ਇਮਪੈਡੀਮੈਂਟ-ਅਟਕਾਓ, ਬਾਧਾ, ਆੜ, ਰੋਕ ।

Impeditive, *a.* ਇਮਪੈਡੀਟਿਵ-ਰੋਕਨ ਵਾਲਾ।

Impel, *v. t.* ਇਮਪੈਲ-ਚਲਾਉਨਾ, ਦੌੜਾਉਨਾ, ਠੇਲ੍ਹਨਾ, ਧਕੇਲਨਾ, ਉਕਸਾਉਨਾ ।

Impen, *v. t.* ਇਮਪੈਨ-ਘੇਰਨਾ, ਬੰਦ ਕ੦ ।

Impend, *v. i.* ਇਮਪੈਂਡ—ਨਿਕਟ ਯਾ ਨੇੜੇ ਹੋਨਾ, ਲੱਗੇ ਰਹਨਾ ।

Impenetrability, *n.* ਇਮਪੈਨੇਟਰੇਬਿਲੇਟੀ—ਅਪਰਵੇਸ਼ਤਾ, ਅਭੇਦਤਾ, ਮੂਰਖਤਾ ।

Impenetrable, *a.* **ਇਮਪੈਨੀਟਰੇਬਲ-ਅਗੰਮ, ਅਭੇਦ, ਬਹੁਤ ਠੋਸ, ਕਰੜਾ ।**

Impenitence, *n.* **ਇਮਪੈਨੀਟੈਂਸ-ਕਠਿਨਤਾ, ਨਿਠੁਰਤਾ, ਢਿਠਾਈ, ਢੀਠਪਨਾ ।**

Impenitent, *a.* **ਇਮਪੈਨੀਟੈਂਟ-ਸਰਕਸ਼, ਜੋ ਖਿਮਾਂ ਨਾ ਮੰਗੇ, ਸਖ਼ਤ ।**

Impennous, *a.* **ਇਮਪੈਨਸ—ਬੇ ਵਾਲ, ਰੋਮ ਰਹਤ, ਵਾਲਹੀਨ, ਗੰਜਾ, ਜਿਸਦੇ ਵਾਲ ਅਤੇ ਪਰ ਨਾ ਹੋਨ ।**

Imperative, *a.* **ਇਮਪੈਰੇਟਿਵ-ਆਗਜ਼ਾ ਸੂਚਕ, ਹੁਕਮੀਆ, ਅਵੱਸ਼ਕ, ਜ਼ਰੂਰੀ ।**

Imperceptible, *a.* **ਇਮਪਰਸੈਪਟੀਬਲ—ਅਗੋਚਰ, ਅਦਰਿਸ਼; ਮਹੀਨ, ਬਰੀਕ, ਬੇਹਿਸ**

Imperfect, *a.* **ਇਮਪਰਫ਼ੈਕਟ-ਦੋਸ਼ੀ, ਮੁਜ਼-ਰਿਮ; ਅਧੂਰਾ, ਅਧਪੱਕਾ, ਕੱਚਾ, ਔਲ਼ਫ਼ ।**

Imperfection, **Imperfectness**, *n.* ਇਮਪਰਫ਼ੈਕਸ਼ਨ, ਇਮਪਰਫ਼ੈਕਟਨੈਸ-ਦੋਸ਼,ਅਪਰਾਧ; ਕਮੀ, ਅਸਮਪੂਰਨਤਾ, ਅਧੂਰਾਪਨ; ਖੋਟ ਓਛਾਪਨ ।

Imperial, *a.* ਇਮਪੀਰੀਅਲ-ਰਾਜ ਸੰਬੰਧੀ, ਸ਼ਾਹੀ, ਰਾਜਸੀ, ਰਾਜ ਦਾ, ਸੁਲਤਾਨੀ, ਕੈਸਰੀ; ਚੰਗਾ; *n.* ਬੁਰਜ ।

Imperil, *v. t.* ਇਮਪੈਰਿਲ—ਜੋਖੋਂ ਯਾ ਖ਼ਤਰੇ ਵਿੱਚ ਪਾਉਣਾ ।

Imperious, *a.* ਇਮਪੈਰੀਅਸ—ਹੈਂਕੜੀਯਾ, ਘੁਮੰਡੀ, ਮਗ਼ਰੂਰ, ਆਕੜਖਾਂ ।

Imperishable, *a.* ਇਮਪੈਰਿਸ਼ਏਬਲ-ਅਵਿਨਾਸ਼ੀ, ਅਜਰ, ਪਾਏਦਾਰ, ਨਾਸ਼ਹੀਨ ।

Impermeable, *a.* ਇਮਪਰਮੀਏਬਲ-ਅਪਰਵੇਸ਼ਨੀਯ, ਜੋ ਲੰਘਿਆ ਨਾ ਜਾ ਸੱਕੇ ।

Impersonal, *a.* ਇਮਪਰਸੋਨਲ—ਭਾਵ ਸੂਚਕ ।

Impersonate, *v. t.* ਇਮਪਰਸੋਨੇਟ-ਆਦਮੀ ਠਹਰਾਉਣਾ, ਭੇਸ ਭਰਨਾ, ਖੇਸ ਕ० ।

Impertinence, **Impertinency**, *n.* ਇਮਪਰਟੀਨੈਂਨਸ, ਇਮਪਰਟੀਨੈਂਨਸੀ-ਗੁਸਤਾਖ਼ੀ, ਢਿਠਾਈ, ਸ਼ੋਖੀ, ਬੇਲਿਹਾਜ਼ੀ ।

Impertinent, *a.* ਇਮਪਰਟੀਨੇਂਟ-ਗੁਸਤਾਖ਼, ਢੀਠ, ਬੇਸ਼ਰਮ, ਉਜੱਡ, ਬੇਲਿਹਾਜ਼, ਅੱਖੜ ।

Imperturbable, *a.* ਇਮਪਰਟਰਬੇਬਲ—ਥਿਰ, ਬੇਹਲਚਲ, ਅਚਲ ।

Imperturbation, *n.* ਇਮਪਰਟਰਬੇਸ਼ਨ—ਥਿਰਤਾ, ਅਟਲਤਾ, ਅਚਲਤਾ ।

Impervious *a.* ਇਮਪਰਵੀਅਸ-ਔਖ ਨਾਲ ਲੰਘਨ ਜੋਗ, ਅਪਰਵੇਸ਼ਨੀਯ, ਬੇਗੁਜ਼ਰ ।

Impetuosity, *n.* ਇਮਪੈਟੂਔਸਿਟੀ—ਤੇਜ਼ੀ, ਜਲਦੀ, ਤੁੰਦੀ; ਜੋਸ਼, ਜ਼ੋਰ ।

Impetuous, *a.* ਇਮਪੈਟੂਅਸ-ਤੇਜ਼, ਕ੍ਰੋਧੀ ।

Impetus, *n.* ਇਮਪੈਟਸ-ਬਲ, ਵੇਗ, ਜ਼ੋਰ, ਤਾਕਤ, ਚੱਲਨ ਸ਼ਕਤੀ; ਸਦਮਾ ।

Impiety, *n.* ਇਮਪਾਇਟੀ-ਅਧਰਮ, ਪਾਪ, ਨਾਪਾਕੀ, ਰਿੰਦੀ ।

Impinge, *v. i.* ਇਮਪਿੰਜ—ਉੱਤੇ ਚੋਹਨਾ, ਤੜਕਨਾ, ਲਗਨਾ ।

Impious, *a.* ਇਮਪੀਅਸ-ਅਧਰਮੀ, ਦੁਸ਼ਟ, ਪਾਪੀ, ਨੀਚ, ਨਾਸਤਿਕ, ਕਾਫ਼ਿਰ ।

Impiousness, *n.* ਇਮਪੀਅਸਨੈਸ-ਅਧਰਮੀਪਨ, ਬੇਈਮਾਨੀ, ਦੁਸ਼ਟਤਾ, ਨਾਪਾਕੀ ।

Implacability, **Implacableness**, *n.* ਇਮਪਲੈਕਬਿਲਿਟੀ, ਇਮਪਲੈਕੇਬਲਨੈਸ—ਓਹ ਵੈਰ ਜੋ ਘੱਟ ਨਾ ਹੋ ਸੱਕੇ, ਬਹੁਤ ਦੁਸ਼ਮਨੀ ।

Implacable, *a*, ਇਮਪਲੈਕੇਬਲ-ਕਠੋਰ, ਨਿਰਦਈ, ਸੰਗਦਿਲ ।

Implant, *v. t.* ਇਮਪਲੈਂਟ-ਗੱਡਨਾ, ਰੋਪਨਾ, ਜਮਾਉਣਾ, ਬੀਜਨਾ, ਲਗਾਉਣਾ ।

Implantation, *n.* ਇਮਪਲੈਨਟੇਸ਼ਨ-ਰੋਪਨ, ਜਮਾਵਟ, ਲਗਾਵਟ, ਦਿਲ ਨਸ਼ੀਨੀ ।

Implausible, *a.* ਇਮਪਲੌਜ਼ੀਬਲ-ਨਾਪਸੰਦ, ਨਾਮਨਜ਼ੂਰ, ਜਿਸ ਪੁਰ ਇਤਬਾਰ ਨਾ ਹੋਵੇ ।

Implement, *n.* ਇਮਪਲੀਮੈਂਟ-ਜੰਤਰ, ਬਾਸਨ, ਹਥਿਆਰ; ਅਸਬਾਬ, ਸਾਮਾਨ ।

Implex, *a.* ਇਮਪਲੈਕਸ—ਪੇਚਦਾਰ, ਉਲਝਾਉਨ ਵਾਲਾ ।

Implexion, *n* ਇਮਪਲੈਕਸ਼ਨ-ਪੇਚ, ਉਲਝਾਓ, ਉਲਝੇੜਾ, ਦਿੱਕਤ ।

Implicate, *v. i.* ਇਮਪਲੀਕੇਟ-ਫਸਾਉਣਾ, ਲਪੇਟਨਾ, ਉਲਝਾਉਣਾ, ਪੇਚ ਵਿਚ ਪਾਉਣਾ ।

Implication, *n.* ਇਮਪਲੀਕੇਸ਼ਨ-ਅਨੁਮਾਨ, ਲਗਾਓ, ਫਸਾਓ, ਉਲਝੇੜਾ; ਮਨਸ਼ਾ, ਇਸ਼ਾਰਾ।

Implicit, *a.* ਇਮਪਲੀਸਿਟ-ਲਿਪਟਿਆ ਹੋਯਾ, ਵਿਸ਼ਵਾਸੀ, ਮਫ਼ਹੂਮ ।

Implicitly, *adv.* ਇਮਪਲੀਸਿਟਲੀ—ਅੱਖਾਂ ਬੰਨ੍ਹਕੇ, ਬਿਨਪੁੱਛੇ, ਬਿਲਾ ਹੁੱਜਤ ।

Implied, *a.* ਇਮਪਲਾਇਡ—ਵਿਚਾਰਿਆ ਹੋਇਆ, ਲੱਗਿਆ ਹੋਇਆ ।

Imploration, *n.* ਇਮਪਲੋਰੇਸ਼ਨ-ਪ੍ਰਾਰਥਨਾ, ਮਿੰਨਤ, ਅਰਦਾਸ, ਬੇਨਤੀ, ਇਲਤਜਾ ।

Implore, *v. t.* ਇਮਪਲੋਰ—ਪ੍ਰਾਰਥਨਾ ਯਾ ਬੇਨਤੀ ਕ०, ਮੰਗਨਾ, ਚਾਹੁਨਾ ।

Implunge, *v. t.* ਇਮਪਲੰਜ-ਡਬੋਨਾ, ਗੋਤਾ ਦੇਨਾ, ਡੋਬਨਾ ।

Imply, *v. t.* ਇਮਪਲੀ-ਸੂਚਨਾ ਦੇਨਾ, ਸਮਝਿਆ ਜਾਨਾ, ਅਰਥ ਰੱਖਨਾ, ਪਰਗਟ ਕ० ।

Impolicy, *n.* ਇਮਪੌਲਿਸੀ—ਬੇਇਤਬਾਰੀ, ਅਵਿਸ਼ਵਾਸ, ਬਦਤਦਬੀਰੀ।

Impolite, *a.* ਇਮਪੋਲਿਟ-ਅਸਭ੍ਯ, ਗੁੰਆਰ, ਰੁੱਖਾ, ਉਜੱਡ, ਅੱਖੜ, ਬੇਅਦਬ।

Impoliteness, *n.* ਇਮਪੋਲਿਟਨੈਸ-ਰੁੱਖਾਪਨ, ਅੱਖੜਪਨ, ਉਜੱਡਪਨਾ।

Impolitic, *a.* ਇਮਪੌਲਿਟਿਕ—ਅਗਜਾਨਤਾ ਨਾਲ, ਜੁਕਤੀਹੀਨ, ਨਾਮਾਕੂਲ।

Imponderous, *a.* ਇਮਪੌਂਡਰਸ—ਹੌਲਾ, ਜਿਸਦਾ ਤੋਲ ਨਾ ਜਾਣ ਪਵੇ।

Imporosity, *n.* ਇਮਪੋਰੌਸਿਟੀ-ਠੋਸਪਨਾ।

Imporous, *a.* ਇਮਪੋਰਸ-ਠੋਸ, ਮਸਾਮਹੀਨ।

Import, *v. t.* ਇਮਪੋਰਟ-ਦੂਜੇ ਦੇਸ ਵਿਚੋਂ ਲਿਆਉਣਾ, ਬਾਹਰ ਥਾਂ ਭੇਜਣਾ; ਅਰਥ ਕ੦, ਪਰਗਟ ਕ੦; *n* ਆਮਦਨੀ, ਅਭਿਪ੍ਰਾਯ, ਅਰਥ, ਮਾਨੇ, ਮਤਲਬ।

Importable, *a.* ਇਮਪੋਰਟੇਬਲ-ਦੇਸ ਵਿੱਚ ਲਿਆਉਣ ਜੋਗ।

Importance, *n.* ਇਮਪੋਰਟੈਂਸ-ਮਾਨ, ਕਦਰ, ਪਰਭਾਵ; ਬੋਝ, ਵਡਾਈ, ਲਿਹਾਜ਼।

Important, *a.* ਇਮਪੋਰਟੈਂਟ-ਭਾਰੀ, ਬੜਾ, ਵੱਡਾ, ਜ਼ਰੂਰੀ, ਅਸਰ ਵਾਲਾ।

Importation, *n.* ਇਮਪੋਰਟੇਸ਼ਨ ਕਿਸੇ ਦੇਸ ਵਿੱਚ ਲਿਆਉਣ ਦੀ ਹਾਲਤ, ਦਰਆਮਦ, ਬਾਹਰਬਰਦਾਰੀ; ਦੂਜੇ ਦੇਸਾਂ ਥੀਂ ਜੋ ਚੀਜ਼ ਲਿਆਈ ਜਾਵੇ।

Importer, *n.* ਇਮਪੋਰਟਰ—ਦੂਜੇ ਦੇਸਾਂ ਥੀਂ ਚੀਜ਼ਾਂ ਲਿਆਉਣ ਵਾਲਾ।

Importunate, *a.* ਇਮਪੋਰਚੂਨੇਟ-ਜਿਦੀ, ਨਿੱਤ ਲਾਗੂ, ਅੜਯਲ; ਮਿੰਨਤ ਸਮਾਜਤ ਕਰਨ ਵਾਲਾ, ਪ੍ਰਾਰਥਨਾ ਯਾ ਬੇਨਤੀ ਕਰਨ ਵਾਲਾ।

Importune, *v. t.* ਇਮਪੋਰਚੂਨ-ਦਬਾਉਣਾ, ਤੰਗ ਕ੦; ਪਿੱਛੇ ਪੈਣਾ; *a.* ਹਠੀ, ਜ਼ਿੱਦੀ, ਅੜਯਲ, ਲਾਗੂ, ਚਮਚਿੱਚੜ; ਕੁਵੇਲੇ।

Importunity, *n.* ਇਮਪੋਰਚੂਨਿਟੀ—ਆੜ, ਜ਼ਿਦ, ਤਕਾਜ਼ਾ।

Impose, *v. t.* ਇਮਪੋਜ਼-ਜ਼ਿੰਮੇ ਲਾਉਣਾ, ਸਿਰ ਕ੦, ਥੋਪਣਾ, ਗਲ ਮੜ੍ਹਨਾ, ਪੱਲੇ ਬੰਨ੍ਹਣਾ; ਪੱਥਰ ਪੁਰ ਛਾਪਨ ਲਈ ਫ਼ੂਮ ਦੇਣਾ।

Imposition, *n.* ਇਮਪੋਜ਼ੀਸ਼ਨ-ਕਰ, ਦੰਡ, ਲਗਾਨ, ਅਰੋਪਨ, ਫ਼ਰੇਬ, ਧੋਖਾ, ਕਪਟ।

Impossibility, *n.* ਇਮਪੌਸੀਬਿਲੀਟੀ-ਅਸਾਧਤਾ, ਅਣਹੋਣਤਾ, ਮਹਾਲ।

Impossible, *a.* ਇਮਪੌਸੀਬਲ-ਅਸਾਧਯ, ਜੋ ਹੋ ਨਾ ਸਕੇ, ਅਣਹੋਣਹਾਰ, ਨਾਮੁਮਕਿਨ।

Imposthumate, *v. i.* ਇਮਪੌਸਥੂਮੇਟ—ਪੱਕਣਾ, ਪਾਕ ਯਾ ਪੀਪ ਪੈਣਾ।

Imposthumation, *n.* ਇਮਪੌਸਥੂਮੇਸ਼ਨ—ਫੋੜੇ ਦੀ ਪਕਾਵਟ, ਫੋੜਾ।

Imposthume, *n.* ਇਮਪੌਸਥੂਮ-ਫੋੜਾ, ਫਿੰਸੀ।

Impostor, *n.* ਇਮਪੌਸਟਰ—ਪਖੰਡੀ, ਬਹੁਰੂਪੀਆ, ਛਲੀਆ, ਠੱਗ, ਫ਼ਰੇਬੀ।

Imposture, *n* ਇਮਪੌਸਚਰ—ਛਲ, ਧੋਖਾ, ਕਪਟ, ਫ਼ਰੇਬ, ਪਖੰਡ, ਦਗ਼ਾਬਾਜ਼ੀ।

Impotence, Impotency, *n.* ਇਮਪੋਟੈਂਸ, ਇਮਪੋਟੈਂਸੀ—ਹਿਜੜਾਪਨ, ਨਪੁੰਸਕਤਾ, ਨਾਮਰਦੀ, ਕਮਜ਼ੋਰੀ, ਨਾਤਾਕਤੀ।

Impotent, *a.* ਇਮਪੋਟੈਂਟ-ਹਿਜੜਾ, ਨਪੁੰਸਕ, ਨਾਮਰਦ, ਖੁਸਰਾ, ਬਲਹੀਨ, ਕਮਜ਼ੋਰ।

Impound, *v. t.* ਇਮਪੌਂਡ—ਬੰਦ ਰੱਖਣਾ, ਕੈਦ ਕ੦, ਹਾਤੇ ਵਿੱਚ ਰੱਖਣਾ।

Impoverish, *v. t.* ਇਮਪਾਵਰਿਸ਼-ਧਨਹੀਨ, ਗ਼ਰੀਬ, ਨਿਰਧਨ, ਕੰਗਾਲ, ਦਰਿੱਦਰੀ, ਨਿਰਬਲ ਯਾ ਨਿਸਤ ਕ੦; ਨਿੱਸਤ ਕ੦।

Impracticable, *a.* ਇਮਪਰੈਕਟੀਕੇਬਲ—ਹੱਠੀ, ਜ਼ਿੱਦੀ; ਅਸਾਧਯ, ਨਾ ਲੰਘਨ ਜੋਗ।

Imprecate, *v. i.* ਇਮਪਰੀਕੇਟ-ਸਰਾਪ ਦੇਣਾ, ਕੋਸਣਾ, ਸਰਾਪਣਾ, ਬਦਦੁਆ ਯਾ ਲਾਹਨਤ ਦੇਣਾ।

Imprecation, *n.* ਇਮਪਰੀਕੇਸ਼ਨ-ਸਰਾਪ, ਲਾਹਨਤ, ਬਦਦੁਆ।

Impregnable, *a.* ਇਮਪਰੇਗਨੇਬਲ-ਅਗੰਮ, ਅਜਿਤ, ਪੱਕਾ, ਜੋ ਸੌਖ ਨਾਲ ਜਿੱਤਿਆ ਨਾ ਜਾ ਸਕੇ, ਮਜ਼ਬੂਤ।

Impregnate, *v. t.* ਇਮਪਰੇਗਨੇਟ-ਗਰਭਤ ਕ੦, ਫਲਦਾਇਕ ਕ੦, ਭਰਨਾ।

Impregnation, *n.* ਇਮਪਰੇਗਨੇਸ਼ਨ-ਗਰਭ, ਹਮਲ, ਬਾਰਵਰੀ।

Impress, *v. t.* ਇਮਪਰੇਸ—ਛਾਪਣਾ, ਚਿੰਨ੍ਹ ਠੱਪਾ ਲਾਉਣਾ; ਚਿਤ ਵਿੱਚ ਬੈਠਣਾ; ਬਿਠਾਣ

ਪਕੜਨਾ; ਜ਼ੋਰ ਨਾਲ ਕੰਮ ਲੈਣਾ; *n.* ਚਿੰਨ੍ਹ, ਛਾਪਾ, ਮੋਹਰ, ਨਿਸ਼ਾਨੀ, ਖ਼ਿਆਲ, ਅਸਰ।

Impression, *n.* ਇਮਪਰੈਸ਼ਨ–ਦਾਬ; ਨਿਸ਼ਾਨ, ਛਾਪਾ, ਖ਼ਿਆਲ, ਅਸਰ, ਠੱਪਾ।

Impressive, *a.* ਇਮਪਰੈਸਿਵ—ਗੁਣਕਾਰੀ, ਅਸਰ ਕਰਨ ਵਾਲਾ।

Impressment, *n.* ਇਮਪਰੈਸਮੈਂਟ–ਬੇਗਾਰ, ਜ਼ਬਰਦਸਤੀ।

Imprimatur, *n.* ਇਮਪਰੀਮੇਟੁਰ—ਪੁਸਤਕ ਆਦਿ ਛਾਪਨ ਦੀ ਆਗਯਾ।

Imprimis, *adv.* ਇਮਪਰੀਮਿਸ–ਪਹਲੇ ਤੋਂ।

Imprint, *v. t.* ਇਮਪਰਿੰਟ–ਛਾਪਨਾ, ਨਕਸ਼ ਕ०; ਮਨ ਵਿੱਚ ਬਿਠਾ ਦੇਨਾ; *n.* ਪੁਸਤਕ ਯਾ ਅਖ਼ਬਾਰ ਛਾਪਨ ਵਾਲੇ ਦਾ ਨਾਉਂ, ਥਾਂ ਆਦਿ।

Imprison, *v. t.* ਇਮਪਰੀਜ਼ਨ—ਕੈਦ ਕ०, ਰੋਕਨਾ, ਮੁੰਦਨਾ, ਬੰਦ ਕ०।

Imprisonment, *n.* ਇਮਪਰੀਜ਼ਨਮੈਂਟ–ਕੈਦ, ਰੁਕਾਵਟ, ਬੰਦੀ, ਅਸੀਰੀ।

Improbability, *n.* ਇਮਪਰੋਬੇਬਿਲਿਟੀ—ਅਸੰਭਵਤਾ, ਖਿਆਲ ਦੇ ਵਿਰੁੱਧ।

Improbity, *n.* ਇਮਪਰੋਬਿਟੀ–ਅਧਰਮ, ਬੇ-ਈਮਾਨੀ।

Improper, *a.* ਇਮਪਰਾਪਰ—ਅਨੁਚਿਤ, ਅਸ਼ੁੱਧ, ਬੇਜਾ, ਨਾਮੁਨਾਸਿਬ, ਨਾਠੀਕ।

Impropriety, *n.* ਇਮਪਰੋਪਰਾਇਟੀ–ਅਯੋਗਤਾ, ਅਨੁਚਿਤ ਕੰਮ ਯਾ ਵਸਤੁ।

Improvable, *a.* ਇਮਪਰੂਵੇਬਲ—ਉੱਨਤੀ ਜੋਗ, ਤਰੱਕੀ ਦੇ ਲਾਇਕ।

Improve, *v. t.* ਇਮਪਰੂਵ–ਅਧਿਕ ਕ०, ਕੰਮ ਵਿੱਚ ਲਾਉਨਾ, ਸੁਧਾਰਨਾ, ਚੰਗਾ ਬਨਾਉਨਾ: *v. i.* ਵਧਨਾ, ਸੁਧਰਨਾ, ਚੜ੍ਹਨਾ, ਬਣਨਾ।

Improvement, *n.* ਇਮਪਰੂਵਮੈਂਟ–ਉੱਨਤੀ, ਤਰੱਕੀ; ਸੁਧਾਰ, ਬਨਾਉ; ਸਿੱਖਯਾ, ਬੇਹਤਰੀ।

Improvidence, *n.* ਇਮਪਰੋਵੀਡੈਂਸ–ਵਿਚਾਰਹੀਨਤਾ, ਕੋਤਾਅੰਦੇਸ਼ੀ।

Improvident, *a.* ਇਮਪਰੋਵੀਡੈਂਟ–ਅਸਾਵ-ਧਾਨ, ਵਿਚਾਰ ਰਹਿਤ, ਕੋਤਾਅੰਦੇਸ਼।

Imprudence, *n.* ਇਮਪਰੂਡੈਂਸ–ਅਗਯਾਨ, ਅਵਿਚਾਰ, ਸੋਖ਼ੀ, ਬੇਹਯਾਈ।

Imprudent, *a.* ਇਮਪਰੂਡੈਂਟ–ਬੇਲਿਹਾਜ਼, ਬੇ-ਤਮੀਜ਼, ਨਿਰਲੱਜ, ਅੱਲ੍ਹੜ, ਮੂੜ੍ਹ, ਬੇਸ਼ਰਮ।

Impudence, *n.* ਇਮਪੁਡੈਂਸ—ਬੇਸ਼ਰਮੀ, ਨਿਰਲੱਜਤਾ, ਛੀਠਪਨਾ, ਬੇਅਦਬੀ।

Impudent, *a.* ਇਮਪੁਡੈਂਟ–ਨਿਰਲੱਜ, ਢੀਠ, ਬੇਅਦਬ, ਬੇਹਯਾ।

Impudicity, *n.* ਇਮਪ੍ਰਡੀਸਿਟੀ–ਨਿਰਲੱਜਤਾ, ਬੇਸ਼ਰਮੀ, ਬੇਅਦਬੀ, ਬੇਹਯਾਈ।

Impugn, *v. t.* ਇਮਪਨ—ਖੰਡਨ ਕ०, ਰੱਦ ਕ०, ਕੱਟਨਾ, ਗਿਰਾ ਦੇਨਾ, ਏਹਤਰਾਜ਼ ਕ०।

Impulse, *n.* ਇਮਪਲਸ—ਧੱਕਾ, ਪਰਭੁੱਤਾ, ਦਬਾਉ, ਚਾਲ, ਅਸਰ।

Impulsion, *n.* ਇਮਪਲਸ਼ਨ–ਧੱਕਾ, ਅਸਰ, ਸਦਮਾ, ਤਾਸੀਰ।

Impulsive, *a.* ਇਮਪਲਸਿਵ–ਧਕੇਲੂ, ਚਲਾਊ, ਰੇੜ੍ਹਨ ਵਾਲਾ, ਉਕਸਾਇਆ ਹੋਇਆ।

Impunity, *n.* ਇਮਪੂਨਿਟੀ–ਅਦੰਡ, ਅਪੀੜਾ, ਹਾਨੀ ਹੀਨਤਾ।

Impure, *a.* ਇਮਪ੍ਰੂਰ–ਮਲੀਨ, ਮੈਲਾ, ਅਪ-ਵਿੱਤਰ, ਲੰਪਟ, ਗੰਦਾ, ਪਲੀਦ, ਮੁਰਦਾਰ।

Impurity, *n.* ਇਮਪੂਰਿਟੀ–ਮੈਲਾਪਨ, ਮਲੀ-ਨਤਾ, ਗਦਲਾਪਨ, ਨਾਪਾਕੀ, ਅਸ਼ੁੱਧਤਾ।

Impurple, *v. t.* ਇਮਪਰਪਲ–ਅਰਗਵਾਨੀ, ਬੈਂਗਨੀ ਯਾ ਵਤਾਊਂ ਰੰਗਾ ਕ०।

Imputable, *a.* ਇਮਪੂਟੇਬਲ–ਜੋ ਕਿਸੇ ਪੁਰ ਲੱਗ ਸੱਕੇ।

Imputation, *n.* ਇਮਪੂਟੇਸ਼ਨ–ਲਗਾਉ, ਕਲੰਕ, ਨਿੰਦਾ, ਤੋਹਮਤ, ਇਲਜ਼ਾਮ।

Imputative, *a.* ਇਮਪੁਟੇਟਿਵ—ਨਿੰਦਨੀਯ, ਅਰੋਪਣੀਯ, ਨਿੰਦਾ ਦੇ ਜੋਗ।

Impute, *v. t.* ਇਮਪੁਟ–ਅਰੋਪਨ ਕ०, ਲਗਾ-ਉਨਾ, ਧਰਨਾ, ਸੰਬੰਧ ਕ०, ਬਨਾਉਨਾ; ਦੋਸ਼, ਇਲਜ਼ਾਮ ਯਾ ਅਪਰਾਧ ਲਗਾਉਨਾ।

In, *prep.* ਇਨ–ਮੇਂ, ਬੀਚ, ਵਿੱਚ, ਅੰਦਰ; *adv.* ਅੰਦਰ; *n.* ਅਧਿਕਾਰੀ, ਓਹਦੇਦਾਰ: ਗੋਸ਼ਾ, ਕੋਨਾ, ਵੱਖਰੀ ਥਾਂ।

Inability, *n.* ਇਨਐਬੀਲਿਟੀ—ਅਯੋਗਤਾ, ਅਸਮਰਥਾ, ਨਾਲਾਇਕੀ।

Inabstinence, *n.* ਇਨਐਬਸਟੀਨੈਂਸ—ਬਦ-ਪਰਹੇਜ਼ੀ, ਬੇਏਹਤਯਾਤੀ।

Inaccessibility, *n.* ਇਨਐਕਸੈਸਸੀਬਿਲੀਟੀ ਅਗਮਤਾ, ਅਪਹੁੰਚ, ਪਹੁੰਚਣ ਲਈ ਤਕਲੀਫ਼ ਜਾਂ ਔਖਿਆਈ ।

Inaccessible, *a.* ਇਨਐਕਸੈਸਸੀਬਲ—ਅਗੰਮ, ਔਘਟ, ਦੁਰਲਭ, ਔਖਾ, ਮੁਸ਼ਕਿਲ, ਪਹੁੰਚ ਥੀਂ ਪਾਰ, ਰਸਾਈ ਥੀਂ ਪਰੇ ।

Inaccuracy, *n.* ਇਨਐਕੁਰੇਸੀ–ਅਸ਼ੁੱਧਤਾ, ਗ਼ਲਤੀ, ਨਾਦਰੁਸਤੀ ।

Inaccurate, *a.* ਇਨਐਕੁਰੇਟ–ਅਸ਼ੁੱਧ, ਗ਼ਲਤ, ਨਾਦਰੁਸਤ ।

Inaction, *n.* ਇਨਐਕਸ਼ਨ–ਨਿਕੰਮਾਪਨ, ਨਾ-ਸ਼ੁਗਲੀ, ਸੁਸਤੀ, ਬੇਕਾਰੀ ।

Inactive, *a.* ਇਨਐਕਟਿਵ–ਆਲਸੀ, ਢਿੱਲਾ, ਸੁਸਤ, ਉਦਾਸ; ਬੇਹਰਕਤ ।

Inactivity, *n.* ਇਨਐਕਟੀਵਿਟੀ–ਬੇਕਾਰੀ, ਸੁਸਤੀ ।

Inadequacy, *n.* ਇਨਐਡੀਕਵੇਸੀ—ਕਸਰ, ਘਾਟਾ, ਓਛਾਪਨ, ਕਮੀ; ਨੁਕਸ, ਖੋਟ ।

Inadequate, *a.* ਇਨਐਡੀਕਵੇਟ—ਅਯੋਗ, ਥੋੜ੍ਹਾ, ਘੱਟ, ਓਛਾ, ਅਧੂਰਾ, ਨਾਕਿਸ ।

Inadequateness, *n.* ਇਨਐਡੀਕਵੇਟਨੈਸ—ਨਿਊਨਤਾ, ਅਯੋਗਤਾ, ਕਮੀ ।

Inadmissible, *a.* ਇਨਐਡਮਿੱਸੀਬਲ–ਰੱਦ ਕਰਨ ਜੋਗ, ਨਾ ਮੰਨਣ ਜੋਗ, ਨਾ ਸੁਣਨ ਜੋਗ ।

Inadvertence, **Inadvertency**, *n.* ਇਨਐਡਵਰਟੈਂਸ, ਇਨਐਡਵਰਟੈਂਨਸੀ–ਚੁਕ, ਬੇ-ਖ਼ਬਰੀ, ਬੇਪਰਵਾਹੀ, ਭੁੱਲ, ਗ਼ਫ਼ਲਤ ।

Inadvertent, *a.* ਇਨਐਡਵਰਟੈਂਟ–ਅਚੇਤ, ਬੇਖ਼ਬਰ, ਬੇਪਰਵਾਹ, ਗ਼ਾਫ਼ਿਲ ।

Inalienable, *a.* ਇਨਐਲਯੈਨੇਬਲ—ਬੰਸ ਮਾਤਰ ਭੋਗ, ਜੋ ਦੂਜੇ ਦੇ ਨਾਉਂ ਲੱਗ ਨਾ ਸੱਕੇ ।

Inamorata, **Inamorato**, *n.* ਇਨਐਮੋ-ਰੇਟਾ, ਇਨਐਮੋਰੇਟੋ–ਪਿਆਰਾ, ਮਿੱਠਾ ।

Inane, *a.* ਇਨਏਨ–ਛੂਛਾ, ਖਾਲੀ, ਸੁੰਨ ।

Inanimate, **Inanimated**, *a.* ਇਨਐਨੀ-ਮੇਟ, ਇਨਐਨੀਮੇਟਿਡ–ਨਿਰਜੀਵ, ਬੇਜਾਨ ।

Inanition, **Inanity**, *n.* ਇਨਐਨੀਸ਼ਨ, ਇਨਐਨੀਟੀ–ਅਹੰਕਾਰ, ਛੂਛਾਪਨ, ਓਛਾਪਨ ।

Inappetence, **Inappetency**, *n.* ਇਨ-ਐਪਪੀਟੈਂਸ, ਇਨਐਪਪੀਟੈਂਨਸੀ–ਰੱਜ, ਸੇਰੀ ।

Inapplicability, *n.* ਇਨਐਪਪਲੀਕੈਬਿਲੀ-ਟੀ—ਅਨਮੇਲਤਾ, ਨਾਮੁਆਫ਼ਕਤ ।

Inapplicable, *a.* ਇਨਐਪਪਲੀਕੇਬਲ—ਜੋ ਲਗਾਇਆ ਨਾ ਜਾ ਸੱਕੇ ।

Inapplication, *n.* ਇਨਐਪਪਲੀਕੇਸ਼ਨ—ਸੁਸਤੀ ਭੁੱਲ, ਬੇਪਰਵਾਹੀ, ਗ਼ਫ਼ਲਤ ।

Inapprehensible, *a.* ਇਨਐਪਪਰੀਹੈਨਸੀ-ਬਲ—ਸਮਝ ਥੀਂ ਬਾਹਰ, ਜੋ ਸਮਝ ਵਿੱਚ ਨਾ ਆ ਸੱਕੇ ।

Inapprehensive, *a.* ਇਨਐਪਰੀਹੈਨਸਿਵ—ਅਸੋਚ, ਬੇਪਰਵਾਹ, ਬੇਫ਼ਿਕਰ ।

Inappropriate, *a.* ਇਨਅਪਰੋਪਰੀਏਟ—ਅਯੋਗ, ਨਾਮੁਨਾਸਬ ।

Inaptitude, *n.* ਇਨਐਪਟੀਟੂਡ–ਅਯੋਗਤਾ, ਨਾਮੁਨਾਸਬੀ ।

Inarticulate, *a.* ਇਨਆਰਟੀਕੁਲੇਟ—ਅਵ-ਯਕਤ, ਅਸਪਸ਼ਟ, ਜੋ ਸਮਝ ਵਿੱਚ ਨਾ ਆਵੇ ਜੇਹਾ ਪਸ਼ੂਆਂ ਦੀ ਆਵਾਜ਼ ।

Inarticulation, *n.* ਇਨਆਰਟੀਕੁਲੇਸ਼ਨ—ਅਸਪਸ਼ਟਤਾ, ਗਲਬਲਾਹਟ ।

Inartificial, *a.* ਇਨਆਰਟੀਫ਼ੀਸ਼ੀਅਲ—ਸਿੱਧਾ ਸਾਦਾ, ਭੋਲਾ ਭਾਲਾ, ਅਨਘੜਿਆ ।

Inattention, *n.* ਇਨਅਟੈਨਸ਼ਨ–ਗ਼ਫ਼ਲਤ, ਬੇਖ਼ਬਰੀ, ਧਿਆਨ ਹੀਨਤਾ, ਅਚੇਤਤਾ ।

Inattentive, *a.* ਇਨਅਟੈਨਟਿਵ—ਅਚੇਤ, ਬੇਖ਼ਬਰ, ਗ਼ਾਫ਼ਲ ।

Inaudible, *a.* ਇਨਔਡੀਬਲ–ਚੁੱਪਚਾਪ, ਬੇਆਵਾਜ਼, ਜੋ ਸੁਣਿਆ ਨਾ ਜਾਵੇ, ਜੋ ਸੁਣਾਈ ਨਾ ਦੇ ।

Inaugurate, *v. t.* ਇਨਔਗੁਰੇਟ–ਗੱਦੀ ਪੁਰ ਬਿਠਾਉਣਾ, ਟੀਕਾ ਦੇਣਾ, ਗੱਦੀ ਦੇਣਾ ।

Inauguration, *n.* ਇਨਔਗੁਰੇਸ਼ਨ–ਟੀਕਾ, ਤਿਲਕ, ਟਿੱਕਾ; ਤਿੱਲਾਕਾਰੀ, ਮੁਲੱਮਾਸਾਜ਼ੀ ।

Inauspicious, *a.* ਇਨਔਸਪੀਸ਼ਸ–ਅਸ਼ੁੱਭ, ਅਮੰਗਲਕਾਰੀ, ਬਦਸ਼ਗਨ, ਨਾਮੁਬਾਰਕ ।

Inbeing, *n.* ਇਨਬਿਇੰਗ–ਅਸਲੀਅਤ ।

Inborn, **Inbred**, *a.* ਇਨਬੋਰਨ, ਇਨਬਰੈਡ—ਸੁਭਾਵਿਕ, ਜਨਮੀ, ਪੈਦਾਇਸ਼ੀ, ਅਸਲ ।

Inbreed, *v. t.* ਇਨਬਰੀਡ–ਦਿਲ ਵਿੱਚ ਉਤਪੰਨ ਕ॰ ।

Incage, *v. t.* ਇਨਕੇਜ-ਪਿੰਜਰੇ ਪਾਉਣਾ, ਬੰਦ ਕ०, ਫਸਾਉਣਾ ।

Incalculable, *a.* ਇਨਕੈਲਕੁਲੇਬਲ-ਅਸੰਖ, ਬੇਹਿਸਾਬ, ਅਣਗਿਣਤ, ਬੇਸ਼ੁਮਾਰ ।

Incalescence, Incalescency, *n.* ਇਨਕੈਲੇਸੈਂਸ, ਇਨਕੈਲੇਸੈਂਸੀ—ਗਰਮੀ ਦੀ ਵਧੀਕੀ, ਗਰਮੀ ਦੀ ਅਧਿਕਤਾਈ ।

Incalescent, *a.* ਇਨਕੈਲੇਸੈਂਟ—ਗਰਮੀ ਕਰਨ ਵਾਲਾ, ਜਿਸ ਵਿਚ ਵਧੀਕ ਗਰਮੀ ਹੋਵੇ ।

Incantation, *n.* ਇਨਕੈਨਟੇਸ਼ਨ-ਮੰਤ੍ਰ, ਟੂਣਾ।

Incapability, *n.* ਇਨਕੇਪੀਬਿਲੀਟੀ-ਅਯੋਗਤਾ, ਨਾਤਾਕਤੀ, ਨਾਦਾਨੀ ।

Incapable, *a.* ਇਨਕੇਪੇਬਲ-ਅਯੋਗ, ਅਸਮਰਥ,ਓਛਾ, ਛੋਟਾ, ਤੰਗ, ਨਾਲਾਯਕ, ਨਾਕਾਬਲ

Incapacious, *a.* ਇਨਕੇਪੇਸ਼ਸ—ਤੰਗ, ਛੋਟਾ, ਭੀੜਾ, ਨਾ ਖੁੱਲਾ, ਸਕੜਾ ।

Incapacitate,*v.t.* ਇਨਕੇਪੈਸੀਟੇਟ-ਅਸਮਰਥ, ਅਯੋਗ, ਨਾਲਾਯਕ ਯਾ ਬੇਬਸ ਕ० ।

Incapacity, *n.* ਇਨਕੇਪੈਸਿਟੀ-ਅਯੋਗਤਾ, ਅਸਮਰਥਤਾ, ਬੇਬਸਤਾ, ਨਾਲਾਯਕੀ ।

Incarcerate, *v. t.* ਇਨਕਾਰਸਰੇਟ-ਕੈਦ ਯਾ ਬੰਦ ਕ० ।

Incarnate, *v. t.* ਇਨਕਾਰਨੇਟ—ਮਾਸ ਨਾਲ ਭਰਨਾ; *v. i.* ਮਾਸ ਭਰਨਾ, ਅੰਗੂਰ ਆਉਣਾ; ਅਵਤਾਰੀ, ਦੇਹ ਸੰਬੰਧੀ ।

Incarnation, *n.* ਇਨਕਾਰਨੇਸ਼ਨ-ਅਵਤਾਰ, ਉਤਾਰ; ਸਰੀਰਤਵ ।

Incarnative, *a.* ਇਨਕਾਰਨੇਟਿਵ-ਮਾਸ ਉਤਪੰਨ ਕਰਨ ਵਾਲਾ, ਅੰਗੂਰ ਲਿਆਉਣ ਯਾ ਭਰਨ ਵਾਲਾ ।

Incautious, *a.* ਇਨਕੌਸ਼ਸ-ਅਚੇਤ, ਬੇਪਰਵਾਹ, ਬੇਧਿਆਨ, ਬੇਏਹਤਯਾਤ ।

Incendiary, *a.* ਇਨਸੈਨਡੀਅਰੀ-ਘਰ ਸਾੜੂ, ਅੱਗ ਲਗਾਊ; ਫਸਾਦੀ, ਬਖੇੜੀਆ, ਫਤੂਰੀਆ

Incense, *n.* ਇਨਸੈਂਸ-ਧੂਪ, ਲੋਬਾਨ, ਲਪਟ, ਸੁਗੰਧ; *v. t.* ਸੁਗੰਧਤ ਯਾ ਖ਼ੁਸ਼ਬੂਦਾਰ ਕ०; ਅੱਗ ਲਗਾਉਣੀ, ਭੜਕਾਉਣਾ ।

Incentive, *a.* ਇਨਸੈਨਟਿਵ—ਸਾਹਸ ਦੇਣ ਵਾਲਾ; *n* ਭੜਕਾਓ, ਉਕਸਾਓ, ਲਾਲਚ ।

Inception, *n.* ਇਨਸੈਪਸ਼ਨ-ਆਦਿ, ਸ਼ੁਰੂ, ਆਰੰਭ, ਮੁੱਢ ।

Inceptive, *a.* ਇਨਸੈਪਟਿਵ-ਆਰੰਭ ਯਾ ਸ਼ੁਰੂ ਕਰਨ ਵਾਲਾ ।

Inceptor, *n.* ਇਨਸੈਪਟਰ-ਵਿਦਯਾਰਥੀ, ਵਿੱਦਯਾ ਪੜ੍ਹਨੀ ਆਰੰਭ ਕਰਨ ਵਾਲਾ ।

Incessant, *a.* ਇਨਸੈਸਸੈਂਟ-ਨਿਰੰਤਰ, ਲਗਾਤਾਰ, ਬਰਾਬਰ, ਬਿਨਾ ਨਾਗਾ, ਹਰ ਰੋਜ਼ ।

Incest, *n* ਇਨਸੈਸਟ-ਗੋਤਰ ਗਮਨ, ਜ਼ਨਾਹਕਾਰੀ, ਅਜੇਹੀ ਇਸਤ੍ਰੀ ਨਾਲ ਭੋਗ ਜਿਸ ਨਾਲ ਵਿਵਾਹ ਧਰਮ ਵਿਰੁੱਧ ਹੋਵੇ ।

Incestuous, *a.* ਇਨਸੈਸਟੁਅਸ-ਗੋਤਰਗਮਨੀ, ਲੰਪਟ, ਜ਼ਨਾਹਕਾਰ ।

Inch, *n.* ਇੰਚ-ਇੱਕ ਫ਼ੁੱਟ ਦਾ ਬਾਰ੍ਹਵਾਂ ਭਾਗ, ਇੰਚ, ਇੱਕ ਪਸੇ ਜਿੰਨਾ ਨਾਪ ।

Inched, *a.* ਇੰਚਿਡ—ਇੰਚਾਂ ਦਾ ਨਿਸ਼ਾਨ ਲੱਗਿਆ ਹੋਇਆ ।

Inchoation, *n.* ਇੰਚੋਏਸ਼ਨ-ਆਦ, ਸ਼ੁਰੂ ।

Inchoative, *a.* ਇੰਚੋਏਟਿਵ-ਆਦਿ, ਪਹਲਾ ।

Incidence, *n.* ਇਨਸੀਡੈਂਸ-ਦੈਵਯੋਗ, ਨਾਗਹਾਨੀ; ਹੋਨ ਜੋਗ, ਸੰਬੰਧ, ਮਾਜਰਾ ।

Incident, *n.* ਇਨਸੀਡੈਂਟ-ਮਾਜਰਾ, ਘਟਨਾ; *a.* ਆ ਪੈਣ ਵਾਲਾ, ਦੈਵਯੋਗ ।

Incineration, *n.* ਇਨਸਿਨਰੇਸ਼ਨ—ਕੁਸ਼ਤਾ ਬਣਾਉਣ ਦੀ ਹਾਲਤ ।

Incipient, *a.* ਇਨਸੀਪੀਐਂਟ-ਆਰੰਭ ਦਾ, ਸ਼ੁਰੂ ਦਾ, ਪਹਲੇ ਦਾ ।

Incircumspection, *n.* ਇਨਸਰਕਮਸਪੈਕਸ਼ਨ—ਅਸਾਵਧਾਨੀ, ਬੇਪਰਵਾਹੀ, ਗ਼ਫ਼ਲਤ, ਲਾਪਰਵਾਹੀ, ਕੋਤਾਹੀ ।

Incise, *v. t.* ਇਨਸਾਇਜ਼—ਖੋਦਨਾ, ਕੱਟਨਾ, ਤਰਾਸ਼ਨਾ, ਛਿੱਲਨਾ ।

Incision, *n.* ਇਨਸੀਜ਼ਨ-ਕਾਟ, ਚਾੜ, ਘਾਵ, ਪੱਛਨ, ਛਿੱਲਨ ।

Incisive, *a.* ਇਨਸੀਸਿਵ-ਕੱਟਨ ਵਾਲਾ, ਛੇਦਕ, ਚਾਕਨ ਵਾਲਾ ।

Incisor, *n.* ਇਨਸੀਸਰ-ਕੱਟਨ ਵਾਲਾ ਅਗਲਾ ਦੰਦ ।

Incitation, Incinement, *n.* ਇਨਸੀਟੇਸ਼ਨ, ਇਨਸਾਇਟਮੈਂਟ—ਉਕਸਾਓ, ਲਾਲਚ, ਤਰਗੀਬ ।

Incite, *v. t.* ਇਨਸਾਇਟ-ਤੇਜ਼ ਕ०, ਉਕਸਾਉਣਾ, ਪਰੇਰਨਾ, ਉਭਾਰਨਾ, ਲੋਭ ਦੇਣਾ, ਵਰਗਲਾਉਣਾ, ਸ਼ਹਿ ਦੇਣਾ ।

Incivility, *n.* ਇਨਸੀਵਿਲੀਟੀ—ਅਸਿਸ਼ਟਾਚਾਰ, ਬੇਅਦਬੀ, ਰੁੱਖਾਪਨ ।

Inclasp, *v. t.* ਇਨਕਲਾਸਪ-ਜੱਫਾ ਪਾਉਣਾ, ਮਜ਼ਬੂਤ ਪਕੜਨਾ ।

Inclavated, *a.* ਇਨਕਲੇਵੇਟਿਡ—ਜੜਿਆ, ਜੁੰਮਿਆ ਯਾ ਰੱਖਿਆ ਹੋਇਆ ।

Inclemency, *n.* ਇਨਕਲੀਮੇਨਸੀ-ਕਠੋਰਤਾ, ਨਿਰਦਯਤਾ, ਸਖ਼ਤੀ, ਬੇਰਹਮੀ, ਬੇਦਰਦੀ ।

Inclement, *a.* ਇਨਕਲੀਮੈਂਟ-ਕਠੋਰ, ਰੁੱਖਾ, ਕੜਾ, ਸਖ਼ਤ, ਨਿਰਦਈ, ਤੇਜ਼, ਤੁੰਦ ।

Inclinable, *a.* ਇਨਕਲੀਨੇਬਲ—ਝੁਕਿਆ ਹੋਇਆ, ਤਿਆਰ, ਆਮਾਦਾ ।

Inclination, *n.* ਇਨਕਲੀਨੇਸ਼ਨ—ਚਾਹ, ਇੱਛਾ, ਝੁਕਾਵ, ਰੁਚੀ, ਮੈਲਾਨ, ਪਿਆਰ ।

Incline, *v. i.* ਇਨਕਲਾਇਨ-ਝੁਕਨਾ, ਚਾਹੁਨਾ, ਡੁਲਨਾ; *v. t.* ਝੁਕਾਉਣਾ, ਮੋੜਨਾ ।

Inclip, *v. t.* ਇਨਕਲਿਪ-ਪਕੜਨਾ, ਘੇਰਨਾ ।

Incloister, *v. t.* ਇਨਕਲੋਇਸਟਰ-ਕੋਠੇ ਯਾ ਹੁਜਰੇ ਵਿੱਚ ਬੰਦ ਕ० ।

Inclose, *v. t.* ਇਨਕਲੋਜ਼-ਘੇਰਨਾ ।

Monograph, *n.* ਮੋਨੋਗਰਾਫ਼–ਇੱਕ ਹੀ ਗੱਲ ਦਾ ਕਥਨ ਜਾ ਬਿਆਨ ।

Monopolize, *v. t.* ਮੋਨੋਪੋਲਾਇਜ਼–ਇਜਾਰਾ ਲੈਣਾ, ਆਪ ਬਿਓਪਾਰ ਕਰਨਾ ਤੇ ਕਿਸੇ ਹੋਰ ਨੂੰ ਨਾ ਕਰਨ ਦੇਣਾ ।

Monopoly, *n.* ਮੋਨੋਪੋਲੀ–ਖ਼ਾਸ ਖ਼ਰੀਦ, ਕੁਲ ਦਾ ਇਜਾਰਾ, ਵੇਚਨ ਦਾ ਅਧਿਕਾਰ ।

Monosyllable, *n.* ਮੋਨੋਸਿਲੇਬਲ–ਏਕਾਖਰੀ

ਸ਼ਬਦ, ਉਹ ਸ਼ਬਦ ਜਿਸਦਾ ਉੱਚਾਰਣ ਇੱਕ ਵਾਰ ਹੋ ਸੱਕੇ ।

Monotheism, *n.* ਮੋਨੋਥੀਇਜ਼ਮ-ਇੱਕ ਈਸ਼ੂਰ ਨੂੰ ਮੰਨਣ ਦਾ ਮਤ ।

Monsoon, *n.* ਮਨਸੂਨ-ਮੌਸਮੀ ਹਵਾ ਜੋ ਛੇ ਮਹੀਨੇ ਇਕ ਪਾਸੇ ਚਲਦੀ ਰਹਿੰਦੀ ਹੈ ।

Monster, *n.* ਮੌਨਸਟਰ-ਰਾਖ਼ਸ਼, ਦਿਓ ।

Monstrous, *a.* ਮੌਨਸਟਰਸ—ਦਿਓ ਜੇਡਾ, ਦਿਓ ਜੇਹਾ, ਰਾਖ਼ਸ਼ੀ; ਅਨੋਖਾ, ਅਜੀਬ; ਵੱਡਾ; ਡਰਾਉਣਾ, ਹਥਤਨਾਕ ।

Month, *n.* ਮੰਥ-ਮਹੀਨਾ, ਮਾਹ, ਮਾਸ ।

Monthly, *a.* ਮੰਥਲੀ-ਮਾਸਿਕ, ਮਾਹਵਾਰੀ ।

Monument, *n.* ਮੋਨੂਮੈਂਟ—ਸਮਾਧ, ਰੋਜ਼ਾ; ਯਾਦਗਾਰ, ਨਿਸ਼ਾਨੀ ।

Mood, *n.* ਮੂਡ-ਲਟਕ, ਸੁਭਾਵ, ਗੁੱਸਾ; ਲਕਾਰ

Moody, *a.* ਮੂਡੀ-ਵਹਮੀ, ਲਟਕ ਵਾਲਾ, ਦਿਲ ਚਲਾ; ਸੁਸਤ, ਉਦਾਸ; ਚਿੜਚਿੜਾ ।

Moon, *n.* ਮੂਨ-ਚੰਨ, ਚੰਦਰਮਾ, ਚੰਦ, ਚਾਂਦ ।

Moonet, *n.* ਮੂਨੇਟ-ਛੋਟਾ ਚੰਨ ।

Moonish, *a.* ਮੂਨਿਸ਼-ਚੰਨ ਜੇਹਾ ।

Moonlight, *n.* ਮੂਨਲਾਈਟ-ਚੰਨ ਦੀ ਜੋਤ, ਚਾਂਦਨੀ, ਚਾਨਣੀ ।

Moonshine, *n.* ਮੂਨਸ਼ਾਇਨ—ਚਾਂਦਨੀ; ਦਿਖਾਵਾ, ਨਮੂਦ, ਜ਼ਾਹਰਦਾਰੀ; ਗ਼ਰੂਰ ।

Moony, *a.* ਮੂਨੀ-ਚੰਨ ਵਰਗਾ, ਚੰਦ ਜੇਹਾ ।

Moor, *n.* ਮੂਰ—ਜੰਗਲੀ, ਹਬਸ਼ੀ; ਦਲਦਲ, ਧਸਾਨ, ਚਿੱਕੜ; *v.t.* ਲੰਗਰ ਡਾਲਨਾ ।

Moorage, *n.* ਮੂਰੇਜ-ਨਾਓ ਦਾ ਘਾਟ ।

Mooring, *n.* ਮੂਰਿੰਗ-ਜਹਾਜ਼ ਦੇ ਲੰਗਰ ਰੱਸੇ ਜ਼ੰਜੀਰ ਆਦਿ ।

Moot, *v.t.* ਮੂਟ-ਬੈਹਸ ਕ०, ਵਾਦਵਿਵਾਦ ਕ०

Mop, *n.* ਮੌਪ—ਕੂਚੀ, ਝਾੜਨ, ਝਾੜੂ; *v. t.* ਸਾਫ਼ ਕ०, ਝਾੜੂ ਦੇਣਾ, ਬੁਹਾਰਨਾ ।

Mope, *v. i.* ਮੋਪ-ਬੇਸੁਧ, ਬੇਹੋਸ਼ ਜਾਂ ਮੁਰਝਿਤ ਹੋਣਾ, ਊਂਘਣਾ; *v. t.* ਉਦਾਸ ਕ०, ਬੇਸੁਧ ਕ०; *n.* ਸੁਸਤ ਜਾਂ ਢਿੱਲਾ ਆਦਮੀ, ਗਾਓਦੀ।

Moppet, Mopsey, *n.* ਮੌਪੇਟ, ਮੌਪਸੀ—ਗੁੱਡੀ, ਗੁਡੀਆ, ਪੁਤਲੀ ।

Moral, *n.* ਮੌਰਲ-ਖ਼ੋ, ਸੁਭਾਵ, ਆਦਤ, ਬਾਣ, ਵਾਦੀ; ਫਲ, ਨਤੀਜਾ, ਅਖ਼ਲਾਕ, ਸਾਰ, ਗੁਪਤ-ਪਰਜ, ਅਭਿਪਰਾਯ, ਮਤਲਬ; *a.* ਧਾਰਮਿਕ, ਠੀਕ, ਭਲੇ ਬੁਰੇ ਨੂੰ ਸਮਝਣ ਵਾਲਾ, ਧਰਮ-ਚਾਰੀ, ਉਚਿਤ; ਦਲੀ, ਅਖ਼ਲਾਕੀ, ਅਕਲੀ ।

Moralist, *n.* ਮੌਰਲਿਸਟ—ਸਭਜਤਾ ਵਾਲਾ, ਸਭਜਤਾ ਦਾ ਉਪਦੇਸ਼ਕ, ਮੱਤ ਦੇਣ ਵਾਲਾ

Morality, *n.* ਮੋਰੇਲਿਟੀ-ਭਲਮਨਸਊ, ਨੇਕੀ, ਭਲਾਈ, ਧਰਮ ਆਚਰਣ, ਸ਼ਰਾਫ਼ਤ ।

Moralize, *v. t.* ਮੋਰੇਲਾਇਜ਼-ਹਿਤ ਨਾਲ ਉਪਦੇਸ਼ ਕ०, ਚੰਗਾ ਕ०, ਸਭਜ ਬਨਾਉਣਾ ।

Morally, *adv.* ਮੌਰਲੀ—ਸਭਜਤਾ ਨਾਲ, ਇਖ਼ਲਾਕ ਨਾਲ, ਨਿਆਯ ਨਾਲ, ਧਰਮ ਨਾਲ ।

Morals, *n.* ਮੌਰਲਜ਼-ਆਚਾਰ, ਚਲਨ, ਰਵੈਯਾ, ਰਿਵਾਜ, ਅਖ਼ਲਾਕ, ਅਦਬ ।

Morass, *n.* ਮੋਰੈਸ-ਦਲਦਲ, ਚਿੱਕੜ

Morassy, *a.* ਮੋਰੈਸੀ—ਚਿੱਕੜ ਨਾਲ ਭਰਿਆ ਯਾ ਲਿਬੜਿਆ ਹੋਇਆ ।

Morbid, *a.* ਮੌਰਬਿਡ-ਰੋਗੀ, ਰੋਗੀ ਜੇਹਾ ।

Morbidity, *n.* ਮੌਰਬੀਡਿਟੀ-ਬੀਮਾਰੀ, ਰੋਗ, ਦੁੱਖ, ਵਿਗਾੜ ।

Morbific, Morbifical, *a.* ਮੌਰਬਿਫ਼ਿਕ, ਮੌਰਬੀਫ਼ੀਕਲ—ਰੋਗ ਉਤਪੰਨ ਕਰਨ ਵਾਲਾ, ਰੋਗ ਦੀ ਜੜ, ਰੋਗ; ਰੋਗ ਨਾਲ ਭਰਿਆ ਹੋਯਾ ।

Mordacious, *a.* ਮੌਰਡੇਸ਼ਸ—ਕੱਟਣ ਵਾਲਾ, ਤੇਜ਼ ।

Mordacity, *n.* ਮੌਰਡੇਸਿਟੀ-ਕਾਟ, ਤੇਜ਼ੀ ।

More, *a.* ਮੋਰ—ਅਧਿਕ ਬਹੁਤ, ਜ਼ਿਆਦਾ, ਵਧੀਕ, ਹੋਰ, ਔਰ; *adv.* ਬਹੁਤ ਕਾਲ ਤਕ, ਚਿਰ ਤੋਂਡੀ, ਫੇਰ, ਹੋਰ ।

Moreover, *adv.* ਮੋਰਓਵਰ—ਔਰ ਭੀ, ਹੋਰ ਵੀ, ਇਸ ਉੱਤੇ ਵੀ, ਸਿਵਾ, ਬਲਕੇ ।

Mormo, *n.* ਮੋਰਮੋ-ਝੂਠਾ ਡਰ, ਹੋਆ ।

Morning, Morn, *n.* ਮੌਰਨਿੰਗ, ਮੌਰਨ—ਪਰਭਾਤ, ਭੋਰ, ਤੜਕਾ, ਸਵੇਰਾ, ਫ਼ਜਰ; ਸ਼ੁਰੂ, ਆਰੰਭ; *a.* ਸਵੇਰ ਦਾ, ਪਰਭਾਤ ਦਾ ।

Morocco, *n.* ਮੋਰੋਕੋ-ਇਕ ਪ੍ਰਕਾਰ ਦਾ ਚੰਗਾ ਤੇ ਮੈਂਹਗਾ ਚਮੜਾ ।

Morose, *a.* ਮੋਰੋਜ਼-ਚਿੜਚਿੜਾ, ਰੁੱਖਾ, ਤੁੰਦ ।

Morpheus, *n.* ਮੌਰਫ਼ੀਅਸ-ਨੀਂਦ, ਸੁਪਨਾ ।

Morphia, Morphina, Morphine, ਮੋਰਫ਼ੀਆ, ਮੋਰਫ਼ੀਨਾ, ਮੋਰਫ਼ਿਨ—ਅਫ਼ੀਮ ਦਾ ਸਤ, ਅਸਲਉਲ ਅਫ਼ੀਮ ।

Morrow, To-morrow, *n.* ਮੋਰੋ, ਟੁਮੋਰੋ—ਕੱਲ ਜੋ ਆਵੇਗਾ, ਅਜ ਥੀਂ ਅਗਲਾ ਦਿਨ ।

Mors, *n.* ਮੋਰਸ—ਮੌਤ, ਕਾਲ ।

Morse, *n.* ਮੋਰਸ—ਮੁੱਛਾਂ ਵਾਲਾ ਦਰਿਆਈ ਘੋੜਾ ।

Morsel, *n.* ਮੋਰਸੈਲ—ਗਰਾਸ, ਨਿਵਾਲਾ, ਗਰਾਹੀ, ਲੁਕਮਾ; ਟੁਕੜਾ, ਟੁੱਕਰ ।

Mortal, *a.* ਮੋਰਟਲ—ਮਰਨ ਜੋਗ, ਮਰਨਹਾਰ; ਪਰਾਣਲੇਵਾ; ਕਾਰੀ. ਮੌਤ ਵੇਲੇ ਦਾ; ਪੁਰਖ ਦਾ; *n.* ਪੁਰਖ, ਮਨੁੱਖ, ਆਦਮੀ, ਇੰਸਾਨ ।

Mortality, *n.* ਮੋਰਟੈਲਟੀ—ਮੌਤ, ਮਰੀ, ਨਾਸ, ਮਰਿਤਜੁ; ਮਨੁਸ਼ਪਨ, ਇੰਸਾਨੀਯਤ ।

Mortar, *n.* ਮੋਰਟਰ—ਉਖਲੀ, ਹਾਵਨ, ਕੂੰਡੀ, ਦੌਰੀ, ਖਰਲ; ਚੂਨਾ, ਗੱਚ, ਇੱਟਾਂ ਜੋੜਨ ਦਾ ਮਸਾਲਾ ।

Mortgage, *n.* ਮੋਰਟਗੇਜ—ਜ਼ਮਾਨਤ, ਗਿਰੌ ਰਹਨ, ਆੜ, ਬੰਧਕ; *v. t.* ਗਹਣੇ ਪਾਉਣਾ, ਗਿਰੌ ਰੱਖਣਾ ।

Mortgagee, *n.* ਮੋਰਟਗੇਜੀ—ਜਿਸਦੇ ਪਾਸ ਗਹਣੇ ਰੱਖਿਆ ਜਾਵੇ ।

Mortgagor, *n.* ਮੋਰਟਗੇਜਰ—ਜੋ ਗਹਣੇ ਰੱਖੇ।

Mortiferous, *a.* ਮੋਰਟੀਫ਼ੇਰਸ—ਘਾਤਕ, ਕਾਤਲ ।

Mortification, *n.* ਮੋਰਟੀਫ਼ੀਕੇਸ਼ਨ—ਜੋਗ, ਜੋਗ, ਰਿਆਜ਼ਤ, ਦੁੱਖ, ਫ਼ਸਾਦ; ਕਿਸੇ ਅੰਗ ਦਾ ਨਿਕੰਮਾ ਹੋਣਾ; ਦੁੱਖ ਦਾ ਕਾਰਣ ।

Mortify, *v. t.* ਮੋਰਟੀਫ਼ਾਈ—ਦਬਾਉਣਾ, ਵਿਗਾੜਨਾ, ਬੇਕਾਰ ਕ०, ਅੰਗ ਨਿਕੰਮਾ ਕ०; ਇੰਦਰੀਆਂ ਵੱਸ ਕਰਨੀਆਂ; ਛਾਉਣਾ, ਸਾੜ ਦੇਣਾ ।

Mortise, *n.* ਮੋਰਟਿਜ਼—ਛੇਦ, ਛੇਕ, ਸੁਰਾਖ਼; *v. t.* ਛੇਦਨਾ, ਚੂਲ ਠੋਕਣਾ, ਛੇਕ ਕ० ।

Mortmain, *n.* ਮੋਰਟਮੇਨ—ਓਹ ਜਾਇਦਾਦ ਜੋ ਦੂਜੇ ਦੇ ਪਾਸ ਨਾ ਜਾਵੇ ।

Mortuary, *n.* ਮੋਰਟੁਅਰੀ—ਕਬਰਸਤਾਨ ।

Mosaic, Mosaical, *a.* ਮੋਜ਼ਾਇਕ, ਮੋਜ਼ਾਇਕਲ—ਮੂਸਵੀ; ਪੱਚੀਕਾਰੀ ਦਾ ।

Mosque, *n.* ਮੌਸਕਿਉ—ਮਸੀਤ, ਮਸਜਿਦ ।

Mosquito, *n.* ਮੌਸਕੈਟੋ—ਮੱਛਰ ।

Moss, *n.* ਮੌਸ—ਕਾਈ; *v. t.* ਕਾਈ ਨਾਲ ਭਰਨਾ ।

Mossy, *a.* ਮੌਸੀ—ਕਾਈਦਾਰ, ਕਾਈ ਨਾਲ ਭਰਿਆ ਹੋਇਆ ।

Most, *a.* ਮੋਸਟ—ਸਬ ਥੀਂ ਵਧ, ਸਬ ਤੋਂ ਜ਼ਿਆਦਾ; *adv.* ਬਹੁਤ, ਅਕਸਰ; *n.* ਬਹੁਤ ਭੀੜ, ਮਿਕਦਾਰ, ਅਕਸਰ ।

Mote, *n.* ਮੋਟ—ਕਣ, ਜ਼ੱਰਰਾ; ਦਾਗ਼, ਧੱਬਾ ।

Moth, *n.* ਮੋਥ—ਪਤੰਗਾ, ਪਰਵਾਨਾ, ਕੱਪੜੇ ਦਾ ਕੀੜਾ, ਪੰਖੀ ।

Mother, *n.* ਮਦਰ—ਮਾਤਾ, ਮਾਂ, ਜਣਨੀ; ਜੜ, ਨਿਕਾਸ, ਅਸਲ; *a.* ਮਾਤਰੀ, ਮਾਤਾ ਦਾ, ਮਾਂ ਦਾ; ਦੇਸੀ, ਅਸਲੀ; *v. i.* ਜੰਮਣਾ; *v. t.* ਗੋਦੀ ਲੈਣਾ, ਮੁਤਬੰਨਾ ਬਨਾਉਣਾ ।

Motherhood, *n.* ਮਦਰਹੁੱਡ—ਮਾਤਾਪਨਾ ।

Motherland, *n.* ਮਦਰਲੈਂਡ—ਜਨਮ ਭੂਮੀ ।

Motherless, *a.* ਮਦਰਲੈਸ—ਅਨਾਥ, ਬੇ ਮਾਂ, ਜਿਸਦੀ ਮਾਂ ਨਾ ਹੋਵੇ ।

Motherly, *a.* ਮਦਰਲੀ—ਮਾਤਾ ਜੇਹਾ, ਮਾਤਰੀ।

Mothery, *a.* ਮਥਰੀ—ਗਾੜ੍ਹਾ, ਜੰਮਿਆ ਹੋਯਾ।

Motion, *n.* ਮੋਸ਼ਨ—ਹਰਕਤ, ਚਾਲ, ਹਿਲਾਓ, ਤਜਵੀਜ਼, ਇਰਾਦਾ, ਪ੍ਰਾਰਥਨਾ, ਨਿਵੇਦਨ ।

Motionless, *a.* ਮੋਸ਼ਨਲੈਸ—ਨਿਸ਼ਚਲ, ਸਥਿਰ,

Motive, *n.* ਮੋਟਿਵ—ਕਾਰਣ, ਹੇਤੂ, ਅਰਥ, ਸਬਬ, ਮਕਸਦ; *a.* ਚੱਲਨ ਵਾਲਾ, ਹਰਕਤ ਦੇਨ ਵਾਲਾ, ਮੁਹੱਰਿਕ ।

Motley, *a.* ਮੌਟਲੇ—ਬਹੁਰੰਗੀ, ਰੰਗ ਬਰੰਗਾ ।

Motor, *n.* ਮੋਟਰ—ਚਲਾਉਣ ਵਾਲਾ, ਹਰਕਤ ਦੇਨ ਵਾਲਾ, ਮੁਹੱਰਿਕ ।

Motto, *n.* ਮੋਟੋ—ਬਚਨ, ਕਹਾਵਤ, ਮਕੂਲਾ ।

Motu, Suo, *adv.* ਮੋਟੂ, ਸੂਓ—ਆਪੇ ਆਪ, ਖ਼ੁਦ ਬਖ਼ੁਦ, ਆਪ ਥੀਂ ਆਪ ।

Mould, *n.* ਮੋਲਡ—ਸੱਚਾ, ਕਾਲਬ, ਢੰਗ, ਡੌਲ, ਮੱਥਾ, ਨਮੂਨਾ; ਝਿੱਲੀ; ਚਿਕਨੀ ਮਿੱਟੀ; ਚਿਕਨੇਟਾਂ ਕਾਈ, ਉੱਲੀ; ਅਸਬਾਬ, ਮਸਾਲਾ, ਸਾਮਾਨ; *v. t.* ਬਨਾਉਣਾ, ਢਾਲਨਾ, ਰੂਪ ਦੇਣਾ, ਸੱਚੇ ਵਿਚ ਢਾਲਣਾ; *v. i.* ਬੁਸਨਾ, ਸੜਨਾ, ਉੱਲੀ ਲੱਗਣਾ ।

Moulder, *v. i.* ਮੋਲਡਰ-ਭੁਸਭੁਸਾ ਯਾ ਨਾਸ਼ ਹੋਨਾ, ਕਿਰਨਾ ।

Moulding, *n.* ਮੌਲਡਿੰਗ-ਗੋਲਾ, ਹਾਸ਼ੀਆ ।

Mouldy, *a.* ਮੋਲਡੀ-ਫਫੂੰਦੀ ਲੱਗਿਆ ਹੋਯਾ ।

Moult, *v. t.* ਮੋਲਟ—ਪੰਖ ਯਾ ਪਰ ਝਾੜਨਾ, ਖੰਭ ਲਾਹੁਣੇ, ਤਬੀਲ ਕ० ।

Mound, *n.* ਮੌਂਡ-ਮਿੱਟੀ ਦਾ ਵੱਡਾ ਢੇਰ, ਭੇਟਾ, ਮੋਰਚਾ, ਆੜ, ਰੋਕ; *v. t.* ਮੋਰਚਾਬੰਦੀ ਕ० ।

Mount, *n.* ਮੌਂਟ—ਪਹਾੜੀ ਟਿੱਲਾ; ਪਰਬਤ; ਮੋਰਚਾਬੰਦੀ; ਤਸਵੀਰ ਯਾ ਮੂਰਤ ਦੇ ਹੇਠਲਾ ਮੋਟਾ ਕਾਗ਼ਜ਼; *v. i.* ਉੱਚਾ ਜਾਨਾ, ਚੜ੍ਹਨਾ, ਛਲਾਂਗ ਮਾਰਕੇ ਚੜ੍ਹਨਾ, ਸਵਾਰ ਹੋਨਾ; *v. t.* ਮੋਰਚਾਬੰਦੀ ਕ०; ਉੱਚਾ ਕ०, ਉਠਾਉਣਾ, ਸਵਾਰੀ ਕਰਨੀ, ਲੈ ਜਾਨਾ ।

Mountable, *a.* ਮੌਨਟੇਬਲ-ਜਿਸ ਪੁਰ ਸਵਾਰ ਹੋ ਸੱਕੇ ਯਾ ਚੜ੍ਹ ਸੱਕੇ ।

Mountain, *n.* ਮੌਨਟੇਨ-ਪਰਬਤ, ਪਹਾੜ ।

Mountaineer, *n.* ਮੌਨਟੇਨੀਅਰ—ਪਹਾੜੀ ਲੋਗ; ਬਟਮਾਰ, ਭੀਲ ।

Mountainous, *a.* ਮੌਨਟੇਨਸ—ਪਹਾੜ ਦਾ, ਪਰਬਤ ਸੰਬੰਧੀ, ਪਹਾੜੀ, ਪਰਬਤੀ ।

Mountbank, *n.* ਮੌਂਟਬੈਂਕ-ਝੂਠਾ ਵੈਦ ।

Mounting, *n.* ਮੌਨਟਿੰਗ-ਸਜਾਵਟ, ਤਿਆਰੀ ।

Mourn, *v. i.* ਮੋਰਨ—ਸੋਗ ਕ०, ਸ਼ੋਕ ਕ०, ਰੋਨਾ, ਕੁੜ੍ਹਨਾ, ਵਿਰਲਾਪ ਕ०, ਸੰਤਾਪ ਕ०, ਸੋਗੀ ਕੱਪੜੇ ਪਾਉਣੇ ।

Mournful, *a.* ਮੋਰਨਫੁਲ-ਸੋਗ ਦਾ, ਮਾਤਮੀ ।

Mourning, *n.* ਮੋਰਨਿੰਗ—ਸ਼ੋਕ, ਗ਼ਮ, ਸੋਗ, ਸਿਆਪਾ, ਵਿਲਾਪ, ਮਾਤਮ ।

Mouse, *n.* ਮੌਸ-ਚੂਹੀ; *v. t.* ਚੂਹੇ ਪਕੜਨਾ ।

Mouth, *n.* ਮੌਥ—ਮੁਖ, ਮੂੰਹ; ਛੇਕ; *v. t.* ਮੂੰਹ ਵਿੱਚ ਲੈਨਾ, ਚੱਟਨਾ, ਚੁੰਮਨਾ ।

Movable, *a.* ਮੂਵੇਬਲ-ਗਮਨ ਸ਼ੀਲ, ਰਮਤਾ, ਚਲਦਾ ਫਿਰਦਾ ।

Movables, *n.* ਮੂਵੇਬਲਜ਼-ਅਸਬਾਬ, ਸੰਪਤੀ, ਸਾਮਾਨ, ਧਨ, ਚੀਜ਼ ਵਸਤ, ਉਠਾਊ ਧਨ ।

Move, *v. t.* ਮੂਵ-ਉਕਸਾਉਣਾ, ਹਿਲਾਉਣਾ, ਚਲਾਉਣਾ, ਹਟਾਉਣਾ, ਸਰਕਾਉਣਾ; ਅਸਰ ਕ०, ਕਹਨਾ, ਪ੍ਰਾਰਥਨਾ ਕ०; *v. i.* ਸਰਕਨਾ, ਚਲਨਾ, ਹਿਲਨਾ, ਹਟਨਾ, ਵਧਨਾ, ਉੱਠਨਾ, ਭੜਕਨਾ; ਥਾਂ ਵਟਾਉਣਾ, ਕੂਚ ਕ०; *n.* ਚਾਲ ।

Movement, *n.* ਮੂਵਮੈਂਟ-ਚਾਲ, ਗਤ, ਚਲਨ, ਹਰਕਤ ਦੇਨ ਵਾਲੀ ਚੀਜ਼, ਹਰਕਤ; ਕੰਮ ।

Moving, *a.* ਮੂਵਿੰਗ-ਰਮਤਾ, ਚਲਦਾ ਫਿਰਦਾ, ਦਿਲ ਹਿਲਾਉਣ ਵਾਲਾ, ਅਸਰ ਕਰਨ ਵਾਲਾ ।

Mow, *v. t.* ਮੋ—ਖੁਰਪੀ ਯਾ ਦਾਤਰੀ ਨਾਲ ਕੱਟਨਾ, ਇਕਸਾਰ ਸਾਫ਼ ਕ०; *v. i.* ਘਾਹ ਕੱਟਨਾ, ਦਾਤਰੀ ਚਲਾਉਣੀ; *n.* ਘਾਹ ਦਾ ਢੇਰ

Much, *a.* ਮਚ—ਬਹੁਤ, ਅਧਿਕ, ਬਹੁਤੇਰਾ; *n.* ਬਹੁਤਾਇਤ, ਵਿਸ਼ੇਸ਼ਤਾਈ; *adv.* ਬਹੁਤ, ਜ਼ਿਆਦਾ; ਇੰਨਾ, ਉੱਨਾ, ਅਜੇਹਾ ਹੀ ।

Mucilage, *n.* ਮੁਸਿਲੇਜ-ਲੇਸ ਯਾ ਚੇਪਦਾਰ ਵਸਤੂ, ਲੇਸ, ਲੁਆਬ ।

Muck, *n.* ਮਕ-ਮਲ, ਖਾਦ, ਮੈਲਾ ।

Mucous, *a.* ਮੁਕਸ-ਲੇਸਦਾਰ, ਬਲਗ਼ਮੀ ।

Mucus, *n.* ਮੁਕਸ-ਜਿੰਦਰੀ ਮਲ, ਰੇਸ, ਬਲ-ਗ਼ਮ, ਚੇਪ, ਕਫ਼ ।

Mud, *n.* ਮਡ—ਚਿੱਕੜ, ਕੀਚੜ; *v. t.* ਮੈਲਾ ਕ०, ਚਿੱਕੜ ਨਾਲ ਭਰਨਾ ।

Muddiness, *n.* ਮੱਡੀਨੈਸ-ਮੈਲਾਪਨ ।

Muddle, *v. t.* ਮੱਡਲ-ਮੈਲਾ ਯਾ ਗਦਲਾ ਕ०

Muddy, *a.* ਮੱਡੀ—ਮੈਲਾ, ਗਦਲਾ, ਚਿੱਕੜ ਨਾਲ ਭਰਿਆ ਹੋਇਆ, ਦਲਦਲੀ; ਮਿਟੈਲਾ, ਪਲੀਤ, ਨਾ ਸਾਫ਼; ਠੱਸ ।

Muff, *n.* ਮੱਫ਼-ਉੱਨੀ ਯਾ ਚੰਮ ਦਾ ਦਸਤਾਨਾ ।

Muffin, *n.* ਮੱਫ਼ਿਨ-ਫੁਲਕਾ, ਚਪਾਤੀ ।

Muffle, *v. t.* ਮੱਫ਼ਲ-ਢਾਂਪਨਾ, ਕੱਜਨਾ, ਲਪੇ-ਟਨਾ, ਲੁਕਾਉਣਾ, ਛੁਪਾਉਣਾ; ਅੱਖਾਂ ਬੰਦ ਕਰ-ਨੀਆਂ; ਆਵਾਜ਼ ਬੰਦ ਕ०; *v i.* ਬੁੜਬੁੜਾਨਾ, ਮੂੰਹ ਵਿੱਚ ਬੋਲਨਾ, ਗੁਨਗੁਨ ਕ० ।

Muffler, *n.* ਮੱਫ਼ਲਰ-ਅੰਗੋਛ, ਓਢ, ਘੁਰਕਾ ।

Mug, *n.* ਮਗ-ਗਲਾਸ, ਜਲਪਾਤਰ, ਪਿਆਲਾ ।

Muggy, *a.* ਮੱਗੀ-ਗਿੱਲਾ, ਤਰ, ਨਮ; ਬੰਦ ।

Mulberry, *n.* ਮਲਬੈਰੀ—ਤੂਤ ਜਲੇਬਾ, ਸ਼ਤੂਤ; ਤੂਤ ਦਾ ਰੁੱਖ ।

Mulch, *n.* ਮਲਚ-ਅਧਸੜੀ ਘਾਹ ।

Mulct, *v. t.* ਮਲਕਟ—ਜੁਰਮਾਨਾ ਕ०, ਦੰਡ ਦੇਨਾ, ਸਜ਼ਾ ਦੇਨੀ ।

Mule, *n.* ਮਿਊਲ—ਦੋਗਲਾ ਜਨੌਰ, ਖੱਚਰ; ਰੂੰ ਕੱਤਣ ਦੀ ਕਲ; ਪੈਵੰਦੀ ਯਾ ਦੋਨਸਲਾ ਰੁੱਖ।

Muleteer, *n.* ਮਿਊਲੀਟੀਅਰ—ਖੱਚਰ ਵਾਲਾ।

Mull, *v. t.* ਮੱਲ—ਮਸਾਲਾ ਦੇਣਾ, ਨਰਮ ਕ०, ਸੁਸਤ ਕ०, ਬੇਹਿੰਮਤ ਕ०।

Muller, *n.* ਮੁਲਰ—ਲੋਢ੍ਹਾ, ਘੋਟਾ।

Mullion, *n.* ਮੱਲੀਅਨ—ਖਿੜਕੀ ਦਾ ਖੜਾ ਡੰਡਾ, ਗਜ।

Multangular, *n.* ਮਲਟੈਨਗੁਲਰ—ਬਹੁਕੋਨੀਆ, ਕਸੀਰੁਲਜ਼ਾਵੀਆ।

Multifarious, Multiform, *a.* ਮਲਟੀਫ਼ੇਰੀਅਸ, ਮਲਟੀਫ਼ਾਰਮ—ਨਾਨਾ ਰੂਪ, ਰੰਗ ਬਰੰਗ, ਭਾਂਤ ਭਾਂਤ ਦਾ, ਕਈ ਤਰਾਂ ਦਾ।

Multiparous, *a.* ਮਲਟੀਪੇਰਸ—ਕਈ ਬੱਚੇ ਜਣਨ ਵਾਲੀ।

Multiped, *a.* ਮਲਟੀਪੈਡ—ਬਹੁਤ ਪੈਰਾਂ ਵਾਲਾ।

Multiple, *n.* ਮਲਟੀਪਲ—ਗੁਣ ਫਲ, ਗੁਣਾ ਗੁਣ, ਗੁਣਾਕਾਰ; ਹਾਸਲ ਜ਼ਰਬ।

Multiplicand, *a.* ਮਲਟੀਪਲੀਕੈਂਡ—ਗੁਣਯ, ਮਜ਼ਰੂਬ।

Multiplicate, *a.* ਮਲਟੀਪਲੀਕੇਟ—ਇੱਕ ਥੀਂ ਵਧੀਕ, ਕਸੀਰੁਲਤੈਦਾਦ।

Multiplication, *n.* ਮਲਟੀਪਲੀਕੇਸ਼ਨ—ਵਧਹੋਤਰੀ, ਤਰੱਕੀ, ਗੁਣਾ, ਜ਼ਰਬ।

Multiplicity, *n.* ਮਲਟੀਪਲੀਸਿਟੀ—ਬਾਹੁਲ੍ਯ, ਬਹੁਤਾਇਤ, ਕਸਰਤ; ਰੇਲਮੇਲ।

Multiplier, *n.* ਮਲਟੀਪਲੀਅਰ—ਵਧਾਉਣ ਵਾਲਾ, ਗੁਣਕ।

Multiply, *v. t.* ਮਲਟੀਪਲਾਈ—ਵਧਾਉਣਾ, ਗੁਣਾ ਕ०; *v. i.* ਵਧਣਾ, ਧੀ ਪੁਤਰ ਜੰਮਣਾ।

Multipresense, *n.* ਮਲਟੀਪਰੈਸੈਂਸ—ਇੱਕੋ ਵੇਲੇ ਕਈ ਥਾਂ ਹੋਣ ਦਾ ਬਲ;

Multitude, *n.* ਮਲਟੀਟ੍ਯੂਡ—ਭੀੜ, ਸਮੂਹ ਇਕਠ; ਬਹੁਤਾਇਤ, ਕਸਰਤ।

Multocular, *a.* ਮਲਟੋਕੂਲਰ—ਦੋਹਾਂ ਥੀਂ ਵਧੀਕ ਅੱਖਾਂ ਵਾਲਾ, ਬਹੁਅੱਖਾ।

Mum, *Int.* ਮਮ—ਚੁੱਪ, ਚੁੱਪਚਾਪ, ਖ਼ਾਮੋਸ਼; *n.* [illegible] ਦੀ ਸ਼ਰਾਬ।

Mumble, *v. i.* ਮਮਬਲ—ਮੂੰਹ ਵਿੱਚ ਬੋਲਣਾ, ਗੁਣਗੁਣਾਉਣਾ; ਪਪੋਲਣਾ, ਪਪੋਲ ਕੇ ਖਾਣਾ।

Mummery, *n.* ਮਮਰੀ—ਸਵਾਂਗ, ਨਕਲ।

Mumify, *v. t.* ਮਮੀਫ਼ਾਈ—ਲੋਥ ਨੂੰ ਮਸਾਲਾ ਲਾਕੇ ਅਤੇ ਸੁਕਾਕੇ ਰੱਖਣਾ।

Mummy, *n.* ਮੰਮੀ—ਸੁਗੰਧੀਆਂ ਨਾਲ ਬਚਾਇਆ ਹੋਇਆ ਮਿਰਤ ਸਰੀਰ।

Mump, *v. t.* ਮੰਪ—ਚਬਾਉਣਾ, ਕੁਤਰਨਾ, ਕੁੱਥ ਮਾਰਨੀ; ਰੁਕਕੇ ਰੁਕਕੇ ਤੇ ਝਬਦੇ ਬੋਲਣਾ; ਛਲਣਾ, ਦਗ਼ਾ ਕ०, ਮੰਗ ਦੇਣਾ।

Mumper, *n.* ਮਮਪਰ—ਮੰਗਤਾ, ਭਿਖਾਰੀ।

Mumps, *n.* ਮੰਪਸ—ਗਰਦਨ ਦਾ ਇੱਕ ਰੋਗ, ਗਲ ਗੰਡ ਰੋਗ, ਕੰਠ ਮਾਲਾ।

Munch, *v. t.* ਮੰਚ—ਲਪਲਪ ਖਾਣਾ, ਹਪਹਪ ਚਬਾਉਣਾ, ਵੱਡੇ ੨ ਫੱਕੇ ਮਾਰਨੇ।

Mundane, *a.* ਮੰਡੇਨ—ਸੰਸਾਰਿਕ, ਪਰਿਥਵੀ ਸੰਬੰਧੀ, ਦੁਨਿਆਵੀ।

Mundification, *n.* ਮੰਡੀਫ਼ੀਕੇਸ਼ਨ—ਸੁਖ ਯਾ ਸਫ਼ਾਈ ਦੇਣ ਵਾਲਾ ਤੇਲ ਯਾ ਮਰਹਮ।

Municipal, *a.* ਮੁਨੀਸੀਪਲ—ਨਗਰ ਸਮਾਜ ਯਾ ਪਰਬੰਧ ਸੰਬੰਧੀ, ਕੌਮੀ, ਸ਼ੈਹਰੀ।

Municipality, *n.* ਮੁਨੀਸੀਪੈਲੀਟੀ—ਉਸ ਜਨਸਮੂਹ ਦਾ ਇਲਾਕਾ ਜੋ ਸਰਕਾਰ ਵੱਲੋਂ ਸ਼ਹਰ ਦੀ ਸਫ਼ਾਈ ਅਤੇ ਪਰਬੰਧ ਲਈ ਨਿਯਤ ਕੀਤਾ ਗਿਆ ਹੋਵੇ।

Munificence, *n.* ਮੁਨੀਫ਼ੀਸੈਂਸ—ਉਦਾਰਤਾ, ਸਖਾਵਤ, ਖ਼ੈਰਾਤ।

Munificient, *a.* ਮੁਨੀਫ਼ੀਸੈਂਟ—ਦਿਆਲੂ, ਦਯਾਵਾਨ, ਉਦਾਰ, ਸਖੀ, ਦਾਤਾ।

Muniment, *n.* ਮੁਨੀਮੈਂਟ—ਆਸਰਾ, ਸਹਾਰਾ, ਆੜ, ਕੋਟ, ਮੋਰਚਾ, ਗੜ੍ਹੀ।

Munition, *n.* ਮੁਨੀਸ਼ਨ—ਦਾਰੂ, ਗੋਲਾ, ਲੜਾਈ ਦਾ ਸਾਮਾਨ, ਜੁਧ ਦੀ ਸਾਮਿੱਗਰੀ।

Mural, *a.* ਮੂਰਲ—ਦੀਵਾਰ ਯਾ ਕੰਧ ਦਾ, ਦੀਵਾਰ ਯਾ ਕੰਧ ਜੇਹਾ।

Murder, *n.* ਮਰਡਰ—ਘਾਤ, ਹਿੰਸਾ, ਬਧ, ਖ਼ੂਨ, ਹੱਤਿਆ, ਕਤਲ; *v. t.* ਮਾਰਨਾ, ਕਤਲ ਕ०, ਖ਼ੂਨ ਕ०; ਨਾਸ ਕ०, ਕੱਟਣਾ।

Murdered, *a.* ਮਰਡਰਡ—ਮਾਰਿਆ ਹੋਇਆ।

Murderer, *n.* ਮਰਡਰਰ–ਹੱਤਿਆਰਾ, ਖ਼ੂਨੀ, ਕਾਤਿਲ, ਘਾਤਕ, ਮਾਰਨ ਵਾਲਾ।

Murderess, *n.* ਮਰਡਰੈਸ–ਹੱਤਿਆਰਨ।

Murderous, *a.* ਮਰਡਰਸ—ਖ਼ੂਨੀ, ਪਰਾਣ ਘਾਤਕ, ਹੱਤਿਆਰਾ, ਕਾਤਿਲ।

Muriate, *n.* ਮੁਰੀਏਟ–ਸਮੁੰਦਰੀ ਲੂਣ ਦਾ ਤੇਜ਼ਾਬ।

Muriatic, *a.* ਮੁਰੀਏਟਿਕ–ਸਲੂਣਾ, ਨਮਕੀਨ।

Murk, *n.* ਮਰਕ–ਅੰਧੇਰਾ, ਧੁੰਦ, ਤਾਰੀਕੀ।

Murky, *a.* ਮਰਕੀ–ਧੁੰਦਲਾ, ਅੰਧੇਰਾ।

Murmur, *v. i.* ਮਰਮਰ–ਪਾਣੀ ਜੇਹਾ ਸ਼ਬਦ ਹੋਣਾ, ਘੁਣਘੁਣਾਉਣਾ, ਸ਼ਿਕਾਇਤ ਕ०; *n.* ਘੁਣਘੁਣਾਹਟ, ਬੜਬੜਾਹਟ।

Murmurer, *n.* ਮਰਮਰਰ–ਬੜਬੜੀਆ।

Muscle, *n* ਮਸਲ–ਪੱਠਾ।

Muscular, *a.* ਮਸਕੂਲਰ–ਪੱਠੇ ਦਾ, ਪੱਠੇਦਾਰ; ਬਲਵਾਨ, ਪੱਕਾ, ਰਿਸ਼ਟ ਪੁਸ਼ਟ ਜ਼ੋਰਾਵਰ।

Muse, *v. i.* ਮੂਜ਼–ਚਿੰਤਾ ਯਾ ਫ਼ਿਕਰ ਕ०; *n.* ਸੋਚ, ਚਿੰਤਾ, ਫ਼ਿਕਰ, ਗ਼ਮ; ਸੁਰਸਵਤੀ, ਬਾਣੀ; ਝਾੜੀਆਂ ਵਿੱਚ ਦਾ ਰਸਤਾ, ਛੰਦ ਕੈਹਣ ਦੀ ਜੋਗਤਾ।

Museum, *n.* ਮੂਜ਼ੀਅਮ–ਅਜਾਇਬ ਘਰ, ਓਹ ਥਾਂ ਜਿੱਥੇ ਅਚੰਭੇ ਦੀਆਂ ਚੀਜ਼ਾਂ ਵਸਤਾਂ ਲੋਕਾਂ ਦੇ ਵਿਖਾਉਣ ਲਈ ਰੱਖੀਆਂ ਹੁੰਦੀਆਂ ਹਨ।

Mushroom, *n.* ਮਸ਼ਰੂਮ—ਸੱਪ ਦੀ ਟੋਪੀ; ਖੁੰਬ; ਨਵਾਂ ਰੱਜਿਆ, ਦੋ ਦਿਨ ਦਾ ਅਮੀਰ।

Music, *n.* ਮੂਜ਼ਿਕ–ਲੈ, ਸੁਰ, ਤਾਲ, ਰਾਗ ਵਿਦਯਾ, ਸਰੋਦ, ਗਾਉਣਾ ਵਜਾਉਣਾ।

Musical. *a.* ਮੂਜ਼ੀਕਲ–ਮਿੱਠੀ ਸੁਰ; ਰਾਗ ਦਾ, ਗਾਉਣ ਵਜਾਉਣ ਦਾ; ਸਮ, ਹਮਵਾਰ।

Musician, *n.* ਮੂਜ਼ੀਸ਼ੀਅਨ–ਗਵੈਯਾ, ਰਾਗੀ, ਸੰਗੀਤ ਵਿਦਯਾ ਵਿਚ ਨਿਪੁਣ, ਵਜੰਤਰੀ।

Musk, *n.* ਮਸਕ–ਕਸਤੂਰੀ, ਮੁਸ਼ਕ।

Musket, *n.* ਮਸ਼ਕੈਟ–ਬੰਦੂਕ, ਤੁਫੰਗ, ਤੁਪਕ।

Musketeer, *n.* ਮਸ਼ਕੇਟੀਅਰ—ਬੰਦੂਕਚੀ, ਬੰਦੂਕੀਆ, ਤੁਫੰਗਚੀ।

Musketoon, *n.* ਮਸਕੈਟੂਨ—ਵੱਡੇ ਮੂੰਹ ਦੀ ਬੰਦੂਕ।

Musketry, *n.* ਮਸਕੈਟਰੀ–ਬੰਦੂਕਾਂ; ਬੰਦੂਕ ਚਲਾਉਣ ਦੀ ਵਿੱਦਯਾ ਯਾ ਹੁਨਰ।

Muskroot, *n,* ਮਸਕਰੂਟ–ਬਾਲਛੜ।

Musky, *a.* ਮਸਕੀ–ਸੁਗੰਧਿਤ, ਮੁਸ਼ਕਦਾਰ।

Muslin, *n.* ਮਸਲਿਨ—ਮਲਮਲ, ਮਹੀਨ ਚਾਦਰ; ਓਸ, ਤਰੇਲ, ਸ਼ਬਨਮ; ਆਬੇ ਰਵਾਂ।

Muss, *n.* ਮਸ–ਹੱਥਾਪਾਈ, ਛਿਨ ਝਪਟ।

Must, *v. i.* ਮਸਟ–ਪਵੇਗਾ, ਹੋਵੇਗਾ, ਬਣੇਗਾ, ਚਾਹੀਏ, ਅਵੱਸ਼; ਉਬਸਣਾ, ਔਸਣਾ, ਕਰੂੰਦੀ ਲੱਗਣਾ; *v. t.* ਉਬਸਾਉਣਾ, ਕਰੂੰਦੀ ਲਗਾਉਣਾ; *n.* ਅੰਗੂਰ ਦੀ ਸ਼ਰਾਬ, ਨਸ਼ੇ ਰਹਤ ਸ਼ਰਾਬ।

Mustache, *n.* ਮਸਟਸ਼–ਮੁੱਛ, ਨੱਕ ਦੇ ਹੇਠਲੇ ਵਾਲ।

Mustard, *n.* ਮਸਟਰਡ–ਰਾਈ, ਸਰਸੋਂ, ਤਾਰਾਮੀਰਾ, ਤੋਰੀਆ।

Muster, *v. t.* ਮਸਟਰ–ਇਕੱਠਾ ਕ०, ਗਿਣਤੀ ਲੈਣਾ, ਹਾਜ਼ਰੀ ਲਿਖਣੀ; *v. i.* ਇਕੱਠਾ ਹੋਣਾ; *n.* ਕਵਾਇਦ, ਹਾਜ਼ਰੀ, ਗਿਣਤੀ।

Mustiness, *n.* ਮਸਟੀਨੈਸ–ਉਬਸਾਪਣ, ਤੁਰਸ਼ੀ, ਖੱਟਾਪਣ, ਕਰੂੰਦੀ।

Musty, *a.* ਮਸਟੀ–ਪੁਰਾਣਾ, ਸੜਿਆ ਹੋਇਆ, ਬਾਸੀ, ਬੇਹਾ; ਸੁਸਤ, ਕੁੰਦ।

Mutability, Mutableness, *n.* ਮ੍ਯੂਟੇਬਿਲੀਟੀ, ਮ੍ਯੂਟੇਬਲਨੈਸ—ਚੰਚਲਤਾ, ਤਬੱਦੁਲ।

Mutable, *a.* ਮ੍ਯੂਟੇਬਲ–ਚੰਚਲ, ਅਸਥਿਰ।

Mutation, *n.* ਮ੍ਯੂਟੇਸ਼ਨ–ਪਰਿਵਰਤਨ, ਬਦਲ, ਤਬਦੀਲੀ, ਵੱਟਾ ਸੱਟਾ।

Mute, *a.* ਮ੍ਯੂਟ–ਚੁਪਚਾਪ, ਮੋਨੀ, ਗੁੰਗਾ, ਗੁਪਤ; *n.* ਵਿੱਠ; *v. i.* ਵਿਠ ਕ०, ਹੱਗਣਾ।

Muteness, *n.* ਮ੍ਯੂਟਨੈਸ–ਚੁੱਪ, ਮੋਨਤਾ।

Mutilate, *v. t.* ਮ੍ਯੂਟੀਲੇਟ–ਅੰਗਹੀਨ ਕ०, ਅੰਗ ਭੰਗ ਕ०, ਵੱਖ ਕ०, ਕਾਟ ਕੂਟ ਕ०।

Mutilation, *n.* ਮ੍ਯੂਟੀਲੇਸ਼ਨ–ਅੰਗ ਭੰਗ।

Mutineer, *n.* ਮ੍ਯੂਟੀਨੀਅਰ—ਬਾਗ਼ੀ, ਰਾਜ ਦਰੋਹੀ, ਅਨਆਗਯਾਕਾਰੀ।

Mutinous, *a.* ਮ੍ਯੂਟੀਨਸ–ਬਖੇੜੀਆ, ਝਗੜਾ ਕਰਨ ਵਾਲਾ, ਬਾਗ਼ੀ, ਫਸਾਦੀ।

Mutiny, *n.* ਮ੍ਯੂਟੀਨੀ–ਬਲਵਾ, ਬਖੇੜਾ, ਫਸਾਦ, ਗਦਰ; *v. t.* ਗਦਰ ਯਾ ਬਖੇੜਾ ਕ०।

Mutter, *v. i.* ਮੱਟਰ-ਬੜਬੜਾਉਣਾ ।

Mutton, *n.* ਮਟਨ-ਭੇਡ ਦਾ ਮਾਸ ।

Mutual, *a.* ਮ੍ਯੂਚੁਅਲ—ਆਪਸ ਵਿੱਚ, ਪਰਸਪਰ, ਆਪਸ ਦਾ, ਦੁਤਰਫ਼ੀ, ਬਾਹਮੀ ।

Muzzle, *v. t.* ਮੱਜ਼ਲ-ਮੂੰਹ ਨੂੰ ਛਿੱਕਾ ਬੰਨ੍ਹਣਾ, ਟੌਪਨ ਦੇਣਾ, ਤੋਬਰਾ ਬੰਨ੍ਹਣਾ; *n.* ਥੁਥਨੀ, ਮੂੰਹ; ਮੋਹਰੀ ।

Muzzy, *a.* ਮਜ਼ੀ-ਆਨੰਦਤ, ਮਸਤ, ਮਜ਼ੇ ਵਿੱਚ

My, *pron.* ਮਾਇ-ਮੇਰਾ, ਮੇਰੀ ।

Myology, *n.* ਮੀਓਲੌਜੀ—ਪੱਠਿਆਂ ਦਾ ਵਰਣਨ ਜਾ ਬਿਆਨ ।

Myope, *n.* ਮੀਓਪ-ਦੂਰ ਦੀ ਨਾ ਸੋਚਨ ਵਾਲਾ।

Myriad, *n.* ਮੀਰੀਅਡ-ਦਸ ਹਜ਼ਾਰ, ਹਜ਼ਾਰਾਂ, ਲੱਖਾਂ, ਕਰੋੜਾਂ ।

Myrmidon, *n.* ਮਿਰਮੀਡਨ-ਕਚੈਹਰੀ ਦਾ ਕੁੱਤਾ, ਉਜੱਡ, ਬੇਧੜਕ ਸਿਪਾਹੀ ।

Myrobalan, *n.* ਮੀਰੋਬੇਲਨ-ਹਰੜ, ਬਹੇੜਾ, ਆਉਲਾ (ਤਰਿਫਲਾ) ।

Myrrh, *n.* ਮਿਰਹ-ਗੰਧ ਰਸ ।

Myrtle, *n.* ਮਿਰਟਲ-ਵਲਾਇਤੀ ਮੈਂਹਦੀ ।

Myself, *pron.* ਮਾਈਸੈਲਫ਼-ਮੈਂ ਹੀ, ਅਪਣੇ ਤਾਈਂ, ਆਪਨੂੰ, ਮੈਂ ਆਪ, ਮੈਂ ਸਵਯੰ ।

Mysterious, *a.* ਮਿਸਟੀਰੀਅਸ-ਗੁਪਤ, ਲੁਕਿਆ ਹੋਇਆ, ਪੋਸ਼ੀਦਾ, ਗ਼ੈਬੀ ।

Mystery, *n.* ਮਿਸਟਰੀ-ਭੇਦ, ਪਹੇਲੀ, ਬੁਝਾਰਤ; ਕਾਰੀਗਰੀ, ਉਸਤਾਦੀ ।

Mystic, *n.* ਮਿਸਟਿਕ-ਯੋਗੀ, ਆਰਫ਼ ।

Mystic, Mystical, *a.* ਮਿਸਟਿਕ, ਮਿਸਟੀਕਲ—ਸਮਝ ਥੀਂ ਬਾਹਰ, ਗੁਪਤ ।

Mystify, *v. t.* ਮਿਸਟੀਫ਼ਾਈ—ਅਸਪਸ਼ਟ ਕ॰, ਲੁਕਾਉਣਾ, ਉਲਝੇੜਾ ਪਾਉਣਾ ।

Myth, *n.* ਮਿਥ-ਗਪ, ਕਹਾਨੀ, ਕਿੱਸਾ ।

Mythical, *a.* ਮਿਥੀਕਲ-ਖ਼ਿਆਲੀ, ਮਿਥਜਾ, ਕਲਪਿਤ ।

Mythologist, *n.* ਮਾਈਥੋਲੌਜਿਸਟ-ਪੁਰਾਨ ਜਾਨਣ ਵਾਲਾ, ਪੌਰਾਨਿਕ ।

Mythology, *n.* ਮਾਈਥੋਲੋਜੀ—ਪੁਰਾਨਿਕ ਕਥਾ, ਦਿਓਤਿਆਂ ਦਾ ਇਤਹਾਸ, ਜਿੰਨਾਂ ਦੀ ਤਵਾਰੀਖ਼, ਦਿਓ ਮਾਲਾ ।

N.

Nab, *v. t.* ਨੈਬ-ਦਬੋਚਨਾ, ਏਕਾ ਏਕੀ ਫੜਨਾ, ਆ ਘੇਰਨਾ, ਝਪਟਨਾ; *n.* ਸਿਖਰ, ਪਹਾੜ ਦੀ ਚੋਟੀ, ਟੀਕਰੀ ।

Nabob, *n.* ਨਬੋਬ-ਨਵਾਬ ।

Nadir, *n.* ਨਾਦਿਰ-ਬ੍ਰਹਮੰਡ ਦਾ ਅੱਧਾ ਭਾਗ ।

Næve, *n.* ਨੇਵ-ਦਾਗ਼, ਤਿਲ ।

Nag, *n.* ਨਾਗ-ਟੱਟੂ, ਟੈਰ; ਧਗੜਾ, ਪਿਛਲਾਗੂ ।

Naiad, *n.* ਨਾਯਡ-ਜਲ ਦੇਵੀ, ਨਦੀ ਦੀ ਦੇਵੀ ।

Nail, *n.* ਨੇਲ-ਕਾਂਟਾ, ਕਿੱਲ, ਲੋਹੇ ਦੀ ਖੂੰਟੀ, ਮੇਖ; ਨਹੁੰ; *v. t.* ਕਿੱਲ ਯਾ ਮੇਖ ਠੋਕਨਾ ।

Naivete, *n.* ਨੈਐਵਟੀ-ਸਾਦਗੀ, ਖਰਾਪਨ ।

Naked, *a.* ਨੇਕਡ-ਨੰਗਾ, ਉਘਾੜਾ, ਬਸਤਰ ਹੀਨ; ਨਿਹੱਥਾ, ਬੇਹਥਿਆਰ; ਖੁੱਲਾ; ਸਪਸ਼ਟ ।

Nakedness, *n.* ਨੇਕਡਨੈਸ—ਨੰਗਾਪਨ, ਬੇਪੜਦਗੀ, ਬਸਤਰ ਹੀਨਤਾ ।

Name, *n.* ਨੇਮ-ਨਾਉਂ, ਉਪਾਧੀ, ਪਰਤਿਸ਼ਟਾ, ਸਾਖ, ਕੀਰਤੀ, ਸ਼ੋਹਰਤ; *v. t.* ਨਾਉਂ ਰੱਖਨਾ, ਨਾਉਂ ਲੈਨਾ, ਕਹਨਾ ।

Nameless, *a.* ਨੇਮਲੈਸ-ਨਾਮ ਹੀਨ, ਗੁਮਨਾਮ, ਅਪਰਸਿੱਧ, ਬਿਨ ਨਾਉਂ ਦਾ ।

Namely, *adv.* ਨੇਮਲੀ-ਅਰਥਾਤ, ਵਿਸ਼ੇਸ਼ ਕਰਕੇ, ਯਾਨੇ, ਜਾਨੋ, ਮਸਲਨ ।

Namesake, *n.* ਨੇਮਸੇਕ—ਸਮਨਾਮ, ਇੱਕ ਨਾਮਕ, ਮੀਤ, ਹਮਨਾਮ ।

Nap, *n.* ਨੈਪ-ਥੋੜੀ ਨੀਂਦ; *v. i.* ਉਂਘਣਾ, ਅਸਾਵਧਾਨ ਹੋਣਾ, ਬੇਪਰਵਾਹ ਹੋਣਾ ।

Nape, *n.* ਨੇਪ-ਮਣਕਾ, ਗਿੱਚੀ ਦੇ ਪਿਛਲਾ ਜੋੜ ।

Naphtha, *n.* ਨਫ਼ਥਾ-ਮਿੱਟੀ ਦਾ ਤੇਲ ।

Napkin, *n.* ਨੈਪਕਿਨ-ਹੱਥ ਯਾ ਪਿੰਡਾ ਪੂੰਝਨ ਲਈ ਕੱਪੜਾ, ਪਰਨਾ, ਅੰਗੋਛਾ, ਤੌਲੀਯਾ; ਮੇਜ਼ ਦਾ ਰੁਮਾਲ ।

Nappy, *a.* ਨੈਪੀ-ਰੂੰਈਦਾਰ, ਗੁਦਗੁਦਾ, ਕੋਮਲ; ਨੀਂਦ ਲਿਆਉਨ ਵਾਲਾ ।

Narcissus, *n.* ਨਰਸਿਸਸ-ਨਰਗਿਸ ।

Narcotic, *a.* ਨਾਰਕੋਟਿਕ-ਨਿੰਦਰਾਕਾਰੀ, ਨੀਂਦ ਲਿਆਉਨ ਵਾਲਾ, ਨਸ਼ੀਲਾ; *n.* ਓਹ ਦੁਆਈ ਜਿਸ ਥੀਂ ਨੀਂਦ ਆਵੇ ।

Nard, *n.* ਨਾਰਡ-ਬਾਲਛੜ ।

Narrate, *v. t.* ਨੈਰੇਟ-ਵਰ[illegible] ਕ०, ਬਿਆਨ ਕ०, ਬਖਾਨਣਾ, ਨਕਲ ਕ०, ਰਵਾਯਤ ਕ० ।

Narration, *n.* ਨੈਰੇਸ਼ਨ-ਵਰਨਣ, ਬਿਆਨ ।

Narrative, *a.* ਨੈਰੇਟਿਵ-ਵਿਵਰਣਕਾਰੀ, ਵਰਨਣ ਕਰਨ ਵਾਲਾ; *n.* ਬਿਰਤਾਂਤ, ਇਤਹਾਸ, ਵ[illegible] ਕਹਾਣੀ, ਕਿੱਸਾ ।

Narrator, *n.* ਨੈਰੇਟਰ-ਕਥਾ ਕਰਨ ਵਾਲਾ, ਕੱਥਕ, ਵਿਆਸ, ਰਾਵੀ ।

Narrow, *a.* ਨੈਰੋ—ਤੰਗ, ਓਛਾ, ਛੋਟਾ, ਥੋੜਾ; ਕੰਜੂਸ, ਸੂਮ; ਲੋਭੀ, ਲਾਲਚੀ, ਕ੍ਰਿਪਣ; ਨੇੜੇ; *v. i.* ਘਟਾਉਣਾ, ਤੰਗ ਕ०, ਘੇਰਨਾ ।

Narrowly, *adv.* ਨੈਰੋਲੀ-ਕਸ਼ਟ ਯਾ ਸੂਖਸਮ ਰੂਪ ਨਾਲ, ਵਿਚਾਰਕੇ, ਜਾਂਚ ਕਰਕੇ, ਔਖ ਨਾਲ।

Narrowness, *n.* ਨੈਰੋਨੈਸ-ਤੰਗੀ, ਅਧਮਤਾ, ਬੁੱਧੀ ਹੀਨਤਾ, ਸੁਕੜਾਈ, ਤੰਗਦਸਤੀ ।

Nasal, *a.* ਨੈਸਲ—ਨਾਕ ਸੰਬੰਧੀ, ਨੱਕ ਦਾ, ਅਨੁਨਾਸਕ; *n.* ਨੱਕ ਦਾ ਸ਼ਬਦ, ਅਨੁਨਾਸਕ ਅੱਖਰ, ਹਰਫ਼ ਗੁੰਨਾ ।

Nascent, *a.* ਨੈਸੈਂਟ-ਹੋਨ ਵਾਲਾ, ਵਧਨ ਵਾਲਾ

Nasicorous, *a.* ਨੈਸੀਕੋਰਸ-ਨੱਕ ਪੁਰ ਸਿੰਗ ਰੱਖਨ ਵਾਲਾ ।

Nastily, *a.* ਨੈਸਟੀਲੀ-ਗੰਦਗੀ ਨਾਲ ।

Nastiness, *n.* ਨੈਸਟੀਨੈਸ-ਗੰਦਗੀ, ਮੈਲਾਪਨ।

Nasty, *a.* ਨੈਸਟੀ-ਮੈਲਾ, ਗੰਦਾ, ਅਘੋਰੀ ।

Nasute, *a.* ਨੈਸੂਟ—ਗੁਣ ਦੋਸ਼ ਗਰਾਹੀ. ਸੂਖਸਮ ਦਰਸੀ ।

Natal, *a.* ਨੈਟਲ-ਜਮਾਂਦਰੂ, ਪੈਦਾਇਸ਼ੀ, ਜਨਮ ਦਾ, ਜਨਮ ਸੰਬੰਧੀ, ਜਨਮੀ, ਮਾਦਰਾਨਾ ।

Nation, *n.* ਨੇਸ਼ਨ-ਇੱਕ ਰਾਜ ਯਾ ਦੇਸ਼ ਦੇ ਲੋਗ; ਜਾਤੀ, ਕੌਮ, ਵਰਣ ।

National, *a.* ਨੈਸ਼ਨਲ-ਦੇਸੀ, ਦੇਸ਼ ਦਾ, ਸਾਧਾਰਣ, ਸਾਮਾਨਜ, ਕੌਮੀ, ਜਾਤੀਯ ।

Nationality, Nationalness, *n.* ਨੈਸ਼ਨੈਲੇਟੀ, ਨੈਸ਼ਨਲਨੈਸ-ਜਾਤੀ ਗੁਣ, ਜਾਤੀ ਪਕਸ਼, ਸਵਾਲੋਕਾਭਿਮਾਨ, ਸਵਾਦੇਸ਼ਾਭਿਮਾਨ, ਕੌਮੀਅਤ, ਕੌਮੀ ਜੋਸ਼ ।

Nationalize, *v.t.* ਨੈਸ਼ਨੇਲਾਇਜ਼-ਦੇਸ਼ ਧਰਮ ਅਨੁਸਾਰ ਪਰਸਿੱਧ ਕ०, ਜਾਤੀ ਵਿੱਚ ਪਰਵੇਸ਼ ਕ०, ਕੌਮ ਵਿਚ ਸ਼ਾਮਿਲ ਕ० ।

Nati[illegible] *a.* ਨੇਟਿਵ—ਜਮਾਂਦਰੂ, ਜਨਮ ਦਾ, ਪੈਦਾਇਸ਼ੀ, ਦੇਸੀ, ਵਤਨੀ, ਅਸਲੀ; *n.* ਦੇਸ਼ ਵਾਸੀ, ਦੇਸੀ, ਦੇਸ਼ ਦਾ ਰਹਨ ਵਾਲਾ ।

Nativity, *n.* ਨੇਟੀਵਿਟੀ-ਜਨਮ, ਜਨਮ ਕਾਲ, ਜਨਮ [illegible], ਜਨਮ ਕੁੰਡਲੀ, ਜਨਮ ਪਤਰੀ ।

Natural, *a.* ਨੈਟ੍ਰਲ—ਸਾਧਾਰਣ, ਸੁਭਾਵਿਕ, ਕੁਦਰਤੀ, ਅਸਲੀ; [illegible]; *n.* ਮੂਰਖ, ਉੱਲੂ, ਜਮਾਂਦਰੂ ਬਾਉਲਾ, ਮੂੜ੍ਹ ।

Naturalism, *n.* ਨੈਟ੍ਰਲਇਜ਼ਮ-ਨਾਸਤਕਤਾ।

Naturalist, *n.* ਨੈਟ੍ਰੇਲਿਸਟ—ਪਦਾਰਥ ਵਿਗਜਾਨੀ, ਨਾਸਤਕ, ਮੁਨਕਿਰ ।

Naturalize, *v. t.* ਨੈਟ੍ਰੇਲਾਇਜ਼-ਦੇਸੀ ਬਨਾਉਣਾ, ਜਾਤੀ ਵਿਚ ਵਾੜ ਲੈਣਾ; ਜਾਤੀ ਯਾ ਦੇਸ਼ ਨੂੰ ਹੱਕ ਦੇਣਾ; ਅਪਨਾ ਬਨਾਉਣਾ, ਅਪਨੀ ਬੋਲੀ ਵਿਚ ਲਿਆਉਣਾ, ਸ਼ਾਮਿਲ ਕ० ।

Naturally, *adv.* ਨੈਟ੍ਰਲੀ-ਸੁਭਾਵਿਕ; ਆਪ ਹੀ ਆਪ, ਸਵਯੰ, ਖ਼ੁਦ ਬਖ਼ੁਦ; ਉਚਿਤ ਕਾਲ ਪੁਰ, ਵੇਲੇ ਸਿਰ, ਬਾਮੌਕਾ ।

Nature, *n.* ਨੇਟ੍ਰ-ਬਨਾਵਟ, ਸੁਭਾਵ, ਸੁਗਤ, ਜਨਮ, ਉਤਪੱਤੀ, ਜਿਨਸ, ਕਿਸਮ, ਰੰਗ, ਰੂਪ, ਢੰਗ, ਡੌਲ; ਰੀਤ, ਰਸਮ, ਚਾਲ, ਦਸਤੂਰ, ਮਰਯਾਦਾ; ਪਿਆਰ; ਗੁਣ, ਜੌਹਰ, ਕੁਦਰਤ ।

Naught, *n.* ਨੌਟ-ਕੁਛ ਨਹੀਂ; *a.* ਬੁਰਾ, ਨਿਕੰਮਾ, ਫ਼ਜ਼ੂਲ, ਖ਼ਰਾਬ ।

Naughtiness, *n.* ਨੌਟੀਨੈਸ-ਦੁਸ਼ਟਤਾ, ਨਟਖਟੀ, ਖ਼ਰਾਬੀ, ਦੰਗਾ, ਸ਼ਰਾਰਤ ।

Naughty, *a.* ਨੌਟੀ-ਦੁਸ਼ਟ, ਖਰਾਬ, ਨਟਖਟ ।

Naulage, *n.* ਨੌਲੇਜ-ਜਹਾਜ਼ ਦਾ ਕਰਾਇਆ ।

Nausea, *n.* ਨੌਸੀਆ-ਅਰੁਚੀ, ਮਤਲਾਈ ।

Nauseate, *v. i.* ਨੌਸੀਏਟ-ਜੀ ਘਿਨਾਉਣਾ ।

Nauseous, *a.* ਨੌਸੀਅਸ-ਘਿਨਾ ਜਨਕ, ਜਿਸ ਥੀਂ ਕੈ ਆਵੇ ਯਾ ਜੀ ਮਿਚਕੇ ।

Nautic, Nautical, *a.* ਨੌਟਿਕ, ਨੌਟੀਕਲ—ਨਾਓ ਸੰਬੰਧੀ, ਜ਼ਹਾਜ਼ ਦਾ, ਕਿਸ਼ਤੀ ਦੇ ਮੁਤਅੱਲਿਕ ।

Nautilus, *n.* ਨੌਟੀਲਸ-ਇੱਕ ਪਰਕਾਰ ਦੀ ਸਮੁੰਦਰੀ ਸਿਪ ਵਾਲੀ ਮੱਛੀ ।

Naval, *a.* ਨੇਵਲ—ਜਹਾਜ਼ੀ ਨਾਓ ਯਾ ਬੇੜੀ ਸੰਬੰਧੀ, ਸਮੁੰਦਰੀ ਫ਼ੌਜ, ਸਮੁੰਦਰੀ ਬਲ ।

Nave, *n.* ਨੇਵ-ਚਕ੍ਰ, ਨਾਭੀ, ਧੁਰੀ, ਪਹੀਏ ਦਾ ਵਿਚਲਾ ਭਾਗ; ਗਿਰਜੇ ਦਾ ਵਿਚਲਾ ਭਾਗ ।

Navel, *n.* ਨੇਵਲ-ਨਾਫ਼, ਧੁੱਨੀ, ਨਾਭੀ, ਤੁੰਦੀ ।

Navigable, *a.* ਨੈਵੀਗੇਬਲ-ਬੇੜੀ ਯਾ ਨਾਓ ਚਲਾਉਣ ਜੋਗ, ਜਹਾਜ਼ਰਾਨੀ ਦੇ ਕਾਬਿਲ ।

Navigate, *v. t.* ਨੈਵੀਗੇਟ-ਬੇੜੀ ਯਾ ਜਹਾਜ਼ ਦੁਆਰਾ ਪਾਰ ਹੋਣਾ, ਨਾਓ ਚਲਾਉਣੀ ।

Navigation, *n.* ਨੈਵੀਗੇਸ਼ਨ-ਨਾਓ ਚਲਾਉਣ ਦੀ ਵਿੱਦਯਾ, ਮੱਲਾਹੀ ।

Navigator, *n.* ਨੈਵੀਗੇਟਰ-ਨਾਵਿਕ, ਮੱਲਾਹ, ਮਾਂਝੀ, ਨਾਓ ਚਲਾਉਣ ਵਾਲਾ, ਜਹਾਜ਼ਰਾਨ ।

Navy, *n.* ਨੇਵੀ-ਜੁੱਧ ਨੌਕਾ ਸੰਗ੍ਰਹ, ਜੰਗੀ ਜਹਾਜ਼ਾਂ ਦਾ ਬੇੜਾ, ਇੱਕ ਦੇਸ਼ ਦੇ ਸਾਰੇ ਜੰਗੀ ਜਹਾਜ਼, ਜਹਾਜ਼ੀ ਬਲ ਯਾ ਤਾਕਤ ।

Nay, *adv.* ਨੇ-ਨਹੀਂ, ਉਂਹੂੰ, ਅਜੇਹਾ ਹੀ ਨਹੀਂ; *n.* ਇਨਕਾਰ, ਨਾਂਹ ।

Neal, *v. t.* ਨੀਲ-ਤਾਉਣਾ, ਤਪਾਉਣਾ, ਗਰਮ ਕ०, ਤਾ ਦੇਣਾ, ਤੱਤਾ ਕ० ।

Neap, *a.* ਨੀਪ-ਹਲਕਾ, ਹੌਲਾ, ਨੀਚਾ ।

Near, *a.* ਨੀਅਰ-ਸਮੀਪ, ਨੇੜੇ, ਨਾਲ, ਕੋਲ, ਨਜ਼ਦੀਕ, ਨਿਕਟ, ਪਾਸ, ਲਾਗੇ, ਗੋਲ, ਧੋਰੇ, ਮੁਤਸਿਲ; ਮਿੱਤ੍ਰ; ਕੰਜੂਸ, ਸੂਮ, ਮੱਖੀਚੂਸ; ਠੀਕ, ਦਰਿਸ਼, ਸੰਬੰਧੀ; *adv.* ਨਿਕਟ, ਸਮੀਪ, ਲਗਭਗ, ਕਰੀਬਨ; *v. i.* ਨਿਕਟ ਯਾ ਪਾਸ ਆਉਣਾ; *prep.* ਪਾਸ, ਕੋਲ, ਕਰੀਬ ।

Nearly, *adv.* ਨੀਅਰਲੀ-ਪਾਸ ਪਾਸ, ਲਗ-ਭਗ, ਕਰੀਬ; ਕੰਜੂਸੀ ਨਾਲ ।

Nearness, *n.* ਨੀਅਰਨੈਸ-ਸਮੀਪਤਾ, ਨਿਕਟ-ਤਾ, ਕੁਰਬ, ਅਪਨਾਹਟ; ਕੰਜੂਸੀ ।

Neat, *n.* ਨੀਟ-ਗਊ ਆਦਿ ਜੰਤੂ, ਗਊ, ਬੈਲ, ਧਨ, ਢੋਰ; *a.* ਨਿਰਮਲ, ਸਾਫ਼, ਸੁਥਰਾ; ਨਿਰਾ, ਖ਼ਾਲਿਸ; ਅੱਛੇ ਢੰਗ ਦਾ, ਸੁੱਧ, ਚੋਖਾ ।

Neat-herd, *n.* ਨੀਟਹਰਡ-ਗਵਾਲਾ, ਚਰ-ਵਾਹਾ, ਰਖਵਾਲਾ, ਵਾਗੀ, ਪਾਲੀ ।

Neatness, *n.* ਨੀਟਨੈਸ-ਵਿਮਲਤਾ, ਸੁੱਧਤਾ, ਨਿਰਮਲਤਾ, ਸਫ਼ਾਈ, ਸੁਥਰਾਈ, ਸੋਧ, ਪਾਕੀ ।

Neb, *n.* ਨੇਬ-ਨੱਕ, ਚੁੰਝ, ਚੁੰਝ, ਬੂਥਨੀ, ਨੋਕ ।

Nebula, Nebule, *n.* ਨੇਬੂਲਾ, ਨੇਬੂਲ—ਤਾਰਾ ਮੰਡਲ; ਅੱਖ ਦੀ ਫੁੱਲੀ, ਧੁੰਦ ।

Necessarian, *n.* ਨੈਸੈਸਰੇਰੀਅਨ-ਪਰਾਰਬਧ ਆਧੀਨ, ਤਕਦੀਰ ਦਾ ਮੰਨਣ ਵਾਲਾ ।

Necessaries, *n. pl.* ਨੈਸੈਸਰੀਜ਼—ਲੋੜ-ਵੰਦੀਆਂ ਚੀਜ਼ਾਂ, ਓਹ ਚੀਜ਼ਾਂ ਜਿਨ੍ਹਾਂ ਦੇ ਬਿਨਾਂ ਛੁੱਟ ਨਾ ਲੱਘ ਸੱਕੇ, ਲੋੜਾਂ, ਜ਼ਰੂਰਯਾਤ ।

Necessarily, *adv.* ਨੈਸੈਸਰੇਲੀ—ਅਵੱਸ਼ ਕਰਕੇ, ਚਾਹੀਏ, ਖ਼ਾਹਮਖ਼ਾਹ, ਬਿਲਜ਼ਰੂਰ ।

Necessary, *a.* ਨੈਸੈਸਰੀ—ਅਨ ਉਪਾਯ, ਆਵੱਸ਼ਕ, ਲੋੜਵੰਦਾ; ਜ਼ਰੂਰੀ, ਲਾਜ਼ਮੀ; *n.* ਪਾਖ਼ਾਨਾ, ਟੱਟੀ, ਸੌਚ ਸਥਾਨ ।

Necessitate, *v. t.* ਨੈਸੈਸੀਟੇਟ—ਆਵੱਸ਼ ਕ०, ਵਿਬਵਸ਼ ਕ०, ਦਬਾਉਣਾ, ਮਜਬੂਰ ਕ० ।

Necessitous, *a.* ਨੈਸੈਸੀਟਸ-ਨਿਰਧਨ, ਮੋਹ-ਤਾਜ, ਹਥਤੰਗ, ਗਰੀਬ, ਮੁਫ਼ਲਿਸ ।

Necessitude, *n.* ਨੈਸੈਸੀਟੂਡ-ਦਰਿਦਰਤਾ, ਨਿਰਧਨਤਾ, ਲੋੜ, ਦੁੱਖ, ਦੁਰਗਤੀ ।

Necessity, *n.* ਨੈਸੈਸਿਟੀ-ਆਵੱਸ਼ਕਤਾ, ਲੋੜ, ਤੰਗੀ, ਹਾਜਤਮੰਦੀ, ਦਰਿਦ੍ਰਤਾ, ਦੁਰਗਤੀ; ਭਾਵੀ, ਹੋਣੀ; ਬਲ, ਤਾਕਤ, ਜ਼ੋਰ ।

Neck, *n.* ਨੈਕ-ਗਰੀਵਾ, ਗਰਦਨ, ਗਿੱਚੀ, ਕੰਠ, ਗਲਾ, ਨਲੀ, ਨਲ ।

Neckcloth, Necktie, *n.* ਨੈਕਕਲਾਥ, ਨਕਟਾਈ—ਗਲੂਬੰਦ, ਗਿੱਚੀ ਕੱਜਨ ਦਾ ਕੱਪੜਾ

Necklace, *n.* ਨੈਕਲੇਸ-ਗਲ ਦਾ ਗੈਹਣਾ, ਕੰਠਾ, ਮਾਲਾ, ਕੰਠੀ, ਚੰਪਾਕਲੀ, ਹਾਰ ।

Necromencer, *n.* ਨੈਕਰੋਮੈਨਸਰ-ਟੂਣਾ ਕਰਨ ਵਾਲਾ, ਇੰਦਰ ਜਾਲਿਕ, ਸਿਆਣਾ ।

Necromency, *n.* ਨੈਕਰੋਮੈਨਸੀ-ਟੂਣਾ, ਪਰੇਤ ਸਿੱਧੀ, ਭੂਤ ਯਾ ਮਸਾਨ ਵਿੱਦਯਾ, ਜਾਦੂਗਰੀ ।

Nectar, *n.* ਨੈਕਟਰ-ਅੰਮ੍ਰਿਤ, ਦੇਵਤਿਆਂ ਦਾ ਜਲ, ਪੀਯੂਖ, ਸੁਧਾ, ਆਬੇ ਹਯਾਤ ।

Nectareal, *a.* ਨੈਕਟੇਰੀਅਲ-ਰੁੱਖ ਯਾ ਫਲ ਦੀ ਮਿਠਾਸ ਦਾ, ਮਧੂ ਦਾ ।

Nectared, *a.* ਨੈਕਟਰਡ—ਅਮਰਿਤ ਮਿਲਿਆ ਹੋਇਆ, ਆਬੇ ਕੌਸਰ ਆਮੇਜ਼ ।

Nectarian, Nectarious, *a.* ਨੈਕ੍ਟੇਰੀਅਨ, ਨੈਕਟੇਰੀਅਸ—ਅਮਰਿਤ ਦਾ, ਅਮਰਿਤ ਜੇਹਾ ।

Nectarous, *a.* ਨੈਕਟੇਰਸ-ਅਮਰਿਤ ਜੇਹਾ ਮਿੱਠਾ, ਮਾਧੂ ।

Nectary, *n.* ਨੈਕਟਰੀ-ਫੁੱਲ ਦਾ ਰਸ ।

Need, *n.* ਨੀਡ—ਆਕਾਂਖਿਆ, ਪਰਯੋਜਨ, ਲੋੜ, ਆਵੱਸ਼ਕਤਾ; ਦਰਿੱਦ੍ਰਤਾ, ਨਿਰਧਨਤਾ, ਦੁੱਖ; *v. i.* ਚਾਹੁਣਾ, ਦਰਕਾਰ ਹੋਣਾ, ਲੋੜ ਹੋਣੀ ।

Needful, *a.* ਨੀਡਫੁਲ—ਜ਼ਰੂਰੀ, ਲੋੜੀਦਾ ।

Neediness, *n.* ਨੀਡੀਨੈਸ—ਲੋੜ, ਤੰਗੀ, ਗਰੀਬੀ

Needle, *n.* ਨੀਡਲ—ਸੂਈ, ਕਾਂਟਾ ।

Needless, *a.* ਨੀਡਲੈਸ—ਬਿਰਥਾ, ਅਕਾਰਥ, ਫ਼ਜ਼ੂਲ, ਜਿਸਦੀ ਲੋੜ ਨਾ ਹੋਵੇ ।

Needlework, *n.* ਨੀਡਲਵਰਕ—ਬੂਟੇ ਦਾ ਕੰਮ, ਸੂਈ ਨਾਲ ਬੂਟੇ ਕੱਢੇ ਹੋਏ, ਕਸੀਦਾ ।

Needs, *adv.* ਨੀਡਜ਼—ਚਾਹੀਏ ਕਿ, ਜ਼ਰੂਰਤਨ ।

Needy, *a.* ਨੀਡੀ—ਲੋੜਵੰਦਾ, ਮੁਹਤਾਜ, ਕੰਗਾਲ, ਬੁਰੇ ਹਾਲ ਵਾਲਾ ।

Nefarious, *a.* ਨਿਫ਼ੇਰੀਅਸ—ਦੁਸ਼ਟ, ਬੁਰਾ, ਖੋਟਾ, ਮਹਾਂ ਪਾਪੀ, ਅਤੀ ਦੁਸ਼ਟ ।

Negation, *n.* ਨੈਗੇਸ਼ਨ—ਇਨਕਾਰ, ਨਾਂਹ ।

Negative, *a.* ਨੈਗੇਟਿਵ—ਨਾਂਹ ਕਰਨ ਵਾਲਾ, ਅਸਵੀਕਾਰ ਸੂਚਕ, ਇਨਕਾਰੀ, ਵਰਜਿਤ; *v. t.* ਨਿਖੇਧ ਕ॰ ਅਸਵੀਕਾਰ ਕ॰, ਮੇਟਣਾ; ਇਨਕਾਰ ਕ॰, ਨਾਂਹ ਕਰਨੀ; *n.* ਨਹੀਂ ।

Neglect, *v. t.* ਨੈਗਲੈਕਟ—ਭੁਲਾਉਣਾ, ਵਿਸਾਰਨਾ; ਅਨਾਦਰ ਯਾ ਅਵਿਗਿਆ ਕ॰, ਸੁਧ ਨਾ ਲੈਣੀ; *n.* ਅਨਾਦਰ; ਭੁੱਲ, ਚੂਕ, ਕਸੂਰ; ਬੇਪਰਵਾਹੀ, ਬੇਖ਼ਬਰੀ, ਗ਼ਫ਼ਲਤ, ਸੁਸਤੀ ।

Neglectful, *a.* ਨੈਗਲੈਕਟਫੁਲ—ਅਸਾਵਧਾਨ, ਪਰਮਾਦੀ, ਜਿਸਨੂੰ ਸੂਝ ਨਾ ਹੋਵੇ, ਬੇਪਰਵਾਹ, ਬੇਖ਼ਬਰ, ਗ਼ਾਫ਼ਿਲ, ਸੁਸਤ, ਢਿੱਲਾ ।

Negligence, *n.* ਨੈਗਲੀਜੈਂਸ—ਅਸਾਵਧਾਨਤਾ ਗ਼ਫ਼ਲਤ, ਬੇਪਰਵਾਹੀ; ਇੱਕ ਪਰਕਾਰ ਦਾ ਢਿੱਲਾ ਪਹਿਰਾਵਾ ।

Negligent, *a.* ਨੈਗਲੀਜੈਂਟ—ਅਸਾਵਧਾਨ, ਪਰਮਾਦੀ, ਬੇਲਿਹਾਜ਼, ਜਿਸਨੂੰ ਖ਼ਬਰ ਨਾ ਹੋਵੇ, ਨਿਸੁਰਤਾ, ਅਚੇਤ, ਗ਼ਾਫ਼ਿਲ ।

Negociable, *a.* ਨਿਗੋਸ਼ੀਏਬਲ—ਭੇਜਨ ਜੋਗ ।

Negociate, *v.t.* ਨਿਗੋਸ਼ੀਏਟ—ਬਿਓਹਾਰ ਕ॰, ਵੇਚਣਾ, ਕਿਸੇ ਕੰਮ ਲਈ ਬਾਤ ਚੀਤ ਕਰਨੀ, ਲੈਣ ਦੇਣ ਕ॰, ਮੁਆਮਲਾ ਕ॰ ।

Negociation, *n.* ਨਿਗੋਸ਼ੀਏਸ਼ਨ—ਕਾਰੋਬਾਰ, ਬਿਓਹਾਰ, ਕੰਮ ਕਾਜ, ਧੰਦਾ, ਬਿਓਪਾਰ; ਕਹਾ ਸੁਣੀ, ਬੋਲਚਾਲ, ਗੱਲ ਬਾਤ, ਪ੍ਰਸ਼ਨ ਉੱਤਰ, ਸਵਾਲ ਜਵਾਬ ।

Negotiator, *n.* ਨਿਗੋਸ਼ੀਏਟਰ—ਵਿਚੋਲਾ, ਦਰਮਿਆਨੀ ।

Negress, *n.* ਨੀਗ੍ਰੈਸ—ਹਬਸ਼ਣ ।

Negro, *n.* ਨੀਗਰੋ—ਹਬਸ਼ੀ, ਕਾਲੇ ਰੰਗ ਦਾ ।

Negus, *n.* ਨੀਗਸ—ਇਕ ਮਿਸ਼ਰਿਤ ਸ਼ਰਬਤ ।

Neigh, *v. i.* ਨੇਹ—ਹਿਨਹਿਨਾਉਣਾ, ਘੋੜੇ ਦਾ ਹਿਣਕਣਾ; *n.* ਘੋੜੇ ਦੀ ਆਵਾਜ਼, ਹਿਨਹਿਨਾਹਟ

Neighbour, *n.* ਨੇਬਰ—ਪੜੌਸੀ, ਗੁਆਂਢੀ, ਸਮੀਪੀ, ਨਿਕਟਵਾਸੀ, ਹਮਸਾਇਆ; *a.* ਨੇੜੇ ਦਾ, ਪੜੌਸ ਦਾ, ਮੁਤਸਿਲ, ਗੁਆਂਢ ਦਾ ।

Neighbourhood, *n.* ਨੇਬਰਹੁੱਡ—ਸਮੀਪਤਾ, ਨਿਕਟਤਾ, ਹਮਸਾਇਗੀ, ਪੜੌਸੀ ਲੋਗ ।

Neighbouring, *a.* ਨੇਬਰਿੰਗ—ਪਾਸ ਯਾ ਨੇੜੇ ਦਾ, ਕਰੀਬ ਦਾ, ਨਜ਼ਦੀਕੀ ।

Neighbourly, *a.* ਨੇਬਰਲੀ—ਮਿਲਨਸਾਰ, ਨੇਕ; *adv.* ਮਿਲਨਸਾਰੀ ਯਾ ਪਰੇਮ ਨਾਲ ।

Neither, *a.* ਨੀਈਥਰ—ਦੋਹਾਂ ਵਿੱਚੋਂ ਕੋਈ ਨਾ, ਦੋਨੋਂ ਮੇਂ ਸੇ ਕੋਈ ਨਾ; *conj.* ਨਾ ਤੋ ।

Neogamist, *n.* ਨਿਓਗੈਮਿਸਟ—ਨਵਾਂ ਵਿਆਹਿਆ ਹੋਇਆ ਆਦਮੀ ।

Neologist, *n.* ਨਿਓਲੌਜਿਸਟ—ਨਵੇਂ ਸ਼ਬਦ ਦਾ ਵਰਤਨ ਵਾਲਾ ।

Neology, *n.* ਨਿਓਲੌਜੀ—ਨਵੀਨ ਸ਼ਬਦ ਦਾ ਵਰਤਾਓ, ਨਵਾਂ ਮਤ ।

Neophyte, *n.* ਨਿਓਫ਼ਿਟ—ਨਵਾਂ ਚੇਲਾ, ਓਹ ਆਦਮੀ ਜੋ ਅਪਨੇ ਧਰਮ ਥੀਂ ਹਟਕੇ ਦੂਜੇ ਧਰਮ ਨੂੰ ਮੰਨੇ, ਨੌਮੁਰੀਦ ।

Neoterical, *a.* ਨਿਓਟੈਰੀਕਲ—ਨਵਾਂ, ਨਵੀਨ, ਨਯਾ, ਨੂਤਨ, ਹੁਨ ਦਾ ।

Nepenthe, *n.* ਨੇਪੈਨਥੀ—ਇੱਕ ਬੂਟੀ ਜਿਸ ਥੀਂ ਸਬ ਪੀੜਾਂ ਦੂਰ ਹੁੰਦੀਆਂ ਹਨ, ਦੁੱਖ ਨਾਸ਼ ਕਰਨ ਵਾਲੀ ਔਖਧੀ ।

Nephew, *n.* ਨੈਫ਼ਯੂ—ਭਤੀਜਾ, ਭਾਣਜਾ, ਭਣੇਵਾਂ, ਭੈਣ ਦਾ ਪੁੱਤਰ, ਭਰਾ ਦਾ ਪੁੱਤਰ ।

Nephritic, *a.* ਨੈਫ਼ਰੀਟਿਕ—ਗੁਰਦੇ ਸੰਬੰਧੀ; *n.* ਗੁਰਦੇ ਦੇ ਰੋਗ ਦੀ ਦੁਆ ।

Nepotism, *n.* ਨੈਪੋਟਿਜ਼ਮ—ਕੁਲ ਪਕਸ਼ਪਾਤ, ਪੁਤਰ ਪੌਤਰ ਆਦਿ ਦਾ ਪਕਸ਼ਪਾਤ, ਸੰਬੰਧੀਆਂ ਦਾ ਪਿਆਰ, ਭਤੀਜਿਆਂ ਤੇ ਭਣੇਵਿਆਂ ਨਾਲ ਪਿਆਰ ।

Nereid, *n.* ਨੈਰੇਇਡ-ਜਲ ਦੇਵੀ, ਸਮੁੰਦਰ ਦੀ ਦੇਵੀ ਜੋ ਅੱਧੀ ਇਸਤਰੀ ਅਤੇ ਅੱਧੀ ਮੱਛੀ ਦੇ ਰੂਪ ਦੀ ਦਰਿਆਈ ਘੋੜੇ ਪੁਰ ਸਵਾਰ ਮੰਨੀ ਜਾਂਦੀ ਹੈ।

Nerve, *n.* ਨਰਵ-ਨਸ, ਰਗ, ਨਾੜੀ; ਸ਼ਕਤੀ, ਬਲ, ਦਲੇਰੀ; *v. t.* ਦਰਿੜ ਯਾ ਪੁਸ਼ਟ ਕ०।

Nerveless, *a.* ਨਰਵਲੈਸ-ਨਿਰਬਲ, ਬਲਹੀਨ, ਦੁਰਬਲ, ਕਮਜ਼ੋਰ, ਨਾਤੁਵਾਨਾ।

Nervous, *a.* ਨਰਵਸ-ਨਾੜੀ ਵਿਸ਼ਯਕ, ਨਾੜੀ ਸੰਬੰਧੀ; ਬਲੀ, ਪੁਸ਼ਟ; ਢਿੱਲਾ, ਡਰਪੋਕ, ਡਰਾਕਲ।

Nescience, *n.* ਨੈਸ਼ੀਐਂਸ-ਅਗਯਾਨਤਾ, ਨਾਦਾਨੀ, ਅਬੋਧ, ਜਹਾਲਤ।

Nest, *n.* ਨੈਸਟ—ਘੋਂਸਲਾ, ਆਲ੍ਹਣਾ, ਘਰ, ਖੁੱਡਾ, ਅੱਡਾ; *v. t.* ਘੌਂਸਲਾ ਬਨਾਉਨਾ।

Nestle, *v. i.* ਨੈਸਲ-ਘੁਸਨਾ, ਰੈਹਨਾ, ਵੱਸਨਾ; *v. t.* ਪਾਲਨਾ, ਵਸਾਉਨਾ, ਆਬਾਦ ਕ०।

Nestling, *n.* ਨੈਸਲਿੰਗ—ਘੌਂਸਲੇ ਦਾ ਛੋਟਾ ਬੱਚਾ; *a.* ਘੌਂਸਲੇ ਦਾ।

Net, *n.* ਨੈਟ-ਫੰਦਾ, ਜਾਲ, ਫਾਂਸਾ; *v. t.* ਜਾਲ ਯਾ ਫੰਦਾ ਉਣਨਾ; ਫੰਦੇ ਵਿੱਚ ਫਸਾਉਨਾ: ਖ਼ਾਲਿਸ ਨਫ਼ਾ ਕੱਢਨਾ; *a.* ਨਿਰਾ, ਖ਼ਾਲਿਸ, ਘੰਮੇਲ, ਖ਼ਰਚ ਆਦਿ ਕਰਕੇ ਜੋ ਬਾਕੀ ਰਹੇ।

Nether, *a.* ਨੈਥਰ-ਹੇਠਲਾ, ਨੀਚੇ ਦਾ, ਜ਼ੇਰੀਨ।

Nethermost, *a.* ਨੈਥਰਮੋਸਟ-ਸਭ ਥੀਂ ਹੇਠਾਂ

Netting, *n.* ਨੈਟਿੰਗ-ਜਾਲੀ ਦਾ ਕੰਮ, ਜਾਲੀ।

Nettle, *v. t.* ਨੈਟਲ-ਖਿਝਾਉਨਾ, ਚਿੜਾਉਨਾ, ਸਤਾਉਨਾ, ਛੇੜਨਾ, ਤੰਗ ਕ०, ਦਿਕ ਕ०।

Network, *n.* ਨੈਟਵਰਕ—ਜਾਲੀ, ਜਾਲੀ ਦਾ ਕੰਮ।

Neuralgia, Neuralgy, *n.* ਨਿਊਰਲਜੀਆ, ਨਿਊਰਲਜੀ—ਮਿੱਠੀ ਪੀੜ ਜੋ ਕਿਸੇ ਰੋਗ ਨਾਲ ਨਾ ਹੋਵੇ।

Neuter, *a.* ਨਿਊਟਰ-ਉਭਯ ਪਕਸ਼ਮਾਨ, ਨਾ ਇਧਰ ਨਾ ਉਧਰ; ਨਾ ਪੁਲਿੰਗ ਨਾ ਇਸਤਰੀ ਲਿੰਗ, ਨਪੁੰਸਕ; ਵੇਖ; *n.* ਓਹ ਜਨੌਰ ਜਿਸ ਵਿੱਚ ਨਰ ਮਾਦਾ ਦਾ ਚਿੰਨ੍ਹ ਨਾ ਹੋਵੇ।

Neuteral, *a.* ਨਿਊਟਰਲ-ਅਪਕਸ਼ਪਾਤ; *n.* ਓਹ ਪੁਰਖ ਜੋ ਦੋਹੀਂ ਤਰਫ਼ੀਂ ਨਹੀਂ ਹੁੰਦਾ, ਨਾ ਚੰਗਾ ਨਾ ਬੁਰਾ, ਵਿਚਲੀ ਰਾਸ ਦਾ।

Neuterality, *n.* ਨਿਊਟਰੈਲੇਟੀ—ਅਪਕਸ਼ਪਾਤਤਾ, ਬੇਤਰਫ਼ਦਾਰੀ, ਸਮਤਾ; ਓਹ ਆਦਮੀ ਜੋ ਕਿਸੇ ਦਾ ਪਕਸ਼ ਨਾ ਲਵੇ।

Neuteralize, *v. t.* ਨਿਊਟਰੇਲਾਇਜ਼-ਵੱਖ ਕ०, ਤਰਫ਼ਦਾਰ ਨਾ ਹੋਨ ਦੇਨਾ; ਬੇਤਾਸੀਰ ਕ०, ਪਕਸ਼ਪਾਤ ਥੀਂ ਹਟਾ ਰੱਖਨਾ।

Never, *adv.* ਨੈਵਰ-ਕਦੀ ਨਹੀਂ, ਕਦੇ ਨਹੀਂ, ਕਿਸੇ ਪਰਕਾਰ ਨਹੀਂ, ਕਿਸੇ ਤਰਾਂ ਨਹੀਂ।

Nevertheless, *adv.* ਨੈਵਰਦੀਲੈਸ—ਪਰੰਤੂ, ਤਥਾਪਿ, ਇਸ ਉੱਤੇ ਵੀ, ਇਸ ਪੁਰ ਭੀ।

New, *a.* ਨਿਊ-ਨਵਾਂ, ਨਵੀਨ, ਅਧੁਨਿਕ, ਤਾਜ਼ਾ; ਨਿਰਾਲਾ, ਅਨੋਖਾ; ਆਉਨ ਵਾਲਾ।

Newish, *a.* ਨਿਊਇਸ਼-ਕੁਝ ਨਵਾਂ, ਨਵੇਂ ਜੇਹਾ।

Newly, *adv.* ਨਿਊਲੀ—ਹੁਣੇ, ਇਸੇ ਵੇਲੇ; ਥੋੜੇ ਦਿਨਾਂ ਥੀਂ; ਨਵੇਂ ਸਿਰੀਂ, ਅਜ਼ ਸਰੇ ਨੌ।

Newness, *n.* ਨਿਊਨੈਸ-ਨਯਾਪਨ, ਨਵੀਨਤਾ।

News, *n.* ਨਿਊਜ਼—ਖ਼ਬਰ, ਸੰਦੇਸਾ, ਨਵੀਂ ਖ਼ਬਰ, ਨਵਾਂ ਸਮਾਚਾਰ।

Newsmonger, *n.* ਨਿਊਜ਼ਮੌਂਗਰ-ਸਮਾਚਾਰ ਦੇਨ ਵਾਲਾ, ਖ਼ਬਰ ਕਰਨ ਵਾਲਾ।

Newspaper, *n.* ਨਿਊਜ਼ਪੇਪਰ—ਅਖ਼ਬਾਰ, ਸਮਾਚਾਰ ਪੱਤਰ।

Newt, *n.* ਨੂਟ-ਪਾਨੀ ਦੀ ਕੋੜ੍ਹਕਿੱਲੀ।

Next, *a.* ਨੈਕਸਟ-ਅਨੰਤਰ, ਨਿਰੰਤਰ, ਇਸਦੇ ਪਿੱਛੇ; ਆਸ ਪਾਸ, ਧੋਰੇ; ਦੂਸਰਾ, ਦੂਜਾ; ਮਿਲਿਆ ਯਾ ਲੱਗਿਆ ਹੋਇਆ; *adv.* ਹੁਣ ਥੀਂ ਪਿੱਛੋਂ, ਅੱਗੇ ਨੂੰ, ਆਇੰਦਾ, ਮਾਬਾਦ।

Nib, *n.* ਨਿਬ—ਚੋਂਚ, ਚੁੰਝ; ਕਿਸੇ ਵਸਤੂ ਦਾ ਅਗਲਾ ਹਿੱਸਾ; ਨੋਕ, ਡੰਕ; ਦਾਤਰੀ ਦਾ ਦਸਤਾ ਯਾ ਮੁੱਠ; ਲਿੱਖਨ ਦਾ ਮੂੰਹ।

Nibble, *v. i.* ਨਿੱਬਲ-ਕੁਤਰਨਾ, ਕਟਨਾ, ਕੁਤਰਕੇ ਖਾਨਾ; ਠੂੰਗਨਾ; ਦੋਸ਼ ਲਗਾਉਨਾ, ਨੁਕਤਾਚੀਨੀ ਕ०।

Nice, *a.* ਨਾਇਸ—ਕੋਮਲ, ਨਰਮ, ਰਸੀਲਾ, ਅੱਛਾ, ਠੀਕ, ਸਵਾਦੂ, ਮਧੁਰ, ਸ਼ੁੱਧ; ਮਹੀਨ, ਬਰੀਕ, ਔਖਾ, ਰਕੀਕ।

Nicely, *adv.* ਨਾਈਸਲੀ-ਕੋਮਲਤਾ ਯਾ ਨਰਮੀ ਨਾਲ; ਠੀਕ ਠੀਕ, ਚੰਗੀ ਤਰਾਂ।

Niceness, Nicety, *n.* ਨਾਇਸਨੈਸ, ਨਾਇਸਿਟੀ—ਸੁਥਰਾਈ, ਬਰੀਕੀ, ਬਹੁਤ ਸੂਖਮਤਾ; *pl.* ਚੰਗਾ ਸਵਾਦੂ ਭੋਜਨ।

Nich, Niche, *n.* ਨਿਚ–ਦੀਵਾਰ ਯਾ ਕੰਧ ਵਿੱਚ ਮੂਰਤ ਰੱਖਨ ਦੀ ਥਾਂ, ਆਲਾ, ਜਾਲਾ ।

Nick, *n.* ਨਿਕ–ਸ਼ੁਭ ਲਗਨ, ਸ਼ੁਭ ਵੇਲਾ; ਲੇਖਾ, ਗਿਨਤੀ, ਹਿਸਾਬ; ਪਾਸੇ ਦਾ ਫੈਂਕਨਾ; ਭੂਤ, ਪਰੇਤ, ਪਿਸ਼ਾਚ; ਛਾਪ ਦੇ ਹਰਫ਼ਾਂ ਵਿੱਚ ਇੱਕ ਚਿੰਨ੍ਹ; *v. t.* ਮਿਲਾਉਨਾ, ਸਦਿਸ਼ ਕ॰; ਮਾਰਨਾ, ਜਿੱਤਨਾ, ਛਲਨਾ; ਸ਼ੁੱਭ ਵੇਲੇ ਸ਼ਗਨ ਕ॰ ਯਾ ਮਨਾਉਨਾ; ਨਿਸ਼ਾਨਾ ਮਾਰਨਾ ।

Nickle, *n.* ਨਿੱਕਲ–ਇਕ ਪਰਕਾਰ ਦੀ ਚਾਂਦੀ ਜੇਹੀ ਚਿੱਟੀ ਧਾਤ ।

Nicker, *n.* ਨਿੱਕਰ–ਠੱਗ, ਚੋਰ ਉਚੱਕਾ ।

Nickname, *n.* ਨਿੱਕਨੇਮ–ਤਰਮਤਾਰ ਸੂਚਕ ਨਾਉਂ, ਨਿੰਦਾ ਸੂਚਕ ਨਾਮ, ਕੁਨਾਮ, ਔਖਾ ਨਾਉਂ; *v. t.* ਨਿੰਦਾ ਸੂਚਕ ਉਪਾਧੀ ਦੇਨੀ ।

Nicotian, *a.* ਨਿਕੋਟੀਅਨ–ਤੰਬਾਕੂ ਸੰਬੰਧੀ ।

Nictate, *v. i.* ਨਿਕਟੇਟ—ਅੱਖ ਮਟਕਾਉਨੀ, ਅੱਖ ਝਮਕਣੀ ।

Nictation, *n.* ਨਿਕਟੇਸ਼ਨ–ਅੱਖ ਦੀ ਝਮਕ ਯਾ ਖੋਲ੍ਹ ਬੰਦ ।

Nidget, *n.* ਨਿਜੈਟ–ਡਰਪੋਕ, ਕਾਇਰ, ਥੁੜ-ਦਿਲ, ਅਦਨਾ ।

Nidification, *n.* ਨਿਡੀਫ਼ੀਕੇਸ਼ਨ–ਘੋਂਸਲੇ ਯਾ ਆਲ੍ਹਣੇ ਵਿੱਚ ਰੱਖਨ ਦਾ ਸਮਯ ।

Nidor, *n.* ਨਿਡਰ—ਮਾਸ ਪੱਕਨ ਦੀ ਵਾਸਨਾ ਯਾ ਗੰਧ ।

Nidorosity, *n.* ਨਿਡੋਰੋਸਿਟੀ–ਭੁੱਨੇ ਮਾਸ ਦਾ ਡਕਾਰ ।

Nidulation, *n.* ਨਿਡੂਲੇਸ਼ਨ–ਘੋਂਸਲੇ ਵਿੱਚ ਰੈਹਨ ਦਾ ਸਮਯ ।

Niece, *n.* ਨੀਸ–ਭਤੀਜੀ, ਭਾਨਜੀ, ਭਨੇਵੀਂ ।

Niggard, *n.* ਨਿਗੱਰਡ—ਮੱਖੀਚੂਸ, ਕੰਜੂਸ, ਸੂਮ, ਕ੍ਰਿਪਣ ਜਨ, ਬਖ਼ੀਲ ।

Niggle, *v. i.* ਨਿੱਗਲ–ਖੇਲਨਾ, ਖੇਡਨਾ ।

Nigh, *a. adv. prep.* ਨਾਈ–ਨਿਕਟ, ਨੇੜੇ, ਸਮੀਪ, ਕੋਲ, ਪਾਸ, ਨਜ਼ਦੀਕ ।

Night, *n.* ਨਾਇਟ–ਰੈਨ, ਰਾਤ; ਅਗਯਾਨਤਾ, ਮੂਢ਼ਪਨਾ; ਅੰਧੇਰਾ, ਹਨੇਰਾ; ਮਿਰਤੂ, ਮੌਤ ।

Nightfall, *n.* ਨਾਇਟਫ਼ਾਲ–ਸਾਯੰਕਾਲ, ਸੰਧਯਾ ਸਮਯ, ਤਿਰਕਾਲਾਂ, ਸੰਝ ।

Nightfire, *n.* ਨਾਇਟਫ਼ਾਇਰ–ਪਿਸ਼ਾਚ ਦੀ-ਪਕਾ, ਝੂਠੀ ਅੱਗ, ਓਹ ਅੱਗ ਜੋ ਰਾਤ ਵੇਲੇ ਦਿਸਦੀ ਹੈ ਤੇ ਲੋਗ ਉਸਨੂੰ ਭੂਤ ਆਖਦੇ ਹਨ।

Nightingale, *n.* ਨਾਇਟਿੰਗੇਲ—ਬੁਲਬੁਲ, ਕੋਇਲ, ਕੋਕਲ ।

Nightly, *adv.* ਨਾਇਟਲੀ–ਹਰ ਰਾਤ; ਰਾਤ ਨੂੰ, ਰਾਤ ਵੇਲੇ, ਰਾਤੋ ਰਾਤ, ਸ਼ਬੀਨਾ ।

Nigrescent, *a.* ਨੀਗਰੈਸੈਂਟ–ਜੋ ਕਾਲਾ ਹੁੰਦਾ ਜਾਂਦਾ ।

Nihil, *adv.* ਨੀਹਿਲ–ਕੁਝ ਨਹੀਂ, ਨਹੀਂ ।

Nihility, *n.* ਨੀਹੀਲਿਟੀ–ਸੁੰਨਤਾ, ਨਾਸ਼ ।

Nil, *n.* ਨਿਲ–ਨਾਹੀਂ ।

Nill, *v. t.* ਨਿੱਲ—ਨਾ ਚਾਹੁਨਾ, ਅਸਵੀਕਾਰ ਕ॰, ਇੰਕਾਰ ਕ॰; *n.* ਓਹ ਚੰਗਾੜੀਆਂ ਜੋ ਭੱਠੀ ਦੇ ਪਿੱਤਲ ਵਿੱਚੋਂ ਨਿਕਲਨ ।

Nimble, *a.* ਨਿੰਬਲ–ਚਪਲ, ਫੁਰਤੀਲਾ, ਚੁਸਤ।

Nincompoop, *n.* ਨਿਨਕਮਪੂਪ–ਮੂੜ੍ਹ, ਮੂਰਖ, ਘੁੱਘੂ, ਜੜ ।

Nine, *a.* ਨਾਇਨ–ਨੌਂ (੯), ਅੱਠ ਅਤੇ ਇਕ ।

Ninefold, *a.* ਨਾਇਨਫ਼ੋਲਡ–ਨੌਂ ਗੁਣਾ ।

Nineteen, *a.* ਨਾਇਨਟੀਨ—ਉੱਨੀ (੧੯), ਉੱਨੀਸ, ਦਸ ਅਤੇ ਨੌਂ ।

Nineteenth, *a.* ਨਾਇਨਟੀਂਥ–ਉੱਨੀਵਾਂ ।

Ninetieth, *a.* ਨਾਇਟੀਐਥ–ਨੱਬੇਵਾਂ ।

Ninety, *a.* ਨਾਇਨਟੀ–ਨੱਬੇ (੯੦), ਨੱਵੇ, ਅੱਸੀ ਅਤੇ ਦਸ, ਪੰਜਾਹ ਅਤੇ ਚਾਲੀ ।

Ninny, *a.* ਨਿੱਨੀ—ਮੂਰਖ, ਬੇਵਕੂਫ਼, ਉਜੱਡ, ਮੋਟੀ ਬੁੱਧ ਵਾਲਾ ।

Ninth, *a.* ਨਾਇੰਥ–ਨੌਵਾਂ ।

Nip, *v. t.* ਨਿਪ–ਨੋਚਨਾ, ਮਾਰਨਾ, ਚੁਟਕੀ ਲੈਨੀ, ਛਾਂਟਨਾ; *n.* ਚੁਟਕੀ, ਨੋਚ, ਕਾਟ ।

Nipper, *n.* ਨਿੱਪਰ—ਘੋੜੇ ਦੇ ਅਗਲੇ ਦੰਦ; ਖੀਸੇਕੱਟ, ਜੇਬ ਕਤਰਾ ।

Nippers, *n* ਨਿੱਪਰਜ਼–ਮੋਚਨਾ ।

Nipple, *n.* ਨਿੱਪਲ–ਥਨ, ਥੰਮਾ, ਚੂਚੀ ।

Nit, *n.* ਨਿਟ–ਲੀਖ, ਜੂੰ ਦਾ ਆਂਡਾ ।

Nitre, *n.* ਨਿਟਰ–ਸ਼ੋਰਾ ।

Nitric, *a.* ਨਿਟਰਿਕ–ਸ਼ੋਰੇ ਦਾ, ਸ਼ੋਰੇ ਜੇਹਾ ।

Nitrify, *v. t.* ਨਿਟਰੀਫ਼ਾਈ–ਸ਼ੋਰਾ ਬਨਾਉਣਾ।

Nitrogen, *n.* ਨਾਇਟਰੋਜਨ–ਅਧਾਨ ਵਾਯੂ, ਓਹ ਪਦਾਰਥ ਜਿਸ ਥੀਂ ਸ਼ੋਰਾ ਉਤਪੰਨ ਹੁੰਦਾ ਹੈ।

Nitty, *a.* ਨਿੱਟੀ–ਲੀਖਾਂ ਨਾਲ ਭਰਿਆ ਹੋਯਾ।

Niveous, *a.* ਨੀਵੀਅਸ–ਬਰਫ਼ ਜੇਹਾ, ਬਰਫ਼ ਦਾ, ਬਰਫ਼ ਵਰਗਾ।

No, *adv.* ਨੋ–ਨਹੀਂ, ਨਾ; *n.* ਨਹੀਂ; *a.* ਕੋਈ ਨਹੀਂ।

Nobility, *n.* ਨੋਬੀਲਿਟੀ—ਕੁਲੋਤਕ੍ਰਿਸ਼ਟਤਾ, ਅਸ਼ਰਾਫ਼ਤ, ਭਲਮਾਨਸਾਈ, ਕੁਲੀਨਤਾ।

Noble, *a.* ਨੋਬਲ–ਕੁਲੀਨ, ਮਹਾਂ, ਵੱਡਾ; ਸ਼੍ਰੀਮਾਨ

Noblemen, *n.* ਨੋਬਲਮੈਨ–ਕੁਲੀਨ ਜਨ, ਭਲਾਮਾਨਸ, ਮਹਾਸ਼ਯ, ਅਸ਼ਰਾਫ਼, ਅਮੀਰ।

Nobles, *n, pl.* ਨੋਬਲਜ਼—ਭਲੇਮਾਨਸ, ਰਾਜ ਅਧਿਕਾਰੀ, ਉਮਰਾ, ਸ਼ੁਰਫ਼ਾ।

Noblowomen, *n.* ਨੋਬਲਵੋਮੈਨ–ਕੁਲੀਨ ਇਸਤ੍ਰੀ।

Nobody, *a.* ਨੋਬੌਡੀ–ਕੋਈ ਨਹੀਂ, ਨਾ ਕੋਈ।

Nocent, *a.* ਨੋਸੈਂਟ–ਦੁਖਦਾਈ, ਤਕਲੀਫ਼ ਦੇਹ।

Noctuary, *n.* ਨੌਕਟੂਅਰੀ–ਰਾਤ ਦਾ ਬਿਰਤਾਂਤ ਯਾ ਵਰਨਨ।

Nocturnal, *a,* ਨੌਕਟਰਨਲ–ਰਾਤ ਦਾ, ਸ਼ਬਾਨਾ

Nod, *v. i.* ਨੌਡ–ਝੁਕਣਾ, ਮਸਤਕ ਨਿਵਾਉਣਾ, ਪਰਨਾਮ ਕਰਨਾ; ਝੂਟੇ ਲੈਣਾ, ਊਂਘਣਾ; *n.* ਪਰਨਾਮ, ਨਮਸਕਾਰ, ਆਦੇਸ਼, ਆਗਯਾ।

Noddle, *n.* ਨੌਡਲ–ਸਿਰ, ਖੋਪਰੀ, ਮੁੰਡੀ।

Noddy, *a.* ਨੌਡੀ–ਸਡ਼੍ਹ, ਮੂਰਖ; ਤਾਸ਼ ਦੀ ਇਕ ਖੇਡ; ਇਕ ਸਮੁੰਦਰੀ ਪੰਛੀ।

Node, *n.* ਨੋਡ—ਗਾਂਠ, ਗਿਲਟੀ, ਗੰਡ; ਰਾਹੂ ਕੇਤੂ ਗ੍ਰਹ।

Nodose, *a.* ਨੋਡੋਜ਼–ਗਟੀਲਾ, ਗੰਡਦਾਰ।

Nodule, *n.* ਨੋਡੂਲ–ਗੋਲੀ, ਡਲੀ, ਗੰਡ, ਗਿਰਹ

Noetic, Noetical, *a.* ਨੋਇਟਿਕ, ਨੋਇਟੀਕਲ—ਬੁੱਧੀ ਵਿਸ਼ਯਕ, ਬੁੱਧੀ ਸੰਬੰਧੀ।

Nog, Noggin, *n.* ਨੌਗ, ਨੌਗਿਨ–ਪਿਆਲੀ ਯਾ ਕਟੋਰੀ; ਚੌਖਟ ਦਾ ਪੈਰਾ।

Noise, *n.* ਨੋਇਸ–ਹੁਲੜ, ਕੋਲਾਹਲ, ਰੌਲਾ, ਸ਼ੋਰ, ਮਹਾਂ ਧਵਨੀ, ਹੂ ਹਾ, ਚਰਚਾ, ਧੂਮ; *v. t.* ਹੂ ਹਾ ਕ੦, ਰੌਲਾ ਪਾਉਣਾ।

Noisome, *a.* ਨੋਈਸਮ–ਦੁਖਦਾਈ, ਰੋਗਕਾਰਕ; ਬਦਬੂਦਾਰ।

Noisy, *a.* ਨੋਇਜ਼ੀ–ਕੋਲਾਹਲਕਾਰੀ, ਮਹਾਂ ਸ਼ਬਦੀ, ਰੌਲੇ ਵਾਲਾ, ਪੁਰ ਸ਼ੋਰ।

Nolens, Volens, *adv.* ਨੋਲੈਨਜ਼, ਵੋਲੈਨਜ਼–ਖ਼ਾਹਮਖ਼ਾਹ, ਨਾਹਕ, ਐਵੇਂ, ਹਕ ਨਾਹਕ।

Nomad, *n.* ਨੋਮਡ—ਵੰਜਾਰਾ, ਓਹ ਜਨ ਜੋ ਘਰ ਨਾਲ ਲਈ ਫਿਰਦਾ ਹੈ, ਪੱਖੀਵਾਲ।

Nome, *n.* ਨੋਮ–ਸੂਬਾ, ਮੰਡਲ, ਖੰਡ; ਰਾਗ ਦਾ ਇੱਕ ਸੁਰ।

Nomenclator, *n.* ਨੋਮਨਕਲੇਟਰ–ਨਾਮ ਅਸਥਾਪਕ, ਨਾਉਂ ਰੱਖਣ ਵਾਲਾ, ਨਾਮ ਧਰਤਾ।

Nomenclature, *n.* ਨੋਮਨਕਲੇਚੂਰ–ਸ਼ਬਦ ਕੋਸ਼, ਨਿਘੰਟੂ, ਨਾਂਓ ਮਾਲਾ, ਫ਼ਰਹੰਗ।

Nomial, *n.* ਨੋਮੀਅਲ–ਮਿਕਦਾਰ।

Nominal, *a.* ਨੌਮੀਨਲ–ਨਾਉਂ ਲਈ, ਨਾਮ ਮਾਤ੍ਰ, ਬਰਾਏ ਨਾਮ; ਕਲਪਿਤ, ਫ਼ਰਜ਼ੀ।

Nominally, *adv.* ਨੌਮੀਨਲੀ–ਨਾਉਂ ਚਾਰ ਨੂੰ, ਕੇਵਲ ਨਾਉਂ ਲਈ।

Nominate, *v. t.* ਨੌਮੀਨੇਟ–ਨਾਉਂ ਲੈਣਾ, ਨਾਉਂ ਰੱਖਣਾ, ਠਹਰਾਉਣਾ, ਨੀਯਤ ਕ੦।

Nomination, *n.* ਨੌਮੀਨੇਸ਼ਨ–ਨਯੋਗ, ਨਯੋਜਨ, ਨਿੱਯਤ ਕਰਨ ਦੀ ਹਾਲਤ, ਨਾਮ ਦਹੀ।

Nominative, *a.* ਨੌਮੀਨੇਟਿਵ–ਨਯੋਗ ਕਰਤਾ, ਨਿੱਯਤ ਕਰਨ ਵਾਲਾ, ਪ੍ਰਥਮ ਕਾਰਕ।

Nominee, *n.* ਨੌਮੀਨੀ–ਜੋ ਨਿਯਤ ਕੀਤਾ ਜਾਵੇ, ਨਿਯੋਜਿਤ, ਨਾਂਓ ਲੀਤਾ ਗਿਆ।

Non, *adv.* ਨਨ–ਨਾਂ, ਨਹੀਂ।

Nonage, *n.* ਨੋਨੇਜ—ਲੜਕਪਨ, ਬਾਲਕਪਨ, ਨਾਬਾਲਗੀ, ਬਾਲ ਅਵਸਥਾ, ਕਮਉਮਰੀ।

Nonce, *n.* ਨੌਂਸ–ਸਮਾਜ, ਮੌਕਾ, ਵੇਲਾ।

Nonconformity, *n.* ਨਨਕਨਫ਼ੌਰਮਿਟੀ—ਅਨੁਰੋਧ, ਅਮੇਲ, ਵਿਰੋਧ, ਇਖ਼ਤਿਲਾਫ਼।

Nondescript, *a.* ਨਨਡਿਸਕਰਿਪਟ–ਅਵਰਨਿਤ, ਜਿਸਦਾ ਕਥਨ ਲਿਖਤ ਵਿੱਚ ਨਾ ਆਯਾ ਹੋਵੇ।

None, *a.* ਨਨ—ਨਿਰਜਨ, ਕੋਈ ਨਹੀਂ, ਕੁਛ ਨਹੀਂ, ਕੁਝ ਨਹੀਂ।

Nonentity, *n.* ਨੌਨੈਨਟਿਟੀ-ਅਭਾਵ, ਨਾਸਤੀ, ਅਪਦਾਰਥ; ਨਾ ਹੋਨਾ ।

Nones, *n. pl.* ਨਨਜ਼-ਮਾਰਚ, ਮਈ, ਜੁਲਾਈ ਤੇ ਅਕਤੂਬਰ ਮਹੀਨਿਆਂ ਦੀ ਸਤਵੀਂ ਤਾਰੀਖ ਅਤੇ ਬਾਕੀ ਮਹੀਨਿਆਂ ਦੀ ਪੰਜਵੀਂ ਤਾਰੀਖ ।

Nonpareil, *n.* ਨੌਨਪੈਰਿਲ-ਇਕ ਪਰਕਾਰ ਦਾ ਮੇਓ; ਇਕ ਪਰਕਾਰ ਦੇ ਛਾਪੇ ਦੇ ਅੱਖਰ; *a.* ਅਤੁਲਜ, ਜਿਸਦੇ ਸਮਾਨ ਕੋਈ ਨਾ ਹੋਵੇ ।

Nonplus, *n.* ਨਨਪਲਸ-ਹੈਰਾਨੀ, ਅਸਚਰਜਤਾ, ਜ਼ਿੱਚੀ; *v. t.* ਜ਼ਿੱਚ ਕ०, ਮਾਤ ਕ०, ਹੈਰਾਨ ਕ०, ਹਰਾਉਨਾ, ਥਕਾਉਨਾ ।

Nonsence, *n.* ਨੌਨਸੈਂਸ-ਬਕਵਾਦ, ਬਕਵਾਸ, ਜ਼ਟੱਲ, ਨਿਰਅਰਥਕ, ਗਲਤ ਯਾ ਤੁਛ ਗੱਲਾਂ ।

Nonsuit, *n.* ਨਨਸੂਟ-ਕਿਸੇ ਨੁਕਸ ਹੋਨ ਕਰਕੇ ਦਾਵੇ ਦੀ ਨਾ ਮਨਜ਼ੂਰੀ ।

Nook, *n.* ਨੁਕ-ਤੰਗ ਥਾਂ, ਕੋਨਾ, ਨੁੱਕਰ ।

Noon, Noonday, Noontide, *n.* ਨੂਨ, ਨੂਨਡੇ, ਨੂਨਟਾਇਡ-ਦੋਪਹਰ, ਮਧਜਾਨ, ਦਿਨ ਦੇ ਬਾਰਾਂ ਵਜੇ ।

Nooning, *n.* ਨੂਨਿੰਗ-ਦੋਪਹਰ ਦਾ ਜਲਪਾਨ, ਦੋਪਹਰ ਦਾ ਆਰਾਮ ।

Noose, *n.* ਨੂਜ਼-ਫਾਂਸੀ, ਕਮੰਦ, ਫੰਦਾ; *v. t.* ਫਸਾਉਨਾ, ਫੰਦੇ ਵਿੱਚ ਪਾਉਨਾ, ਫਾਂਸਨਾ ।

Nor, *conj.* ਨੌਰ-ਨਾ, ਹੋਰ ਨਾ, ਬੱਸ ।

Noria, *n.* ਨੋਰੀਆ-ਪਾਨੀ ਖਿੱਚਨ ਦੀ ਕਲ ।

Norm, *n.* ਨੌਰਮ-ਨਮੂਨਾ, ਡੌਲ, ਨਿਯਮ ।

Normal, *a.* ਨੌਰਮਲ—ਯਥਾ ਵਿਧੀ, ਠੀਕ, ਬਾਕਾਇਦਾ, ਨਿਯਮ ਅਨੁਸਾਰ ।

Norman, *n.* ਨੌਰਮਨ-ਨਾਰਮੰਡੀ ਦੇਸ਼ ਦਾ ਵਸਨੀਕ; ਜਹਾਜ਼ ਦੇ ਰੱਸੇ ਦਾ ਖੁੰਟਾ ।

North, *n.* ਨੌਰਥ-ਉੱਤਰ ਦਿਸ਼ਾ, ਸ਼ੁਮਾਲ; *a.* ਉਤਰਾਯਨ, ਉੱਤਰ ਦਾ, ਸ਼ੁਮਾਲੀ ।

Northeast, *n.* ਨੌਰਥਈਸਟ-ਉੱਤਰ ਪੂਰਬ ਕੋਨ, ਈਸ਼ਾਨ; *a.* ਉੱਤਰ ਪੂਰਬ ਦਾ ।

Northerly, Northern, *a.* ਨੌਰਥਰਲੀ, ਨੌਰਥਰਨ-ਉੱਤਰ ਵੱਲ, ਉੱਤਰ ਦਾ, ਉੱਤਰ ਥੀਂ, ਪਹਾੜ ਵੱਲੋਂ ।

Northstar, *n.* ਨੌਰਥਸਟਾਰ-ਧਰੂਹ ਤਾਰਾ ।

Northward, *adv.* ਨੌਰਥਵਰਡ-ਉੱਤਰ ਨੂੰ, ਉੱਤਰ ਵੱਲ, ਸ਼ੁਮਾਲ ਦੀ ਤਰਫ਼ ।

Northwest, *n.* ਨੌਰਥਵੈਸਟ--ਵਾਯੂ ਕੋਨ, ਉੱਤਰ ਪੱਛਮ ਦਾ ਕੋਨ; ਭੰਡਾਰ ।

Norwegian, *n.* ਨੌਰਵੇਜੀਅਨ-ਨਾਰਵੇ ਦੇਸ਼ ਦਾ ਵਸਨੀਕ, *a.* ਨਾਰਵੇ ਦੇਸ਼ ਸੰਬੰਧੀ ।

Nose, *n.* ਨੋਜ਼-ਨੱਕ, ਨਾਕ, ਨਾਸਕਾ; ਵਾਸਨਾ; *v. t.* ਸੁੰਘਨਾ, ਵਾਸਨਾ ਲੈਨੀ; ਸਾਮਨਾ ਕ० ।

Nosed, Nosy, *a.* ਨੋਜ਼ਡ, ਨੋਜ਼ੀ-ਵੱਡੇ ਯਾ ਲੰਮੇ ਨੱਕ ਵਾਲਾ ।

Nosegay, *n.* ਨੋਜ਼ਗੇ-ਫੁੱਲਾਂ ਦਾ ਗੁੱਛਾ, ਗੁਲਦਸਤਾ ।

Noseless, *a.* ਨੋਜ਼ਲੈਸ-ਨਕਟਾ, ਬਿਨ ਨਕ ।

Nosology, *n.* ਨੋਜ਼ੋਲੋਜੀ-ਰੋਗ ਜਾਂਚ ਵਿਦਯਾ ।

Nostril, *n.* ਨੌਸਟਰਿਲ-ਨਥਨਾ, ਨੱਕ ਦਾ ਛੇਕ ।

Nostrum, *n.* ਨੌਸਟਰਮ—ਲਟਕਾ, ਚੁਟਕਲਾ, ਓਹ ਦੁਆ ਜਿਸਨੂੰ ਜਾਨਣ ਵਾਲਾ ਲੁਕਾਕੇ ਰੱਖੇ ।

Not, *adv.* ਨੌਟ-ਨਹੀਂ, ਨਾ ।

Nota-Bene, N. B., *Int.* ਨੋਟਾਬੀਨੀ-ਦੇਖੋ, ਧਿਆਨ ਰੱਖੋ, ਸੂਚਨਾ ਦਾ ਚਿੰਨ੍ਹ ।

Notable, *a.* ਨੋਟੇਬਲ-ਪਰਸਿੱਧ, ਉਤਕ੍ਰਿਸ਼ਟ, ਲਿਖਨ ਜੋਗ; ਹੁਸ਼ਿਆਰ, ਮੇਹਨਤੀ; *n.* ਅਪੂਰਵ ਯਾ ਉਤਕ੍ਰਿਸ਼ਟ ਪਦਾਰਥ; ਪਰਤਿਸ਼ਟਤ ਜਨ, ਨਾਮੀ, ਮਸ਼ਹੂਰ ਆਦਮੀ ।

Notary, *n.* ਨੋਟਰੀ-ਇੱਕ ਅਫ਼ਸਰ ਜੋ ਹੁੰਡੀ ਆਦਿ ਪਤਰ ਨੂੰ ਦੇਖਕੇ ਦੇਂਦਾ ਹੈ ।

Notation, *n.* ਨੋਟੇਸ਼ਨ-ਲੇਖਨ, ਚਿੰਨ੍ਹਕਾਰੀ ।

Notch, *n.* ਨੌਚ-ਖੋਂਚਾ, ਦੰਦਾਨਾ; ਘਾਟੀ, ਦਰਾ; *v. t.* ਦੰਦਾਨਾ ਪਾਉਨਾ ।

Note, *n.* ਨੋਟ—ਚਿੰਨ੍ਹ ਅੰਕ, ਲੱਛਨ; ਟੀਕਾ, ਵਿਆਖਯਾ, ਟਿਪਣੀ; ਸੋਚ, ਯਾਦ ਰੱਖਨ ਲਈ ਲੇਖ; ਚਿਠੀ, ਪੱਤਰ; ਸੰਗੀਤ ਵਿਦਯਾ ਸੰਬੰਧੀ ਚਿੰਨ੍ਹ, ਸਵਰ; *v. t.* ਚਿੰਨ੍ਹ ਯਾ ਅੰਕ ਕ०; ਧਿਆਨ ਦੇਨਾ, ਵੇਖਨਾ, ਸੋਚਨਾ, ਵਿਚਾਰਨਾ; ਲਿਖ ਲੈਨਾ, ਦਰਜ ਕ०, ਟਾਂਕ ਲੈਨਾ ।

Nothing, *n.* ਨਥਿੰਗ-ਕੁਝ ਨਹੀਂ, ਅਭਾਵ, ਤੁੱਛ ਗੱਲ; *a.* ਤੁੱਛ; ਕੁਝ ਨਹੀਂ ।

Nothingness, *n.* ਨਥਿੰਗਨੈਸ-ਅਭਾਵ, ਸੁੰਨਜਤਾ ।

Notice, *n.* ਨੋਟਿਸ-ਵਿਗਯਾਪਨ, ਇਸ਼ਤਿਹਾਰ, ਸਮਾਚਾਰ; ਵਿਚਾਰ, ਧਿਆਨ; ਇਤਲਾਹ; *v.t.* ਧਿਆਨ ਦੇਨਾ, ਵਿਚਾਰਨਾ; ਮੰਨਣਾ ।

Notification, *n.* ਨੋਟੀਫ਼ੀਕੇਸ਼ਨ-ਵਿਗਿਆਪਨ।

Notify, *v. t.* ਨੋਟੀਫ਼ਾਈ-ਬਤਾਉਣਾ, ਪਰਕਾਸ਼ ਕ०, ਜ਼ਾਹਿਰ ਕ०, ਖ਼ਬਰ ਦੇਣੀ।

Notion, *n.* ਨੋਸ਼ਨ-ਮਨ ਕਲਪਨਾ, ਭਾਵਨਾ, ਵਾਸਨਾ, ਸੰਕਲਪ, ਬੋਧ, ਖ਼ਿਯਾਲ, ਮੱਤ; ਰਾਯ।

Notional, *a.* ਨੋਸ਼ਨਲ—ਵਿਚਾਰਵਾਨ, ਖ਼ਿਯਾਲੀ ਕਲਪਿਤ, ਖ਼ਿਆਲੀ, ਵਹਮੀ।

Notoriety, Notoriousness, *n.* ਨੋਟੋਰਾਇਟੀ, ਨੋਟੋਰੀਅਸਨੈਸ—ਕੁਰੀਰਤੀ, ਪਰਸਿੱਧੀ, ਬਦਨਾਮੀ, ਸ਼ੋਹਰਤ।

Notorious, *a.* ਨੋਟੋਰੀਅਸ—ਨੰਗੂ, ਪਰਤੱਖ, ਲੋਕ ਪਰਸਿਧ, ਵਿਖਯਾਤ, ਬਦਨਾਮ।

Notwithstanding, *adv.* ਨੋਟਵਿਦਸਟੈਂਡਿੰਗ—ਤਥਾਪੀ, ਤਦਪਿ, ਪਰੰਤੂ, ਤਿਸ ਉੱਤੇ ਭੀ, ਬਾਵਜੂਦੇਕਿ; *prep.* ਇਸਦੇ ਵਿਰੁੱਧ, ਬਰਖ਼ਿਲਾਫ਼ ਇਸਦੇ, ਇਸਦੇ ਉਲਟ।

Noun, *n.* ਨੌਨ—ਸੰਗਯਾ, ਪਦਾਰਥ ਵਾਚਕ ਸ਼ਬਦ, ਇਸਮ।

Nourish, *v. t.* ਨਰਿਸ਼-ਪਾਲਨਾ, ਪੋਸਨਾ ਪਰਵਰਿਸ਼ ਕ०; ਸਹਾਰਾ ਦੇਣਾ, ਢਾਰਸ ਦੇਣਾ, ਭਰੋਸਾ ਦੇਣਾ, ਬਲ ਵਧਾਉਣਾ; ਸਿੱਖਯਾ ਦੇਣੀ, ਸਿਖਾਉਣਾ, ਪੜ੍ਹਾਉਣਾ।

Nourishable, *a.* ਨਰਿਸ਼ੇਬਲ-ਪਾਲਨ ਪੋਸ਼ਨ ਜਾਂ ਸਿੱਖਯਾ ਜੋਗ, ਪਰਵਰਿਸ਼ ਦੇ ਕਾਬਿਲ।

Nourisher, *n.* ਨਰਿਸ਼ਰ-ਪਰਤੀਪਾਲਕ, ਅੰਨ ਦਾਤਾ, ਪਾਲਕ, ਪਾਲਨਹਾਰ।

Nourishing, *a.* ਨਰਿਸ਼ਿੰਗ—ਬਲਦਾਇਕ, ਪੁਸ਼ਟੀਕਾਰਕ, ਮੁਕਵੀ।

Nourishment, *n.* ਨਰਿਸ਼ਮੈਂਟ—ਸਿੱਖਿਆ, ਉਪਦੇਸ਼; ਪਾਲਨ; ਭੋਜਨ, ਖ਼ੁਰਾਕ, ਅਹਾਰ।

Novel, *a.* ਨੋਵੇਲ-ਨਵੀਨ, ਨੂਤਨ, ਨਵਾਂ, ਨਯਾ; ਅਨੋਖਾ, ਅਨੂਠਾ, ਅਲੌਕਿਕ; *n.* ਕਲਪਿਤ ਕਥਾ, ਕਹਾਣੀ, ਨਾਵਲ, ਕਿੱਸਾ।

Novelist, *n.* ਨੋਵਲਿਸਟ-ਕਲਪਿਤ ਕਥਾ ਕਹਨ ਜਾਂ ਲਿਖਨ ਵਾਲਾ, ਨਾਵਲ ਨਵੀਸ।

Novelty, *n.* ਨੋਵਲਟੀ—ਨਵੀਂ ਜਾਂ ਅਨੋਖੀ ਚੀਜ਼, ਤੋਹਫ਼ਾ, ਨਵੀਨਤਾ, ਨਯਾਪਨ।

November, *n.* ਨੋਵੇਂਮਬਰ-ਅੰਗਰੇਜ਼ੀ ਸਾਲ ਦਾ ਯਾਰ੍ਹਵਾਂ ਮਹੀਨਾ, ਨਵੰਬਰ।

Novenary, *n.* ਨੋਵੇਨਰੀ-ਨੌਂ ਦਾ ਅੰਕ।

Novennial, *n.* ਨੋਵੇਨੀਅਲ—ਨੌਸਾਲਾ, ਨੌਆਂ ਵਰ੍ਹਿਆਂ ਦਾ, ਨੌਂ ਬਰਸਾ।

Novercal, *a.* ਨੋਵਰਕਲ-ਮਤੇਈ ਜਾਂ ਮਤਰੇਈ ਮਾਂ ਦਾ, ਸੌਤੀਲੀ ਮਾਂ ਦਾ।

Novice, *n.* ਨੋਵਿਸ-ਨਵਾਂ ਸ਼ਿਸ਼, ਨਵਾਂ ਚੇਲਾ, ਅਨਾੜੀ, ਕੱਚਾ, ਮੁਬਤਦੀ।

Novitiate, *n.* ਨੋਵੀਸ਼ੀਏਟ-ਸ਼ਾਗਿਰਦੀ, ਉਮੇਦਵਾਰੀ, ਨੌ ਆਮੋਜ਼ੀ।

Now, *adv.* ਨੌ-ਅਬ, ਅਭੀ, ਹੁਨ, ਇਸ ਵੇਲੇ, ਝਬਦੇ, ਛੇਤੀ; ਅਜਕਲ; *n.* ਪਰਸਤੁਤ ਕਾਲ, ਵਰਤਮਾਨ ਕਾਲ, ਹੁਨ ਦਾ ਵੇਲਾ।

Nowadays, *adv.* ਨੌਅਡੇਜ਼—ਅਜ ਕਲ, ਵਰਤਮਾਨ ਕਾਲ ਵਿਚ, ਇਹਨਾਂ ਦਿਨਾਂ ਵਿਚ।

Noway, Noways, *adv.* ਨੋਵੇ, ਨੋਵੇਜ਼—ਕਿਸੇ ਤਰਾਂ ਨਹੀਂ।

Nowhere, *adv.* ਨੋਵਹੇਅਰ-ਕਿਸੇ ਥਾਂ ਨਹੀਂ।

Nowise, *adv.* ਨੋਵਾਇਜ਼-ਕਦਾਪੀ ਨਹੀਂ, ਕਿਸੇ ਤਰਾਂ ਨਹੀਂ।

Noxious, *a.* ਨੋਕਸ਼ੀਅਸ-ਅਪਕਾਰਕ, ਦੁਖਦਾਈ, ਵਿਨਾਸ਼ਕ, ਹਿੰਸਾਲੂ, ਜ਼ੈਹਰੀਲਾ।

Nozzle, *n.* ਨੋਜ਼ਲ-ਨੱਕ, ਥੂਥਨੀ।

Nubile, *a.* ਨੂਬਾਇਲ—ਵਿਆਹੁਨ ਜੋਗ, ਵਰ ਦੇ ਲਾਇਕ, ਸ਼ਾਦੀ ਦੇ ਕਾਬਿਲ।

Nucleus, *n.* ਨੁਕਲੀਅਸ—ਬੀਜ; ਗੁੱਦਾ, ਗਿਰੀ, ਗੁਠਲੀ, ਗਿਟਕ, ਬੀਜ; ਬੋਦੀ ਵਾਲੇ ਜਾਂ ਦੁਮਦਾਰ ਤਾਰੇ ਦਾ ਸਿਰ।

Nude, *n.* ਨੂਡ-ਨੰਗਾ, ਬੇਪੜਦ, ਬਸਤਰ ਹੀਨ।

Nudity, *n.* ਨੂਡਿਟੀ-ਨੰਗਾਪਨ, ਬੇਪੜਦਗੀ।

Nugacity, *n.* ਨੁਗੇਸਿਟੀ-ਨਿਰਅਰਥਕ ਬੋਲ, ਬੇਹੂਦਾ ਕਲਾਮ, ਬਕਵਾਸ, ਬੇਹੂਦਾਗੋਈ।

Nugatory, *n.* ਨੁਗੇਟੋਰੀ—ਨਿਕੰਮਾ, ਤੁੱਛ; ਬੇਅਸਰ।

Nuisance, *n.* ਨੁਸੰਸ—ਹਾਨੀਕਾਰਕ ਚੀਜ਼, ਦੁਖਦਾਈ ਵਸਤੂ; ਅਫ਼ਨ ਵਾਲਾ।

Null, *a.* ਨਲ-ਝੂਠਾ, ਅਨੁਚਿਤ; *n.* ਨਿਸ਼ਫਲ ਜਾਂ ਨਿਰਅਰਥਕ ਵਸਤੂ।

Null, Nullify, *v. t.* ਨਲ, ਨਲੀਫ਼ਾਈ—

ਮਿਟਾ ਦੇਣਾ, ਨਿਸਫਲ ਕ०, ਝੂਠਾ ਕ०; ਨਾ-ਜਾਇਜ਼ ਠਹਰਾਉਣਾ; *n.* Nullity.

Numb, *a.* ਨੰਬ—ਸੁੰਨ, ਸੁਸਤ, ਠਿਠਰਿਆ ਹੋਇਆ; *v. t.* ਸੁੰਨ ਜਾਂ ਬੇਹਿਸ ਕ० ।

Number, *n.* ਨੰਬਰ-ਸੰਖਯਾ, ਅੰਕ, ਗਿਣਤੀ; ਰਾਸ਼ੀ; ਬਚਨ; *pl.* ਕਵਿਤਾ, ਪਦ, ਛੰਦ; *v. t.* ਗਿਣਨਾ, ਅੰਕਣਾ, ਅੰਕ ਲਾਉਣਾ; *v. i.* ਹੋਣਾ, ਚੜ੍ਹਨਾ ।

Numberless, *a.* ਨੰਬਰਲੈਸ—ਅਣਗਿਣਤ, ਜਿਨਾਂ ਦੀ ਗਿਣਤੀ ਨਾ ਹੋ ਸੱਕੇ, ਬੇਸ਼ੁਮਾਰ ।

Numbles, *n. pl.* ਨੰਬਲਜ਼-ਹਿਰਣ ਦੀਆਂ ਆਂਦਰਾਂ ।

Numeral, *a.* ਨੂਮਰਲ—ਸੰਖਯਾ ਵਾਚਕ ਗਿਣਤੀ ਦਾ; *n.* ਅੰਕ, ਸੰਖਯਾ ਚਿੰਨ੍ਹ ।

Numerate, *v. t.* ਨੂਮਰੇਟ-ਗਿਣਨਾ, ਲੇਖਾ ਜਾਂ ਹਿਸਾਬ ਕ० ।

Numeration, *n.* ਨੂਮਰੇਸ਼ਨ-ਗਿਣਤੀ, ਸ਼ੁਮਾਰ; ਗਣਿਤ ਵਿੱਦਯਾ, ਇਲਮੇ ਹਿਸਾਬ ।

Numerator, *n.* ਨੂਮਰੇਟਰ-ਗਣਿਕ, ਹਿਸਾਬ ਕਰਨ ਵਾਲਾ; ਅੰਸ਼ ਭਾਜਕ ਯਾ ਭਾਗ ।

Numerical, *a.* ਨੂਮੈਰੀਕਲ-ਹਿੰਦਸਿਆਂ ਵਿਚ, ਸੰਖਯਾ ਵਾਚਕ ।

Numerically, *adv.* ਨੂਮੈਰੀਕਲੀ—ਹਿੰਦ-ਸਿਆਂ ਦੇ ਹਿਸਾਬ ਨਾਲ ।

Numerous, *a.* ਨੂਮਰੱਸ-ਬਹੁਤ, ਅਨੇਕ ।

Numismatics, *n.* ਨੂਮਿਸਮੈਟਿਕਸ-ਮੁਦਰਾ ਵਿੱਦਯਾ, ਸਿੱਕੇ ਤੇ ਤਮਗ਼ਿਆਂ ਦਾ ਇਲਮ ।

Nun, *n.* ਨਨ—ਸੰਨਯਾਸਿਨ, ਮਠ ਨਿਵਾਸਨੀ, ਤਪੱਸਵਨੀ, ਗੋਸ਼ਾਨਸ਼ੀਨ ਤ੍ਰੀਮਤ ।

Nuncio, *n.* ਨਨਸ਼ੀਓ-ਦੂਤ, ਸੰਦੇਸਾ ਲੈ ਜਾਣ ਵਾਲਾ; ਰੋਮ ਦੇ ਪਾਦਰੀ ਦਾ ਦੂਤ ।

Nuncupative *a.* ਨਨਕੁਪੇਟਿਵ-ਨਾਉਂ ਨੂੰ, ਨਾਮ ਮਾਤਰ, ਬਰਾਏ ਨਾਮ ।

Nundination, *n.* ਨਨਡੀਨੇਸ਼ਨ-ਮੇਲੇ ਪੁਰ ਬਿਓਪਾਰ, ਮੰਡੀ ਜਾਂ ਲੈਣ ਦੇਣ ।

Nunnery, *n.* ਨਨਰੀ-ਤਪਸਣੀਆਂ ਦੇ ਰਹਣ ਦੀ ਥਾਂ ਜਾਂ ਮਕਾਨ, ਬੈਰਾਗਣਾਂ ਦੀ ਮੰਡਲੀ ।

Nuptial, *a.* ਨਪਸ਼ੀਅਲ-ਵਿਆਹ ਸੰਬੰਧੀ, ਸ਼ਾਦੀ ਦਾ, ਵਿਆਹੁ, ਨਿਕਾਹੀ ।

Nuptials, *n.* ਨਪਸ਼ੀਅਲਸ-ਵਿਆਹ ਕਰਮ, ਪਾਣੀ ਗ੍ਰਹਣ, ਰਸੂਮ ਸ਼ਾਦੀ ।

Nurse, *v. t.* ਨਰਸ-ਪੋਸ਼ਣ ਕ०, ਪਾਲਣਾ, ਖੁਲਾਉਣਾ ਪਿਲਾਉਣਾ; ਰੋਗੀ ਦੀ ਸੇਵਾ ਕ०; ਪੁਸ਼ਟ ਕ०; *n.* ਦਾਈ, ਉਪਮਾਤਾ, ਰੋਗੀ ਦੇ ਪਾਲਨ ਪੋਸ਼ਨ ਜਾਂ ਖ਼ਬਰ ਰੱਖਣ ਵਾਲੀ ।

Nursery, *n.* ਨਰਸਰੀ-ਪੋਸ਼ਣ ਸਥਾਨ, ਦੁੱਧ ਪੀਣ ਵਾਲੇ ਬਾਲਕਾਂ ਦੀ ਥਾਂ, ਦਾਈ ਘਰ; ਪੌਦਿਆਂ ਦੀ ਥਾਂ ਜਾਂ ਝੁੰਡ; ਸੰਦਾਰਣ ਦੀ ਥਾਂ ।

Nursling, *n.* ਨਰਸਲਿੰਗ-ਦੁੱਧ ਪੀਣ ਵਾਲਾ ਬਾਲਕ ਜਾਂ ਬੱਚਾ ।

Nurture, *n.* ਨਰਚਰ-ਆਹਾਰ, ਭੋਜਨ, ਖ਼ੁਰਾਕ, ਸਿੱਖਯਾ, ਪਾਲਨ, ਉਪਦੇਸ਼; *v. t.* ਪੋਸ਼ਣ ਕ०, ਪਰਤੀਪਾਲਨ ਕ०; ਸਿਖਾਉਣਾ, ਪੜ੍ਹਾਉਣਾ ।

Nut, *n.* ਨਟ—ਸੁਪਾਰੀ ਆਦਿ ਫਲ, ਡੋਡਾ, ਢਿਬਰੀ, ਦੰਦਾਂ ਵਾਲਾ ਛੋਟਾ ਵੇਲਣਾ ।

Nutation, *n.* ਨੂਟੇਸ਼ਨ-ਭੂਮੀ ਧੁਰਾ ਚਾਲ ।

Nutmeg, *n.* ਨਟਮੈਗ-ਜਾਫਲ ।

Nutrient, *a.* ਨਟਰੀਐਂਟ-ਪੁਸ਼ਟ ।

Nutriment, *n.* ਨਟਰੀਮੈਂਟ-ਆਹਾਰ, ਭੋਜਨ, ਖ਼ੁਰਾਕ, ਖਾਣਾ, ਗਿਜ਼ਾ ।

Nutrition, *n.* ਨਟਰੀਸ਼ਨ—ਪਾਲਨ, ਪੋਸ਼ਨ, ਪੁਸ਼ਟੀ; ਖਾਣਾ, ਆਹਾਰ, ਗ਼ਜ਼ਾ ਜਾਂ ਭੋਜਨ ਦਾ ਪਚ ਜਾਣਾ ।

Nutritious, *a.* ਨਟਰੀਸ਼ਸ-ਪੁਸ਼ਟੀ ਕਾਰਕ, ਬਲ ਵਰਧਕ, ਮੁਕੱਵੀ ।

Nutritive, *a.* ਨਟਰੀਟਿਵ—ਪੁਸ਼ਟੀ ਜਨਕ, ਬਲ ਅਧਿਕ ਕਰਨ ਵਾਲਾ, ਭੋਜਨ ਪਚਾਉਣ ਵਾਲਾ ।

Nux-Vomica, *n.* ਨਕਸਵੌਮੀਕਾ-ਕੁਚਲਾ ।

Nuzzle, *v. t.* ਨੱਜ਼ਲ—ਪੋਸ਼ਣ ਕ०; ਔਂਸਲਾ ਜਾਂ ਆਲ੍ਹਣਾ ਬਣਾਉਣਾ; *v. i.* ਸੁੰਘਣਾ, ਨੱਕ ਲਗਾਉਣਾ; ਮੂੰਹ ਢੱਕਣਾ, ਸਿਰ ਝੁਕਾਉਣਾ ।

Nyctalopy, *n.* ਨਿਕਟਾਲੋਪੀ-ਰਤੌਂਦਾ, ਉਹ ਰੋਗ ਜਿਸ ਵਿਚ ਬਹੁਤ ਚਾਨਣਾ ਚੰਗਾ ਨਾ ਲੱਗੇ।

Nymph, *n.* ਨਿੰਫ—ਪਰਬਤ, ਬਨ ਜਾਂ ਜਲ ਦੇਵੀ, ਸੁੰਦਰੀ, ਕੁਲੰਗਨਾ, ਆਰਯਾ, ਸਤ-ਕੁਲੀਨਾ, ਅਪੱਛਰਾ, ਜਨਮ, ਮਹਬੂਬ ।

੦.

O, *Int.* ਓ—ਓਹ, ਹਾ, ਹਾਏ, ਹੇ; ਹੇ ਜੀ, ਅਜੀ, ਅਰੇ, ਹੇ, ਹੋ, ਓਏ; *n.* ਚੱਕ੍ਰ, ਘੇਰਾ, ਮੰਡਲ, ਦੌਰ।

Oaf, *n.* ਓਫ਼—ਜੜ੍ਹ, ਮੂਰਖ, ਊਤ, ਅਹਮਕ, ਗਧਾ, ਬੇਵਕੂਫ਼।

Oak, *n*, ਓਕ—ਫਘੂਰ, ਬਲੂਤ; ਸੀਤਾ ਸੁਪਾਰੀ।

Oakapple, *n.* ਓਕਐਪਲ—ਮਾਜੂ ਫਲ।

Oaken, *a.* ਓਕਨ—ਬਲੂਤੀ, ਬਲੂਤ ਦਾ ਬਣਿਆ ਹੋਇਆ, ਬਲੂਤ ਸੰਬੰਧੀ।

Oakum, *n.* ਓਕਮ—ਗਾਹਣੀ, ਪੁਰਾਣੇ ਰੱਸਿਆਂ ਦਾ ਪਟੂਆ ਜਾ ਸਣ।

Oaky, *a.* ਓਕੀ—ਬਲੂਤ ਜੇਹਾ ਕੜਾ, ਮਜ਼ਬੂਤ।

Oar, *n.* ਓਰ—ਚੱਲੀ, ਚੱਪੂ; *v. t.* ਡਾਂਡ ਮਾਰਨਾ, ਨਾਓ ਖੇਣਾ।

Oasis, *n.* ਓਏਸਿਸ—ਜੰਗਲ ਵਿੱਚ ਇੱਕ ਵਸਣੀਕ ਸਥਾਨ ਜਾ ਜ਼ੈਰ ਹਾਸਿਲ ਜ਼ਮੀਨ।

Oat, *n.* ਓਟ—ਜੌਂ।

Oaten, *a.* ਓਟਨ—ਜੌਂ ਦਾ ਬਣਿਆ ਹੋਇਆ।

Oath, *n.* ਓਥ—ਸ਼ਪਥ, ਸੌਂ, ਸੌਗੰਧ, ਕਸਮ।

Obdormition, *n.* ਔਬਡੌਰਮੀਸ਼ਨ—ਨੀਂਦ, ਬਿਸਰਾਮ, ਵਿਸ਼੍ਰਾਂਤੀ, ਆਰਾਮ।

Obduracy, *n.* ਔਬਡੂਰੇਸੀ—ਜ਼ਿਦ, ਹਠ, ਢਿਠਾਈ, ਸਖ਼ਤੀ, ਨਿਰਦਯਤਾ, ਕਠੋਰਤਾ।

Obdurate, *a.* ਔਬਡੂਰੇਟ—ਰੁੱਖਾ, ਅੱਖੜ, ਜ਼ਿੱਦ, ਹਠੀ, ਕਠੋਰ, ਕਠਿਨ, ਮਚਲਾ।

Obedience, *n.* ਓਬੀਡੀਐਂਸ—ਆਗਯਾ ਪਾਲਨ, ਤਾਬੇਦਾਰੀ, ਫ਼ਰਮਾਂ ਬਰਦਾਰੀ, ਬੰਦਗੀ।

Obedient, *a.* ਓਬੀਡੀਐਂਟ—ਵਸ, ਅਧੀਨ, ਆਗਯਾਕਾਰੀ, ਆਗਯਾ ਪਾਲਕ, ਹੁਕਮ ਮੰਨਣ ਵਾਲਾ, ਫ਼ਰਮਾਂ ਬਰਦਾਰ, ਤਾਬੇ, ਮੁਤੀ।

Obeisance, *n.* ਓਬੇਸੈਂਸ—ਪਰਨਾਮ, ਨਮਸਕਾਰ, ਬਿਨਯ, ਡੰਡਵਤ, ਬੰਦਗੀ, ਆਦਾਬ।

Obelisk, *n.* ਓਬਲਿਸਕ—ਚੌਕੋਣੀਆ ਮੀਨਾਰ।

Obese, *a.* ਓਬੇਸ—ਤੋਂਦ ਵਾਲਾ, ਪੇਟਲ, ਮੋਟਾ, ਸਥੂਲ, ਤੋਂਦਲ।

Obeseness, Obesity, *n.* ਓਬੇਸਨੈਸ, ਓਬੇਸਿਟੀ—ਮੁਟਾਪਾ, ਮੁਟਾਈ, ਸਥੂਲਤਾ।

Obey, *v. t.* ਓਬੇ—ਮੰਨਣਾ, ਅਧੀਨ ਹੋਣਾ, ਵੱਸ ਜਾ ਤਾਬਿਆ ਵਿਚ ਹੋਣਾ, ਹੁਕਮ ਮੰਨਣਾ।

Obfuscate, *v. t.* ਔਬਫ਼ਸਕੇਟ—ਅੰਧੇਰਾ ਕ॰।

Obit, *n.* ਓਬਿਟ—ਮਰਿਤ ਕ੍ਰਿਯਾ, ਕ੍ਰਿਯਾ ਕਰਮ; ਮੌਤ, ਮੌਤ ਦਾ ਵੇਲਾ।

Object, *v. t.* ਔਬਜੈਕਟ—ਰੋਕਣਾ, ਅਸਵੀਕਾਰ ਕ॰, ਇਨਕਾਰ ਕ॰, ਖੰਡਨ ਕ॰; *n.* ਵਿਸ਼ਯ, ਪਾਤਰ ਕਰਮ, ਅਭਿਪਰਾਯ, ਤਾਤਪਰਯ, ਮਤਲਬ, ਆਸ਼ਾ, ਇਸ਼ਟ; ਚੀਜ਼, ਵਸਤੂ, ਸ਼ੈ, ਪਦਾਰਥ।

Objection, *n.* ਔਬਜੈਕਸ਼ਨ—ਰੋਕ, ਸ਼ੰਕਾ, ਵਿਰੁਧ ਹੇਤੂ, ਵਿਤੰਡਾ, ਦੋਸ਼, ਅਪਵਾਦ, ਤਰਕ, ਏਹਤਰਾਜ਼, ਉਜ਼ਰ, ਹੁੱਜਤ।

Objectionable, *a.* ਔਬਜੈਕਸ਼ਨਏਬਲ—ਵਰਜਣੀਯ, ਨਾਮੁਨਾਸਿਬ, ਨਾਵਾਜਿਬ।

Objective, *a.* ਔਬਜੈਕਟਿਵ—ਵਸਤੂ ਦਾ, ਕਰਮ ਵਾਚਯ, ਮਫ਼ਊਲੀ।

Objector, *n.* ਔਬਜੈਕਟਰ—ਰੋਕਣ ਯਾ ਅਟਕਾਉਣ ਵਾਲਾ, ਬਾਧਕ, ਹੁੱਜਤੀ, ਮੋਤਰਿਜ਼।

Objurgation, *n.* ਔਬਜੁਰਗੇਸ਼ਨ—ਧਿੱਕਾਰ, ਝਿੜਕੀ, ਮੁਲਾਮਤ।

Objurgatory, *a.* ਔਬਜੁਰਗੇਟੋਰੀ—ਨਿੰਦਕ, ਨਿੰਦਅਰਥਕ।

Oblate, *a.* ਔਬਲੇਟ—ਧਰੁਵਾਂ ਪੁਰ ਚਿਪਟਾ ਯਾ ਦਬਿਆ ਹੋਇਆ, ਸੰਗਤਰੇ ਦੇ ਆਕਾਰ ਦਾ।

Oblation, *n.* ਔਬਲੇਸ਼ਨ—ਬਲੀ, ਨੈਵੇਦ, ਦੇਵਤਿਆਂ ਦਾ ਭੋਜਨ, ਭੋਗ, ਕੁਰਬਾਨੀ।

Obligation, *n.* ਔਬਲੀਗੇਸ਼ਨ—ਨਿਹੋਰਾ, ਏਹਸਾਨ, ਕ੍ਰਿਪਾ, ਅਨੁਗ੍ਰਹ, ਕੌਲ ਕਰਾਰ।

Obligatory, *a.* ਔਬਲੀਗੇਟੋਰੀ—ਆਵੱਸ਼ਕ, ਜ਼ਰੂਰੀ, ਵਾਜਿਬ।

Oblige, *v. t.* ਔਬਲਾਇਜ—ਬਾਧਤ ਕ॰, ਮਜਬੂਰ ਕ॰; ਉਪਕਾਰ ਕ॰, ਤੁਸ਼ਟ ਕ॰, ਪਰਸੰਨ ਕ॰, ਰਾਜ਼ੀ ਯਾ ਖ਼ੁਸ਼ ਕ॰।

Obligee, *n.* ਔਬਲਾਈਜੀ—ਓਹ ਆਦਮੀ ਜਿਸਨੂੰ ਪੱਤਰ (ਅਸ਼ਟਾਮ) ਲਿਖ ਦਿੱਤਾ ਜਾਵੇ।

Obliging, *a.* ਔਬਲਾਇਜਿੰਗ—ਉਪਕਾਰੀ, ਸੁਸ਼ੀਲ, ਕ੍ਰਿਪਾਲੂ, ਦਿਆਲੂ।

Obligor, *n.* ਔਬਲੀਗਰ—ਇਕਰਾਰਨਾਮਾ ਲਿਖਕੇ ਦੇਣ ਵਾਲਾ।

Obliquation, *n.* ਔਬਲੀਕਵੇਸ਼ਨ-ਭੈਂਗਾਪਨ, ਤ਼ਿਰਛਾਪਨ, ਕਸਰਵੀ ।

Oblique, *a.* ਔਬਲੀਕ-ਤਿਰਛਾ, ਟੇਢਾ, ਟੇਢਾ, ਵਿੰਗਾ, ਵਕ੍ਰ, ਕੁਟਿਲ, ਝੁਕਿਆ ਹੋਇਆ; ਇਕ ਜ਼ੱਦੀ, ਹਮ ਪਹਲੂ ।

Obliquely, *adv.* ਔਬਲੀਕਲੀ—ਤਿਰਛਾ, ਇੱਕ ਵੱਲ, ਵਿੰਗੇ ਵਿੰਗੇ, ਵਿੰਗੇ ਢੰਗ ਪੁਰ ।

Obliterate, *v. t.* ਔਬਲਿਟਰੇਟ-ਮਿਟਾਉਣਾ, ਪੂੰਝਣਾ, ਸਾਫ਼ ਕ०, ਛਿਲਣਾ, ਕੱਟਣਾ ।

Obliteration, *n.* ਔਬਲਿਟਰੇਸ਼ਨ—ਅਲੋਪ, ਮਿਟਾਓ, ਛੀਲ, ਕਾਟ ਕੂਟ, ਇਸਲਾਹ ।

Oblivion, *n.* ਔਬਲੀਵੀਅਨ-ਭੁੱਲ, ਯਾਦ ਨਹੀਂ, ਗੁਮਨਾਮੀ; ਖਿਮਾ ।

Oblivious, *a.* ਔਬਲੀਵੀਅਸ-ਭੁਲਾਊ, ਭੁਲਾ ਛੱਡਨ ਵਾਲਾ, ਵਿਸਾਰੂ ।

Oblong, *a.* ਔਬਲੌਂਗ—ਚੌੜੇ ਥੀਂ ਅਧਿਕ ਲੰਮਾ; *n.* ਲਮ ਚੌੜਾ, ਮੁਸਤਤੀਲ ।

Obloquy, *n.* ਔਬਲੋਕਵੀ-ਨਿੰਦਾ, ਮਲਾਮਤ, ਤਰਿਸਕਾਰ, ਕਲੰਕ, ਇਲਜ਼ਾਮ, ਬਦਗੋਈ ।

Obluctation, *n.* ਔਬਲਕਟੇਸ਼ਨ-ਰੋਕ ਟੋਕ, ਵਿਰੋਧ, ਪਰਤੀਬੰਧਤਾ ।

Obmutescence, *n.* ਔਬਮ੍ਯੂਟੈਸੈਂਸ-ਗੁੰਗਾਪਨ, ਮੋਨ, ਚੁੱਪ, ਖ਼ਾਮੋਸ਼ੀ, ਸਕੂਤ ।

Obnoxious, *a.* ਔਬਨੌਕਸ਼ੀਅਸ—ਅਧੀਨ, ਸਹਨ ਜੋਗ; ਦੰਡ ਜੋਗ, ਸਜ਼ਾ ਦੇ ਲਾਇਕ; ਘਿਨਾਉਣਾ, ਬੁਰਾ, ਜ਼ਬੂੰ, ਮਕਰੂਹ ।

Obscene, *a.* ਔਬਸੀਨ-ਗੰਦਾ, ਮੈਲਾ, ਅਸ਼ੁਭ; ਨਿਰਲੱਜ ਢੀਠ; ਲੰਪਟ, ਅਪਵਿਤਰ; *n.* Obsceneness, Obscenity.

Obscuratoin, *n.* ਔਬਸਕ੍ਯੂਰੇਸ਼ਨ—ਅੰਧੇਰਾ, ਛੁਪਾਓ, ਪਰਕਾਸ਼ ਹਰਣ, ਪੋਸ਼ੀਦਗੀ, ਤਾਰੀਕੀ

Obscure, *a.* ਔਬਸਕ੍ਯੂਰ-ਅਲੋਪ, ਧੁੰਦਲਾ, ਗੁਮਨਾਮ, ਅੰਧੇਰਾ, ਪਰਭਾਹੀਨ, ਅਪਰਸਿੱਧ ।

Obsecuration, *n.* ਔਬਸੀਕਰੇਸ਼ਨ—ਵਿਨਯ ਪੂਰਬਕ ਪ੍ਰਾਰਥਨਾ, ਅਰਦਾਸ, ਅਰਜ਼ ।

Obsequies, *n.* ਔਬਸਕਵੀਜ਼-ਕ੍ਰਿਯਾ ਕਰਮ ।

Obsequious, *a.* ਔਬਸਕਵੀਅਸ-ਪਿਛਲਾਗੂ, ਖ਼ੁਸ਼ਾਮਦੀ, ਚਾਪਲੂਸ ।

Observable, *a.* ਔਬਜ਼ਰਵੇਬਲ-ਮਾਨਨੀਯ ਧਿਆਨ ਜੋਗ, ਖ਼ਿਆਲ ਕਰਨ ਦੇ ਲਾਇਕ ।

Observance, *n.* ਔਬਜ਼ਰਵੈਨਸ—ਪਾਲਨ, ਰਖਸ਼ਨ, ਸੇਵਨ, ਧਿਆਨ, ਆਦਰ, ਸਤਕਾਰ, ਮਾਨ, ਵਿਵਹਾਰ, ਆਚਾਰ, ਨਿਯਮ, ਧਰਮ ਸੰਬੰਧੀ ਰੀਤੀ, ਦਸਤੂਰ, ਮਰਯਾਦਾ, ਗੌਰ ।

Observanda, *n. pl.* ਔਬਜ਼ਰਵੈਂਡਾ-ਧਿਆਨ ਜੋਗ ਪਦਾਰਥ, ਅਮੂਰ ਕ਼ਾਬਿਲ ਲਿਹਾਜ਼ ।

Observant, *a.* ਔਬਜ਼ਰਵੈਂਟ-ਧਿਆਨ ਦੇਨ ਵਾਲਾ, ਚੌਕਸ, ਖ਼ਬਰਦਾਰ; ਆਗਯਾ ਪਾਲਕ, ਆਗਯਾਕਾਰੀ; *n.* ਦਾਸ, ਸੇਵਕ, ਉਤਸਾਹੀ ।

Observation, *n.* ਔਬਜ਼ਰਵੇਸ਼ਨ—ਧਿਆਨ, ਟੀਕਾ, ਨਿਰੂਪਣ, ਚਰਚਾ, ਵਾਕਯ, ਕਹਾਵਤ, ਮਕੂਲਾ; ਆਗਯਾ ਪਾਲਨ; ਦੇਖ ਭਾਲ ।

Observator, *n.* ਔਬਜ਼ਰਵੇਟਰ-ਦੇਖਨ ਯਾ ਸੋਚਨ ਵਾਲਾ, ਨਿਰੂਪਣ ਕਰਨ ਵਾਲਾ, ਰੱਖਨ ਵਾਲਾ, ਅਨੁਰੋਧ ਕਰਨ ਵਾਲਾ, ਆਚਰਣ ਯਾ ਵਿਵਹਾਰ ਕਰਨ ਵਾਲਾ, ਆਮਿਲ ।

Observatory, *n.* ਔਬਜ਼ਰਵੇਟੋਰੀ—ਗਰਹ ਨਛੱਤਰ ਆਦਿ ਦਰਸ਼ਨ ਸਥਾਨ, ਓਹ ਥਾਂ ਜਿੱਥੇ ਤਾਰੇ ਦੇਖਦੇ ਹਨ, ਅਕਾਸ਼ ਲੋਚਨ ।

Observe, *v. t.* ਔਬਜ਼ਰਵ-ਦੇਖਨਾ, ਧਿਆਨ ਕ०, ਸੋਚਨਾ, ਅਵਲੋਕਨ ਕ०, ਕੈਹਨਾ, ਰੱਖਨਾ, ਵਿਧਾਨ ਕ०, ਆਗਯਾ ਮੰਨਣੀ, ਕਰਨਾ ।

Obsess, *v. t.* ਔਬਸੈਸ-ਘੇਰਾ ਪਾਉਣਾ, ਘੇਰ ਲੈਨਾ ।

Obsession, *n.* ਔਬਸੈਸ਼ਨ-ਘੇਰਾ, ਮੁਹਾਸਰਾ ।

Obsidional, *a.* ਔਬਸੀਡੀਓਨਲ—ਘੇਰੇ ਯਾ ਮੁਹਾਸਰੇ ਸੰਬੰਧੀ ।

Obsignate, *v. t.* ਔਬਸਿਗਨੇਟ-ਸਭੇਸ ਕ०, ਦ੍ਰਿੜ੍ਹ ਕ०, ਸਥਿਰ ਕ० ।

Obsolete, Obsolescent, *a.* ਔਬਸੋਲੀਟ, ਔਬਸੋਲੈਸੈਂਟ—ਅਪਰਚਲਿਤ, ਜਿਸਦਾ ਚਲਨ ਨਾ ਹੋਵੇ; ਮਨਸੂਖ਼; *n.* Obsoleteness.

Obstacle, *n.* ਔਬਸਟੈਕਲ-ਅਵਰੋਧ, ਨਿਰੋਧ, ਬਾਧਾ, ਰੋਕ ਟੋਕ, ਅਟਕਾਓ, ਆੜ, ਬੰਦ ।

Obstetric, *a.* ਔਬਸਟਟਰਿਕ-ਪਰਸਵ ਕਰਮ ਸੰਬੰਧੀ, ਦਾਯਾਗਰੀ ਦੇ ਮੁਤਅੱਲਕ ।

Obstinacy, *n.* ਔਬਸਟੀਨੇਸੀ-ਵਿਰੋਧ, ਬਾਧਾ; ਹਠ, ਜ਼ਿਦ, ਸਰਕਸ਼ੀ ।

Obstinate, *a.* ਔਬਸਟੀਨੇਟ-ਮਚਲਾ, ਹਠੀ, ਹਠੀਲਾ; ਸਰਕਸ਼, ਜ਼ਿੱਦੀ; ਪੁਰਾਨਾ ।

Obstreperous, *a.* ਔਬਸਟਰੀਪੇਰਸ—ਮਹਾਂ ਸ਼ਬਦਕ, ਕੋਲਾਹਲਕਾਰੀ, ਬਖੇੜੀਆ, ਸ਼ੋਰੀ।

Obstriction, *n.* ਔਬਸਟਰਿਕਸ਼ਨ-ਅਵਸ਼ਜ ਕਰਤਵਤਾ, ਨਿਯਮ, ਪਾਬੰਦੀ, ਸ਼ਰਤ, ਅਹਦ।

Obstruct, *v. t.* ਔਬਸਟਰਕਟ-ਅਵਰੋਧ ਕ०, ਰੋਕਨਾ, ਅੜਨਾ, ਬੰਦ ਕ०, ਬਾਜ਼ ਰੱਖਨਾ।

Obstructer, *n.* ਔਬਸਟਰਕਟਰ-ਰੋਕਨ ਵਾਲਾ, ਬਾਧਕ, ਅੜਨ ਵਾਲਾ, ਹਾਰਿਜ, ਮੋਤਰਿਜ਼।

Obstruction, *n.* ਔਬਸਟਰਕਸ਼ਨ—ਵਿਘਨ, ਰੋਕ, ਬਾਧਾ, ਅਵਰੋਧ, ਅਟਕਾਓ; ਮੁੰਦਾ; ਆੜ, ਮੁਜ਼ਾਮਅਤ, ਗੰਢ; ਗੁਠਲੀ।

Obstructive, *a.* ਔਬਸਟਰਕਟਿਵ-ਨਿਵਾਰਕ, ਰੋਕਨ ਵਾਲਾ, ਹਾਰਿਜ, ਮੁਜ਼ਾਹਿਮ।

Obtain, *v. t.* ਔਬਟੇਨ-ਉਪਾਰਜਨ ਕ०, ਪਾਉਨਾ, ਹਾਸਿਲ ਕ०, ਪਕੜਨਾ, ਕਬਜ਼ਾ ਕ०।

Obtainable, *a.* ਔਬਟੇਨਏਬਲ-ਪਰਾਪਤੀ, ਲਾਭ ਯਾ ਮਿਲਨ ਜੋਗ, ਮਿਲਨ ਵਾਲਾ, ਯਾਫ਼ਤਨੀ

Obtest, *v. t.* ਔਬਟੇਸਟ-ਪ੍ਰਾਰਥਨਾ ਕ०।

Obtrectation, *n.* ਔਬਟਰੈਕਟੇਸ਼ਨ-ਅਪਵਾਦ, ਗੁਣ ਨਿੰਦਾ, ਕਲੰਕ, ਝੂਠੀ ਨਿੰਦਾ।

Obtrude, *v. t.* ਔਬਟਰੂਡ-ਘੁਸੇੜਨਾ, ਦੂਜੇ ਦੇ ਬਿਨਾ ਪੁਛੇ ਕਹਨਾ ਯਾ ਅੱਗੇ ਧਰਨਾ, ਘੜੀ ਘੜੀ ਕਹਨਾ; *n.* Obtrusion.

Obtrusive, *a.* ਔਬਟਰੂਸਿਵ-ਬਿਨ ਬੁਲਾਏ ਕੁੱਦ ਪੈਨ ਵਾਲਾ, ਢੀਠ, ਦਖ਼ਲ ਦੇਨ ਵਾਲਾ।

Obtund, *v. t.* ਔਬਟੰਡ-ਧੀਮਾ, ਨਰਮ, ਸੁਸਤ ਯਾ ਕੁੰਦ ਕ०।

Obtuse, *a.* ਔਬਟੂਜ਼-ਖੁੰਡਾ, ਬੇਨੋਕ, ਨਕਟਾ, ਚਪਟਾ, ਭੱਦਾ; ਸੁਸਤ, ਮੂੜ੍ਹ, ਬੇਵਕੂਫ਼।

Obtuseness, *n.* ਔਬਟੂਜ਼ਨੈਸ-ਖੁੰਡਾਪਨ, ਸੁਸਤੀ, ਬੇਨੋਕੀ, ਘਟ ਸਮਝੀ, ਬੇਵਕੂਫ਼ੀ।

Obverse, *n.* ਔਬਵਰਸ-ਰੁਪੈ ਆਦਿ ਸਿੱਕੇ ਦਾ ਚੇਹਰੇ ਵਾਲਾ ਪਾਸਾ।

Obvert, *v. t.* ਔਬਵਰਟ-ਉਲਟਾ ਦੇਨਾ, ਉੱਧਾ ਕ०, ਫੇਰ ਦੇਨਾ।

Obviate, *v. t.* ਔਬਵੀਏਟ-ਹਟਾਉਨਾ, ਦੂਰ ਕ०, ਬਚਾਉਨਾ, ਅਟਕਾਉਨਾ, ਰਾਹ ਰੋਕਨਾ, ਟਾਲਨਾ, ਸਰਕਾਉਨਾ, ਦਫ਼ਾ ਕ०।

Obvious, *a.* ਔਬਵੀਅਸ-ਖੁੱਲਾ, ਸਪਸ਼ਟ, ਪਰਤੱਖ, ਜ਼ਾਹਿਰ, ਸਾਹਮਨੇ।

Occasion, *n.* ਓਕੇਯਨ-ਅਵਸਰ, ਹੋਨੀ, ਅਵਕਾਸ਼, ਸਮਯ, ਮੌਕਾ, ਸੁਭੀਤਾ, ਕਾਰਣ, ਸਬਬ, ਉਪਾਧੀ, ਪਰਯੋਜਨ; *v. t.* ਕਾਰਣ ਯਾ ਸਬਬ ਬਣਨਾ, ਉਤਪੰਨ ਕ०, ਉਠਾਉਨਾ।

Occasional, *a.* ਓਕੇਯਨਲ—ਕਦੇ ੨ ਹੋਨ ਵਾਲਾ, ਕਦਾਚਿਤ, ਆਰਜ਼ੀ, ਸਬੱਬੀ।

Occident, *n.* ਔਕਸੀਡੈਂਟ-ਪਸ਼ਚਮ, ਪੱਛਮ, ਮਗ਼ਰਿਬ, ਲੈਂਹਦਾ, ਗ਼ਰਬ।

Occidental, *a.* ਔਕਸੀਡੈਨਟਲ—ਪੱਛਮੀ, ਮਗ਼ਰਬੀ, ਲੈਂਹਦੇ ਦਾ।

Occiput, *n.* ਔਕਸੀਪੁਟ-ਮੱਥੇ ਦਾ ਪਿਛਲਾ ਭਾਗ, ਗੁੱਡੀ।

Occlude, *v. t.* ਔਕਲੂਡ-ਬੰਦ ਕ०, ਮੁੰਦਨਾ; *n.* Occlusion.

Occult, *a.* ਔਕਲਟ-ਗੁਪਤ, ਗੂੜ੍ਹ, ਲੁਕਿਆ ਹੋਇਆ, ਅਪਰਕਾਸ਼ਿਤ, ਅਲੋਪ, ਪੋਸ਼ੀਦਾ।

Occultation, *n.* ਔਕਲਟੇਸ਼ਨ—ਗੁਪਤਤਾ, ਪੋਸ਼ੀਦਗੀ, ਅਲੋਪਤਾ, ਇਖ਼ਫ਼ਾ; ਗ੍ਰਹਣ ਕਾਲ।

Occupancy, *n.* ਔਕੂਪੈਨਸੀ—ਅਧਿਕਾਰ, ਭੋਗ, ਪਰਤੀ ਭੋਗ, ਦਖਲ, ਕਬਜ਼ਾ, ਘੇਰਾ।

Occupant, *n.* ਔਕੂਪੈਂਟ-ਅਧਿਕਾਰੀ, ਭੋਗੀ, ਭੋਗੀਆ, ਕਾਬਿਜ਼।

Occupation, *n.* ਔਕੂਪੇਸ਼ਨ—ਧੰਦਾ, ਪੇਸ਼ਾ, ਕਮ ਕਾਜ, ਬਿਓਪਾਰ; ਕਬਜ਼ਾ, ਦਖਲ।

Occupier, *n.* ਔਕੂਪਾਇਰ-ਅਧਿਕਾਰੀ, ਭੋਗਕਾਰੀ, ਕਾਬਿਜ਼, ਮੁਤੱਸਰਿਫ਼।

Occupy, *v. t.* ਔਕੂਪਾਈ—ਧਾਰਣ ਕ०, ਵਿਆਪਤ ਹੋਨਾ, ਭੋਗ ਕ०, ਪਰਵਰਿਤ ਕ०, ਰੱਖਨਾ, ਭਰ ਲੈਨਾ ਯਾ ਦਬਾ ਲੈਨਾ, ਮੁੱਲ ਲੈਨਾ, ਕਬਜ਼ਾ ਕ०, ਘੇਰਨਾ, ਦਖਲ ਪਾਉਨਾ।

Occur, *v. i.* ਔਕਰ-ਨਜ਼ਰ ਆਉਨਾ, ਨਿਕਲਨਾ, ਮਿਲਨਾ, ਹੋਨਾ, ਬੀਤਨਾ, ਯਾਦ ਆਉਨਾ।

Occurence, *n.* ਔਕਰੈਂਸ—ਸਮਾਚਾਰ, ਹਾਦਸਾ, ਮਾਜਰਾ, ਸੰਜੋਗ, ਮੌਕਾ, ਅਵਸਰ।

Ocean, *n.* ਓਸ਼ਨ-ਸਮੁੰਦਰ, ਸਿੰਧੂ, ਸਾਗਰ, ਮਹਾਂ ਸਾਗਰ, ਅਥਾਹ ਯਾ ਅਗਮ ਥਾਂ।

Oceanic, *a.* ਓਸ਼ਨਿਕ-ਸਮੁੰਦਰੀ, ਸਮੁੰਦਰ ਯਾ ਸਾਗਰ ਸੰਬੰਧੀ, ਬਹਰੀ।

Ocellated, *a.* ਓਸੈਲਲੇਟਿਡ-ਨੈਨ ਸਦਰਿਸ਼, ਨੇਤਰ ਵਰਗਾ, ਅੱਖ ਜੇਹਾ।

Ochlocracy, *n.* ਓਕਲੋਕਰੇਸੀ–ਪਰਜਾ ਦਾ ਰਾਜ, ਰਿਆਯਾ ਦੀ ਹਕੂਮਤ, ਹਕੂਮਤੇ ਜਮਹੂਰੀ, ਸਵਰਾਜ ।

Ochre, *n.* ਓਕਰ–ਪਿਓਰੀ, ਗੇਰੀ, ਪੀਲੀ ਮਿੱਟੀ

Octagon, *n.* ਔਕਟੇਗਨ–ਅਠਕੋਨ, ਅਠ ਪਹਲੂ, ਅਠ ਅੰਸ਼ ।

Octagonal, *a.* ਔਕਟੇਗੋਨਲ–ਅਠਕੋਨੀਆ ।

Octave, *n.* ਔਕਟੇਵ–ਅੱਠ ਸੁਰਾਂ ਦਾ ਅੰਤਰ; ਧਾਰਮਿਕ ਤਿਉਹਾਰ ਦਾ ਅਠਵਾਂ ਦਿਨ; *a.* ਅਸ਼ਟਕ ।

Octavo, *n.* ਔਕਟੇਵੋ–ਅਠਵਰਕਾ, ਅਠਵੈਹਾ ।

Octennial, *a.* ਔਕਟੇਨੀਅਲ—ਅਠ ਸਾਲਾ, ਅੱਠਾਂ ਵਰ੍ਹਿਆਂ ਦਾ ।

October, *n.* ਔਕਟੋਬਰ–ਅੰਗ੍ਰੇਜ਼ੀ ਸਾਲ ਦਾ ਅਠਵਾਂ ਮਹੀਨਾ, ਅਕਤੂਬਰ ।

Octogenary, *a.* ਔਕਟੋਜੈਨਰੀ—ਅੱਸੀਆਂ ਵਰ੍ਹਿਆਂ ਦਾ ਬੁੱਢਾ ।

Octonocular, *a.* ਔਕਟੋਨੋਕੁਲਰ–ਅੱਠਾਂ ਅੱਖਾਂ ਵਾਲਾ, ਅਠ ਅੱਖਾ ।

Octroi, *n.* ਔਕਟਰਾਏ–ਮਹਸੂਲ, ਚੁੰਗੀ ।

Octuple, *a.* ਔਕਟੁਪਲ–ਅਠਲੜਾ, ਅਠਗੁਣਾ ।

Ocular, *a.* ਔਕੁਲਰ–ਪਰਤੱਖ, ਅੱਖੀਂ ਡਿੱਠਾ ।

Oculist, *n.* ਔਕੁਲਿਸਟ—ਨੇਤਰ ਵੈਦ, ਅੱਖਾਂ ਦਾ ਹਕੀਮ ।

Odd, *a.* ਔਡ–ਟਾਂਕ, ਫਰਦ, ਇੱਕਾ; ਨਿਰਾਲਾ, ਅਨੂਠਾ, ਅਨੋਖਾ, ਅਲੌਕਿਕ; ਫਾਲਤੂ, ਵਾਧੂ, ਜ਼ਿਆਦਾ, ਬੇਮੇਲ, ਅਜੋੜ, ਅਪੂਰਣ ।

Oddity, *n.* ਔਡਟੀ–ਵਿਲਕਸ਼ਣਤਾ, ਅਦਭੁਤਤਾ, ਅਨੋਖਾਪਨ ।

Oddness, *n.* ਔਡਨੈਸ–ਅਜੋੜਤਾਈ, ਅਨੂਠਾਪਨ, ਅਪੂਰਣਤਾ, ਅਨੋਖਤਾਈ ।

Odds, *n.* ਔਡਜ਼–ਅੰਤਰ, ਭੇਦ, ਫ਼ਰਕ; ਟੰਟਾ, ਬਖੇੜਾ, ਝਗੜਾ, ਸ਼੍ਰੇਸ਼ਟਤਾ, ਵਿਸ਼ੇਸ਼ਤਾ ।

Ode, *n.* ਓਡ–ਗੀਤ, ਗਾਉਣ, ਕਵਿਤਾ, ਗ਼ਜ਼ਲ ।

Odious, *a.* ਓਡੀਅਸ–ਦ੍ਵੇਸ਼ ਜਨਕ, ਘਿਨਾਉਣਾ; ਬੁਰਾ, ਨਫ਼ਰਤ ਅੰਗੇਜ਼, ਵੈਰ ਲੈਣ ਵਾਲਾ ।

Odoriferous, Odorous, *a.* ਓਡਰੀਫ਼ੇਰਸ, ਓਡੋਰਸ—ਗੰਧ ਵਾਲਾ, ਮਹਕਦਾ ਹੋਇਆ, ਸੁਗੰਧਿਤ, ਖੁਸ਼ਬੂਦਾਰ ।

Odour, ਓਡਰ–ਗੰਧ, ਵਾਸ, ਬੂ, ਮਹਕ ।

Œdema, *n.* ਏਡੇਮਾ–ਗਿਲਟੀ; ਰਸੌਲੀ ।

Of, *prep.* ਔਫ਼—ਦਾ, ਕੇ, ਕੀ, ਦਾ, ਦੇ, ਦੀ, ਮੇਂ, ਸੇ, ਪਰ, ਵਿੱਚ, ਕੋ, ਨੂੰ, ਵਾਸਤੇ, ਲਈ ।

Off, *a.* ਔਫ਼–ਪਰਲਾ, ਵੱਖ, ਦੂਰ; *adv.* ਦੂਰ, ਅਲੱਗ, ਥਾਂ, ਅਲਗ, ਪਰੇ; *Int.* ਦੂਰ ਹੋ ।

Offal, *n.* ਔਫ਼ਲ—ਓਝਰੀ, ਛਿਛੜੇ ਆਦਿ ਨਿਕੰਮਾ ਮਾਸ; ਮੁਰਦਾਰ ਮਾਸ; ਜੂਠ ਖੂਠ, ਗੰਦ ਮੰਦ, ਫੁਜ਼ਲਾ ।

Offence, *n.* ਔਫ਼ੈਂਸ—ਕ੍ਰੋਧ, ਗੁੱਸਾ, ਕ੍ਰੋਧ; ਅਪਰਾਧ, ਕੁਕਰਮ, ਪਾਪ, ਦੋਸ਼, ਹਾਨੀ; ਧਾਵਾ ।

Offend, *v. t.* ਔਫ਼ੈਂਡ–ਖਿਝਾਉਣਾ, ਰੁਠਾਉਣਾ, ਗੁੱਸੇ ਕ॰; ਛੇੜਨਾ, ਦਿਕ ਕ॰; ਤੋੜ ਸਿੱਟਣਾ, ਹਾਨੀ ਕ॰, ਅਪਰਾਧ ਕ॰ ।

Offender, *n.* ਔਫ਼ੈਂਡਰ—ਦੋਸ਼ੀ, ਅਪਰਾਧੀ, ਕੁਕਰਮਕਾਰੀ, ਮੁਜਰਿਮ ।

Offendress, *n.* ਔਫ਼ੈਂਡਰੈਸ–ਦੋਸ਼ੀ ਜਾਂ ਅਪਰਾਧਕ ਇਸਤ੍ਰੀ, ਮੁਜਰਿਮ ਔਰਤ ।

Offensive, *a.* ਔਫ਼ੈਨਸਿਵ–ਅਰੁਚਿਰ, ਚੜ੍ਹਾਈ ਕਰਨ ਵਾਲਾ, ਅਪਕਾਰਕ; ਨਾਖ਼ੁਸ਼, ਘਿਨਾਉਣਾ, ਦੁਖਦਾਈ, ਹਾਨੀਕਾਰਕ ।

Offer, *v. t.* ਔਫ਼ਰ—ਸਾਹਮਣੇ ਰੱਖਣਾ, ਅੱਗੇ ਕ॰ ਜਾਂ ਰੱਖਣਾ; ਕੈਹਣਾ, ਨਿਵੇਦਨ ਕ॰, ਚੜ੍ਹਾਉਣਾ; ਮਾਰਨਾ, ਬਲੀਦਾਨ ਕ॰; ਚੇਸ਼ਟਾ ਜਾਂ ਯਤਨ ਕ॰, ਸੁੱਝਣਾ, ਦਿਖਲਾਈ ਦੇਣਾ; *v. i.* ਅੱਗੇ ਜਾਂ ਸਾਹਮਣੇ ਹੋਣਾ, ਜ਼ੁਬਾਨੀ ਦੇਣਾ; *n.* ਬਚਨ, ਮੇਲ, ਰਾਯ, ਬੋਲੀ ।

Offering, *n.* ਔਫ਼ਰਿੰਗ–ਚੜ੍ਹਾਵਾ, ਬਲੀਦਾਨ ।

Office, *n.* ਔਫ਼ਿਸ–ਪਦ, ਅਧਿਕਾਰ; ਕਰਮ, ਕਾਰਜ; ਲੇਖ; ਬਿਓਪਾਰ ਜਾਂ ਕਰਮ ਸਥਾਨ, ਦਫ਼ਤਰ; ਸੇਵਾ, ਖ਼ਿਦਮਤ; ਪੂਜਾ ।

Office-bearer, *n.* ਔਫ਼ਿਸਬੇਅਰਰ–ਓਹਦੇਦਾਰ, ਅਧਿਕਾਰੀ ।

Officer, *n.* ਔਫ਼ੀਸਰ—ਅਧਿਕਾਰੀ, ਕਾਰਜ ਸਾਧਕ, ਅਫ਼ਸਰ, ਅਹਲਕਾਰ, ਓਹਦੇਦਾਰ; *v. t.* ਅਧਿਕਾਰੀ ਜਾਂ ਕਾਰਜ ਸਾਧਕ ਨਿਯਤ ਕ॰, ਅਫ਼ਸਰ ਬਣਾਉਣਾ ।

Official, *a.* ਔਫ਼ੀਸ਼ੀਅਲ–ਪਦ ਸੰਬੰਧੀ, ਅਧਿਕਾਰ ਸੰਬੰਧੀ, ਓਹਦੇ ਦਾ; ਪਰਯੋਜਕ; *n.* ਅਧਿਕਾਰੀ, ਰਾਜ ਭ੍ਰਿਤ, ਸਰਕਾਰੀ ਨੌਕਰ ।

Officially, *adv.* ਔਫ਼ੀਸ਼ੀਅਲੀ—ਜਥੋਚਿਤ ਅਧਿਕਾਰ ਨਾਲ, ਓਹਦੇ ਦੇ ਤੌਰ ਪੁਰ।

Officialty, *n.* ਔਫ਼ੀਸ਼ੀਐਲਟੀ-ਅਧਿਕਾਰੀ ਯਾ ਓਹਦੇਦਾਰ ਦੀ ਕਚਹਿਰੀ।

Officiate, *v. t.* ਔਫ਼ੀਸ਼ੀਏਟ-ਦੂਜੇ ਅਫ਼ਸਰ ਦੀ ਥਾਂ ਕੰਮ ਨਿਭਾਉਣਾ, ਕਾਇਮਮੁਕਾਮੀ ਕ०।

Officiating, *n.* ਔਫ਼ੀਸ਼ੀਏਟਿੰਗ—ਕਾਇਮ-ਮੁਕਾਮ, ਦੂਜੇ ਦੀ ਥਾਂ ਕੰਮ ਕਰਨ ਵਾਲਾ।

Officinal, *a.* ਔਫ਼ੀਸੀਨਲ-ਦੁਕਾਨ ਸੰਬੰਧੀ, ਹੱਟੀ ਦਾ, ਦੁਕਾਨੀ।

Officious, *a.* ਔਫ਼ੀਸ਼ਸ-ਕ੍ਰਿਪਾਲੂ, ਉਪਕਾਰੀ।

Offing, *n.* ਔਫ਼ਿੰਗ-ਸਮੁੰਦਰ ਵਿਚ ਉੱਨੀ ਦੂਰੀ ਜਿਥੇ ਡੂੰਘਾ ਪਾਣੀ ਹੋਵੇ।

Offscouring, *n.* ਔਫ਼ਸਕੋਰਿੰਗ-ਮੈਲ, ਮਲ, ਕੂੜਾ-ਕਰਕਟ, ਝਾੜ, ਰੱਦੀ, ਫ਼ੁਜ਼ਲਾ।

Offset, *n.* ਔਫ਼ਸੈਟ-ਖਿਲਾਵ, ਅੰਕੁਰ, ਸ਼ਾਖ, ਪੌਦਾ, ਰਕਮ ਮੁਜਰਾਈ, ਕੰਦ ਦਾ ਖਮਕਾ।

Offspring, *n.* ਔਫ਼ਸਪਰਿੰਗ-ਸੰਤਾਨ, ਫਲ, ਲੜਕੇ ਬਾਲੇ, ਪੁੱਤਰ ਧੀਆਂ, ਔਲਾਦ; ਨਤੀਜਾ।

Oft, Often, Ofttimes, *adv.* ਔਫ਼, ਔਫ਼ਨ, ਔਫ਼ਟਟਾਇਮਜ਼-ਹਟ ਹਟ ਕੇ, ਮੁੜ ਮੁੜ ਕੇ, ਬਹੁਧਾ, ਬਾਰਬਾਰ, ਘੜੀ ਘੜੀ।

Ogdoastich, *n.* ਔਗਡੋਆਸਟਿਚ—ਅਠ ਪਦ ਦਾ ਕਾਵਯ ਯਾ ਛੰਦ।

Ogle, *n.* ਓਗਲ—ਤਿਰਛੀ ਯਾ ਵਿੰਗੀ ਨਜ਼ਰ, ਟੇਢੀ ਨਿਗਾਹ; *v. t.* ਤਿਰਛਾ, ਵਿੰਗਾ ਯਾ ਟੇਢਾ ਵੇਖਣਾ, ਝਾਉਲੀ ਮਾਰਨਾ।

Ogre, *n.* ਓਗਰ-ਦਿਓ, ਦੈਂਤ।

Ogress, *n.* ਓਗਰੈਸ-ਦਿਓਣੀ, ਡੈਣ, ਦੈਤਣੀ; ਤ੍ਰੇਧ ਦਾ ਗੋਲਾ।

Oh, *Int.* ਓਹ-ਹਾਏ, ਆਹ, ਓਹੋ।

Oil, *n.* ਔਇਲ—ਤੇਲ, ਰੋਗਨ; *v. t.* ਤੇਲ ਲਗਾਉਣਾ ਯਾ ਮਲਨਾ, ਚੋਪੜਨਾ।

Oily, *a.* ਔਇਲੀ-ਚਿਕਨਾ, ਰੋਗਨੀ, ਤਿੰਦਾ।

Ointment, *n.* ਔਇੰਟਮੈਂਟ-ਲੇਪ, ਮਲ੍ਹਮ।

Old, *a.* ਓਲਡ-ਬਿਰਧ, ਪੁਰਾਤਨ, ਪਰਾਚੀਨ, ਪੂਰਵ ਕਾਲ ਦਾ, ਪੁਰਾਣਾ, ਬੁੱਢਾ, ਚਿਰਦਾ ਬਹੁਤ ਦਿਨਾਂ ਦਾ।

Olden, *a.* ਓਲਡਨ-ਪੁਰਾਣਾ, ਪਰਾਚੀਨ।

Old-fashioned, *a.* ਓਲਡਫ਼ੈਸ਼ੰਡ—ਪੁਰਾਣੀ ਚਾਲ ਦਾ, ਕਦੀਮਾ, ਆਲਮਗੀਰੀ।

Oldness, *n.* ਓਲਡਨੈਸ-ਪੁਰਾਣਾਪਨ, ਬੁਢਾਪਾ, ਪੁਰਾਚੀਨਤਾ, ਪੀਰੀ, ਕਦਾਮਤ।

Oleaginous, *a.* ਓਲੀਏਜੀਨਸ—ਚਿਕਨਾ, ਤੇਲੀਆ।

Olearaceous, *a.* ਓਲਅਰੇਸ਼ਸ-ਸਾਗ ਦਾ, ਸਾਗ ਸੰਬੰਧੀ, ਤਰਕਾਰੀ ਯਾ ਭਾਜੀ ਦਾ।

Olfactory, *a.* ਓਲਫ਼ੈਕਟਰੀ-ਘਰਾਣ ਇੰਦਰੀ ਵਿਸ਼ਯਕ, ਸੁੰਘਨ ਵਾਲਾ।

Olid, *a.* ਓਲਿਡ-ਅਤਿ ਦੁਰਗੰਧੀ, ਬਦਬੂਦਾਰ।

Oligarchy, *n.* ਓਲੀਆਰਕੀ—ਓਹ ਰਾਜ ਜਿਸ ਵਿਚ ਥੋੜੇ ਆਦਮੀ ਰਾਜ ਕਰਨ।

Oligistic, *a.* ਓਲੀਜਿਸਟਿਕ-ਅਸਪਾਤ ਦੇ ਰੰਗ ਦਾ, ਕੱਚੇ ਲੋਹੇ ਦਾ।

Olio, Olia, *n.* ਓਲੀਓ, ਓਲੀਆ-ਘਾਲਮੇਲ, ਰਲਿਆ ਮਿਲਿਆ, ਖਿਚੜੀ।

Olivaster, *a.* ਓਲੀਵੈਸਟਰ-ਜ਼ੈਤੂਨੀ ਰੰਗ ਦਾ।

Olive, *n.* ਓਲਿਵ-ਜਲਪਾਈ, ਜ਼ੈਤੂਨ, ਜ਼ੈਤੂਨੀ ਰੰਗ।

Olympiad, *n.* ਓਲਿਮਪੀਅਡ—ਚੌਬਰਸੀ, ਚਾਰ ਬਰਸ ਦਾ ਸਮਯ।

Olympic, *a.* ਓਲਿਮਪਿਕ-ਯੂਨਾਨ ਦੇਸ਼ ਦੀਆਂ ਖੇਡਾਂ ਦਾ।

Ombre, *n.* ਓਮਬਰ—ਤਾਸ਼ ਵਿੱਚ ਤਿਨ ਪੱਤੀ ਦੀ ਖੇਡ।

Omega, *n.* ਓਮੇਗਾ-ਅੰਤ, ਯੂਨਾਨੀ ਵਰਣ-ਮਾਲਾ ਦਾ ਅੰਤ ਦਾ ਅੱਖਰ।

Omen, *n.* ਓਮਨ-ਸ਼ਗਨ, ਲੱਛਨ, ਫਾਲ।

Omentum, *n.* ਓਮੈਨਟਮ-ਢਿਡ ਦਾ ਪਰਦਾ, ਆਂਦਰਾਂ ਦੀ ਝਿੱਲੀ,

Ominate, *v. t.* ਓਮੀਨੇਟ-ਪਹਿਲੇ ਥੀਂ ਦਿਖਾਉਣਾ, ਸੂਚਨਾ ਕ०, ਜਤਾਉਣਾ।

Ominous, *a.* ਓਮੀਨਸ—ਅਸ਼ੁਭ ਸੂਚਕ, ਦੁਰਲਕਸ਼ਣੀ, ਮਨਹੂਸ; ਸ਼ੁਭ, ਨੇਕਫਾਲੀ।

Omission, *n.* ਓਮਿੱਸ਼ਨ-ਤਿਆਗ, ਭਰਾਂਤੀ; ਭੁੱਲ, ਚੂਕ, ਗ਼ਲਤੀ; ਛੁਟ।

Omissive, *a.* ਓਮਿਸਸਿਵ—ਭੁੱਲਨ ਵਾਲਾ, ਵਿਸਰਨ ਵਾਲਾ।

Omit, *v. t.* ਓਮਿਟ–ਛਡਣਾ, ਤਿਆਗਣਾ, ਤਜ ਦੇਣਾ; ਵਿਸਾਰਨਾ, ਭੁਲਾ ਦੇਣਾ; ਭੁਲ ਚੁਕ ਕ०।

Omnibus, *n.* ਔਮਨੀਬਸ–ਚੋਹਾਂ ਪਹੀਆਂ ਦੀ ਇਕ ਵੱਡੀ ਗੱਡੀ।

Omnifarious, *a.* ਔਮਨੀਫ਼ੇਰੀਅਸ—ਸਬ ਪਰਕਾਰ ਦਾ, ਭਾਂਤ ਭਾਂਤ ਦਾ, ਸਬ ਤਰਾਂ ਦਾ।

Omnific, *a.* ਔਮਨੀਫ਼ਿਕ–ਸਬ ਕੁਝ ਉਤਪੰਨ ਕਰਨ ਵਾਲਾ, ਸਰਵ ਸਰਸ਼ਟਾ, ਕਰਤਾਰ।

Omniform, *n.* ਔਮਨੀਫ਼ਾਰਮ–ਸਰਬ ਸਰੂਪਕ, ਸਰਵਾਕਾਰ।

Omniparity, *n.* ਔਮਨੀਪੈਰੀਟੀ–ਸਾਧਰਾਣ ਸ਼ਮਤਾ, ਸਬ ਦੀ ਬਰਾਬਰੀ, ਮੁਸਾਵਾਤੇ ਆਮ।

Omnipercipient, *a.* ਔਮਨੀਪਰਸੀਪੀਐਂਟ—ਸਰਵ ਅਨੁਭਵੀ, ਸਰਵ ਦ੍ਰਿਸ਼ਟਕ।

Omnipotence, Omnipotency, *n.* ਔਮਨੀਪੋਟੈਂਸ, ਔਮਨੀਪੋਟੈਨਸੀ–ਅਪਾਰ ਸ਼ਕਤੀ, ਸਰਵ ਸਮਰੱਥਤਾ, ਕੁਦਰਤੇ ਕੁੱਲੀ।

Omnipotent, *a.* ਔਮਨੀਪੋਟੈਂਟ–ਸਰਵ ਸ਼ਕਤੀਮਾਨ, ਸਰਵ ਸਮਰੱਥ, ਕਾਦਰ ਮੁਤਲਕ।

Omnipresence, *n.* ਔਮਨੀਪਰੇਜ਼ੈਂਸ–ਸਰਵ ਵਿਆਪਤਾ, ਸਬ ਜਗਾਹ ਜ਼ਹੂਰ।

Omnipresent, *a.* ਔਮਨੀਪਰੇਜ਼ੈਂਟ—ਸਰਵ ਵਿਆਪੀ, ਸਰਵ ਵਿਆਪਕ, ਹਾਜ਼ਰੋ ਨਾਜ਼ਰ।

Omniscience, Omnisciency, *n.* ਔਮਨੀਸ਼ੀਐਂਸ, ਔਮਨੀਸ਼ੀਐਨਸੀ–ਸਰਵ ਗਿਆਨ, ਸਰਵਗਜਤਾ, ਹਮਾਦਾਨੀ।

Omniscient, *a.* ਔਮਨੀਸ਼ੀਐਂਟ–ਸਰਵ ਅੰਤਰਯਾਮੀ, ਸਬ ਕੁਝ ਜਾਨਣ ਵਾਲਾ।

Omnivorous, *a.* ਔਮਨੀਵੋਰਸ–ਸਰਵਭਕਸ਼ੀ, ਸਬ ਕੁਝ ਖਾ ਲੈਨ ਵਾਲਾ।

On, *prep.* ਔਨ–ਉੱਪਰ, ਪਰ, ਉੱਤੇ; ਨਾਲ, ਨੇੜੇ, ਪਾਸ, ਆਸਰੇ; *adv.* ਅੱਗੇ, ਪਰੇ, ਵਧਕੇ, ਦੂਰ ਨਹੀਂ; *Int.* ਚਲੋ, ਵਧੋ, ਅੱਗੇ ਹੋ।

Onager, *n.* ਓਨੇਜਰ–ਜੰਗਲੀ ਗਧਾ ਜਾ ਖੋਤਾ।

Once, *adv.* ਵੰਸ—ਇੱਕ ਵਾਰ, ਇੱਕ ਦਫ਼ਾ, ਇਕ ਵਾਰੀ; ਪਹਲੇ, ਆਦਿ ਵਿਚ।

One, *a.* ਵਨ–ਇੱਕ, ਅਕੇਲਾ, ਏਕ; *n.* ਇੱਕ ਆਦਮੀ ਜਾ ਵਸਤੂ।

Oneirocritic, Oneiocritical, *a.* ਓਨੀਰੋਕਰਿਟਿਕ, ਓਨੀਓਕ੍ਰਟੀਕਲ—ਸਵਪਨ (ਸੁਫਨੇ) ਅਰਥ ਗਿਆਨ ਸੰਬੰਧੀ।

Oneness, *n.* ਵਨਨੈਸ–ਇਕਾਈ; ਇੱਕ ਭਾਵ; ਅਨੇਖਾਪਨ, ਯਕਤਾਈ, ਵਹਦਤ।

Onerous, *a.* ਓਨਰਸ–ਭਾਰੀ, ਗਿਰਾਂ।

Onion, *n.* ਓਨੀਅਨ–ਗੰਢਾ, ਪਿਆਜ਼।

Only, *a.* ਓਨਲੀ–ਕੇਵਲ, ਨਿਰਾ, ਇਕੱਲਾ; ਹੀ, ਈ; ਇਕੱਲਾ, ਮਾਨ ਵਾਲਾ, ਬਲ ਵਾਲਾ; *adv.* ਕੇਵਲ, ਸਿਰਫ਼, ਨਿਰਾ, ਖਾਲੀ; ਬਿਲਕੁਲ, ਸਰਾਸਰ, ਯਕਕਲਮ।

Onomancy, *n.* ਓਨੋਮੈਨਸੀ—ਕਿਸੇ ਨਾਉਂ ਦੇ ਅੱਖਰ ਨੂੰ ਲੈਕੇ ਸੁਭ ਅਸ਼ੁਭ ਦੱਸਣਾ।

Onset, Onslaught, *n.* ਔਨਸੈਟ, ਔਨਸਲੋਟ—ਹਮਲਾ, ਚੜ੍ਹਾਈ, ਧਾਵਾ।

Onus, *n.* ਓਨਸ–ਭਾਰ, ਬੋਝ।

Onward, *a.* ਔਨਵਰਡ–ਵਧਿਆ ਜਾ ਚੜ੍ਹਿਆ ਹੋਇਆ; *adv.* ਪਰੇ, ਅੱਗੇ ਨੂੰ, ਵਧਕੇ।

Onyx, *n.* ਓਨਿਕਸ–ਸੁਲੇਮਾਨੀ ਪੱਥਰ।

Ooze, *n.* ਊਜ਼–ਗਾਰਾ, ਚਿੱਕੜ, ਕੀਚੜ, ਚੂਨਾ; ਬਹਾਓ; *v. i.* ਹੌਲੀ ਹੌਲੀ ਵਗਣਾ, ਚੋਣਾ, ਝੜਨਾ, ਟਪਕਣਾ।

Oozy, *a.* ਊਜ਼ੀ—ਦਲਦਲਾ, ਚਿਕੜ ਲੱਗਿਆ ਜਾ ਭਰਿਆ ਹੋਇਆ।

Opacity, Opaqueness, *n.* ਓਪੇਸਿਟੀ, ਓਪੇਕਨੈਸ–ਧੁੰਦ, ਅੰਧਕਾਰ।

Opacous, *a.* ਓਪੇਕਸ–ਧੁੰਦਲਾ, ਮੈਲਾ।

Opal, *a.* ਓਪਲ–ਦੁਧੀਆ ਪੱਥਰ।

Opaque, *a.* ਓਪੇਕ—ਧੁੰਦਲਾ, ਮੈਲਾ।

Opasate, *v. t.* ਓਪੈਸੇਟ–ਛਾਯਾ ਕ०, ਅੰਧੇਰਾ ਕ०, ਧੁੰਦਲਾ ਕ०।

Ope, *v. t.* ਓਪ–ਖੋਲਨਾ, ਖੁੱਲਾ ਕ०।

Open, *v. t.* ਓਪਨ–ਖੋਲਨਾ, ਕਹਨਾ, ਪਰਕਾਸ਼ ਕ०; ਕੱਟਣਾ; ਆਰੰਭ ਕ०; *v. i.* ਖੁੱਲਨਾ, ਉਘੜਨਾ, ਦਿਸਣਾ, ਪਰਗਟ ਹੋਣਾ; ਆਰੰਭ ਜਾ ਸ਼ੁਰੂ ਹੋਣਾ; *a.* ਖੁੱਲਾ, ਸਾਫ਼, ਸਪਸ਼ਟ, ਪਰਗਟ, ਪਰਤੱਖ, ਉਜਾਗਰ; ਫੈਲਿਆ ਜਾ ਖਿਲਰਿਆ ਹੋਇਆ; ਜਾਰੀ, ਚਲਦਾ।

Open-eyed, *a.* ਓਪਨਆਇਡ–ਚੌਕਸ, ਚੌਕੰਨਾ, ਸਾਵਧਾਨ, ਖ਼ਬਰਦਾਰ, ਹੁਸ਼ਿਆਰ।

Open-handed, *a.* ਓਪਨਹੈਂਡਿਡ—ਸਖੀ, ਉਦਾਰਚਿਤ, ਦਾਨੀ, ਦਾਤਾ।

Opening, *n.* ਓਪਨਿੰਗ–ਛੇਦ, ਛੇਕ, ਸੁਰਾਖ਼; ਦਰਾਰ, ਝਾਂਕ; ਆਰੰਭ, ਸ਼ੁਰੂ; ਆਸ, ਉਮੇਦ ।

Openly, *adv.* ਓਪਨਲੀ–ਖੁਲਮਖੁਲਾ, ਪਰਤੱਖ ਰੂਪ ਨਾਲ, ਖੁਲੇ ਬੰਦੇਂ, ਅਲਾਨੀਆ ।

Openness, *n.* ਓਪਨਨੈਸ–ਸਪਸ਼ਟਤਾ, ਸਵੱਛਤਾ, ਨਿਰਮਲਤਾ, ਸਚਾਈ, ਸਫ਼ਾਈ ।

Opera, *n.* ਔਪੇਰਾ—ਵਾਜੇ ਦੇ ਨਾਲ ਨਾਟਕ; ਨਾਚਘਰ, ਤਮਾਸ਼ਾਘਰ, ਸਾਂਗਘਰ ।

Operate, *v. t.* ਔਪਰੇਟ–ਕੰਮਕਾਜ ਯਾ ਬਿਓਪਾਰ ਕ੦; ਫਲ ਉਤਪੰਨ ਕ੦, ਅਸਰ ਕ੦; ਚੀਰਫਾੜ ਕ੦, ਚੀਰਨਾ, ਕੁਟਕਾਟ ਕ੦ ।

Operation, *n.* ਔਪਰੇਸ਼ਨ—ਬਿਓਪਾਰ, ਕੰਮ ਕਾਜ; ਕਾਰੀਗਰੀ; ਗੁਣ, ਸ਼ਕਤੀ, ਅਸਰ, ਤਾਸੀਰ, ਵਰਤਾਵ; ਫੈਲਾਵਟ; ਚੀਰਫਾੜ ।

Operative, *a.* ਔਪਰੇਟਿਵ–ਗੁਣਕਾਰੀ, ਫਲ ਉਤਪਾਦਕ, ਕਾਰਗਰ; *n.* ਕਾਰੀਗਰ, ਸ਼ਿਲਪਕਾਰ, ਹੁਨਰਮੰਦ, ਦਸਤਕਾਰ ।

Operator, *n.* ਔਪਰੇਟਰ—ਚੀਰਫਾੜ ਕਰਨ ਵਾਲਾ, ਜੱਰਾਹ; ਸ਼ਿਲਪਕਾਰ, ਕਰਤਾ ।

Operose, *a.* ਔਪੇਰੋਜ਼–ਔਖਾ, ਭਾਰੀ, ਕਠਿਨ, ਕਸ਼ਟ ਸਾਧਜ, ਪਿੱਤੇਮਾਰ ।

Ophiology, *n.* ਔਫੀਔਲੋਜੀ–ਸੱਪਾਂ ਦਾ ਵਰਨਣ ਯਾ ਬਿਆਨ, ਸਰਪ ਕਥਾ ।

Ophiophagous, *a.* ਔਫਿਓਫੈਗਸ—ਸੱਪ ਖਾਨ ਵਾਲਾ, ਸਰਪ ਭਖਸ਼ੀ, ਮਾਰਖ਼ੋਰ ।

Ophthalmia, *n.* ਔਫਥਲਮੀਆ—ਅਕਸ਼ ਰੋਗ, ਅੱਖਾਂ ਦੀ ਸੋਜ, ਆਸੋਬੇ ਚਸ਼ਮ ।

Opiate, *n.* ਓਪੀਏਟ–ਅਫੀਮ ਮਿਲੀ ਦੁਆ; *a.* ਨੀਂਦ ਲਿਆਉਨ ਵਾਲਾ, ਆਰਾਮ ਯਾ ਸੁਖ ਦੇਨ ਵਾਲਾ, ਖ਼ੁਆਬ ਆਵਰ ।

Opine, *v. t.* ਓਪਾਇਨ–ਸੋਚਨਾ, ਸਮਝਨਾ ।

Opinion, *n.* ਓਪੀਨੀਅਨ–ਸਮਝ, ਵਿਚਾਰ, ਬੋਧ, ਭਾਵਨਾ, ਮਤ, ਰਾਯ; ਲਿਹਾਜ਼ ।

Opinionate, Opinionated, Opinionative, *a.* ਓਪੀਨੀਓਨੇਟ, ਓਪੀਨੀਓਨੇਟਿਡ, ਓਪੀਨੀਓਨੇਟਿਵ–ਗਲ ਦੀ ਪੁੱਛ ਕਰਨ ਵਾਲਾ, ਹਠੀ, ਖੁਦਰਾਯ ।

Opinioned, *a.* ਓਪੀਨੀਅੰਡ–ਹੱਠੀ, ਜ਼ਿੱਦੀ ।

Opinionist, *n.* ਓਪੀਨੀਅਨਇਸਟ—ਅਪਨੀ ਰਾਯ ਰੱਖਨ ਵਾਲਾ ਆਦਮੀ, ਹਠੀਲਾ ਜਨ ।

Opium, *n.* ਓਪੀਅਮ–ਅਫੀਮ, ਖਸਖਾਸ ਦਾ ਰਸ ।

Oppidon, *n.* ਓਪੀਡਨ–ਨੱਗਰ ਯਾ ਕਸਬੇ ਦਾ ਰਹਨ ਵਾਲਾ, ਕਸਬਾਤੀ ।

Opponent, *a.* ਔਪੋਨੈਂਟ–ਉਲਟਾ, ਵਿਪਰੀਤ, ਸਾਹਮਨੇ ਦਾ; *n.* ਦੂਜੀ ਵਲ ਦਾ, ਮੁੱਦਈ ।

Opportune, *a.* ਔਪਰਟੂਨ–ਸਮਯ ਪੁਰ, ਭਲਾ, ਯਥਾਯੋਗ, ਠੀਕ, ਦਰੁਸਤ, ਮੁਨਾਸਿਬ ।

Opportunity, *n.* ਔਪਰਟੂਨਿਟੀ—ਅਵਸਰ, ਅਵਕਾਸ਼, ਸੁਭੀਤਾ, ਫ਼ੁਰਸਤ, ਮੌਕਾ, ਔਸਰ, ਵੇਲਾ; ਦਾਓ ਘਾਤ, ਕਾਬੂ ।

Oppose, *v. t.* ਔਪੋਜ਼–ਵਿਰੁਧ ਹੋਨਾ, ਸਾਹਮਨਾ ਕ੦, ਰੋਕਨਾ, ਨਿਵਾਰਣ ਕ੦, ਅਟਕਾਉਨਾ, ਨਿਖੇਧ ਕ੦, ਉਲਟਾ ਧੜਾ ਬੰਨ੍ਹਣਾ ।

Opposite, *a.* ਔਪੋਜ਼ਿਟ–ਸਾਹਮਨੇ ਦਾ, ਸਨਮੁਖ; ਵਿਰੁਧ, ਪਰਤੀਕੂਲ, ਉਲਟਾ, ਵਿਪਰੀਤ, ਬਰਖ਼ਿਲਾਫ਼; *n.* ਵਿਰੋਧੀ, ਦੁਸ਼ਮਨ, ਵੈਰੀ ।

Opposition, Oppositeness, *n.* ਔਪੋਜ਼ੀਸ਼ਨ, ਔਪੋਜ਼ਿਟਨੈਸ—ਵਿਰੋਧ, ਰੋਕ, ਜ਼ਿਦ, ਸਾਮਨਾ, ਅਕਸ, ਅਟਕਾਓ ।

Oppositive, *a.* ਔਪੋਜ਼ੀਟਿਵ—ਪਰਤੀਬੰਧ, ਵਿਰੋਧ ਕਰਨ ਨੂੰ ਸਮਰੱਥ, ਰੋਕਨ ਨੂੰ ਸਮਰੱਥ ।

Oppress, *v. t.* ਔਪਰੈਸ–ਦਬਾਉਨਾ, ਪਰਾਸਤ ਕ੦, ਅੱਤਯਾਚਾਰ ਕਰਕੇ ਤੋੜ ਸਿੱਟਨਾ, ਜ਼ੁਲਮ ਕ੦, ਮਗ਼ਲੂਬ ਕ੦ ।

Oppressed, *a.* ਔਪਰੈਸਿਡ–ਸਤਾਇਆ ਹੋਯਾ, ਮਜ਼ਲੂਮ, ਜ਼ੇਰਬਾਰ, ਮਜਬੂਰ ।

Oppression, *n.* ਔਪਰੈਸ਼ਨ–ਸਖਤੀ, ਉਦਾਸੀ, ਥਕਾਵਟ, ਉਪਦਰਵ, ਅੱਤਯਾਚਾਰ, ਕਰੂਰਤਾ, ਉਤਪਾਤ, ਦਬਾਓ, ਜ਼ੁਲਮ, ਸਖ਼ਤੀ, ਥਕਾਵਟ ।

Oppressive, *a.* ਔਪਰੈਸਿਵ–ਦਯਾਹੀਨ, ਨਿਸ਼ਠੁਰ, ਅਨਯਾਈ; ਸਖ਼ਤ, ਭਾਰੀ ।

Oppressor, *n.* ਔਪਰੈਸਰ–ਉਪਦਰਵੀ, ਦੁਰਆਤਮਾ, ਦੁਰਜਨ, ਪਰਜਾ ਪੀੜਕ, ਅਤਯਾਚਾਰੀ, ਜ਼ਾਲਮ, ਅਨਯਾਈ, ਦੁਖਦਾਈ ।

Opprobrious, *a.* ਔਪਰੋਬਰੀਅਸ—ਨਿੰਦਕ, ਦੁਰਮੁਖ; ਬੁਰਾ ।

Oppugn, *v. t.* ਔਪਨ–ਵਿਰੋਧ ਕ੦, ਵਿਘਨ ਪਾਉਨਾ, ਰੋਕਨਾ, ਸਾਹਮਨਾ ਕ੦ ।

Opsimathy, *n.* ਔਪਸੀਮੈਥੀ–ਬੁਢਾਪੇ ਵਿੱਚ ਵਿੱਦਯਾ ਅਭਯਾਸ ।

Optative, *a.* ਔਪਟੇਟਿਵ—ਇੱਛਾ ਬੋਧਕ, ਇੱਛਾ ਸੂਚਕ, ਖ਼ਾਹਿਸ਼ ਜ਼ਾਹਰ ਕਰਨ ਵਾਲਾ।

Optic, Optical, *a.* ਔਪਟਿਕ, ਔਪਟੀਕਲ—ਦਰਿਸ਼ਟੀ ਵਿਸ਼ਯਕ, ਦਰਿਸ਼ਟੀ ਸੰਬੰਧੀ, ਚਕਸ਼ੂ ਵਿਦਯਾ ਵਿਸ਼ਯਕ, ਅੱਖ ਦਾ।

Optician, *n.* ਔਪਟੀਸ਼ੀਅਨ—ਅੱਖਾਂ ਦੀ ਵਿਦਯਾ ਜਾਣਨ ਵਾਲਾ।

Optics, *n.* ਔਪਟਿਕਸ—ਦਰਿਸ਼ਟੀ ਵਿੱਦਯਾ, ਅੱਖਾਂ ਦੀ ਵਿੱਦਯਾ।

Optimism, *n.* ਔਪਟੀਮਿਜ਼ਮ—ਉਹ ਮਤ ਕਿ ਸੰਸਾਰ ਵਿੱਚ ਕੋਈ ਚੀਜ਼ ਬੁਰੀ ਨਹੀਂ ਹੈ।

Opulence, *n.* ਔਪੂਲੈਂਸ—ਧਨ, ਦੌਲਤ, ਮਾਯਾ, ਲੱਛਮੀ, ਸੰਪਤੀ।

Opulent, *a.* ਔਪੂਲੈਂਟ—ਧਨੀ, ਧਨਾਢ, ਧਨਵਾਨ, ਮਾਲਦਾਰ, ਸਾਹੂਕਾਰ।

Or, *conj.* ਔਰ, ਆਰ—ਜਾਂ, ਵਾ, ਅਥਵਾ, ਤਥਾ।

Oracle, *n.* ਔਰੇਕਲ—ਦੇਵਬਾਣੀ, ਅਕਾਸ਼ਬਾਣੀ, ਸ਼ਰੁਤੀ ਗ਼ੈਬੀ ਆਵਾਜ਼।

Oracular, Oraculous, *a.* ਔਰੇਕੁਲਰ, ਔਰੇਕੁਲਸ—ਗੁਪਤ ਕਹਿਣ ਵਾਲਾ, ਇਲਹਾਮੀ: ਸਮਝਦਾਰ।

Oral, *a.* ਓਰਲ—ਜ਼ੁਬਾਨੀ, ਗੱਲਾਂ ਨਾਲ, ਮੁਖ ਥੀਂ, ਅਲਿਖਤ।

Orally, *adv.* ਓਰਲੀ—ਮੁਖ ਥੀਂ, ਜ਼ੁਬਾਨੀ।

Orange, *n.* ਔਰੇਂਜ—ਨਰੰਗੀ, ਸੰਤਰਾ।

Orangery, *n.* ਔਰੇਨਜਰੀ—ਸੰਗਤਰਿਆਂ ਦਾ ਬਗ਼ੀਚਾ।

Oration, *n.* ਔਰੇਸ਼ਨ—ਵਾਕ ਪਰਬੰਧ, ਅਲੰਕਾਰ ਸਹਿਤ ਭਾਸ਼ਨ, ਤਕਰੀਰ, ਕਥਨ।

Orator, *n.* ਔਰੇਟਰ—ਸੁਵਕਤਾ, ਵਾਗਪਟੂ, ਚੰਗਾ ਬੋਲਣ ਵਾਲਾ, ਫ਼ਸੀਹ।

Oratorial, Oratorical, *a.* ਔਰੇਟੋਰੀਅਲ, ਔਰਟੋਰੀਕਲ—ਸਰੇਸ਼ਟ ਭਾਸ਼ਨ ਸੰਬੰਧੀ।

Oratorio, *n.* ਔਰੇਟੋਰੀਓ—ਭਜਨ ਜਾਂ ਪੂਜਾ ਅਸਥਾਨ।

Oratress, Oratrix, *n.* ਔਰੇਟਰੈਸ, ਔਰੇਟਰਿਕਸ—ਸੁਵਕਤੀ, ਚੰਗਾ ਬੋਲਣ ਵਾਲੀ।

Orb, *n.* ਔਰਬ—ਗੋਲਾ, ਤਾਰਾ ਮੰਡਲ, ਚੱਕ੍ਰ; ਨੇਤਰ, ਅੱਖ, ਨੈਨ; ਦੌਰ, ਜ਼ਮਾਨਾ, ਕਾਲ ਚੱਕ੍ਰ, ਸਮਯ; ਪਹੀਆ, ਚੱਕਰ।

Orbed, *a.* ਔਰਬਡ—ਗੋਲ, ਗੋਲਾਕਾਰ।

Orbic, Orbicular, *a.* ਔਰਬਿਕ, ਔਰਬੀਕੂਲਰ—ਮੰਡਲਾਕਾਰ, ਗੋਲਾਕਾਰ; ਚੱਕ੍ਰਾਕਾਰ।

Orbit, *n.* ਔਰਬਿਟ—ਚੱਕ੍ਰ, ਦਾਇਰਾ; ਅੱਖ ਦਾ ਮੰਡਲ; ਗ੍ਰਹ ਮਾਰਗ, ਨਾਰਦਿਸ਼ ਦਾ ਖ਼ਤ।

Orchard, *n.* ਔਰਚਰਡ—ਬਾਗ਼, ਮੇਵਿਆਂ ਜਾਂ ਫਲਾਂ ਦਾ ਬਾਗ਼।

Orchestra, *n.* ਔਰਕੈਸਟਰਾ—ਨਾਟਕ ਮਕਾਨ ਵਿਚ ਵਜੰਤਰੀਆਂ ਦੀ ਥਾਂ।

Orchis, *n.* ਔਰਕਿਸ—ਮਾਲਬ ਮਿਸਰੀ ਦਾ ਰੁੱਖ ਜਾਂ ਬੂਟਾ।

Ordain, *v. t.* ਔਰਡੇਨ—ਨਿਯੁਕਤ ਕ॰, ਠਹਰਾਉਣਾ, ਧਰਮ ਪਦ ਅਧਿਕਾਰ ਦੇਣਾ, ਪਾਦਰੀ ਬਨਾਉਣਾ; ਕਹਿਣਾ, ਆਗਯਾ ਦੇਣਾ।

Ordainable, *a.* ਔਰਡੇਨਏਬਲ—ਜੋ ਨਿਯੁਕਤ ਹੋ ਸੱਕੇ।

Ordeal, *n.* ਔਰਡੀਅਲ—ਔਖੀ ਪਰੀਖਿਆ।

Order, *n.* ਔਰਡਰ—ਢਬ, ਕ੍ਰਮ, ਮਾਰਗ, ਰੀਤੀ, ਨਿਯਮ, ਅਨੁਕ੍ਰਮ, ਢੰਗ, ਵਯਵਸਥਾਪਨ, ਹੁਕਮ, ਆਗਯਾ, ਆਦੇਸ਼, ਪਰੇਰਣਾ; ਵਰਗ, ਵਰਣ, ਜਾਤੀ; ਸਮਾਜ, ਮੰਡਲੀ, ਸੰਗਤ, ਸਮੂਹ ਜਨ; ਹੁੰਡੀ, ਰੁੱਕਾ, ਚਿੱਠੀ, ਪੱਤਰ; *v. t.* ਸਜਾਉਣਾ, ਕ੍ਰਮ ਨਾਲ ਰੱਖਣਾ; ਚਲਾਉਣਾ, ਨਿਭਾਉਣਾ, ਨਿਰਬਾਹ ਕ॰; ਹੁਕਮ ਕ॰ ਜਾਂ ਦੇਣਾ।

Ordering, *n.* ਔਰਡਰਿੰਗ—ਵੰਡ, ਪ੍ਰਬੰਧ।

Orderly, *n.* ਔਰਡਰਲੀ—ਅਰਦਲੀ, *a.* ਠੀਕ, ਦਰੁਸਤ, ਸਮ, ਸਡੌਲ; ਸੁਲਹ ਪਸੰਦ, ਸ਼ਾਂਤੀ ਇੱਛੁਕ; ਨੌਕਰੀ ਪੁਰ ਲੱਗਿਆ ਹੋਇਆ।

Ordinal, *a.* ਔਰਡੀਨਲ—ਕ੍ਰਮ ਸੂਚਕ, ਕ੍ਰਮ ਵਾਚਕ, ਕ੍ਰਮਿਕ; *n.* ਵਿਧੀ ਸੰਗ੍ਰਹ, ਧਰਮ ਪੱਧਤੀ।

Ordinance, *n.* ਔਰਡੀਨੈਂਸ—ਸ਼ਾਸਤ੍ਰ ਵਿਧਾਨ, ਮਰਯਾਦਾ, ਸੂਤਰ ਨਿਯਮ, ਵਿਧੀ, ਆਦੇਸ਼, ਵਿਵਸਥਾ, ਨਿਯੋਜਨ, ਰੀਤ, ਰਸਮ।

Ordinances, *n. pl.* ਔਰਡੀਨੈਂਸਿਜ਼—ਕਰਤੱਵਯ, ਫ਼ਰਾਇਜ਼, ਆਗਯਾਏਂ, ਅਹਕਾਮ।

Ordinant, *a.* ਔਰਡੀਨੈਂਟ—ਨਿਯਤ ਕਰਨ ਵਾਲਾ, ਹੁਕਮ ਕਰਨ ਵਾਲਾ।

Ordinary, *a.* ਔਰਡੀਨੇਰੀ—ਸਾਧਾਰਣ, ਸਾਮਾਨਯ ਲੋਕ, ਪਰਸਿੱਧ; ਅਸੁੰਦਰ, ਮਾਮੂਲੀ,

ਅਧਮ, ਨੀਚ; *n.* ਧਰਮ ਅਧਸਰਬ, ਸਾਧਾਰਣ ਭੋਜਨ ਸ਼ਾਲਾ, ਸਾਮਾਨਜ ਭੋਜਨ ਸਥਾਨ।

Ordinarily, *adv.* ਔਰਡੀਨੈਰੀਲੀ-ਅਕਸਰ ਕਰਕੇ, ਸਾਮਾਨਜ ਰੂਪ ਨਾਲ, ਬਹੁਤ ਕਰਕੇ।

Ordinate, *a.* ਔਰਡੀਨੇਟ-ਕ੍ਰਮਿਕ, ਯਥਾਕ੍ਰਮ।

Ordination, *n.* ਔਰਡੀਨੇਸ਼ਨ-ਵਿਧਾਨ, ਵਿਵਸਥਾਪਨ, ਨਿਯੋਜਨ; ਪਾਦਰੀ ਬਨਾਉਨ ਦਾ ਸੰਸਕਾਰ।

Ordnance, *n.* ਔਰਡਨੈਂਸ-ਤੋਪਾਂ, ਤੋਪਖ਼ਾਨਾ, ਜੁਧ ਜਾਂ ਲੜਾਈ ਦਾ ਸਾਮਾਨ।

Ordure, *n.* ਔਰਡ੍ਯੂਰ-ਗੂੰਹ, ਮਲ, ਮੈਲ, ਵਿਸ਼ਟਾ

Ore, *n.* ਓਰ-ਕੱਚੀ ਧਾਤ, ਉਹ ਧਾਤ ਜੋ ਸੋਧੀ ਨਾ ਹੋਵੇ।

Oread, *n.* ਓਰੀਅਡ-ਪਰਬਤੀ ਦੇਵੀ, ਪਾਰਬਤੀ

Organ, *n.* ਔਰਗਨ-ਸੁਭਾਵਿਕ ਕਰਮ ਸਾਧਨ; ਇੱਕ ਪ੍ਰਕਾਰ ਦਾ ਵਾਜਾ; ਇੰਦਰੀ, ਅੰਗ, ਉਬਦ; ਰੰਙ, ਔਜ਼ਾਰ; ਦਾਸਤਾ।

Organic, *a.* ਔਰਗੈਨਿਕ-ਇੰਦਰੀਮਯ, ਇੰਦਰੀ ਥੀਂ ਉਤਪੰਨ ਹੋਇਆ ਹੋਇਆ।

Organically, *adv.* ਔਰਗੈਨੀਕਲੀ-ਇੰਦਰੀਆਂ ਦੁਆਰਾ

Organist, *n.* ਔਰਗੈਨਿਸਟ—ਔਰਗਨ ਵਾਜਾ ਵਜਾਉਨ ਵਾਲਾ।

Organism, Organization, *n.* ਔਰਗੈਨਿਜ਼ਮ, ਔਰਗੈਨੀਜ਼ੇਸ਼ਨ-ਸਾਂਗੋ ਉਪਾਂਗ ਨਿਰਮਤ ਨਿਰਮਾਨ, ਰਚਨਾ, ਬਨਾਵਟ, ਤਰਕੀਬ।

Organize, *v. t.* ਔਰਗੇਨਾਇਜ਼-ਇੰਦਰੀ ਯੁਕਤ ਕ॰ ਬਨਾਉਨਾ, ਰਚਨਾ, ਨਿਰਮਾਨ ਕ॰, ਤਰਤੀਬ ਦੇਨਾ।

Organology, *n.* ਔਰਗੈਨੋਲੋਜੀ-ਅੰਗ ਵਿਦਜਾ

Organon, Organum, *n.* ਔਰਗੈਨਨ ਔਰਗੈਨਮ—ਨੇਮ, ਮਰਯਾਦਾ, ਦਸਤੂਰ।

Orgasm, *n.* ਔਰਗੈਜ਼ਮ—ਮਨੋਵਿਕਾਰ, ਮਨੋਰਾਗ, ਜੋਸ਼, ਗਰਮੀ।

Orgies, *n.* ਔਰਜੀਜ਼-ਭੰਡ, ਮਖ਼ੌਲੀਆ; ਰੰਗਰਸ, ਮਤਵਾਲਾ ਜਾਂ ਬਦਮਸਤ ਜਨ।

Orgillous, *a.* ਔਰਜੀਲਸ-ਅਹੰਕਾਰੀ, ਘੁਮੰਡੀ ਅਭਿਮਾਨੀ, ਮਗ਼ਰੂਰ।

Oriel, Oriol, *n.* ਓਰੀਐਲ, ਓਰੀਓਲ-ਬਰਾਮਦਾ, ਬਾਸਰਾ; ਆਲਾ, ਸ਼ਾਲਾ, ਤਾਕ।

Orient, *a.* ਓਰੀਐਂਟ-ਸੂਰਜ ਸਮਾਨ ਉਦਯ, ਚਮਕੀਲਾ, ਦੀਪਤਿਮਾਨ; ਪੂਰਬੀ, ਮਸ਼ਰਕੀ; *n.* ਪੂਰਬ ਦਿਸ਼ਾ, ਮਸ਼ਰਕ, ਚੜ੍ਹਦਾ।

Oriental, *a.* ਓਰੀਐਨਟਲ—ਪੂਰਬੀ, ਪੂਰਬ ਦੇਸ਼ ਦਾ, ਮਸ਼ਰਕੀ।

Orientalism, *n.* ਓਰੀਐਨਟਲਇਜ਼ਮ-ਪੂਰਬ ਦੇਸ਼ ਦੀ ਵਾਗਧਾਰਾ (ਮੁਹਾਵਰਾਤ)।

Orientalist, *n.* ਓਰੀਐਨਟਲਇਸਟ—ਪੂਰਬ ਦੇਸ਼ ਵਾਸੀ, ਪੂਰਬ ਦੇਸ਼ ਦੀ ਭਾਸ਼ਾ ਜਾਂ ਬੋਲੀ ਜਾਨਣ ਵਾਲਾ।

Orifice, *n.* ਓਰੀਫ਼ਿਸ—ਮੁਖ, ਛਿੱਦਰ, ਛੇਦ, ਛੇਕ, ਦਰਾਰ, ਸੁਰਾਖ਼।

Origin, *n.* ਓਰੀਜਨ-ਆਰੰਭ, ਮੂਲ, ਆਦਿ, ਸ਼ੁਰੂ; ਯੋਨੀ, ਜੜ ਆਦਿ ਕਾਰਣ, ਅਸਲ ਉਤਪੱਤੀ, ਵੰਸ਼, ਕੁਲ, ਘਰਾਨਾ।

Original, *n.* ਓਰਿਜਨਲ-ਉਤਪੱਤੀ ਸਥਾਨ; ਪ੍ਰਥਮ, ਮੂਲਿਕ, ਪਹਿਲਾ, ਪੂਰਵ ਕਾਲ ਦਾ, ਅਸਲੀ, ਜਿਗਰੀ, ਅਗਲਾ।

Originally, *adv.* ਓਰਿਜਨਲੀ—ਪਰਥਮ, ਪਹਿਲੇ; ਅਸਲ ਵਿਚ।

Originate, *v. t.* ਓਰਿਜੀਨੇਟ-ਉਤਪੰਨ ਕ॰, ਨਿਕਾਲਨਾ, ਬਨਾਉਨਾ; *v. i.* ਨਿਕਲਨਾ, ਹੋਨਾ, ਜੰਮਨਾ, ਆਰੰਭ ਯਾ ਸ਼ੁਰੂ ਹੋਨਾ।

Origination, *n.* ਓਰਿਜੀਨੇਸ਼ਨ-ਆਰੰਭ, ਸ਼ੁਰੂ, ਉਤਪੱਤੀ, ਪੈਦਾਇਸ਼।

Originator, *n.* ਓਰਿਜੀਨੇਟਰ-ਮੂਲ ਥੀਂ ਉਤਪੰਨ ਕਰਨ ਵਾਲਾ, ਕਰਤਾ, ਬਾਨੀ।

Orison, *n.* ਓਰੀਜ਼ਨ-ਪ੍ਰਾਰਥਨਾ, ਨਮਾਜ਼, ਪੂਜਾ।

Orlop, *n.* ਓਰਲੋਪ-ਜਹਾਜ਼ ਦੇ ਹੇਠਲੀ ਛੱਤ।

Ornament, *n*, ਔਰਨੇਮੈਂਟ-ਅਲੰਕਾਰ, ਸ਼ੋਭਾ; ਗਹਨਾ, ਭੂਸ਼ਨ, ਜ਼ੇਵਰ; ਬਨਾਓ, ਸ਼ਿੰਗਾਰ, ਖ਼ੂਬਸੂਰਤੀ; *v. t.* ਸ਼ੋਭਤ ਕ॰, ਸੰਵਾਰਨਾ, ਬਨਾਉਨਾ, ਸ਼ੋਭਾਯਮਾਨ ਕ॰।

Ornamental, *a.* ਔਰਨੇਮੈਨਟਲ-ਸ਼ੋਭਾਦਾਯਕ, ਅਲੰਕਾਰਕ, ਖ਼ੁਸ਼ਨੁਮਾ, ਜ਼ੇਬਾਇਸ਼ੀ।

Ornate, *a.* ਔਰਨੇਟ-ਸੁੰਦਰ, ਅਲੰਕ੍ਰਿਤ, ਸੁਸ਼ੋਭਿਤ, ਸੋਹਣਾ ਲੱਗਨ ਵਾਲਾ, ਆਰਾਸਤਾ।

Ornature, *n.* ਔਰਨੇਟੁਰ—ਸ਼ੋਭਾ, ਸ਼ਿੰਗਾਰ, ਸੰਵਾਰ, ਅਲੰਕਾਰ।

Ornithologist, *n.* ਔਰਨੀਥੋਲੋਜਿਸਟ-ਪੰਛੀ ਸ਼ਾਸਤ੍ਰੀ, ਪੰਛੀਆਂ ਦੀ ਵਿੱਦਜਾ ਜਾਨਣ ਵਾਲਾ।

Ornithology, *n.* ਔਰਨੀਥੋਲੋਜੀ-ਪੰਛੀ ਸ਼ਾਸਤ੍ਰ, ਪੰਛੀਆਂ ਦੀ ਵਿੱਦਯਾ ।

Orphan, *n.* ਔਰਫਨ-ਮਾਂ ਪਿਓ ਮਿਹੱਟਰ, ਉਹ ਬਾਲਕ ਜਿਸਦਾ ਮਾਂ ਪਿਓ ਨਾ ਹੋਵੇ; *n.* ਮਾਤਾ ਪਿਤਾ ਹੀਨ, ਅਨਾਥ, ਯਤੀਮ ।

Orphanage, *n.* ਔਰਫੇਨੇਜ—ਅਨਾਥਾਲਯ, ਯਤੀਮਖ਼ਾਨਾ, ਅਨਾਥਾਂ ਦੇ ਪਾਲਨ ਦਾ ਘਰ ।

Orphanage, Orphanhood, Orphanism, *n.* ਔਰਫਨੇਜ, ਔਰਫਨਹੁਡ, ਔਰਫਨਇਜ਼ਮ—ਅਨਾਥਪਨਾ, ਯਤੀਮੀ ।

Orphand, *a.* ਔਰਫੰਡ-ਅਨਾਥ, ਯਤੀਮ, ਬੇਕਸ ।

Orpiment, *n.* ਔਰਪੀਮੈਂਟ-ਹਰਤਾਲ, ਹਰਤਾਲਕਾ, ਮੈਨਫਲ, ਜ਼ਰਨੀਖ ।

Ort, *n.* ਓਰਟ-ਛਾਂਟ, ਮੈਲ, ਟੁਕੜਾ, ਰੱਦੀ ।

Orthodox, *a.* ਔਰਥੋਡੋਕਸ-ਸੱਚਾ, ਕੱਟਾ, ਪੱਕਾ, ਸਾਦਿਕ, ਰਾਸਖ਼ਉਲ ਇਤਕਾਦ ।

Orthodoxy, *n.* ਔਰਥੋਡੋਕਸੀ—ਕੱਟਾਪਨ, ਸੱਚਾਈ, ਹਕ ।

Ortheopy, *n.* ਔਰਥੀਓਪੀ-ਸ਼ੁੱਧ ਉੱਚਾਰਣ ਵਿਦਯਾ, ਇਲਮੇ ਹਿਜਾ ਯਾ ਤਲੱਫ਼ੁਜ਼ ।

Orthography, *n.* ਔਰਥੋਗਰਾਫੀ-ਅਛਰੌਤੀ, ਸ਼ੁੱਧ ਅੱਖਰ ਵਿਗਯਾਨ ।

Orthopnoea, Orthopny, *n.* ਔਰਥੋਪਨੀਆ, ਔਰਥੋਪਨੀ—ਛੇਫੜੇ ਦਾ ਇਕ ਰੋਗ ।

Oscillate, *v. i.* ਔਸਸੀਲੇਟ-ਝੂਲਨਾ, ਝੂਟੇ ਲੈਣੇ, ਲਟਕਨਾ, ਹਿਲਨਾ ।

Oscillation, *n.* ਔਸਸੀਲੇਸ਼ਨ-ਝੁਲਾਓ, ਝੂਟਾ।

Oscillatory, *a.* ਔਸਸੀਲੇਟੋਰੀ-ਝੂਮਦਾ ਯਾ ਝੂਲਦਾ ਹੋਇਆ, ਝੌਂਕੇ ਖਾਂਦਾ ਹੋਇਆ।

Oscitant, *a.* ਔਸਸੀਟੈਂਟ-ਉੱਘਾਸਾ, ਨਿੰਦਰਾਲੂ, ਨਿੰਦਾਸਾ, ਸੁਸਤ, ਉਬਾਸੀ ਲੈਂਦਾ ਹੋਯਾ।

Osculate, *v. t.* ਔਸਕੂਲੇਟ-ਚੁੱਮਨਾ, ਬੋਸਾ ਲੈਨਾ, ਚੁਮੀਂ ਲੈਣੀ ।

Osculation, *n.* ਔਸਕੁਲੇਸ਼ਨ-ਬੋਸਾ, ਚੁੱਮੀਂ ।

Osculatory, *n.* ਔਸਕੁਲੇਟੋਰੀ-ਚੁਮਨ ਵਾਲਾ।

Osier, *n.* ਓਜ਼ੀਅਰ-ਬੈਦ ਜਿਸਦੀਆਂ ਟੋਕਰੀਆਂ ਬੁਨੀਆਂ ਜਾਂਦੀਆਂ ਹਨ ।

Osmazome, *n.* ਔਸਮੇਜ਼ੋਮ-ਮਾਂਸ ਦਾ ਸਤ, ਜੌਹਰ ਮਾਹੁਲਲਹਮ ।

Osselet, *n.* ਓਸੀਲੇਟ-ਹੱਡੀ, ਅਸਥੀ ।

Osseous, *a.* ਔਸਸੀਅਸ—ਹੱਡੀ ਜੇਹਾ, ਹੱਡੀ ਦਾ, ਅਸਥੀਮਯ ।

Ossicle, *n.* ਔਸਸੀਕਲ-ਇਕ ਛੋਟੀ ਹੱਡੀ ।

Ossific, *a.* ਔਸਸੀਫਿਕ-ਹੱਡੀ ਬਨਾਉਨ ਦੀ ਸ਼ਕਤੀ ਵਾਲਾ ।

Ossify, *v. i.* ਔਸੀਫ਼ਾਈ-ਹੱਡੀ ਬੰਨ੍ਹਣੀ; *v.t.* ਹੱਡੀ ਬਨਾਉਣੀ ।

Ossivorous, *a.* ਔਸਸੀਵੋਰਸ-ਹੱਡੀ ਖਾਨ ਵਾਲਾ ।

Ossuary, *n.* ਔਸਸੂਅਰੀ—ਹੱਡੀਆਂ ਰੱਖਨ ਦੀ ਜਗਾਹ ।

Ostenible, Ostensive, *a.* ਔਸਟੈਨਸੀਬਲ, ਔਸਟੈਨਸਿਵ—ਪਰਤੱਖ, ਸਪਸ਼ਟ, ਪਰਗਟ, ਦਿਖਾਏ ਜਾਨ ਦੇ ਜੋਗ, ਖੁੱਲਾ, ਜ਼ਾਹਿਰ ।

Ostent, *n.* ਔਸਟੈਂਟ-ਰੂਪ, ਆਕਾਰ, ਪਰਕਾਰ, ਰੀਤੀ, ਢਬ, ਦਿਖਾਵਾ, ਅਸ਼ੁਭ ਲੱਛਨ ।

Ostentation, Ostentaciousness, *n.* ਔਸਟੈਨਟੇਸ਼ਨ, ਔਸਟੇਨਸ਼ੀਅਸਨੈਸ—ਦਿਖਾਵਾ, ਆਡੰਬਰ, ਨੁਮਾਇਸ਼, ਟੀਪਟਾਪ ।

Ostentatious, *a.* ਔਸਟੈਨਟੇਸ਼ੀਅਸ-ਦੰਭੀ, ਆਡੰਬਰੀ, ਨਮੂਦੀਆ, ਫ਼ਾਕਾਮਸਤ ।

Osteology, *n.* ਔਸਟੀਔਲੋਜੀ-ਅਸਥੀ ਵਰਨਣ, ਹੱਡੀਆਂ ਦਾ ਕਥਨ, ਹਡ ਵਰਨਣ ।

Ostiary, *n.* ਔਸਟੀਅਰੀ-ਨਦੀ ਦਾ ਮੁਹਾਨਾ, ਨਦੀ ਦਾ ਸੰਗਮ ।

Ostracism, *n.* ਔਸਟਰਾਸਿਜ਼ਮ-ਦੇਸ਼ਨਿਕਾਲਾ, ਜਲਾਵਤਨੀ, ਸ਼ਹਰਬਦਰੀ ।

Ostracize, *v. t.* ਔਸਟਰਾਸਿਜ਼-ਦੇਸਨਿਕਾਲਾ ਦੇਨਾ, ਜਲਾਵਤਨ ਕ੦, ਸ਼ਹਰ ਥੋਂ ਕੱਢ ਦੇਨਾ ।

Ostrich, *n.* ਔਸਟਰਿਚ-ਸ਼ੁਤਰਮੁਰਗ ।

Otacoustic, *n.* ਔਟਾਕੌਸਟਿਕ-ਇਕ ਜੰਤਰ ਜਿਸ ਦੁਆਰਾ ਸੌਖ ਨਾਲ ਸੁਨ ਸੱਕੀਦਾ ਹੈ ।

Other, *a.* ਅਦਰ-ਦੂਜਾ, ਦੂਸਰਾ; ਹੋਰ, ਔਰ ।

Otherwise, *adv.* ਅਦਰਵਾਇਜ਼-ਅਥਵਾ, ਨਹੀਂ ਤਾਂ, ਹੋਰ ਤਰਾਂ, ਦੂਜੀ ਤਰਾਂ ।

Ottar, Otto, *n.* ਓਟਰ, ਓਟੋ—ਇਤਰ ।

Otter, *n.* ਓਟਰ-ਊਦਬਲਾਓ, ਜਲਮਾਰਜਾਰ ।

Ottoman, *n.* ਓਟੋਮੈਨ-ਤੁਰਕ; *a.* ਤੁਰਕੀ, ਰੂਮੀ ।

Ouch, *n.* ਔਚ—ਮੁੰਦਰੀ ਵਿੱਚ ਨਗ ਲਗਾਉਣ ਦੀ ਥਾਂ, ਥੀਆ; ਰਤਨਾਂ ਦੀ ਜ਼ੰਜੀਰ ਜਾ ਪੱਟਾ।

Ought, *prep.* ਔਟ-ਚਾਹੀਏ ।

Ounce, *n.* ਔਂਸ-ਅੱਧੀ ਛਟਾਂਕ; ਤੇਂਦੂਆ।

Our, Ours, *pron.* ਅਵਰ, ਅਵਰਜ਼—ਹਮਾਰਾ, ਹਮਾਰੀ, ਸਾਡਾ, ਸਾਡੀ, ਹਮ ਲੋਗੋਂ ਕਾ, ਹਮ ਲੋਗੋਂ ਕੀ, ਹਮ ਸਭੋਂ ਕੀ, ਅਪਨਾ, ਅਸਾਡਾ, ਅਸਾਡੀ ।

Ourself, *pron.* ਅਵਰਸੈਲਫ਼-ਅਪਨੇ ਆਪਨੂੰ, ਅਪਨੇ ਤਾਈਂ; *pl.* Ourselves.

Oust, *v. t.* ਔਸਟ-ਕੱਢਨਾ, ਨਿਕਾਲਨਾ, ਹਟਾਉਣਾ; ਖੋਹ ਲੈਨਾ, ਲੈ ਲੈਨਾ ।

Ouster, *n.* ਔਸਟਰ-ਨਿਕਾਲ, ਨਿਕਾਸਨ ।

Out, *adv.* ਔਟ-ਬਾਹਰ, ਘਰ ਵਿੱਚ ਨਹੀਂ, ਘਰ ਦੇ ਬਾਹਰ; ਅੰਤ, ਸਮਾਪਤੀ; ਤਕ; ਉੱਚੇ ਬੋਲ ਜਾ ਸਵਰ ਨਾਲ; ਘਬਰਾਇਆ ਹੋਇਆ; ਭੁੱਲ ਜਾ ਭੁਲੇਖੇ ਵਿੱਚ; ਅੰਤ ਤਕ; ਦੂਰ, ਪਰੇ; ਮਾਰਿਆ ਹੋਇਆ; ਪੂਰਾ, ਸਰਾਸਰ; *v. t.* ਨਿਕਾਲਨਾ, ਕੱਢ ਦੇਨਾ, ਖ਼ਾਰਿਜ ਕ०, ਬਾਹਰ ਕ० ਜਾ ਕੱਢਨਾਂ; *Int.* ਦੂਰ ਹੋ, ਨਿਕਲ ਜਾ, ਚਲਾ ਜਾ, ਬਾਹਰ ਹੋ; *n.* ਖੁੱਲਾ ਮੈਦਾਨ ।

Outact, *v. t* ਔਟਐਕਟ-ਵਿਤ ਜਾ ਹੱਦ ਥੀਂ ਵੱਧ ਕ० ।

Outbalance, *v. i.* ਔਟਬੈਲੈਂਸ-ਭਾਰ ਜਾ ਪਰਭਾਵ ਵਿਚ ਅਧਿਕ ਹੋਨਾ ।

Outbar, *v. t.* ਔਟਬਾਰ—ਰੋਕ ਦੇਨਾ, ਆੜ ਲਗਾਉਣੀ ।

Outbid, *v. t.* ਔਟਬਿਡ-ਦੂਜੇ ਥੀਂ ਵਧਕੇ ਬੋਲੀ ਦੇਨੀ, ਵਧੀਕ ਬੋਲੀ ਦਨੀ, ਵਧਨਾ ।

Outblown, *a.* ਔਟਬਲੋਨ-ਫੁਲਿਆ ਹੋਇਆ, ਹਵਾ ਨਾਲ ਭਰਿਆ ਹੋਇਆ, ਉਭਰਿਆ ਹੋਯਾ

Outbound, *a.* ਔਟਬੌਂਡ-ਦੂਜੇ ਦਸ਼ ਨੂੰ ਜਾਨ ਵਾਲਾ ।

Outbrave, *v. t.* ਔਟਬਰੇਵ-ਦਬਾਉਣਾ, ਪਛਾੜਨਾ, ਵਧਕਾਉਣਾ, ਧਮਕਾਉਣਾ ।

Outbreak, *n.* ਔਟਬਰੇਕ-ਗਦਰ, ਬਲਵਾ, ਫ਼ਸਾਦ, ਜੋਸ਼, ਹੰਗਾਮਾ ।

Outbreathe, *v. t.* ਔਟਬਰੀਦ-ਬੇਦਮ ਕ०, ਸਵਾਸਹੀਨ ਕ० ।

Outbud, *v. i.* ਔਟਬਡ—ਡਾਲੀ ਨਿਕਲਨਾ, ਕਲੀ ਫੁੱਟਨੀ ।

Outcast, *a.* ਔਟਕਾਸਟ-ਪਤਿਤ, ਕੱਢਿਆ ਹੋਇਆ; *n.* ਅਪਨੇ ਦੇਸ਼ ਜਾ ਜਾਤੀ ਥੀਂ ਕੱਢਿਆ ਹੋਇਆ ਆਦਮੀ ।

Outcompass, *v. i.* ਔਟਕਮਪਾਸ-ਹੱਦ ਥੀਂ ਵੱਧ ਹੋਨਾ ।

Outcry, *n.* ਔਟਕਰਾਈ-ਚਿੱਲਾਹਟ, ਕੋਲਾਹਲ, ਦੁਹਾਈ, ਹਾਲ ਪੁਕਾਰ, ਸ਼ੋਰੋ ਸ਼ਰ ।

Outdate, *v. t.* ਔਟਡੇਟ-ਅਪਰਚਲਿਤ ਕ०, ਬਿਨ ਚਲਨ ਕ० ।

Outdazzle, *v. t.* ਔਟਡੈਜ਼ਲ—ਮੰਦ ਕ०, ਬੇਰੌਨਕ ਹ० ।

Outdo, *v. t.* ਔਟਡੂ-ਵਧ ਜਾਨਾ; ਕੰਨ ਕਟਨਾ, ਛੱਕੇ ਛੁਡਾਉਣਾ, ਸਬਕਤ ਲੈਜਾਨਾ ।

Outdoor, *a.* ਔਟਡੋਰ-ਬਾਹਰ ਦਾ ।

Outdraw, *v. t* ਔਟਡਰਾ-ਬਾਹਰ ਕੱਢਨਾ ।

Outdwell, *v. t.* ਔਟਡਵੈਲ—ਅਧਿਕ ਕਾਲ ਤਕ ਰਹਨਾ ਜਾ ਟਿਕਨਾ ।

Outer, *adv.* ਔਟਰ-ਬਾਹਰ ਵਾਲਾ; ਬੈਰੂਨੀ ।

Outface, *v. t.* ਔਟਫ਼ੇਸ—ਸਾਹਮਨਾ ਕ०; ਹਰਾਉਣਾ, ਹਰਾ ਦੇਨਾ, ਮੂੰਹ ਭਨ ਦੇਨਾ ।

Outfit, *n.* ਔਟਫ਼ਿਟ-ਸਫ਼ਰ ਖ਼ਰਚ, ਜਾਤਰਾ ਦੀ ਸਾਮਿੱਗਰੀ ।

Outfly, *v. t.* ਔਟਫ਼ਲਾਈ-ਦੂਜੇ ਥੀਂ ਵੱਧ ਉੱਡਨਾ ।

Outform, *n.* ਔਟਫ਼ੋਰਮ-ਬਾਹਰ ਰੂਪ, ਬਾਹਰੀ ਆਕਾਰ ।

Outgage, *n.* ਔਟਗੇਗ—ਬਾਹਰੀ ਫਾਟਕ, ਡਿਓੜ੍ਹੀ ।

Outgive, *v. t.* ਔਟਗਿਵ-ਵੱਧ ਦੇਨਾ ।

Outgo, *v. t.* ਔਟਗੋ-ਵਧ ਜਾਨਾ, ਦੂਜੇ ਨਾਲੋਂ ਅੱਗੇ ਜਾਨਾ, ਪਕੜ ਲੈਨਾ, ਘੇਰ ਲੈਨਾ ।

Outgrow, *v. t.* ਔਟਗਰੋ-ਵਧ ਜਾਨਾ; ਵਰਤਨ ਜੋਗ ਨ ਰਹਨਾ, ਉਮਰਾਂ ਵਿਚ ਉਤਰ ਜਾਨਾ

Out-house, *n.* ਔਟਹਾਉਸ-ਨੌਕਰਾਂ ਜਾ ਸ਼ਾਗਿਰ ਪੇਸ਼ੇ ਦਾ ਘਰ ।

Outjest, *v. t.* ਔਟਜੈਸਟ—ਹਾਂਸੀ ਜਾ ਠੱਠੇ ਨਾਲ ਜਿੱਤ ਲੈਣਾ ।

Outlandish, *a.* ਔਟਲੈਨਡਿਸ਼-ਬਦੇਸ਼ੀ, ਪਰਦੇਸੀ, ਦੂਜੇ ਦੇਸ ਦਾ; ਅਨੋਖਾ ।

Outlast, *v. t.* ਔਟਲਾਸਟ-ਅਧਿਕ ਟਿਕਣਾ ਜਾ ਠਹਰਨਾ; ਬਹੁਤ ਚਲਨਾ ।

Outlaw, *n.* ਔਟਲਾ-ਉਹ ਆਦਮੀ ਜਿਸ ਪੁਰ ਰਾਜਾ ਦੀ ਰੱਖਯਾ ਨਾ ਹੋਵੇ; *v. t.* ਰਾਜਾ ਦੀ ਰੱਖਯਾ ਜਾ ਕਾਨੂੰਨ ਦੀ ਸਹਾਇਤਾ ਥੀਂ ਬਾਹਰ ਕਰਨਾ ।

Outlay, *n.* ਔਟਲੇ-ਉਠਾਉ, ਖਰਚ, ਵਯ ।

Outleap, *n.* ਔਟਲੀਪ-ਭਾਜੜ, ਭਗਾਓ ।

Outlet, *n.* ਔਟਲੈਟ-ਨਿਕਾਸ, ਨਿਕਾਲ; ਬਾਹਰ-ਰੌ, ਨਿਕਲਨ ਦੀ ਥਾਂ ਜਾ ਰਾਹ ।

Outlie, *v. t.* ਔਟਲਾਈ—ਝੂਠ ਬੋਲਨ ਵਿੱਚ ਵਧ ਜਾਣਾ ।

Outline, *n.* ਔਟਲਾਇਨ-ਨਕਸ਼ਾ, ਖਾਕਾ, ਢਾਂਚਾ; ਚੌਖਟਾ; ਬਾਹਰ ਦੀ ਰੇਖਾ, ਮੁਸੱਵਦਾ ।

Outlive, *v. t.* ਔਟਲਿਵ—ਕਿਸੇ ਕਾਲ ਦੇ ਪਿੱਛੋਂ ਤੀਕ ਜੀਉਂਦੇ ਰੈਹਨਾ, ਵਧੀਕ ਜੀਊਨਾ; ਚੰਗਾ ਜੀਵਨ ਬਿਤਾਉਨਾ; ਕਿਸੇ ਚੰਗੇ ਕੰਮ ਲਈ ਜੀਉਂਦੇ ਰੈਹਨਾ ।

Outlook, *v.t.* ਔਟਲੁਕ-ਧਮਕਾਉਨਾ, ਡਾਂਟਨਾ, ਅੱਖਾਂ ਵਿਖਾਉਨੀਆਂ; *n.* ਚੌਕਸਾਈ, ਖ਼ਬਰਦਾਰੀ, ਹੁਸ਼ਿਆਰੀ; ਤਮਾਸ਼ਾ, ਦੀਦ ।

Outlying, *a.* ਔਟਲਾਇੰਗ-ਦੂਰ ਪਿਆ ਹੋਯਾ, ਬਾਹਰ ।

Outmatch, *v. i.* ਔਟਮੈਚ—ਅੱਗੇ ਨਿਕਲ ਜਾਣਾ, ਚਾਲ ਵਿਚ ਪਿੱਛੇ ਛੱਡ ਜਾਣਾ ।

Outmeasure, *v. i.* ਔਟਮੇਯਰ-ਮਾਪ ਜਾ ਵਿਸਤਾਰ ਵਿਚ ਅਧਿਕ ਹੋਣਾ ।

Outnumber, *v. i.* ਔਟਨੰਬਰ-ਅਧਿਕ ਹੋਣਾ, ਵਧਨਾ, ਗਿਣਤੀ ਵਿੱਚ ਵਧ ਜਾਣਾ ।

Outpace, *v. t.* ਔਟਪੇਸ-ਪਿੱਛੇ ਛੱਡਣਾ ।

Outporch, *n.* ਔਟਪੋਰਚ-ਡਿਓੜ੍ਹੀ, ਦਵਾਰ ।

Outport, *n.* ਔਟਪੋਰਟ—ਸ਼ਹਰ ਥੀਂ ਦੂਰ ਦਾ ਬੰਦਰਗਾਹ, ਬੰਦਰਗਾਹ ਜੋ ਹੱਦ ਪਰ ਹੋਨ ।

Outpost, *n.* ਔਟਪੋਸਟ-ਸੈਨਾ ਦਾ ਬਾਹਰ ਦਾ ਮਕਾਨ, ਦੂਰ ਦੀ ਚੌਕੀ ।

Outpour, *v. t.* ਔਟਪੋਰ—ਛਲਕਾਉਣਾ, ਉਧੇਲਨਾ ।

Outpray, *v. t.* ਔਟਪਰੇ—ਈਸ਼੍ਵਰ ਪ੍ਰਾਰਥਨਾ ਜਾ ਤਪ ਵਿਚ ਅਧਿਕ ਹੋਣਾ ।

Outpreach, *v. t.* ਔਟਪ੍ਰੀਚ-ਉਪਦੇਸ਼ ਦੇਣ ਵਿੱਚ ਵਧ ਜਾਣਾ ।

Outrage, *n.* ਔਟਰੇਜ-ਅਨਿਆਯ, ਅੱਤਿਆਚਾਰ, ਉਪੱਦਰ, ਅੰਧੇਰ; *v. t.* ਉਪੱਦਰ ਜਾ ਅੱਤਿਆਚਾਰ ਕ੦; ਬਿਗਾੜ ਦੇਣਾ, ਭ੍ਰਸ਼ਟ ਕ੦ ।

Outrageous, *a.* ਔਟਰੇਜੀਅਸ-ਉਚੰਡ, ਜਲਦਾ ਜਾ ਸੜਦਾ ਹੋਇਆ ।

Outraze, *v. t.* ਔਟਰੇਜ਼-ਨਿਰਮੂਲ ਕ੦, ਜੜ੍ਹ ਥੀਂ ਉਖਾੜਨਾ ਜਾ ਪੁੱਟਣਾ ।

Outre, *a.* ਔਟਰ-ਬੇਹੰਦ; ਅਨੋਖਾ, ਨਿਰਾਲਾ ।

Outreach, *v. t.* ਔਟਰੀਚ—ਅੱਗੇ ਨਿਕਲ ਜਾਣਾ, ਵਧਨਾ ।

Outreason, *v. i.* ਔਟਰੀਜ਼ਨ—ਤਰਕ ਜਾ ਵਿਚਾਰ ਵਿਚ ਉਤਕ੍ਰਿਸ਼ਟ ਹੋਣਾ ਜਾ ਵਧਨਾ ।

Outreign, *v. t.* ਔਟਰੇਨ-ਰਾਜ ਕਰਨ ਵਿੱਚ ਵਧਨਾ ਜਾ ਤਰੱਕੀ ਕਰਨੀ ।

Outride, *v. t.* ਔਟਰਾਇਡ-ਘੋੜੇ ਪੁਰ ਚੜ੍ਹਕੇ ਅੱਗੇ ਨਿਕਲ ਜਾਣਾ; ਘੋੜੇ ਪੁਰ ਚੜ੍ਹਕੇ ਇੱਧਰ ਉੱਧਰ ਫਿਰਨਾ ।

Outright, *adv.* ਔਟਰਾਈਟ-ਸੰਪੂਰਣ ਰੂਪ ਨਾਲ, ਪੂਰਾ; ਤਤਕਾਲ, ਤੁਰੰਤ, ਝੁਟਤ ।

Outrival, *v. t.* ਔਟਰੀਵਲ-ਵਧ ਜਾਣਾ ।

Outroot, *v. t.* ਔਟਰੂਟ-ਨਿਰਮੂਲ ਕ੦, ਮੇਟ ਦੇਣਾ, ਨਿਸ਼ਾਨ ਮਿਟਾਉਨਾ, ਉਖਾੜਨਾ, ਉਜਾੜਨਾ ।

Outrun, *v. t.* ਔਟਰਨ—ਵੱਧ ਦੌੜਨਾ, ਅੱਗੇ ਨਿਕਲ ਜਾਣਾ ।

Outsell, *v. t.* ਔਟਸੈਲ—ਵਧੀਕ ਮੁਲ ਪੁਰ ਵੇਚਨਾ, ਅਧਿਕ ਮੁੱਲ ਪਾਉਨਾ, ਵੱਧ ਵੱਟਣਾ ।

Outset, *n.* ਔਟਸੈਟ-ਆਰੰਭ, ਆਦਿ, ਸ਼ੁਰੂ ।

Outshut, *v. t.* ਔਟਸ਼ਟ—ਕੱਢਨਾ, ਨਿਕਾਲ ਦੇਣਾ, ਖ਼ਾਰਿਜ ਕ੦, ਮਾਹਰੂਮ ਕ੦ ।

Outside, *n.* ਔਟਸਾਇਡ-ਬਾਹਰ, ਬਾਹਰ ਦੀ ਤਰਫ, ਬਾਹਰ ਵੱਲ; ਉੱਪਰ, ਜ਼ਾਹਿਰ ।

Outsit, *v. t.* ਔਟਸਿਟ-ਉਚਿਤ ਕਾਲ ਥੀਂ ਵਧੀਕ ਬੈਠਨਾ ।

Outskip, *v.t.* ਔਟਸਕਿਪ–ਉਛਲਕੇ ਨਿਕਲ ਜਾਨਾ, ਉੱਡ ਜਾਨਾ, ਤੜਪ ਜਾਨਾ, ਫਾਂਦ ਜਾਨਾ

Outskirt, *n.* ਔਟਸਕਰਟ–ਅੰਤ, ਹੱਦ, ਪਰਾਂਤ, ਸੀਮਾ, ਕਿਨਾਰਾ, ਨਵਾਹ।

Outsoar, *v. t.* ਔਟਸੋਰ–ਅਧਿਕ ਉੱਪਰ ਚੜ੍ਹਨਾ, ਬਹੁਤ ਉੱਤੇ ਚੜ੍ਹਨਾ, ਬੁੰਦ ਹੋਨਾ।

Outspeak, *v. t.* ਔਟਸਪੀਕ— ਵੱਧ ਬੋਲਨਾ, ਸਾਫ਼ ਯਾ ਖੁੱਲੀ ਖੁਲੀ ਕਹਨਾ, ਵੱਧ ਗੱਲ ਬਾਤ ਕ०।

Outspread, *a.* ਔਟਸਪਰੈਡ–ਪਸਰਿਆ ਹੋਯਾ, ਫੈਲਿਆ ਯਾ ਖਿਲਰਿਆ ਹੋਇਆ।

Outstand, *v. i.* ਔਟਸਟੈਂਡ—ਅੜੇ ਰੈਹਨਾ, ਡਟਨਾ, ਖੜੇ ਰੈਹਨਾ, ਵਧੀਕ ਠਹਰਨਾ।

Outstanding, *n.* ਔਟਸਟੈਂਡਿੰਗ–ਸ਼ੇਸ਼, ਬਾਕੀ; *a.* ਬਾਹਰ ਨਿਕਲਿਆ ਹੋਇਆ।

Outstare, *v. t.* ਔਟਸਟੇਅਰ–ਘੁਰਕਨਾ, ਧਮਕਾਨਾ, ਅੱਖਾਂ ਦਿਖਾਉਨੀਆਂ, ਚਸ਼ਮਨੁਮਾਈ ਕ०

Outstreet, *n.* ਔਟਸਟਰੀਟ—ਸ਼ਹਰ ਦੀ ਹੱਦ ਦੀ ਸੜਕ।

Outstretch, *v. t.* ਔਟਸਟਰੈਚ–ਫੈਲਾਉਨਾ, ਪਸਾਰਨਾ, ਖਿਲਾਰਨਾ।

Outstrip, *v. t.* ਔਟਸਟਰਿਪ–ਅੱਗੇ ਨਿਕਲ ਜਾਨਾ, ਵਧ ਜਾਨਾ, ਪਿੱਛੇ ਛੱਡਨਾ।

Outswell, *v. t.* ਔਟਸਵੈਲ—ਭਰ ਦੇਨਾ ਉਮਦਾ ਕ०।

Out-tongue, *v. t.* ਔਟਟੰਗ–ਬਕਬਕ ਕਰਕੇ ਦਬਾ ਲੈਨਾ।

Outtop, *v. t.* ਔਟਟੋਪ–ਨੀਲਾ ਯਾ ਹਲਕਾ ਕ०

Outvalue, *v. i.* ਔਟਵੈਲਯੂ—ਮੁੱਲ ਵਿੱਚ ਅਧਿਕ ਹੋਨਾ।

Outvie, *v. t.* ਔਟਵਾਈ–ਅੱਗੇ ਨਿਕਲ ਜਾਨਾ।

Outvoice, *v. i.* ਔਟਵਾਇਸ—ਅਧਿਕ ਯਾ ਬਹੁਤ ਗੱਜਨਾ।

Outvote, *v. t.* ਔਟਵੋਟ–ਚੋਨ ਯਾ ਇੰਤਖ਼ਾਬ ਵਿਚ ਵਧੀਕ ਰਾਵਾਂ ਪਾਉਨੀਆਂ।

Outwalk, *v. t.* ਔਟਵਾਕ—ਅੱਗੇ ਨਿਕਲ ਜਾਨਾ, ਅੱਗੇ ਵਧ ਜਾਨਾ।

Outward, *a.* ਔਟਵਰਡ–ਬਾਹਰ ਦਾ, ਬੈਰੂਨੀ, ਬਾਹਰਲਾ, ਬਾਹਰੀ, ਓਪਰੀ, ਜ਼ਾਹਰੀ।

Outwardly, *adv.* ਔਟਵਰਡਲੀ—ਦੇਖਨ ਵਿੱਚ, ਜ਼ਾਹਿਰ ਵਿੱਚ, ਜ਼ਾਹਿਰਾ।

Outwatch, *v. i.* ਔਟਵਾਚ–ਜਾਗਨ ਯਾ ਚੌਕੀ ਦੇਨ ਵਿੱਚ ਵਧਨਾ।

Outwear, *v. t.* ਔਟਵੀਅਰ—ਘਸਾਉਨਾ, ਰਗੜਨਾ।

Ontweed, *v. t.* ਔਟਵੀਡ–ਜੜ੍ਹੋਂ ਪੁੱਟਣਾ।

Outweigh, *v. i.* ਔਟਵੇ—ਭਾਰ ਯਾ ਮੁੱਲ ਵਿੱਚ ਵਧਨਾ।

Outwing, *v. t.* ਔਟਵਿੰਗ—ਉੱਡਨ ਵਿੱਚ ਅੱਗੇ ਲੰਘ ਜਾਨਾ, ਵਧ ਜਾਨਾ।

Outwit, *v. t.* ਔਟਵਿਟ—ਮਾਤ ਕ०, ਹਰਾ ਦੇਨਾ; ਠੱਗਨਾ, ਛਲਨਾ, ਧੋਖਾ ਦੇਨਾ।

Outwork, *v. t.* ਔਟਵਰਕ—ਵਧ ਕੰਮ ਕ०; *n.* ਫ਼ਸੀਲ ਦੇ ਬਾਹਰ ਦੀ ਆੜ, ਅੜਤਲਾ।

Outworth, *v. i.* ਔਟਵਰਥ–ਮੁੱਲ ਵਿੱਚ ਵਧੀਕ ਹੋਨਾ।

Outworn, *a.* ਔਟਵੌਰਨ–ਘਿਸਿਆ ਹੋਇਆ।

Oval, *a.* ਓਵਲ—ਆਂਡੇ ਜੇਹਾ, ਬੈਜ਼ਵੀ; *n.* ਅੰਡਾਕਾਰ, ਅੰਡੇ ਦਾ ਰੂਪ।

Ovarious, *a.* ਓਵੇਰੀਅਸ—ਆਂਡਿਆਂ ਦਾ, ਆਂਡੇ ਯੁਕਤ।

Ovary, *n.* ਓਵੇਰੀ—ਅੰਡਧਾਰ, ਅੰਡਕੋਸ਼, ਅੰਡ ਥੈਲੀ, ਬੈਜ਼ਾਦਾਨ, ਫੋਡੀ।

Ovation, *n.* ਓਵੇਸ਼ਨ–ਛੋਟੀ ਜੇਹੀ ਜਿੱਤ।

Oven, *n.* ਓਵਨ–ਤਨੂਰ, ਤੰਦੂਰ, ਚੁੱਲ੍ਹਾ, ਭੱਠੀ।

Over, *prep.* ਓਵਰ–ਬਾਕੀ, ਪਰ, ਵਾਰ ਪਾਰ; *adv.* ਉੱਪਰ; ਪਾਰ; ਜੀਉਂਦਾ; ਅਧਿਕ, ਬਹੁਤ, ਵਧਕੇ; ਬੀਤਿਆ ਹੋਇਆ।

Overact, *v. t.* ਓਵਰਐਕਟ—ਵਿਤ ਥੀਂ ਅਧਿਕ ਕ०, ਵਾਧਾ ਕ०, ਜ਼ਿਆਦਤੀ ਕ०।

Overawe, *v. t.* ਓਵਰਔ–ਭਯ ਦਿਖਾਉਨਾ, ਡਰਾਉਨਾ, ਸਹਮਾਉਨਾ।

Overbalance, *v. t.* ਓਵਰਬੈਲੈਂਸ—ਭਾਰੀ ਕ०, ਦਬਾਉਨਾ।

Overbear, *v. t.* ਓਵਰਬੀਅਰ–ਤੋੜ ਦੇਨਾ, ਦਬਾਉਨਾ, ਰੋਕਨਾ, ਜਿੱਤਨਾ, ਜ਼ੋਰ ਕ०, ਤੰਗ ਕ०

Overbearing, *a.* ਓਵਰਬੀਅਰਿੰਗ–ਘੁਮੰਡੀ, ਦਬਾਉਨ ਵਾਲਾ, ਜ਼ਬਰਦਸਤ।

Overbid, *v. t.* ਓਵਰਬਿਡ-ਠੀਕ ਮੁੱਲ ਥੀਂ ਵਧੀਕ ਮੁੱਲ ਲਗਾਉਣਾ, ਵਾਧਾ ਕ० ।

Overblow, *v. i.* ਓਵਰਬਲੋ-ਝੱਖੜ ਜਲਨਾ ।

Overboard, *adv.* ਓਵਰਬੋਰਡ-ਜਹਾਜ਼ ਯਾ ਨਾਓ ਪੁਰ ਥ। ।

Overbrow, *v. t.* ਓਵਰਬਰੋ-ਲਟਕਾਉਣਾ ।

Overburden, *v. t.* ਓਵਰਬਰਡਨ-ਬਹੁਤਾ ਲੱਦਣਾ, ਦਬਾ ਮਾਰਨਾ ।

Overcanopy, *v. t.* ਓਵਰਕੈਨੋਪੀ—ਚੰਦੋਆ, ਸਾਏਬਾਨ ਯਾ ਸ਼ਾਮਯਾਨਾ ਤਾਨਣਾ ।

Overcarry, *v. t.* ਓਵਰਕੈਰੀ-ਬਹੁਤ ਹੀ ਦੂਰ ਤਕ ਲੈ ਜਾਣਾ, ਭੁਲ ਦੇਣਾ, ਲੰਮਾ ਕ० ।

Overcast, *v. t.* ਓਵਰਕਾਸਟ-ਹਨੇਰਾ ਕ० ।

Overcharge, *v. t.* ਓਵਰਚਾਰਜ-ਦਬਾਉਣਾ, ਬਹੁਤ ਲੱਦਣਾ, ਬੋਝਲ ਕ०; ਬਹੁਤ ਭਰ ਦੇਣਾ, ਰਜਾਉਣਾ; ਹਿਸਾਬ ਵਿੱਚ ਵੱਧ ਲਗਾਉਣਾ; ਵੱਧ ਦਾਰੂ ਯਾ ਬਾਰੂਦ ਭਰਨਾ; ਵੱਧ ਮੁੱਲ ਲਿਖਣਾ ।

Overcloud, *v. t.* ਓਵਰਕਲੌਡ-ਬੱਦਲਾਂ ਨਾਲ ਅੰਧੇਰਾ ਕ०, ਛਾਂ ਲੈਣਾ, ਘੇਰ ਲੈਣਾ ।

Overcloy, *v. t.* ਓਵਰਕਲੌਏ-ਅਫਰਾਉਣਾ, ਬਹੁਤ ਰਜਾਉਣਾ, ਨੱਕੋ ਨਕ ਭਰਨਾ ।

Overcome, *v. t.* ਓਵਰਕਮ—ਜਿੱਤਣਾ, ਹਰਾਉਣਾ, ਸਰ ਕ०, ਪਰਾਜਤ ਕ०; ਕੱਟਣਾ, ਦੂਰ ਕ०; ਸ਼ਿਕਸਤ ਦੇਣਾ, ਵੱਸ ਵਿੱਚ ਲਿਆਉਣਾ

Overcount, *v. t.* ਓਵਰਕੌਂਟ-ਅਧਿਕ ਮੁੱਲ ਔਕਣਾ, ਨਿਰੂਪਣਾ, ਵਧ ਗਿਣ ਜਾਣਾ ।

Overcover, *v. t.* ਓਵਰਕੋਵਰ—ਢੱਕ ਦੇਣਾ, ਢੱਕਣਾ, ਕੱਜ ਦੇਣਾ, ਢਾਂਪਣਾ, ਮੁੰਦ ਲੈਣਾ ।

Overdate, *v. t,* ਓਵਰਡੇਟ-ਅੱਗੇ ਦੀ ਤਾਰੀਖ (ਮਿਤੀ) ਲਿਖ ਦੇਣੀ ਯਾ ਪਾਉਣੀ ।

Overdo, *v. t.* ਓਵਰਡੂ-ਬਹੁਤ ਹੀ ਜਤਨ ਕ०, ਬੜਾ ਮਾਰਨਾ; ਵਧ ਪਕਾਉਣਾ, ਸਾੜ ਦੇਣਾ; ਲੱਗਣਾ, ਵਧੀਕ ਪਕਾਉਣਾ, ਜਾਲ ਦੇਣਾ ।

Overdraw, *v. t.* ਓਵਰਡਰਾ-ਅਪਣੇ ਲੈਣ ਦੀ ਰਕਮ ਥੀਂ ਵਧ ਹੁੰਡੀ ਕ० ।

Overdress, *v. t.* ਓਵਰਡਰੈਸ—ਅਤੀ ਭੂਸ਼ਤ ਕ०, ਅਤੀ ਸ਼ੋਭਿਤ ਕ०, ਮੁਬਾਲਗ਼ਾ ਕ० ।

Overdrive, *v. t.* ਓਵਰਡਰਾਇਵ-ਬਹੁਤ ਹੀ ਵੇਗ ਯਾ ਬਲ ਨਾਲ ਹੱਕਣਾ ਯਾ ਭਜਾ ਲੈਜਾਣਾ ।

Overdue, *a.* ਓਵਰਡਿਊ—ਮਿਤੀ ਬੀਤਿਆ ਹੋਇਆ, ਜਿਸਦੇ ਦੇਣ ਦੀ ਮਿਤੀ ਬੀਤ ਗਈ ਹੋਵੇ ।

Overfall, *n.* ਓਵਰਫ਼ਾਲ-ਝਰਨਾ, ਪਾਣੀ ਦਾ ਉਪਰੋਂ ਡਿਗਣਾ, ਨਦੀ ਦਾ ਗਿਰਾਓ, ਆਬਸ਼ਾਰ

Overfeed, *v. t.* ਓਵਰਫ਼ੀਡ—ਬਹੁਤ ਖੁਆ ਦੇਣਾ, ਅਧਿਕ ਖੁਆਉਣਾ, ਅਫਰਾਉਣਾ ।

Overfloat, *v. t.* ਓਵਰਫ਼ਲੋਟ-ਡਬੋ ਦੇਣਾ, ਗ਼ਰਕ ਕ० ।

Overflow, *v. i.* ਓਵਰਫ਼ਲੋ-ਭਰਪੂਰ ਹੋਣਾ, ਪਰਿਪੂਰਣ ਹੋਣਾ, ਉਮੰਡਣਾ, ਜਲਥਲ ਹੋਣਾ; *n.* ਜਲਮਯ, ਜਲ ਪਰਲਯ, ਤੂਫ਼ਾਨ; ਬਹੁਤਾਇਤ, ਅਧਿਕਤਾ, ਕਸਰਤ ।

Overfreight, *v. t.* ਓਵਰਫ਼ਰੇਟ-ਬਹੁਤ ਹੀ ਲੱਦਣਾ, ਬਹੁਤ ਹੀ ਬੋਝ ਰੱਖਣਾ ।

Overglance, *v. t.* ਓਵਰਗਲੈਂਸ-ਝਬਦੇ ਯਾ ਛੇਤੀ ਦੇਖ ਲੈਣਾ, ਸਰਸਰੀ ਨਿਗਾਹ ਡਾਲਨਾ ।

Overgo, *v. i.* ਓਵਰਗੋ-ਵਧਣਾ, ਵਧ ਜਾਣਾ ।

Overgorge, *v. t.* ਓਵਰਗਾਰਜ—ਤਰਿਪਤ ਕ०, ਨੱਕ ਤੱਕ ਖੁਆਉਣਾ, ਹਲਕ ਤੀਕੁ ਭਰਨਾ

Overgrow, *v. t.* ਓਵਰਗਰੋ-ਫੈਲ ਜਾਣਾ, ਬਹੁਤ ਹੀ ਵਧਣਾ, ਛਾ ਜਾਣਾ ।

Overgrowth, *n.* ਓਵਰਗਰੋਥ-ਅਤੀ ਵਰਧਨ, ਬਹੁਤ ਵਾਧਾ, ਕਸਰਤ ਪੈਦਾਇਸ਼ ।

Overhale, Overhaule, *v. t.* ਓਵਰਹੇਲ, ਓਵਰਹੌਲ—ਪਰੀਖਿਆ ਕ०, ਦੇਖਭਾਲ ਕ०, ਨਜ਼ਰਸਾਨੀ ਕ०, ਦੁਬਾਰਾ ਦੇਖਣਾ ।

Overhandle, *v. t.* ਓਵਰਹੈਂਡਲ—ਅਤੀ ਵਰਨਣ ਕ०, ਚਰਚਾ ਕ० ।

Overhang, *v. t.* ਓਵਰਹੈਂਗ-ਲਟਕ ਪੈਣਾ, ਲਮਕਣਾ; ਝੁਕਣਾ, ਸਿਰ ਪੁਰ ਝੁਕਣਾ ।

Overhead, *adv.* ਓਵਰਹੈਡ-ਸਿਰ ਪੁਰ, ਉੱਚਾ, ਉੱਪਰ ।

Overhear, *v. t.* ਓਵਰਹੀਅਰ-ਚੁਪਚਾਪ ਸੁਨ ਲੈਣਾ, ਸੁਨ ਪਾਉਣਾ, ਕੰਨੀ ਪ ਜਾਣਾ ।

Overjoy, *v. t.* ਓਵਰਜੌਏ-ਆਨੰਦ ਕ०, ਅਤਯੰਤ ਨਿਹਾਲ ਕ०, ਮਗਨ ਕ०, ਬਾਗ਼ਬਾਗ਼ ਕ०; *n.* ਅਤੀ ਆਨੰਦ, ਪਰਮਾਨੰਦ ।

Overlabour, *v. t.* ਓਵਰਲੇਬਰ-ਬਹੁਤ ਮੇਹਨਤ ਯਾ ਕੰਮ ਲੈਣਾ ।

Overland, *a.* ਓਵਰਲੈਂਡ—ਧਰਤੀ ਦਾ, ਖ਼ੁਸ਼ਕੀ ਦਾ।

Overlay, *v. t.* ਓਵਰਲੇ—ਬਹੁਤ ਲੱਦਣਾ, ਕੁਚਲ ਦੇਣਾ; ਢਕਣਾ, ਲੇਪਣਾ, ਲੇਸਣਾ।

Overleap, *v. i.* ਓਵਰਲੀਪ—ਉੱਪਰ ਦੀਂ ਕੁੱਦ ਪੈਣਾ, ਉਛਲ ਜਾਣਾ।

Overleaven, *v. t.* ਓਵਰਲੀਵਨ—ਬਹੁਤ ਹੀ ਫੁਲਾਉਣਾ, ਵਧੀਕ ਖਮੀਰ ਉਠਾਉਣਾ।

Overlight, *n.* ਓਵਰਲਾਈਟ—ਬਹੁਤ ਹੀ ਕੜੀ ਯਾ ਤੇਜ਼ ਰੌਸ਼ਨੀ।

Overlive, *v. t.* ਓਵਰਲਿਵ—ਵਧ ਜੀਉਣਾ।

Overload, *v. t.* ਓਵਰਲੋਡ—ਵੱਧ ਲੱਦਣਾ।

Overlong, *a.* ਓਵਰਲੌਂਗ—ਬਹੁਤ ਹੀ ਲੰਮਾ।

Overlook, *v. t.* ਓਵਰਲੁਕ—ਉੱਚੇ ਥਾਂ ਦੀਂ ਵੇਖਣਾ; ਮਨ ਲਗਾਕੇ ਪੜ੍ਹਨਾ; ਜਾਣ ਦੇਣਾ, ਖਿਮਾਂ ਕ੦; ਅੱਖ ਛੁਪਾਉਣੀ; ਭੁੱਲਣਾ।

Overly, *a.* ਓਵਰਲੀ—ਅਸਾਵਧਾਨ, ਬੇਸੁਧ, ਅਚੇਤ, ਬੇਖ਼ਬਰ, ਗ਼ਾਫ਼ਿਲ।

Overmaster, *v. t.* ਓਵਰਮਾਸਟਰ—ਤੋੜਨਾ, ਦਮਨ ਕ੦, ਵੱਸ ਵਿੱਚ ਲੈਣਾ, ਦਬਾਉਣਾ।

Overmatch, *v.t.* ਓਵਰਮੈਚ—ਪਰਾਜਿਤ ਕ੦, ਜਿੱਤਣਾ; ਦਬਾਉਣਾ; *n.* ਅਧਿਕ ਬਲਵਾਨ ਯਾ ਤਕੜਾ ਆਦਮੀ; *a.* ਬੜ੍ਹਤੀ, ਗ਼ਾਲਿਬ।

Overmeasure, *v. t.* ਓਵਰਮੇਯਰ—ਵੱਧ ਅੰਕਣਾ, ਵਧੀਕ ਲਿਖ ਦੇਣਾ।

Overmodest, *a.* ਓਵਰਮੌਡੇਸਟ—ਅਤੀ ਲੱਜਿਤ, ਲੱਜਵਾਨ, ਸ਼ਰਮੀਲਾ।

Overmuch, *a.* ਓਵਰਮਚ—ਬਹੁਤ, ਜ਼ਿਆਦਾ, ਵਧੀਕ, ਅਧਿਕ; *adv.* ਅਤਯੰਤ, ਬਹੁਤ ਹੀ; *n.* ਅਧਿਕਤਾ, ਬਹੁਤਾਇਤ, ਵਧੀਕੀ।

Overnight, *n.* ਓਵਰਨਾਈਟ—ਸੌਣ ਥੀਂ ਪਹਿਲਾਂ ਦੀ ਰਾਤ, ਪਹਲੀ ਰਾਤ।

Overpaint, *v. t.* ਓਵਰਪੇਂਟ—ਬਹੁਤ ਹੀ ਤੇਜ਼ ਯਾ ਗੂੜ੍ਹਾ ਰੰਗ ਕ੦, ਵੇਖ ਰੰਗ ਕ੦।

Overpass, *v. t.* ਓਵਰਪਾਸ—ਪਾਰ ਕ੦, ਖਿਮਾ ਕ੦; ਵਿਸਾਰਨਾ, ਭੁਲਾਉਣਾ।

Overpay, *v. t.* ਓਵਰਪੇ—ਹੱਕ ਥੀਂ ਅਧਿਕ ਯਾ ਜ਼ਿਆਦਾ ਦੇਣਾ, ਵਧੀਕ ਦੇਣਾ।

Overplus, *n.* ਓਵਰਪਲਸ—ਬਚਤ, ਵਾਧਾ, ਅਧਿਕ ਭਾਗ, ਬਾਕੀ ਸਾਕੀ, ਅਧਿਕਾਈ।

Overpost, *v. t.* ਓਵਰਪੋਸਟ—ਬਹੁਤ ਛੇਤੀ ਯਾ ਝਬਦੇ ਲੈ ਜਾਣਾ।

Overpower, *v. t.* ਓਵਰਪਾਵਰ—ਦਬਾਉਣਾ, ਪਰਾਸਤ ਕ੦; ਜਿੱਤਣਾ, ਹਰਾਉਣਾ, ਵੱਸ ਵਿੱਚ ਕ੦; ਤੋੜਨਾ, ਛਾ ਦੇਣਾ, ਲਤਾੜਨਾ, ਗ਼ਲਬਾ ਕ੦

Overpress, *v. t.* ਓਵਰਪਰੈਸ—ਕੁਚਲ ਦੇਣਾ, ਦਬਾ ਮਾਰਨਾ, ਤੋੜ ਦੇਣਾ।

Overprize, *v. t.* ਓਵਰਪਰਾਇਜ਼—ਅਧਿਕ ਮੁੱਲ ਲਗਾਉਣਾ; ਬਹੁਤ ਕਰਕੇ ਮੰਨਣਾ, ਜਾਨਣਾ ਯਾ ਚਾਹੁਣਾ, ਬਹੁਤ ਕਦਰ ਕ੦।

Overrate, *v. t.* ਓਵਰਰੇਟ—ਬਹੁਤ ਮੁੱਲ ਕਰਨਾ ਯਾ ਲੈਣਾ, ਵੱਧ ਮੁੱਲ ਲੈਣਾ।

Overreach, *v. t.* ਓਵਰਰੀਚ—ਪਕੜ ਲੈਣਾ; ਠੱਗਣਾ, ਛਲਣਾ, ਧੋਖਾ ਦੇਣਾ; ਉਪਰ ਚੜ੍ਹ ਜਾਣਾ

Override, *v. t.* ਓਵਰਰਾਇਡ—ਸਭ ਥੀਂ ਵੱਧ ਸਵਾਰੀ ਲੈਣਾ, ਉੱਪਰ ਚੜ੍ਹਨਾ, ਵਧੀਕ ਚੜ੍ਹਨਾ।

Overroast, *v. t.* ਓਵਰਰੋਸਟ—ਬਹੁਤ ਭੁਨਣਾ।

Overrule, *v. t.* ਓਵਰਰੂਲ—ਰੱਦ ਕ੦, ਅਨੁਚਿਤ ਯਾ ਨਾਜਾਇਜ਼ ਠਹਰਾਉਣਾ, ਤਹੱਕੁਮ ਕ੦

Overrun, *v. t.* ਓਵਰਰਨ—ਲੁੱਟਣਾ, ਦੌੜ ਮਾਰਨਾ, ਉੱਪਰ ਚੜ੍ਹ ਜਾਣਾ।

Oversea, *a.* ਓਵਰਸੀ—ਸਮੁੰਦਰ ਦੇ ਉਸ ਪਾਰ ਥੀਂ; ਬਦੇਸ਼ੀ, ਦੂਜੇ ਦੇਸ਼ ਦਾ।

Oversee, *v. t.* ਓਵਰਸੀ—ਉੱਪਰ ਥੀਂ ਦੇਖਣਾ, ਨਿਗਰਾਨੀ ਕ੦, ਇਹਤਮਾਮ ਕ੦।

Overseer, *n.* ਓਵਰਸੀਅਰ—ਅਧਿਸ਼ਟਾਤਾ, ਅਧਿਕਾਰੀ, ਨਿਗਾਹਬਾਨ, ਦਾਰੋਗ਼ਾ।

Overset, *v. t.* ਓਵਰਸੈਟ—ਉਲਟਾਉਣਾ, ਪਲਟਣਾ, ਹੇਠਾਂ ਉੱਤੇ ਕ੦; ਨਾਸ਼ ਕ੦, ਨਸ਼ਟ ਯਾ ਬਰਬਾਦ ਕ੦।

Overshade, *v. t.* ਓਵਰਸ਼ੇਡ—ਅੰਧੇਰਾ ਕ੦; ਢੱਕ ਦੇਣਾ, ਛਾਣਾ।

Overshadow, *v. t.* ਓਵਰਸ਼ੈਡੋ—ਛਾਇਆ ਕ੦, ਰੱਖਿਆ ਕਰਨੀ, ਬਚਾਉਣਾ, ਕੱਜਣਾ, ਢੱਕ ਦੇਣਾ, ਸਾਂਭ ਦੇਣਾ, ਹਿਮਾਯਤ ਕਰਨਾ।

Overshoot, *v. t.* ਓਵਰਸ਼ੂਟ—ਲਕਸ਼ (ਨਿਸ਼ਾਨੇ) ਨੂੰ ਲੰਘਣਾ, ਨਿਸ਼ਾਨੇ ਥੀਂ ਪਾਰ ਜਾਣਾ, ਟੱਪਣਾ।

Oversight, *n.* ਓਵਰਸਾਇਟ—ਭੁੱਲ, ਚੁਕ, ਗ਼ਲਤੀ, ਭਰਾਂਤੀ; ਨਿਗਾਹਬਾਨੀ, ਨਿਗਰਾਨੀ।

Oversize, *v. t.* ਓਵਰਸਾਇਜ਼-ਲੰਬਾਈ ਚੌੜਾਈ ਜਾਂ ਪਰਿਮਾਨ ਵਿਚ ਅਧਿਕ ਹੋਨਾ; ਲੇਸਣਾ, ਲੇਪਣਾ, ਪੋਤਣਾ, ਛੋਪਣਾ ।

Overskip, *v.t.* ਓਵਰਸਕਿਪ-ਭੁੱਲਣਾ, ਨੱਸਣਾ, ਨੱਠਣਾ; ਕੁੱਦਣਾ, ਟਾਂਦਣਾ, ਛਲਾਂਗ ਜਾਣਾ ।

Oversleep, *v. t.* ਓਵਰਸਲੀਪ-ਵੱਧ ਸੌਣਾ ।

Overslip, *v. t* ਓਵਰਸਲਿਪ-ਛੱਡ ਜਾਣਾ, ਧਿਆਨ ਨਾ ਕ०, ਨਜ਼ਰ ਅੰਦਾਜ਼ ਕ० ।

Oversold, *a.* ਓਵਰਸੋਲਡ-ਬਹੁਤ ਮੈਂਹਗਾ ਵਿਕਿਆ ਹੋਇਆ ।

Overspeak, *v. t.* ਓਵਰਸਪੀਕ-ਬਹੁਤ ਹੀ ਬੋਲਣਾ, ਫ਼ਜ਼ੂਲਗੋਈ ਕ०, ਜ਼ਿਆਦਾ ਬੋਲਣਾ ।

Overspent, *a.* ਓਵਰਸਪੈਂਟ-ਥਕਿਆ ਮਾਂਦਾ।

Overspread, *v. t.* ਓਵਰਸਪਰੈਡ-ਫੈਲ ਜਾਣਾ, ਛਾ ਜਾਣਾ; ਵਿਛਾਉਣਾ; ਭਰ ਦੇਣਾ ।

Overstare, *v. t.* ਓਵਰਸਟੇਅਰ—ਘੂਰਨਾ, ਅੱਖਾਂ ਕੱਢਕੇ ਵੇਖਣਾ, ਟਿਕਟਿਕੀ ਬੰਨ੍ਹਕੇ ਵੇਖਣਾ।

Overstate, *v. t.* ਓਵਰਸਟੇਟ—ਗੱਲ ਵਧਾਉਣੀ, ਵਧਕੇ ਲਿਖਣਾ ਜਾਂ ਕਹਿਣਾ ।

Overstep, *v. t.* ਓਵਰਸਟੈਪ-ਮਰਯਾਦਾ ਥੀਂ ਬਾਹਰ ਚੱਲਣਾ, ਵਧਣਾ ।

Overstock, *v. t.* ਓਵਰਸਟਾਕ-ਮੂੰਹੋਂ ਮੂੰਹ ਭਰ ਦੇਣਾ; *n.* ਬਹੁਤੇਰੀ, ਕਸਰਤ ।

Overstrain, *v. t* ਓਵਰਸਟਰੇਨ-ਬਹੁਤ ਹੀ ਵਧਾਉਣਾ; ਬਹੁਤ ਮੇਹਨਤ ਕ० ।

Overstrew, *v. t.* ਓਵਰਸਟਰੂ-ਫੈਲਾਉਣਾ, ਖਿਲਾਰਨਾ, ਵਿਛਾਉਣਾ, ਥਥੇਰਨਾ ।

Oversway, *v. t.* ਓਵਰਸਵੇ-ਵੱਸ ਕ०, ਅਧੀਨ ਕ०, ਦਬਾਉਣਾ; ਤੋੜ ਸਿੱਟਣਾ ।

Overswell, *v. t.* ਓਵਰਸਵੈਲ-ਫੁੱਟ ਉੱਠਣਾ, ਚੜ੍ਹ ਆਉਣਾ, ਉਮਡਣਾ ।

Overt, *a.* ਓਵਰਟ-ਸਪਸ਼ਟ, ਖੁੱਲਾ, ਪਰਤੱਖ, ਪਰਗਟ, ਰੋਸ਼ਨ, ਉੱਗਰ, ਆਸ਼ਕਾਰਾ ।

Overtake, *v.t.* ਓਵਰਟੇਕ-ਪਕੜਨਾ, ਆਪੈਨਾ

Overtask, *v. t.* ਓਵਰਟਾਸਕ—ਬਹੁਤ ਹੀ ਭਾਰੀ ਕੰਮਾਂ ਨਾਲ ਲੱਦਣਾ, ਤੰਗ ਕ० ।

Overthrow, *v. t.* ਓਵਰਥਰੋ—ਹੇਠਾਂ ਉੱਤੇ ਕ०, ਉਜਾੜਨਾ, ਨਾਸ ਕ०, ਢਾਹ ਦੇਣਾ; ਪਰਾਸਤ ਕ०, ਹਰਾਉਣਾ, ਜਿੱਤਣਾ; *n.* ਉਲਟ ਪਲਟ, ਨਾਸ, ਬਰਬਾਦੀ, ਖਯ; ਪਰਾਸਤ, ਹਾਰ, ਸ਼ਿਕਸਤ, ਪਾਏਮਾਲੀ ।

Overthwart, *prep.* ਓਵਰਥਵਾਰਟ-ਵਾਰ ਪਾਰ, ਆਰ ਪਾਰ ; *a.* ਸਾਹਮਣੇ ਦਾ, ਸਨਮੁਖ; ਕੱਟਿਆ ਪਇਆ; ਵਿਰੁੱਧ, ਮੁਖ਼ਾਲਿਫ਼ ।

Overtire, *v. t.* ਓਵਰਟਾਇਰ—ਬਹੁਤ ਹੀ ਥਕਾਉਣਾ, ਥਕਾ ਮਾਰਨਾ, ਹਰਾ ਦੇਣਾ ।

Overtitle, *v. t.* ਓਵਰਟਾਇਟਲ-ਬਹੁਤ ਹੀ ਵੱਡੀ ਉਪਾਧੀ ਦੇਣਾ ।

Overtly, *adv.* ਓਵਰਟਲੀ—ਖੁੱਲਮਖੁੱਲਾ, ਸਾਫ਼ ਤੌਰ ਪੁਰ ।

Overtop, *v. i.* ਓਵਰਟੋਪ-ਅਧਿਕ ਹੋਣਾ, ਵੱਧ ਉੱਠਣਾ, ਉਤਕ੍ਰਿਸ਼ਟ ਹੋਣਾ, ਉੱਚਾ ਹੋਣਾ।

Overtower, *v. t.* ਓਵਰਟਾਵਰ-ਬਹੁਤ ਹੀ ਉੱਪਰ ਚੜ੍ਹਨਾ ਜਾਂ ਉੱਡਣਾ ।

Overtrade, *v. t.* ਓਵਰਟਰੇਡ—ਵਿਤ ਥੀਂ ਵਧਕੇ ਬਿਉਪਾਰ ਕ० ।

Overtrim, *v. t.* ਓਵਰਟਰਿਮ-ਠੁਮਕਣਾ, ਥਿਰਕਣਾ, ਮਟਕ ਨਾਲ ਟੁਰਨਾ, ਹੌਲੀ ਚਾਲ ਚਲਣਾ ।

Overtrust, *v. t.* ਓਵਰਟਰਸਟ—ਵਿਤ ਥੀਂ ਵਧਕੇ ਵਿਸ਼ਵਾਸ ਜਾਂ ਇਤਬਾਰ ਕ० ।

Overture, *n.* ਓਵਰਟੁਰ-ਤਜਵੀਜ਼; ਬੇਨਤੀ, ਪ੍ਰਾਰਥਨਾ, ਅਰਜ਼, ਇਲਤਿਮਾਸ ।

Overturn, *v. t.* ਓਵਰਟਰਨ-ਉਲਟਾ ਦੇਣਾ, ਪਛਾੜਨਾ, ਹਰਾਉਣਾ, ਜਿੱਤਣਾ, ਦਬਾਉਣਾ; *n.* ਉਲਟ ਪਲਟ, ਨਾਸ਼, ਪਰਾਸਤ, ਹਾਰ ।

Overvalue, *v. t.* ਓਵਰਵੈਲਯੂ-ਬਹੁਤ ਮੁੱਲ ਕ०; ਬਹੁਤ ਕਰਕੇ ਮੰਨਣਾ, ਬਹੁਤ ਚਾਹੁਣਾ ।

Overveil, *v. t.* ਓਵਰਵੇਲ-ਢੱਕਣਾ, ਮੁੰਦਣਾ, ਕੱਜਣਾ, ਢੱਕ ਦੇਣਾ ।

Overvote, *v. t.* ਓਵਰਵੋਟ-ਬਹੁਤ ਲੋਕਾਂ ਦੀ ਸੰਮਤੀ ਜਾਂ ਰਾਯ ਥੀਂ ਜਿੱਤਣਾ ।

Overwatch, *v. t.* ਓਵਰਵਾਚ-ਬਹੁਤ ਹੀ ਨਿਗਾਹਬਾਨੀ ਕ०, ਨਿਗਾਹਬਾਨੀ ਥੀਂ ਥਕਾ ਮਾਰਨਾ ।

Overweak, *a.* ਓਵਰਵੀਕ-ਬਹੁਤ ਨਿਰਬਲ ।

Overweary, *a.* ਓਵਰਵੀਰੀ-ਬਹੁਤ ਹੀ ਥੱਕਿਆ ਹੋਇਆ ।

Overweather, *v. t.* ਓਵਰਵੈਦਰ-ਅੰਧੇਰੀ ਜਾਂ ਪਾਣੀ ਦੇ ਜ਼ੋਰ ਨਾਲ ਤੋੜ ਸਿੱਟਣਾ ।

Overween, *v. t.* ਓਵਰਵੀਨ-ਬਹੁਤ ਅਭਿਮਾਨ ਕ०, ਸ਼ੇਖ਼ੀ ਮਾਰਨੀ ।

Overweening, *a.* ਓਵਰਵੀਨਿੰਗ-ਅਹੰਕਾਰੀ, ਘੁਮੰਡੀ, ਗੁਮਾਨ ਵਾਲਾ, ਮਗ਼ਰੂਰ ।

Overweigh, *v. i.* ਓਵਰਵੇ—ਅਧਿਕ ਭਾਰੀ ਯਾ ਬੋਝਲ ਹੋਣਾ, ਵਜ਼ਨ ਵਿਚ ਵੱਧ ਹੋਣਾ ।

Overwhelm, *v. t.* ਓਵਰਵਹੈਲਮ-ਤੋੜ ਮਿੱਟਣਾ, ਕੁਚਲ ਦੇਣਾ; ਡੋਬਣਾ, ਗ਼ਰਕ ਕ० ।

Overwing, *v. t* ਓਵਰਵਿੰਗ-ਇੱਕ ਫ਼ੌਜ ਦੀ ਅਲੰਗ ਨੂੰ ਦੂਜੀ ਫ਼ੌਜ ਦੀ ਅਲੰਗ ਪੁਰ ਫੈਲਾ ਦੇਣਾ ।

Overwise, *a.* ਓਵਰਵਾਇਜ਼-ਬਹੁਤ ਗਿਆਨੀ ।

Overwork, *v. t.* ਓਵਰਵਰਕ—ਵਿਤ ਥੀਂ ਵੱਧ ਕੰਮ ਕ०, ਥਕਾਉਣਾ, ਬਹੁਤ ਕੰਮ ਕ० ।

Overworn, *a.* ਓਵਰਵੋਰਨ-ਘਸਿਆ ਹੋਯਾ, ਜੀਰਣ ।

Overwrestle, *v. t.* ਓਵਰਰੈਸਲ-ਕੁਸ਼ਤੀ ਯਾ ਮਲਯੁਧ ਵਿਚ ਹਰਾਉਣਾ ਯਾ ਪਰਾਸਤ ਕ० ।

Overwrought, *a.* ਓਵਰਰੋਟ-ਬਹੁਤ ਮੇਹਨਤ ਨਾਲ ਘੜਿਆ ਹੋਇਆ; ਸਾਰੀ ਤਰਫ਼ੋਂ ਯਾ ਹਰ ਪਾਸਿਓਂ ਸਜਿਆ ਹੋਇਆ ।

Overyeared, *a.* ਓਵਰਈਅਰਡ-ਬਹੁਤ ਹੀ ਬੁੱਢਾ ਯਾ ਪੁਰਾਣਾ ।

Overzealous, *a.* ਓਵਰਜ਼ੈਲਸ—ਬਹੁਤ ਉਤਸਾਹੀ ਯਾ ਇੱਛਾਵਾਨ ।

Oviduct, *n.* ਓਵੀਡਕਟ-ਜਨੌਰਾਂ ਦੇ ਗਰਭ ਸਥਾਨ ਵਿੱਚ ਅੰਡੇ ਦੀ ਰਾਹ ।

Oviferous, Ovigerous, *a.* ਓਵੀਫ਼ੇਰਸ, ਓਵੀਜੈਰਸ-ਅੰਡਾ ਰੱਖਣ ਵਾਲਾ ।

Oviform, *a.* ਓਵੀਫ਼ਾਰਮ—ਅੰਡੇ ਰੂਪ ਦਾ, ਬੈਜ਼ਵੀ ।

Oviparous, *a.* ਓਵੀਪੈਰਸ-ਅੰਡਾ ਦੇਣ ਵਾਲਾ ।

Owe, *v. i.* ਓ-ਦਿਣੀ ਯਾ ਕਰਜ਼ਦਾਰ ਹੋਣਾ; ਧੰਨਵਾਦੀ ਯਾ ਮਸ਼ਕੂਰ ਹੋਣਾ, ਧਰਾਉਣਾ ।

Owing, *p. a.* ਓਇੰਗ-ਕਾਰਣ ਨਾਲ; ਦੇਣ, ਵਾਦਨੀ, ਬਾਸਬਬ, ਬਾਵਜਾ ।

Owl, Owlet, *n.* ਔਲ, ਔਲੇਟ—ਉੱਲੂ, ਉੱਲੂਕ, ਘੁਮ, ਘੁੱਗੂ ।

Owl, *v. i.* ਔਲ-ਚੋਰੀ ਯਾ ਮਹਸੂਲ ਮਾਰਨਾ ।

Owler, *n.* ਔਲਰ-ਘਾਟ ਮਾਰ, ਮਹਸੂਲ ਚੋਰ; ਚੋਰੀ ਮਾਰਨ ਵਾਲਾ ।

Owling, *n.* ਔਲਿੰਗ—ਕਾਨੂੰਨ ਵਿਰੁੱਧ ਉੱਨ ਯਾ ਭੇਡ ਨੂੰ ਦੇਸ਼ ਥੀਂ ਬਾਹਰ ਲੈ ਜਾਣ ਦਾ ਅਪਰਾਧ ਯਾ ਜੁਰਮ ।

Owlish, Owl-like, *a.* ਔਲਿਸ਼, ਔਲਲਾਇਕ—ਉੱਲੂ ਸਮਾਨ, ਉੱਲੂ ਜੇਹਾ, ਉੱਲੂ ਸੁਭਾਵ ।

Own, *a.* ਓਨ-ਅਪਨਾ, ਜਿਸ ਦਾ; ਆਤਮੀਯ, ਸਵਕੀਯ; *v. t.* ਅਧਿਕਾਰੀ ਹੋਣਾ, ਰੱਖਣਾ, ਸਵੀਕਾਰ ਕ०, ਅੰਗੀਕਾਰ ਕ०; ਦਲਿਲਤਾ ਨਾਲ ਕੇਹਣਾ; ਅਪਨਾ ਸਮਝਣਾ ।

Owner, *n.* ਓਨਰ-ਸਵਾਮੀ, ਅਧਿਕਾਰੀ, ਹੱਕਦਾਰ, ਵਾਰਿਸ, ਮਾਲਿਕ, ਧਨੀ ।

Ownership, *n* ਓਨਰਸ਼ਿਪ-ਮਲਕੀਅਤ, ਹੱਕ

Ox, *n.* ਔਕਸ-ਬੈਲ ।

Oxgang, *n.* ਔਕਸਗੈਂਗ—ਉਤਨੀ ਭੂਮੀ ਜੋ ਇਕ ਬੈਲ ਸਾਲ ਭਰ ਵਿਚ ਜੋਤ ਸੱਕੇ ।

Oxide, *n.* ਔਕਸਾਇਡ-ਇਤਰ, ਰਸ ।

Oxycrate, *n.* ਔਕਸੀਕਰੇਟ-ਪਾਣੀ ਤੇ ਸਿਰਕੇ ਦੀ ਮਿਲਾਵਟ, ਸਿਰਕਾਬਾ ।

Oxygen, *n.* ਔਕਸੀਜਨ—ਜੀਵਨ ਦਾਤਾ ਯਾ ਪਰਾਣ ਪਰਦ ਵਾਯੂ, ਜਿਲਾਤੀ ਹਵਾ ।

Oxymel, *n.* ਔਕਸੀਮੈਲ-ਸਿਕੰਜਬੀਨ ।

Oxymoron, *n.* ਔਕਸੀਮੋਰਨ-ਅਲੰਕਾਰ ਸ਼ਾਸਤਰ ਯਾ ਸਾਹਿਤਯ ਸ਼ਾਸਤਰ ਦੀ ਇੱਕ ਰੀਤੀ ਜਿਸਦੇ ਅਨੁਸਾਰ ਕਿਸੇ ਸ਼ਬਦ ਦੇ ਨਾਲ ਵਿਰੁੱਧ ਅਰਥ ਵਾਲਾ ਵਿਸ਼ੇਸ਼ਣ ਲਗਾਇਆ ਜਾਂਦਾ ਹੈ ਜੇਹਾ ਦਰੋਗ ਮਤਿਦੁਤਾ ।

Oxyrrohodine, *n.* ਔਕਸਿਰਰੋਡਿਨ-ਸਿਰਕੇ ਤੇ ਗੁਲਾਬ ਦੇ ਫੁੱਲਾਂ ਦੀ ਮਿਲਾਵਟ, ਸਿਰਕਾ ਗੁੱਲ, ਲਖਲਖਾ ।

Oyer, *n.* ਓਯਰ—ਮੁਕੱਦਮੇ ਦੀ ਸੁਣਵਾਈ, ਨਕਲ ਅਰਜ਼ੀ ਦਾਵਾ ।

Oyez, *Int.* ਓਯੇਜ਼-ਅਜੀ ਸੁਣੋ, ਸੁਣੋ ਸੁਣੋ ।

Oyster, *n.* ਓਇਸਟਰ-ਸਿੱਪ ਦਾ ਕੀੜਾ; ਕਸਤੂਰੀ ਮੱਛੀ, ਸਦਫ਼ ।

Ozena, *n.* ਓਜ਼ੀਨਾ-ਨੱਕ ਦਾ ਰੋਗ ਯਾ ਬੀਮਾਰੀ ।

Ozone, *n.* ਓਜ਼ੋਨ-ਇੱਕ ਹੌਲੀ ਵਾਯੂ ।

P.

Pabulum, *n.* ਪੈਬੁਲਮ–ਆਹਾਰ, ਭੋਜਨ ।

Pace, *n.* ਪੇਸ–ਚਾਲ; ਕਦਮ, ਪੈਰ, ਪਦ; ਘੋੜੇ ਦਾ ਕਦਮ; *v. i.* ਧੀਰੇ ਧੀਰੇ ਚਲਨਾ, ਹੌਲੀ ਹੌਲੀ ਟੁਰਨਾ; ਪੈਰਾਂ ਨਾਲ ਨੱਪਨਾ ।

Pacha, *n.* ਪਾਸ਼ਾ–ਤੁਰਕ ਦੇਸ਼ ਦਾ ਇਕ ਰਾਜ ਪਰਤੀਨਿਧੀ ।

Pacific, Pacifical, *a.* ਪੈਸੀਫ਼ਿਕ, ਪੈਸੀਫ਼ੀਕਲ—ਸ਼ਾਨਤੀ ਕਾਰਕ, ਕੋਮਲ, ਮ੍ਰਿਦੁ, ਸੁਸ਼ੀਲ, ਸਥਿਰ, ਠੰਹਿਰਿਆ ਹੋਇਆ ।

Pacificable, *a.* ਪੈਸੀਫ਼ੀਕੇਬਲ ਠੰਡਾ, ਸ਼ਾਂਤ ਯਾ ਸਥਿਰ ਹੋਨ ਜੋਗ ।

Pacification, *n.* ਪੈਸੀਫ਼ੀਕੇਸ਼ਨ—ਸ਼ਾਨਤੀ, ਸੰਧੀਕਰਣ, ਮਿਲਾਪ, ਸੁਲਾਹਕ੍ਰਾਰੀ ।

Pacify, *v. t.* ਪੈਸੀਫ਼ਾਈ–ਠੰਡਾ, ਸ਼ਾਂਤ ਯਾ ਸਥਿਰ ਕ੦; ਮਨਾਉਨਾ, ਠੈਹਰਾਉਨਾ ।

Pack, *n.* ਪੈਕ–ਗਠੜੀ, ਪੋਲਿੰਦਾ, ਗੱਠਾ, ਗੰਡ, ਭਾਰ, ਬੁਚਕਾ; ਝੁੰਡ; ਮੰਡਲੀ; *v. t.* ਗਠੜੀ ਯਾ ਬੁਚਕਾ ਬੰਨ੍ਹਣਾ; ਭਰਨਾ, ਲੱਦਨਾ; ਲਪੇਟਨਾ; ਕੱਸਨਾ, ਜਕੜਨਾ; ਝਬਦੇ ਭੇਜ ਦੇਨਾ; *v. i.* ਗਠਨਾ, ਜੰਮ ਜਾਨਾ, ਤੈਹ ਪੁਰ ਤੈਹ ਜੰਮਨਾ, ਚੰਪਤ ਹੋਨਾ; ਉੱਡਨਾ ।

Package, *n.* ਪੈਕੇਜ—ਗੱਠਾ, ਪੋਟਲੀ; ਬੰਧਵਾਈ, ਬੋਰਾ ਲਦਵਾਈ ।

Packet, *n.* ਪੈਕੇਟ–ਗਠੜੀ, ਥੈਲੀ; ਪੁਲੰਦਾ, ਮੁੱਠਾ; ਚਿੱਠੀਆਂ ਦੇ ਲੈਜਾਨ ਦੀ ਨੌਕਾ (ਬੇੜੀ) ਯਾ ਜਹਾਜ਼; *v. t.* ਗਠੜੀ ਬੰਨ੍ਹਣੀ ।

Packhorse, *n.* ਪੈਕਹੌਰਸ–ਲਾਦੂ ਘੋੜਾ ।

Packing, *n.* ਪੈਕਿੰਗ—ਗਠੜੀ ਬੰਦੀ; ਬੰਦ ਕਰਨ ਦੀ ਚੀਜ਼; ਭਰਾਓ ।

Packstaff, *n.* ਪੈਕਸਟਾਫ਼–ਗਠੜੀ ਸੰਭਾਲਨ ਯਾ ਲੈਜਾਨ ਦੀ ਲਾਠੀ ।

Packthread, *n.* ਪੈਕਥਰੈਡ—ਡੋਰੀ, ਸੁਤੜੀ, ਸੁਤਲੀ, ਰੱਸੀ ।

Packwax, *n.* ਪੈਕਵੈਕਸ–ਪਸ਼ੂਆਂ ਦੀ ਗਿੱਚੀ ਦਾ ਇੱਕ ਪੱਠਾ ।

Pact, Paction, *n.* ਪੈਕਟ, ਪੈਕਸ਼ਨ–ਨਿਯਮ, ਸ਼ਰਤ, ਬੰਧੇਜ, ਕੌਲ ਕਰਾਰ ।

Pad, *n.* ਪੈਡ—ਪਥ, ਰਸਤਾ, ਰਾਹ, ਮਾਰਗ; ਸੁੰਦਰ ਚਾਲ ਦਾ ਘੋੜਾ; ਡਾਕੂ, ਬਟਮਾਰ; ਗੱਦਾ, ਗੱਦੀ; ਤਕੀਆ, ਕਾਗ਼ਜ਼ ਦੀ ਗੱਦੀ; ਰਬੜ ਦੀ ਮੋਹਰ ਲਗਾਉਨ ਲਈ ਸ਼ਾਹੀ ਵਾਲੀ ਗੱਦੀ., *v. t.* ਹੌਲੀ ਹੌਲੀ ਚਲਨਾ, ਰੌਂਦਨਾ; ਇੱਕੋ ਜੇਹਾ ਕ੦; ਗੱਦੀ ਰੱਖ[illegible] ਯਾ ਧਰਨਾ ।

Paddle, *n.* ਪੈਡਲ—ਡਾਲਾ, ਚੱਪੂ; ਬੇੜ ਦੀ ਖਿੜਕੀ; *v. i.* ਪਾਨੀ ਵਿੱਚ ਖੇਡਨਾ; ਉਂਗਲੀ ਲਗਾਉਨੀ; ਹੱਥ ਪੈਰ ਮਾਰਨੇ; ਚੱਪੂ ਚਲਾਉਨਾ; *v. t.* ਖੇਨਾ, ਰੌਂਦਨਾ ।

Paddler, *n.* ਪੈਡਲਰ–ਪਾਨੀ ਵਿੱਚ ਖੇਡਨ ਵਾਲਾ ।

Paddock, *n.* ਪੈਡੌਕ—ਮੇਂਡਕ, ਡੱਡੂ; ਮਰਿਗਸ਼ਾਲਾ; ਜੰਤੂਆਂ ਦਾ ਬਾਗ਼ ।

Paddy, *n.* ਪੈਡੀ–ਧਾਨ, ਝੋਨਾ ।

Padlock, *n.* ਪੈਡਲੌਕ–ਤਾਲਾ, ਜੰਦਰਾ, ਜੰਦਰੀ; *v. t.* ਤਾਲਾ ਲਗਾਉਨਾ, ਜੰਦਰਾ ਮਾਰਨਾ ।

Padnag, *n.* ਪੈਡਨੈਗ—ਸੁੰਦਰ ਚਾਲ ਚਲਨ ਵਾਲਾ ਟੱਟੂ ।

Paduasoy, *n.* ਪੈਡੂਆਸੋਈ–ਇੱਕ ਪਰਕਾਰ ਦਾ ਰੇਸ਼ਮ ।

Pæan, Pæon, *n.* ਪੀਅਨ–ਜਸਗਾਨ, ਜਸਗੀਤ, ਜਸਸ਼ਬਦ, ਖੁਸ਼ੀ ਦਾ ਗੀਤ, ਜੈਕਾਰਾ ।

Pagan, *n.* ਪੈਗਨ–ਮੂਰਤੀ ਪੂਜਕ, ਬੁੱਤ ਪਰਸਤ ।

Paganism, *n.* ਪੈਗਨਇਜ਼ਮ—ਮੂਰਤੀ ਪੂਜਾ, ਬੁੱਤ ਪਰਸਤੀ ।

Paganize, *v. t.* ਪੈਗੇਨਾਇਜ਼–ਮੂਰਤੀ ਪੂਜਕ ਬਨਾਉਨਾ, ਮੁਸ਼ਰਿਕ ਕ੦ ।

Page, *n.* ਪੇਜ–ਪਰਿਸ਼ਟ, ਸਫ਼ਾ; ਛੋਕਰਾ, ਮੁੰਡਾ; ਕਾਂਟਾ, ਔਂਕੜਾ; ਬਾਲ ਸੇਵਕ, ਗੁਲਾਮ; *v. t.* ਅੰਕਨਾ, ਪੱਤਰ ਅੰਕਨ ਕ੦, ਸਫ਼ੇ ਲਗਾਉਨਾ; *v. i.* ਸੇਵਾ ਵਿੱਚ ਉਪਸਥਿਤ ਰੈਹਨਾ ।

Pageant, *n.* ਪੇਜੀਅੰਟ—ਸ਼ੋਭਾ ਮੂਰਤੀ, ਕੌਤੁਕ, ਸਵਾਂਗ, ਲੀਲਾ, ਤਮਾਸ਼ਾ ।

Pageantry, *n.* ਪੇਜੰਟਰੀ—ਕੌਤੁਕ, ਸ਼ੋਭਾ, ਧੂਮਧਾਮ, ਲੀਲਾ, ਸਵਾਂਗ ।

Paging, *n.* ਪੇਜਿੰਗ–ਸਫ਼ਿਆਂ ਪੁਰ ਹਿੰਦਸੇ ਲਗਾਉਨਾ ।

Pagod, Pagoda, *n.* ਪੈਗੋਡ, ਪੈਗੋਡਾ–ਇਕ ਪਰਕਾਰ ਦਾ ਸਿੱਕਾ; ਮੰਦਰ, ਦੇਵਲ, ਮੂਰਤੀ ।

Paid, *a.* ਪੇਡ–*p. t.* of Pay, ਦੇ ਦਿੱਤਾ ।

Paigle, Pagil, *n.* ਪੈਗਲ-ਇਕ ਪਰਕਾਰ ਦਾ ਫੁੱਲ ।

Pail, *n.* ਪੇਲ-ਕਾਠ ਦੀ ਦੋਹਨੀ, ਘੜਾ ਜਾ ਡੋਲ

Pain, *n.* ਪੇਨ—ਪੀੜਾ, ਦੁਖ, ਕਲੇਸ਼, ਕਸ਼ਟ, ਸੰਤਾਪ, ਖੇਦ; ਦੰਡ, ਸਜ਼ਾ, *pl.* ਉੱਦਮ, ਪਰੀਸ਼ਰਮ, ਜਤਨ; *v. t.* ਦੁਖਾਉਣਾ, ਸਤਾਉਣਾ, ਕਲਪਾਉਣਾ, ਪੀੜਾ, ਕਲੇਸ਼, ਦੁੱਖ ਜਾ ਕਸ਼ਟ ਦੇਣਾ, ਬੇਚੈਨ ਕ० ।

Painful, *a.* ਪੇਨਫੁਲ-ਦੁਖਦਾਈ, ਪੀੜਾ ਜਨਕ, ਕਠਿਨ, ਦੁਸ਼ਕਰ, ਤਕਲੀਫ਼ਦੇਹ ।

Painfully, *adv.* ਪੇਨਫੁੱਲੀ—ਦੁੱਖ, ਪੀੜਾ, ਕਲੇਸ਼ ਜਾ ਸੰਤਾਪ ਨਾਲ ।

Painfulness, *n.* ਪੇਨਫੁਲਨੈਸ-ਕਸ਼ਟ, ਦੁੱਖ, ਸ਼ੋਕ, ਕਲੇਸ਼; ਜਤਨ ।

Painless, *a.* ਪੇਨਲੈਸ-ਕਲੇਸ਼ ਰਹਤ, ਦੁੱਖ ਤੋਂ ਬਿਨਾ, ਪੀੜਾ ਹੀਨ ।

Painstaker, *n.* ਪੇਨਜ਼ਟੇਕਰ-ਉੱਦਮੀ, ਮੇਹਨਤੀ ਪੁਰਖ, ਤਕਲੀਫ਼ ਉਠਾਉਣ ਵਾਲਾ ।

Painstaking, *a.* ਪੇਨਜ਼ਟੇਕਿੰਗ-ਉਦਜੋਗੀ, ਮੇਹਨਤੀ, ਤਨਦੇਹ ।

Paint, *v. t.* ਪੇਂਟ-ਚਿੱਤਰ ਬਨਾਉਣਾ, ਰੰਗਣਾ, ਰੰਗ ਭਰਨਾ, ਚਿੱਤਰਕਾਰੀ ਕ०; *n.* ਰੰਗ ਕਰਨ ਦਾ ਲੇਪ, ਰੰਗ, ਰੋਗਨ; ਵਟਨਾ, ਉਬਟਨ।

Pair, *n.* ਪੇਅਰ-ਦਵੰਦ, ਜੋੜਾ, ਜੁਗ, ਮਿਥੁਨ; *v. t.* ਜੋੜਨਾ, ਮਿਲਾਉਣਾ; *v. i.* ਜੋੜਾ ਹੋਣਾ ਜਾ ਬਣਨਾ, ਮਿਲਨਾ, ਜੋੜਾ ਲੱਗਣਾ ।

Palace, *n.* ਪੈਲੇਸ-ਰਾਜ ਭਵਨ, ਰਾਜ ਮੰਦਿਰ, ਮਹਲ, ਦਰਿਬਾ ਦੌਲਤ, ਬਾਰਗਾਹ ।

Palankeen, Palanquin, *n.* ਪੈਲਨਕਿਨ—ਪਾਲਕੀ, ਚੰਡੋਲ, ਨਾਲਕੀ ।

Palatable, *a.* ਪੈਲੇਟੇਬਲ-ਸਵਾਦੀ, ਮਜ਼ੇਦਾਰ।

Palatal, *a.* ਪੈਲੇਟਲ-ਤਾਲੂ ਦਾ, ਤਾਲਵਯ ।

Palate, *n.* ਪੈਲੇਟ-ਤਾਲੂ; ਮਜ਼ਾ, ਸਵਾਦ ।

Palatic, *a.* ਪੈਲੇਟਿਕ-ਤਾਲੂ ਸੰਬੰਧੀ ।

Palatinate, *n.* ਪੈਲੇਟੀਨੇਟ-ਅਦਾਲਤ ਕਰਤਾ ਦਾ ਇਲਾਕਾ ਜਾ ਸੂਬਾ ।

Palatine, *n.* ਪੈਲੇਟੀਨ—ਰਾਜਕੀਯ ਜਾ ਸ਼ਾਹੀ ਅਧਿਕਾਰ ਰੱਖਣ ਵਾਲਾ ।

Palaver, *n.* ਪੈਲੇਵਰ-ਨਿਰਅਰਥਕ ਵਾਕਜ, ਲੱਲੋਪੱਤੋ, ਬਕਵਾਦ, ਗੱਲਬਾਤ ।

Pale, *a.* ਪੇਲ—ਪੀਲਾ, ਪਾਂਡੂ, ਧੁੰਦਲਾ, ਮੈਲਾ, ਫਿੱਕਾ; *v. i.* ਪੀਲਾ ਪੈਣਾ, ਜ਼ਰਦ ਹੋਜਾਣਾ; *n.* ਕਟੈਰਾ, ਬਾੜ, ਡੰਡਾ, ਅਹਾਤਾ, ਘੇਰਾ ।

Paleness, *n.* ਪੇਲਨੈਸ—ਪੀਲਾਪਨ, ਪਾਂਡੂਤਾ, ਜ਼ਰਦੀ, ਫਿੱਕਾਪਨ, ਬੇਰੌਨਕੀ ।

Palesterian, Palestric, Palestrical, *a.* ਪੈਲੈਸਟਰੀਅਨ, ਪੈਲੈਸਟਰਿਕ, ਪੈਲੈਸਟਰੀਕਲ—ਕੁਸ਼ਤੀ ਦਾ ।

Palette, *n.* ਪੈਲੇਟ-ਮੁਸੱਵਰ ਜਾ ਮੂਰਤ ਬਨਾਉਣ ਵਾਲੇ ਦਾ ਫੱਟਾ, ਰੰਗ ਦੀ ਮੇਜ਼ ।

Palfrey, *n.* ਪੈਲਫ਼ਰੇ-ਟੱਟੂ ।

Palification, *n.* ਪੈਲੀਫ਼ੀਕੇਸ਼ਨ-ਜ਼ਮੀਨ ਦੀ ਪਕਿਆਈ ਲਈ ਖੂੰਟੀ ਗੱਡਨਾ ।

Paling, *n.* ਪੇਲਿੰਗ-ਕਟੈਹਰਾ ।

Palisade, *n.* ਪੈਲੀਸੇਡ-ਨੋਕਦਾਰ ਲੱਕੜਾਂ ਦੀ ਮੋਰਚਾਬੰਦੀ, ਕਾਠ ਘੇਰਾ, ਲਕੜ ਕੋਟ ।

Pall, *n.* ਪਾਲ—ਅੰਗਰੱਖਾ, ਚੱਦਰ; ਖੱਫਨ, ਕਫ਼ਨ; ਪਹੀਏ ਦੀ ਉਲਟੀ ਚਾਲ ਰੋਕ; ਮਾਲਿਸ਼; *v. t.* ਬੁਰਾ ਸੁਆਦ ਕ०, ਬਦਮਜ਼ਾ ਕ०; ਫਿੱਕਾ ਕ०, ਉਦਾਸ ਕ०, ਮਨ ਤੋੜਨਾ; ਨਿਰਬਲ ਕ०; ਬੁਰਕਾ ਪੈਹਨਾਉਣਾ ।

Pallet, *n.* ਪੈਲੇਟ-ਇਕ ਛੋਟਾ ਬਿਛੌਣਾ; ਥਾਪੀ; ਘੜੀ ਦਾ ਇੱਕ ਪੁਰਜ਼ਾ ।

Palliate, *v. t.* ਪੈਲੀਏਟ—ਘਟਾਉਣਾ, ਛੋਟਾ ਕ०, ਕਮ ਕ०, ਘਟ ਕ०; ਲੀਪਨਾ ।

Palliation, *n.* ਪੈਲੀਏਸ਼ਨ-ਨਜੂਨਤਾ; ਕਮੀ, ਘਾਟਾ; ਪਾਪ ਸ਼ਾਨਤੀ, ਮਾਜ਼ਰਤ ।

Palliative, *a.* ਪੈਲੀਏਟਿਵ—ਸ਼ਾਨਤਿਕ, ਘਟਾਉਣ ਵਾਲਾ, ਮੇਟਣ ਵਾਲਾ ।

Pallid, *a.* ਪਲਿਡ—ਪੀਲਾ ਜੇਹਾ, ਫਿੱਕਾ ।

Pallidity, *n.* ਪੈਲੀਡਿਟੀ-ਪੀਲਾਪਨ, ਫਿੱਕਾਪਨ

Pall-mall, *n.* ਪਾਲਮਾਲ-ਇੱਕ ਖੇਡ ਜਿਸ ਵਿਚ ਕਾਠ ਦੇ ਗੇਂਦ ਨੂੰ ਡੰਡੇ ਜਾ ਮੁੰਗਲੀ ਨਾਲ ਮਾਰਕੇ ਲੋਹੇ ਦੀ ਹਲਕੇ ਦੇ ਬਾਹਰ ਕਰਦੇ ਹਨ ।

Palm, *n.* ਪਾਮ—ਤਲੀ, ਹਥੇਲੀ, ਕਰਤਲ; ਖਜੂਰ ਜਾ ਛੁਹਾਰੇ ਦਾ ਬੂਟਾ; ਜਯਮਾਲਾ, ਹਾਰ, ਸੇਹਰਾ; *v. t.* ਮੁੱਠੀ ਵਿੱਚ ਛਿਪਾਉਣਾ ਜਾ ਲੁਕਾਉਣਾ, ਠੱਗਣਾ, ਛਲਨਾ; ਗਲ ਮੜ੍ਹਨਾ ।

Palmary, *a.* ਪਾਮਰੀ-ਵੱਡਾ, ਉੱਤਮ ।

Palmate, Palmated, *a.* ਪਲਮੇਟ, ਪਲਮੇਟਿਡ—ਹਥੇਲੀ ਜੇਹਾ ।

Palmer, *n.* ਪਾਮਰ–ਓਹ ਜਾਤਰੀ ਜੋ ਖਜੂਰ ਦੀ ਟਾਹਣੀ ਲਿਆਵੇ; ਅੜੀਆਰ, ਐਂਟੇਘਾਰ; ਛਲੀਆ; ਈਸਾਈ ਧਰਮਾਤਮਾ ਜੋਧਾ ।

Palmetto, *n.* ਪਲਮੈਟੋ–ਇਕ ਪ੍ਰਕਾਰ ਦਾ ਤਾੜ

Palmiped, *a.* ਪਲਮੀਪਿਡ--ਜਾਲੀਦਾਰ ਪੈਰਾਂ ਵਾਲਾ ।

Palmister, *n.* ਪਾਲਮਿਸਟਰ–ਸਾਮੁਦਰੀਕ, ਹੱਥਾਂ ਦੇ ਚਿੰਨ੍ਹ ਦੇਖਕੇ ਦੱਸਣ ਵਾਲਾ, ਢਡਰੀ ।

Palmistry, *n.* ਪਾਲਮਿਸਟਰੀ—ਹਸਤ ਰੇਖ ਵਿੱਦਿਆ; ਹਥ ਚਲਾਕੀ, ਹਥ ਫੇਰੀ ।

Palmy, *a.* ਪਾਮੀ—ਖਜੂਰ ਦੇ ਰੁੱਖਾਂ ਨਾਲ ਭਰਿਆ ਹੋਇਆ; ਵਿਜਈ; ਲਹਲਹਾਉਂਦਾ ।

Palmyra, *n.* ਪਲਮਿਰਾ–ਤਾੜ ।

Palpability, *n.* ਪਲਪੇਬਿਲੀਟੀ–ਛੋਹਣ ਸ਼ਾ ਜਾਣੇ ਜਾਣ ਦਾ ਗੁਣ; ਸਪਰਸ਼, ਮਾਲੂਮੀਅਤ ।

Palpable, *a.* ਪਲਪੇਬਲ–ਸਪਰਸ਼ ਗੋਚਰ, ਸਪਸ਼ਟ, ਪਰਤੱਖ, ਸਾਫ਼; ਸਥੂਲ, ਮੋਟਾ ।

Palpably, *adv.* ਪਲਪੇਬਲੀ–ਪਰਤੱਖ ਰੂਪ ਨਾਲ, ਜ਼ਾਹਿਰੀ; ਸਥੂਲਤਾ ਨਾਲ ।

Palpation, *n.* ਪੈਲਪੇਸ਼ਨ—ਸਪਰਸ਼, ਛੂਹਣਾ, ਹਿਸ ।

Palpitate, *v. i.* ਪਲਪੀਟੇਟ–ਧੜਕਣਾ, ਫੜਕਣਾ, ਤੜਪਣਾ, ਧਕਧਕ ਕ० ।

Palpitation, *n.* ਪਲਪੀਟੇਸ਼ਨ–ਧੜਕ, ਧਕਧਕ, ਧੁਕਧੁਕੀ; ਦਿਲ ਦੀ ਧੜਕਨ ।

Palsied, *a.* ਪਲਸੀਡ–ਸੀਤ ਅੰਗੀ, ਸੁੰਨ, ਸੱਲ, ਅਰਧੰਗ, ਪੱਛਾਘਾਤੀ, ਝੋਲੇ ਮਾਰਿਆ ਹੋਇਆ ।

Palsy, *n.* ਪਲਸੀ–ਅਰਧੰਗ, ਸੀਤੰਗ, ਝੋਲਾ, ਫਾਲਿਜ, ਲਕਵਾ; *v. t.* ਝੋਲਾ ਮਾਰਨਾ ।

Palter, *v. i.* ਪੈਲਟਰ–ਵਲ ਛਲ ਕ०, ਟਾਲ-ਮਟੋਲਾ ਕ०, ਮਕਰ ਕ०; ਲੁਟਾਉਣਾ ।

Paltriness, *n.* ਪੈਲਟਰੀਨੈਸ–ਕਮੀਨਾਪਨ, ਤੁੱਛਤਾ, ਖੁਆਰੀ, ਨਕਾਰਾਪਨ, ਨਿਕੱਮਾਪਨ ।

Paltry, *a.* ਪੈਲਟਰੀ–ਨਿਕੰਮਾ, ਨਿਰਗੁਣ, ਤੁੱਛ, ਅਧਮ, ਨਕਾਰਾ ।

Paly, *a.* ਪੇਲੀ–ਬਦਰੰਗ, ਫਿੱਕਾ, ਮਾਂਦ ।

Pam, *n.* ਪਾਮ–ਤਾਸ਼ ਦੀ ਖੇਡ ਵਿੱਚ ਗੁਲਾਮ ।

Pamper, *v. t.* ਪੈਂਮਪਰ–ਵੱਡੇ ਲਾਡ ਪਿਆਰ ਨਾਲ ਪਾਲਣਾ, ਰਜਾਉਣਾ, ਅਤਿਰਿਪਤ ਕ० ।

Pamphlet, *n.* ਪੰਮਫਲੇਟ—ਛੋਟੀ ਪੁਸਤਕ ਰਿਸਾਲਾ; *v. i.* ਛੋਟੀ ਪੁਸਤਕ ਲਿਖਣਾ ।

Pamphleteer, *n.* ਪੈਂਮਫਲੇਟੀਅਰ—ਛੋਟੀ ਪੁਸਤਕ ਜਾ ਰਿਸਾਲਾ ਲਿਖਣ ਵਾਲਾ ।

Pampre, *n.* ਪੈਂਮਪਰ–ਅੰਗੂਰ ਦੇ ਖੋਸ਼ਿਆਂ ਤੇ ਪੱਤਿਆਂ ਦਾ ਨਕਸ਼ੋਨਿਗਾਰ (ਚਿੱਤਰ) ।

Pan, *n.* ਪੈਨ–ਕੜਾਹੀ, ਤਵਾ, ਤਪਲੀ, ਤਸਲਾ ਪਰਾਤ, ਥਾਲੀ, ਚਕਲਾ, ਬਾਸਨ ਆਦਿ; ਚਾਂਦੀ ਜਾ ਸੋਨੇ ਦਾ ਵਰਕ; ਕਪਾਲ, ਖੋਪਰੀ ।

Panacea *n.* ਪੈਨੇਸੀਆ—ਸਭਨਾਂ ਰੋਗਾਂ ਦੀ ਔਖਧੀ ਜਾ ਦਵਾਈ, ਦੁਖਹਰਣ ।

Panada, Panade, *n.* ਪੈਨੇਡਾ, ਪੈਨੇਡੀ—ਰੋਟੀ ਦੇ ਮਿੱਠੇ ਟੋਟੇ ।

Pancake, *n.* ਪੈਨਕੇਕ–ਕੜਾਹੀ ਵਿਚ ਤਲਿਆ ਹੋਇਆ ਪਾਕ ਜੇਹਾ ਪੂੜੀ, ਕਚੌੜੀ, ਲੁੱਚੀ, ਮਾਲਪੂੜਾ ਆਦਿ ।

Pancratic, Pancratical, *a.* ਪੈਨਕਰੇਟਿਕ, ਪੈਨਕਰੇਟੀਕਲ—ਯੁੱਧ ਨਿਪੁਣ, ਕੁਸ਼ਤੀ ਆਦਿ ਵਿਚ ਨਿਪੁਣ (ਜਕਤਾ) ।

Pancreas, *n.* ਪੈਨਕਰੀਅਸ—ਢਿੱਡ ਦੇ ਹੇਠ ਇੱਕ ਗੰਡ ਜਿਸ ਥੀਂ ਲਸਲਸਾ ਪਦਾਰਥ ਨਿਕਲਦਾ ਹੈ, ਲਬਲਬਾ ।

Pandect, *n.* ਪੈਨਡੈਕਟ–ਸੰਪੂਰਣ ਵਿੱਦਿਆ ਸੰਗਰਹ, ਸਿਮ੍ਰਤੀ ਸ਼ਾਸਤ੍ਰ ਸੰਗਰਹ ।

Pandemic, *a.* ਪੈਨਡੈਮਿਕ—ਸੰਸਾਰ ਵਿੱਚ ਫੈਲਣ ਵਾਲਾ, ਦੇਸ਼ਾਪਤੀ, ਆਲਮਗੀਰ ।

Pander, *n.* ਪੈਂਡਰ–ਕੁਟਣਾ, ਭੜੂਆ, ਦੱਲਾ; *v. t.* ਕੁਟਣਾਈ ਕ०, ਦੱਲਪਣਾ ਕ० ।

Pandiculation, *n.* ਪੈਂਡੀਕੁਲੇਸ਼ਨ—ਅੜਕੜਾਈ, ਅੰਗੜਾਈ, ਅਕੜੇਵਾਂ, ਕਸਮਸਾਹਟ ।

Pane, *n.* ਪੇਨ–ਕਾਂਚਖਿੜਕਾ, ਕੱਚ ਦੀ ਪਟੜੀ, ਚਿੱਤਰ ਭੂਮ, ਸ਼ੀਸ਼ੇ ਦਾ ਟੋਟਾ, ਟੁਕੜੀ ।

Panegyric, *n.* ਪੈਨੀਗਿਰਿਕ–ਉਸਤਤੀ, ਸ਼ਲਾਘਾ, ਵਡਿਆਈ, ਤਾਰੀਫ਼ ।

Panegyrist, *n.* ਪੈਨੀਜਿਰਿਸਟ–ਉਸਤਤੀ ਜਾ ਵਡਿਆਈ ਕਰਨ ਵਾਲਾ, ਮੱਦਾਹ, ਭੱਟ ।

Panegyrize, *v. t.* ਪੈਨੀਜਿਰਾਇਜ਼–ਵਡਿਆਈ, ਸ਼ਲਾਘਾ ਜਾ ਉਸਤਤੀ ਕ० ।

Panel, *n.* ਪੈਨਲ–ਦਿਲਾ, ਚੌਹਾਂ ਕੋਨਿਆਂ ਵਾਲੀ ਪਟੜੀ ਜੋ ਕਿਵਾੜ (ਬੂਹੇ) ਆਦਿ ਵਿੱਚ ਹੁੰਦੀ ਹੈ; ਜੂਰੀ ਵਾਲਿਆਂ ਦੀ ਫ਼ਹਰਿਸਤ ।

Pang, *n.* ਪੈਂਗ–ਬਹੁਤ ਪੀੜਾ, ਅਧਿਕ ਦੁੱਖ ।

Panic, *n.* ਪੈਨਿਕ–ਭੈ, ਤਰਾਸ, ਹੌਲ, ਡਰ; *a.* ਬੇਅਸਲ, ਨਕਲੀ ।

Pannage, *n.* ਪੈਨੇਜ–ਸੂਰਾਂ ਦਾ ਜੰਗਲੀ ਖਾਣਾ ਜਾਂ ਚਾਰਾ ।

Pannel, *n.* ਪੈਨੇਲ—ਇੱਕ ਪ੍ਰਕਾਰ ਦੀ ਜ਼ੀਨ, ਖੋਗੀਰ; ਸ਼ਿਕਰੇ ਦਾ ਮੇਦਾ; ਛਾਬਾ, ਛੰਗੇਰ ।

Pannier, *n.* ਪੈਨੀਅਰ–ਖਾਂਚਾ, ਟੋਕਰਾ, ਡਲ; ਪਟਾਰ; ਝਾੜੂ ਦੀ ਢਾਲ ।

Panoply, *n.* ਪੈਨੋਪਲੀ–ਸਾਰੇ ਅੰਗਾਂ ਦਾ ਕਵਚ ਜਾਂ ਜ਼ਿਰਾ ਬਕਤਰ ।

Panorama, *n.* ਪੈਨੋਰਾਮਾ–ਚਤੁਰ ਦਿਗ ਦਰਸ਼ਕ ਚਿੱਤਰ, ਉਹ ਤਸਵੀਰ ਜਾਂ ਮੂਰਤ ਜੋ ਚਾਰੇ ਪਾਸੇ ਦਿੱਸੇ ।

Pansy, *n.* ਪੈਨਸੀ—ਇੱਕ ਪ੍ਰਕਾਰ ਦਾ ਬਾਗੀ ਬਨਫ਼ਸ਼ਾ ।

Pant, *n.* ਪੈਂਟ—ਧੁਖਧੁਖੀ, ਧੜਕ; *v. i.* ਲਾਲਸਾ ਕ੦, ਧੜਕਣਾ, ਤੜਪਣਾ, ਮਰਨਾ ।

Pantaloon, *n.* ਪੈਨਟੇਲੂਨ–ਪਤਲੂਨ, ਪਾਜਾਮਾ, ਮਸੱਖਰ, ਸਲਵਾਰ ।

Pantheism, *n.* ਪੈਨਥੀਇਜ਼ਮ–ਉਹ ਮਤ ਜਿਸ ਵਿੱਚ ਸਰਿਸ਼ਟੀ ਨੂੰ ਬ੍ਰਹਮਾ ਮੰਨਦੇ ਹਨ, ਅਭੇਦ ਮਤ, ਹਮਾ ਓਸਤ ਦਾ ਮਸਲਾ, ਵੇਦਾਂਤ ।

Pantheist, *a.* ਪੈਨਥੀਇਸਟ–ਅਭੇਦਵਾਦੀ ।

Pantheon, *n.* ਪੈਨਥੀਅਨ–ਸਭ ਦੇਵਤਿਆਂ ਦਾ ਮੰਦਿਰ, ਦੇਵ ਬਰਿੰਦ, ਦੇਵਾਲਯ ।

Panther, *n.* ਪੈਨਥਰ–ਚੀਤਾ, ਚਿੱਤਰਾ ।

Pantler, *n.* ਪੈਂਟਲਰ–ਭੰਡਾਰੀ ।

Pantofle, *n.* ਪੈਨਟੋਫ਼ਲ–ਇਕ ਜੁੱਤਾ ਜਾਂ ਜੁੱਤੀ

Pantomime, *n.* ਪਨਟੋਮਿਮ–ਉਹ ਆਦਮੀ ਜੋ ਬੋਲਦਾ ਨਹੀਂ ਪਰ ਹੱਥਾਂ ਪੈਰਾਂ ਆਦਿ ਨਾਲ ਅਪਨਾ ਮਨੋਰਥ ਦੱਸਦਾ ਹੈ ।

Pantry, *n.* ਪੈਨਟਰੀ–ਭੰਡਾਰਾ, ਮੋਦੀਖ਼ਾਨਾ, ਨੇਮਤਖ਼ਾਨਾ ।

Pap, *n.* ਪੈਪ–ਸਤਨਮੁਖ, ਚੂਚੀ, ਮੰਮੇ ਦੀ ਡੋਡੀ; *n.* ਮਰਿਦੂ ਆਹਾਰ, ਫਲ ਦਾ ਗੁੱਦਾ ।

Papa, *n.* ਪਾਪਾ–ਬਾਬਾ, ਬਾਪੂ, ਬਾਪ, ਪਿਤਾ ।

Papacy, *n.* ਪੈਪੇਸੀ–ਰੋਮ ਦੇ ਸਰਦਾਰ ਪਾਦਰੀ ਦਾ ਮਾਨ ਜਾਂ ਅਧਿਕਾਰ ।

Papaverous, *a.* ਪੈਪੇਵੇਰਸ—ਖਸਖਾਸ ਤੁੱਲ, ਖਸਖਾਸ ਦੀ ਮਾਨਿੰਦ ।

Papaw, *n.* ਪਾਪੋ—ਇੱਕ ਪਰਕਾਰ ਦਾ ਰੁੱਖ ਅਤੇ ਉਸਦਾ ਫਲ ।

Paper, *n.* ਪੇਪਰ—ਲਿਖਨ ਪੱਤਰ, ਕਾਗਜ਼; ਅਖ਼ਬਾਰ; ਹੁੰਡੀ; ਅਧਰੀ ।

Papescent, *a.* ਪਪੇਸੈਂਟ–ਗੁਦੇਦਾਰ, ਗੁਦੇ ਜੇਹਾ, ਗੁਦੇ ਦਾ, ਗੁਦੇ ਸਮਾਨ ।

Papilio, *n.* ਪੈਪੀਲੀਓ–ਤਿਤਰੀ, ਤੀਤਲੀ ।

Pappous, *a.* ਪੈਪਸ–ਮਰਿਦੁ, ਕੋਮਲ, ਨਰਮ, ਮੁਲਾਇਮ, ਰੂੰਈਂਦਾਰ ।

Pappy, *a.* ਪੈਪੀ–ਕੋਮਲ, ਨਰਮ, ਪਿਲਪਿਲਾ ।

'ar, *n.* ਪਾਰ–ਬਰਾਬਰੀ, ਸਮਤਾ, ਸਮਭਾਵ ।

Parable, *n.* ਪੈਰੇਬਲ–ਦਰਿਸ਼ਟਾਂਤ, ਮਿਸਾਲ ।

Parabola, *n.* ਪੈਰਾਬੋਲਾ–ਲਗਭਗ ਅੰਡਾ ਰੂਪ ।

Parabole, *n.* ਪੈਰਾਬੋਲ–ਉਪਮਾ, ਤਸ਼ਬੀਹ ।

Parabolical, *a.* ਪੈਰਾਬੋਲੀਕਲ–ਦਰਿਸ਼ਟਾਂਤੀ. ਤਮਸੀਲੀ ।

Paracentric, Parac ntrical, *a.* ਪੈਰਾਸੈਨਟਰਿਕ, ਪੈਰਾਸੈਨਟਰੀਕਲ—ਮੰਡਲ ਬੀਂ ਦਵਿਆ ਹੋਇਆ, ਦਾਇਰੇ ਤੋਂ ਮੁਤਜਾਵਿਜ਼ ।

Parade, *n.* ਪੈਰੇਡ–ਦਿਖਾਵਾ, ਠਾਠ, ਧੂਮਧਾਮ, ਕੌਤਕ, ਆਡੰਬਰ; ਜਾਤਰਾ, ਸਫ਼ਰ; ਜੁੱਧ ਅਭਿਆਸ ਸਥਾਨ, ਪਰੇਡ, ਖੁੱਲਾ ਮੈਦਾਨ; ਕਵਾਇਦ, ਸਫ਼ ਆਰਾਈ, ਪਰਾਬੰਦੀ; ਜਲੂਸ; *v.t.* ਕ੍ਰਮ ਨਾਲ ਸੈਨਾ ਇਕਤ੍ਰ ਕ੦, ਦਿਖਾਉਣਾ ।

Paradigm, *n.* ਪੈਰਾਡਿਮ–ਧਾਤੂ ਰੂਪਾਵਲੀ, ਆਮਦਨਾਮਾ ।

Paradize, *n.* ਪੈਰਾਡਿਜ਼—ਸਵਰਗ, ਅਨੰਦ ਲੋਕ, ਸੁਖ ਧਾਮ, ਸੁਖ ਭਵਨ, ਸਵਰਗ ਲੋਕ, ਬੈਕੁੰਠ, ਬਹਿਸ਼ਤ, ਫ਼ਿਰਦੌਸ ।

Paradox, *n.* ਪੈਰਾਡੌਕਸ—ਲੋਕ ਵਿਰੁੱਧ ਅਭਜਾਸ, ਉਹ ਗਲ ਜੋ ਸੁਣਨ ਵਿੱਚ ਝੂਠੀ ਜਾਨ ਪਵੇ ਪਰ ਵਿਚਾਰਨ ਪੁਰ ਠੀਕ ਤੇ ਸੱਚ ਨਿਕਲੇ ।

Paragoge, *n.* ਪੈਰਾਗੋਜੀ—ਕਿਸੇ ਸ਼ਬਦ ਦੇ ਅੰਤ ਵਿਚ ਅੱਖਰਾਂ ਦਾ ਵਾਧਾ, ਪਦਰੂਪਣ ।

Paragon, *n.* ਪੈਰਾਗਨ-ਪਰਿਤਮਾ, ਪ੍ਰਤੀਰੂਪ, ਮਿਸਾਲ, ਨਮੂਨਾ, ਨਾਰ, ਸਰਤਾਜ ।

Paragram, *n.* ਪੈਰਾਗਰਾਮ-ਸ਼ਲੇਸ਼ ਅਲੰਕਾਰ, ਸਨਤ ਲਫ਼ਜ਼ੀ ।

Paragraph, *n.* ਪੈਰਾਗਰਾਫ਼-ਲੇਖ ਪਰਿਛੇਦ, ਪ੍ਰਕਰਣ, ਜੁਮਲਾ, ਵੱਡਾ ਫ਼ਿਕਰਾ ।

Parallax, *n.* ਪੈਰਾਲੈਕਸ-ਸਥਾਨ ਭੇਦ ।

Parallel, *a.* ਪੈਰਾਲਲ-ਸਮ ਅੰਤਰ, ਸਮ ਭਾਵ, ਅਨੁਰੂਪ, ਤੁਲਯ, ਸਮ, ਸਮਾਨ, ਇੱਕੋ ਜੇਹਾ; *n.* ਸਮਾਨ ਅੰਤਰ ਰੇਖਾ, ਸਮਾਨਤਾ, ਦਰਿਸ਼ ਅਨੁਰੂਪਤਾ, ਉਪਮਾ; *v. t.* ਸਮ ਅੰਤਰ ਕ੦, ਸਦਰਿਸ਼ ਰੱਖਣਾ, ਉਪਮਾ ਦੇਣਾ, ਇੱਕੋ ਜੇਹਾ ਜਾ ਬਰਾਬਰ ਦ ਕ੦ ।

Parallelism, *n.* ਪੈਰਾਲਲਇਜ਼ਮ-ਸਮਾਨਤਾ, ਬਰਾਬਰੀ, ਮੁਸਾਵਾਤ ।

Parallelogram, *n.* ਪੈਰਾਲੈਲੋਗਰਾਮ-ਸਮਾਨ ਚਤੁਰ ਭੁਜ, ਚੀਚ ਬਰਾਬਰ ਖੇਤ, ਮੁਤਵਾਜ਼ੀਉਲ ਅਜ਼ਲਾ ।

Parallelopiped, *n.* ਪੈਰਾਲੈਲੋਪੀਪਿਡ—ਸਮਾਨੰਤਰ ਘਨਕ ਖੇਤਰ, ਮੁਤਵਾਜ਼ੀਉਲਸਤਹ ।

Paralogy, *n.* ਪੈਰਾਲੋਜੀ-ਮਿਥਿਆ ਹੇਤੁ, ਝੂਠਾ ਵਾਦ, ਜਾਲੀ ਦਲੀਲ ।

Paralysis, *n.* ਪੈਰਾਲੀਸਿਸ-ਝੋਲਾ, ਅਰਧੰਗ, ਲਕਵਾ, ਰਾਸ਼ਾ, ਫ਼ਾਲਿਜ, ਪੱਛਾਘਾਤ ।

Paralytic, Paralytical, *a.* ਪੈਰਾਲਿਟਿਕ, ਪੈਰਾਲਿਟੀਕਲ—ਝੋਲੇ ਮਾਰਿਆ, ਅਰਧੰਗਾ ।

Paramount, *a.* ਪੈਰਾਮੌਂਟ-ਸਰਵ ਸਰੇਸ਼ਟ, ਵੱਡਾ, ਉੱਚਾ, ਮਹਾਨ, ਅਧੀਰਾਜ, ਉਤ੍ਰਿਸ਼ਟ; *n.* ਨਾਯਕ, ਪਤੀ, ਈਸ਼, ਮੁਖੀਆ ।

Paramour, *n.* ਪੈਰਾਮਰ-ਆਸ਼ਕ, ਮਾਸ਼ੂਕ, ਉਪਪਤਨੀ, ਜ਼ਾਰ, ਉਪਪਤੀ ।

Paranymph, *n.* ਪੈਰਾਨਿੰਫ—ਸਰਬਾਲਾ, ਉਹ ਪੁਰਖ ਜੋ ਵਿਆਹ ਦੇ ਸਮਯ ਲਾੜੇ ਦੇ ਨਾਲ ਰੈਂਹਦਾ ਹੈ, ਸਹਾਇਕ ।

Parapet, *n.* ਪੈਰਾਪੈਟ—ਬੰਨ੍ਹਾ, ਕਮਰ ਤੋੜ ਉੱਚੀ ਕੰਧ ।

Paraphernalia, Paraphernia, *n.* ਪੈਰਾਫਰਨੇਲੀਆ, ਪੈਰਾਫਰਨੀਆ-ਇਸਤ੍ਰੀ ਧਨ, ਦਾਜ, ਸਹੇਜ਼, ਦਹੇਜ਼, ਬਸਤਰ ਅਤੇ ਗਹਿਣੇ ।

Paraphrase, *n.* ਪੈਰਾਫਰੇਜ਼—ਮੂਲ ਸ਼ਬਦ ਵਿਸਤਾਰ, ਟੀਕਾ; *v. t.* ਮੂਲ ਸ਼ਬਦ ਵਿਸਤਾਰ, ਵਿਆਖਯਾ ਯਾ ਟੀਕਾ ਕ੦, ਇਬਾਰਤ ਨੂੰ ਫੈਲਾਕੇ ਕੈਹਣਾ, ਟੀਕਾ ਕ੦ ।

Paraphrastic, Paraphrastical, *a.* ਪੈਰਾਫਰੈਸਟਿਕ, ਪੈਰਾਫਰੈਸਟਿਕਲ—ਵਿਸਤਾਰ ਰੂਪ, ਮੁਫ਼ੱਸਿਲ, ਸ਼ਰਾਹਵਾਰ ।

Paraplegy, *n.* ਪੈਰਾਪਲੇਜੀ-ਸਰੀਰ ਦੇ ਹੇਠਲੇ ਅੰਗ ਦਾ ਸੁੰਨ ਹੋਣਾ, ਹੇਠਲੇ ਧੜਨ ਦਾ ਫ਼ਾਲਜ ।

Paraquet, *n.* ਪੈਰਾਕੇਟ-ਤੋਤਾ, ਤੋਤੀ ।

Parasang, *n.* ਪੈਰਾਸੈਂਗ—ਪਾਰਸ ਦੇਸ਼ ਦਾ ਇਕ ਮਾਪ ਯਾ ਤੋਲ, ਫਰਸੰਗ ।

Parasite, *n.* ਪੈਰਾਸਿਟ-ਰੋਟੀ ਦੋਸ, ਅਤੀ ਅਨੁਰੋਧੀ, ਖੁਸ਼ਾਮਦੀ, ਮੁਫ਼ਤਖ਼ੋਰ, ਰਕਾਬੀ ਮਜ਼ਹਬ, ਟੁੱਕਰ ਖ਼ੋਰ; ਉਹ ਪੌਦੇ ਜੋ ਦੂਜੇ ਰੁੱਖਾਂ ਪੁਰ ਸਮਦੇ ਹਨ; ਉਹ ਜਨੌਰ ਜੋ ਦੂਜਿਆਂ ਦੇ ਪਿੰਡੇ (ਬਦਨ) ਪੁਰ ਰੈਂਹਦੇ ਹਨ ।

Parasol, *n.* ਪੈਰਾਸੋਲ-ਛਤਰੀ, ਛੋਟਾ ਛਾਤਾ ।

Parathesis, *n.* ਪੈਰਾਥਿਸਿਸ-ਖ਼ਤੂਤਵਾਹਦਾਨੀ ( ) ਦੇ ਅੰਦਰ ਦਾ ਲੇਖ ।

Paravail, *a.* ਪੈਰਾਵੇਲ-ਸਭ ਥੋਂ ਹੇਠਲਾ ।

Parboil, *v. t.* ਪਰਬੋਇਲ-ਅਧਕੱਚਾ ਪਕਾਉਣਾ, ਨੀਮਜੋਸ਼ ਦੇਣਾ ।

Parcel, *n.* ਪਾਰਸਲ-ਗਠੜੀ, ਪੋਟਲੀ, ਪੁਲਿੰਦਾ, ਕਿਦ. ਥਿਦਲੀ; ਹਿੱਸਾ, ਟੁਕੜਾ; *v.t* ਵਿਭਾਗ ਕ੦, ਟੁਕੜੇ ਟੁਕੜੇ ਕ੦, ਵੰਡਣਾ ।

Parcenary, *n.* ਪਾਰਸੀਨਰੀ-ਬਪੌਤੀ ਵਿੱਚ ਸਾਂਝ, ਵਿਰਾਸਤ ਯਾ ਵਡਿਆਂ ਦੇ ਧਨ ਦਾ ਸਾਂਝ

Parcener, *n.* ਪਾਰਸੀਨਰ-ਅੰਸ਼ੀ, ਸਮ ਅਧਿਕਾਰੀ, ਇੱਕੋ ਵਿਰਸੇ ਵਾਲਾ, ਪੱਤੀਦਾਰ, ਸਾਂਝੀ, ਸ਼ਰੀਕ, ਭਾਈਵਾਲ, ਹਿੱਸੇਦਾਰ ।

Parch, *v. t.* ਪਾਰਚ-ਭੁਨਣਾ, ਸੇਕਣਾ, ਝੁਲਸਣਾ, ਸੁਕਾਉਣਾ; *v. i.* ਸੁਕਣਾ, ਸਿਕਣਾ ।

Parchment, *n.* ਪਰਚਮੈਂਟ-ਚਰਮ ਪੱਤਰ, ਲਿਖਣ ਚਰਮ, ਚਰਮਪਟ ।

Pard, *n.* ਪਾਰਡ-ਚੀਤਾ, ਤੇਂਦਵਾ, ਪਾਰਸ ।

Pardon, *v. t.* ਪਾਰਡਨ-ਮੁਆਫ਼ ਕ੦, ਅਪਰਾਧ ਖਿਮਾ ਕ੦, ਪਾਪ ਮੁਕਤ ਕ੦, ਛੱਡਣਾ; *n.* ਖਿਮਾ, ਮੁਕਤੀ, ਮੁਆਫ਼ੀ, ਛੁਟਕਾਰਾ ।

Pardonable, *a.* ਪਾਰਡਨੇਬਲ-ਖਿਮਾ ਜੋਗ, ਮੁਆਫ਼ੀ ਦੇ ਲਾਇਕ, ਮਾਜ਼ੂਰ ।

Pardoner, *n.* ਪਾਰਡਨਰ–ਖਿਮਾ ਜਾਂ ਮੁਆਫ਼ ਕਰਨ ਵਾਲਾ, ਬਖ਼ਸ਼ਿੰਦ ।

Pare, *v. t.* ਪੇਅਰ–ਛਿਲਨਾ, ਥੋੜਾ ੨ ਕਰਕੇ ਘਟਾਉਣਾ, ਕੁਤਰਨਾ, ਛਾਂਟਨਾ ।

Paregoric, *a.* ਪੇਅਰਗੋਰਿਕ–ਦੁੱਖ ਹਟਾਉਣ ਵਾਲਾ, ਪੀੜਾ ਨੂੰ ਘੱਟ ਕਰਨ ਵਾਲਾ; *n.* ਦੁੱਖ ਦੂਰ ਕਰਨ ਵਾਲਾ ਆਦਮੀ ਜਾਂ ਦੁਆ ।

Parenchyma. *n.* ਪੈਰੈਨਕੀਮਾ–ਸਰੀਰ ਵਿੱਚ ਇਕ ਨਰਮ ਤੇ ਪੋਲੀ ਸ਼ੈ; ਗੁੱਦ ਜੋ ਰੁੱਖ ਦੀ ਜੜ੍ਹ ਵਿੱਚ ਹੁੰਦੀ ਹੈ ।

Parent, *n.* ਪੇਰੇਂਟ—ਪਿਤਾ ਜਾਂ ਮਾਤਾ, ਜੰਮਨ ਵਾਲਾ ਜਾਂ ਜੰਮਨ ਵਾਲੀ; ਅਸਲ, ਜੜ੍ਹ ।

Parentage, *n.* ਪੇਰੈਨਟੇਜ–ਵੰਸ਼, ਜਾਤੀ, ਕੁਲ, ਘਰਾਨਾ, ਖ਼ਾਨਦਾਨ; ਜਨਮ, ਉਤਪੱਤੀ ।

Parental, *a.* ਪੇਰੈਨਟਲ–ਮਾਤਾ ਪਿਤਾ ਸੰਬੰਧੀ, ਮਾਦਰਾਨਾ, ਕੁਲ ਦਾ, ਵੰਸੀ, ਖ਼ਾਨਦਾਨੀ ।

Parenthesis, *n.* ਪੇਰੈਨਥੀਸਿਸ–ਉਪਵਾਕ, ਇਸ ਪਰਕਾਰ ( ) ਦਾ ਚਿੰਨ੍ਹ ।

Parentless, *a.* ਪੇਰੇਂਟਲੈਸ–ਮਾਤਾ ਪਿਤਾ ਹੀਨ, ਅਨਾਥ, ਯਤੀਮ ।

Parer, *n.* ਪੇਅਰਰ—ਕੱਟਨ ਵਾਲਾ, ਕੱਟਨ ਦਾ ਔਜ਼ਾਰ ।

Parget, *n.* ਪਾਰਜੇਟ–ਲੇਪ, ਚੁਪੜਨ, ਅਸਤਰਕਾਰੀ, ਕਲੈਈ, ਰੰਗ ਰੋਗ਼ਨ; *v. t.* ਪੋਤਨਾ, ਲਗਾਉਣਾ, ਰੰਗਣਾ ।

Parhelion, *n.* ਪਾਰਹੀਲੀਅਨ–ਝੂਠਾ ਸੂਰਜ, ਚਾਨਣਾ ਜੋ ਸੂਰਜ ਦੇ ਪਾਸ ਦਿੱਸਦਾ ਹੈ ।

Parial, Pair-Royal, *n.* ਪੇਰੀਅਲ, ਪੇਅਰ ਰੋਯਲ—ਕਿਸੇ ਖੇਡ ਵਿੱਚ ਇੱਕ ਰੰਗ ਦੇ ਤਿੰਨ ਤਾਸ਼ ।

Paring, *n.* ਪੇਅਰਿੰਗ—ਕਤਰਨ, ਛੀਲਨ, ਛਾਂਟਨ, ਤਰਾਸ਼ ।

Parish, *n.* ਪੈਰਿਸ਼–ਪੁਰੋਹਿਤ ਆਧੀਨ ਪਰਦੇਸ਼, ਪੁਰੋਹਿਤ ਅਧੀਨ ਭੂਮੀ, ਮੁਹੱਲਾ ਜਾਂ ਬਸਤੀ ।

Paritor, *n.* ਪੈਰੀਟਰ—ਇੰਗਲੈਂਡ ਦੇਸ਼ ਵਿੱਚ ਅਦਾਲਤ ਦਾ ਇੱਕ ਚਪੜਾਸੀ ।

Parity, *n.* ਪੈਰੀਟੀ—ਸਮਤਾ, ਸਮਾਨਤਾ, ਤੁੱਲਤਾ, ਅਨੁਰੂਪਤਾ, ਬਰਾਬਰੀ ।

Park, *n.* ਪਾਰਕ—ਮਾਰਗ ਭੂਮੀ, ਉਦਿਆਨ, ਚੋਕ; *v. t.* ਰਮਨ ਵਿੱਚ ਘੇਰਨਾ ਜਾਂ ਬੰਦ ਕ੦।

Parlance, *n.* ਪਾਰਲੈਂਸ–ਸੰਭਾਸ਼ਨ, ਅਲਾਪ, ਬੋਲਚਾਲ, ਬਾਤਚੀਤ, ਵਾਗਧਾਰਾ, ਗੁਫ਼ਤਗੂ ।

Parley, *v. t.* ਪਾਰਲੇ–ਸੰਧੀ ਪਰਸੰਗ ਕ੦, ਬਾਤਚੀਤ ਕ੦, ਬੋਲਚਾਲ ਜਾਂ ਸੰਭਾਸ਼ਨ ਕ੦; ਸੁਲਹ ਦੀ ਗੁਫ਼ਤਗੂ ਜਾਂ ਗੱਲ ਬਾਤ ਕ੦; *n.* ਸੰਭਾਸ਼ਨ, ਸੰਧੀ ਪਰਸੰਗ, ਬੋਲਚਾਲ, ਜ਼ਿਕਰ ।

Parliament, *n.* ਪਾਰਲੀਮੈਂਟ–ਪਰਜਾ ਪ੍ਰਤੀਨਿਧੀ ਸਭਾ, ਮਹਾਂ ਸਭਾ, ਕਾਨੂਨ ਬਣਾਉਣ ਵਾਲਿਆਂ ਦੀ ਟੋਲੀ, ਕਾਨੂਨੀ ਮਜਲਿਸ ।

Parliamentary, *a.* ਪਾਰਲੈਮੈਨਟਰੀ—ਮਹਾਂ ਸਭਾ ਸੰਬੰਧੀ, ਪਰਜਾ ਪ੍ਰਤੀਨਿਧੀ ਸਭਾ ਸੰਬੰਧੀ, ਮਹਾਂ ਸਭਾ ਥੀਂ ਕੀਤਾ ਗਿਆ ।

Parlour, Parlor, *n.* ਪਾਰਲਰ–ਬੈਠਕ, ਮੁਲਾਕਾਤ ਦਾ ਕਮਰਾ, ਨਸ਼ਸਤਗਾਹ ।

Parol, *a.* ਪੈਰਲ–ਅਲਿਖਤ, ਜ਼ੁਬਾਨੀ ।

Parole, *n.* ਪੈਰੋਲ–ਉਹ ਬਚਨ ਜੋ ਕੈਦੀ ਅਪਨੇ ਛੁਟਕਾਰੇ ਲਈ ਕਰਦਾ ਹੈ; ਉਹ ਖ਼ਾਸ ਬਾਤ ਜੋ ਹਰ ਰੋਜ਼ ਸਿਪਾਹੀਆਂ ਨੂੰ ਅਪਨੇ ਅਤੇ ਦੂਜਿਆਂ ਵਿਚ ਕਰਨ ਲਈ ਦੱਸੀ ਜਾਂਦੀ ਹੈ ।

Paronymous, *a.* ਪਾਰੋਨਿਮਸ–ਸਮ ਉੱਚਾਰਣ, ਹਮ ਤਲਫ਼ੁਜ਼, ਮੁਤਜਾਨਿਸ ।

Paroquet, *n.* ਪੈਰੋਕੇਟ–ਇਕ ਛੋਟਾ ਤੋਤਾ ।

Paroxysm, *n.* ਪੈਰੋਕਸਿਜ਼ਮ–ਰੋਗ ਜਾਂ ਪੀੜਾ ਦਾ ਅਕ੍ਰਮਨ ਵੇਗ, ਦੌਰਾ; ਵਾਰੀ, ਨੌਬਤ ।

Parricide, *n.* ਪੈਰੀਸਾਇਡ–ਪਿਤ ਘਾਤ, ਪਿਤਰੀ ਹੱਤਜਾ, ਮਾਤਾ ਘਾਤ; ਪਿਤਾ ਘਾਤੀ, ਮਾਤਾ ਘਾਤੀ, ਵੱਡੇ ਨੂੰ ਮਾਰ ਦੇਣ ਵਾਲਾ ।

Parrot, *n.* ਪੈਰਟ–ਤੋਤਾ, ਸ਼ੁਕ, ਸੂਆ ।

Parry, *v. t.* ਪੈਰੀ—ਰੋਕਨਾ, ਬਚਾਉਣਾ; ਟਾਲਨਾ, ਦੂਰ ਕ੦ ।

Parse, *v. t.* ਪਾਰਸ—ਲਿੰਗ ਨਿਰਦੇਸ਼ ਕ੦, ਤਰਕੀਬ ਕ੦ ।

Parsimonious, *a.* ਪਾਰਸੀਮੋਨੀਅਸ—ਥੋੜਾ ਜਾਂ ਘੱਟ ਖ਼ਰਚ ਕਰਨ ਵਾਲਾ; ਕ੍ਰਿਪਨ, ਲੋਭੀ, ਲਾਲਚੀ, ਕੰਜੂਸ, ਬਖ਼ੀਲ ।

Parsimony, *n.* ਪਾਰਸੀਮੋਨੀ–ਘੱਟ ਖ਼ਰਚ, ਕਿਫ਼ਾਇਤ; ਲਾਲਚ, ਲੋਭ, ਕ੍ਰਿਪਨਤਾ ।

Parsing, *n.* ਪਾਰਸਿੰਗ–ਤਰਕੀਬ, ਢੰਗ ।

Parsley, *n.* ਪਾਰਸਲੇ–ਅਜਮੋਦ, ਖੁਰਾਸਾਨੀ ਅਜਵਾਇਨ, ਕਰਫ਼ਸ ।

Parsnep, Parsnip, *n.* ਪਾਰਸਨੈਪ, ਪਾਰਸਨਿਪ—ਇੱਕ ਪਰਕਾਰ ਦੀ ਗਾਜਰ ।

Parson, *n.* ਪਾਰਸਨ–ਪਰੋਹਿਤ, ਪਾਦਰੀ, ਮੁੱਲਾਂ

Parsonage, *n.* ਪਾਰਸੋਨੇਜ–ਪਾਦਰੀ ਦਾ ਜੀਵਨ ਨਿਰਬਾਹ, ਪੁਰੋਹਿਤ ਜਾ ਪਾਦਰੀ ਦੀ ਥਾਂ

Part, *n.* ਪਾਰਟ—ਭਾਗ, ਖੰਡ, ਹਿੱਸਾ, ਅੰਗ, ਅੰਸ਼, ਸੰਬੰਧ; ਫਰਜ਼, ਹੱਕ, ਅਧਿਕਾਰ; ਨਕਲ, ਸਾਂਗ; ਯੋਗਤਾ, *pl.* ਬੁੱਧੀ ਜਾ ਗੁਣ, ਦੇਸ਼, ਪਰਦੇਸ਼; *v.t.* ਭਾਗ ਕ०, ਥਾਂਟਣਾ, ਵੰਡਣਾ, ਅੰਸ਼ ਪਾਉਣਾ; ਨਿਖੇੜਨਾ; ਅਲੱਗ ਕ०; ਸਿਧਾਰਨਾ; *v. i.* ਟੁੱਟਣਾ, ਵੱਖ ਜਾ ਅਲੱਗ ਹੋਣਾ, ਛੱਡਣਾ, ਵਿਦਾ ਹੋਣਾ, ਦੁਰਗਤ ਹੋਣਾ ।

Partake, *v. i.* ਪਾਰਟੇਕ–ਸਾਂਝੀ ਜਾ ਸ਼ਰੀਕ ਹੋਣਾ, ਹਿੱਸਾ ਲੈਣਾ, ਇਖ਼ਤਿਆਰ ਰੱਖਣਾ ।

Partaker, *n.* ਪਾਰਟੇਕਰ–ਸਾਂਝੀ, ਸਮਭਾਗੀ, ਹਿੱਸੇਦਾਰ, ਸ਼ਰੀਕ, ਸਹਾਇਕ, ਮੁਆਵਿਨ ।

Parterre, *n.* ਪਾਰਟੈਰੀ—ਉਦਿਆਨ, ਪੁਸ਼ਪ ਵਾਟਕਾ, ਬਗੀਚਾ, ਚਮਨ, ਫੁਲਵਾੜੀ; ਚੌਕ ।

Partial, *a.* ਪਾਰਸ਼ਲ–ਪੱਖਪਾਤੀ, ਹਿਮਾਯਤੀ; ਇਕ ਦੇਸ਼ ਦਾ; ਥੋੜਾ, ਖ਼ਾਸ ।

Partialist, *n.* ਪਾਰਸ਼ਲਿਸਟ–ਪੱਖਪਾਤੀ, ਤਰਫ਼ਦਾਰ, ਹਿਮਾਈਤੀ ।

Partiality, *n.* ਪਾਰਸ਼ੈਲੀਟੀ–ਪੱਖਪਾਤ, ਤਰਫ਼ਦਾਰੀ, ਹਿਮਾਇਤ; ਪਰੇਮ, ਸ਼ੌਕ ।

Partible, *a.* ਪਾਰਟੀਬਲ–ਵੱਖ ਹੋਣ ਜੋਗ ।

Participant, *n.* ਪਾਰਟੀਸੀਪੈਂਟ–ਹਿੱਸੇਦਾਰ, ਸਾਂਝੀ, ਸ਼ਰੀਕ, ਭਾਈਵਾਲ ।

Participate, *v. i.* ਪਾਰਟੀਸੀਪੇਟ—ਸਾਂਝੀ ਹੋਣਾ, ਮਿਲਣਾ, ਸ਼ਾਮਿਲ ਹੋਣਾ ।

Participation, *n.* ਪਾਰਟੀਸੀਪੇਸ਼ਨ–ਸਾਂਝ, ਭਾਈਵਾਲੀ, ਸ਼ਰਾਕਤ, ਤਕਸੀਮ ।

Participial, *a.* ਪਾਰਟੀਸੀਪੀਅਲ—ਸਕਾਲ ਕ੍ਰਿਦੰਤ ਦਰਸ਼ਕ ।

Participle, *n.* ਪਾਰਟੀਸੀਪਲ–ਕਾਲ ਬੋਧਕ ਕ੍ਰਿਦੰਤ, ਇਸਮ ਫ਼ਾਇਲ ।

Particle, *n.* ਪਾਰਟੀਕਲ–ਬਹੁਤ ਛੋਟਾ ਅਣੂ, ਕਣ, ਰੇਜ਼ਾ, ਜ਼ੱਰਰਾ, ਟੋਟਾ; ਅੱਖਰ, ਅਵੱਯ ।

Particular, *a.* ਪਾਰਟੀਕੁਲਰ—ਵਸ਼ਿਸ਼ਟ, ਨਿਰਾਲਾ, ਅਨੋਖਾ, ਅਨੂਠਾ; ਭਿੰਨ, ਵੱਖਰਾ, ਨਿਆਰਾ, ਸੂਖਸ਼ਮ, ਅਧਿਕਤਰ, ਵਿਲਕਸ਼ਨ, ਅਲੌਕਿਕ, ਅਜੀਬ, ਖ਼ਾਸ, ਏਕ; ਦਰੁਸਤ, ਠੀਕ, *n.* ਸੁਭਾਵ, ਗੁਣ, ਖ਼ਾਸੀਅਤ; ਵਿਸ਼ਯ, ਸੂਖਸ਼ਮ ਅੰਸ਼, ਵੇਰਵਾ ।

Particularity, *n.* ਪਾਰਟੀਕੁਲੈਰਿਟੀ–ਅਸਾਧਾਰਣਤਾ, ਭਿੰਨਤਾ, ਨਿਰਾਲਾਪਨ; ਤਫ਼ਸੀਲ, ਵਿਸ਼ੇਸ਼ਤਾ, ਸ਼ਰਾਫ਼, ਖ਼ਸੂਸੀਅਤ ।

Particularize, *v. t.* ਪਾਰਟੀਕੁਲੈਰਾਇਜ਼—ਵਿਸ਼ੇਸ਼ ਵਰਨਣ ਕ०, ਵੱਖੋ ਵੱਖ ਕਹਿਣਾ ।

Particularly, *adv.* ਪਾਰਟੀਕੁਲਰਲੀ–ਵਿਸ਼ੇਸ਼ ਰੂਪ ਨਾਲ, ਅਲੱਗ ਅਲੱਗ, ਨਿਆਰਾ ਨਿਆਰਾ, ਵਿਸ਼ੇਸ਼ ਜਾ ਖ਼ਾਸ ਕਰਕੇ ।

Parting, *n.* ਪਾਰਟਿੰਗ—ਜੁਦਾਈ, ਸੇਧਣਾ, ਚਾਂਦੀ ਸੋਨਾ ਵੱਖ ਕ० ।

Partisan, *n.* ਪਾਰਟੀਜ਼ਨ–ਹਮਰਾਹੀ, ਸ਼ਰੀਕ, ਸਲਾਹਕਾਰ, ਮਸ਼ੀਰ, ਰਿਸਾਲਦਾਰ, ਜਮਾਂਦਾਰ ।

Partition, *n.* ਪਾਰਟੀਸ਼ਨ—ਬਟਵਾਰਾ, ਵੰਡ, ਪਰਿਛੇਦ, ਵਿਭਾਗ, ਭਾਗ, ਖੰਡ; *v.t.* ਥਾਂਟਣਾ, ਵੰਡਣਾ; ਪ੍ਰਿਥਕ ਕ०, ਅਲੱਗ ੨ ਕ० ।

Partly, *adv.* ਪਾਰਟਲੀ–ਕੁਝ, ਥੋੜਾ ਜੇਹਾ, ਕੁਝਕੁ, ਥੋੜਾ ਜਿੰਨਾ, ਕਿਸੀ ਕਦਰ, ਜੁਜ਼ਵੀ ।

Partner, *n.* ਪਾਰਟਨਰ–ਸਾਥੀ, ਸਾਂਝੀ, ਹਿੱਸੇਦਾਰ, ਪੱਤੀਦਾਰ, ਭਾਗੀ, ਮੀਤੀ, ਸ਼ਰੀਕ ।

Partnership, *n.* ਪਾਰਟਨਰਸ਼ਿਪ–ਪੱਤੀਦਾਰੀ, ਸਾਂਝ, ਹਿੱਸਾਦਾਰੀ, ਸ਼ਰਾਕਤ ।

Partridge, *n.* ਪਾਰਟਰਿਜ–ਤਿੱਤਰ, ਚਕੋਰ ।

Parturient, *a.* ਪਾਰਟੂਰੀਐਂਟ–ਜਣਨ ਵਾਲੀ, ਜਣਨ ਨੂੰ ਤਿਆਰ, ਬੱਚਾ ਦੇਣ ਨੂੰ ਤਿਆਰ ।

Parturition, *n.* ਪਾਰਟੂਰੀਸ਼ਨ–ਜਣਨ, ਪਰਸਵ, ਉਤਪਾਦਨ, ਵਿਆਂਤ, ਜਾਪਾ ।

Party, *n.* ਪਾਰਟੀ—ਜੱਥਾ, ਝੁੰਡ, ਮੰਡਲੀ, ਪੰਚਾਇਤ, ਸਾਂਝੀ, ਅਸਾਮੀ, ਵਾਦੀ ਪ੍ਰਤੀਵਾਦੀ ।

Pass, *v. i.* ਪਾਸ–ਜਾਣਾ, ਪਾਰ ਜਾਣਾ, ਲੰਘਣਾ, ਚਲੇ ਜਾਣਾ, ਬੀਤਣਾ; ਆ ਜਾਣਾ; ਕੱਟਣਾ, ਬਿਤਾਉਣਾ, ਗਵਾਉਣਾ; ਛੱਡਣਾ, ਚੁਕਣਾ; ਬੈਠਣਾ, ਠਹਿਰਾਉਣ; ਸਵੀਕਾਰ ਕ०; ਪਰਚਲਿਤ ਹੋਣਾ, ਪਰਕਾਸ਼ ਹੋਣਾ; *n.* ਘਾਟੀ, ਔਖਾ ਰਸਤਾ; ਅੰਦਰ ਜਾ ਬਾਹਰ ਜਾਣ ਦੀ ਚਿੱਠੀ; ਖੇਦ, ਦਸ਼ਾ, ਹਾਲਤ ।

Passable, *a.* ਪਾਸੇਬਲ–ਕੰਮ ਚਲਾਊ, ਲੰਘਣ ਦੇ ਜੋਗ, ਗੁਜ਼ਰ ਦੇ ਕਾਬਿਲ; ਖਾਸਾ, ਚਲਦਾ ।

Passably, *adv.* ਪਾਸੇਬਲੀ–ਮੱਧਮ ਰੂਪ ਯਾ ਢੰਗ ਨਾਲ, ਕਿਸੇ ਪ੍ਰਕਾਰ ।

Passado, *n.* ਪਾਸੇਡੋ–ਧੱਕਾ, ਟੱਕਰ, ਠੋਕਰ ।

Passage. *n.* ਪੈਸੇਜ–ਗਮਨ, ਚਲਨ, ਗਤਿ; ਰਸਤਾ, ਸੜਕ, ਮਾਰਗ; ਵਚਨ, ਸੰਖੇਪ ।

Passanger, *n.* ਪੈਸੇਨਜਰ–ਮੁਸਾਫਿਰ, ਰਾਹੀ, ਜਾਤਰੀ, ਜਾਤ੍ਰੂ, ਯਾਤਰੀ ।

Passible, *a.* ਪਾਸੀਬਲ–ਅਸਰ ਕਰਨ ਵਾਲਾ ।

Passing, *p. a.* ਪਾਸਿੰਗ–ਬਹੁਤ, ਅਤਯੰਤ, ਅਤਿਸ਼ਯ, ਨਿਪਟ ਨਿਹਾਯਤ, ਬਾਸਿੱਦਤ ।

Passion, *n.* ਪੈਸ਼ਨ–ਸਹਨ, ਦੁਖ ਭੋਗ, ਦਸ਼ਾ, ਕਲੇਸ਼, ਮਨੋਰਾਗ, ਮਨੋਵਿਕਾਰ, ਵਿਕਾਰ, ਚਿਤ-ਵੇਗ, ਕ੍ਰੋਧ ਗੁੱਸਾ, ਕਾਮ, ਕੋਪ, ਅਨੁਰਾਗ, ਮਦ, ਉੱਤਾਪ, ਉਚੰਡਤਾ, ਉਸ਼ਨਤਾ, ਉਮੰਗ, ਲਾਲਸਾ, ਚਾਹ, ਸ਼ੌਕ, ਇੱਛਾ, ਆਰਜ਼ੂ ।

Passionary, *n.* ਪੈਸ਼ਨਰੀ–ਸਿੱਧ ਪੁਰਖਾਂ ਅਤੇ ਆਪਣੇ ਧਰਮ ਅਰਥ ਪਰਾਣ ਤਿਆਗ ਵਾਲਿਆਂ ਦੇ ਦੁੱਖ ਭੋਗਣ ਦਾ ਵਰਨਣ ।

Passionate, *a.* ਪੈਸ਼ਨੇਟ–ਸ਼ੀਘਰ ਕ੍ਰੋਧੀ, ਚਿਤਵੇਗੀ, ਉਚੰਡ, ਉਸ਼ਨ, ਉੱਗਰ ਰਸਿਕ, ਅਨੁਰਾਗੀ, ਰਸੀਆ, ਤੁੰਦਖੂ, ਸ਼ੌਕੀਨ, ਗਰਮ ।

Passionately, *adv.* ਪੈਸ਼ਨੇਟਲੀ–ਅਨੁਰਾਗ, ਕ੍ਰੋਧ, ਗੁੱਸੇ ਯਾ ਉਚੰਡਤਾ ਨਾਲ; ਦਿਲੋ ਜਾਨ ਯਾ ਤਨ ਮਨ ਨਾਲ, ਸਰਗਰਮੀ ਨਾਲ ।

Passionless *a.* ਪੈਸ਼ਨਲੈਸ–ਚਿੰਤਾ ਮਾਰੇ ਹੋਏ ਧੀਮਾ, ਨਿਰਵਗ, ਠੰਡਾ, ਸ਼ਾਂਤ, ਮੁਤਹਮਿਲ ।

Passive, *a.* ਪੈਸਿਵ–ਸਹਨ ਵਾਲਾ, ਸਹਨਸ਼ੀਲ ਸਜਾਊ, ਜੁਧਰਾ; ਮੌਨ; ਕਰਮ ਸਥਾਨ; *n.* Passiveness, Passivity.

Passport, *n.* ਪਾਸਪੋਰਟ–ਨਿਕਾਸ ਦੀ ਚਿੱਠੀ, ਪਰਵਾਨਾ ਰਾਹਦਾਰੀ, ਰਵੰਨਾਹ ।

Past, *p. a.* ਪਾਸਟ–ਪਿਛਲਾ, ਗਤ, ਬੀਤਿਆ ਹੋਇਆ, ਭੂਤ; *n.* ਭੂਤ ਕਾਲ, ਬੀਤਿਆ ਹੋਇਆ ਸਮਯ, ਗੁਜ਼ਰਿਆ ਹੋਇਆ ਸਮਯ, *prep.* ਪਰੇ, ਪਾਰ, ਦੂਰ, ਪਿਛਲਾ ।

Paste, *n.* ਪੇਸਟ–ਲੇਟੀ, ਲੇਵੀ, ਗੋਂਦ; ਗਾਰਾ, ਗੁੰਨੀ ਮਿੱਟੀ; ਗੁੰਨ੍ਹਿਆ ਹੋਯਾ ਆਟਾ, ਖਮੀਰ; ਝੂਠਾ ਜਵਾਹਰ; *v. t.* ਲੇਵੀ ਨਾਲ ਜੋੜਨਾ, ਗੋਂਦ ਨਾਲ ਸਾਂਟਨਾ, ਚੇਪਨਾ, ਚਿਪਕਾਉਣਾ ।

Pasteboard, *n.* ਪੇਸਟਬੋਰਡ–ਗੱਤਾ, ਮੁਕਵਾ, ਮੋਟਾ ਕਾਗਜ਼; ਰੋਟੀ ਵੇਲਨ ਦਾ ਚਕਲਾ ।

Pastern, *n.* ਪੈਸਟਰਨ–ਘੋੜੇ ਦਾ ਗੋਡਾ, ਗਮਛੀ

Plover, *n.* **ਪਲੋਵਰ-ਇੱਕ ਪਰਕਾਰ ਦੀ ਚਿੜੀ ।**

Pluck, *v. t.* **ਪਲਕ-ਤੋੜਨਾ, ਨੋਚਣਾ, ਛੀਨਣਾ, ਝਪਟਨਾ, ਖੋਹ ਲੈਣਾ, ਘਸੀਟਣਾ; *n.* ਝਟਕਾ, ਖਿੱਚ; ਪਸ਼ੂਆਂ ਦਾ ਹਿਰਦਾ ਯਾ ਕਲੇਜੀ; ਦਲੇਰੀ, ਹਿੰਮਤ, ਧੀਰਜ, ਫ਼ਾਰਸ ।**

Plug, *n.* **ਪਲਗ—ਡੱਟਾ, ਡਾਟ, ਗੱਠਾ, ਖੁੰਡੀ, ਮੇਖ; *v. t.* ਡਟਾ ਲਗਾਉਣਾ, ਬੰਦ ਕ०, ਥਾਮਣਾ, ਮੂੰਹ ਬੰਦ ਕ० ।**

Plum, *n.* **ਪਲਮ—ਆਲੂਚਾ, ਆਲੂਬੁਖ਼ਾਰਾ; ਬੇਰ; ਦਾਖ, ਕਿਸ਼ਮਿਸ਼, ਮੇਵਾ, ਸੁੱਕਾ ਅੰਗੂਰ ।**

Plumage, *n.* **ਪਲੂਮੇਜ-ਪੰਖ, ਪਰ, ਖੰਭ ।**

Plumb, *n.* **ਪਲੰਬ-ਸਾਹੁਲ, ਸਾਲ, ਸੋਲ; *a.* ਖੜਾ, ਸਿੱਧਾ; *adv.* ਖੜਾ, ਸਿੱਧਾ; *v.t.* ਸਾਲ ਨਾਲ ਸਿੱਧਾ ਕ०, ਸਾਧਣਾ, ਜਾਂਚਣਾ ।**

Plumbago, *n.* **ਪਲਮਬੇਗੋ—ਇੱਕ ਪਰਕਾਰ ਦੀ ਧਾਤ, ਸੀਸਾ ।**

Plumbean, Plumbeous, *a.* **ਪਲੰਬੀਅਨ, ਪਲੰਬੀਅਸ—ਸੀਸੇ ਦਾ, ਸਾਸੇ ਜੇਹਾ; ਢਿੱਲਾ, ਧੀਮਾ, ਮੰਦ, ਜੜ੍ਹ, ਸੁਸਤ, ਕੁੰਦ, ਬਦਵੂਫ਼ ।**

Plumber, Plummer, *n.* **ਪਲੰਬਰ, ਪਲੱਮਰ—ਸੀਸੇ ਦਾ ਕੰਮ ਕਰਨ ਵਾਲਾ, ਰੰਗ ਭਰਯਾ ।**

Plumbery, *n.* **ਪਲੰਬਰੀ-ਸੀਸੇ ਦਾ ਕੰਮ ।**

Plume, *n.* **ਪਲੂਮ-ਪੰਖ, ਪਰ, ਪੰਛ; ਕਲਗੀ, ਤੁਰਰਾ, ਪਗ, ਮਾਨ ਦਾ ਚਿੰਨ੍ਹ; *v. t.* ਪੰਖ ਝਾੜਕੇ ਸੰਵਾਰਨਾ; ਕਲਗੀ ਜਾ ਤੁਰਰਾ ਲਗਾਉਣਾ; ਅਭਿਮਾਨ ਜਾ ਘੁਮੰਡ ਕ०; ਪਰ ਨੋਚਨਾ**

Plumeless, *a.* **ਪਲੂਮਲੈਸ-ਪੰਖ ਹੀਨ, ਤੁਰ੍ਹਾ ਜਾ ਕਲਗੀ ਹੀਨ, ਬੇਪਰ, ਬਿਨਾ ਕਲਗੀ ।**

Plumiped, *n.* ਪਲੂਮੀਪੈਡ-ਫੁਲਪੈਰਾ, ਪਾਮੋਜ਼।

Plummet, *n.* ਪਲੱਮੈਟ—ਪੰਸਾਲ, ਥਾਹ ਲੈਨ ਦਾ ਯੰਤਰ; ਸਿੱਕੇ ਯਾ ਸੁਰਮੇ ਦੀ ਕਲਮ; ਬੋਝ, ਵਜ਼ਨ, ਭਾਰ; ਸਾਲ, ਮੈਲਾ, ਸਾਕੂਲ।

Plumose, Plumous, *a.* ਪਲੂਮੋਜ਼, ਪਲੂਮਸ—ਪਰਾਂ ਵਾਲਾ, ਖੰਭਾਂ ਵਾਲਾ, ਪਰਦਾਰ।

Plump, *a.* ਪਲੰਮ—ਮੋਟਾ, ਮਸੂਲ, ਪੁਸ਼ਟ; ਗੋਲ; ਸਰਾਸਰ, ਸਾਰਾ, ਬਿਲਕੁਲ; ਗੁਦਗੁਦਾ; *n.* ਸਮੂਹ, ਗੁੱਛਾ; *v. t.* ਮੋਟਾ ਕ० ਫੁਲਾਉਨਾ; *v. i.* ਧੜ ਕਰਕੇ ਡਿੱਗਨਾ; ਫੁੱਲਨਾ, ਮੋਟਾ ਹੋਨਾ; *adv.* ਧੜਾਕੇ ਨਾਲ, ਅਚਾਨਕ।

Plumpness, *n.* ਪਲੰਪਨੈਸ-ਮਸੂਲਤਾ, ਉਭਾਰ, ਮੋਟਾਈ, ਪੁਸ਼ਟੀ, ਫੁਲਾਵਟ, ਮੁਟਾਪਾ, ਭਿਆਰੀ।

Plumpy, *a.* ਪਲੰਪੀ—ਮੋਟਾ, ਮਸੂਲ, ਪੁਸ਼ਟ, ਪੱਕਾ: ਗੋਲ।

Plumly, *a.* ਪਲੂਮਲੀ—ਖੰਭਾਂ ਯਾ ਪਰਾਂ ਨਾਲ ਭਰਿਆ ਹੋਇਆ, ਪਰਦਾਰ।

Plunder, *v. t.* ਪਲੰਡਰ-ਲੁੱਟਨਾ, ਛੀਨਨਾ, ਖੋਹ ਲੈਨਾ, ਮਾਰ ਲੈਨਾ; *n.* ਲੁੱਟ ਮਾਰ, ਡਾਕਾ, ਲੁੱਟ ਦਾ ਮਾਲ, ਲੁਟ ਖਸੁਟ।

Plunderer, *n.* ਪਲੰਡਰਰ-ਡਾਕੂ, ਲੁਟੇਰਾ।

Plunge, *v. i.* ਪਲੰਜ-ਡੁਬਕੀ, ਗੋਤਾ ਯਾ ਟੁੱਬੀ ਮਾਰਨਾ; ਕੁੱਦ ਪੈਨਾ, ਜ਼ੋਰ ਪੈਨਾ; ਝੁਕ ਜਾਨਾ; *v. t.* ਡੋਬਨਾ, ਗੋਤਾ ਦੇਨਾ, ਡੁਬਾਉਨਾ; ਘੁਸੇੜਨਾ; *n.* ਟੁੱਬੀ, ਡੁਬਕੀ, ਗੋਤਾ।

Pluperfect, *n.* ਪਲੂਪਰਫ਼ੈਕਟ—ਪੂਰਨ ਭੂਤ ਕਾਲ, ਮਾਜ਼ੀ ਬਈਦ।

Plural, *a.* ਪਲੂਰਲ-ਬਹੁ ਵਚਨ, ਸੀਗ਼ਾ ਜਮਾ।

Pluralist, *n.* ਪਲੂਰੈਲਿਸਟ-ਉਹ ਪਾਦਰੀ ਜੋ ਇਕ ਤੋਂ ਵਧੀਕ ਗਿਰਜੇ ਦੇ ਚਾਰਜ ਰੱਖਦਾ ਹੈ।

Plurality, *n.* ਪਲੂਰੈਲੀਟੀ-ਬਹੁਤਾਇਤ, ਕਸਰਤ, ਅਧਿਕਾਈ, ਜਮੈਯਤ।

Pluralize, *v. t.* ਪਲੂਰੈਲਾਇਜ਼—ਬਹੁ ਵਚਨ ਯਾ ਜਮਾ ਬਨਾਉਨਾ।

Plus, *n.* ਪਲਸ-ਜਮਾ (ਜੋੜ) ਦਾ (+) ਚਿੰਨ੍ਹ।

Plush, *n*, ਪਲਸ਼—ਇੱਕ ਵਾਲਾਂ ਵਾਲਾ ਬਸਤਰ ਯਾ ਕੱਪੜਾ।

Pluto, *n.* ਪਲੂਟੋ-ਪਾਤਾਲ ਦਾ ਰਾਜਾ।

Pluvial, *a.* ਪਲੂਵੀਅਲ-ਬਰਸਾਤੀ, ਬਾਰਾਨੀ।

Ply, *v. t.* ਪਲਾਈ-ਤੰਗ ਕ०, ਤਕਾਜ਼ਾ ਕ०, ਸਤਾਉਨਾ, ਖਿਝਾਉਨਾ, ਲਗਾ ਰੱਖਨਾ, ਗਲੇ ਪੈਨਾ; ਮੇਹਨਤ ਕ०; *v. i.* ਮੁੜਨਾ, ਝੁਕਨਾ, ਖ਼ਮ ਖਾਨਾ; ਹੰਮ ਕ०, ਲੱਗਨਾ; ਆਉਨਾ ਜਾਨਾ; ਝਬਦੇ ਚਲਨਾ, ਕਦਮ ਉਠਾਉਨਾ।

Plying, *n.* ਪਲਾਇੰਗ—ਬਾਰ ਬਾਰ ਮੰਗ, ਬਾਰੰਬਰ ਪ੍ਰਾਰਥਨਾ, ਘੜੀ ੨ ਬੇਨਤੀ।

Pneumatic, Pneumatical, *a.* ਨੂਮੈਟਿਕ, ਨੂਮੈਟੀਕਲ—ਵਾਯੂ ਸੰਬੰਧੀ, ਵਾਯੂ ਰੂਪ, ਹਵਾ ਜੇਹਾ, ਪਤਲਾ, ਰਕੀਕ, ਬਾਦੀ।

Pneumatics, *n.* ਨੂਮੈਟਿਕਸ-ਵਾਯੂ ਵਿੱਦਯਾ, ਵਾਯੂ ਸ਼ਾਸਤਰ, ਇਲਮੇ ਹਵਾ।

Pneumatology, *n.* ਨੂਮੈਟੋਲੋਜੀ—ਆਤਮ ਵਿੱਦਯਾ, ਆਤਮ ਗਯਾਨ, ਇਲਮੇ ਰੂਹ।

Pneumonia, Pneumonitis, *n.* ਨੂਮੋਨੀਆ, ਨੂਮੋਨੀਟਿਸ—ਫੇਫੜੇ ਦੀ ਸੋਜ ਯਾ ਵਰਮ।

Poach, *v. t.* ਪੋਚ-ਅੰਡਾ ਭੁੰਨਣਾ ਯਾ ਤਲਨਾ; ਚੁਰਾਉਨਾ, ਲੁਟਨਾ; ਅਧੂਰਾ ਛੱਡਨਾ, ਪੂਰਾ ਨਾ ਕ०; *v. t.* ਧਰਤੀ ਦਾ ਗਿੱਲਾ ਹੋਨਾ, ਜ਼ਮੀਨ ਦਾ ਨਮਦਾਰ ਹੋਨਾ; ਸ਼ਿਕਾਰ ਚੁਰਾ ਲੈ ਜਾਨਾ।

Poachy, *a.* ਪੋਚੀ—ਗਿੱਲਾ, ਤਰ, ਨਮ ਵਾਲਾ, ਭਿੱਜਿਆ ਹੋਇਆ।

Pock, *n* ਪੌਕ-ਛਾਲਾ, ਫੁੰਸੀ, ਦਾਨਾ, ਆਬਲਾ।

Pocket, *n.* ਪੌਕੇਟ-ਜੇਬ, ਖੀਸਾ, ਥੈਲੀ, ਡਬ; *v. t.* ਖੀਸੇ ਯਾ ਥੈਲੀ ਵਿੱਚ ਰੱਖਨਾ, ਚੁਰਾਨਾ।

Pocket-book, *n.* ਪੌਕੇਟਬੁਕ—ਖੀਸੇ ਵਿੱਚ ਰੱਖਨ ਵਾਲੀ ਪੁਸਤਕ ਯਾ ਕਿਤਾਬ।

Pock-hole, Pock-mark, *n.* ਪੌਕਹੋਲ, ਪੌਕ ਮਾਰਕ—ਸੀਤਲਾ ਯਾ ਮਾਤਾ ਦਾ ਦਾਗ਼।

Pocky, *a*, ਪੌਕੀ-ਛਾਲਿਆਂ ਨਾਲ ਭਰਿਆ ਹੋਇਆ, ਦਾਗ਼ਦਾਰ, ਨਿਸ਼ਾਨਦਾਰ।

Poculet, *a.* ਪੋਕੂਲੈਟ-ਪੀਤੇ ਜਾਨ ਦੇ ਲਾਇਕ, ਪੀਨ ਜੋਗ।

Pod, *n.* ਪੌਡ-ਫਲੀ, ਛੀਮੀ, ਡੋਡਾ; *v. t.* ਡੋਡੇ ਜਹਾ ਫੁੱਲਨਾ, ਫਲੀ ਯਾ ਡੋਡਾ ਲੱਗਨਾ।

Podajrical, *a.* ਪੋਡਾਜਰੀਕਲ-ਵਾਤਿਕ, ਵਾਤ ਰੋਗੀ ਯਾ ਬੀਮਾਰ।

Poem, *n.* ਪੋਇਮ—ਸ਼ਲੋਕ, ਪਦ, ਕਾਵਯ, ਕਵਿਤਾ, ਸ਼ੇਰ, ਮਸਨਵੀ।

Poesy, *n.* ਪੋਇਸੀ–ਕਾਵ੍ਯ ਰਚਨ ਵਿੱਦਯਾ ਕਾਵ੍ਯ ਰਚਨਾ, ਸ਼ਾਇਰੀ, ਸ਼ੇਰ ਗੋਈ ।

Poet, *n.* ਪੋਏਟ–ਕਵੀ, ਸ਼ਾਇਰ, ਨਾਜ਼ਿਮ ।

Poetaster, *n.* ਪੋਇਟਾਸਟਰ—ਕ ਵਕਲਪ ਕੱਚਾ ਕਾਵ੍ਯ, ਅਦਨਾ ਸ਼ਾਇਰ ।

Poetess, *n.* ਪੋਇਟੈਸ—ਕਾਵ੍ਯ ਰਚਨ ਵਾਲੀ ਇਸਤ੍ਰੀ, ਕਵਨੀ ।

Poetic, Poetical, *a.* ਪੋਇਟਿਕ, ਪੋਇਟੀਕਲ—ਕਵਿਤਾ ਸੰਬੰਧੀ, ਕਾਵ੍ਯ ਵਿਸ਼ਯਕ, ਨਜ਼ਮੀ; ਸ਼ਾਏਰਾਨਾ ।

Poetics, *n.* ਪੋਇਟਿਕਸ—ਪਿੰਗਲ, ਕਾਵ੍ਯ ਸ਼ਾਸਤਰ, ਪਦ ਸ਼ਾਸਤਰ, ਇਲਮੇ ਅਰੂਜ਼ ।

Poetize, *v.t.* ਪੋਇਟਾਇਜ਼–ਪਦ ਰੂਪ ਲਿਖਣਾ ਕਵਿਤਾ ਬਨਾਉਣੀ, ਨਜ਼ਮ ਯਾ ਸ਼ੇਰ ਬਨਾਉਣਾ

Poetry, *n.* ਪੋਇਟਰੀ—ਸ਼ਲੋਕ, ਛੰਦ, ਪਦ ਸ਼ੇਰ, ਨਜ਼ਮ, ਕਾਵ੍ਯ; ਕਵਿਤਾ, ਸ਼ਾਇਰੀ ।

Poignant, *a.* ਪੋਇਗਨੈਂਟ–ਤੀਕਸ਼ਨ, ਉੱਗਰ ਕਠਿਨ, ਕਟੁ, ਦੁਖਦਾਯਕ; *n.* Poignancy.

Point, *n* ਪੋਇੰਟ—ਚਿੰਨ੍ਹ, ਨੋਕ, ਸੂਈ ਦਾ ਨਿਸ਼ਾਨ; ਡੋਰੀ, ਰੱਸੀ: ਅੰਤਰੀਪ; ਬਿੰਦੂ, ਨੁਕਤਾ, ਲਕਸ਼, ਪਦ, ਪਰਿਮਾਨ, ਕ੍ਰਮ, ਸੁਭਾਉ, ਸੂਕਸ਼ਮਤਾ, ਅਭਿਪਰਾਯ, ਮਤਲਬ, ਅਰਥ; ਸਜ਼ਾ; ਦਿਸ਼ਾ, ਰੁਖ; *v. t.* ਤੇਜ਼ ਕ੦, ਨੋਕਦਾਰ ਕ੦; ਉਂਗਲ ਨਾਲ ਦਿਖਾਉਣਾ; ਲਕਸ਼ ਕ੦, ਸਾਧਨਾ; ਤਾਰ ਦੇਣੀ ਯਾ ਲਾਉਣੀ; ਵਿਸ਼ਰਾਮ ਚਿੰਨ੍ਹ ਦੇਣਾ, ਟਾਪ ਕ੦ ।

Pointed, *a.* ਪੋਇੰਟਿਡ—ਨੋਕੀਲਾ, ਕਟੁ ਤੀਕਸ਼ਨ, ਨੋਕਦਾਰ, ਉਗਰ: ਘੜੀ ਯਾ ਕੁਤਬ ਨੁਮਾ ਦੀ ਸੂਈ; ਇਕ ਪਰਕਾਰ ਦਾ ਕੁੱਤਾ ।

Poise, *n.* ਪੋਇਜ਼–ਬੋਝ, ਵਜ਼ਨ, ਭਾਰ, ਤੋਲ, ਸਮਤੋਲ, ਵੱਟਾ; ਪਾਸੰਗ: *v. t.* ਤੋਲਨਾ, ਸਮਤੋਲ ਕ੦, ਜਾਂਚਣਾ, ਪਾਸੰਗ ਕ੦; ਸਤਾਉਣਾ, ਦਿਕ ਕ੦, ਤੰਗ ਕ੦, ਦਬਾ ਮਾਰਨਾ ।

Poison, *n.* ਪੋਇਜ਼ਨ—ਵਿਸ਼, ਜ਼ਹਰ, ਬਿਖ, ਮਰਜ਼ ਵਬਾਈ, ਰੋਗ; *v. t.* ਜ਼ਹਰ ਦੇਣਾ, ਵਿਖ ਦੇਕੇ ਮਾਰ ਦੇਣਾ, ਵਿਸ ਵਿੱਚ ਡੁਬਾਉਣਾ, ਜ਼ੈਹਰ ਲਗਾਉਣਾ; ਵਿਗਾੜਨਾ, ਭਰਸ਼ਟ ਕ੦ ।

Poisonable, *a.* ਪੋਇਜ਼ਨਏਬਲ–ਵਿਸ਼ੈਲਾ ਹੋਨ ਦੇ ਜੋਗ, ਜ਼ਹਰ ਆਲੂਦ ਹੋਨ ਦੇ ਕਾਬਿਲ ।

Poisonous, *a.* ਪੋਇਜ਼ਨਸ—ਬਿਖੈਲਾ, ਵਿਸ਼ ਵਾਲਾ, ਜ਼ੈਹਰੀਲਾ, ਬਿਖ ਭਰਿਆ, ਜ਼ੈਹਰਦਾਰ ।

Poke, *n.* ਪੋਕ—ਜੇਬ, ਖੀਸਾ, ਥੈਲੀ, ਬੋਰਾ; ਧੱਕਾ; ਸੁਸਤ ਆਦਮੀ; *v. t.* ਟਟੋਲਨਾ, ਟੋਹਣਾ, ਖੋਜਣਾ; ਸਿੰਗ ਯਾ ਟੱਕਰ ਮਾਰਨਾ; ਘੁਸੇੜਨਾ, ਧਕੇਲਨਾ ।

Poker, *n.* ਪੋਕਰ–ਫੂੰਕਣੀ, ਕੜਛਾ, ਖੋਂਚਾ ।

Polar, *a.* ਪੋਲਰ–ਧਰੁਵ ਸੰਬੰਧੀ, ਧਰੁਵਸਥ, ਕੁਤਬੀ, ਮਿਕਨਾਤੀਸੀ ਕੁਤਬ ਦੇ ਮੁਤਅੱਲਕ ।

Pole, *n.* ਪੋਲ—ਲੱਠੀ, ਲੱਠਾ, ਲਾਠੀ, ਡੰਡਾ, ਵਾਂਸ; ਸਾਢੇ ਸੋਲਾਂ ਫੁਟ ਦਾ ਇਕ ਨਾਪ; ਨਾਪਨ ਦਾ ਇਕ ਜੰਤਰ; ਧਰੁਵ, ਧਰੂ, ਕੁਤਬ ।

Poleax, Poleaxe, *n.* ਪੋਲਐਕਸ–ਗੰਡਾਸਾ, ਫਰਸਾ ।

Poledavy, *n.* ਪੋਲਡੇਵੀ–ਇੱਕ ਪਰਕਾਰ ਦਾ ਮੋਟਾ ਕੱਪੜਾ ।

Polemic, Polemical, *a.* ਪੋਲਮਿਕ, ਪੋਲਮੀਕਲ—ਵਿਵਾਦੀ, ਵਾਦਾਨੁਵਾਦੀ, ਹੁੱਜਤੀ, ਤਕਰਾਰ ਕਰਨ ਵਾਲਾ, ਝਗੜਾਲੂ ।

Polemics, *n pl.* ਪੋਲਮਿਕਸ–ਵਾਦਵਿਵਾਦ, ਹੁੱਜਤ, ਤਕਰਾਰ ।

Polestar, *n* ਪੋਲਸਟਾਰ–ਧਰੁਵ ਤਾਰਾ, ਕੁਤਬੀ ਤਾਰਾ, ਪਥ ਦਰਸ਼ਕ, ਅਗਵਾਨੀ ।

Police, *n* ਪੁਲਿਸ—ਨਗਰ ਵਿਵਸਥਾ, ਨਗਰ ਅਨੁਸ਼ਾਸਨ, ਨਗਰ ਪਾਲ ਵਰਗ, ਕੋਤਵਾਲ, ਚੌਕੀਦਾਰ, ਠਾਣੇਦਾਰ, ਆਦਿਕ; ਫੌਜਦਾਰੀ ਪਰਬੰਧ, ਕੋਤਵਾਲੀ ।

Policy, *a.* ਪੋਲੀਸੀ—ਨੀਤੀ ਵਿੱਦਯਾ, ਰਾਜ ਵਿਵਹਾਰ ਮਾਰਗ, ਰਾਜ ਨੀਤੀ, ਕਾਰਯ ਨਿਰਵਾਹ ਕਲਾ, ਵਿੱਦਯਾ ਨੀਤੀ ਕੁਸ਼ਲਤਾ, ਰਾਜ ਕਰਨ ਯੁਕਤੀ, ਵਿਵਹਾਰ ਯੁਕਤੀ, ਪ੍ਰਵਾਧਕ ਵਿਚਾਰ; ਛਲ ਵਲ, ਉਪਾਯ, ਜੋੜ ਤੋੜ, ਜੁਗਤ, ਤਦਬੀਰ, ਚਾਲਾਕੀ, ਹਿਕਮਤ ।

Polish, *n.* ਪੋਲਿਸ਼—ਚਿਕਨਾਹਟ, ਸਫ਼ਾਈ, ਪਾਲਸ਼, ਜਿਲਾ, ਸਿਕਲ, ਚਮਕ, ਘਟਾਈ; ਸੁਥਰਾਈ, ਸਭਯਤਾ; *v. t.* ਘੋਟਣਾ, ਸਾਫ਼ ਕ੦, ਓਪਣਾ, ਮਾਂਜਣਾ, ਚਮਕਾਉਣਾ, ਰੌਗ਼ਨ ਕ੦, ਸੁਧਾਰਨਾ, ਬਨਾਉਣਾ, ਆਰਸਤਾ ਕ੦ ।

Polished, *a.* ਪੋਲਿਸ਼ਡ–ਘੋਟਿਆ ਹੋਇਆ, ਸਿਕਲ ਕੀਤਾ ਹੋਇਆ, ਸਭ੍ਯ, ਸੁਸਤਾ ।

Polishedness, *n.* ਪੋਲਿਸ਼ਡਨੈਸ–ਭਲਮਾਨਸੀ, ਸਭਯਤਾ, ਸ਼ਿਸ਼ਟਤਾ, ਇਨਸਾਨੀਯਤ ।

Polite, *a.* ਪੋਲਿਟ—ਚਿਕਨਾ, ਝਲਕਦਾ ਹੋਯਾ, ਸੁਧਰਿਆ ਹੋਯਾ, ਸੁਸ਼ੀਲ, ਸਤਕਾਰੀ ।

Politeness, *n.* ਪੋਲਿਟਨੈਸ-ਬਨਾਵ, ਸੁਧਾਰ, ਸੁਸ਼ੀਲਤਾ, ਸਭਜਤਾ, ਸ਼ਿਸ਼ਟਾਚਾਰ।

Politic, *a.* ਪੋਲੀਟਿਕ-ਗਜਾਨੀ, ਬੁੱਧੀਮਾਨ, ਅਰਥ ਸਾਧਕ, ਪਰਮਾਣ ਦਰਸ਼ਕ, ਧੂਰਤ, ਨੀਤੀ ਸੰਬੰਧੀ, ਰਾਜ ਵਿਵਹਾਰ ਸੰਬੰਧੀ, ਰਾਜਕੀਯ, ਇੰਤਜ਼ਾਮੀ, ਮੁਲਕੀ; ਠੀਕ, ਦਰੁਸਤ; ਚਾਲਾਕ, ਚਤੁਰ, ਅਕਲਮੰਦ, ਮਾਕੂਲ।

Political, *a.* ਪੋਲੀਟੀਕਲ-ਰਾਜ ਨੀਤੀ ਵਿਦਜਾ ਸੰਬੰਧੀ, ਰਾਜਕੀਯ, ਸਰਵ ਸੰਬੰਧੀ, ਪਰਜਾ ਸੰਬੰਧੀ, ਮੁਲਕੀ, ਰਾਜਸੀ, ਸਰਕਾਰੀ, ਸਯਾਸੀ।

Politician, *n.* ਪੋਲੀਟੀਸ਼ਿਅਨ—ਰਾਜਨੀਤੀ ਜਾਨਣ ਵਾਲਾ, ਧੂਰਤ, ਕਪਟੀ, ਜੁਗਤੀਯਾ, ਚਾਲਾਕ, ਫ਼ਿਤਰਤੀ।

Politicly, *adv.* ਪੋਲੀਟਿਕਲੀ-ਕਪਟ, ਛਲ, ਜੁਗਤੀ ਯਾ ਚਾਲਾਕੀ ਨਾਲ।

Politics, *n. pl.* ਪੋਲੀਟਿਕਸ-ਰਾਜਨੀਤੀ, ਰਾਜਨੀਤੀ ਵਿੱਦਜਾ, ਰਾਜਨੀਤੀ ਸ਼ਾਸਤਰ, ਰਾਜ ਸ਼ਾਸਨ ਵਿੱਦਜਾ, ਤਦਬੀਰੇ ਸਲਤਨਤ।

Polity, *n.* ਪੋਲੀਟੀ—ਰਾਜ ਢੰਗ, ਬੰਦੋਬਸਤ, ਰਾਜ ਵਿਵਸਥਾ, ਇੰਤਜ਼ਾਮੇ ਸਲਤਨਤ।

Poll, *n.* ਪੋਲ-ਸੀਸ, ਸਿਰ; ਨਾਮਾਵਲੀ, ਨਾਮ ਪਰੀਸੰਖਜਾ; ਵਰਣਨ: *v. t.* ਛਾਂਗਨਾ, ਬੂਟਿਆਂ (ਰੁੱਖਾਂ) ਦਾ ਉੱਪਰਲਾ ਭਾਗ ਛਾਂਟਨਾ, ਕੱਟਨਾ, ਕਤਰਨਾ, ਝਾੜਨਾ, ਮੁੰਡਨਾ; ਨਾਮਾਵਲੀ ਬਨਾਉਨਾ, ਭਰਤੀ ਕ०; ਰਾਯ ਦੇਨਾ।

Pollard, *n.* ਪੋਲਰਡ-ਕੱਟਿਆ ਹੋਇਆ ਰੁੱਖ; ਇਕ ਸਿੱਕਾ; ਇਕ ਪਰਕਾਰ ਦੀ ਮੱਛੀ; ਸਿੰਗ ਲੱਥਾ ਹੋਇਆ ਬਾਰਾਂਸਿੰਗਾ।

Poller, *n.* ਪੋਲਰ-ਰੁੱਖ ਕੱਟਨ ਵਾਲਾ; ਰਾਏ ਦੇਨ ਵਾਲਿਆਂ ਦੀ ਫ਼ਹਰਿਸਤ ਬਨਾਉਨ ਵਾਲਾ।

Pollicitation, *n.* ਪੋਲੀਸੀਟੇਸ਼ਨ-ਪਰਤਿਗਜਾ, ਬਚਨ, ਨਿਯਮ, ਇਕਰਾਰ, ਕੌਲ, ਵਾਹਦਾ।

Pollute, *v. t.* ਪੋਲੂਟ—ਗੰਦਾ ਕ०, ਭਰਸ਼ਟ ਕ०, ਦੂਸ਼ਿਤ ਕ०, ਵਿਗਾੜਨਾ, ਖ਼ਰਾਬ ਕ०, ਨਿਜੱਸ ਕ०, ਪਲੀਦ ਕ०, ਅਪਵਿੱਤਰ ਕ०

Pollute, Polluted, *a.* ਪੋਲੂਟ, ਪੋਲੂਟਿਡ—ਭਰਸ਼ਟ, ਗੰਦਾ, ਮੈਲਾ, ਨਾਪਾਕ, ਅਪਵਿੱਤਰ।

Pollution, Pollutedness, *n.* ਪੋਲੂਸ਼ਨ, ਪੋਲੂਟਿਡਨੈਸ—ਮਲੀਨਤਾ, ਅਪਵਿੱਤਰਤਾ, ਨਾਪਾਕੀ, ਭਰਸ਼ਟਤਾ, ਅਸ਼ੌਚ, ਗੰਦਾਪਨ; ਸੁਫ਼ਨੇ ਵਿਚ ਬੀਰਜ ਦਾ ਨਿਕਲ ਜਾਨਾ, ਇਹਤਲਾਮ।

Poltfoot, *n.* ਪੋਲਟਫ਼ੁਟ—ਟੇਢਾ ਪਾਓਂ, ਵਿੰਗਾ ਪਰ ਯਾ ਪਦ।

Poltroon, *n.* ਪੋਲਟਰੂਨ-ਡਰਪੋਕ, ਕਾਇਰ, ਬੁਜ਼ਦਿਲ, ਡਰਾਕਲ, ਜ਼ਨਾਨਾ, ਨਾਮਰਦ।

Poly, *a. prep.* ਪੋਲੀ-ਬਹੁਤ।

Polyandry, *n.* ਪੋਲੀਐਂਡਰੀ—ਇੱਕ ਤੀਮੀ ਦੇ ਕਈ ਪਤੀ ਹੋਨ ਦਾ ਰਿਵਾਜ।

Polygamia, *n.* ਪੋਲੀਗੈਮੀਆ-ਓਹ ਰੁੱਖ ਜਿਸਦੇ ਫੁੱਲਾਂ ਵਿੱਚ ਨਰ ਨਾਰੀ ਦੋਹਾਂ ਦਾ ਗੁਣ ਹੋਵੇ।

Polygamist *n.* ਪੋਲੀਗੈਮਿਸਟ-ਇੱਕ ਬੀਂ ਵਧੀਕ ਵਿਆਹ ਕਰਨ ਵਾਲਾ, ਬਹੁ ਭਾਰਯਾ।

Polygamy, *n.* ਪੋਲੀਗੈਮੀ-ਕਈ ਨਾਰੀਆਂ ਨਾਲ ਵਿਆਹ ਕਰਨ ਦਾ ਰਿਵਾਜ।

Polyglot, *n.* ਪੋਲੀਗਲੋਟ—ਬਹੁਤ ਬੋਲੀਆਂ ਜਾਨਣ ਵਾਲਾ ਆਦਮੀ।

Polygon, *n.* ਪੋਲੀਗਨ—ਬਹੁਕੋਨੀਯਾ, ਬਹੁਤ ਕੋਨਿਆਂ ਵਾਲਾ, ਸ਼ਕਲ ਕਸੀਰ ਉਲ ਜ਼ਾਵੀਯਾ।

Polygraphy, *n.* ਪੋਲੀਗਰਾਫ਼ੀ-ਕਈ ਨਕਲਾਂ ਕਰਨ ਦਾ ਜੰਤਰ।

Polygyn, *n.* ਪੋਲੀਜਿਨ-ਕਈ ਵਹੁਟੀਆਂ ਰੱਖਨ ਦੀ ਹਾਲਤ।

Polyhedron, Polyedron, *n.* ਪੋਲੀਹੈਡਰਨ, ਪੋਲੀਐਡਰਨ—ਕਈ ਬਾਹਾਂ ਵਾਲਾ, ਬਹੁਭੁਜ; ਇੱਕ ਸ਼ੀਸ਼ਾ ਜਿਸ ਵਿੱਚ ਇੱਕ ਵਸਤੂ ਦੇਖਨ ਨਾਲ ਬਹੁਤ ਦਿਸਦੀਆਂ ਹਨ।

Polylogy, *n.* ਪੋਲੀਲੋਗੀ—ਬਕ ਬਕ, ਵਿਚਾਲਤਾ।

Polymathy, *n.* ਪੋਲੀਮੈਥੀ-ਬਹੁ ਵਿੱਦਜਾ ਗਜਾਨ, ਬਹੁ ਸ਼ਾਸਤਰ ਗਜਾਨ, ਕਈ ਇਲਮਾਂ ਦਾ ਜਾਨਣਾ।

Polyphonism, Polyphony, *n.* ਪੋਲੀਫੋਨਿਜ਼ਮ, ਪੋਲੀਫੋਨੀ-ਬਹੁਤ ਕੱਠੀਆਂ ਸੁਰਾਂ ਯਾ ਆਵਾਜ਼ਾਂ।

Polypode, *n.* ਪੋਲੀਪੋਡ-ਕਈਆਂ ਪੈਰਾਂ ਵਾਲਾ ਜਨੌਰ, ਬਹੁਪਦੀ।

Polypous, *a.* ਪੋਲੀਪਸ—ਜਿਸਦੇ ਕਈ ਪਰ ਯਾ ਜੜ੍ਹਾਂ ਹੋਨ।

Polysperm, *n.* ਪੋਲੀਸਪਰਮ—ਰੁੱਖ ਜਿਸਦੇ ਫਲ ਵਿਚ ਬਹੁਤ ਬੀਜ ਹੋਨ।

Polysyllable, *a.* ਪੋਲੀਸਿਲੇਬਲ—ਅਨੇਕ ਟੋਟਿਆਂ ਦਾ ਸ਼ਬਦ, ਬਹੁਤ ਟੋਟਿਆਂ ਦਾ ਸ਼ਬਦ।

Polytheism, *n.* ਪੋਲੀਥੀਇਜ਼ਮ—ਬਹੁਤ ਦੇਵਤਿਆਂ ਦਾ ਮਤ, ਸ਼ਿਰਕ।

Polytheist, *n.* ਪੋਲੀਥੀਇਸਟ—ਬਹੁਤ ਦੇਵਤਿਆਂ ਦੇ ਮਤ ਦਾ ਮੰਨਣ ਵਾਲਾ, ਮੁਸ਼ਰਿਕ।

Pomace, *n.* ਪੋਮੇਸ—ਸੇਬ ਆਦਿ ਦਾ ਰੇਸ਼ਾ।

Pomaceous, *a.* ਪੋਮੇਸੀਅਸ—ਮੇਓ ਦਾ, ਮੇਵਾ ਨਾਲ ਭਰਿਆ ਹੋਇਆ।

Pomade, Pomadum, *n.* ਪੋਮੇਡ, ਪੋਮੇਡਮ—ਸੁਗੰਧੀ ਵਾਲਾ ਲੇਪ, ਫੁਲੇਲ।

Pomander, *n.* ਪੋਮੈਨਡਰ—ਸੁਗੰਧੀ ਵਾਲਾ ਚੂਰਣ, ਸੁਗੰਧੀ ਵਾਲੀ ਗੋਲੀ; ਇਤਰਦਾਨ।

Pomecitron, *n.* ਪੋਮੀਸਿਟਰਨ—ਖੱਟਾ, ਚਕੋਤਰਾ।

Pomegranate, *n.* ਪੋਮੀਗਰੈਨੇਟ—ਅਨਾਰ; ਅਨਾਰ ਦਾ ਰੁੱਖ।

Pome-water, *n.* ਪੋਮੀਵਾਟਰ—ਇਕ ਪਰਕਾਰ ਦਾ ਸੇਬ ਜਾ ਮੇਓ।

Pommel, *n.* ਪੋਮੈਲ—ਗੋਲਾ, ਗੰਢ, ਘੁੰਡੀ; ਤਲਵਾਰ ਦੇ ਕਬਜ਼ੇ ਦੀ ਮੁੱਠ; ਦੁੰਬਾਲਾ; *v. t.* ਕੁਚਲਨਾ, ਕੁੱਟਣਾ, ਮਾਰਨਾ, ਮਧੋਲਨਾ।

Pomp, *n.* ਪੋਮਪ—ਜਾਤਰਾ, ਸਫ਼ਰ; ਠਾਠ, ਬਨਾਵ, ਚੁਨਾਵ, ਧੂਮਧਾਮ, ਪਰਤਾਪ, ਸ਼ੋਭਾ ਦਿਖਾਵਾ, ਅਡੰਬਰ, ਕੌਤਕ, ਧੂਮ ਧੜੱਕਾ, ਭੀੜ ਭੜੱਕਾ, ਸਵਾਰੀ, ਸ਼ਾਨੋ ਸ਼ੌਕਤ, ਜਿਲੌ।

Pompous, *a.* ਪੋਮਪਸ—ਬਹੁਤ ਪਰਤਾਪੀ, ਬਹੁਤ ਤੇਜ ਵਾਲਾ, ਉੱਜਲ, ਆਡੰਬਰੀ, ਸ਼ਾਨਦਾਰ, ਧੂਮਧਾਮ ਦਾ; *n.* Pomposity.

Pond, *n.* ਪੌਂਡ—ਤਾਲ, ਸਰੋਵਰ, ਤਾਲਾਬ, ਤਲਾ, ਹੌਜ਼, ਕੁੰਡ, ਡਿੱਗੀ, ਜੋਹੜੀ।

Ponder, *v. t.* ਪੌਂਡਰ—ਜਾਂਚਨਾ, ਵਿਚਾਰਨਾ, ਗ਼ੌਰ ਕ०, ਸੋਚਨਾ, ਚਿੰਤਾ ਕਰਨੀ, ਫ਼ਿਕਰ ਕ०।

Ponderable, *a.* ਪੌਂਡਰੇਬਲ—ਜਾਂਚਨ ਜਾ ਤੋਲਨ ਜੋਗ।

Ponderal, *a.* ਪੌਂਡਰਲ—ਭਾਰ ਥੀਂ ਜਾਂਚਿਆ ਜਾ ਤੋਲਿਆ ਹੋਇਆ; ਜਿਸਦੀ ਵਜ਼ਨ ਨਾਲ ਜਾਂਚ ਹੋ ਸੱਕੇ।

Ponderous, *a.* ਪੌਂਡਰਸ—ਭਾਰੀ, ਵਜ਼ਨੀ, ਤੋਲਦਾਰ, ਬੋਝਲ; ਵੱਡਾ, ਅਵੱਸ਼, ਜ਼ਰੂਰੀ; ਬਲਵਾਨ, ਤਾਕਤਵਰ, ਜ਼ੋਰਦਾਰ, ਸਖ਼ੀਲ।

Poniard, *n.* ਪੋਨੀਆਰਡ—ਕਟਾਰ, ਖ਼ੰਜਰ, ਛੁਰੀ; *v. t.* ਖ਼ੰਜਰ, ਕਟਾਰ ਜਾ ਛੁਰੀ ਮਾਰਨੀ

Pontiff, *n.* ਪੋਨਟਿਫ਼—ਰੋਮ ਦਾ ਸਰਦਾਰ ਜਾ ਮਤ ਤੇ ਵੱਡਾ ਪਾਦਰੀ।

Ponton, Pontoon, *n.* ਪੋਨਟਨ, ਪੋਨਟੂਨ—ਤਰਨ ਵਾਲਾ ਪੁਲ, ਬੇੜੀਆਂ ਦਾ ਪੁਲ; ਸਫ਼ਰੀ ਪੁਲ ਦੇ ਪੱਲੇ, ਇੱਕ ਪਰਕਾਰ ਦੀ ਲੋਹੇ ਨਾਲ ਮੜ੍ਹੀ ਹੋਈ ਨਾਓ ਜਾ ਬੇੜੀ।

Pony, *n.* ਪੋਨੀ—ਟੱਟੂ, ਯਾਬੂ।

Pool, *n.* ਪੂਲ—ਕੁੰਡ, ਤਾਲ, ਤਾਲਾਬ।

Poop, *n.* ਪੂਪ—ਜਹਾਜ਼ ਦਾ ਪਿਛਲਾ ਭਾਗ।

Poor, *a.* ਪੂਅਰ—ਦੀਨ, ਕੰਗਾਲ ਗ਼ਰੀਬ ਨਿਰਧਨ, ਦਰਿਦਰੀ, ਤੁੱਛ, ਅਧਮ, ਨੀਚ, ਅਲਪ, ਨਕਾਰਾ, ਨਿਕੰਮਾ; ਥੋੜ੍ਹਾ; ਪਿਆਰਾ।

Poorly, *a.* ਪੂਅਰਲੀ—ਨਿਰਬਲ, ਕਮਜ਼ੋਰ, ਰੋਗੀ; *adv.* ਗ਼ਰੀਬੀ ਜਾ ਤੰਗੀ ਨਾਲ।

Poorness, *n.* ਪੂਅਰਨੈਸ—ਗ਼ਰੀਬੀ, ਕੰਗਾਲਪਨਾ, ਨਿਰਧਨਤਾ, ਤੰਗੀ, ਮੁਹਤਾਜੀ।

Pop, *n.* ਪੋਪ—ਫਟਾਕਾ, ਧੜਾਕਾ, ਤੜਾਕਾ; ਪਪ, ਸ਼ਰਬਤ, ਸ਼ਿਕੰਜਬੀਨ; *v. i.* ਝੱਟ ਪੱਟ ਆ ਪੈਣਾ; ਤੜਾਕਾ ਜਾ ਧੜਾਕਾ ਹੋਣਾ; ਟੁੱਟ ਪੈਣਾ; *v. t.* ਘੁਸੇੜ ਦੇਣਾ, ਠੋਸਣਾ; *adv.* ਏਕਾ ਏਕੀ, ਅਚਾਨਕ, ਅਣਭੋਲ, ਜਕਾਯਕ।

Pope, *n.* ਪੋਪ—ਰੋਮ ਦਾ ਸਰਦਾਰ ਪਾਦਰੀ।

Popgun, *n.* ਪੋਪਗਨ—ਬਾਲਕਾਂ ਲਈ ਇੱਕ ਛੋਟੀ ਬੰਦੂਕ, ਪਟਾਖਾ।

Popinjay, *n.* ਪੋਪਿਨਜੇ—ਤੋਤਾ; ਰੰਗੀਲਾ ਜਨ।

Poplin, *n.* ਪੋਪਲਿਨ—ਰੇਸ਼ਮੀ ਉੱਨੀ ਕੱਪੜਾ।

Poppy, *n.* ਪੋਪੀ—ਖ਼ਸਖ਼ਸ, ਖ਼ਸ਼ਖ਼ਾਸ਼, ਪੋਸਤ, ਕੋਕਨਾਰ।

Populace, *n.* ਪੋਪੁਲੇਸ—ਸਾਧਾਰਨ ਲੋਕ, ਸਾਧਾਰਣ ਲੋਕ, ਖ਼ਲਕਤ, ਆਮ ਲੋਕ, ਪਰਜਾ, ਰਈਯਤ, ਪਬਲਿਕ, ਜਮਹੂਰ, ਹਮਾ ਸ਼ੁਮਾ।

Popular, *a.* ਪੋਪੂਲਰ—ਸਾਧਾਰਣ ਲੋਕ ਸੰਬੰਧੀ, ਲੌਕਿਕ, ਪਰਜਾ ਦਾ; ਚਲਦਾ, ਜਾਰੀ, ਮੁਸਤਆਮਲ, ਆਮ, ਮਸ਼ਹੂਰ, ਪਰਸਿੱਧ; ਪਸੰਦ।

Popularity, *n.* ਪੋਪੂਲੈਰੀਟੀ—ਸਰਵ ਲੋਕ ਅਨੁਕੂਲਤਾ, ਸਰਵ ਪਰੀਯਤਾ, ਸ਼ੋਹਰਤ, ਹਰ ਦਿਲ ਅਜ਼ੀਜ਼ੀ, ਆਮ ਪਸੰਦੀ।

Populate, *v. t.* ਪੌਪੁਲੇਟ-ਪਰਜਾ ਵਧਾਉਣਾ, ਲੋਕ ਵਸਾਉਣਾ, ਆਬਾਦ ਕ० ।

Population, *n.* ਪੌਪੁਲੇਸ਼ਨ-ਪਰਜਾ, ਦੇਸ਼ ਦੇ ਲੋਕ, ਕਿਸੇ ਦੇਸ ਦੇ ਸਭ ਲੋਗ, ਆਬਾਦੀ, ਵਸਤੀ, ਬਾਸ਼ਿੰਦੇ, ਆਦਮੀ, ਜਨਤਾ ।

Populous, *a.* ਪੌਪੁਲਸ-ਲੋਕਾਂ ਨਾਲ ਭਰਿਆ ਹੋਇਆ, ਵਸਦਾ, ਆਬਾਦ, ਗੁਲਜ਼ਾਰ ।

Porcelain, *n.* ਪੋਰਸੀਲੇਨ-ਚੀਨੀ ਦੇ ਬਰਤਨ ਜਾ ਭਾਂਡੇ, ਚਰੂਛੇ ਚੀਨੀ ।

Porch, *n.* ਪੋਰਚ-ਦਲੀਜ਼, ਡਿਓੜੀ, ਛੱਤਾ ।

Porcine, *a.* ਪੋਰਸਿਨ-ਸੂਰ ਦਾ, ਸੂਰ ਜੇਹਾ ।

Porcupine, *a.* ਪੋਰਕੂਪਾਇਨ-ਸੇਹ, ਕੰਡੈਲਾ, ਖਾਰ ਪੁਸ਼ਤ ।

Pore, *n.* ਪੋਰ—ਛੇਦ, ਲੋਮ, ਮਸਾਮ; *v. i.* ਬਹੁਤ ਮਨ ਜਾ ਚਿੱਤ ਲਗਾਕੇ ਦੇਖਣਾ ।

Poreblind, *a.* ਪਰਬਲਾਇੰਡ-ਜਿਸਨੂੰ ਘੱਟ ਜਾ ਥੋੜਾ ਦਿੱਸੇ ।

Pork, *n.* ਪੋਰਕ-ਸੂਰ ਦਾ ਮਾਸ ।

Porker, *n.* ਪੋਰਕਰ-ਸੂਰ, ਸੂਕਰ, ਸੂਅਰ ।

Porket, Porkling, *n.* ਪੋਰਕੇਟ, ਪੋਰਕਲਿੰਗ—ਸੂਰ ਦਾ ਬੱਚਾ ।

Porosity, Porousness, *n.* ਪੋਰੋਸਿਟੀ, ਪੋਰਸਨੈਸ—ਮੁਸਾਮਦਾਰੀ, ਪੋਲਾਪਨ ।

Porous, *a.* ਪੋਰਸ-ਛੇਕਾਂ ਵਾਲਾ, ਮੁਸਾਮਦਾਰ, ਮੋਰੀਆਂ ਵਾਲਾ, ਫੁੱਲਿਆ ਹੋਇਆ ।

Porousness, *n.* ਪੋਰਸਨੈਸ—ਝਿਰਝਿਰਾਹਟ, ਮੁਸਾਮਦਾਰੀ ।

Porphyry, *n.* ਪੋਰਫੀਰੀ-ਸੰਗੇ ਸੀਮਾਕ, ਸੀਮਾਕ ਪੱਥਰ ।

Porraceous, *a.* ਪੋਰੇਸ਼ਸ—ਸਬਜ਼ੀ ਮਾਇਲ, ਸਾਗ ਜੇਹਾ ।

Porridge, *n.* ਪੋਰਿਜ—ਦਲੀਆ, ਰਬੜੀ, ਲਪਸੀ, ਹਲੂਦਾ; ਸ਼ੋਰਬਾ, ਯਖਨੀ ।

Porringer, *n.* ਪੋਰਿੰਜਰ-ਕਟੋਰਾ, ਤਸਲਾ ।

Port, *n.* ਪੋਰਟ-ਚਾਲ, ਢਬ, ਢੰਗ, ਚਾਲ ਢਾਲ; ਇਕ ਪ੍ਰਕਾਰ ਦੀ ਸ਼ਰਾਬ; ਮਹਸੂਲ ਲੈਣ ਦੀ ਥਾਂ, ਦਰਵੱਜਾ, ਫਾਟਕ; ਬੰਦਰਗਾਹ ।

Portable, *a.* ਪੋਰਟੇਬਲ—ਹਲਕਾ, ਹੌਲਾ, ਮਝਰੀ; ਚੁਕਣ ਜੋਗ, ਉਠਾ ਲੈਜਾਨ ਦੇ ਜੋਗ ।

Portage, *v. t.* ਪੋਰਟੇਜ-ਢੋਣਾ; ਲੈ ਜਾਣਾ; *n.* ਢੋਣ ਦਾ ਭਾੜਾ; ਮੱਲਾਹੀ, ਮੱਲਾਹ ਦੀ ਮਜ਼ਦੂਰੀ; ਮਾਲ ਲੈ ਜਾਣ ਦੀ ਥਾਂ ।

Portal, *n.* ਪੋਰਟਲ-ਚੌਖਟ, ਦਰਵੱਜਾ, ਬੂਹਾ, ਮੇਹਰਾਬ, ਬਰੌਂਥਾ ।

Portcullis, *n.* ਪੋਰਟਕੂਲਿਸ—ਕੀਵਾੜ ਜੋ ਉੱਪਰੋਂ ਦਰਵੱਜਾ ਬੰਦ ਕਰਨ ਲਈ ਸੁੱਟੇ ਜਾਂਦੇ ਹਨ ।

Porte, *n.* ਪੋਰਟ-ਰੋਮ ਦਾ ਦਰਬਾਰ, ਬਾਬੇਆਲੀ

Portend, *v. t.* ਪੋਰਟੈਂਡ—ਸ਼ਗਨ ਦੱਸਣਾ, ਪਹਲੋਂ ਦੱਸਣਾ, ਜਤਾਉਣਾ, ਆਗਾਹ ਕ० ।

Portent, *n.* ਪੋਰਟੈਂਟ-ਬਦਸ਼ਗਨੀ, ਨਹੂਸਤ ।

Portentous, *a.* ਪੋਰਟੈਨਟਸ-ਬਦਸ਼ਗਨਾ, ਮਨਹੂਸ; ਦਿਓ ਜੇਡਾ, ਬਹੁਤ ਵੱਡਾ; ਅਜੀਬ ।

Porter, *n.* ਪੋਰਟਰ-ਚੌਕੀਦਾਰ, ਦੁਆਰਪਾਲ, ਦਰਬਾਨ; ਕੁੱਲੀ, ਮਜ਼ਦੂਰ, ਪੱਲੇਦਾਰ, ਬਾਰਬਰਦਾਰ; ਇੱਕ ਪਰਕਾਰ ਦੀ ਸ਼ਰਾਬ ।

Porterage, *n.* ਪੋਰਟਰੇਜ-ਮਜ਼ਦੂਰੀ, ਢੁਆਈ, ਬਾਰਬਰਦਾਰੀ ।

Portfolio, *n.* ਪੋਰਟਫ਼ੋਲੀਓ-ਬਸਤਾ, ਮੁਕੱਦਾ, ਜੁਜ਼ਗੀਰ; ਵਜ਼ੀਰ ਦਾ ਓਹਦਾ, ਵੱਡਾ ਅਧਿਕਾਰ

Portico, *n.* ਪੋਰਟੀਕੋ-ਡਿਓੜੀ, ਦਲਾਨ ।

Portion, *n.* ਪੋਰਸ਼ਨ-ਵੰਡ, ਭਾਗ, ਅੰਸ਼, ਟੁਕੜਾ; ਦਾਤ, ਦਾਜ, ਇਸਤਰੀ ਧਨ; ਬਪੌਤੀ, ਵਿਰਸਾ; *v. t.* ਭਾਗ ਕ०, ਵੰਡਣਾ; ਦਾਜ ਜਾ ਦਾਨ ਦੇਣਾ, ਬਖ਼ਸ਼ਣਾ; ਤਕਸੀਮ ਕ० ।

Portionist, *n.* ਪੋਰਸ਼ਨਿਸਟ-ਵਿਦਿਆਲਯ ਵਿਚ ਪਰਿਤੋਸ਼ਕ ਜਾ ਇਨਾਮ ਪਾਉਣ ਵਾਲਾ ਛਾਤਰ ।

Portliness, *n.* ਪੋਰਟਲੀਨੈਸ-ਮੋਟਾਪਨ, ਭਾਰੀਪਨ, ਸੰਜੀਦਗੀ ।

Portly, *a.* ਪੋਰਟਲੀ-ਸ਼ਾਨਦਾਰ ; ਵੱਡਾ, ਮੋਟਾ, ਭਾਰੀ ।

Portmenteau, *n.* ਪੋਰਟਮੈਨਟੋ-ਕੱਪੜੇ ਰੱਖਣ ਦਾ ਝੋਲਾ, ਬੁਕਚਾ, ਜਾਮਦਾਨੀ ।

Portrait, *n.* ਪੋਰਟਰੇਟ-ਚਿੱਤਰ, ਪਰਿਤਮਾ, ਮੂਰਤ, ਤਸਵੀਰ, ਸ਼ਬੀਹ ।

Portray, *v. t.* ਪੋਰਟਰੇ—ਚਿੱਤਰ ਖਿੱਚਣਾ; ਵਿਆਖਿਆ ਜਾ ਵਰਨਣ ਕ०; ਚਿੱਤਰਾਂ ਜਾ ਤਸਵੀਰਾਂ ਨਾਲ ਸਜਾਉਣਾ; ਨਕਸ਼ਾ ਖਿੱਚਣਾ ।

Pose, *v. t.* ਪੋਜ਼—ਵਿਆਕੁਲ ਕ०, ਔਖੀਆਂ

ਗੱਲਾਂ ਪੁੱਛਕੇ ਘਬਰਾ ਦੇਣਾ, ਗੱਲ ਦੀ ਸਫ਼ੂ ਪੁੱਛਣਾ ।

Poser, *n.* ਪੋਜ਼ਰ—ਘਬਰਾ ਦੇਣ ਵਾਲਾ, ਔਖਾ ਪ੍ਰਸ਼ਨ, ਮੁਸ਼ਕਿਲ ਸਵਾਲ ।

Position, *n.* ਪੋਜ਼ੀਸ਼ਨ—ਮਕਾਨ, ਸਥਿਤੀ ਮੌਕਾ, ਦਿਸ਼ਾ, ਭਾਗ, ਪਦਵੀ, ਹਾਲਤ, ਸੂਰਤ, ਦਰਜਾ, ਮਰਤਬਾ; ਦਾਵਾ, ਮੁਕੱਦਮਾ ।

Positive, *a.* ਪੋਜ਼ੀਟਿਵ—ਸਪਸ਼ਟ, ਸਤਸ ਯਥਾਰਥ, ਵਿਦਮਾਨ, ਵਾਸਤਵ, ਸਿੱਧਾ, ਪਰਤੱਖ, ਨਿਸਸੰਦੇਹ; ਕੜਾ, ਸਖਤ, ਕਠੋਰ ।

Positively, *adv.* ਪੋਜ਼ੀਟਿਵਲੀ—ਨਿਸਸੰਦੇਹ, ਬੇਸ਼ੱਕ, ਬਦ ਬਦਾਕੇ; *n.* Positiveness.

Positivism, *n.* ਪੋਜ਼ੀਟੀਵਿਜ਼ਮ—ਵਸਤ ਵਿੱਦਯਾ ।

Posnet, *n.* ਪੋਜ਼ਨੇਟ—ਇਕ ਛੋਟਾ ਬਰਤਨ ।

Posse, *n.* ਪੋਸੀ—ਹਥਿਆਰ ਬੰਦ ਲੋਗ ।

Possess, *v. t.* ਪੋਜ਼ੈਸ—ਹੱਥ ਵਿੱਚ ਰੱਖਣਾ ਅਧਿਕਾਰੀ ਹੋਣਾ, ਦਬਾ ਲੈਣਾ, ਭੋਗਣਾ, ਪਾਣਾ, ਰੱਖਣਾ, ਪਕੜ ਲੈਣਾ; ਅਧਿਕਾਰ ਯਾ ਇਖ਼ਤਿਆਰ ਰੱਖਣਾ; ਸਤਾਉਣਾ, ਖ਼ਬਰ ਦੇਣਾ ।

Possession, *n.* ਪੋਜ਼ੈਸ਼ਨ—ਧਾਰਣ, ਅਧਿਕਾਰ ਭੋਗ, ਭੂਮੀ, ਧਨ, ਮਾਲ, ਕਬਜ਼ਾ, ਦਖ਼ਲ।

Possessive, *a.* ਪੋਜ਼ੈਸਿਵ—ਅਧਿਕਰਣ, ਸੂਚਕ, ਭੋਗੀ, ਕਾਬਿਜ਼ ।

Possessor, *n.* ਪੋਜ਼ੈਸਰ—ਸਵਾਮੀ, ਮਾਲਿਕ, ਅਧਿਕਾਰੀ, ਭੋਗੀ, ਧਨੀ, ਕਾਬਿਜ਼ ।

Possessory, *a.* ਪੋਜ਼ੈਸਰੀ—ਅਧਿਕਾਰੀ, ਭੋਗੀ, ਕਾਬਿਜ਼ ।

Posset, *n.* ਪੋਸ਼ੈਟ—ਦੁੱਧ ਜੋ ਅੰਗੂਰੀ ਯਾ ਕਿਸੇ ਹੋਰ ਸ਼ਰਾਬ ਨਾਲ ਜਮਾਯਾ ਜਾਂਦਾ ਹੈ।

Possibility, *n.* ਪੋਸੀਬਿਲੀਟੀ—ਸੰਭਾਵਨਾ, ਇਮਕਾਨ, ਸੰਭਵਤਾ, ਹੋਣਾ, ਹਸਤੀ, ਵਜੂਦ ।

Possible, *a.* ਪੋਸੀਬਲ—ਜੋ ਹੋ ਸੱਕੇ, ਸੰਭਵ, ਹੋਨਹਾਰ, ਹੋਣ ਜੋਗ, ਸੁਦਨੀ, ਮੁਮਕਿਨ ।

Possibly, *adv.* ਪੋਸੀਬਲੀ—ਅਜੇਹਾ ਹੋਵੇ ਕਿ, ਐਸਾ ਹੋ ਕਿ, ਕਦਾਚਿਤ, ਕਿਸੇ ਨਾ ਕਿਸੇ ਤਰਾਂ, ਸ਼ਾਇਦ, ਬਿਲ ਇਮਕਾਨ ।

Post, *n.* ਪੋਸਟ—ਡੰਡਾ, ਲੱਕੜ ਦਾ ਥੰਮਾ; ਸੈਨਾ ਯਾ ਫ਼ੌਜ ਦਾ ਸਥਾਨ, ਚੌਕੀ, ਥਾਨਾ; ਜਗਹ, ਸਥਿਤੀ; ਪਦ, ਓਹਦਾ, ਅਧਿਕਾਰ; ਡਾਕ ਜਾਨ ਦੀ ਬੀਘਰ ਰੀਤੀ; ਇੱਕ ਪਰਕਾਰ ਦਾ ਲੇਖਨ ਪੱਤਰ; ਸੰਦੇਸਾ ਲੈ ਜਾਣ ਵਾਲਾ; *v. i.* ਲੱਕੜ ਦੇ ਥੰਮੇ ਯਾ ਥੂਨੀ ਪੁਰ ਚਪਕਾਉਣਾ, ਧਰਨਾ, ਸਥਾਪਿਤ ਕ॰; *v. i.* ਡਾਕ ਵਿੱਚ ਸਫ਼ਰ ਕ॰; ਡਾਕ ਘਰ ਵਿੱਚ ਪਾਉਣਾ; ਖਾਤੇ ਵਿੱਚ ਲਿਖਣਾ, ਪਤਾਉਣਾ; *adv.* ਫੁਰਤੀ ਨਾਲ, ਝਬਦੇ, ਛੇਤੀ ।

Postage, *n.* ਪੋਸਟੇਜ—ਡਾਕ ਦਾ ਮੈਹਸੂਲ ।

Post-boy, *n.* ਪੋਸਟਬੋਏ—ਡਾਕੀਆ, ਡਾਕ ਵਾਲਾ, ਚਿੱਠੀਰਸਾਨ ।

Post-date, *v. t.* ਪੋਸਟਡੇਟ—ਠੀਕ ਕਾਲ ਥੀਂ ਵਧਾਕੇ ਤਿਥੀ ਯਾ ਮਿਤੀ ਪਾਉਣੀ ।

Postdiluvial, Postdiluvian, *a.* ਪੋਸਟ ਡੀਲੂਵੀਅਲ, ਪੋਸਟਡੀਲੂਵੀਅਨ—ਪਰਲਯ ਦੇ ਪਿੱਛੇ ਦਾ ਆਦਮੀ ।

Poster, *n.* ਪੋਸਟਰ—ਹਰਕਾਰਾ, ਡਾਕੀਆ, ਕਾਸਿਦ, ਨਾਮਾਬਰ ।

Posterior, *a.* ਪੋਸਟੀਰੀਅਰ—ਪਿਛਲਾ, ਪਿੱਛੇ ਦਾ, ਅਖ਼ੀਰਲਾ, ਅੰਤ ਦਾ ।

Posteriority, *n.* ਪੋਸਟੀਰੀਔਰੀਟੀ—ਪੀਛਾ, ਪਿੱਛਾ, ਦੇਰੀ, ਪਸ਼ਚਾਤ ਕਾਲੀਨਤਾ ।

Posteriors, *n.* ਪੋਸਟੀਰੀਅਰਜ਼—ਚੂਤੜ, ਚੁੱਤੜ, ਪੱਠੇ, ਸੁਰੀਨ ।

Posterity, *n.* ਪੋਸਟੈਰੀਟੀ—ਪੁੱਤਰ ਪੋਤਰੇ, ਲੜਕੇ ਬਾਲੇ, ਸੰਤਾਨ, ਔਲਾਦ ।

Postern, *n.* ਪੋਸਟਰਨ—ਖਿੜਕੀ, ਬਾਰੀ, ਤਾਕੀ, ਛੋਟਾ ਫਾਟਕ, ਚੋਰ ਦਰਵੱਜਾ, ਦਰੀਚਾ ।

Post-existence, *n.* ਪੋਸਟਅਗਜ਼ਿਸਟੈਂਸ—ਪਿੱਛੇ ਦਾ ਜੀਵਨ, ਪਰਲੋਕ, ਆਕਬਤ ।

Post-haste, *adv.* ਪੋਸਟਹੇਸਟ—ਦੌੜਾ ਦੌੜ, ਧਾਵਾ ਕਰਕੇ, ਝਬਦੇ, ਜਲਦੀ ।

Post-horn, *n.* ਪੋਸਟਹੋਰਨ—ਡਾਕ ਦਾ ਬਿਗਲ

Post-house, *n.* ਪੋਸਟਹੌਸ—ਡਾਕਘਰ, ਚੌਕੀ ।

Post-hume, Post-humous, *a.* ਪੋਸਟ ਹੁਮ, ਪੋਸਟਹੂਮਸ—ਪਿਤਾ ਦੇ ਮਰਨ ਪਿੱਛੋਂ ਜੰਮਿਆ ਹੋਇਆ; ਮਰੀ ਹੋਈ ਮਾਂ ਦੇ ਢਿੱਡ ਵਿੱਚੋਂ ਨਿਕਲਿਆ ਹੋਇਆ; ਮੌਤ ਦੇ ਪਿੱਛੋਂ ਦਾ; ਗ੍ਰੰਥਕਾਰ ਦੇ ਮਰਨ ਪਿੱਛੋਂ ਛਾਪਿਆ ਹੋਯਾ ।

Postil, *n.* ਪੋਸਟਿਲ—ਹਾਸ਼ੀਏ ਪੁਰ ਟੀਕਾ ।

Postillion, *n.* ਪੋਸਟੀਲੀਅਨ—ਕੋਤਲ ਸਵਾਰ ।

Postliminiar, Postliminious, *a.* ਪੋਸਟਲੀਮੀਨੀਅਰ, ਪੋਸਟਲੀਮੀਨੀਅਸ—ਪਿੱਛੇ ਦਾ, ਪਿਛਲਾ, ਪਿਛੇਤੀ, ਮਾਬਾਦ ਦਾ।

Postman, *n.* ਪੋਸਟਮੈਨ—ਡਾਕੀਆ, ਹਰਕਾਰਾ, ਚਿੱਠੀਰਸਾਨ, ਕਾਸਿਦ।

Postmark, *n.* ਪੋਸਟਮਾਰਕ—ਡਾਕ ਦੀ ਮੋਹਰ।

Post-master, *n.* ਪੋਸਟਮਾਸਟਰ—ਡਾਕਖ਼ਾਨੇ ਦਾ ਪ੍ਰਬੰਧ ਕਰਤਾ, ਦਾਰੋਗ਼ਾ ਡਾਕ।

Post-meridian, P. M., *a.* ਪੋਸਟਮੈਰੀਡੀਅਨ—ਦੋਪਹਰ ਥੀਂ ਪਿੱਛੇ ਦਾ।

Postmortem, *a.* ਪੋਸਟਮੋਰਟੈਮ—ਮੌਤ ਦੇ ਪਿੱਛੇ ਯਾ ਬਾਦ ਦਾ।

Post-Office, *n.* ਪੋਸਟਔਫ਼ਿਸ—ਡਾਕਘਰ, ਡਾਕਖ਼ਾਨਾ।

Postpone, *v. t.* ਪੋਸਟਪੋਨ—ਪਿੱਛੇ ਪਾਉਣਾ, ਟਾਲ ਦੇਣਾ, ਢਿੱਲ ਕ॰; ਥੋੜ੍ਹਾ ਮੁੱਲ ਪਾਉਣਾ; ਘੱਟ ਮਾਨ ਕ॰; *n.* Postponement.

Postscript, *n.* ਪੋਸਟਸਕ੍ਰਿਪਟ—ਦਸਤਖ਼ਤ (ਹਸਤਾਖਰ) ਕਰਨ ਥੀਂ ਪਿੱਛੋਂ ਲਿਖਿਆ ਹੋਯਾ ਲੇਖ ਯਾ ਮਜ਼ਮੂਨ।

Postulate, *v. t.* ਪੋਸਟੁਲੇਟ—ਮੰਨਣਾ, ਮੰਨ ਲੈਣਾ, ਮਨਜ਼ੂਰ ਕ॰; ਯਾਚਨਾ ਕ॰; *n.* ਸਵੀਕ੍ਰਿਤ ਯਾ ਮੰਨਿਆ ਹੋਇਆ ਪਰਸ਼।

Postulation, *n.* ਪੋਸਟੁਲੇਸ਼ਨ—ਪਰਾਰਥਨਾ ਯਾਚਨਾ, ਬੇਨਤੀ, ਅਰਜ਼; ਫ਼ਰਜ਼, ਕਰਤਵ੍ਯ।

Posture, *n.* ਪੋਸਟੁਰ—ਜਗਾ, ਥਾਂ, ਠਿਕਾਣਾ, ਠੌਰ, ਬੈਠਕ; ਦਸ਼ਾ, ਢੰਗ, ਅਵਸਥਾ, ਢਬ; ਭਾਵ; *v. t.* ਢੰਗ ਨਾਲ ਰੱਖਣਾ।

Posy, *n.* ਪੋਜ਼ੀ—ਫੁੱਲਾਂ ਦਾ ਗੁੱਛਾ, ਗੁਲਦਸਤਾ; ਮੁੰਦਰੀ ਦੇ ਨਗ ਪੁਰ ਦੀ ਖੋਦੀ ਬਾਤ।

Pot, *n.* ਪੌਟ—ਤਸਲਾ, ਬਲਟੋਹੀ, ਲੋਟਾ, ਗੜਵੀ, ਕਰਵਾ ਆਬਖ਼ੋਰਾ, ਘੜਾ, ਹਾਂਡੀ; ਕਟੋਰਾ, ਛੰਨਾ, ਪਿਆਲਾ; *v. t.* ਭਾਂਡੇ ਵਿੱਚ ਰੱਖਣਾ।

Potable, *a.* ਪੋਟੇਬਲ—ਜੋ ਪੀਤਾ ਜਾ ਸੱਕੇ, ਨੋਸ਼ੀਦਨੀ; *n.* ਪੀਤੇ ਜਾਨ ਵਾਲੀ ਵਸਤੂ।

Potamology, *n.* ਪੋਟਾਮੋਲੋਜੀ—ਨਦੀ ਵਰਨਣ

Potash, *n.* ਪੋਟੈਸ਼—ਇੱਕ ਪਰਕਾਰ ਦੀ ਖਾਰ

Potation, *n.* ਪੋਟੇਸ਼ਨ—ਸ਼ਰਾਬਖ਼ੋਰੀ; ਘੁੱਟ।

Potato, *n.* ਪੋਟੈਟੋ—ਆਲੂ।

Potency, *n.* ਪੋਟੈਨਸੀ—ਸ਼ਕਤੀ, ਗੁਣ, ਬਲ, ਵੀਰਯ, ਪਰਭਾਵ, ਅਧਿਕਾਰ, ਇਖ਼ਤਿਆਰ।

Potent, *a.* ਪੋਟੈਂਟ—ਬਲਵਾਨ, ਪਰਬਲ, ਜ਼ੋਰਾਵਰ, ਤਾਕਤਵਰ, ਅਧਿਕਾਰੀ, ਬਾਇਖ਼ਤਿਆਰ।

Potentate, *n.* ਪੋਟੈਨਟੇਟ—ਅਧਿਪਤੀ, ਮਹਾਰਾਜਾ, ਨਰਪਤੀ, ਸ਼ਹਿਨਸ਼ਾਹ, ਬਾਦਸ਼ਾਹ।

Potential, *a.* ਪੋਟੈਨਸ਼ਲ—ਬਲਵਾਨ, ਪਰਬਲ, ਸ਼ਕਤੀਮਾਨ, ਗੁਣਕਾਰੀ, ਉਚਿਤ, ਵਾਜਬੀ; ਸੂਰਤੇ ਇਮਕਾਨੀਯਾ ਯਾ ਇਖ਼ਤਿਆਰੀ।

Potently, *adv.* ਪੋਟੈਂਟਲੀ—ਬਲ ਨਾਲ, ਤਾਕਤ ਨਾਲ, ਸ਼ਕਤੀ ਨਾਲ, ਜ਼ੋਰਾਵਰੀ ਨਾਲ।

Potgun, *n.* ਪੌਟਗਨ—ਪਟਾਖਾ, ਛੋਟੀ ਬੰਦੂਕ।

Pother, *n.* ਪੋਥਰ—ਹਲਚਲ, ਦੌੜਧੁਪ, ਰੌਲਾ, ਕੋਲਾਹਲ; *v. t.* ਵਿਆਕੁਲ ਕ॰, ਸਤਾਉਣਾ, ਘਬਰਾ ਦੇਣਾ; *v. i.* ਹੁੱਲੜ ਮਚਾਉਣਾ, ਰੌਲਾ ਪਾਉਣਾ, ਹੰਗਾਮਾ ਕ॰।

Potherb, *n.* ਪੋਥਰਬ—ਰਿੰਨ੍ਹਣ ਯਾ ਪਕਾਉਣ ਦੀਆਂ ਸਬਜ਼ੀਆਂ ਭਾਜੀਆਂ, ਸਾਗ ਪਾਤ।

Pot-hook, *n.* ਪੌਟਹੁਕ—ਕੁੰਡਾ ਜਿਸ ਨਾਲ ਦੇਗਚੀ ਅੱਗ ਪੁਰ ਰੱਖਦੇ ਹਨ।

Pot-house, *n.* ਪੌਟਹੌਸ—ਸ਼ਰਾਬਖ਼ਾਨਾ।

Potion, *n.* ਪੋਸ਼ਨ—ਅਰਕ, ਦੁਆ, ਸ਼ਰਬਤ, ਪਿਲਾਉਣ ਦੀ ਚੀਜ਼।

Potlid, *n.* ਪੌਟਲਿਡ—ਚੱਪਣੀ, ਸਰਪੋਸ਼, ਢੱਕਨ, ਥਾਲੀ।

Pot-luck, *n.* ਪੌਟਲਕ—ਦਾਲਦਲਯਾ, ਸੁੱਕਾ ਮਿੱਸਾ ਜੋ ਕੁਝ ਤਿਆਰ ਹੋਵੇ।

Pot-man, *n.* ਪੌਟਮੈਨ—ਹਾਂਡੀ ਵਾਲਾ, ਸ਼ਰਾਬ ਖਾਨ ਵਾਲਾ।

Pottage, *n.* ਪੌਟੇਜ—ਨਾਲਵਾ, ਸਾਲਨ, ਭਾਜੀ, ਲਾਵਨ, ਹਾਂਡੀ।

Potter, *n.* ਪੌਟਰ—ਘੁਮਿਆਰ, ਕੁਮਹਾਰ, ਮਿੱਟੀ ਦੇ ਭਾਂਡੇ ਬਨਾਉਣ ਵਾਲਾ।

Pottery, *n.* ਪੌਟਰੀ—ਮਿੱਟੀ ਦੇ ਭਾਂਡੇ, ਕੁਮਹਾਰ ਦਾ ਕੰਮ, ਜ਼ਰੂਫ਼ੇ ਗਿਲੀ।

Potting, *n.* ਪੌਟਿੰਗ—ਸ਼ਰਾਬਖ਼ੋਰੀ, ਮਦਪਾਨ; ਭਾਂਡੇ ਵਿੱਚ ਰੱਖਣਾ; ਟਪਕਨ ਲਈ ਖੰਡ ਨੂੰ ਪੀਪੇ ਵਿੱਚ ਰੱਖਣਾ।

Pottle, *n.* ਪੌਟਲ—ਦੋ ਸੇਰ ਦੇ ਲਗ ਭਗ ਦਾ ਨਾਪ; ਟੋਕਰੀ, ਡਲ, ਚੰਗੇਰ।

Potulent, *a.* ਪੌਟੁਲੰਟ—ਮਤਵਾਲਾ, ਮਸਤ, ਮੱਧਮਾਤਾ, ਸਰਕਸ਼ ।

Pouch, *n.* ਪੌਚ—ਥੈਲਾ, ਕੋਸ਼, ਪੇਟੀ, ਝੋਲਾ, ਖੀਸਾ, ਪੋਟਲੀ; ਵੱਡਾ ਢਿੱਡ, ਗੋਗੜ, ਤੋਂਦ, ਓਜ਼ਰ; ਡੋਡਾ; ਤੋਸ਼ਦਾਨ; *v. t.* ਕੋਸ਼ ਯਾ ਥੈਲੇ ਵਿੱਚ ਰੱਖਣਾ; ਡਕਾਰ ਜਾਣਾ, ਹਜ਼ਮ ਕ०, ਕੱਲੇ ਵਿੱਚ ਰੱਖਣਾ ।

Poult, *n.* ਪੌਲਟ—ਕੁਕੜੀ ਦਾ ਬੱਚਾ, ਚੂਜ਼ਾ ।

Poultice, *n.* ਪੌਲਟਿਸ—ਲੇਟੀ, ਪੁਲਟਸ, ਲੁੱਪਰੀ, ਭੁਰਤਾ ।

Poultry, *n.* ਪੌਲਟਰੀ—ਘਰ ਦਾ ਪਾਲਿਆ ਹੋਇਆ ਪੰਛੀ ਜੇਹਾ ਕੁਕੜੀ ਆਦਿ ।

Pounce, *n.* ਪੌਂਸ—ਪੰਜਾ, ਚੰਗੁਲ, ਨਹੁੰ; ਸ਼ਾਹੀ ਸੁਕਾਣ ਲਈ ਰੇਤ; ਖਾਕਾ ਖਿੱਚਣ ਲਈ ਪੀਠਿਆ ਹੋਇਆ ਕੋਲਾ; *v. t.* ਛੇਕ ਯਾ ਸੂਰਾਖ ਕ० ਛੇਦਨਾ; *v. i.* ਪੰਜਾ ਮਾਰਨਾ ।

Pound, *n.* ਪੌਂਡ—ਅੱਧ ਸੇਰ; ਪੰਦਰਾਂ ਰੁਪੈ ਮੁਲ ਦਾ ਸਵਰਣ ਮੁਦਰਾ; ਅਠਮਾਸ਼ੀ; ਓਹ ਅਹਾਤਾ ਜਿਸ ਵਿੱਚ ਫਿਰਦੇ ਤੁਰਦ ਪਸ਼ੂ ਫੜਕੇ ਪਾ ਦਿੱਤੇ ਜਾਂਦੇ ਹਨ, ਕਾਂਜੀ ਹੌਦ; *v. t.* ਕੁਚਲਨਾ, ਕੁਟਨਾ, ਚੂਰ ਚੂਰ ਕ०; ਅਹਾਤੇ ਵਿੱਚ ਬੰਦ ਕ०, ਘੇਰ ਰੱਖਣਾ, ਕੈਦ ਕ० ।

Poundage, *n.* ਪੌਂਡੇਜ—ਦੇਸ਼ ਵਿੱਚ ਆਉਣ ਵਾਲੇ ਯਾ ਦੇਸ਼ ਥੀਂ ਬਾਹਰ ਜਾਣ ਵਾਲੇ ਮਾਲ ਪੁਰ ਮਹਸੂਲ ।

Pounder, *n.* ਪੌਂਡਰ—ਕੁੱਟਨ ਵਾਲਾ; ਮੁੰਗਲੀ, ਮੂਸਲ; ਨਾਸ਼ਪਾਤੀ, ਨਾਖ ।

Pour, *v. t.* ਪੌਰ—ਧਾਰ ਬੰਨ੍ਹ ਕੇ ਪਾਉਣਾ, ਬਹਾਉਣਾ, ਡਾਲਨਾ, ਡੋਲ੍ਹਣਾ; ਉੱਚਾਰਣ ਕ०, ਮੂੰਹ ਥੀਂ ਕੱਢਣਾ, ਪਰਗਟ ਕ०; *v. i.* ਵਗਣਾ, ਨਿਕਲ ਪੈਣਾ, ਫੁੱਟ ਪੈਣਾ; ਮੂਸਲਾਧਾਰ ਵੱਸਣਾ; ਝੱਟਪੱਟ ਵਗ ਪੈਣਾ ।

Pout, *n.* ਪੌਟ—ਉਦਾਸੀ; ਇੱਕ ਪਰਕਾਰ ਦੀ ਚਿੜੀ ਯਾ ਮੱਛੀ; *v. i.* ਉਦਾਸ ਦੇਖ ਪੈਣਾ, ਮੂੰਹ ਸੁਜਾਉਣਾ, ਹੋਠ ਲਟਕਾਉਣਾ ।

Poverty, *n.* ਪੌਵਰਟੀ—ਗਰੀਬੀ, ਕੰਗਾਲਤਾ, ਨਿਰਧਨਤਾ; ਲੋੜ, ਜ਼ਰੂਰਤ, ਕਮੀ ।

Powder, *n.* ਪੌਡਰ—ਬੂਰਾ, ਚੂਰਣ, ਪੀਸਨ, ਦਾਰੂ, ਬੁਰਾਦਾ; *v. t.* ਪੀਹਣਾ, ਚੂਰਾ ਕ०; ਲੂਣ ਰਲਾਉਣਾ ਯਾ ਮਿਲਾਉਣਾ ।

Powdery, *a.* ਪੌਡਰੀ—ਧੂਲ ਜੇਹਾ, ਪੀਠਿਆ ਹੋਇਆ ।

Powdike, *n.* ਪੌਡਾਇਕ—ਦਲਦਲ ਦਾ ਬੰਦ, ਬੰਨ੍ਹ ਯਾ ਪੁਸ਼ਤਾ ।

Power, *n.* ਪੌਵਰ—ਯੋਗਤਾ, ਸਮਰਥਾ, ਬਲ, ਸ਼ਕਤਿ, ਪ੍ਰਾਕ੍ਰਮ, ਗੁਣ, ਅਧਿਕਾਰ, ਅਧਿਪਤੀ, ਵਿਭੂਤੀ; ਸੈਨਾ, ਯੁਧ ਨਾਓ ਸਮੂਹ, ਤਾਕਤ ।

Powerful, *a.* ਪੌਵਰਫ਼ੁਲ—ਤੇਜ ਵਾਲਾ, ਬਲੀ, ਸ਼ਕਤੀਮਾਨ, ਬਲਵਾਨ, ਪਰਬਲ, ਤਾਕਤਵਰ, ਜ਼ੋਰਾਵਰ, ਤੇਜਵਾਨ, ਸਾਮਰਥ, ਮਜ਼ਬੂਤ ।

Powerfully, *adv.* ਪੌਵਰਫ਼ੁੱਲੀ—ਬਲ, ਤਾਕਤ ਯਾ ਜ਼ੋਰ ਨਾਲ ।

Powerless, *a.* ਪੌਵਰਲੈਸ—ਨਿਰਬਲ, ਬਲਹੀਨ, ਬੇਬਸ, ਦੁਰਬਲ, ਨਾਮਰਦ, ਕਮਜ਼ੋਰ ।

Powldron, *n.* ਪੌਲਡਰਨ—ਮੋਢਿਆਂ ਦਾ ਕਵਚ।

Pox, *n.* ਪੌਕਸ—ਗਰਮੀ, ਆਤਸ਼ਕ ।

Poy, *n.* ਪੋਈ—ਨਟ ਯਾ ਬਾਜ਼ੀਗਰ ਦਾ ਬਾਂਸ ।

Practicable, *a.* ਪਰੈਕਟੀਕੇਬਲ—ਹੋਣਹਾਰ, ਜੋ ਹੋ ਸੱਕੇ, ਸਾਧਜ, ਮੁਮਕਿਨ, ਸੁਦਨੀ; *n.* Practicability, Practicableness.

Practical, *a.* ਪਰੈਕਟੀਕਲ—ਅਭਿਆਸੀ, ਅਭਜਾਸਕ, ਵਿਵਹਾਰ ਵਿਸ਼ਜਕ, ਅਮਲੀ, ਕੰਮ ਦਾ, ਮੁਫ਼ੀਦ ।

Practically, *adv.* ਪਰੈਕਟੀਕਲੀ—ਯਥਾਰਥ ਰੂਪ ਨਾਲ, ਠੀਕ ਠੀਕ, ਸੱਚ ਸੱਚ ।

Practice, *n.* ਪਰੈਕਟਿਸ—ਚਸਕਾ, ਆਦਤ, ਦਸਤੂਰ, ਰਵੱਯਾ, ਅਭਜਾਸ, ਆਚਰਣ, ਰੀਤੀ, ਫਲ, ਚਰਿਤ੍ਰਥਾ; ਮਸ਼ਕ, ਵਰਤਾਓ, ਅਮਲ ।

Practise, *v. t.* ਪਰੈਕਟਿਸ—ਸਾਧਨਾ, ਮਸ਼ਕ ਯਾ ਅਭਿਆਸ ਕ०; ਛਲ ਯਾ ਕਪਟ ਕ० ।

Practitioner, *n.* ਪਰੈਕਟੀਸ਼ਨਰ—ਵਜਾਪਾਰੀ, ਅਭਜਾਸੀ, ਸੇਵੀ; ਚਰਿਤ੍ਰਮਕ, ਤਬੀਬ।

Pragmatic, Pragmatical, *a.* ਪਰੈਗਮੈਟਿਕ, ਪਰੈਗਮੈਟੀਕਲ—ਹੱਥ ਪਾਉਣ ਵਾਲਾ, ਦਖ਼ਲ ਦੇਣ ਵਾਲਾ, ਪੈਰ ਅੜਾਉਣ ਵਾਲਾ ।

Praise, *n.* ਪਰੇਜ਼—ਉਸਤਤੀ, ਪਰਸ਼ੰਸਾ, ਕੀਰਤਨ, ਸਤੋਤਰ, ਤਾਰੀਫ਼, ਵਡਿਆਈ, ਨਾਮਵਰੀ, ਸ਼ੋਹਰਤ; *v. t.* ਪਰਸ਼ੰਸਾ ਕ०, ਸਲਾਹੁਣਾ, ਉਸਤਤੀ, ਵਡਿਆਈ ਯਾ ਤਾਰੀਫ਼ ਕ० ।

Praiseworthy, *a.* ਪਰੇਜ਼ਵਰਦੀ—ਉਸਤਤੀ ਯੋਗ, ਵਡਿਆਈ ਦੇ ਲਾਇਕ ।

Pram, Prame, *n.* ਪਰਾਮ–ਨਾਓ, ਬੇੜੀ ।

Prance, *v. i.* ਪਰਾਂਸ—ਕੁਦਨਾ, ਫਾਂਦਨਾ, ਉਛਲਨਾ; ਕਲੋਲ ਕ०; ਘੋੜਾ ਕੁਦਕਾਉਣਾ; ਆਕੜਕੇ ਯਾ ਬਨਾਵਟ ਨਾਲ ਚਲਨਾ ।

Prank, *v. t.* ਪਰੈਂਕ—ਸੰਵਾਰਨਾ, ਅਲੰਕਾਰ ਕ०, ਸ਼ੋਭਾ ਕ०, ਭੂਸ਼ਤ ਕ०, ਉੱਤਮ ਬਸਤਰ ਯਾ ਕੱਪੜੇ ਪਹਨਾਉਣਾ, ਬਨਾਓ ਬਨਾਓ ਕ०; *a.* ਵਿਲਾਸੀ, ਚੰਚਲ; *n.* ਕੁਦ ਫਾਂਦ, ਖੇਡ, ਕਲੋਲ; ਸ਼ੋਖੀ, ਸ਼ਰਾਰਤ, ਦੰਗਾ ।

Prate, Prattle, *v. t.* ਪਰੇਟ, ਪਰੈਟਲ—ਬਕਨਾ, ਬਕਬਕ ਕ०, ਗੱਪ ਮਾਰਾਨਾ; *n.* ਬਕ ਬਕ, ਝਕ, ਗੱਪ ਸ਼ੱਪ, ਬਕਵਾਸ, ਯਾਵਾਗੋਈ ।

Pravity, *n.* ਪਰੈਵਿਟੀ–ਭਰਸ਼ਟਤਾ, ਦੁਸ਼ਟਤਾ ।

Prawn, *n.* ਪਰੌਨ–ਝੀਂਗਾ ਮਛੀ ।

Praxis, *n.* ਪਰਾਕਸਿਸ–ਵਿਧਾਨ, ਆਚਰਣ, ਵਿਵਹਾਰ, ਅੱਭਿਆਸ, ਵਰਤਾਓ, ਇਸਤੇਮਾਲ ।

Pray, *v. t.* ਪਰੇ–ਯਾਚਨਾ ਕ०, ਬੇਨਤੀ ਕ०, ਪਾਰਥਨਾ ਕ०; ਮੰਗਨਾ, ਮਿੰਨਤ ਕ०, ਚਾਹੁਨਾ, ਉਮੇਤਤੀ ਕ०, ਦਰਖ਼ਾਸਤ ਕ० ।

Prayer, *n.* ਪਰੇਯਰ–ਭਜਨ, ਪਰਾਰਥਨਾ, ਯਾਚਨਾ, ਬੇਨਤੀ, ਦੁਆ, ਨਮਾਜ਼ ।

Preach, *v. t.* ਪਰੀਚ—ਸਿਖਲਾਉਣਾ, ਸਮਝਾਉਣਾ, ਧਰਮ ਉਪਦੇਸ਼ ਦੇਨਾ, ਪਰਗਟ ਕ०, ਸਿੱਖਯਾ ਦੇਨੀ, ਨੇਕ ਸਲਾਹ ਦੇਨਾ ।

Preacher, *n.* ਪਰੀਚਰ–ਧਰਮ ਉਪਦੇਸ਼ਕ, ਸਮਝਾਉਨ ਵਾਲਾ, ਸਿੱਖਯਕ, ਨਾਸੇਹ ।

Preaching, *n.* ਪਰੀਚਿੰਗ—ਕਥਾ ਵਾਰਤਾ, ਧਰਮ ਉਪਦੇਸ਼ ਵਾਰ, ਵਾਜ਼ ।

Preacquaintence, *n* ਪਰੀਅਕ੍ਵੇਨਟੈਂਸ–ਪੂਰਵ ਗਿਆਨ, ਪਹਲੇ ਦਾ ਇਲਮ ।

Pre-admonish, *v. t.* ਪਰੀਐਡਮਾਨਿਸ਼—ਪਹਿਲੇ ਥੀਂ ਸਮਝਾਉਨਾ ।

Pre-amble, *n.* ਪਰੀਐਮਬਲ–ਪਰਸਤਾਵਨਾ, ਪਰਿਭਾਸ਼ਾ, ਵਾਕਜ ਆਰੰਭ, ਉਨਵਾਨ; *v. t.* ਪਰਸਤਾਵਨਾ ਕ०, ਪਰਿਭਾਸ਼ਾ ਲਿਖਨਾ ।

Pre-audience, *n.* ਪਰੀਔਡੀਐਂਸ–ਦੂਜੇ ਥੀਂ ਅੱਗੇ ਸੁਨੇ ਜਾਨ ਦਾ ਅਧਿਕਾਰ ।

recarious, *a.* ਪਰੀਕਾਰੀਅਸ–ਦੂਜੇ ਦੇ ਅਧੀਨ, ਪਰਾਧੀਨ, ਦੂਜੇ ਦੀ ਮਰਜ਼ੀ ਪੁਰ ।

Precative, Precatory, *a.* ਪਰੀਕੇਟਿਵ, ਪਰੀਕੇਟੋਰੀ—ਪਰਾਰਥਕ, ਯਾਚਕ, ਮੁਲਤਮਿਸ, ਬੇਨਤੀ ਕਰਨ ਵਾਲਾ, ਨਿਆਜ਼ਮੰਦ ।

Precaution, *n.* ਪਰੀਕੌਸ਼ਨ–ਪੂਰਵ ਉਪਾਯ, ਪੇਸ਼ਬੰਦੀ; *v. t.* ਪੈਹਲੇ ਥੀਂ ਉਪਾਯ ਕ०, ਜਤਾਉਣਾ, ਚਿਤਾਉਣਾ, ਸੁਚੇਤ ਕ० ।

Precautionary, *a.* ਪਰੀਕੌਸ਼ਨਰੀ—ਪੈਹਲੇ ਥੀਂ ਸੋਚਿਆ ਹੋਇਆ, ਪੇਸ਼ਬੰਦੀ ਦਾ ।

Precedaneous, *a.* ਪਰੀਸੀਡੇਨੀਅਸ–ਪੂਰਵ, ਅੱਗਰ, ਅਗਲਾ ।

Precede, *v. i.* ਪਰੀਸੀਡ–ਅਗਰਗਾਮੀ ਹੋਨਾ, ਸਮਯ ਥੀਂ ਪਹਲਾਂ ਹੋਨਾ, ਅੱਗੇ ਚਲਨਾ ।

Precedence, Precedency, *n.* ਪਰੀਸੀਡੈਂਸ, ਪਰੀਸੀਡੈਨਸੀ—ਅੱਗੇ ਗਮਨ, ਪੂਰਵ ਗਤੀ, ਸਬਕਤ, ਬਜ਼ੁਰਗੀ, ਪੇਸ਼ਰਵੀ ।

Precedent, *a.* ਪਰੀਸੀਡੈਂਟ–ਅੱਗੇ ਜਾਨ ਵਾਲਾ, ਪਹਲਾ, ਅਗਲਾ ਪੇਸ਼ੀਨ; *n.* ਪੂਰਵ ਦਰਿਸ਼ਟਾਂਤ, ਮਿਸਾਲ; ਦਸਤੂਰ, ਨਜ਼ੀਰ ।

Precedented, *a.* ਪਰੀਸੀਡੈਂਟਿਡ– ਹਸਬ ਦਸਤੂਰ, ਨੇਮ ਅਨੁਕੂਲ, ਰਿਵਾਜੀ ।

Precedential, *a.* ਪਰੀਸੀਡੈਨਸ਼ਲ–ਰਿਵਾਜੀ, ਨੇਮੀ, ਦਸਤੂਰ ਦਾ, ਨਜ਼ੀਰੀ ।

Preceding, *a.* ਪਰੀਸੀਡਿੰਗ—ਪਹਲਾ, ਉੱਪਰਲਾ, ਗੁਜ਼ਸ਼ਤਾ ।

Precentor, *n.* ਪਰੀਸੈਨਟਰ–ਪੈਹਲਾ ਗਵੈਯਾ ।

Precept, *n.* ਪਰੀਸੈਪਟ—ਆਗਯਾ, ਆਦੇਸ਼, ਉਪਦੇਸ਼ ਵਿਧੀ; ਹੁਕਮ, ਫ਼ਰਮਾਨ ।

Preceptive, Preceptory, *a.* ਪਰੀਸੈਪਟਿਵ, ਪਰੀਸੈਪਟੋਰੀ—ਸਿਖਸ਼ਕ, ਉਪਦੇਸ਼ਕ ।

Preceptor, *n.* ਪਰੀਸੈਪਟਰ—ਅਧਯਾਪਕ, ਉਪਦੇਸ਼ਕ, ਗੁਰੂ, ਉਸਤਾਦ, ਪੰਡਿਤ ।

Preceptress, *n.* ਪਰੀਸੈਪਟਰੈਸ–ਗੁਰਯਾਨੀ, ਉਸਤਾਦਨੀ, ਪੰਡਤਾਨੀ ।

Precession, *n.* ਪਰੀਸੈਸ਼ਨ—ਅੱਗਰ ਗਤੀ, ਪੇਸ਼ਰਵੀ, ਸਬਕਤ, ਪੇਸ਼ਦਸਤੀ ।

Precinct, *n.* ਪਰੀਸਿੰਕਟ–ਸੀਮਾ, ਹੱਦ, ਅਵਧਿ, ਇਲਾਕਾ, ਜ਼ਿਲਾ, ਅਹਾਤਾ ।

Precious, *a.* ਪਰੈਸ਼ਸ—ਮੈਂਹਗਾ, ਬਹੁਮੁੱਲਾ, ਅਮੁਲਜ; ਪਿਆਰਾ, ਚੰਗਾ, ਕੀਮਤੀ, ਗਿਰਾਂ, ਅਮੋਲ, ਚੰਗਾ, ਅੱਛਾ, ਅਜ਼ੀਜ਼ ।

Precipice, *n.* ਪਰੀਸੀਪਿਸ—ਢਲਵਾਨ ਧਰਤੀ; ਪਰਤੀਪਕਸ਼ੀ (ਮੁੱਦਾਅਲੈਹ) ਦੇ ਨਾਉਂ ਹੁਕਮਨਾਮਾ (ਆਗਜ਼ਾ ਪੱਤਰ)।

Precipitate, *v. i.* ਪਰੀਸੀਪੀਟੇਟ—ਸਿਰ ਦੇ ਭਾਰ ਡਿੱਗਣਾ; ਖ਼ਿਤਾਬੀ ਕ०, ਹੁੱਲੜ ਮਚਾਉਣਾ; ਹੇਠਾਂ ਬੈਠਣਾ, ਠੈਹਰਣਾ; *a.* ਢਲਵਾਨ; ਸਿਰ ਦੇ ਬਲ; ਹੜਬੜੀਆ, ਜਲਦਬਾਜ਼; ਤੇਜ਼, ਤੁੰਦ, ਮਸ਼ਤ; *n.* ਤਲਛਟ, ਗਾਦ।

Precipitately, *adv.* ਪਰੀਸੀਪੀਟੇਟਲੀ—ਬਿਨਾ ਸੋਚੇ ਸਮਝੇ, ਝੱਟਪੱਟ, ਅੰਧਾ ਧੁੰਦ, ਬਹੁਤ ਕਾਹਲੀ ਨਾਲ, ਜਲਦ।

Precipitation, *n.* ਪਰੀਸੀਪੀਟੇਸ਼ਨ—ਤੇਜ਼ੀ, ਤੁੰਦੀ, ਜ਼ੋਰ ਦਾ ਬਹਾਓ; ਤਲਛਟ, ਟੈਹਰਾਓ।

Precipitator, *n.* ਪਰੀਸੀਪੀਟੇਟਰ—ਜਲਦਬਾਜ਼, ਕਾਹਲੀ ਕਰਨ ਵਾਲਾ, ਉਤਾਵਲਾ।

Precipitence, Precipitency, *n.* ਪਰੀਸੀਪੀਟੈਂਸ, ਪਰੀਸੀਪੀਟੈਨਸੀ—ਬਹੁਤ ਜਲਦੀ, ਅਤੀ ਸ਼ੀਘਰਤਾ।

Precipitent, *a.* ਪਰੀਸੀਪੀਟੈਂਟ—ਉਤਾਵਲਾ, ਜਲਦਬਾਜ਼; ਸਿਰ ਦੇ ਬਲ ਡਿੱਗਣ ਵਾਲਾ।

Precipitous, *a.* ਪਰੀਸੀਪੀਟਸ—ਖੜਾ, ਢਲਵਾਨ; ਜਲਦਬਾਜ਼; *n.* Precipitousness.

Precise, *a.* ਪਰੀਸਿਸ—ਠੀਕ, ਸੂਖਸ਼ਮ, ਉੱਤਮ, ਚੰਗਾ, ਪੂਰਾ, ਚੌਕਸ, ਨਿਯਤ।

Precisely, *adv.* ਪਰੀਸਿਸਲੀ—ਠੀਕ ਠੀਕ, ਹੂਬਹੂ, ਮਿਨਵਾਇਣ।

Preciseness, Precision, *n.* ਪਰੀਸਿਸਨੈਸ, ਪਰੀਸੀਜ਼ਨ—ਆਰੋਗਤਾ, ਸੇਹਤ; ਸ਼ੁੱਧਤਾ, ਦਰੁਸਤੀ, ਜੁਸਤੀ, ਬਾਕਾਇਦਗੀ।

Preclude, *v. t.* ਪਰੀਕਲੂਡ—ਨਿਵਾਰਣ ਕ०, ਰੋਕਣਾ, ਮਨਾ ਕ०, ਵਰਜਣਾ, ਖ਼ਾਰਿਜ ਕ०।

Preclusion, *n.* ਪਰੀਕਲੂਜ਼ਨ—ਰੁਕਾਵਟ, ਰੋਕ, ਨਿਸ਼ੇਧ, ਨਿਵਾਰਣ, ਮੁਮਾਨਿਅਤ।

Preclusive, *a.* ਪਰੀਕਲੂਜ਼ਿਵ—ਰੋਕਣ ਵਾਲਾ, ਨਿਸ਼ੇਧਕ, ਹਾਰਿਜ, ਮੁਜ਼ਾਹਿਮ।

Precocious, *a.* ਪਰੀਕੋਸ਼ਸ—ਠੀਕ ਵੇਲੇ ਥੀਂ ਪਹਲੇ, ਅਕਾਲਿਕ, ਬੇ ਬਹਾਰਾ, ਬੇਮੌਸਮੀ।

Precociousness, Precocity, *n.* ਪਰੀਕੋਸ਼ਸਨੈਸ, ਪਰੀਕੌਸਿਟੀ—ਨਿਯਤ ਸਮਯ ਥੀਂ ਪੈਹਲੇ ਉਤਪੱਤੀ ਤੇ ਪਕਿਆਈ।

Precogitation, *n.* ਪਰੀਕੋਜੀਟੇਸ਼ਨ—ਪੈਹਲੇ ਥੀਂ ਧਿਆਨ, ਚਿੰਤਾ ਯਾ ਗ਼ੌਰ।

Precognition, *n.* ਪਰੀਕੋਗਨੀਸ਼ਨ—ਪਹਲੇ ਥੀਂ ਬੋਧ ਯਾ ਗਜ਼ਾਨ ਪੂਰਵ ਪਰੀਖਿਆ।

Precompose, *v. t.* ਪਰੀਕਮਪੋਜ਼—ਪੈਹਲੇ ਥੀਂ ਰਚਨਾ ਕ०।

Preconcert, *v. t.* ਪਰੀਕੰਸਰਟ—ਪਹਿਲੇ ਥੀਂ ਠਹਰਾਨਾ, ਮੰਸੂਬਾ ਬੰਨ੍ਹਣਾ।

Preconceit, Preconception, *n.* ਪਰੀਕੰਸੀਟ, ਪਰੀਕੰਸੈਪਸ਼ਨ—ਪਹਲੇ ਥੀਂ ਕੀਤਾ ਹੋਇਆ ਬੋਧ; ਪਹਲੇ ਥੀਂ ਠਾਨੀ ਹੋਈ ਰਾਯ।

Preconcieve, *v. t.* ਪਰੀਕਨਸੀਵ—ਪੈਹਲੇ ਥੀਂ ਸੋਚਣਾ, ਬੁੱਝਣਾ ਯਾ ਜਾਣਨਾ।

Preconization, *n.* ਪਰੀਕੋਨੀਜ਼ੇਸ਼ਨ—ਡੌਂਡੀ, ਢੰਡੋਰਾ, ਹੋਕਾ।

Precontract, *v. t.* ਪਰੀਕੋਂਟਰੈਕਟ—ਪੈਹਲੇ ਥੀਂ ਠੇਕਾ ਕ०; *n.* ਪਹਲੇ ਥੀਂ ਠੇਕਾ।

Precurse, *n.* ਪਰੀਕਰਸ—ਅੱਗੇ ਦੌੜ, ਪੂਰਵ ਗਮਨ।

Predaceous, *a.* ਪਰੀਡੇਸ਼ਸ—ਸ਼ਿਕਾਰ ਪੁਰ ਗੁਜ਼ਾਰਾ ਯਾ ਨਿਰਬਾਹ ਕਰਨ ਵਾਲਾ।

Predatory, *a.* ਪਰੀਡੇਟੋਰੀ—ਭੁੱਖਾ, ਖੋਹਣ ਵਾਲਾ; ਲੁੱਟਣ ਦਾ; ਲੁਟੇਰਾ।

Predecease, *v. t.* ਪਰੀਡੀਸੀਸ—ਪੈਹਲਾਂ ਮਰ ਜਾਣਾ, ਅੱਗੇ ਮਰਨਾ।

Predecessor, *n.* ਪਰੀਡੀਸੈਸਰ—ਅਗਲਾ, ਪਹਲਾ ਅਧਿਕਾਰੀ, ਮੁਕੱਦਿਮ, ਪੁਰਖਾ।

Predelineation, *n.* ਪਰੀਡੀਲੀਨੀਏਸ਼ਨ—ਪੂਰਵ ਚਿੱਤਰ।

Predestinarian, *n.* ਪਰੀਡੈਸਟੀਨੇਰੀਅਨ—ਪਰਾਰਬਧ ਯਾ ਕਿਸਮਤ ਨੂੰ ਮੰਨਣ ਵਾਲਾ; *a.* ਕਿਸਮਤ ਦਾ, ਪਰਾਰਬਧ ਸੰਬੰਧੀ।

Predestinate, *v. t.* ਪਰੀਡੈਸਟੀਨੇਟ—ਪੈਹਲੇ ਥੀਂ ਨਿਰੂਪਣ ਕ०, ਠਹਰਾਉਣਾ; *a.* ਪੈਹਲੇ ਥੀਂ ਠੈਹਰਾਇਆ ਹੋਇਆ; ਪਰਾਰਬਧ ਯਾ ਨਸੀਬਾਂ ਦਾ ਦੱਧਾ ਯਾ ਲਿਖਿਆ ਹੋਇਆ।

Predestination, *n.* ਪਰੀਡੈਸਟੀਨੇਸ਼ਨ—ਪਰਾਰਬਧ, ਭਾਗ, ਨਸੀਬ, ਕਿਸਮਤ, ਤਕਦੀਰ, ਕਰਮ ਲੇਖ।

Predestinator, *n.* ਪਰੀਡੈਸਟੀਨੇਟਰ—ਪਰਾਰਬਧ ਨੂੰ ਮੰਨਣ ਵਾਲਾ ਯਾ ਲਿਖਣ ਵਾਲਾ।

Predestine, *v. t.* ਪਰੀਡੈਸਟਿਨ–ਪਹਲੇ ਥੀਂ ਨਿਰੂਪਣ ਯਾ ਮੁਕੱਰਰ ਕ੦, ਠਹਰਾਉਨਾ।

Predeterminate, *a.* ਪਰੀਡੀਟਰਮੀਨੇਟ—ਪਹਲੇ ਥੀਂ ਠਾਣਿਆ ਯਾ ਨੀਯਤ ਕੀਤਾ ਹੋਯਾ।

Predetermination, *n.* ਪਰੀਡੀਟਰਮੀਨੇਸ਼ਨ—ਪੂਰਵ ਸੰਕਲਪ, ਪੇਸ਼ਬੰਦੀ, ਕਰਮ ਲੇਖ।

Predetermine, *v. t.* ਪਰੀਡੀਟਰਮਿਨ—ਪਹਲੇ ਮੁਕੱਰਰ ਯਾ ਨਿਯਤ ਕ੦, ਠੈਹਰਾਉਨਾ।

Predial, *a.* ਪਰੀਡੀਅਲ–ਚਕ ਦਾ, ਖੇਤ ਦਾ: ਧਰਤੀ ਯਾ ਭੂਮੀ ਸੰਬੰਧੀ, ਜ਼ਮੀਨੀ।

Predicability, *n.* ਪਰੈਡੀਕੇਬੀਲਿਟੀ–ਦੂਜੀ ਚੀਜ਼ ਦੇ ਕਥਨ ਥੀਂ ਸਮਝਾਉਨਾ।

Predicable, *a.* ਪਰੈਡੀਕੇਬਲ—ਦੂਜੀ ਚੀਜ਼ ਦੁਆਰਾ ਕਹਨ ਜੋਗ।

Predicament, *n.* ਪਰੈਡੀਕੇਮੈਂਟ–ਅਵਸਥਾ, ਗਤੀ, ਸਥਿਤੀ, ਦਸ਼ਾ, ਵਰਗ, ਹਾਲਤ, ਹਾਲ।

Predicant, *n.* ਪਰੈਡੀਕੈਂਟ—ਵਕਤਾ, ਕੈਹਨ ਵਾਲਾ, ਆਖਣ ਵਾਲਾ, ਇਕਰਾਰ ਕਰਨ ਵਾਲਾ।

Predication, *n.* ਪਰੈਡੀਕੇਸ਼ਨ–ਕਥਨ, ਦਰਿੜ ਬਚਨ, ਇਕਰਾਰ, ਪਰਕਾਸ਼ਨ, ਇਜ਼ਹਾਰ।

Predicatory, *n.* ਪਰੈਡੀਕੇਟੋਰੀ—ਦਰਿੜਤਾ ਨਾਲ ਕਹਨ ਵਾਲਾ, ਨਿਸ਼ਚਿਤ, ਪੱਕਾ।

Predict, *v. t.* ਪਰੀਡਿਕਟ–ਅਗੇਮ ਕੈਹਨਾ, ਪਹਲੇ ਥੀਂ ਕੈਹਨਾ, ਪੇਸ਼ੀਨਗੋਈ ਕ੦।

Prediction, *n.* ਪਰੀਡਿਕਸ਼ਨ–ਅਗੇਮ ਬਾਨੀ, ਪੇਸ਼ੀਨਗੋਈ, ਫ਼ਾਲਗੋਈ।

Predictive, *a.* ਪਰੀਡਿਕਟਿਵ—ਪਹਲੇ ਥੀਂ ਕਹਨ ਵਾਲਾ, ਭਾਵੀ ਪਰਦਰਸ਼ਕ।

Predilect, *v. t.* ਪਰੀਡੀਲੈਕਟ–ਪਹਲੇ ਥੀਂ ਚਾਹੁਨਾ, ਪਸੰਦ ਕ੦; *n.* Predilection.

Predispose, *v. t.* ਪਰੀਡਿਸਪੋਜ਼–ਮਨ ਖਿੱਚ ਲੈਨਾ, ਮਾਇਲ ਕ੦: *n.* Predisposition.

Predominance, Predominancy, Predomination, *n.* ਪਰੀਡੋਮੀਨੈਂਸ, ਪਰੀਡੋਮੀਨੈਂਸੀ, ਪਰੀਡੋਮੀਨੇਸ਼ਨ—ਅਧਿਕ ਯਾ ਬਹੁਤ ਪਰਭਾਵ, ਪਰਭੁਤਾ, ਪਰਬਲਤਾ, ਤਾਕਤ, ਗ਼ਲਬਾ, ਜ਼ੋਰ, ਸਬਕਤ, ਬਰਤਰੀ।

Predominant, *a.* ਪਰੀਡੋਮੀਨੈਂਟ–ਪਰਬਲ, ਪਰਧਾਨ, ਜ਼ੋਰਾਵਰ, ਗ਼ਾਲਿਬ।

Predominate, *v. t.* ਪਰੀਡੋਮੀਨੇਟ–ਪਰਬਲ ਹੋਨਾ, ਪਰਧਾਨ ਹੋਨਾ, ਗ਼ਾਲਿਬ ਹੋਨਾ।

Pre-elect, *v. t.* ਪਰੀਇਲੈਕਟ–ਪੈਹਲੇ ਛਾਂਟ ਲੈਨਾ ਯਾ ਚੁਨ ਲੈਨਾ।

Pre-election, *n.* ਪਰੀਇਲਕਸ਼ਨ–ਪੈਹਲੇ ਦਾ ਚਨਾਵ ਯਾ ਚੁਨਾਵ।

Pre-eminent, *a.* ਪਰੀਐਮੀਨੈਂਟ–ਸਰੇਸ਼ਟ, ਪਰਧਾਨ, ਮੁਖੀਆ, ਸਭ ਥੀਂ ਚੰਗਾ, ਬਜ਼ੁਰਗ, ਫ਼ਾਜ਼ਿਲ, ਮੁਮਤਾਜ਼; *n.* Pre-eminence.

Pre-emption, *n.* ਪਰੀਐਮਪਸ਼ਨ—ਪਰੈਮਸ਼, ਹੱਕ ਹਮਸਾਯਾ, ਹਕਸ਼ੁਫ਼ਾ।

Preen, *v. t.* ਪਰੀਨ–ਨਿਰਮਲ ਕ੦, ਸਾਫ਼ ਕ੦; ਪਰਾਂ ਨੂੰ ਸੰਵਾਰਨਾ; *n.* ਕੱਪੜਾ ਸਾਫ਼ ਕਰਨ ਦੀ ਕਲ।

Pre-engage, *v. t.* ਪਰੀਐਨਗੇਗ–ਅੱਗੇ ਥੀਂ ਲਗਾਉਨਾ, ਪਹਲੇ ਥੀਂ ਪਰਤਿੱਗਯਾ ਕ੦, ਪਹਲੇ ਥੀਂ ਨਿਯਮ ਕ੦ ਯਾ ਠੈਹਰਾ ਲੈਨਾ।

Pre-engagement, *n.* ਪਰੀਐਨਗੇਜਮੈਂਟ—ਪੂਰਵ ਪਰਤਿਗਯਾ, ਪਹਲਾ ਇਕਰਾਰ।

Pre-establish, *v. t.* ਪਰੀਐਸਟੈਬਲਿਸ਼—ਪਹਲਾਂ ਥੀਂ ਸੰਸਥਾਪਨ ਕ੦, ਟਹਰਾਉਨਾ ਯਾ ਖੜਾ ਕ੦, ਕਾਯਮ ਕ੦।

Pre examination, *n.* ਪਰੀਐਗਜ਼ਾਮੀਨੇਸ਼ਨ—ਪੂਰਵ ਪਰੀਖਿਆ, ਪਹਲਾ ਇਮਤਿਹਾਨ।

Pre-exist, *v. i.* ਪਰੀਐਗਜ਼ਿਸਟ—ਪਹਲੇ ਥੀਂ ਸਥਿਤ ਯਾ ਕਾਯਮ ਹੋਨਾ।

Pre-existence, *n.* ਪਰੀਐਗਜ਼ਿਸਟੈਂਸ—ਪੂਰਵ ਜੀਵਨ, ਪੇਸ਼ ਹਸਤੀ।

Pre-existent, *a.* ਪਰੀਐਗਜ਼ਿਸਟੈਂਟ–ਪੂਰਵ ਜੀਵੀ, ਪੂਰਵ ਵਰਤੀ, ਪਹਲੇ ਥੀਂ ਮੌਜੂਦ।

Preface, *n.* ਪਰੀਫ਼ੇਸ–ਪਰਸਤਾਵ, ਪਰਿਭਾਸ਼ਾ, ਦੀਬਾਚਾ, ਭੂਮਿਕਾ: *v. t.* ਦੀਬਾਚਾ ਕੈਹਨਾ, ਭੂਮਿਕਾ ਲਿਖਨਾ, ਤਮਹੀਦ ਕਾਯਮ ਕ੦।

Prefatory, *a.* ਪਰੀਫ਼ੇਟੋਰੀ–ਪਰਿਭਾਸ਼ਕ, ਤਮਹੀਦੀ, ਦੀਬਾਚੇ ਦਾ।

Prefect, *n.* ਪਰੀਫ਼ੈਕਟ–ਅਧਿਸ਼ਟਾਤਾ, ਅਧਿਪਤਿ, ਅਧਿਕਾਰੀ, ਹਾਕਿਮ, ਦਾਰੋਗ਼ਾ।

Prefer, *v. t.* ਪਰੈਫ਼ਰ–ਬਹੁਤ ਚੰਗਾ ਜਾਨਣਾ, ਵਧੀਆ ਸਮਝਨਾ; ਉੱਚਾ ਪਦ ਦੇਨਾ; ਨਿਵੇਦਨ ਕ੦; ਅੱਗੇ ਧਰਨਾ, ਦੇਨਾ, ਪੇਸ਼ ਕ੦।

Preferable, *a.* ਪਰੈਫ਼ਰਏਬਲ-ਅਧਿਕ ਵਰਣੀਯ, ਅੱਛਾ, ਵਧੀਆ, ਚੰਗਾ, ਬਿਹਤਰ ।

Preference, *n.* ਪਰੈਫ਼ਰੈਂਸ—ਪਸੰਦੀਦਗੀ, ਮਨ ਪਸੰਦੀ, ਵਧੀਕੀ, ਤਰਜੀਹ, ਬਰਤਰੀ; ਉਹ ਚੀਜ਼ ਜਿਸਨੂੰ ਚੰਗਾ ਮੰਨਿਆ ਜਾਏ; *v. t.* ਵਧਕੇ ਜਾਨਣਾ, ਬਹੁਤ ਚਾਹੁਣਾ ।

Preferment, *n.* ਪਰੈਫ਼ਰਮੈਂਟ-ਚੜ੍ਹਤੀ, ਉੱਚਾ ਪਦ, ਸਰਫ਼ਰਾਜ਼ੀ, ਬੇਹਤਰੀ ।

Prefigure, *v. t.* ਪਰੀਫ਼ਿੱਗਰ—ਪੂਰਤੀ ਰੂਪ ਜਾ ਦਰਿਸ਼ਟਾਂਤ ਨਾਲ ਪਹਲੇ ਬਤਲਾਉਣਾ ਜਾ ਦਿਖਾਉਣਾ, ਪੂਰਵ ਲੱਛਨ ਦੇਣਾ ਜਾ ਦਿਖਾਉਣਾ

Prefix, *v. t.* ਪਰੀਫ਼ਿਕਸ-ਪਹਲੇ ਥੀਂ ਰੂਪ ਪ੍ਰਗਟ ਕ०; *n.* ਉਪਸਰਗ ।

Pregnance, Pregnancy, *n.* ਪਰੈਗਨੈਂਸ, ਪਰੈਗਨੈਨਸੀ-ਗਰਭ ਧਾਰਣ, ਸਫਲਤਾ, ਹਮਲ, ਗਰਭਤਾ, ਗਰਭ ।

Pregnant, *a.* ਪਰੈਗਨੈਂਟ-ਗਰਭਵਤੀ, ਗਰਭ ਧਾਰਿਣੀ, ਪੇਟ ਨਾਲ, ਗੱਭਣ, ਪੂਰਣ ਸਫਲ ।

Pre-instruct, *v. t.* ਪਰੀਇਨਸਟਰਕਟ—ਪਹਲੇ ਥੀਂ ਸਮਝਾਉਣਾ, ਸਿਖਾ ਰੱਖਣਾ ।

Pre-judge, *v. t.* ਪਰੀਜੱਜ-ਪੂਰਵ ਨਿਰਣਯ ਕ०, ਅੱਗਰ ਵਿਚਾਰ ਕ०; ਬਿਰਤਾਂਤ ਦੇ ਸੁਣੇ ਭਾਲੇ ਬਿਨਾ ਰਾਯ ਠਾਨਣੀ ।

Pre-judgement, *n.* ਪਰੀਜੱਜਮੈਂਟ—ਪੂਰਵ ਵਿਚਾਰ, ਪੂਰਵ ਨਿਸ਼ਚਯ, ਪੁੱਛਨ ਗਿੱਛਨ ਥੀਂ ਪੈਹਲੇ ਦਾ ਫ਼ੈਸਲਾ ।

Prejudicate, *v. t.* ਪਰੀਜੂਡੀਕੇਟ-ਪੂਰਵ ਨਿਰਣਯ ਕ०, ਬਿਰਤਾਂਤ ਸੁਣਨ ਥੀਂ ਪਹਲੇ ਹੀ ਨਿਸ਼ਪੱਤੀ ਕ०; *a.* ਬਿਨਾ ਵਿਚਾਰ ਜਾ ਸੋਚ ਦੇ ਕੀਤਾ ਹੋਇਆ, ਬੇਇੰਸਾਫ਼, ਅਨਜਾਈ ।

Prejudice, *n.* ਪਰੀਜੁਡਿਸ—ਪੱਖ, ਤਰਫ਼ਦਾਰੀ, ਦ੍ਵੇਸ਼; ਨੁਕਸਾਨ, ਘਾਟਾ, ਵਿਗਾੜ, ਹਾਨੀ, ਤਅੱਸੁਬ; *v. t.* ਪੱਖ ਕ०, ਤਰਫ਼ਦਾਰੀ ਕ० ਵਿਗਾੜਨਾ, ਨੁਕਸਾਨ ਪਹੁੰਚਾਉਣਾ ।

Prejudicial, *a.* ਪਰੀਜੁਡੀਸ਼ਲ-ਹਾਨੀਕਾਰਕ, ਦੁਖਦਾਈ, ਮੁਫ਼ਸਿਦ, ਮੁਜ਼ਿਰ ।

Prelate, *n.* ਪਰੀਲੇਟ-ਸਰਦਾਰ ਪਾਦਰੀ, ਮੁਖ ਧਰਮ ਅਧਿਪਤੀ, ਇਮਾਮ; *n.* Prelacy.

Prelect, *v. t.* ਪਰੀਲੈਕਟ-ਵਖਿਆਨ ਕ०, ਉਪਦੇਸ਼ ਦੇਣਾ, ਵਾਜ਼ ਕ० ।

Prelection, *n.* ਪਰੀਲੈਕਸ਼ਨ-ਵਖਿਆਨ ।

Prelector, *n.* ਪਰੀਲੈਕਟਰ—ਪੜ੍ਹਨ ਵਾਲਾ, ਵਖਿਆਨਕਾਰੀ, ਉਪਦੇਸ਼ਕ, ਨਾਸੇਹ ।

Preliminary, *a.* ਪਰੀਲਿਮੀਨਰੀ—ਪੂਰਵ, ਪਰਿਭਾਸ਼ਕ, ਆਦ ਦਾ, ਇਬਤਦਾਈ; *n.* ਪੂਰਵ ਵਿਸ਼ਯ, ਪੂਰਵ ਉਪਾਯ, ਉਨਵਾਨ ।

Prelude, *n.* ਪਰੀਲੂਡ-ਸੁਰ, ਲੈ, ਅਲਾਪ, ਸੁਰ ਮਿਲਾਪ, ਬਾਜੇ ਦਾ ਆਰੰਭ; *v. t.* ਅਲਾਪਣਾ, ਲੈ ਭਰਨਾ, ਆਰੰਭ ਕ०, ਤਮਹੀਦ ਉਠਾਉਣਾ ।

Prelusive, *a.* ਪਰੀਲੂਸਿਵ-ਪਹਲੇ ਥੀਂ ਖ਼ਬਰ ਦੇਨ ਵਾਲਾ, ਆਰੰਭਕ, ਪੂਰਵ ਸੂਚਕ, ਤਮਹੀਦੀ

Premature, *a.* ਪਰੀਮੇਚੁਰ-ਠੀਕ ਸਮਯ ਥੀਂ ਪਹਲੇ ਪੱਕਿਆ ਹੋਇਆ; ਕੱਚਾ; ਕੁਸਮਯ, ਕੁਵੇਲੇ, ਬੇਮੌਕਾ; ਅਧੂਰਾ, ਬੇਮਹਲ; *n.* Prematureness, Prematurity.

Premeditate, *v. t.* ਪਰੀਮੈਡੀਟੇਟ—ਪੈਹਲੇ ਥੀਂ ਠਹਰਾਉਣਾ, ਪੂਰਵ ਕਲਪਨਾ ਕ० ।

Premeditation, *n.* ਪਰੀਮੈਡੀਟੇਸ਼ਨ-ਪੂਰਵ ਕਲਪਨਾ, ਅਗਾਮ ਸੋਚ, ਪੇਸ਼ਬੰਦੀ, ਗ਼ੌਰ; ਪਹਲੇ ਦੀ ਸੋਚ ਜਾ ਤਜਵੀਜ਼, ਤਅੱਮੁਲ ।

Premier, *a.* ਪਰੀਮੀਅਰ-ਪ੍ਰਥਮ; ਪਰਾਚੀਨ, ਪੁਰਾਣਾ; *n.* ਮੁਖੀਆ, ਆਲਾ, ਅੱਵਲ, ਪਰਧਾਨ, ਮੁਖ ਮੰਤ੍ਰੀ, ਪਰਧਾਨ ਮੰਤਰੀ ।

Premise, *v. t.* ਪਰੀਮਿਸ-ਪਹਲੇ ਥੀਂ ਜਤਾਉਣਾ ਜਾ ਮੁਕੱਦਮਾ ਲਿਖਣਾ, ਕਹਿਣਾ, ਬਤਾਉਣਾ; *n.* ਮੁਕੱਦਮਾ; ਅਹਾਤਾ, ਬਾੜਾ, ਘੇਰਾ; ਪਤਾ, ਸਰਨਾਮਾ, ਉਨਵਾਨ ।

Premises, *n. pl.* ਪਰੀਮਿਸਿਜ਼-ਪੂਰਵ ਪਕਸ਼ ਜਾ ਉੱਤਰ ਪਕਸ਼ ਘਰ, ਮਕਾਨ ਆਦਿ।

Premium, *n.* ਪਰੀਮੀਅਮ-ਨਫ਼ਾ, ਬਦਲਾ, ਸੂਦ, ਫਲ, ਲਾਭ, ਵਾਧਾ; ਇਨਾਮ, ਬਖ਼ਸ਼ਸ਼ ।

Premonish, *v. t.* ਪਰੀਮੋਨਿਸ਼-ਪਹਲੇ ਥੀਂ ਉਪਦੇਸ਼ ਦੇਣਾ, ਪਹਲੇ ਥੀਂ ਜਤਾਉਣਾ ।

Premonishment, Premonition, *n.* ਪਰੀਮੋਨਿਸ਼ਮੈਂਟ, ਪਰੀਮੋਨੀਸ਼ਨ—ਪੂਰਵ ਪਰਬੋਧ, ਪੂਰਵ ਸੂਚਨਾ, ਚਿਤਾਉਣੀ, ਨਸੀਹਤ ।

Premonitary, *a.* ਪਰੀਮੋਨੀਟਰੀ—ਪੂਰਵ ਸੂਚਕ, ਪਹਲੇ ਥੀਂ ਜਤਾਉਨ ਵਾਲਾ ।

Prenominate, *v. t.* ਪਰੀਨੌਮੀਨੇਟ-ਪਹਲੇ ਨਾਮ ਲੈਣਾ; *a.* ਪੂਰਵ ਉਕਤ, ਪਹਲੇ ਕਿਹਾ ਹੋਇਆ, ਮਜ਼ਕੂਰਾਬਾਲਾ ।

Prenomination, *n.* ਪਰੀਨੌਮੀਨੇਸ਼ਨ-ਪੈਹਲੇ ਹੀ ਨਾਉਂ ਲੀਤੇ ਜਾਨ ਦਾ ਹਕ ।

Prenotion, *n.* ਪਰੀਨੋਸ਼ਨ—ਪੂਰਵ ਗਿਆਨ, ਭਵਿਸ਼ਤ ਗਿਆਨ, ਅਗਮ ਗਿਆਨ, ਪੇਸ਼ਬੀਨੀ ।

Preoccupy, *v. t.* ਪਰੀਔਕੁਪਾਈ—ਪੂਰਵ ਧਾਰਣ ਕ०, ਦੂਜੇ ਦੇ ਪਹਲੇ ਅਧਿਕਾਰ ਯਾ ਓਹਦਾ ਲੈਨਾ, ਅਪਨੇ ਹੱਥ ਵਿੱਚ ਕ० ।

Preordain, *v. t.* ਪਰੀਔਰਡੇਨ—ਪੂਰਵ ਵਿਧਾਨ ਕ०, ਪਹਲੇ ਥੀਂ ਨਿਯੁਕਤ ਕ० ।

Preordinance, *n.* ਪਰੀਔਰਡੀਨੈਂਸ—ਪਹਲੇ ਥੀਂ ਠਹਰਾਈ ਹੋਈ ਚੀਜ਼ ।

Preparation, *n.* ਪਰੀਪੈਰੇਸ਼ਨ—ਤਿਆਰੀ ਸਾਧਨ, ਬੰਦੋਬਸਤ, ਰਚਨਾ; ਮਸੂਨ, ਨੁਸਖਾ ।

Preparative, *a.* ਪਰੀਪੈਰੇਟਿਵ—ਸਿੱਧ ਕਰਨ ਲਈ ਸਾਮਰਥ, ਸਾਧਕ: *n.* ਸਿੱਧੀ ਸਾਧਨ; ਸਾਮਾਨ, ਮਸਾਲਾ, ਤਿਆਰੀ ।

Preparatory, *a.* ਪਰੀਪੈਰੇਟੋਰੀ—ਪਹਲਾ ਪ੍ਰਥਮ, ਅਗਰਗਾਮੀ, ਪਰਾਰੰਭਕ, ਜ਼ਰੂਰੀ ।

Prepare, *v. t.* ਪਰੀਪੇਅਰ—ਬਨਾਉਨਾ, ਸਿਧ ਕ०, ਤਿਆਰ ਕ०, ਜੁਟਾਉਨਾ, ਯੁਕਤ ਕ०, ਠੀਕ ਕ०, ਮੌਜੂਦ ਕ०, ਬਹਮ ਪਹੁੰਚਾਉਨਾ ।

Prepay, *v. t.* ਪਰੀਪੇ—ਪਹਲੇ ਦੇਨਾ, ਪੇਸ਼ਗੀ ਦੇਨਾ ਅਗੌਤੀ ਯਾ ਅਗਾਊ ਦੇਨਾ ।

Prepense, *a.* ਪਰੀਪੈਂਸ—ਪਹਲੇ ਥੀਂ ਸੋਚਿਆ ਯਾ ਗ਼ੌਰ ਕੀਤਾ ਗਿਆ ।

Prepolence, Prepolency, *n.* ਪਰੀਪੋਲੈਂਸ, ਪਰੀਪੋਲੈਨਸੀ—ਵਿਸਤਾਰ, ਪਰਚਾਰ ।

Prepolent, *a.* ਪਰੀਪੋਲੈਂਟ—ਪਰਬਲ, ਪਰਧਾਨ

Preponderate, *v. t.* ਪਰੀਪੌਂਡਰੇਟ—ਭਾਰਾ ਕ०, ਵੱਧ ਕ०; *v. i.* ਤੋਲ (ਵਜ਼ਨ) ਵਿੱਚ ਭਾਰੀ ਹੋਨਾ, ਪੱਲਾ ਝੁਕਨਾ ਯਾ ਨੀਵਾਂ ਹੋਨਾ ।

Preposition, *n.* ਪਰੀਪੋਜ਼ੀਸ਼ਨ—ਉਪਸਰਗ, ਅਵੱਯ, ਹਰਫ਼ੇ ਰਬਤ, ਜਾਰ ।

Prepositive, *a.* ਪਰੀਪੋਜ਼ੀਟਿਵ—ਪਰਾਚੀਨ ।

Prepositor, *n.* ਪਰੀਪੋਜ਼ੀਟਰ—ਛਾਤਰ ਜੋ ਅਧਿਆਪਕ ਦਾ ਕੰਮ ਕਰਦਾ ਹੈ, ਮੁਲਾਹਜ਼ਾ ।

Prepositure, *n.* ਪਰੀਪੋਜ਼ੀਟੂਰ—ਸੈਨਾ ਵਿੱਚ ਬਧ ਕਰਮ ਅਧਿਕਾਰੀ ਦਾ ਪਦ ਯਾ ਓਹਦਾ ।

Prepossess, *v. t.* ਪਰੀਪੋਜ਼ੇਸ—ਪਹਲੇ ਥੀਂ ਗ੍ਰਹਣ ਕ०, ਪਹਲੇ ਥੀਂ ਹੱਥ ਵਿਚ ਲਨਾ, ਦਿਲ ਥੀਂ ਲੈਨਾ, ਰੁਜੂ ਕ०, ਮੁਤਆਸਬ ਕਰ ਦੇਨਾ ।

Prepossession, *n.* ਪਰੀਪੋਜ਼ੇਸ਼ਨ—ਪੂਰਵ ਧਾਰਣ, ਪੂਰਵ ਗ੍ਰਹਣ, ਪੂਰਵ ਬੋਧ; ਪੱਖਪਾਤ ।

Preposterous, *a.* ਪਰੀਪੋਸਟਰਸ—ਉਲਟਾ, ਅਸ਼ੁਧ, ਅਸੰਗਤ, ਅਨਰਥਕ, ਬੇ ਮਾਨੇ ।

Prepotent, *a.* ਪਰੀਪੋਟੈਂਟ—ਬਹੁਤ ਬਲ ਯਾ ਤਾਕਤ ਵਾਲਾ, ਅਤੀ ਬਲਵਾਨ, ਜ਼ੋਰਾਵਰ, ਤਾਕਤਵਰ; *n.* Prepotency.

Prepuce, *n.* ਪਰੀਪੂਸ—ਲਿੰਗ ਦਾ ਅੱਗੇ ਦਾ ਚਮੜਾ, ਸੁਪਾਰੂ ਦਾ ਪੜਦਾ, ਗਲਾਫ਼ ।

Prerequire, *v. t.* ਪਰੀਰੀਕਵਾਇਰ—ਪਹਲੇ ਮੰਗਨਾ ।

Preresolve, *v t.* ਪਰੀਰੀਜ਼ੌਲਵ—ਪੈਹਲੇ ਠਹਰਾਉਨਾ ਯਾ ਮੁਕੱਰਰ ਕ० ।

Prerogative, *a.* ਪਰੇਰੋਗੇਟਿਵ—ਵਿਸ਼ੇਸ਼ ਅਧਿਕਾਰ ਯਾ ਹੱਕ, ਵਿਸ਼ੇਸ਼ ਸੱਤਾ, ਮਨਸਬ ।

Presage, *n.* ਪਰੀਸੇਜ—ਪੂਰਵ ਲਕਸ਼ਨ, ਸ਼ਗਨ, ਫ਼ਾਲ; *v. t.* ਪੂਰਵ ਚਿੰਨ੍ਹ ਦੇਨਾ, ਪੂਰਵ ਲਕਸ਼ਨ ਦੇਨਾ, ਪਹਲੇ ਕਹਨਾ, ਪੇਸ਼ਗੋਈ ਕ० ।

Presbyter, *n.* ਪਰੇਸਬਿਟਰ—ਆਚਾਰਜ, ਗੁਰੂ, ਪਰੋਹਿਤ, ਈਸਾਈ ਭਜਨ ਭਵਨ ਵਿੱਚ ਇੱਕ ਅਧਿਕਾਰੀ, ਇਕ ਖਾਸ ਫ਼ਿਰਕੇ ਦਾ ਪਾਦਰੀ ।

Prescient, Prescious, *a.* ਪਰੈਸ਼ੀਐਂਟ, ਪਰੇਸ਼ਸ—ਅਗਮ ਗਿਆਨੀ, ਪਹਲੇ ਜਾਨਣ ਵਾਲਾ; *n.* Presciency.

Prescind, *v. t.* ਪਰੀਸਿੰਡ—ਕੱਟ ਸਿੱਟਨਾ, ਖਿਚਨਾ, ਵੱਖ ਕ० ।

Prescribe, *v. t.* ਪਰੀਸਕ੍ਰਾਇਬ—ਔਸ਼ਧ ਵਿਧਾਨ ਕ०, ਆਗਿਆ ਦੇਨੀ, ਹੁਕਮ ਦੇਨਾ, ਠੈਹਰਾਉਨਾ; ਨੁਸਖਾ ਲਿਖਨਾ, ਦਵਾ ਦੱਸਨੀ ।

Prescribed, *a.* ਪਰੀਸਕਰਾਇਬਡ—ਨਿਯਤ ਯਾ ਵਿਧਾਨ ਕੀਤਾ ਹੋਇਆ, ਮੁਐਯਨ ।

Prescription, *n.* ਪਰੀਸਕਰਿਪਸ਼ਨ—ਵਿਧੀ, ਵਿਧਾਨ, ਔਸ਼ਧ ਵਿਧੀ, ਚਕਿਤਸਾ, ਨੁਸਖਾ; ਰਿਵਾਜ, ਮਰਯਾਦਾ, ਰਸਮ, ਰਿਵਾਜ ।

Prescriptive, *a.* ਪਰੀਸਕਰਿਪਟਿਵ—ਰਿਵਾਜੀ, ਰਿਵਾਜ ਪਾਇਆ ਹੋਇਆ, ਰਾਇਜ ।

Presence, *n.* ਪਰੈਜ਼ੈਂਸ—ਵਰਤਮਾਨਤਾ, ਹਾਜ਼ਰੀ, ਉਪਸਥਿਤੀ, ਮੌਜੂਦਗੀ, ਵਿਦਯਮਾਨਤਾ; ਫੁਰਤੀ, ਦਸ਼ਾ, ਢੰਗ, ਸੂਰਤ, ਤਰਜ਼ ।

Present, *a.* ਪਰੈਜ਼ੰਟ—ਸਾਹਮਣੇ ਦਾ, ਸਨਮੁਖ, ਉਪਸਥਿਤ, ਵਰਤਮਾਨ, ਹਾਜ਼ਿਰ, ਪਰਤੱਖ;

ਸਮੀਪ, ਨਿਕਟ, ਨੇੜੇ; ਹੁਨ ਦਾ, ਅਬ ਦਾ, ਤਿਆਰ; *n.* ਵਰਤਮਾਨ ਕਾਲ; ਦਾਨ, ਪਰਦਾਨ, ਭੇਂਟ, ਦੱਖਨਾ, ਇਨਾਮ; ਤੋਹਫ਼ਾ; ਲੇਖ; *v. t.* ਪਰਵੇਸ਼ ਕ०; ਸਾਹਮਨੇ ਕ०, ਅੱਗੇ ਧਰਨਾ, ਦਿਖਾਉਨਾ, ਪਰਤੱਖ ਕ०; ਭੇਂਟ ਕ०, ਦਾਨ ਦੇਨਾ; ਨਾਉਂ ਬਤਲਾਉਨਾ।

Presentable, *a.* ਪਰੈਜ਼ੈਨਟੇਬਲ—ਸਾਹਮਨੇ ਕੀਤੇ ਜਾਨ ਦੇ ਜੋਗ, ਅੱਗੇ ਯਾ ਸਨਮੁਖ ਧਰੇ ਜਾਨ ਦੇ ਲਾਇਕ, ਪੇਸ਼ ਕਰਨ ਦੇ ਲਾਇਕ।

Presentation, *n.* ਪਰੇਜ਼ੈਨਟੇਸ਼ਨ—ਨਿਵੇਦਨ, ਸਮਰਪਣ, ਭੇਂਟ, ਦਿਖਾਵਾ, ਪਰਕਾਸ਼ਨ।

Presentiment, *n.* ਪਰੇਜ਼ੈਨਟੀਮੈਂਟ—ਪਰਕਾਸ਼ਨ, ਦਰਸ਼ਨ; ਪਹਲਾ ਵਿਚਾਰ ਯਾ ਖ਼ਿਆਲ

Presently, *adv.* ਪਰੇਜ਼ੈਂਟਲੀ—ਅਭੀ, ਹੁਣੇ, ਝਟਪਟ, ਤੁਰੰਤ, ਫ਼ੌਰਨ, ਇੱਸੇ ਵੇਲੇ।

Preservable, *a.* ਪਰੀਜ਼ਰਵੇਬਲ—ਰੱਖ ਛੱਡਨ ਦੇ ਜੋਗ।

Preservation, *n.* ਪਰੀਜ਼ਰਵੇਸ਼ਨ—ਬਚਾਓ, ਪੋਸ਼ਨ, ਰਕਸ਼ਨ, ਰੱਖਜਾ, ਰਖਵਾਲੀ, ਹਿਫ਼ਾਜ਼ਤ।

Preservative, *a.* ਪਰੀਜ਼ਰਵੇਟਿਵ—ਰੱਖਜਕ, ਪਾਲਕ, ਰਖਵਾਲਾ, ਬਚਾਉਨ ਵਾਲਾ।

Preservatory, *n.* ਪਰੀਜ਼ਰਵੇਟੋਰੀ—ਰੱਖਜਾ ਦਾ ਬਲ ਰੱਖਨ ਵਾਲਾ, ਹਿਮਾਯਤੀ।

Preserve, *v. t.* ਪਰੀਜ਼ਰਵ—ਰੱਖ ਛੱਡਨਾ, ਰੱਖਜਾ ਕ०, ਬਚਾਉਨਾ, ਸੰਭਾਲਨਾ, ਪਾਲਨ ਪੋਸ਼ਨ ਕ०; ਮੁਰੱਬਾ ਯਾ ਅਚਾਰ ਬਨਾਉਨਾ; *n.* ਮੁਰੱਬਾ, ਮਿੱਠਾ ਅਚਾਰ; ਸ਼ਿਕਾਰਗਾਹ।

Preside, *v. i.* ਪਰੀਸਾਇਡ—ਅਧਜਕਸ਼ ਹੋਨਾ, ਅਧਿਪਤੀ ਹੋਨਾ, ਸਰਦਾਰੀ ਕ०, ਪਰਧਾਨ ਬਣਨਾ, ਹੁਕਮ ਕ०, ਨਿਗਰਾਨੀ ਕ०।

Presidency, *n.* ਪਰੈਜ਼ੀਡੈਨਸੀ—ਰੱਖਜਾ, ਪਰਧਾਨੀ, ਪਰਧਾਨ ਪਦ; ਖੰਡ, ਸੂਬਾ, ਅਹਾਤਾ।

President, *n.* ਪਰੈਜ਼ੀਡੈਂਟ—ਪਤੀ, ਪਰਧਾਨ, ਮੁਖੀਆ, ਆਗੂ, ਅਧਿਕਾਰੀ, ਮੀਰ ਮਜਲਿਸ, ਸਭਾ ਪਤੀ, ਮੁੰਤਜ਼ਿਮ, ਹਾਕਿਮ, ਰਈਸ।

Presidential, *a.* ਪਰੈਜ਼ੀਡੈਨਸ਼ਲ—ਸਭਾਪਤੀ, ਪਰਧਾਨ ਯਾ ਮੀਰ ਮਜਲਿਸ ਸੰਬੰਧੀ।

Presidial, Presidiary, *a.* ਪਰੈਸੀਡੀਅਲ, ਪਰੈਸੀਡੀਅਰੀ—ਕਿਲੇ ਦੀ ਫ਼ੌਜ ਨਾਲ ਸੰਬੰਧ ਰੱਖਨ ਵਾਲਾ।

Presignify, *v. t.* ਪਰੀਸਿਗਨੀਫ਼ਾਈ—ਪਹਲੇ ਥੀਂ ਜਤਾਉਨਾ ਯਾ ਪਰਗਟ ਕ०।

Press, *v. t.* ਪਰੈਸ—ਦਬਾਉਨਾ, ਕੱਸਨਾ; ਛਾਪਨਾ; ਨਿਚੋੜਨਾ, ਮਰੋੜ ਕੱਢਨਾ, ਕੁਚਲਨਾ, ਪੀਹਨਾ; ਸ਼ਿਕੰਜੇ ਵਿੱਚ ਕੱਸਨਾ; ਲਿਪਟਨਾ, ਚਿਮਟਨਾ, ਚੰਬੜ ਜਾਨਾ; ਵਿਚਾਰ ਕਰਨਾ; ਸਤਾਉਨਾ, ਪੀੜਾ ਯਾ ਦੁੱਖ ਦੇਨਾ; *n.* ਕੱਸਨ ਯਾ ਦਬਾਉਨ ਦਾ ਜੰਤਰ, ਸ਼ਿਕੰਜਾ; ਛਾਪਨ ਦਾ ਜੰਤਰ; ਛਾਪਾਖ਼ਾਨਾ, ਜੰਤਰਾਲਯ; ਦਬਾਓ; ਦਬਾਈ, ਜ਼ਰੂਰਤ, ਤਾਕੀਦ; ਛਾਪਾ, ਮਤਬਾ।

Pressing, *a.* ਪਰੈਸਿੰਗ—ਦੁਖਦਾਈ, ਕਠਿਨ, ਬਾਧਕ; ਜ਼ਰੂਰੀ; ਲੋਕਾਂ ਨਾਲ ਭਰਪੂਰ।

Pressure, *n.* ਪਰੈਸ਼ੁਰ—ਦਾਬ, ਦਬਾਓ, ਭਾਰ, ਬੋਝ; ਪੀੜਾ, ਦੁੱਖ, ਕਲੇਸ਼, ਭੀੜ, ਬਿਪਤਾ; ਛਾਪਾ; ਬਲ, ਜ਼ੋਰ; ਤਾਕੀਦ, ਤਕਾਜ਼ਾ।

Prest, *a.* ਪਰੈਸਟ—ਪਰਸਤੁਤ, ਤਿਆਰ; *n.* ਰਿਣ, ਕਰਜ਼, ਦੇਨਾ।

Prestige, *n.* ਪਰੈਸਟਿਜ—ਇੰਦਰਜਾਲ, ਮਾਯਾ, ਭਰਾਂਤੀ, ਛਲ, ਕਪਟ, ਧਾਂਕ, ਧੋਖਾ; ਮਾਨ, ਸ਼ੋਹਰਤ, ਇੱਜ਼ਤ, ਆਬਰੂ, ਨੇਕਨਾਮੀ।

Presto, *adv.* ਪਰੈਸਟੋ—ਜਲਦ, ਝਬਦੇ, ਤੁਰੰਤ, ਸ਼ੀਘਰ, ਝਟਪਟ, ਫ਼ੌਰਨ; ਚਲਦੀ ਲੈ ਵਿਚ।

Prestriction, *n.* ਪਰੀਸਟਰਿਕਸ਼ਨ—ਧੁੰਦ, ਧੁੰਦਲਾਈ, ਚੁੰਧਲਾਈ।

Presumable, *a.* ਪਰੀਜ਼ੂਮੇਬਲ—ਸੰਭਵ, ਮੁਮਕਿਨ, ਸਮਝੇ ਜਾਨ ਦੇ ਜੋਗ।

Presume, *v. t.* ਪਰੀਜ਼ੂਮ—ਜਾਨਣਾ, ਸਮਝਨਾ, ਬੁੱਝਨਾ, ਅਟਕਲ ਕ०, ਅਨੁਮਾਨ ਕ०; ਘੁਮੰਡ ਕ०, ਬੜਾ ਭਰੋਸਾ ਕ०, ਮੰਨ ਲੈਨਾ।

Presumption, Presumptuousness, *n.* ਪਰੀਜ਼ੰਪਸ਼ਨ, ਪਰੀਜ਼ੰਪਟੂਅਸਨੈਸ—ਵਿਚਾਰ, ਖ਼ਿਆਲ, ਅਨੁਮਾਨ; ਸੰਭਾਵਨਾ; ਅਭਿਮਾਨ, ਤਕੱਬਰ; ਦਲੇਰੀ; ਫ਼ਰਜ਼।

Presumptions, *n.* ਪਰੀਜ਼ੰਪਸ਼ਨਜ਼—ਕਰਾਇਨ

Presumptive, *a.* ਪਰੀਜ਼ੰਪਟਿਵ—ਅਨੁਮਾਨਿਕ, ਖ਼ਿਆਲੀ; ਅਭਿਮਾਨੀ, ਘੁਮੰਡੀ, ਮਗ਼ਰੂਰ।

Presumptuous, *a.* ਪਰੀਜ਼ੰਪਟੂਅਸ—ਦਲੇਰ, ਨਿਡਰ, ਮਗ਼ਰੂਰ, ਅਭਿਮਾਨੀ; ਹਠਾ, ਜ਼ਿੱਦੀ, ਹਠੀਲਾ; ਖ਼ਿਆਲੀ, ਫ਼ਰਜ਼ੀ।

Presuppose, *v. t.* ਪਰੀਸਪੋਜ਼—ਪੈਹਲੇ ਥੀ

ਕਲਪਨਾ ਕ॰ ਯਾ ਮੰਨ ਲੈਨਾ; *n.* Presupposition.

Presurmise, *n.* ਪਰੀਸਰਮਾਇਜ਼—ਪੂਰਵ ਮਤ, ਪੂਰਵ ਭਾਵਨਾ।

Pretence, *n.* ਪਰੀਟੈਂਸ—ਭਰਮ, ਝੂਠਾ ਦਿਖਾਵਾ, ਬਹਾਨਾ, ਕਪਟ, ਛਲ, ਫ਼ਰੇਬ, ਮਕਰ; ਦਾਵਾ, ਹਕ।

Pretend, *v. t.* ਪਰੀਟੈਂਡ—ਝੂਠਾ ਰੂਪ ਧਾਰਣ ਕ॰, ਬਹਾਨਾ ਕ॰, ਗਲ ਬਨਾਉਣੀ; ਅਭਿਮਾਨ ਕ॰, ਝੂਠਾ ਦਾਵਾ ਕ॰।

Pretension, *n.* ਪਰੀਟੈਨਸ਼ਨ—ਓਪਰੀ ਦਿਖਾਵਾ, ਬਹਾਨਾ; ਦਾਵਾ, ਹਕ।

Preterimperfect, *a.* ਪਰੈਟਰਇਮਪਰਫ਼ੈਕਟ—ਅਪੂਰਣ ਭੂਤ।

Preterite, *a.* ਪਰੈਟੈਰਿਟ—ਭੂਤ ਦਾ, ਪਰੋਕਸ਼ ਸੰਬੰਧੀ, ਮਾਜ਼ੀ ਮੁਤਲਕ ਦਾ।

Preterlapsed, *a.* ਪਰੈਟਰਲੈਪਸ਼ਡ—ਬੀਤਿਆ ਯਾ ਗੁਜ਼ਰਿਆ ਹੋਇਆ; ਭੂਤ।

Preterlegal, *a.* ਪਰੈਟਰਲੀਗਲ—ਕਾਨੂਨ ਵਿਰੁੱਧ।

Pretermit, *v. t.* ਪਰੈਟਰਮਿਟ—ਜਾਨ ਦੇਨਾ, ਛੱਡਨਾ, ਭੁਲਨਾ; *n.* Pretermission.

Preternatural, *a.* ਪਰੈਟਰਨੈਟਰਲ—ਸੁਭਾਵ ਯਾ ਆਦਤ ਦੇ ਵਿਰੁੱਧ, ਨੇਮ ਵਿਰੁੱਧ, ਪਰਕ੍ਰਿਤੀ ਵਿਰੁੱਧ, ਗ਼ੈਰ ਤਬਈ।

Pretext, *n.* ਪਰੀਟੈਕਸਟ—ਬਹਾਨਾ, ਕਪਟ, ਛਲ, ਬਨਾਵਟ, ਉਜ਼ਰ, ਹੀਲਾ।

Præter, Pretor, *n.* ਪਰੈਟਰ—ਪਰਾਚੀਨ ਰੋਮ ਨਗਰ ਦੀ ਅਦਾਲਤ ਦਾ ਇੱਕ ਅਧਿਪਤੀ।

Prettiness, *n.* ਪਰੈਟੀਨੈਸ—ਸੁੰਦਰਤਾ, ਸੁਥਰਾਈ, ਸੁਹੱਪਣ, ਖ਼ੂਬਸੂਰਤੀ, ਨਫ਼ਾਸਤ।

Pretty, *a.* ਪਰੈਟੀ—ਸੁਥਰਾ, ਸੁੰਦਰ, ਸੋਹਣਾ, ਬਾਂਕਾ; *adv.* ਕੁਝ, ਥੋੜਾ ਬਹੁਤ।

Pretypify, *v. i.* ਪਰੈਟੀਪੀਫ਼ਾਈ—ਪਹਲੇ ਥੀਂ ਰੂਪ ਯਾ ਸ਼ਕਲ ਬਨਾਉਣਾ।

Prevail, *v. i.* ਪਰੀਵੇਲ—ਜਿਤਨਾ, ਹਰਾਉਣਾ, ਪਰਾਸਤ ਕ॰, ਪਰਬਲ ਹੋਨਾ; ਪਰਚਲਿਤ ਹੋਨਾ, ਚਲਨਾ, ਫੈਲਨਾ; ਮਨਾਉਣਾ, ਗਾਇਬ ਹੋਨਾ।

Prevailing, *a.* ਪਰੀਵੇਲਿੰਗ—ਪਰਬਲ, ਅਧਿਕ, ਪਰਧਾਨ, ਸਾਧਕ, ਪਰਚਲਿਤ, ਆਮ।

Prevalence, Prevalency, *n.* ਪਰੈਵੇਲੈਂਸ, ਪਰੈਵੇਲੈਨਸੀ—ਤੇਜ, ਪਰਭਾਵ, ਪਰਤਾਪ, ਪਰਬਲਤਾ, ਫੈਲਾਓ, ਅਸਰ, ਗ਼ਲਬਾ।

Prevalent, *a.* ਪਰੈਵੇਲੈਂਟ—ਪਰਚਲਿਤ, ਜਾਰੀ, ਚਲਦਾ; ਪਰਬਲ, ਗਾਲਿਬ, ਫੈਲੀ ਹੋਈ।

Prevaricate, *v. i.* ਪਰੀਵੈਰੀਕੇਟ—ਹੂੰ ਹਾਂ ਕ॰, ਸੱਚ ਥੀਂ ਨੱਸਨਾ, ਮੁੱਕਰਨਾ, ਟਾਲ ਮਟੋਲ ਕ॰; ਸਾਜ਼ਿਸ਼ ਯਾ ਬੇਈਮਾਨਤੀ ਕ॰।

Preveno, *v. t.* ਪਰੀਵੀਨ—ਅਟਕਾਉਣਾ, ਰੋਕਨਾ।

Prevent, *v. t.* ਪਰੀਵੈਂਟ—ਰੋਕਨਾ, ਅਟਕਾਉਣਾ, ਨਿਵਾਰਣ ਕ॰, ਵਰਜਨਾ, ਮਨਾ ਕ॰, ਬਾਜ਼ ਰੱਖਨਾ; ਦਫ਼ਾ ਕ॰, ਦੂਰ ਕ॰।

Prevention, *n.* ਪਰੀਵੈਨਸ਼ਨ—ਰੋਕ, ਟੋਕ ਟੋਕ, ਅਟਕਾਓ, ਵਿਘਨ, ਬਾਧਾ, ਮੁਜ਼ਾਮਹਤ।

Preventive, *a.* ਪਰੀਵੈਨਟਿਵ—ਰੋਕਨ ਵਾਲਾ, ਬਾਧਕ; *n.* ਉਪਾਯ, ਇਲਾਜ, ਤਦਬੀਰ।

Previous, *a* ਪਰੀਵੀਅਸ—ਅੱਗੇ ਜਾਨ ਵਾਲਾ, ਪਹਲਾ, ਸਾਬਿਕ, ਗੁਜ਼ਸ਼ਤਾ।

Prevision, *n.* ਪਰੀਵੀਜ਼ਨ—ਅਗਮ ਦ੍ਰਿਸ਼ਟੀ, ਪੇਸ਼ਬੀਨੀ।

Prewarn, *v. t.* ਪਰੀਵਾਰਨ—ਪਹਲੇ ਥੀਂ ਜਤਾਉਣਾ, ਮੁਤਲਾ ਕ॰।

Prey, *n.* ਪਰੇ—ਲੁੱਟ, ਲੁੱਟ ਮਾਰ; ਲੁੱਟ ਥੀਂ ਜੋ ਹੱਥ ਲੱਗੇ, ਲੁੱਟ ਦਾ ਮਾਲ; ਸ਼ਿਕਾਰ; *v. t.* ਲੁੱਟ ਮਾਰ ਕ॰, ਉਜਾੜਨਾ; ਸ਼ਿਕਾਰ ਕ॰।

Price, *n.* ਪਰਾਇਸ—ਮੁੱਲ, ਦਾਮ, ਕੀਮਤ; ਇਨਾਮ, ਬਦਲਾ; *v. t.* ਮੁੱਲ ਕ॰, ਅੰਕਨਾ।

Priceless, *a.* ਪਰਾਇਸਲੈਸ—ਅਨਮੋਲ, ਅਮੁਲਜ; ਨਿਕੰਮਾ, ਬੇਕਦਰ, ਨਾਚੀਜ਼।

Prick, *v. t.* ਪਰਿਕ—ਚੁਭਾਉਣਾ, ਖੜਾ ਕ॰, ਬੇਧਨਾ, ਅੱਡੀ ਮਾਰਨਾ, ਉਕਸਾਉਣਾ; ਚਿੰਨ੍ਹ ਕ॰, ਖਾਕਾ ਖਿੱਚਨਾ, ਗੋਡਨਾ; ਡੰਗ ਮਾਰਨਾ; ਚੂੰਡੀ ਵਢਨਾ, ਚੁਟਕੀ ਲੈਨਾ; *v. i.* ਬਨਾਓ ਯਾ ਸ਼ਿੰਗਾਰ ਕ॰; ਨਿਸ਼ਾਨਾ ਬੰਨ੍ਹਣਾ; *n.* ਚੋਭ, ਬੇਧ, ਕੰਡਾ, ਕਾਂਟਾ, ਅੰਕੁਸ਼, ਸੂਈ, ਸਲਾਈ; ਨਿਸ਼ਾਨਾ; ਲੱਭਾ; ਡੰਕ; ਨੋਕ।

Pricker, *n.* ਪਰਿਕਰ—ਕਾਂਟਾ, ਸੂਈ, ਖੋਦਨੀ।

Pricket, *n.* ਪਰਿਕੇਟ—ਹਿਰਨ ਜੋ ਦੂਜੇ ਵਰ੍ਹੇ ਵਿੱਚ ਹੋਵੇ, ਦੁਸਾਲਾ ਹਿਰਨ।

Pricking, *n.* ਪਰਿਕਿੰਗ—ਸੂਲ, ਚੋਭ; ਧੜਕ।

Prickle, *n.* ਪਰਿੱਕਲ—ਕੰਡਾ, ਖਾਰ, ਕਾਂਟਾ; ਡਲ; ਇੱਕ ਪਰਕਾਰ ਦੀ ਛਾਨਣੀ; *v. t.* ਚੁਭਾਉਣਾ, ਖੁਭਾਉਣਾ, ਸਾਲਣਾ।

Prickliness, *n.* ਪਰਿਕਲੀਨੈਸ–ਕੰਟੀਲਾਪਨ, ਨੁਕੀਲਾਪਨ, ਖਾਰਦਾਰੀ।

Prickly, *a.* ਪਰਿਕਲੀ–ਕੰਡਾਲਾ, ਕੰਡਿਆਂ ਵਾਲਾ, ਕਾਂਟੇਦਾਰ, ਖ਼ਾਰਦਾਰ।

Pride, *n.* ਪਰਾਇਡ—ਅਭਿਮਾਨ, ਅਹੰਕਾਰ, ਘੁਮੰਡ, ਫ਼ਖ਼ਰ, ਗ਼ਰੂਰ, ਵਿਭੂਤੀ, ਭੜਕ, ਗਟਕੀ, ਉੱਚਾਈ, ਸਜਾਵਟ, ਪਰਤਾਪ; *v. t* ਫੁਲਣਾ, ਘੁਮੰਡ ਜਾ ਗ਼ਰੂਰ ਕ०, ਫ਼ਖ਼ਰ ਕ०।

Priest, *n.* ਪਰੀਸਟ–ਗੁਰੂ, ਪੁਜਾਰੀ, ਯਾਜਕ, ਪਰੋਹਿਤ, ਪਾਦਰੀ, ਮੁਰਸ਼ਦ, ਇਮਾਮ।

Priestess, *n.* ਪਰੀਸਟੈਸ–ਪੁਰੋਹਿਤਾਣੀ, ਗੁਰਯਾਣੀ, ਪਾਦਰਿਨ, ਪੀਰਾਨੀ।

Priesthood, *a.* ਪਰੀਸਟਹੁਡ—ਪਾਦਰੀ ਯਾ ਪੁਰੋਹਿਤ ਦਾ ਪਦ; ਪਾਦਰੀਆਂ ਦੀ ਸ਼ਰੇਣੀ।

Prig, *v. t.* ਪਰਿਗ—ਚੋਰੀ ਕ०; *n.* ਚੋਰ, ਦੰਭੀ, ਛਲੀਆ; ਖ਼ੁਦ ਪਸੰਦ।

Prim, *a.* ਪਰਿਮ—ਠੀਕ, ਅਤੀ ਸੂਕਸ਼ਮ, ਮਿਜ਼ਾਜਦਾਰ; *v. t.* ਬਨਾਓ ਸ਼ਨਾਓ ਕ०, ਸ਼ਿੰਗਾਰਨਾ, ਬਨ ਠਨ ਕੇ ਨਿਕਲਨਾ।

Primacy, *n.* ਪਰੀਮੇਸੀ–ਸਰਦਾਰ ਪਾਦਰੀ ਦਾ ਪਦ ਯਾ ਓਹਦਾ।

Primal, *a.* ਪਰੀਮਲ–ਪਥਮ, ਪਹਲਾ, ਅੱਵਲ।

Primary, *a.* ਪਰੀਮੇਰੀ–ਪ੍ਰਥਮ, ਪਹਲਾ, ਇਬਤਦਾਈ, ਆਦਿ; ਪਰਧਾਨ, ਅਸਲੀ।

Primate, *n.* ਪਰੀਮੇਟ–ਸਰਦਾਰ ਪਾਦਰੀ।

Prime, *a.* ਪਰਾਇਮ–ਸਭ ਥੀਂ ਵੱਡਾ, ਪ੍ਰਥਮ, ਆਦਿ, ਪਰਧਾਨ, ਮੁਖ, ਸਭ ਥੀਂ ਉੱਤਮ; *n.* ਉੱਤਮ ਭਾਗ, ਚੰਗੇ ਨਸੀਬ; ਭੋਰ, ਸਵੇਰਾ, ਪ੍ਰਾਤਾਕਾਲ; ਜੋਬਨ, ਜਵਾਨੀ; ਚੰਗਾ ਹਿੱਸਾ; *v. t.* ਅਸਤਰ ਚੜ੍ਹਾਉਣਾ, ਜ਼ਮੀਨ ਬਨਾਉਣਾ।

Primer, *n.* ਪਰਾਇਮਰ–ਬਾਲਕਾਂ ਦੀ ਸਿੱਖਯਾ ਲਈ ਪਹਲੀ ਕਿਤਾਬ ਯਾ ਪੁਸਤਕ; ਇੱਕ ਪਰਕਾਰ ਦੇ ਛਾਪੇ ਦੇ ਅੱਖਰ।

Primero, *n.* ਪਰੀਮੇਰੋ–ਤਾਸ਼ ਦੀ ਇੱਕ ਖੇਡ।

Primeval, *a.* ਪਰੀਮੇਵਲ–ਆਦਿ ਦਾ, ਪਹਲਾ, ਇਬਤਦਾਈ, ਅਸਲੀ, ਮੂਲਕ।

Priming, *n.* ਪਰੀਮਿੰਗ–ਰੰਗ ਦਾ ਅਸਤਰ; ਤੱਤਾ ਪਾਣੀ ਜੋ ... ਜਾਂਦਾ ਹੈ, ਰਸਕ।

Primitive, *a.* ਪਰੀਮਿਟਿਵ–ਪਹਲਾ, ਆਦਿ, ਪਰਾਚੀਨ, ਰੂੜ੍ਹੀ (ਸ਼ਬਦ)

Primness, *n.* ਪਰਿਮਨੈਸ–ਬਨਾਵਟ।

Primigenial, Primigenious, *a.* ਪਰਿਮੀਜਿਨੀਅਲ, ਪਰਿਮੀਜੀਨੀਅਸ—ਪਹਲੇ ਜੰਮਿਆ ਹੋਇਆ, ਪਲੇਠਾ, ਜੇਠਾ।

Primordial, *a.* ਪਰੀਮੋਰਡੀਅਲ—ਆਦਿ ਵਿੱਚ ਹੋਨ ਵਾਲਾ; *n.* ਜੜ, ਮੂਲ, ਅਸਲ।

Primrose, *n.* ਪਰਿਮਰੋਜ਼–ਬਸੰਤੀ ਗੁਲਾਬ।

Prince, *n.* ਪਰਿੰਸ—ਕੰਵਰ, ਰਾਜ ਪੁੱਤਰ, ਯੁਵਰਾਜ, ਰਾਜਕੁਮਾਰ, ਸ਼ਾਹਜ਼ਾਦਾ; ਰਾਜਾ, ਮਾਲਿਕ, ਅਫ਼ਸਰ, ਸਰਦਾਰ, ਸਰਤਾਜ।

Princely, *a.* ਪਰਿੰਸਲੀ–ਪਰਤਾਪਵਾਨ, ਰਾਜਨ ਜੋਗ; ਸ਼ਾਹੀ, ਰਾਜਕੀਯ; ਮਹਾਨ, ਵੱਡਾ, ਆਲੀਸ਼ਾਨ, ਰਾਜੇ ਵਾਂਗੂ।

Prince's-metal, *n.* ਪਰਿੰਸਜ਼ਮੈਟਲ–ਕਾਂਸਾ।

Princess, *n.* ਪਰਿੰਸਸ–ਰਾਜਕੁਮਾਰੀ, ਰਾਜਪੁੱਤਰੀ, ਸ਼ਾਹਜ਼ਾਦੀ; ਰਾਨੀ, ਬੇਗਮ।

Principal, *a.* ਪਰਿੰਸੀਪਲ–ਸਭ ਥੀਂ ਵੱਡਾ, ਮੁਖੀਆ, ਪਰਧਾਨ, ਉੱਤਮ, ਉਤਕ੍ਰਿਸ਼ਟ; *n.* ਮੁਖ ਨਾਯਕ, ਅਧਿਪਤੀ, ਸਰਦਾਰ, ਮਹੰਤ; ਪੂੰਜੀ, ਮੂਲ ਧਨ; ਕਾਲਿਜ (ਮਹਾਂ ਵਿਦਯਾਲਯ) ਦਾ ਅਧਿਪਤੀ।

Principality, *n.* ਪਰਿੰਸੀਪੈਲੀਟੀ—ਰਾਜ ਅਧਿਕਾਰ, ਹੁਕਮਰਾਨੀ, ਹਕੂਮਤ; ਰਾਜ, ਦੇਸ਼।

Principally, *adv.* ਪਰਿੰਸੀਪਲੀ–ਖ਼ਾਸ ਕਰਕੇ, ਵਿਸ਼ੇਸ਼ ਕਰਕੇ, ਸਭ ਥੀਂ ਉੱਪਰ, ਪਹਲੇ।

Principle, *n.* ਪਰਿੰਸੀਪਲ–ਆਦਿ ਹੇਤੂ, ਤੱਤ, ਮੂਲ, ਜੜ; ਨਿਯਮ, ਧਰਮ, ਕਾਨੂਨ, ਰੀਤ, ਸ਼ਾਬਤਾ; ਜੋਗਤਾ, ਕਾਰਣ, ਸਬਬ; ਅਸਲ; ਗੁਰ, ਅਸੂਲ; *v. t.* ਕਿਸੇ ਮਤ, ਧਰਮ ਯਾ ਰੀਤਿ ਪੁਰ ਸਥਾਪਨ ਕ०, ਦਿਲ ਪੁਰ ਯਾ ਮਨ ਵਿੱਚ ਬਿਠਾਉਣਾ, ਅਸੂਲ ਕਾਯਮ ਕ०।

Prink, *v. i.* ਪਰਿੰਕ–ਭੜਕ ਦਿਖਾਉਣੀ, ਬਨ ਬਨਾਵ ਕ०, ਬਨਾਓ ਬਨਾਓ ਕ०, ਸੰਵਾਰਨਾ, ਦਿਖਾਵੇ ਲਈ ਸ਼ੋਭਿਤ ਕ०; ਘੁਮੰਡ ਨਾਲ ਚਲਨਾ, ਆਕੜਕੇ ਟੁਰਨਾ, ਆਕੜਨਾ।

Print, *v. t.* ਪਰਿੰਟ—ਛਾਪਨਾ, ਦਬਾਕੇ ਚਿੰਨ੍ਹ ਕ०, ਛਾਪਨ ਦਾ ਕੰਮ ਕ०; ਛਪਾਉਣਾ; *n.*

ਛਾਪੇ ਦਾ ਚਿੱਤਰ, ਛਾਪਾ, ਮੋਹਰ, ਠੱਪਾ; ਛਾਪੇ ਦੀ ਪੁਸਤਕ ਆਦਿ ।

Printer, *n.* ਪਰਿੰਟਰ-ਛਾਪਨ ਵਾਲਾ, ਛਪੇਰਾ ।

Printing, *n.* ਪਰਿੰਟਿੰਗ-ਛਪਾਈ, ਛਾਪਾ ।

Prior, *a.* ਪਰੀਅਰ—ਪੂਰਵ, ਅੱਗਰ, ਪਹਲਾ; *n.* ਮਠਾਧਾਰੀ, ਅਖਾੜੇ ਦਾ ਮਹੰਤ ।

Priorate, *n.* ਪਰੀਓਰੇਟ-ਮਹੰਤ ਦਾ ਅਧਿਕਾਰ ਜਾ ਇਲਾਕਾ ।

Prioress, *n.* ਪਰੀਓਰੇਸ-ਮਹੰਤਨੀ ।

Priority, *n.* ਪਰੀਔਰੀਟੀ-ਪਹਲ, ਕਦਾਮਤ ।

Priorship, *n.* ਪਰੀਅਰਸ਼ਿਪ-ਮਹੰਤ ਦੀ ਪਦਵੀ ਜਾ ਗੱਦੀ ।

Prism, *n.* ਪਰੀਜ਼ਮ-ਛਿਦਿਤਾ ਘਨਕ ਛੇਤਰ, ਮਖ਼ਰੂਤ ਮੁਤਸਾਵੀ; ਮੰਸ਼ੂਰ ।

Prismatic, Prismatical, *a.* ਪਰਿਜ਼ਮੈਟਿਕ, ਪਰਿਜ਼ਮੈਟੀਕਲ—ਛਿਦਿਤਾ ਘਨਕ ਛੇਤਰਾਕਾਰ, ਛਿਦਿਤਾ ਘਨਕ ਛੇਤਰਾਕਾਰ ਸੰਬੰਧੀ; ਮੰਸ਼ੂਰੀ ।

Prison, *n.* ਪਰੀਜ਼ਨ—ਕਾਰਾਗਾਰ, ਜੇਲਖਾਨਾ, ਬੰਦੀਖਾਨਾ; *v. t.* ਬੰਦ ਕ०, ਕੈਦ ਕ० ।

Prisoner, *n.* ਪਰਿਜ਼ਨਰ-ਕੈਦੀ, ਬੰਦੂਆ ।

Pristine, *a.* ਪਰਿਸਟਿਨ—ਅਗਲਾ, ਪਹਲਾ, ਪੁਰਾਣਾ, ਪਰਾਚੀਨ, ਅਸਲੀ, ਮੁਕੱਦਮ ।

Prithee, *Int.* ਪਰਿਥੀ-ਕਿਉਂ ਜੀ, ਸੁਨ ਤਾਂ, ਅਜੀ, ਕਿਉਂ ਸਾਹਿਬ ।

Prittle-prattle, *n.* ਪਰਿੱਟਲ ਪਰੈਟਲ—ਤਕਵਕ, ਬਕਬਕ, ਬਕਵਾਦ, ਬੜਬੜ ।

Private, *a.* ਪਰਾਈਵੇਟ-ਅਪਨਾ, ਨਿਜ ਦਾ, ਖ਼ਾਨਗੀ; ਗੁਪਤ, ਲੁਕਿਆ, ਛੁਪਿਆ, ਪੋਸ਼ੀਦਾ; ਚੁੱਪ; *n.* ਸਿਪਾਹੀ ਲਸ਼ਕਰੀ ।

Privateer, *n.* ਪਰਾਇਵੇਟੀਅਰ-ਖਾਨਗੀ ਜਾ ਪਰਜਾ ਦਾ ਜੰਗੀ ਜਹਾਜ਼; ਡਾਕੂਆਂ ਦਾ ਜਹਾਜ਼; *v. i.* ਦੁਸ਼ਮਨ ਦੇ ਮੁਕਾਬਲੇ ਵਿੱਚ ਜਹਾਜ਼ ਨੂੰ ਇੱਧਰ ਉੱਧਰ ਲਈ ਫਿਰਨਾ ।

Privately, *adv.* ਪਰਾਈਵੇਟਲੀ-ਚੁੱਪਚਾਪ, ਚੁਪਕੇ ਚੁਪਕੇ, ਪੋਸ਼ੀਦਾ, ਖ਼ੁਫ਼ੀਆ, ਲੁਕਕੇ ।

Privation, *n.* ਪਰਾਈਵੇਸ਼ਨ-ਅਨਹੋਤ, ਤੰਗੀ, ਮੁਹਤਾਜੀ, ਹਾਨੀ, ਅਭਾਵ, ਅਪਾਰਪਤੀ ।

Privilege, *n.* ਪਰੀਵੀਲੇਜ-ਅੰਸ਼, ਪਦਵੀ, ਹਕ, ਅਧਿਕਾਰ, ਮੰਸਬ; *v. t* ਅਧਿਕਾਰ ਦੇਨਾ, ਹਕਦਾਰ ਕ०; ਛੱਡ ਦੇਨਾ, ਮੁਆਫ਼ ਕ० ।

Privity, *n.* ਪਰੀਵੀਟੀ-ਗਿਆਨ, ਆਗਾਹੀ; ਭੇਦ; ਅਹਦਨਾਮਾ; ਗੁਪਤ ਅੰਗ, ਅੰਦਾਮ-ਨਿਹਾਨੀ, ਕੁੱਈ, ਭੋਸੜੀ, ਭਗ, ਲੁਲ ।

Privy, *a.* ਪਰੀਵੀ-ਗੁਪਤ, ਲੁਕਿਆ ਹੋਇਆ, ਪੋਸ਼ੀਦਾ; ਅਪਨਾ, ਨਿਜ ਦਾ; ਖ਼ਬਰਦਾਰ, ਆਗਾਹ; ਇਕਾਂਤ ਦਾ; ਰਾਜਕੋਜ; *n.* ਜੰਗਲ-ਖਾਨਾ, ਖੁੱਡੀ, ਜਾਜ ਜ਼ਰੂਰ, ਟੱਟੀ; ਭੇਦੀ, ਰਾਜ਼ਦਾਰ ।

Prize, *n.* ਪਰਾਇਜ਼-ਜਸ ਲਾਭ, ਲੁੱਟ; ਦਾਓਂ; ਇਨਾਮ, ਪਰਿਤੋਸ਼ਕ; ਵਡਮੁੱਲੀ ਜਾ ਕੀਮਤੀ ਚੀਜ਼; *v. t.* ਵੱਡੇ ਮੁੱਲ ਦਾ ਸਮਝਨਾ; ਬਹੁਤ ਮਾਨ ਕ०, ਵੱਡੀ ਕਦਰ ਕ०, ਪਿਆਰਾ ਜਾਨਣਾ

Probable, *a.* ਪਰੋਬੇਬਲ-ਹੋਨਹਾਰ, ਸੁਦਨੀ; ਭਾਵਨਾ ਜੋਗ, ਹੋਨ ਜੋਗ, ਸਮਭਾਵਨ, ਕਿਆਸੀ, ਅਗਲਬ; *n.* Probability.

Probate, *n.* ਪਰੋਬੇਟ-ਪਰਮਾਨ, ਮਹਿਤ ਪਤਰ, ਵਸੀਅਤਨਾਮੇ ਨੂੰ ਪਰਮਾਨ ਕਰਨ ਦਾ ਅਧਿਕਾਰ ਜਾ ਹਕ, ਵਸੀਅਤਨਾਮਾ ਬਤੌਰ ਸਨਦ ।

Probation, *n.* ਪਰੋਬੇਸ਼ਨ-ਪਰਮਾਨ, ਨਿਰਣਯ, ਜਾਂਚ, ਪਰਖ, ਆਜ਼ਮਾਇਸ਼, ਇਮਤਿਹਾਨ, ਪਰੀਕਸ਼ਾ; ਕੰਮ ਸਿੱਖਨ ਦਾ ਸਮਯ, ਸ਼ਾਗਿਰਦੀ ਦਾ ਸਮਯ ।

Probationary, *n.* ਪਰੋਬੇਸ਼ਨਰੀ-ਸ਼ਾਗਿਰਦੀ, ਉਮੇਦਵਾਰੀ ।

Probationer, *n.* ਪਰੋਬੇਸ਼ਨਰ-ਪਰੀਕਸ਼ਾ ਪੁਰ ਕੰਮ ਕਰਨ ਵਾਲਾ, ਸ਼ਾਗਿਰਦ, ਉਮੇਦਵਾਰ ।

Probator, *n.* ਪਰੋਬੇਟਰ-ਪਰੀਕਸ਼ਕ, ਪਰਖਨ ਵਾਲਾ; ਅਪਰਾਧ ਸਹਾਯਕ ।

Probatory, *a.* ਪਰੋਬਟੋਰੀ-ਪਰੀਖਯਾ ਸੰਬੰਧੀ, ਇਮਤਿਹਾਨ ਦਾ, ਆਜ਼ਮਾਇਸ਼ੀ ।

Probe, *v t.* ਪਰੋਬ-ਢੂੰਡਨਾ, ਖੋਜਨਾ, ਪਰੀਖਯਾ ਕ०, ਪਰਖਨਾ, ਕਸਨਾ; ਜ਼ਖ਼ਮ ਜਾ ਘਾਓ ਨੂੰ ਸਲਾਈ ਨਾਲ ਟਟੋਲਨਾ, ਤੇਹ ਨੂੰ ਪਹੁੰਚਨਾ; *n.* ਜ਼ਖ਼ਮ ਜਾਚਨ ਲਈ ਸਲਾਈ ।

Probity, *n.* ਪਰੋਬਿਟੀ—ਧਰਮ, ਭੱਲਾਈ, ਸਾਧੂਤਾ, ਸ਼ੁੱਧਤਾ, ਸਤਜਤਾ, ਸਦਾਕਤ ।

Problem, *n.* ਪਰੋਬਲੇਮ—ਪ੍ਰਸ਼ਨ, ਸਵਾਲ, ਮਸਲਾ, ਉਕਦਾ ।

Proboscis, *n.* ਪਰੋਬੋਸਿਸ-ਹਾਥੀ ਦੀ ਸੁੰਡ ।

Procatarctic, *a.* ਪਰੋਕਟਅਰਕਟਿਕ–ਰੋਗ ਨੂੰ ਵਧਾਉਨ ਵਾਲਾ, ਮੁਹੱਰਿਕ ।

Procedure, *n.* ਪਰੋਸੀਡੁਰ–ਚਾਲ ਢਾਲ, ਰੰਗ ਢੰਗ, ਕੰਮ, ਕਾਰਰਵਾਈ, ਰੀਤੀ, ਆਚਰਨ, ਅਮਲ ਦਰਾਮਦ, ਦਸਤੂਰ ਉਲ ਅਮਲ, ਤੌਰ ਤਰੀਕਾ, ਜ਼ਾਬਤਾ ।

Proceed, *v. t.* ਪਰੋਸੀਡ–ਅੱਗੇ ਚਲਨਾ ਯਾ ਵਧਨਾ, ਅਸਰ ਕ०, ਖੁਲਨਾ, ਨਿਕਲਨਾ, ਅਮਲ ਕ०, ਚਲਨਾ, ਉੱਨਤੀ ਯਾ ਤਰੱਕੀ ਕ० ।

Proceeding, *n.* ਪਰੋਸੀਡਿੰਗ–ਕੰਮ, ਆਚਾਰ, ਕਰਮ, ਬਿਉਪਾਰ, ਕਾਰਰਵਾਈ, ਰੋਬਕਾਰ ।

Proceeds, *n.* ਪਰੋਸੀਡਜ਼–ਪੈਦਾਵਾਰੀ, ਆਮਦਨੀ, ਵਿਕਰੀ, ਮੁਹਾਸਿਲ ।

Proceleusmatic, *a.* ਪਰੋਸੈਲਅਸਮੈਟਿਕ—ਚਾਰ ਛੋਟੇ ਅੰਗਾਂ ਦਾ ਇਕ ਛੰਦ; ਆਨੰਦਦਾਯਕ

Process, *n.* ਪਰੋਸੈਸ—ਕ੍ਰਿਯਾ, ਕਰਮ, ਬਿਉਪਾਰ, ਤਰਕੀਬ, ਤਰੀਕਾ, ਢੰਗ; ਵਧਿਆ ਹੋਇਆ ਹਿੱਸਾ; ਅਦਾਲਤ ਦਾ ਪਰਵਾਨਾ ਯਾ ਡਿਗਰੀ; ਮਿਸਲ, ਮੁਕੱਦਮੇ ਦੇ ਸਾਰੇ ਕਾਗਜ਼ ।

Procession, *n.* ਪਰੋਸੈਸ਼ਨ—ਲੋਕ ਯਾਤਰਾ, ਯਾਤਰਾ ਪਰਸੰਗ, ਜਨ ਯਾਤਰਾ, ਸਵਾਰੀ, ਧੂਮ ਧਾਮ ਨਾਲ ਨਿਕਲਨਾ, ਜਲੂਸ, ਅੱਗੇ ਵਧਨਾ ।

Proclaim, *v. t.* ਪਰੋਕਲੇਮ—ਪਰਗਟ ਕ०, ਪਰਕਾਸ਼ ਕ०; ਪੁਕਾਰਨਾ; ਖੋਲ੍ਹਕੇ ਕਹਨਾ; ਜਾਤੀ ਥੀਂ ਕਢ ਦੇਨਾ, ਖਾਰਿਜ ਕ० ।

Proclaimer, *n.* ਪਰੋਕਲੇਮਰ—ਢੰਡੋਰੀਆ, ਮੁਨਾਦੀ ਕਰਨ ਵਾਲਾ, ਢੰਡੋਰਚੀ ।

Proclamation, *n.* ਪਰੋਕਲੈਮੇਸ਼ਨ–ਢੰਡੋਰਾ, ਮੁਨਾਦੀ; ਡੁਗਡੁਗੀ; ਰਾਜ ਆਗਯਾ ਪਤਰ ਏਲਾਨ, ਇਸ਼ਤਿਹਾਰ, ਵਿਗਯਾਪਨ ।

Proclive, *a.* ਪਰੋਕਲਿਵ—ਝੁਕਿਆ ਹੋਇਆ, ਸ਼ੀਲ, ਮਾਇਲ ।

Proclivity, *n.* ਪਰੋਕਲੀਵਿਟੀ–ਝੁਕਾਉ, ਸ਼ੀਲਤਾ, ਮੈਲਾਨ; ਫੁਰਤੀ, ਤਿਆਰੀ ।

Procrastinate, *v. t.* ਪਰੋਕਰੈਸਟੀਨੇਟ—ਉਠਾ ਰੱਖਨਾ, ਟਾਲਨਾ, ਅੱਜ ਕੱਲ ਕ०, ਢਿੱਲ ਕ०, ਟਾਲਮਟੋਲ ਕ० ।

Procreate, *v. t.* ਪਰੋਕਰੀਏਟ–ਉਤਪੰਨ ਕ०, ਉਪਜਾਉਨਾ, ਜਨਮਾਉਨਾ, ਬੱਚਾ ਦੇਨਾ ।

Proctor, *n.* ਪਰੋਕਟਰ—ਪ੍ਰਤਿਨਿਧੀ, ਦੂਜੇ ਦਾ ਕੰਮ ਕਰਨ ਵਾਲਾ; ਰਾਜ ਵਿਦਯਾਲਯ ਵਿੱਚ ਇਕ ਅਧਿਕਾਰੀ ਜੋ ਏਹ ਦੇਖਿਆ ਕਰਦਾ ਹੈ ਕਿ ਛਾਤਰ ਕੁਚਾਲ ਨ ਚਲਨ, ਧਾਰਮਿਕ ਅਦਾਲਤ ਦਾ ਵਕੀਲ, ਮੁਖਤਾਰ, ਕੁਮਾਸ਼ਤਾ ।

Procumbent, *a.* ਪਰੋਕਮਬੈਂਟ–ਝੁਕਿਆ ਹੋਇਆ, ਲੇਟਿਆ ਹੋਇਆ, ਪਿਆ ਹੋਇਆ ।

Procurable, *a.* ਪਰੋਕੁਰੇਬਲ–ਮਿਲਨ ਜੋਗ, ਜੋ ਮਿਲ ਸਕੇ, ਮੁਮਕਿਨ ਉਲ ਹਸੂਲ, ਦਸਤਯਾਬ

Procure, *v. t.* ਪਰੋਕੁਰ–ਪਾਉਨਾ, ਕਮਾਉਨਾ, ਉਪਾਰਜਨ ਕ०, ਪੂਰਾ ਕ०, ਹਾਸਿਲ ਕ०; *v.i.* ਕੁਟਨਾਪਾ ਯਾ ਦੱਲਪਨਾ ਕ०, ਭੜਵਾਈ ਕ० ।

Procurement, *n.* ਪਰੋਕੁਰਮੈਂਟ–ਪਰਾਪਤੀ ।

Procurer, *n.* ਪਰੋਕੁਰਰ–ਸੰਪਾਦਕ, ਉਤਪੰਨ ਯਾ ਪੈਦਾ ਕਰਨ ਵਾਲਾ; ਭੜਵਾ, ਦੱਲਾ ।

Procuress, *n.* ਪਰੋਕੁਰੈਸ—ਕੁਟਨੀ, ਦੂਤਨੀ, ਦਲਾਲਨ, ਦੱਲੀ, ਦੱਲਾਲਾਹ ।

Prod, *n.* ਪਰੌਡ–ਆਰ, ਆਨੀ; *v. t.* ਚਭੋਨਾ, ਘੁਸੇੜਨਾ ।

Prodigal, *a.* ਪਰੋਡੀਗਲ–ਲੁਟਾਊ, ਉਡਾਊ, ਗੁਆਊ, ਬੇਦਰੇਗ਼, ਫ਼ਜ਼ੂਲ ਖ਼ਰਚ; ਬਹੁਤ, ਵਾਫ਼ਿਰ, ਵਾਧੂ; *n.* Prodigality.

Prodigious, *a.* ਪਰੋਡੀਜੀਅਸ–ਅਨੋਖਾ ਅਜੀਬ; ਬਹੁਤ ਵੱਡਾ, ਅਜ਼ੀਮ ।

Prodigy, *n.* ਪਰੌਡੀਜੀ—ਅਚੰਭਾ, ਅਸ਼ਚਰਜ, ਤਅੱਜੁਬ ।

Prodition, *n.* ਪਰੋਡੀਸ਼ਨ–ਛਲ, ਕਪਟ, ਵਿਸ਼ਵਾਸਘਾਤ, ਫ਼ਰੇਬ, ਧੋਖਾ ।

Proditor, *n.* ਪਰੌਡੀਟਰ–ਛਲੀ, ਕਪਟੀ, ਠਗ ।

Proditorious, *a.* ਪਰੋਡੀਟੋਰੀਅਸ–ਛਲੀਆ, ਕਪਟੀ, ਵਿਸ਼ਵਾਸਘਾਤੀ ।

Prodrome, *a.* ਪਰੋਡਰੋਮ–ਅਗਰਗਾਮੀ, ਅੱਗੇ ਜਾਨ ਵਾਲਾ, ਹਰਕਾਰਾ ।

Produce, *v. t.* ਪਰੋਡੂਸ–ਜਨਮਾਉਨਾ, ਪੈਦਾ ਕ०, ਉਪਜਾਉਨਾ; ਅੱਗੇ ਕ०, ਸਾਹਮਣੇ ਕ०, ਪੇਸ਼ ਕ०, ਦਿਖਲਾਉਨਾ; ਰਚਨਾ, ਕਰਨਾ, ਬਨਾਉਨਾ; ਲੰਬਾ ਕ०, ਤਾਨਣਾ, ਫੈਲਾਉਨਾ, ਪਸਾਰਨਾ; *n.* ਨਿਕਾਸ, ਉਤਪੱਤੀ; ਲਾਭ, ਫਲ, ਆਮਦਨ, ਪੈਦਾਵਾਰ, ਹਾਸਿਲ ।

Producible, *a.* ਪਰੋਡੂਸੀਬਲ—ਸੰਭਵ ਜੋਗ, ਪੈਦਾ ਹੋਨ ਦੇ ਕਾਬਿਲ; ਜੋ ਅੱਗੇ ਰੱਖਿਆ ਜਾ ਸੱਕੇ, ਪੇਸ਼ ਕਰਨ ਦੇ ਕਾਬਿਲ ।

Product, *n.* ਪਰੋਡਕਟ–ਗੁਣ ਫਲ, ਪਰਿਨਾਮ, ਨਿਸ਼ਪੱਨ, ਹਾਸਿਲ ਜ਼ਰਬ ।

Productile, *a.* ਪਰੋਡਕਟਿਲ—ਤਨਣ ਵਾਲਾ, ਵਧਨ ਵਾਲਾ, ਤਲਾਵਤ ਪਦਾਰਥ ।

Production, *n.* ਪਰੋਡਕਸ਼ਨ—ਉਤਪੱਤੀ, ਸੰਪਾਦਨ, ਫਲ, ਪੈਦਾਵਾਰ; ਰਚਨਾ, ਕਾਰੀਗਰੀ; ਈਜਾਦ, ਗਰੰਥ; ਲੰਮਾਈ, ਤੂਲ

Productive, *a.* ਪਰੋਡਕਟਿਵ—ਉਤਪਾਦਕ, ਪੈਦਾ ਕਰਨ ਵਾਲਾ, ਜਨਕ, ਸੰਪਾਦਕ, ਸਾਰਥਕ; ਭਰਿਆ ਹੋਯਾ, ਮਾਨੋ ਜ਼ੇਬ, ਜ਼ਰਖ਼ੇਜ਼ ।

Proem, *n.* ਪਰੋਐਮ–ਪਰਸਤਾਵਨਾ, ਦੀਬਾਚਾ, ਪਰਿਭਾਸ਼ਾ, ਭੂਮਿਕਾ, ਤਮਹੀਦ ।

Profane, *a.* ਪਰੋਫ਼ੇਨ—ਧਰਮ ਦਵੈਸ਼ੀ, ਅਧਰਮੀ, ਸੰਸਕਾਰ ਹੀਨ, ਲੌਕਿਕ, ਅਪਵਿੱਤਰ, ਭਰਸ਼ਟ, ਅਸ਼ੁੱਧ, ਗੁਮਰਾਹ; *v.t.* ਅਪਵਿੱਤਰ, ਭਰਸ਼ਟ ਜਾਂ ਅਸ਼ੁੱਧ ਕ੦ ਵਿਗਾੜਨਾ, ਘਿਰਥਾ ਕ੦; ਅਪਮਾਨ ਜਾਂ ਅਨਾਦਰ ਕ੦ ।

Profess, *v. t.* ਪਰੋਫ਼ੈਸ–ਖੋਲਕੇ ਕਹਨਾ, ਪਰਗਟ ਕ੦, ਮੰਨ ਲੈਣਾ, ਦਿਖਾਉਣਾ; ਪਰਤਿਗਯਾ ਕ੦, ਇਕਰਾਰ ਕ੦, ਦਾਵਾ ਕ੦ ।

Profession, *n.* ਪਰੋਫ਼ੈਸ਼ਨ–ਪਰਤਿਗਯਾ, ਇਕਰਾਰ; ਬਿਉਪਾਰ, ਉਦਯੋਗ, ਵਿਵਹਾਰ, ਜੀਵਿਕਾ, ਜੀਵਨ ਦਾ ਉਪਾਯ, ਪੇਸ਼ਾ, ਧੰਦਾ ।

Professor, *n.* ਪਰੋਫ਼ੈਸਰ—ਪਰਤਿਗਯਾਕਾਰੀ; ਮਹਾ ਅਧਯਾਪਕ, ਭੱਟਾਚਾਰਯ, ਰਾਜ ਜਾਂ ਸਭਾ ਪੰਡਿਤ; ਮਹਾ ਵਿਦਯਾਲਯ ਦਾ ਅਧਯਾਪਕ ।

Proffer, *v. t.* ਪਰੋਫ਼ਰ–ਦੇਣਾ, ਭੇਟ ਜਾਂ ਨਜ਼ਰ ਕ੦, ਅੱਗੇ ਧਰਨਾ, ਪੇਸ਼ ਕ੦; *n.* ਨਿਵੇਦਨ, ਸੁਆਲ, ਅਰਜ਼ੀ, ਦਰਖ਼ਾਸਤ, ਇਰਾਦਾ ।

Proficience, Proficiency, *n.* ਪਰੋਫ਼ੀਸ਼ੀਐਂਸ, ਪਰੋਫ਼ੀਸ਼ੀਐਨਸੀ—ਨਿਪੁਣਤਾ, ਪਰਬੀਨਤਾ, ਲਿਆਕਤ, ਮਹਾਰਤ, ਤਰੱਕੀ ।

Proficient, *a.* ਪਰੋਫ਼ੀਸ਼ੀਐਂਟ–ਗੁਣੀ, ਪਰਬੀਨ, ਕਾਬਿਲ; *n.* ਉਸਤਾਦ, ਗੁਣੀ ਜਨ ।

Profile, *n.* ਪਰੋਫ਼ਾਇਲ–ਇਕ ਪਾਸੀ ਮੂਰਤ, ਇਕਰੁਖ਼ਾ ਨਕਸ਼ਾ, ਇਕ ਚਸ਼ਮੀ ਤਸਵੀਰ ।

Profit, *n.* ਪਰੋਫ਼ਿਟ—ਪਰਾਪਤੀ, ਉਪਾਰਜਨ, ਨਫ਼ਾ, ਲਾਭ, ਫ਼ੈਦਾ, ਫਲ, ਹਿਤ; *v.t.* ਉਪਯੋਗੀ ਹੋਣਾ, ਉਪਕਾਰ ਕ੦, ਹਿਤ ਕ੦; ਫਲ ਪਾਉਣਾ ਜਾਂ ਦੇਣਾ, ਨਫ਼ਾ ਪਾਉਣਾ ।

Profitable, *a.* ਪਰੋਫ਼ੀਟੇਬਲ—ਲਾਭਜਨਕ, ਫਲਦਾਯਕ, ਉਪਕਾਰੀ, ਉਪਯੋਗੀ, ਨਫ਼ੇ ਵਾਲਾ, ਫ਼ਾਇਦਾਮੰਦ; *n.* Profitableness.

Profligacy, *n.* ਪਰੋਫ਼ਲੀਗੇਸੀ—ਲੁੱਚਪਨਾ, ਦੁਸ਼ਟਤਾ, ਲੰਪਟਤਾ, ਸ਼ੋਹਦਾਪਨ, ਬਦਕਾਰੀ ।

Profligate, *v t.* ਪਰੋਫ਼ਲੀਗੇਟ–ਹੱਕ ਦੇਣਾ; ਜਿਤਨਾ, ਹਰਾਉਣਾ; *a.* ਪਾਪ ਆਤਮਾ, ਦੁਸ਼ਟ, ਦੁਰਾਚਾਰੀ, ਲੁੱਚਾ, ਕੁਕਰਮੀ; ਗੰਦਾ, ਭਰਸ਼ਟ; *n.* ਲੁੱਚਾ, ਸ਼ੋਹਦਾ, ਪਾਪੀ ਜਾਂ ਲੰਪਟ ਜਨ ।

Profligateness, *n.* ਪਰੋਫ਼ਲੀਗੇਟਨੈਸ–ਵੇਖੋ ਸ਼ਬਦ Profligacy.

Respiration, *n.* ਰੈਸਪੀਰੇਸ਼ਨ-ਸੀ ਉੱਠਨਾ, ਸਵਾਸ, ਸਾਂਸ, ਆਰਾਮ, ਦਮਕਸ਼ੀ ।

Respiratory, *n.* ਰੈਸਪੀਰੇਟੋਰੀ—ਸਾਂਸ ਯਾ ਸਾਹ ਲੈਨ ਸੰਬੰਧੀ ।

Respire, *v. t.* ਰੈਸਪਾਇਰ-ਸਾਂਸ ਲੈਨਾ, ਦਮ ਫੜਨਾ, ਸਸਤਾਉਣਾ, ਆਰਾਮ ਕ੍ਰ੦ ।

Respite, *n.* ਰੈਸਪਾਇਟ-ਵਿਸ਼ਰਾਮ, ਵਿਲੰਬ, ਢਿੱਲ, ਛਾਲਾ, ਮੋਹਲਤ; *v. t.* ਵਿਸ਼ਰਾਮ ਦੇਣਾ, ਕੁਝ ਚਿਰ ਲਈ ਰੋਕਣਾ, ਢਿੱਲ ਕ੍ਰ੦, ਮੋਹਲਤ ਦੇਣਾ, ਛੁੱਟੀ ਦੇਣਾ, ਆਰਾਮ ਦੇਣਾ ।

Resplendence, Resplendency, *n.* ਰੈਸਪਲੈਂਡੈਂਸ, ਰੈਸਪਲੈਂਡੰਨਸੀ—ਜੋਤ, ਨੂਰ ਪਰਕਾਸ਼, ਜਗਮਗਾਹਟ ।

Resplendent, *a.* ਰੈਸਪਲੈਨਡੈਂਟ-ਚਮਕਦਾ, ਝਲਕਦਾ, ਪਰਤਾਪੀ, ਨੂਰਾਨੀ ।

Respond, *v. t.* ਰੈਸਪੌਂਡ—ਉੱਤਰ ਦੇਨਾ, ਮਿਲਨਾ, ਅਨੁਰੂਪ ਹੋਨਾ; ਟੋਟਾ ਯਾ ਘਾਟਾ ਭਰਨਾ; *n.* ਸਬਦ ਜੋ ਪੁਸਤਕ ਪੜ੍ਹਨ ਦੇ ਵਿੱਚ ਗਾਯਾ ਜਾਵੇ ।

Respondent, *n.* ਰੈਸਪਾਨਡੈਂਟ-ਉੱਤਰਵਾਦੀ, ਪਰਤਿਵਾਦੀ, ਜਵਾਬ ਦੇਹ ।

Response, *n.* ਰੈਸਪੌਂਸ-ਉੱਤਰ, ਜਵਾਬ ।

Responsibility, Responsibleness, *n.* ਰੈਸਪੌਨਸੀਬਿਲੀਟੀ, ਰੈਸਪੌਨਸੀਬਲਨੈਸ-ਜ਼ਿੱਮੇਵਾਰੀ, ਜਵਾਬ ਦਹੀ, ਆੜ, ਕਫ਼ਾਲਤ ।

Responsible, *a.* ਰੈਸਪੌਨਸੀਬਲ-ਜ਼ਿੱਮੇਵਾਰ, ਜ਼ਾਮਨ, ਅਨੁਜੋਗਜ, ਜਵਾਬ ਦੇਹ ।

Responsive, *a.* ਰੈਸਪੌਨਸਿਵ-ਜਵਾਬ ਦੇਹ, ਅਨੁਕੂਲ, ਮੁਆਫ਼ਿਕ ।

Rest, *n.* ਰੈਸਟ-ਸਥਿਰਤਾ, ਨਿਸ਼ਚਲਤਾ, ਵਿਸ਼ਰਾਮ, ਸ਼ਾਨਤੀ, ਸੁਖ, ਆਰਾਮ, ਚੈਨ, ਨੀਂਦ, ਮੌਤ, ਟੇਕ, ਆਸ਼, ਥੰਭ; *a.* ਬਾਕੀ, ਬਚਿਆ ਹੋਯਾ; ਦੂਜਾ, ਹੋਰ, ਦੀਗਰ, ਗੈਰ; *v. i.* ਟਿਕਨਾ, ਠਹਰਨਾ, ਥੰਮਨਾ, ਉਤਰਨਾ, ਥਿਰ ਹੋਨਾ, ਮੋਨ ਹੋਨਾ, ਸਸਤਾਉਨਾ, ਦਮ ਲੈਨਾ, ਸਹਾਰਾ ਯਾ ਆਰਾਮ ਲੈਨਾ, ਸੌਨਾ; ਮਰਨਾ; ਭਰੋਸਾ ਕ੦, ਆਸਰਾ ਲੈਨਾ; ਰਾਜ਼ੀ ਹੋਨਾ, ਸੰਤੋਖ ਕ੦, ਬਾਕੀ ਰਹਨਾ ।

Restem, *v. t.* ਰੈਸਟੈਮ-ਧਾਰ ਪੁਰ ਚੜ੍ਹਾਉਣਾ ।

Restiff, Restive, Resty, *a.* ਰੈਸਟਿਫ਼, ਰੈਸਟਿਵ, ਰੈਸਟੀ—ਮਚਲਾ, ਹਠੀ, ਜ਼ਿੱਦੀ, ਮਗਰਾ, ਅੜਯਲ ।

Restitute, *v. t.* ਰੈਸਟੀਟੂਟ-ਪਹਲੇ ਜੇਹਾ ਕ੦, ਫੇਰ ਦੇਨਾ; ਪਹਲੀ ਦਸ਼ਾ ਵਿੱਚ ਕ੦ ।

Restitution, *n.* ਰੈਸਟੀਟੂਸ਼ਨ-ਪਲਟਾ, ਬਦਲਾ, ਮੁਆਵਜ਼ਾ, ਇਵਜ਼ ।

Restless, *a.* ਰੈਸਟਲੈਸ—ਵਿਆਕੁਲ, ਚੰਚਲ, ਨਿੰਦ੍ਰਾਹੀਨ, ਪਰੇਸ਼ਾਨ, ਚਪਲ, ਬੇਚੈਨ, ਘਾਬਰ, ਬੇਕਲ, ਬੇਆਰਾਮ ।

Restorable, *a.* ਰੈਸਟੋਰੇਬਲ-ਜੇਹਾ ਸੀ ਤੇਹਾ ਹੋਣ ਜੋਗ, ਵਾਪਸੀ ਜੋਗ, ਬਹਾਲੀ ਦੇ ਕਾਬਿਲ।

Restoration, *n.* ਰੈਸਟੋਰੇਸ਼ਨ-ਵਾਪਸੀ, ਪੂਰਵ ਦਸ਼ਾ ਗਮਨ; ਅਰੋਗਤਾ, ਤੰਦਰੁਸਤੀ; ਇੰਗਲੈਂਡ ਦੇ ਦੂਜੇ ਚਾਰਲੈਸ ਦਾ ਰਾਜ ਸਿੰਘਾਸਨ ।

Restorative, *a.* ਰੈਸਟੋਰੇਟਿਵ-ਪੁਸ਼ਟੀ ਕਾਰਕ, ਬਲਦਾਯਕ, ਅਰੋਗਕਾਰੀ, ਮੁਕੱਵੀ; *n.* ਪੁਸ਼ਟ, ਪੁਸ਼ਟੀ ਕਾਰਕ ਔਖਧੀ, ਮੁਕੱਵੀ ਦਵਾ ।

Restore, *v. t.* ਰੈਸਟੋਰ-ਫੇਰ ਦੇਨਾ, ਵਾਪਿਸ ਕ੦, ਲੋਟਾ ਦੇਨਾ; ਜੇਹਾ ਸੀ ਤੇਹਾ ਕ੦, ਠੀਕ ਕ੦, ਮੁਰੱਮਤ ਕ੦; ਸੰਵਾਰਨਾ, ਜਿੱਥੋਂ ਦਾ ਉੱਥੇ ਰੱਖਨਾ, ਜੂੰ ਦਾ ਤੂੰ ਕ੦; ਆਰੋਗ ਕ੦, ਚੰਗਾ ਭਲਾ ਕ੦, ਨਿਰੋਗ ਕ੦; ਪਲਟਾ ਦੇਨਾ, ਬਦਲਾ ਦੇਨਾ, ਤਾਜ਼ਾ ਕ੦, ਸੁਧਾਰਨਾ ।

Restorer, *n.* ਰੈਸਟੋਰਰ-ਗੁਆਚੀ ਹੋਈ ਚੀਜ਼ ਦਿਲਾਉਨ ਵਾਲਾ, ਬਹਾਲ ਕਰਨ ਵਾਲਾ ।

Restrain, *v. t.* ਰੈਸਟਰੇਨ-ਰੋਕਨਾ, ਅਟਕਾਉਨਾ; ਘਟਾਉਨਾ, ਕਮ ਕ੦; ਕੈਦ ਕ੦, ਬੰਦ ਕ੦; ਦਬਾਉਨਾ, ਥੰਮ ਰੱਖਨਾ ।

Restrainable, *a.* ਰੈਸਟਰੇਨਏਬਲ—ਰੋਕਨ ਜੋਗ, ਜ਼ਬਤੀ ਦੇ ਕਾਬਿਲ ।

Restraint, *n.* ਰੈਸਟਰੇਂਟ—ਰੋਕ, ਅਟਕਾਓ, ਰੁਕਾਵਟ, ਕੈਦ, ਹਦ; ਕੁਰਕੀ ।

Restrict, *v. t.* ਰੈਸਟਰਿਕਟ-ਹਦ ਲਗਾਉਣਾ, ਬੰਦ ਕ०, ਰੋਕਣਾ, ਘੰਟਣਾ ।

Restriction, *n.* ਰੈਸਟਰਿਕਸ਼ਨ-ਸੀਮਾ, ਹਦ, ਅਵਧਿ, ਰੋਕ, ਕੈਦ, ਮੁਮਾਨਿਅਤ ।

Restringent, *n.* ਰੈਸਟਰਿੰਜੈਂਟ-ਕਬਜ਼ ਕਰਨ ਦੀ ਦੁਆ ਜਾਂ ਔਖਧੀ ।

Result, *n.* ਰੀਜ਼ਲਟ-ਫਲ, ਪਰਿਣਾਮ, ਨਿਚੋੜ ਸਿੱਧਾਂਤ, ਅੰਤ, ਨਤੀਜਾ; ਫ਼ੈਸਲਾ, ਰਾਯ, ਮਤ; *v. i.* ਮੁਕਣਾ, ਅੰਤ ਹੋਣਾ, ਖ਼ਤਮ ਹੋਣਾ; ਫਲ ਪਰਾਪਤ ਹੋਣਾ, ਨਤੀਜਾ ਨਿਕਲਣਾ, ਹਾਸਿਲ ਹੋਣਾ ।

Resultance, *n.* ਰੀਜ਼ਲਟੈਂਸ—ਫਲ, ਨਿਕਾਸ, ਨਤੀਜਾ, ਸਮਰਾ ।

Resultant, *n.* ਰੀਜ਼ਲਟੈਂਟ—ਬਲ ਫਲ, ਹਾਸਿਲੇ ਕੁੱਵਤ ।

Resumable, *a.* ਰੀਜ਼ੁਮੇਬਲ-ਸਵੀਕਾਰ ਕਰਨ ਜੋਗ, ਬਖ਼ਸ਼ੀ ਦੇ ਲਾਇਕ, ਫਰ ਲੈਣ ਦੇ ਜੋਗ ।

Resume, *v. t.* ਰੀਜ਼ੁਮ—ਫੇਰ ਲੈ ਲੈਣਾ, ਫੇਰ ਪਕੜਨਾ; *n.* Resumption.

Resurrection, *n.* ਰੀਸਰਰੈਕਸ਼ਨ-ਫੇਰ ਜੀ ਉਠਣਾ, ਪਰਲੈ, ਕ਼ਿਆਮਤ ।

Resurvey, *v. t.* ਰੀਸਰਵੇ-ਫੇਰ ਦੇਖਣਾ ।

Resuscitate, *v. t.* ਰੀਸਸੀਟੇਟ-ਨਵੇਂ ਸਿਰ ਜਾਨ ਪਾਉਣਾ, ਜ਼ਿੰਦਾ ਕ०, ਜਿਵਾਉਣਾ ।

Resuscitation, *n.* ਰੀਸਸੀਟੇਸ਼ਨ—ਨਵਾਂ ਜੀਵਨ, ਨਵੀਂ ਪੈਦਾਇਸ਼, ਤਾਜ਼ਾ ਜ਼ਿੰਦਗੀ ।

Retail, *v. t.* ਰੀਟੇਲ-ਥੋੜਾ ੨ ਕਰਕੇ ਵੇਚਣਾ, ਫੁਟਕਲ ਵੇਚਣਾ; ਥੋੜਾ ੨ ਕਰਕੇ ਕਹਣਾ; *n.* ਫੁਟਕਲ ਵਿਕਰੀ, ਖੁਰਦਾ ਫ਼ਰੋਸ਼ੀ ।

Retain, *v. t.* ਰੀਟੇਨ-ਰੱਖਣਾ, ਅਟਕਾ ਰਖਣਾ, ਦਬਾ ਰਖਣਾ, ਨਾ ਜਾਨ ਦੇਣਾ ।

Retainer, *n.* ਰੀਟੇਨਰ—ਰੱਖਣ ਵਾਲਾ, ਅਨੁਚਾਰੀ, ਧਾਰਨ ਕਰਨ ਵਾਲਾ, ਅਧੀਨ; ਸਾਥੀ, ਸੰਗੀ, ਅਨੁਗਾਮੀ, ਪਿਛਲਗ; ਨੌਕਰ, ਚਾਕਰ, ਸੇਵਕ ।

Retake, *v. t.* ਰੀਟੇਕ-ਫੇਰ ਲੈਣਾ ।

Retaliate, *v. t.* ਰੀਟੈਲੀਏਟ—ਪਲਟਾ ਲੈਣਾ, ਬਦਲਾ ਲੈਣਾ, ਇਵਜ਼ ਲੈਣਾ ।

Retaliation, *n.* ਰੀਟੈਲੀਏਸ਼ਨ-ਬਦਲਾ, ਪਲਟਾ, ਇਵਜ਼, ਸਜ਼ਾ, ਇੰਤਕ਼ਾਮ ।

Retard, *v. t.* ਰੀਟਾਰਡ-ਰੋਕਣਾ, ਧੀਮਾ ਕ०, ਅਟਕਾਉਣਾ, ਟਾਲ ਦੇਣਾ, ਊਣਾ ਰਖਣਾ, ਢਿੱਲ ਕ०, ਸੁਸਤੀ ਕ०, ਮੁਲਤਵੀ ਕ० ।

Retardation, *n.* ਰੀਟਾਰਡੇਸ਼ਨ—ਅਟਕਾਓ, ਰੋਕ, ਬਾਧਾ, ਮੁਮਾਨਿਅਤ ।

Retch, *v. t.* ਰੇਚ-ਕੈ ਜਾ ਉਲਟੀ ਕ० ।

Retention, *n.* ਰੀਟੈਨਸ਼ਨ-ਕੈਦ, ਰੋਕ, ਠਹਿਰਾਓ, ਧਾਰਣ; ਪਕੜ, ਬੰਦੋਬਸ, ਇਮਸਾਕ ।

Retentive, *a.* ਰੀਟੈਨਟਿਵ-ਬੰਧਕ, ਰਖਯਕ, ਕ਼ਾਬਿਜ਼; ਮੁਮਸਿਕ ।

Retex, *v. t.* ਰੀਟੈਕਸ-ਖੋਲ੍ਹਣਾ, ਸੁਲਝਾਉਣਾ ।

Reticence, Reticency, *n.* ਰੈਟੀਸੈਂਸ, ਰੇਟੀਸੈਨਸੀ—ਚੁੱਪ, ਮੌਨ, ਖ਼ਾਮੋਸ਼ੀ ।

Reticle, *n.* ਰੈਟੀਕਲ-ਛੋਟਾ ਜਾਲ ।

Reticular, *a.* ਰੈਟੀਕੂਲਰ—ਜਾਲੀ ਜਾ ਜਾਲ ਵਰਗਾ, ਝੰਜਰੀਦਾਰ ।

Reticulate, Reticulated, *a.* ਰੈਟੀਕੂਲੇਟ, ਰੈਟੀਕੂਲੇਟਿਡ—ਜਾਲੀਦਾਰ, ਜਾਲਦਾਰ ।

Reticule, *n.* ਰੈਟੀਕੂਲ-ਹਿਮਯਾਨੀ, ਜਾਲੀ ਦੀ ਛੋਟੀ ਥੈਲੀ ।

Retiform, *a.* ਰੈਟੀਫ਼ਾਰਮ-ਜਾਲੀ ਰੂਪ ਦਾ ।

Retina, *n.* ਰੇਟੀਨਾ—ਅੱਖ ਦਾ ਓਹ ਪਤਲਾ ਪਰਦਾ ਜਿਸ ਵਿਚ ਦਰਿਸ਼ਟੀ ਦੀ ਹਿਸ ਰੈਂਹਦੀ ਹੈ; ਪਤਲਾ ਪਰਦਾ ।

Retinue, *n.* ਰੈਟੀਨੂ-ਸਵਾਰੀ, ਸਾਥੀ ਸੰਗਤੀ, ਜਿਲੌ, ਧੂਮਧਾਮ ।

Retire, *v. i.* ਰੀਟਾਇਰ-ਨੌਕਰੀ ਛਡ ਜਾਣਾ; ਸੰਸਾਰ ਤਿਆਗਣਾ; ਟਲ ਜਾਣਾ, ਜਾਂਦੇ ਰਹਣਾ, ਹਟ ਜਾਣਾ, ਅਲਗ ਹੋ ਜਾਣਾ; ਆਰਾਮ ਕਰਨ ਯਾ ਸੌਣ ਲਈ ਜਾਣਾ ।

Retired, *a.* ਰੀਟਾਇਰਡ-ਲੁਕਿਆ ਯਾ ਛੁਪਿਆ ਹੋਇਆ, ਗੁਪਤ ਨਿਆਰਾ, ਵਿਰਕਤ, ਸੰਸਾਰ ਤਿਆਗੀ, ਨੌਕਰੀ ਮੁਕਾ ਚੁਕਿਆ ਹੋਇਆ ।

Retirement, Retiredness, *n.* ਰੀਟਾਇਰਮੈਂਟ, ਰੀਟਾਇਰਡਨੈਸ—ਏਕਾਂਤ, ਗੁਮਨਾਮੀ, ਰੂਪੋਸ਼ੀ, ਪਰਦਾ ਨਸ਼ੀਨੀ; ਆਸ਼ਰਮ, ਏਕਾਂਤ ਸਥਾਨ, ਇਕੱਲੀ ਥਾਂ ।

Retort, *v. t.* ਰੀਟੋਰਟ—ਝੁਕਾਉਣਾ, ਮੋੜਨਾ,

ਪਲਟਨਾ; ਮਿੱਟਨਾ, ਫੈਂਕ ਦੇਨਾ; ਕਰੜਾ ਉੱਤਰ ਦੇਣਾ; *n.* ਉੱਤਰ ਦਾ ਉੱਤਰ, ਪਰਤੀ ਉੱਤਰ, ਪਲਟਾ; ਅਰਕ ਖਿੱਚਨ ਦਾ ਟੂਟੀਦਾਰ ਭਾਂਡਾ; ਆਤਸ਼ੀ ਸ਼ੀਸ਼ਾ।

Retoss, *v. t.* ਰੀਟੌਸ-ਉਛਾਲਨਾ।

Retouch, *v. t.* ਰੀਟਚ—ਭਲਾ ਕ੦, ਠੀਕ ਕ੦, ਸੁਧਾਰਨਾ।

Retrace, *v. t.* ਰੀਟਰੇਸ-ਢੂੰਡਨਾ, ਖੋਜ ਲਗਾਉਣੀ; ਦੁਬਾਰਾ ਨਕਸ਼ਾ ਉਤਾਰਨਾ।

Retract, *v. t.* ਰੀਟਰੇਕਟ—ਫੇਰਨਾ, ਮੋੜਨਾ; ਵਾਪਿਸ ਲੈਨਾ, ਇਨਕਾਰ ਕ੦, ਹਟਾ ਲੈਨਾ, ਖਿੱਚ ਲੈਨਾ; *v. i.* ਗੱਲ ਬਦਲਨਾ, ਰਾਗ ਬਦਲਨਾ, ਮੁੱਕਰ ਜਾਨਾ, ਜ਼ੁਬਾਨ ਫੇਰਨਾ।

Retractable, *a.* ਰ ਟਰੇਕਟੇਬਲ-ਪਲਟ ਦੇਨ ਦੇ ਜੋਗ।

Retraction, *n.* ਰੀਟਰੇਕਸ਼ਨ-ਖਿੰਚਾਵਟ ਦਸਤ ਬਰਦਾਰੀ; ਇਕਰਾਰ।

Retractive, *a.* ਰੀਟਰੇਕਟਿਵ-ਹਟਾ ਲੈਨ ਯਾ ਖਿੱਚ ਲੈਨ ਵਾਲਾ।

Retreat, *v. i.* ਰੀਟਰੀਟ-ਹਟਨਾ, ਪਿੱਠ ਦੇਨਾ, ਅਲਗ ਹੋਨਾ, ਉਠ ਜਾਨਾ, ਚਲੇ ਜਾਨਾ; *n.* ਹਟਾਓ, ਏਕਾਂਤ, ਪਸਪਾਈ, ਵਾਪਸੀ।

Retrench, *v. t.* ਰੀਟਰੈਂਚ-ਕੱਟਨਾ, ਛਾਂਟਨਾ, ਘਟਾਉਨਾ, ਸੰਖੇਪ ਕ੦; ਹੱਦ ਬੰਨ੍ਹਣਾ, ਮੋਰਚਾ ਬੰਨ੍ਹਣਾ।

Retrenchment, *n.* ਰੀਟਰੈਂਚਮੈਂਟ—ਛਾਂਟ ਵਿਉਂਤ; ਮੁਸਤਾਈ; ਮੋਰਚਾਬੰਦੀ, ਮੋਰਚਾ।

Retrial, *n.* ਰੀਟਰੀਅਲ-ਦੂਜੀ ਤਜਵੀਜ਼ ਤਫਤੀਸ਼ ਜਾਂਚ।

Retribute, *v. t.* ਰੀਟਰੀਬ੍ਯੂਟ—ਫੇਰ ਦੇਨਾ ਵਾਪਿਸ ਕ੦, ਪਲਟਾ ਦੇਨਾ, ਇਵਜ਼ ਦੇਨਾ।

Retribution, *n.* ਰੀਟਰੀਬੂਸ਼ਨ-ਪਰਤੀ ਫਲ ਬਦਲਾ, ਇਨਾਮ, ਸਜ਼ਾ।

Retributive, Retributory, *a.* ਰੀਟਰੀਬੂਟਿਵ, ਰੀਟਰੀਬੂਟੋਰੀ—ਬਦਲਾ ਯਾ ਸਜ਼ਾ ਦੇਨ ਵਾਲਾ।

Rotrievable, *a.* ਰੀਟਰੀਵੇਬਲ-ਜਿਸਦਾ ਬਦਲਾ ਮਿਲ ਸੱਕੇ; ਸੁਧਾਰ ਯਾ ਇਲਾਜ ਜੋਗ

Petrieve, *v. t.* ਰੀਟਰੀਵ-ਫੇਰ ਪਾਉਨਾ, ਥੰਮਨਾ; ਸੰਭਾਲਨਾ, ਸੁਧਾਰਨਾ, ਠੀਕ ਕ੦ ਏਟਾ ਯਾ ਘਾਟਾ ਭਰਨਾ; *n.* ਦੁਸਰੀ ਖੋਜ।

Retrocession, *n.* ਰੀਟਰੋਸੈਸ਼ਨ—ਹਟਾਓ, ਵਾਪਿਸੀ।

Retrograde, *v. t.* ਰੀਟਰੋਗ੍ਰੇਡ—ਲੋਟ ਜਾਨਾ, ਹਟ ਜਾਨਾ; *a.* ਮੁੜ ਜਾਨ ਵਾਲਾ, ਹਟ ਜਾਨ ਵਾਲਾ, ਪਰਤਿਗਾਮੀ।

Retrogression, *n.* ਰੀਟਰੋਗਰੇਸ਼ਨ-ਪਲਟਾ।

Retrospect, *n.* ਰੀਟਰੋਸਪੇਕਟ-ਗਤਾਵਲੋਕਨ, ਪਿੱਛੇ ਦੀਆਂ ਚੀਜ਼ਾਂ ਵਲ ਦੇਖਨਾ।

Retrospection, *n.* ਰੀਟਰੋਸਪੇਕਸ਼ਨ—ਬੀਤੇ ਹੋਏ ਪੁਰ ਧਿਆਨ ਰੱਖਨ ਦੀ ਸ਼ਕਤੀ।

Retrospective, *a.* ਰੀਟਰੋਸਪੇਕਟਿਵ—ਬੀਤੇ ਕਾਲ ਪੁਰ ਦਰਿਸ਼ਟੀ ਪਾਉਨ ਵਾਲਾ।

Retrude, *v. t.* ਰੀਟਰੂਡ-ਪਿੱਛੇ ਨੂੰ ਧੁਸੇੜਨਾ।

Retruse, *a.* ਰੀਟਰੂਜ਼—ਗੁਪਤ, ਪੇਚੀਦਾ, ਲੁਕਿਆ ਯਾ ਛੁਪਿਆ ਹੋਇਆ।

Retund, *v. t.* ਰੀਟੰਡ-ਕੁੰਦ ਕ੦, ਖੁੰਡਾ ਕ੦, ਧਾਰ ਮਾਰਨੀ।

Return, *v i.* ਰੀਟਰਨ—ਫਿਰਨਾ, ਪਲਟਨਾ, ਲੋਟਨਾ, ਬਹੁੜਨਾ, ਉਲਟਨਾ; ਕਹਨਾ, ਉੱਤਰ ਦੇਨਾ; ਫੇਰ ਦੇਨਾ, ਫੇਰ ਭੇਜਨਾ; *v. t.* ਉੱਤਰ ਦਾ ਉੱਤਰ ਦੇਨਾ; ਵਾਪਿਸ ਕ੦, ਉਲਟਾ ਦੇਨਾ, ਭਰ ਦੇਨਾ, ਚੁਕਾਉਨਾ, ਬਦਲਾ ਦੇਨਾ, ਭੇਜਨਾ; ਖ਼ਬਰ ਦੇਨਾ; *n.* ਵਾਪਸੀ, ਉਲਟਾਓ; ਚੁਕਾਓ, ਨਿਪਟਾਓ, ਬੇਬਾਕੀ; ਉੱਤਰ, ਜਵਾਬ; ਹਿਸਾਬ, ਪਲਟਾ, ਬਦਲਾ; ਲਾਭ, ਫਲ, ਨਫ਼ਾ, ਆਮਦ, ਪਰਾਪਤੀ; ਇੱਕ ਪਰਕਾਰ ਦਾ ਤੰਬਾਕੂ; ਹਿਸਾਬ ਯਾ ਲੇਖੇ ਦਾ ਨਕਸ਼ਾ।

Returnable, *a.* ਰੀਟਰਨਬਲ-ਫੇਰੇ ਜਾਨ ਦੇ ਜੋਗ, ਪਲਟਾਉਨ ਜੋਗ।

Reunion, *n.* ਰੀਯੂਨੀਅਨ-ਨਵਾਂ ਜੋੜ ਯਾ ਮੇਲ; ਸਭਾ, ਜਲਸਾ।

Reunite, *v. i.* ਰੀਯੂਨਾਇਟ—ਫੇਰ ਜੁੱਟਨਾ, ਫੇਰ ਮਿਲਨਾ; *v. t.* ਦੁਬਾਰਾ ਮਿਲਾਉਨਾ।

Reveal, *v. t.* ਰੀਵੀਲ—ਦਿਖਲਾਉਨਾ, ਬਤਲਾਉਨਾ, ਖੋਲਨਾ, ਪਰਗਟ ਕ੦; ਅਕਾਸ਼ਬਾਨੀ ਕ੦; *n.* ਬੂਹੇ ਤੇ ਕੰਧ ਦੇ ਵਿਚ ਦੀ ਥਾਂ, ਕਿਵਾੜ ਤੇ ਦੀਵਾਰ ਦੇ ਵਿੱਚ ਦੀ ਜਗਹ।

Reveille, *n.* ਰੀਵੇਲੀ-ਸਿਪਾਹੀਆਂ ਦੇ ਜਗਾਉਨ ਦਾ ਤੰਬੂਰਾ।

Revel, *v. i.* ਰੇਵੈਲ-ਰੰਗ ਰਲੀਆਂ ਕ੦, ਖ਼ੁਸ਼ੀ ਮਨਾਉਨਾ; *n.* ਰੰਗ ਰਸ, ਐਸ਼ ਅਸ਼ਰਤ।

Revelation, *n.* ਰਵਲੇਸ਼ਨ-ਪਰਕਾਸ਼ਨ, ਖ਼ਬਰ, ਸੰਦੇਸਾ; ਦੇਵਬਾਣੀ, ਅਕਾਸ਼ਬਾਣੀ, ਇਲਹਾਮ, ਵਹੀ।

Revenge, *v. t.* ਰੀਵੈਂਜ-ਵੈਰ ਲੈਣਾ, ਬਦਲਾ ਲੈਣਾ; *n.* ਵੈਰ, ਅਦਾਵਤ, ਕੀਨਾ; ਬਦਲਾ।

Revenue, *n.* ਰੈਵੇਨੂ—ਆਮਦਨ, ਪਰਾਪਤੀ, ਲਾਭ, ਕਰ, ਰਾਜ ਕਰ, ਇਨਾਮ, ਮਾਲਗੁਜ਼ਾਰੀ, ਖ਼ਜ਼ਾਨਾ, ਜਮਾਬੰਦੀ; ਮਹਸੂਲ, ਮੁਹਾਸਿਲ।

Reverberate, *v. t.* ਰੀਵਰਬਰੇਟ—ਗੂੰਜਣਾ, ਅਕਸ ਪਾਉਣਾ; ਹਟਾਉਣਾ, ਵਾਪਿਸ ਕ०।

Reverberation, *n.* ਰੀਵਰਬਰੇਸ਼ਨ-ਪਰਤਿਧਵਨੀ, ਸਦਾ, ਪਲਟਾਉ, ਗੂੰਜ।

Reverberatory, *a.* ਰੀਵਰਬੈਰੇਟੈਰੀ—ਪਲਟ ਦੇਣ ਵਾਲਾ, ਫੇਰ ਦੇਣ ਵਾਲਾ।

Revere, *v. t.* ਰੀਵੀਅਰ-ਮੰਨਣਾ, ਪੂਜਾ ਕ०, ਆਦਰ ਕ०, ਸਤਕਾਰ ਕ०, ਇੱਜ਼ਤ ਕ०।

Reverence, *n.* ਰੈਵਰੈਂਸ-ਡੰਡੌਤ, ਪਾ ਲਾਗਨ, ਸਤਕਾਰ; ਸੰਮਾਨ, ਆਦਰ, ਪੂਜਾ, ਸੇਵਾ ਭਗਤੀ, ਸ਼ਰਧਾ; ਮਹਾਤਮਾ, ਵੱਡਾ।

Reverend, *a.* ਰੈਵਰੈਂਡ-ਪੂਜਯ, ਮਾਨਨੀਯ, ਪੁਰੋਹਿਤਾਂ ਯਾ ਪਾਦਰੀਆਂ ਦੀ ਪਦਵੀ।

Reverential, *a.* ਰੈਵਰੈਨਸ਼ਲ—ਆਦਰ ਸੂਚਕ, ਪੂਜਾਕਾਰੀ, ਤਾਜ਼ੀਮੀ।

Reverie, Revery, *n.* ਰੈਵਰੀ—ਅਨਰਥਕ ਚਿੰਤਾ, ਕਿਸੇ ਕਾਰਣ ਦੇ ਬਿਨਾ ਚਿੰਤਾ, ਖ਼ਿਆਲੀ ਪੁਲਾਉ, ਸ਼ੇਖ਼ਚਿੱਲੀ ਦੀਆਂ ਗੱਲਾਂ।

Reversal, *n.* ਰੀਵਰਸਲ-ਬਦਲੀ, ਤਰਦੀਦ।

Reverse, *v. t.* ਰੀਵਰਸ-ਲੌਟਾਨਾ, ਪਲਟਾ ਦੇਣਾ, ਉਲਟਾਉਣਾ, ਸਿਰ ਹੇਠਾਂ ਕ०, ਉਲਟ ਪਲਟ ਕ०; ਕੱਟਣਾ, ਰੱਦ ਕ०; *n.* ਜ਼ਿਦ, ਉਲਟ, ਫੇਰ; ਪੁਸ਼ਤ, ਪਿੱਛਾ, ਪਿੱਠ; ਵਿਕਾਰ।

Reverse, Reversed, *a.* ਰੀਵਰਸ, ਰੀਵਰਸਡ—ਉਲਟਾ, ਉੱਧਾ, ਬਰਅਕਸ, ਪੁੱਠਾ।

Reversible, *a.* ਰੀਵਰਸੀਬਲ-ਉਲਟਨ ਜੋਗ, ਬਦਲਨ ਦੇ ਲਾਇਕ, ਰੱਦ ਹੋਨ ਜੋਗ, ਤਗੇਯੁਰ ਪਜ਼ੀਰ; *n.* Reversion.

Revert, *v. t.* ਰੀਵਰਟ-ਫੇਰ ਦੇਣਾ, ਉਲਟਾ ਦੇਣਾ; ਅਸਲ ਮਾਲਿਕ ਦੇ ਕਬਜ਼ੇ ਵਿਚ ਆਉਣਾ

Revertive, *a.* ਰੀਵਰਟਿਵ-ਫੇਰਨ ਵਾਲਾ।

Revest, *v. t.* ਰੀਵੈਸਟ—ਫੇਰ ਕੱਪੜੇ ਪੈਹ-ਨਾਉਣਾ; ਮੁੜਕੇ ਇਖ਼ਤਿਆਰ ਯਾ ਅਧਿਕਾਰ ਦੇਣਾ, ਬਹਾਲ ਕ०।

Review, *v. t.* ਰੀਵੀਊ-ਫੇਰ ਸੋਚਣਾ, ਧਿਆਨ ਕ०, ਨਿਰਖਣਾ, ਦਰਿਸ਼ਟੀ ਕ०, ਪਰੀਖਿਆ ਕ० ਕਿਸੇ ਲੇਖ ਯਾ ਪੁਸਤਕ ਦੀ ਚੰਗਿਆਈ ਬੁਰਿਆਈ ਦੇਖਕੇ ਸਮਤੀ ਯਾ ਰਾਯ ਲਿਖਣੀ; *n.* ਪੁਨਾ ਅਵਲੋਕਨ, ਰਾਯ, ਨੁਕਤਾਚੀਨੀ; ਇੱਕ ਪੁਸਤਕ ਜੋ ਨਿਯਤ ਕਾਲ ਪੁਰ ਛਪਿਆ ਕਰਦੀ ਹੈ ਤੇ ਉਸ ਵਿੱਚ ਦੂਜੇ ਗਰੰਥਾਂ ਦਾ ਗੁਣ ਦੋਸ਼ ਲਿਖਿਆ ਹੁੰਦਾ ਹੈ।

Revile, *v. t.* ਰੀਵਾਇਲ-ਬੁਰਾ ਕਹਣਾ, ਗਾਲੀ ਦੇਣਾ, ਝਿੜਕਣਾ, ਮਲਾਮਤ ਕ०।

Revilement, *n.* ਰੀਵਾਇਲਮੈਂਟ—ਧਿੱਕਾਰ, ਗਾਲੀ, ਝਿੜਕੀ, ਮੁਲਾਮਤ।

Revisal, *n.* ਰੀਵਾਇਜ਼ਲ-ਪੁਨਰ ਅਵਲੋਕਨ, ਦੁਬਾਰਾ ਦੇਖਣਾ, ਨਜ਼ਰ ਸਾਨੀ।

Revise, *v. t.* ਰੀਵਾਇਜ਼-ਫੇਰ ਪੜ੍ਹਨਾ, ਦੁਬਾਰਾ ਸੋਧਣਾ, ਮੁੜਕੇ ਦੇਖਣਾ; *n.* ਪੁਨਰ ਅਵਲੋਕਨ, ਸੋਧਨ ਲਈ ਛਾਪੇ ਦਾ ਦੂਜਾ ਅਸ਼ੁੱਧ ਪੱਤਰ।

Reviser, *n.* ਰੀਵਾਇਜ਼ਰ-ਦੁਬਾਰਾ ਵੇਖਣ ਵਾਲਾ, ਠੀਕ ਕਰਨ ਵਾਲਾ।

Revision, *n.* ਰੀਵੀਜ਼ਨ—ਸ਼ੁੱਧਤਾ, ਦਰੁਸਤੀ, ਪੁਨਰ ਅਵਲੋਕਨ, ਨਜ਼ਰ ਸਾਨੀ।

Revisit, *v. t.* ਰੀਵਿਜ਼ਿਟ-ਫੇਰ ਭੇਂਟ ਯਾ ਮੁਲਾਕਾਤ ਕ०।

Revival, *n.* ਰੀਵਾਇਵਲ—ਨਵਾਂ ਜਨਮ, ਪੁਨਰ ਜੀਵਨ, ਤਾਜ਼ਗੀ, ਸਰਸਬਜ਼ੀ।

Revive, *v. i.* ਰੀਵਾਇਵ-ਜੀ ਉੱਠਣਾ, ਦੁਬਾਰਾ ਜ਼ਿੰਦਾ ਹੋਣਾ; ਸੰਭਲਣਾ, ਖੜਾ ਹੋਣਾ।

Revivify, *v.t.* ਰੀਵਾਇਵੀਫ਼ਾਈ-ਜਿਵਾਉਣਾ, ਜ਼ਿੰਦਾ ਕ०, ਜਾਨ ਪਾਉਣੀ।

Revocable, *a.* ਰੀਵੋਕੇਬਲ-ਮਿਟਨ ਜੋਗ।

Revocation, *n.* ਰੀਵੋਕੇਸ਼ਨ—ਤੋੜ, ਰੱਦ, ਮਿਟਾਉ, ਤੰਸੀਖ।

Revoke, *v. t.* ਰੀਵੋਕ-ਖਿੱਚ ਲੈਣਾ, ਮੇਟ ਦੇਣਾ, ਖੰਡਨ ਕ०, ਰੱਦ ਕ०, ਮੰਸੂਖ ਕ०।

Revolt, *v. i.* ਰੀਵੋਲਟ-ਫਿਰਨਾ, ਫਿਰ ਜਾਨਾ, ਛੁੱਟਣਾ, ਬਲਵਾ ਮਚਾਉਣਾ, ਰਾਜ ਧਰੋਹ ਕ०, ਮਨ ਨੂੰ ਫੇਰਨਾ; *v. t.* ਨਸਾ ਦੇਣਾ, ਭਜਾ ਦੇਣਾ; ਫੇਰ ਦੇਣਾ; *n.* ਰਾਜ ਧਰੋਹ, ਬਲਵਾ, ਬਗ਼ਾਵਤ

Revolution, *n.* ਰੈਵੋਲੂਸ਼ਨ—ਦੌਰ, ਚੱਕਰ, ਭੌਂਵਰ; ਅਰਸਾ, ਕਾਲ; ਘੁਮਾਓ, ਫਿਰਾਓ, ਗਰਦਿਸ਼, ਭਰਮਨ; ਰਾਜ ਪਰਿਵਰਤਨ ।

Revolutionary, *a.* ਰੈਵੋਲੂਸ਼ਨਰੀ—ਪਰੀਵਰਤਨੀਯ, ਹਲਚਲ ਕਰਨ ਵਾਲਾ, ਗਰਦਸ਼ੀ ਫਸਾਦ ਨਾਲ ਭਰਿਆ ਹੋਇਆ, ਝਗੜੇ ਵਾਲਾ, ਪੁਰ ਇਨਕਲਾਬ ।

Revolutionist, *n.* ਰੈਵੋਲੂਸ਼ਨਿਸਟ—ਰਾਜ ਪਰਿਵਰਤਕ, ਇਨਕਲਾਬ ਵਿਚ ਸ਼ਰੀਕ ।

Revolve, *v. i.* ਰੀਵੌਲਵ-ਘੁੱਮਨਾ, ਚਕ੍ਰ ਯਾ ਚਰਖ ਮਾਰਨਾ; *v. t.* ਸੋਚ ਵਿਚਾਰ ਕ੦, ਮਨ ਵਿੱਚ ਉਲਟ ਪਲਟ ਕ੦, ਉਧੇੜ ਬੁਨ ਕ੦ ।

Revolver, *n.* ਰੀਵੌਲਵਰ-ਇੱਕ ਘੁੱਮਨ ਵਾਲਾ ਪਿਸਤੌਲ ।

Revulsion, *n.* ਰੀਵਲਸ਼ਨ-ਖਿੱਚ, ਕਸ਼ਿਸ਼ ਰੋਗ ਦਾ ਇੱਕ ਅੰਗ ਥੋਂ ਦੂਸੇ ਅੰਗ ਵਿੱਚ ਗਮਨ ਯਾ ਦੌਰਾ ।

Revulsive, *a.* ਰੀਵਲਸਿਵ—ਫਿਰਾਊ ਘੁਮਾਊ, ਮੁੰਤਕਿਲ ।

Reward, *v. t.* ਰੀਵਾਰਡ-ਪਲਟਾ, ਬਦਲਾ, ਇਨਾਮ ਯਾ ਪਰਿਤੋਸ਼ਕ ਦੇਨਾ; *n.* ਪਰਤਿ ਫਲ, ਪੁਨ, ਵੇਤਨ, ਇਨਾਮ, ਬਦਲਾ, ਮਜ਼ਦੂਰੀ, ਉਜਰਤ, ਇਵਜ਼ ।

Rewardable, *a.* ਰੀਵਾਰਡੇਬਲ-ਇਨਾਮ ਦੇ ਲਾਇਕ, ਬਦਲਾ ਦੇਨ ਜੋਗ ।

Rhetoric, *n.* ਰੈਟੋਰਿਕ-ਬੋਲੀ ਰਸ, ਫਸਾਹਤ, ਸ਼ਬਦ ਅਲੰਕਾਰ ਵਿੱਦਯਾ ।

Rheum, *n.* ਰੂਮ-ਕਫ਼, ਜ਼ੁਕਾਮ ਦਾ ਪਾਨੀ ।

Rheumatic, *a.* ਰੂਮੇਟਿਕ-ਬਾਦੀ, ਵਾਈ ਦਾ ।

Rheumatism, *n.* ਰੂਮੇਟਿਜ਼ਮ-ਵਾਈ, ਵਾਤ ਰੋਗ, ਗੰਠੀਆ ।

Rheumy, *a.* ਰੂਮੀ—ਵਾਈ ਨਾਲ ਭਰਿਆ ਹੋਇਆ, ਨਜ਼ਲੇ ਦਾ, ਜ਼ੁਕਾਮ ਦਾ ।

Rhino, *n* ਰੀਨੋ-ਨਕਦੀ, ਰੋਕੜ, ਹੱਥ ਦੀ ਮੈਲ, ਰੁਪੈ ਲਈ ਘਿਨ ਵਾਚਕ ਸ਼ਬਦ ।

Rhinoceros, *n.* ਰੀਨੋਸੀਰਸ-ਗੈਂਡਾ ।

Rhomb, Rhombus, *n.* ਰੋਮ, ਰੋਮਬਸ—ਤੁਲਜ ਚਤੁਰ ਭੁਜ, ਓਹ ਚਿੱਤਰ ਜਿਸਦੇ ਚਾਰੇ ਪਾਸੇ ਇਕ ਸਮਾਨ ਹੋਨ ।

Rhubarb, *n.* ਰੁਬਰਬ-ਰਿਓਂਦ ਚੀਨੀ, ਰਿਓਂਦ

Rhumb, *n.* ਰਮ-ਦਿਸ਼ਾ ਸੂਚਕ ਚਕ੍ਰ, ਜਿਸਤੇ ਨੁਮਾ ਦਾਯਰਾ ।

Rhyme, *n.* ਰਿਮ—ਤੁਕ, ਕਾਫ਼ੀਯਾ; ਪਦ, ਦੋਹਰਾ, ਸ਼ੇਹਰ; *v. t.* ਦੋਹਾ, ਪਦ, ਛੰਦ ਯਾ ਸ਼ੇਹਰ ਕਹਨਾ, ਤੁਕ ਮੇਲਨਾ ।

Rhymless, *a.* ਰਿਮਲੈਸ-ਬੇਤੁਕਾ, ਬੇਤੁਕੀ, ਬੇ ਕਾਫ਼ੀਯਾ ।

Rhymer Rhymist, Rhymeter, *n.* ਰਿਮਰ, ਰਿਮਿਸਟ, ਰਿਮੇਟਰ-ਤੁਕ ਜੋੜਨ ਵਾਲਾ, ਭਟ, ਤੁਕਬਾਜ਼, ਸ਼ਾਇਰ ਬੱਚਾ, ਕਾਫ਼ੀਆ ਗੋ ।

Rhythm, *n.* ਰਿਥਮ-ਤਾਲ, ਵਜ਼ਨ ।

Rhythmical, *a.* ਰਿਥਮੀਕਲ-ਤਾਲ ਸੰਬੰਧੀ

Riant, *a.* ਰੀਐਂਟ-ਹਸਾਉਨ ਵਾਲਾ ।

Rib, *n.* ਰਿਬ-ਪਸਲੀ; ਵਹੁਟੀ, ਪਤਨੀ, ਅਰਧੰਗੀ; ਔਖਾ ਹੱਡਾ; ਮੇਹਰਾਬਦਾਰ ਲੱਕੜ; ਪੱਤੇ ਦੀ ਨਸ; ਧੱਜੀ, ਛਾਂਡਾ; ਲਕੀਰ, ਖ਼ਤ; ਕਮਾਨੀ, ਤੀਲੀ; ਉੱਠੀ ਹੋਈ ਰੇਖਾ; *v. i.* ਪਸਲੀਆਂ ਬਨਾਉਨੀਆਂ, ਬੰਦ ਕ੦ ।

Ribald, *a.* ਰੀਬੈਲਡ—ਦੁਰਮੁਖ, ਦੁਰਾਚਾਰੀ, ਨੀਚ, ਅਧਮ, ਪਾਜੀ, ਕਮੀਨਾ, ਲੁੱਚਾ, ਬਦਮਾਸ਼ ਸ਼ੋਹਦਾ, ਆਵਾਰਾਹ ।

Ribaldish, *a.* ਰੀਬੈਲਡਿਸ਼-ਦੁਰਬਚਨ ਸ਼ੀਲ ।

Ribaldry, *n.* ਰੀਬੈਲਡਰੀ-ਲੁੱਚਪਨਾ, ਫਕੜਬਾਜ਼ੀ, ਸ਼ੋਹਦਾਪਨ; ਗਾਲੀ, ਦੁਰਬਚਨ ।

Riband, Ribbon, *n.* ਰੀਬੈਂਡ, ਰਿੱਬਨ—ਰੇਸ਼ਮੀ ਫੀਤਾ, ਰੇਸ਼ਮੀ ਬੇਲ; ਧੱਜੀ, ਚੀਰ ।

Ribroast, *v. t.* ਰੀਬਰੋਸਟ-ਬਹੁਤ ਮਾਰਨਾ, ਚਕਨਾ ਚੂਰ ਕਰ ਦੇਨਾ, ਅਧਮੋਯਾ ਕ੦ ।

Rice, *n.* ਰਾਇਸ-ਚਾਵਲ, ਧਾਨ, ਤੰਡੁਲ ।

Rich, *a.* ਰਿਚ—ਭਾਗਵਾਨ, ਧਨੀ, ਧਨਵਾਨ, ਧਨਾਢ; ਮੈਂਹਗਾ, ਕੀਮਤੀ, ਉਪਜਾਊ, ਬਹੁ ਫਲਦ; ਪੂਰਾ, ਭਰਿਆ ਹੋਯਾ; ਸੁੰਦਰ, ਚਟਕਦਾਰ, ਤੇਜ਼, ਗਾੜ੍ਹਾ, ਚਿਕਨਾ, ਉਮਦਾ, ਚੰਗਾ ।

Riches, *n. pl.* ਰਿਚਿਜ਼-ਧਨ, ਸੰਪਤੀ, ਮਾਲ ਮਤਾ, ਦੌਲਤ, ਮਾਯਾ ।

Richness, *n.* ਰਿਚਨੈਸ-ਅਮੀਰੀ, ਦੌਲਤਮੰਦੀ, ਮਾਲਦਾਰੀ; ਮਾਲ, ਧਨ; ਬਹੁਤਾਤ, ਮੈਂਹਗਾਪਨ; ਤੇਜ਼ੀ, ਚੰਗਿਆਈ, ਜ਼ਰਖ਼ੇਜ਼ੀ ।

Rick, *n.* ਰਿੱਕ-ਅਨਾਜ ਯਾ ਸੁੱਕੀ ਘਾਹ ਦਾ ਤੋਦਾ, ਢੇਰ, ਅੰਬਾਰ, ਗੰਜ ।

Rickets, *n.* ਰਿਕੇਟਸ—ਬੱਚਿਆਂ ਦਾ ਇੱਕ ਰੋਗ ਜਿਸ ਵਿੱਚ ਉਨ੍ਹਾਂ ਦਾ ਸਿਰ ਵੱਡਾ ਹੋ ਜਾਂਦਾ ਹੈ ਅਤੇ ਕੁੱਬ ਨਿਕਲ ਆਉਂਦਾ ਹੈ।

Rid, *v. t.* ਰਿਡ-ਮੁਕਤ ਕ०, ਬਚਾਉਣਾ, ਛੱਡ ਦੇਣਾ; ਹੱਕ ਦੇਣਾ, ਦੂਰ ਕ०, ਖਲਾਸ ਕ०।

Riddance, *n.* ਰਿੱਡੈਂਸ—ਛੁਟਕਾਰਾ, ਬਚਾਓ ਸਫ਼ਾਈ, ਰਿਹਾਈ, ਖਲਾਸੀ।

Riddle, *n.* ਰਿੱਡਲ-ਬੁਝਾਰਤ, ਪਹੇਲੀ, ਦ੍ਰਿਸ਼ਟ ਕੂਟ; ਅਨਾਜ ਨੂੰ ਭੂਸੀ ਥੋਂ ਵੱਖ ਕਰਨ ਦੀ ਛਲਨੀ, ਝਾਰਾ, ਛਲਨਾ; *v. t.* ਵਿਆਖਯਾ ਕ०, ਖੋਲ੍ਹਣਾ, ਸਮਝਾਉਣਾ; ਪਹੇਲੀ ਯਾ ਬੁਝਾਰਤ ਕਹਨਾ; ਛਾਨਣਾ, ਝਾੜਨਾ, ਅਨਾਜ ਨੂੰ ਭੂਸੀ ਥੀਂ ਵੱਖ ਕ०; ਛਾਨਣੀ ਬਨਾਉਣੀ, ਬਹੁਤ ਮੋਰੀਆਂ ਜਾ ਛੇਕ ਕੱਢਣੇ।

Ride, *v. i.* ਰਾਇਡ—ਸਵਾਰ ਹੋਣਾ, ਚੜ੍ਹਨਾ, ਗੱਡੀ ਵਿੱਚ ਜਾਣਾ; ਤਰਦੇ ਰਹਨਾ; ਠਹਰਨਾ, ਬੈਠਣਾ, ਸਹਾਰਾ ਲੈਣਾ; ਚਾਬਕ ਸਵਾਰੀ ਕ०; ਸਵਾਰੀ ਦੇਣਾ; *v. t.* ਸਵਾਰੀ ਲੈਣਾ, ਲਗਾਮ ਯਾ ਨਕੇਲ ਹੱਥ ਵਿੱਚ ਹੋਣਾ; ਵੱਸ ਵਿੱਚ ਰੱਖਣਾ, ਨਾਚ ਨਚਾਉਣਾ।

Rider, *n.* ਰਾਇਡਰ-ਘੁੜਚੜ੍ਹਾ, ਸਵਾਰ; ਚਾਬਕ ਸਵਾਰ; ਜੁਮਲਾ ਯਾ ਵਾਕ ਜੋ ਪਿੱਛੋਂ ਲਿਖਿਆ ਜਾਵੇ, ਜ਼ਮੀਮਾ; ਡਚ ਦਾ ਇਕ ਸਿੱਕਾ।

Ridge, *n.* ਰਿਜ-ਪਿਠ, ਰੀੜ੍ਹ; ਪਹਾੜੀ, ਖੜਾ ਚਟਾਨ; ਹਲ ਵਾਹਨ ਦੀ ਮੇਂਢ; ਖਸੂਰਾ, ਮਗਰ, ਪੁਸ਼ਤਾਹ; *v. t.* ਢਲਾਨ ਕ०, ਢੇਲਾ ਬਨਾਉਣਾ; ਝੁਰੀ ਯਾ ਭੌਣ ਪਾਉਣੀ।

Ridgil, Ridgiling, *n.* ਰਿਜਿਲ, ਰਿਜਿਲਿੰਗ—ਅੱਧਾ ਖੱਸੀ ਪਸ਼ੂ।

Ridgy, *a.* ਰਿੱਜੀ-ਜਿਸ ਵਿੱਚ ਪਹਾੜੀ ਯਾ ਟਿੱਲਾ ਹੋਵੇ।

Ridicule, *n.* ਰੀਡੀਕੂਲ—ਉਪਹਾਸ, ਹਾਸੀ, ਠੱਠਾ, ਮਖ਼ੌਲ; *v. t.* ਹਾਸੀ ਯਾ ਠੱਠਾ ਕ०।

Ridiculous, *a.* ਰੀਡੀਕੂਲਸ—ਹਾਸਾ ਉਤਪਾਦਕ, ਜਿਸ ਥੀਂ ਹਾਸਾ ਆਵੇ, ਜੋ ਹੱਸਣ ਜੋਗ ਹੋਵੇ, ਤੁੱਛ, ਹੰਸੀ ਦੇ ਲਾਇਕ।

Riding, *a.* ਰਾਇਡਿੰਗ-ਸਵਾਰੀ ਦਾ।

Ridotto, *n.* ਰੀਡੋਟੋ-ਨਾਚ, ਰੌਣਾ ਵਜਾਉਣਾ।

Rife, *a.* ਰਾਇਫ਼-ਫੈਲੀ ਹੋਈ, ਜ਼ੋਰ ਪੁਰ।

Rifeness, *n.* ਰਾਇਫ਼ਨੈਸ-ਫੈਲਾਓ, ਜ਼ੋਰ।

Rifle, *v. t.* ਰਿਫ਼ਲ-ਝਪਟ, ਛੀਨ ਯਾ ਖੋਹ ਲੈਣਾ; ਲੁੱਟਣਾ; *n.* ਇਕ ਪਰਕਾਰ ਦੀ ਬੰਦੂਕ।

Rifleman, *n.* ਰਿਫ਼ਲਮੈਨ-ਬੰਦੂਕਚੀ।

Rifler, *n.* ਰਿਫ਼ਲਰ—ਡਾਕੂ, ਲੁਟੇਰਾ ਚੋਰ; ਰਫ਼ਲ ਬਣਾਉਣ ।

Rifraff, *n.* ਰਿਫ਼ਰੈਫ਼—ਕੂੜਾ ਕਰਕਟ, ਛਾਂਟ ਛੂੰਟ; ਬਾਜ਼ਨ, ਬਹੁਕਰ, ਝਾੜੂ, ਬੁਹਾਰਾ; ਪੌਂਜੇ ਜੁਲਾਹੇ, ਤੇਲੀ ਤੰਬੋਲੀ, ਚੂੜੇ ਚੁਮਾਰ।

Rift, *v. t.* ਰਿਫ਼ਟ-ਫਾੜਨਾ, ਚੀਰਨਾ; *v. i.* ਫਟਣਾ, ਤੜਕਣਾ, ਫੁੱਟਣਾ, ਖੁੱਲ੍ਹਣਾ; ਪੱਦ ਮਾਰਨਾ, ਹਵਾ ਛੱਡਣਾ; *n.* ਦਰਾੜ, ਸ਼ਿਗਾਫ਼, ਚੀਰ, ਛਿੱਦਰ; ਘਾਟ।

Rig, *v. t.* ਰਿਗ—ਕੱਪੜੇ ਯਾ ਬਸਤਰ ਪਹਨਾਉਣਾ, ਸ਼ਿੰਗਾਰਨਾ, ਸਾਜ਼ ਸਾਮਾਨ ਲਗਾਕੇ ਤਿਆਰ ਕ०; *n.* ਧੋਖਾ, ਰੌਲਾ; ਪੋਸ਼ਾਕ, ਲਿਬਾਸ; ਖਿਲਾੜ, ਖੇਡ, ਦਿਲਲਗੀ।

Rigging, *n.* ਰਿਗਿੰਗ-ਜਹਾਜ਼ ਦੇ ਪਾਲ, ਰੱਸੇ ਆਦਿ ਅਸਬਾਬ।

Right, *a.* ਰਾਇਟ-ਸਰਲ ਯਥਾ ਯੁਕਤ, ਠੀਕ, ਸੱਚਾ, ਸ਼ੁੱਧ, ਯਥਾਵਤ, ਯੋਗ, ਲਾਯਕ; ਨਿਪਟ, ਅਸਲੀ; ਸੱਜਾ, ਦਾਹਨਾ, ਸਿੱਧਾ; *adv.* ਬਹੁਤ, ਅਤਿ ਸਰਲ, ਵਾਜਬੀ, ਠੀਕ, ਨੇਮ ਅਨੁਕੂਲ, ਮਰਯਾਦਾ ਅਨੁਸਾਰ, ਵਾਸਤਵਿਕ, ਅਸਲ ਵਿੱਚ; *n.* ਸਤ, ਸੱਤਾ, ਅਧਿਕਾਰ, ਧਨ, ਸਾਮਰਥ, ਨਿਆਯ, ਇਨਸਾਫ਼; ਵੱਸ, ਮੁਕਦੂਰ, ਹਕ, ਮੰਸਬ; ਉੱਪਰ ਦੀ ਤਹ, ਅਬਰਾ; *v. t.* ਨਿਆਯ ਕ०, ਹਕ ਦੇਣਾ; ਜੈਹਾ ਸੀ ਤੇਹਾ ਕ०, ਸਿੱਧਾ ਕ०।

Righteous, *a.* ਰਾਈਟਸ-ਧਾਰਮਿਕ, ਨਿਆਯਕਾਰੀ, ਸਾਧੂ, ਭਲਾ, ਅੱਛਾ, ਖੂਬ।

Righteousness, *n.* ਰਾਈਟਸਨੈਸ-ਨਿਆਯ, ਧਰਮ, ਪਵਿਤ੍ਰਤਾ, ਭਲਾਈ, ਸਚਾਈ, ਸਫ਼ਾਈ।

Rightful, *a.* ਰਾਇਟਫੁਲ-ਅਧਿਕਾਰੀ, ਯਥੋਚਿਤ, ਵਾਜਿਬ, ਹਲਾਲ, ਜਾਇਜ਼, ਹਕਦਾਰ।

Rightly, *adv.* ਰਾਇਟਲੀ-ਯਥਾਯੋਗ, ਠੀਕ ਠੀਕ, ਵਾਜਬੀ ਤੌਰ ਪੁਰ।

Rightness, *n.* ਰਾਇਟਨੈਸ—ਸਫ਼ਾਈ, ਦਰੁਸਤੀ, ਸਮਤਾ, ਰਾਸਤਬਾਜ਼ੀ, ਸਚਾਈ।

Rigid, *a.* ਰੀਜਿਡ-ਕਠਿਨ, ਕਰੜ, ਕਠੋਰ, ਨਿਰਦਈ, ਕੜਾ, ਸਖ਼ਤ, ਸਖ਼ਤਗੀਰ।

Rigidity, Rigidness, *n.* ਰਿਜੀਡਿਟੀ,

ਰੀਜਿਡਨੈਸ—ਕਰੜਾਪਨ, ਕਠੋਰਪਨ, ਸਖ਼ਤੀ, ਜ਼ਿੱਦ, ਕਰਖਤਗੀ ।

Riglet, *n.* ਰਿਗਲੈਟ-ਪਟੜੀ, ਤਖ਼ਤੀ ।

Rigmarole, *n.* ਰਿਗਮਾਰੋਲ-ਬੇਤੁਕੀ, ਯਾਵਾ-ਗੋਈ, ਅਸੰਗਤ, ਅਨਰਥਕ ਬਚਨ ।

Rigor, Rigour, *n.* ਰਿਗਰ-ਕਠਿਨਤਾ, ਕਰੜਾਪਨ, ਕਠੋਰਤਾ; ਤਪੱਸਿਆ, ਕਸ਼ਟ, ਜ਼ੋਰ, ਸਖ਼ਤੀ, ਸਖ਼ਤਗੀਰੀ ।

Rigorous, *a.* ਰੀਗੋਰਸ-ਕਠੋਰ, ਕਠਿਨ, ਸਖਤ, ਕਰੜਾ, ਠੀਕ, ਭਾਰੀ ।

Rill, *n.* ਰਿਲ-ਨਾਲਾ, ਛੋਟੀ ਨਦੀ, ਨਹਰ, ਸੋਤਾ; *v. i.* ਫਿਰਨਾ, ਰਿਸਨਾ, ਵਗਨਾ, ਬਹਨਾ ।

Rim, *n.* ਰਿਮ-ਕਿਨਾਰਾ, ਕੋਰ, ਬਾੜ ।

Rime, *n.* ਰਾਇਮ-ਪਾਲਾ, ਬਰਫ਼ ।

Rimple, *n.* ਰਿਮਪਲ—ਝੁਰੀ, ਵੱਲ, ਤੇਹ, ਪਰਤ, ਚੀਨ; *v. t.* ਚੀਨ ਜਾਂ ਝੁਰੀ ਪਾਉਣੀ ।

Rimpling, *n.* ਰਿਮਪਲਿੰਗ—ਵਿੰਗੀ ਟੇਢੀ ਚਾਲ, ਅਸਮਾਨ ਗਤਿ ।

Rimy, *a.* ਰਿਮੀ—ਪਹਲੇ ਥੀਂ ਬਰਫ਼ ਨਾਲ ਭਰਿਆ ਹੋਇਆ ।

Rind, *n.* ਰਿੰਡ-ਛਿਲਕਾ, ਚੰਮ, ਚਰਮ; *v. t.* ਛਿਲਨਾ, ਛਿਲਕਾ ਉਤਾਰਨਾ ।

Ring, *n.* ਰਿੰਗ-ਮੰਡਲ, ਚਕ੍ਰ, ਦਾਇਰਾ, ਕੁੰਡਲ; ਮੁੰਦਰੀ, ਛੱਲਾ, ਅੰਗੂਠੀ; ਹਲਕਾ, ਕੜਾ, ਕੁੰਡਾ; ਘੇਰਾ, ਬਾੜਾ, ਗਿਰਦਾ, ਅਹਾਤਾ; ਚੌਕ; ਟੋਲੀ, ਮੰਡਲੀ; ਸੂਰਜ ਦਾ ਉਚਾਈ ਨਾਪ; ਟੰਕਾਰ, ਟਨਟਨ, ਝਨਝਨ; ਗੂੰਜ, ਆਵਾਜ਼; ਤਾਲ, ਮੇਲ; *v. t.* ਘੇਰਨਾ, ਚੱਕ੍ਰ ਬੰਨ੍ਹਣਾ; ਬਜਾਉਣਾ, ਪਰਸਿੱਧ ਜਾਂ ਮਸ਼ਹੂਰ ਕ॰; ਜ਼ੋਰ ਨਾਲ ਉੱਚਾਰਣ ਕ॰; ਮੁੰਦਰੀ ਜਾਂ ਅੰਗੂਠੀ ਪਹਨਾਉਣਾ; *v. i.* ਠਨਠਨਾਉਣਾ, ਛਨਛਨਾਉਣਾ, ਝੰਕਾਰਨਾ; ਵੱਜਣਾ, ਬੋਲਨਾ, ਆਵਾਜ਼ ਦੇਣਾ; ਗੂੰਜ ਉੱਠਣਾ ।

Ringfinger, *n.* ਰਿੰਗਫਿੰਗਰ-ਪੁਸ਼ਾ ਉਂਗਲ, ਚੀਚੀ ਦੇ ਨਾਲ ਦੀ ਉਂਗਲ ।

Ringleader, *n.* ਰਿੰਗਲੀਡਰ—ਫਿਸਾਦੀਆਂ ਦਾ ਵੱਡਾ, ਬਾਨੀ ਫਿਸਾਦ ।

Ringlet, *n.* ਰਿੰਗਲੈਟ-ਲਟ, ਘੁੰਗਰੀ, ਛੋਟੀ ਮੁੰਦਰੀ ਜਾਂ ਮੰਡਲ ।

Ringworm, *n.* ਰਿੰਗਵਰਮ-ਦਾਦ, ਚਕਾਰੀ, ਧਦਰੀ, ਧੱਦਰ ।

Rinse, *v. t.* ਰਿਨਸ—ਖੰਗਾਲਨਾ, ਧੋਣਾ, ਛਾਂਟਣਾ, ਨਿਖਾਰਨਾ, ਧੋਤੀ ਹੋਈ ਚੀਜ਼ ਨੂੰ ਫੇਰ ਪਾਣੀ ਪਾਕੇ ਸਾਫ਼ ਕ॰ ।

Rint, *n.* ਰਿੰਟ—ਧੂਮਧਾਮ, ਬਖੇੜਾ, ਦੰਗਾ, ਬਲਵਾ, ਕੋਲਾਹਲ, ਸ਼ੋਰੋਗੁਲ; *v. t.* ਬਖੇੜਾ ਜਾਂ ਊਧਮ ਮਚਾਉਣਾ, ਬਲਵਾ ਜਾਂ ਦੰਗਾ ਕ॰; ਰਸ ਲੁੱਟਣਾ, ਮਜ਼ੇ ਉਡਾਉਣੇ, ਸੁਖ ਭੋਗ ਕ॰, ਉਮੰਗ ਵਿੱਚ ਹੋਣਾ ।

Rioter, *n.* ਰੌਇਟਰ-ਬਖੇੜਾ ਮਚਾਉਣ ਵਾਲਾ, ਰਿੰਦ, ਦਗ਼ੇਬਾਜ਼, ਫਿਸਾਦੀ ।

Riotous, *a.* ਰੌਇਟਸ-ਮਸਤ, ਐਬਾਸ਼, ਲੋਫਰ; ਰਾਜ ਧਰੋਹੀ, ਬਖੇੜੀਆ, ਫਿਸਾਦੀ ।

Rip, *n.* ਰਿਪ—ਚੀਰਨਾ, ਫਾੜਨਾ, ਤੋੜ ਦੇਣਾ, ਉਧੇੜਨਾ, ਕੁੱਟ ਸਿਟਣਾ, ਖੋਲ ਦੇਣਾ; ਚੀਰਕੇ ਕੱਢਣਾ; ਖੁੰਡਣਾ, ਛਾਨ ਮਾਰਨਾ, ਟਟੋਲਨਾ; *n.* ਚੀਰ ਫਾੜ, ਕਾਟ ਕੂਟ; ਵਿਗੜੇ ਗੁਦੜੇ, ਛਾਂਟਨ; ਮੱਛੀਆਂ ਦੀ ਟੋਕਰੀ ।

Ripe, *a.* ਰਾਇਪ—ਪੱਕਾ, ਕਾਬਿਲ, ਜੋਗ, ਸਾਮਰਥ, ਬਾਲਿਗ, ਪੂਰਾ, ਸਿੱਧ, ਕਾਮਿਲ, ਤਿਆਰ; ਸੁਰਖ਼, ਲਾਲ ।

Ripen, *v. t.* ਰੀਪਨ-ਪਕਾਉਣਾ, ਪੱਕਾ ਕ॰, ਸਿੱਧ ਕ॰, *v. i.* ਪਕਨਾ, ਪੁਖ਼ਤਾ ਹੋਣਾ; ਮੁਰਾਦ ਨੂੰ ਪਹੁੰਚਣਾ; ਬਾਲਿਗ਼ ਜਾਂ ਸਿਆਣਾ ਹੋਣਾ ।

Ripeness, *n.* ਰਾਇਪਨੈਸ-ਕਮਾਲ, ਪੱਕਾਪਨ, ਪੁਖ਼ਤਗੀ, ਸਿਆਣਾਪਨ, ਬਲੂਗ਼ ।

Ripple, *v. i.* ਰਿੱਪਲ-ਵਿੰਗੀ ਟੇਢੀ ਥਾਂ ਪੁਰ ਵਗਕੇ ਪਾਣੀ ਦਾ ਸ਼ਬਦ ਹੋਣਾ; *v. t.* ਸਾਫ਼ ਕ॰, ਖਾਲੀ ਕ॰; *n.* ਲਹਰ, ਤਰੰਗ, ਬੁਲ-ਬੁਲਾ; ਸਨ ਸਾਫ਼ ਕਰਨ ਦੀ ਕੰਘੀ ।

Rise, *v. i.* ਰਾਇਜ਼—ਉੱਠਣਾ, ਖੜਾ ਹੋਣਾ, ਚੜ੍ਹਨਾ, ਨਿਕਲਨਾ, ਉੱਗਣਾ, ਜੰਮਣਾ, ਫੁੱਟ ਨਿਕਲਨਾ, ਫੁੱਲਣਾ, ਵਧਣਾ; *n.* ਉਠਾਓ, ਚੜ੍ਹਾਈ; ਜੜ੍ਹ, ਮੂਲ, ਉਤਪੱਤੀ, ਆਰੰਭ; ਤੇਜ਼ੀ, ਬੜ੍ਹੋਤਰੀ, ਤਰੱਕੀ ।

Risibility, Risibleness, *n.* ਰੀਜ਼ੀਬੀਲਿਟੀ, ਰੀਜ਼ੀਬਲਨੈਸ—ਹਾਸੇ ਦਾ ਬਲ, ਹਾਸੇ ਦਾ ਗੁਣ, ਹੱਸਣ ਦੀ ਤਾਕਤ ।

Risible, *a.* ਰੀਜ਼ੀਬਲ—ਹਾਸਾ ਉਤਪਾਦਕ, ਜਿਸਥੀਂ ਹਾਸਾ ਆਵੇ, ਹਾਸੇ ਦਾ ।

Rising, *n.* ਰਾਇਜ਼ਿੰਗ–ਚੜ੍ਹਾਉ, ਉਠਾਨ; ਉਦਯ, ਤੁਲੂ; ਫੋੜਾ, ਫੁੰਮੀ; ਬਗ਼ਾਵਤ, ਪਰਲਯ

Risk, *n.* ਰਿਸਕ–ਸ਼ੰਕਾ, ਭਯ, ਖ਼ਤਰਾ, ਡਰ, ਵਿਪਦਾ, ਹਾਨੀ, ਜੋਖੋਂ; *v. t.* ਜੋਖੋਂ ਯਾ ਖ਼ਤਰੇ ਵਿੱਚ ਪੈਣਾ, ਜੋਖੋਂ ਉਠਾਉਣਾ।

Rite, *n.* ਰਾਇਟ–ਸ਼ਾਸਤਰ ਦਾ ਕਿਹਾ ਹੋਇਆ ਕਰਮ, ਸੰਸਕਾਰ, ਰੀਤਿ, ਵਿਧਾਨ, ਵਿਧੀ, ਆਚਾਰ, ਨਿਯਮ, ਰਸਮ, ਦਸਤੂਰ, ਆਈਨੇ ਦੀਨ, ਧਰਮ ਦਾ ਨੇਮ, ਰੀਤ।

Ritual, *a.* ਰੀਟੁਅਲ–ਸੰਸਕਾਰ ਯਾ ਵਿਧੀ ਸੰਬੰਧੀ, ਰਸਮੀ; *n.* ਵਿਧੀ ਸ਼ਾਸਤਰ, ਸੰਸਕਾਰ ਪੱਧਤੀ, ਸ਼ਿਰਕਾਹ।

Ritualist, *n.* ਰੀਟੁਅਲਿਸਟ–ਸੰਸਕਾਰ ਸ਼ਾਸ-ਤਰ ਜਾਨਣ ਵਾਲਾ, ਸ਼ਾਸਤਰੀ, ਫ਼ਕੀਹ।

Ritually, *adv.* ਰੀਟੁਅਲੀ—ਵਿਧੀ, ਰੀਤ ਯਾ ਸੰਸਕਾਰ ਨਾਲ।

Rivage, *n.* ਰੀਵੇਜ–ਕਿਨਾਰਾ, ਕੰਢਾ, ਤਟ, ਸਮੁੰਦਰ ਤਟ।

Rival, *n.* ਰਾਇਵਲ–ਰਿਪੁ, ਦੁਸ਼ਮਨ, ਹਮਪੇਸ਼ਾ, ਸੌਕਨ; ਵਧਨ ਦਾ ਇੱਛੁਕ, ਪ੍ਰਤਿਵਾਦੀ, ਪਰਤਿਯੋਗ, ਮੁਖ਼ਾਲਿਫ਼; *a.* Rivalry.

Rive, *v. i.* ਰਾਇਵ–ਫੁੱਟਣਾ, ਫਟਣਾ, ਟੁਟਣਾ; *v. t.* ਫਾੜਨਾ, ਤੋੜਨਾ, ਚੀਰਨਾ।

Rivel, *v. t.* ਰਿਵਲ–ਝੁਰੀ, ਸਲਵਟ ਯਾ ਵੱਲ ਪਾਉਣਾ।

River, *n.* ਰੀਵਰ–ਦਰਯਾ, ਨਦੀ, ਜੂ, ਰੋਦ।

Riveret, *n.* ਰਿਵਰੇਟ–ਛੋਟੀ ਨਦੀ।

Rivet, *v. t.* ਰੀਵੇਟ—ਮੇਖ ਯਾ ਕਿੱਲ ਨਾਲ ਜੜਨਾ, ਪੱਕਾ ਯਾ ਪੁਖ਼ਤਾ ਕ॰; *n.* ਕਿੱਲ, ਮੇਖ, ਖੁੰਟਾ, ਖੁੰਟੀ।

Rivulet, *n.* ਰੀਵੁਲੈਟ–ਛੋਟੀ ਨਦੀ, ਨਾਲਾ।

Roach, *n.* ਰੋਚ—ਇੱਕ ਪਰਕਾਰ ਦੀ ਮੱਛੀ; ਮੇਹਰਾਬ, ਧਨੁਖ, ਕੌਸ।

Road, *n.* ਰੋਡ–ਪਥ, ਮਾਰਗ, ਰਾਹ, ਰਸਤਾ, ਰਾਜ ਮਾਰਗ, ਸੜਕ।

Roam, *v. i.* ਰੋਮ–ਭਟਕਣਾ ਘੁੱਮਣਾ, ਫਿਰਨਾ, ਭਰਮਨ ਕ॰, ਰਮਣਾ, ਮਾਰੇ ਮਾਰੇ ਫਿਰਨਾ, ਡੋਲਨਾ, ਡਾਂਵਾਂਡੋਲ ਹੋਣਾ।

Roam, Roaming, *n.* ਰੋਮ, ਰੋਮਿੰਗ— ਭਰਮਨ, ਪਰਯਟਨ, ਸੈਰ; ਖ਼ਾਨਾ ਬਦੋਸ਼ੀ, ਆਵਾਰਗੀ।

Roan, *a.* ਰੋਨ–ਬਾਦਾਮੀ।

Roar, *n.* ਰੋਰ–ਚਿੰਘਾੜ, ਚੀਖ, ਗੂੰਜ, ਗਰਜ, ਗੱਜ; *v. t.* ਗਰਜਨਾ, ਗੱਜਨਾ, ਚਿੰਘਾੜਨਾ, ਗੂੰਜਨਾ, ਚੀਖਨਾ, ਠੱਠਾ ਮਾਰਨਾ।

Roary, *a.* ਰੋਰੀ–ਸ਼ਬਨਮ ਦਾ, ਓਸ ਦਾ, ਤਰੇਲ ਸੰਬੰਧੀ।

Roast, *v. t.* ਰੋਸਟ–ਭੁਨਣਾ, ਸੇਕਨਾ, ਕਸਨਾ, ਤਪਾਉਣਾ; ਜਲਾਉਣਾ, ਸੋਧਨਾ; ਮੁੱਕਾ ਕ॰; ਠੱਠਾ ਕ॰, ਹਾਸੀ ਕ॰; *n.* ਹਾਸਾ, ਠੱਠਾ; ਭੁੰਨੀ ਹੋਈ ਚੀਜ਼ ਜੇਹਾ ਕਬਾਬ ਆਦਿ।

Rob, *v. t.* ਰੋਬ–ਛੀਨਣਾ, ਲੁੱਟਣਾ, ਚੁਰਾਉਣਾ।

Robber, *n.* ਰੋਬਰ–ਡਾਕੂ, ਚੋਰ, ਲੁਟੇਰਾ।

Robbery, *n.* ਰੋਬਰੀ—ਠਗਾਈ, ਚੋਰੀ, ਲੁੱਟਪੁੱਟ, ਡਾਕਾ।

Robe, *n.* ਰੋਬ–ਸਭਾ ਬਸਤਰ, ਰਾਜ ਬਸਤਰ, ਉਤਕ੍ਰਿਸ਼ਟ ਬਸਤਰ; *v. t.* ਮਾਨ ਸੂਚਕ ਬਸ-ਤਰ ਯਾ ਖ਼ਿਲਅਤ ਪਹਨਾਉਣਾ।

Robin, *n.* ਰੋਬਿਨ—ਇੱਕ ਭਾਂਤ ਦੀ ਚਿੜੀ ਜੋ ਸੁਨਹਰੀ ਛਾਤੀ ਵਾਲੀ ਹੁੰਦੀ ਹੈ।

Robin-goodfellow, *n.* ਰੋਬਿਨਗੁਡਫ਼ੈਲੋ— ਭੂਤ, ਪਰੇਤ, ਬੈਤਾਲ, ਪਿਸ਼ਾਚ।

Robust, *a.* ਰੋਬਸਟ–ਮੋਟਾ ਤਾਜ਼ਾ, ਹੱਟਾ ਕੱਟਾ, ਬਲਵਾਨ, ਜ਼ੋਰਾਵਰ, ਬਲੀ, ਪੁਸ਼ਟ, ਸਖ਼ਤ, ਤੁੰਦ, ਤੇਜ਼; *n.* Robustness.

Rochet *n.* ਰੋਚੇਟ–ਇੱਕ ਪਰਕਾਰ ਦਾ ਚਿੱਟਾ ਬਸਤਰ ਜੋ ਪਾਦਰੀ ਲੋਗ ਪਹਨਦੇ ਹਨ।

Rock, *n.* ਰੌਕ–ਪਹਾੜ, ਟਿੱਲਾ; ਢੀਮ, ਡਲਾ; ਸਿਲਾ, ਚਟਾਨ; ਸ਼ਕਤੀ, ਬਲ, ਪਰਾਕ੍ਰਮ; ਰੱਖਯਾ, ਆਸਰਾ, ਆੜ; ਚਰਖੇ ਦੀ ਹੱਥੀ; *v. t.* ਹਿਲਾਉਣਾ, ਝੁਲਾਉਣਾ, ਡੁਲਾਉਣਾ; ਸੁਲਾਉਣਾ, ਲੋਰੀ ਦੇਣਾ; *v. i.* ਹਿੱਲਣਾ, ਡੋਲਣਾ, ਝੂਲਨਾ, ਹਿਲਨਾ ਜੁਲਨਾ।

Rocker, *n.* ਰੌਕਰ–ਹਿੰਡੋਲਾ, ਪਾਲਨਾ, ਪੰਘੂੜਾ; ਝੂਟੇ ਦੇਨ ਵਾਲਾ, ਝੂਲਨ ਵਾਲਾ।

Rocket, *n.* ਰੌਕੇਟ–ਅਨਾਰ, ਚਛੂੰਦਰ, ਹਵਾਈ, ਬਾਨ; ਇੱਕ ਪਰਕਾਰ ਦੀ ਭਾਜੀ।

Rockiness, *n.* ਰੋਕ ਨੈਸ–ਪਥਰੀਲਾਪਨ, ਸਖ਼ਤੀ, ਕਠੋਰਤਾ।

Rock-pigeon, *n.* ਰੋਕਪਿਜਨ–ਜੰਗਲੀ ਕਬੂਤਰ, ਰੱਠਾ ਕਬੂਤਰ।

Rocksalt, *n.* ਰੋਕਸਾਲਟ—ਲਾਹੌਰੀ ਨਮਕ, ਸਿੰਧੂ ਲਵਨ, ਸੇਂਧਾ ਲੂਨ ਜਾ ਲਵਨ।

Rocky, *a.* ਰੌਕੀ–ਪਹਾੜੀ, ਪਥਰੀਲਾ, ਪੱਥਰ ਜੇਹਾ; ਸਖ਼ਤ, ਕਠੋਰ, ਕੜਾ, ਸੰਗਦਿਲ।

Rod, *n.* ਰੋਡ–ਟਹਨੀ, ਸ਼ਾਖ, ਕਲੀ, ਡਾਲੀ; ਛੜੀ, ਕਮਚੀ, ਬੈਂਤ, ਸੋਟੀ; ਇੱਕ ਨਾਪ ਜੋ ੧੧ ਹੱਥ ਜਾ ਸਾਢੇ ਪੰਜ ਗਜ਼ ਦੇ ਲਗਭਗ ਹੁੰਦਾ ਹੈ; ਇੱਕ ਪਰਕਾਰ ਦਾ ਰਾਜ ਦੰਡ; ਮੱਛੀ ਫੜਨ ਦੀ ਲੰਮੀ ਛੜੀ ਜਾ ਸੋਟੀ।

Rode, *n.* ਰੋਡ—*p. p.* of Ride., ਸਵਾਰ ਹੋਇਆ, ਚੜ੍ਹਿਆ।

Rodentia, *n.* ਰੋਡੈਂਸ਼ੀਆ—ਚਬਾਉਨ ਵਾਲੇ ਜਨੌਰ।

Rodomontade, *v. i.* ਰੋਡੋਮੌਨਟੇਡ—ਸ਼ੇਖੀ ਜਾ ਸ਼ੇਖੀ ਮਾਰਨਾ; *n.* ਸ਼ੇਖੀ, ਸ਼ੇਂਗ, ਘੜਬੋਲੀ

Rodomontader, Rodomontadist *n.* ਰੋਡੋਮੌਨਟੇਡਰ, ਰੋਡੋਮੌਨਟੇਡਿਸਟ—ਅਪਨੀ ਵਡਿਆਈ ਕਰਨ ਵਾਲਾ; *a.* ਦੰਭੀ, ਸ਼ੇਂਗ ਮਾਰਨ ਵਾਲਾ, ਸ਼ੇਖੀਬਾਜ਼।

Roe, *n.* ਰੋ–ਹਿਰਨੀ; ਮੱਛੀ ਦਾ ਅੰਡਾ।

Rogation, *n.* ਰੋਗੇਸ਼ਨ–ਪ੍ਰਾਰਥਨਾ, ਇਲਤਮਾਸ

Rogue, *n.* ਰੋਗ—ਲੁੰਗਾੜਾ, ਗੁੰਡਾ, ਲਫੰਗਾ; ਠਗ ਧੂਰਤ, ਦੁਰਜਨ, ਦੁਰਆਤਮਾ, ਲੁੱਚਾ, ਨਟਖਟ, ਟੱਠੇਬਾਜ਼, ਖਿਲਾੜੀ।

Roguish, *a.* ਰੋਗਿਸ਼—ਲਫੰਗਾ, ਠੱਠੇਬਾਜ਼, ਅਵਾਰਾ ਜੇਹਾ, ਛਲੀ, ਦਗਾਬਾਜ਼।

Roil, *v. t.* ਰੌਇਲ–ਘੰਗੋਲਨਾ, ਗਦਲਾ ਕ०; ਰੁਸਾਉਨਾ, ਦਿਕ ਕ०।

Roister, *v. t.* ਰੌਇਸਟਰ–ਡੀਂਗ ਹਾਂਕਨਾ, ਗੁਲ ਮਚਾਉਨਾ; *n.* ਸ਼ੇਖੀਬਾਜ਼, ਬੜਬੜੀਆ।

Roll, *v. t.* ਰੋਲ—ਰੁੜ੍ਹਕਾਉਨਾ, ਘੁਮਾਉਨਾ, ਧੁਰੀ ਪਰ ਘੁਮਾਉਨਾ, ਲਪੇਟਨਾ, ਰੇਲਨਾ, ਵੱਟੀ ਬਨਾਉਨਾ; ਗੋਲੇ ਜਾ ਗੋਲੀਆਂ ਬਨਾਉਨਾ; ਧੱਕਾ ਦੇਨਾ; ਵੇਲਨਾ, ਵੇਲਨ ਫੇਰਨਾ; ਫਿਰਾਉਨਾ, ਚੱਕਰ ਦੇਨਾ; ਮਾਰਨਾ, ਭੁਆਉਨਾ; *v. i* ਟੋਕਰਾਂ ਖਾਂਦੇ ਫਿਰਨਾ, ਡਾਂਵਾਂਡੋਲ ਹੋਨਾ; ਝੂਮਦੇ ਚਲਨਾ, ਲੁੜ੍ਹਕਨਾ; *n.* ਘੁਮਾਓ, ਫੇਰ, ਚੱਕਰ, ਗੋਲਾ, ਵੱਟੀ, ਵੇਲਨਾ; ਤਵਾਰੀਖ਼, ਇਤਹਾਸ, ਨਾਮਾਂ ਦੀ ਫ਼ਹਰਿਸਤ, ਨਾਮਾਵਲ।

Roller, *n.* ਰੋਲਰ–ਵੇਲਨਾ; ਡੋਰੀ, ਲਪੇਟ, ਰੱਸੀ; ਛਾਪੇ ਦਾ ਵੇਲਨਾ।

Rolypoly, *n.* ਰੋਲੀਪੋਲੀ–ਇੱਕ ਖੇਡ।

Romage, *n.* ਰੋਮੇਜ–ਘਬਰਾਹਟ, ਹਲਚਲੀ।

Roman, *n.* ਰੋਮਨ–ਰੋਮ ਦੇ ਸਰਦਾਰ ਪਾਦਰੀ ਦਾ ਅਨੁਯਾਈ, ਰੋਮ ਦਾ; ਸਿੱਧੇ, ਖੜੇ (ਅੱਖਰ)

Romance, *n.* ਰੋਮੈਂਸ–ਕਲਪਿਤ ਕਥਾ, ਝੂਠੀ ਕਹਾਨੀ, ਕਿੱਸਾ, ਅਫ਼ਸਾਨਾ; ਝੂਠ, ਬਨਾਵਟ; ਤਰਾਨਾ, ਠੁਮਰੀ, ਗੀਤ; *v. t.* ਝੂਠੀ ਕਹਾਨੀ ਕਹਨਾ, ਝੂਠ ਬੋਲਨਾ; ਛੰਦ ਬਨਾਉਨਾ।

Romantic, *a.* ਰੋਮੈਨਟਿਕ–ਵਿਲਕਸ਼ਨ, ਅਦਭੁਤ, ਨਿਰਾਲਾ, ਅਨੂਠਾ, ਕਲਪਿਤ, ਅਨੋਖਾ।

Romp, *n.* ਰੌਂਪ—ਖਿਲਾੜ, ਚੰਚਲ ਛੋਕਰੀ; ਖੇਡ ਕੁੱਦ।

Rompish, *a.* ਰੋਮਪਿਸ਼–ਕੁਦੱਕੜ, ਉੱਛਲ ਕੁੱਦ ਕਰਨ ਵਾਲਾ; ਧੰਗੂ ਖੇਡ ਜਿਸ ਵਿੱਚ ਬੜਾ ਰੌਲਾ ਹੁੰਦਾ ਹੈ; *v. i.* ਧੰਗੂ ਖੇਡ (ਖੇਲ) ਖੇਡਨਾ, ਰੌਲਾ ਪਾਕੇ ਖੇਡਨਾ; ਉੱਛਲਨਾ, ਕੁੱਦਨਾ, ਰੌਲਾ ਪਾਉਨਾ, ਸ਼ੋਰ ਮਚਾਉਨਾ।

Ronion, *n.* ਰੋਨੀਅਨ–ਮੋਟੀ, ਭਾਰੀ ਤੇ ਸਥੂਲ ਆਕਾਰ ਇਸਤ੍ਰੀ; ਖਰਮੈਲਾ ਜਨੌਰ।

Rood, *n.* ਰੂਡ—ਗੱਠਾ, ਵਿਸਤਾਰ; ਏਕੜ ਦਾ ਚੌਥਾ ਹਿੱਸਾ; ਈਸਾ ਮਸੀਹ ਦੇ ਸੂਲੀ ਪੁਰ ਚੜ੍ਹਨ ਦਾ ਚਿੱਤਰ (ਤਸਵੀਰ)।

Roof, *n.* ਰੂਫ਼—ਛੱਤ, ਛੱਪਰ, ਡੇਹ, ਮਕਾਨ, ਘਰ; *v. t.* ਛਾਨਾ, ਆਸਰਾ ਦੇਨਾ, ਛੱਤ ਪਾਉਨੀ, ਪਾਟਨਾ।

Rook, *n.* ਰੁਕ–ਇਕ ਭਾਂਤ ਦਾ ਕਾਂ; ਸ਼ਤਰੰਜ ਦਾ ਇੱਕ ਮੋਹਰਾ (ਰੁਖ਼); *v. t.* ਠੱਗਨਾ, ਛਲਨਾ, ਧੋਖਾ ਦੇਨਾ, ਲੁੱਟਨਾ; *v. i.* ਪਾਲਥੀ ਜਾ ਪਲਾਕੀ ਮਾਰਕੇ ਬੈਠਨਾ।

Rookery, *n.* ਰੁਕਰੀ—ਉਹ ਥਾਂ ਜਿੱਥੇ ਕਾਂ ਆਲ੍ਹਨੇ ਬਨਾਕੇ ਰੈਂਹਦੇ ਹਨ; ਗਰੀਬ ਲੋਕਾਂ ਦੀ ਗਲੀ; ਛੋਟੇ ਡਿੱਗੇ ਘਰਾਂ ਦਾ ਢੇਰ; ਚਕਲਾ, ਅੱਡਾ, ਕਸਬੀ ਖ਼ਾਨਾ।

Rooky, *a.* ਰੁਕੀ–ਕਾਵਾਂ ਨਾਲ ਵਸਿਆ ਹੋਯਾ।

Room, *n.* ਰੂਮ—ਕਮਰਾ, ਕੋਠੜੀ, ਠੌਰ, ਠਿਕਾਨਾ, ਜਗਾ, ਭੂਮੀ; ਕਾਬੂ, ਦਾਓ; ਖ਼ਾਲੀ ਜਾ ਵੇਹਲੀ ਥਾਂ; ਫ਼ੁਰਸਤ; ਬਦਲਾ, ਪਲਟਾ।

Roominess, *n.* ਰੂਮੀਨੈਸ–ਵਿਸਤਾਰ, ਚੌੜਾਈ, ਫ਼ਰਾਖੀ, ਫੈਲਾਓ ਖੁਲ੍ਹਾਵਟੀ।

Roomy, *a.* ਰੂਮੀ–ਲੰਮਾ, ਚੋੜਾ, ਕੁਸ਼ਾਦਾ, ਖੁੱਲਾ

Roost, *n.* ਰੂਸਟ–ਬਸੇਰਾ, ਅੱਡਾ; *v. t.* ਅੱਡੇ ਪੁਰ ਬੈਠਣਾ, ਬਸੇਰਾ ਕ॰, ਸੌਣਾ, ਆਰਾਮ ਕ॰

Root, *n.* ਰੂਟ–ਜੜ੍ਹ, ਬੇਖ, ਮੂਲ, ਕੰਦ; ਧਾਤੂ, ਮਸਦਰ; ਸਬੰਧ, ਕਾਰਣ; ਸੂਰ; *v. i.* ਜੜ੍ਹ ਫੈਲਾਉਣਾ, ਜੜ੍ਹ ਪਕੜਨਾ, ਥਮਣਾ, ਪੱਕਾ ਹੋਣਾ, ਜੰਮਣਾ; *v. t.* ਖੋਦਕੇ ਨਿਕਾਲਣਾ; ਗੱਡਣਾ, ਜੜ੍ਹ ਜਮਾਉਣਾ; ਉਜਾੜਨਾ, ਮਿਟਾਉਣਾ, ਜੜ੍ਹ ਬੀਂ ਪੁੱਟਣਾ, ਬੇਖਕਨੀ ਕ॰ ।

Rooty, *a.* ਰੂਟੀ–ਜੜ੍ਹਦਾਰ, ਜੜੀਲਾ ।

Rope, *n.* ਰੋਪ–ਰੱਸੀ ਰੱਸਾ, ਜਿਓੜੀ, ਡੋਰੀ, ਲੱਜ; ਲੜੀ, ਮਾਲਾ; ਪੰਛੀਆਂ ਦੀਆਂ ਆਂਦਰਾਂ; *v. t.* ਰੱਸੇ ਨਾਲ ਖਿੱਚਣਾ; *v. i.* ਕਵਾਮ ਦਾ ਤਾਰ ਬੰਨ੍ਹਣਾ, ਲਸ ਪਕੜਨਾ, ਪੱਕਣਾ, ਤਾਰ ਉੱਠਣਾ ।

Ropery, *n.* ਰੋਪਰੀ–ਰੱਸੇ ਵੱਟਣ ਦੀ ਥਾਂ; ਛਲ ਯਾ ਕਪਟ ਜੋ ਫਾਂਸੀ ਜੋਗ ਹੋਵੇ ।

Ropiness, *n.* ਰੋਪੀਨੈਸ—ਲੇਸ, ਚੇਪ, ਲਸਲਸਾਹਟ ।

Ropy, *a.* ਰੋਪੀ–ਲਸਦਾਰ, ਲਸਲਸਾ, ਚਿਪਚਿਪਾ

Roral, Rorid, Rory, *a.* ਰੋਰਲ, ਰੋਰਿਡ, ਰੋਰੀ—ਓਸ ਜੇਹਾ, ਸ਼ਬਨਮ ਵਾਂਗੂ ।

Rosary, *n.* ਰੋਜ਼ਰੀ—ਗੁਲਾਬ ਦੀ ਕਿਆਰੀ, ਗੁਲਜ਼ਾਰ; ਮਾਲਾ, ਜਪਨੀ, ਸਮਰਣ ।

Roseal, *a.* ਰੋਜ਼ੀਅਲ—ਫੁੱਲ ਜੇਹਾ, ਫੁੱਲ ਸਮਾਨ, ਫੁੱਲ ਵਰਗਾ, ਮਿਸਲੇ ਗੁਲ ।

Rose, *n.* ਰੋਜ਼–ਗੁਲਾਬ ਦਾ ਫੁਲ, ਸਦਾ ਪੁਸ਼ਪ ।

Roseate, *a.* ਰੋਜ਼ੀਏਟ–ਫੁੱਲਾਂ ਨਾਲ ਲੱਦਿਆ ਹੋਇਆ, ਗੁਲਾਬੀ ਫੁੱਲ ਜੇਹਾ, ਗੁਲਗੂੰ ।

Roset, *n.* ਰੋਜ਼ੇਟ–ਚਿਤਰਕਾਰਾਂ ਦਾ ਲਾਲ ਰੰਗ ।

Rosewater, *n.* ਰੋਜ਼ਵਾਟਰ–ਗੁਲਾਬ ਦਾ ਅਰਕ ।

Rosicrucian, *n.* ਰੋਜ਼ੀਕਰੂਸੀਅਨ—ਪਾਰਸ ਪੱਥਰ ਨੂੰ ਢੂੰਡਨ ਵਾਲਾ ।

Rosin, *n.* ਰੋਜ਼ਿਨ–ਰਾਲ, ਧੂਪ; *v. t.* ਰਾਲ ਮਲਣਾ ।

Rosiny, *a.* ਰੋਜ਼ਿਨੀ–ਰਾਲ ਜੇਹਾ ।

Rossel, *n.* ਰੋਸੈਲ—ਕੋਮਲ ਧਰਤੀ, ਨਰਮ ਜ਼ਮੀਨ ।

Roster, *n.* ਰੋਸਟਰ–ਨਕਸ਼ਾ, ਫਰਦ ।

Rostral, *a.* ਰੋਸਟਰਲ–ਜਹਾਜ਼ ਦੇ ਮੂੰਹ ਵਰਗਾ

Rostrate, Rostrated, *a.* ਰੋਸਟਰੇਟ, ਰੋਸਟਰੇਟਿਡ—ਚੁੰਜ ਵਾਲਾ, ਚੰਚਦਾਰ ।

Rostrum, *n* ਰੋਸਟਰਮ–ਚੁੰਜ, ਚੰਚ; ਜਹਾਜ਼ ਦਾ ਮੱਥਾ, ਮਿੰਮਬਰ ਚੌਕੀ, ਵੇਦੀ, ਉੱਚੀ ਥਾਂ ਜਿੱਥੇ ਉੱਤੇ ਖਲੋਕੇ ਬੋਲੇ, ਚਬੂਤਰਾ ।

Rosy, *a.* ਰੋਜ਼ੀ–ਗੁਲਾਬੀ, ਗੁਲ ਰੰਗ ।

Rot, *v. i* ਰੌਟ–ਸੜਨਾ, ਗਲਨਾ; *v. t.* ਗਲਾਉਣਾ, ਵਿਗਾੜਨਾ, ਗਾਲਨਾ, ਸਾੜਨਾ ।

Rota, *n.* ਰੋਟਾ–ਧਰਮ ਸੰਬੰਧੀ ਕਚਹਰੀ, ਸਭਾ, ਸਮਾਜ, ਪਾਦਰੀਆਂ ਦੀ ਅਦਾਲਤ ।

Rotation, *n.* ਰੋਟੇਸ਼ਨ–ਚਕ੍ਰ ਗਤਿ, ਪਹੀਏ ਦੇ ਸਦਰਿਸ਼ ਘੁਮਾਉ, ਦੌਰ, ਗਰਦਿਸ਼; ਵਾਰੀ, ਨੌਬਤ, ਘੁਮ, ਫੇਰੀ ।

Rotatory, *a.* ਰੋਟੇਟੋਰੀ–ਘੁੱਮਣ ਵਾਲਾ, ਫਿਰਨ ਵਾਲਾ, ਮਾਹਵਰੀ, ਗਰਦਿਸ਼ ਕਰਨ ਵਾਲਾ ।

Rote, *n.* ਰੋਟ–ਇੱਕ ਪਰਕਾਰ ਦਾ ਵਾਜਾ ।

Rotten, *a.* ਰੌਟਨ–ਸੜਿਆ ਹੋਇਆ, ਨਿਰਬਲ, ਮੁਰਦਾਰ, ਖ਼ਰਾਬ, ਬੋਦੀਦਾ, ਕਮਜ਼ੋਰ ।

Rottenness, *n.* ਰੌਟਨਨੈਸ–ਸੜਾਂਦ, ਗੰਦਗੀ ।

Rotund, *a.* ਰੋਟੰਡ—ਚਕ੍ਰ ਆਕਾਰ, ਗੋਲ, ਸਰਬਥਾ, ਬਿਲਕੁਲ; ਅੰਡਾਕਾਰ, ਬੈਜ਼ਵੀ ।

Rotunda, Rotundo *n.* ਰੋਟੰਡਾ, ਰੋਟੰਡੋ—ਗੋਲ ਘਰ, ਗੋਲ ਮਕਾਨ ।

Rouge, *a.* ਰੋਜ—ਲਾਲ, ਸੁਰਖ਼; *n.* ਇੱਕ ਪਰਕਾਰ ਦਾ ਲਾਲ ਰੰਗ; *v. t* ਸੰਧੂਰ ਦੇ ਰੰਗ ਦਾ ਰੰਗਣਾ, ਲਾਲ ਰੰਗ ਕ॰ ।

Rough, *a.* ਰਫ਼–ਖਰਖਰਾ, ਖਰਦਰਾ, ਅਨਘੜਤ; ਅੜਬੜ, ਮੋਟਾ, ਸਥੂਲ, ਰੁੱਖਾ, ਰੁਖੜਾ, ਬੇਡੌਲ, ਬੇਸੁਰਾ, ਅਕੋਮਲ, ਅਸਭ੍ਯ ।

Roughen, *v. t.* ਰਫਨ–ਅਨਘੜਤਾ, ਰੁੱਖਾ ਯਾ ਖੁਰਦਰਾ ਕ॰, ਨਾਹਮਵਾਰ ਕ॰; *v. i.* ਬੁਰੇ ਸੁਭਾਵ ਵਾਲਾ ਹੋਣਾ; ਖੁਰਦਰਾ ਹੋਣਾ ।

Roughness, *n.* ਰਫ਼ਨੈਸ–ਰੁੱਖਾਪਨ, ਰੁਖਾਈ; ਖੁਰਦਰਾਹਟ, ਨਾਹਮਵਾਰੀ, ਅਸਮਤਾ ।

Rouleau, *n.* ਰੋਲੋ–ਛੋਟਾ ਪੁਲੰਦਾ ਯਾ ਗੱਠਾ ।

Round, *a.* ਰੌਂਡ–ਗੋਲ, ਗੋਲਾਕਾਰ, ਗੋਲਮੋਲ; ਪੂਰਾ, ਚਲਦਾ ਫੁਲਦਾ; ਸਰਲ, ਖਰਾ, ਬਹੁਤ, ਭਾਰੀ, ਸਾਫ਼; *n.* ਮੰਡਲ, ਘੇਰਾ, ਗੋਲਾ, ਗੇਂਦ, ਦੌਰ, ਦੌਰਾ, ਵਾਰੀ; ਨਾਚ, ਰਾਸ; ਘੁਮਾਉ,

ਫਿਰਾਓ; ਪੌੜੀ ਦਾ ਡੰਡਾ; ਕਬਤ,; ਰੌਂਦ, ਚਲਣ, ਗਤਿ, ਗਸ਼ਤ, ਕਰਮ, ਚੱਕਰ; *adv*. ਹਰ ਪਾਸੇ, ਚਾਰੋਂ ਤਰਫ਼, ਫਿਰਦਾ ਫਿਰਦ, ਇਰਦ ਗਿਰਦ; ਗੋਲ ਮੋਲ, ਚੌਰ ਵਿੱਚ; ਇੱਕ ਪਾਸੇ ਥੀਂ ਦੂਜੇ ਪਾਸੇ; ਸੰਬੰਧੀਆਂ ਵਿਚ; ਚਲਕੇ ਵਿੱਚ; *prep*. ਆਸ ਪਾਸ, ਇਰਦ ਗਿਰਦ, ਚੁਤਰਫ਼ੀ, ਚਹੁੰ ਪਾਸੀਂ; *v. t.* ਗੋਲ ਬਨਾਉਣਾ, ਘੇਰਨਾ, ਘੁਮਾਉਣਾ; ਪੂਰਾ ਕ०, ਉਭਾਰਨਾ; ਚੱਕਰ ਲਾਉਣਾ, ਗਿਰਦ ਫਿਰਨਾ; ਸੁਧਾਰਨਾ, ਠੀਕ ਕ०।

Roundabout, *a.* ਰੌਂਡਅਬੋਟ-ਪੇਚ ਦਾ, ਫੇਰ ਦਾ; ਵੱਡਾ, ਵਸੀਹ; ਗੋਲਮੋਲ; *n.* ਖੇਡਨ ਦਾ ਇੱਕ ਪਾਲਿਆ ਹੋਯਾ ਪਹੀਯਾ।

Roundel, Roundelay, *n.* ਰੋਨਡੇਲ, ਰੋਨਡੇਲੇ—ਇੱਕ ਪਰਕਾਰ ਦਾ ਗੀਤ, ਗ਼ਜ਼ਲ, ਸਰੋਦ।

Roundish, *a.* ਰੌਂਡਿਸ਼-ਗੋਲ ਜੇਹਾ।

Roundlet, *n.* ਰੌਂਡਲੇਟ—ਛੋਟਾ ਚੱਕਰ ਯਾ ਦਾਯਰਾ।

Roundness, *n.* ਰੌਂਡਨੈਸ-ਗੋਲਾਈ; ਪੂਰਾਪਨ, ਪੂਰਣਤਾ, ਸਫ਼ਾਈ, ਸਮਤਾ, ਹਮਵਾਰੀ।

Rouse, *v. t.* ਰੌਜ਼—ਜਗਾਉਣਾ, ਉਠਾਉਣਾ, ਉਕਸਾਉਣਾ; ਹਿਲਾਉਣਾ, ਚੌਕੰਨਾ ਕ०; *v. i.* ਉੱਠਣਾ, ਜਾਗਨਾ, ਹੁਸ਼ਿਆਰ ਹੋਨਾ; *n.* ਮਧਪਾਨ, ਸ਼ਰਾਬ ਨੋਸ਼ੀ ਦੀ ਅਧਿਕਤਾ।

Rout, *n.* ਰੌਟ-ਭੀੜ, ਜਮਘਟਾ, ਨੀਚ ਜਨਾਂ ਦਾ ਸਮੂਹ,ਠਾਠ; ਸੰਙ, ਸੰਧਜਾ ਯਾ ਤ੍ਰਿਕਾਲਾਂ ਦਾ ਬੜਾ ਜਲਸਾ; ਰੌਲਾ, ਖੱਪ, ਗੁਲ; ਹਾਰ, ਸ਼ਿਕਸਤ, ਪਰਾਜਯ, ਭਾਜੜ, ਅਫੜਾ ਤਫੜੀ; ਸੜਕ, ਰਸਤਾ, ਰਾਹ, ਮਾਰਗ; ਸਫ਼ਰ, ਕੂਚ; *v. t.* ਭਜਾਉਣਾ, ਨਸਾ ਦੇਨਾ, ਮਾਰ ਹਟਾਉਣਾ, ਹਾਰ ਯਾ ਸ਼ਿਕਸਤ ਦੇਨਾ।

Routine, *n.* ਰੋਟੀਨ—ਤੌਰ, ਤਰੀਕਾ, ਢੰਗ, ਦਸਤੂਰ-ਉਲ-ਅਮਲ, ਕਾਇਦਾ, ਨਿੱਤ ਕਰਮ, ਮਾਮੂਲੀ ਕਮ, ਅਭਿਆਸ, ਆਚਾਰ ਪੱਧਤੀ।

Rove, *v. i.* ਰੋਵ—ਭਟਕਦੇ ਫਿਰਨਾ, ਘੁੱਮਨਾ, ਪਰਯਤਨ ਕ०, ਗਸ਼ਤ ਕ०, ਸੈਰ ਕ०।

Roving, *n.* ਰੋਵਿੰਗ-ਘੱਤੀ, ਪੋਨੀ।

Row, *n.* ਰੌ-ਪੰਕਤੀ, ਕਤਾਰ, ਸਤਰ, ਲਾਰ, ਡਾਰ; ਕਿਸ਼ਤੀ ਯਾ ਨਾਓਕਾ ਦੀ ਸੈਰ; ਸ਼ੋਰ ਸ਼ਰਾਬਾ, ਰੌਲਾ, ਖਰਖਸ਼ਾ; *v. t.* ਨਾਓ ਯਾ ਕਿਸ਼ਤੀ ਚਲਾਉਣਾ।

Rowel, *n.* ਰੌਵੈਲ-ਘੋੜੇ ਨੂੰ ਮਾਰਨ ਦੀ ਏੜ ਦਾ ਕੰਡਾ, ਫਿਰਕੀ; ਘੰਡੀ।

Rowland, *n.* ਰੋਲੈਂਡ-ਬਦਲਾ, ਪਲਟਾ, ਇਵਜ਼।

Royal, *a.* ਰੋਯਲ—ਰਾਜਕੀਯ, ਰਾਜ ਜੋਗ, ਉਤਕ੍ਰਿਸ਼ਟ, ਸ਼ਿਰੋਮਾਨ; ਸ਼ਾਹੀ, ਸ਼ਾਹਾਨਾ, ਸੁਲਤਾਨੀ; ਨਾਮੀ, ਪਰਸਿਧ, ਮਸ਼ਹੂਰ।

Royalism, *n.* ਰਾਯਲਇਜ਼ਮ-ਬਾਦਸ਼ਾਹੀ ਦੀ ਤਰਫ਼ਦਾਰੀ, ਇੱਕ ਦੇ ਰਾਜ ਨੂੰ ਚਾਹੁਣਾ।

Royally, *adv.* ਰਾਯਲੀ-ਸ਼ਾਹਾਨਾ, ਰਾਜਸੀ।

Royalty, *n.* ਰਾਯਲਟੀ-ਤਾਜ, ਰਾਜ ਪਾਟ, ਤਖ਼ਤ; ਰਾਜ ਕਰ ਯਾ ਮਹਸੂਲ, ਸ਼ਾਹੀ ਦੰਡ; ਰਾਜਜ, ਸ਼ਾਹੀ ਹੱਕ।

Rub, *v. t.* ਰਬ-ਰਗੜਨਾ, ਮਲਣਾ, ਘਸਾਉਣਾ, ਮਾਂਜਨਾ, ਪੂੰਝਨਾ, ਹੱਥ ਫੇਰਨਾ, ਮਲਾਦਲੀ ਕ०, ਪੋਤਨਾ, ਲੇਪਨਾ; *v. i.* ਰਗੜਾ ਖਾਨਾ, ਘਸਨਾ; ਚਲਨਾ, ਸਰਕਨਾ; *n.* ਮਾਲਿਸ਼, ਮਲਨ, ਰਗੜ, ਘਸਾਓ, ਠੋਕਰ; ਘੁਰਕੀ, ਮੇਹਨਾ।

Rubber, *n.* ਰੱਬਰ-ਰਗੜਨ ਵਾਲਾ; ਰਗੜਨ ਦੀ ਚੀਜ਼, ਘੋਟਾ, ਝਾਂਵਾਂ, ਮੋਹਰਾ; ਪੱਥਰੀ, ਸਿਲ; ਚੋਲੀ, ਤਾਨਾ; ਫਿਟਕਾਰ, ਲਾਨਤ।

Rubbish, *n.* ਰੱਬਿਸ਼—ਮਲਬਾ, ਘਾਸ ਫੂਸ, ਕੂੜਾ ਕਰਕਟ, ਛਾਂਟਨ।

Rubble, Rubble-stone, *n.* ਰੱਬਲ, ਰੱਬਲਸਟੋਨ—ਝਾਂਵਾਂ, ਰੋੜਾ।

Rubicund, *a.* ਰੂਬੀਕੰਡ-ਸੁਰਖ਼ੀ ਮਾਇਲ।

Rubific, *a.* ਰੂਬੀਫ਼ਿਕ-ਲਾਲ ਕਰਨ ਵਾਲਾ।

Rubiform, *n.* ਰੂਬੀਫ਼ਾਰਮ-ਲਾਲ ਰੰਗ।

Rubify, *v. t.* ਰੂਬੀਫ਼ਾਈ-ਲਾਲ, ਸੂਹਾ ਯਾ ਸੁਰਖ਼ ਕ०।

Rubric, *n.* ਰੂਬਰਿਕ—ਪਰਾਚੀਨ ਕਾਨੂਨ ਯਾ ਨਮਾਜ਼ ਦੀ ਕਿਤਾਬਾਂ ਦਾ ਨਾਓਂ ਕਿਉਂਕਿ ਓਹ ਸੁਰਖ਼ੀ ਨਾਲ ਲਿਖੀਆਂ ਜਾਂਦੀਆਂ ਸਨ।

Rubricate, *v. t.* ਰੂਬਰੀਕੇਟ-ਸੁਰਖ਼ੀ ਨਾਲ ਚਿੰਨ੍ਹ ਯਾ ਨਿਸ਼ਾਨ ਕ०।

Ruby, *n.* ਰੂਬੀ-ਲਾਲੀ, ਮਨੀ, ਮਾਨਕ, ਚੁਨੀ; ਇੱਕ ਪਰਕਾਰ ਦੇ ਅੱਖਰ; *a.* ਲਾਲ, ਸੁਰਖ਼।

Ruck, *v. t.* ਰਕ-ਤੇਹ ਕ०, ਲਪੇਟਨਾ, ਚੀਨ ਪਾਉਣੀ; *v. i.* ਬੈਠਨਾ।

Ructation, *n.* ਰਕਟੇਸ਼ਨ-ਡਕਾਰ, ਅਟੇਰ।

Rudder, *n.* ਰੱਡਰ-ਚੱਪੂ, ਨਕੇਲ, ਠੱਥ, ਮੁਹਾਰ; ਪਤਵਾਰ, ਸੁੱਕਾਨ; ਜਹਾਜ਼ ਨੂੰ ਰਾਹ ਦੱਸਣ ਵਾ ਯੰਤਰ।

Ruddiness, *n.* ਰੁਡੀਨੈਸ—ਸੁਰਖ਼ੀ, ਲਾਲੀ, ਅਰੁਣਤਾ, ਹੁਰਮਤ।

Ruddle, *n.* ਰੱਡਲ-ਲਾਲ ਮਿੱਟੀ, ਗੇਰੂ, ਹੁਰ-ਮਜ਼ੀ; *v. t.* ਲਾਲ ਨਿਸ਼ਾਨ ਜਾ ਚਿੰਨ੍ਹ ਕ०।

Ruddock, *n.* ਰੁਡੋਕ—ਲਾਲ ਰੰਗ ਦੀ ਛਾਤੀ ਵਾਲਾ ਇੱਕ ਪੰਛੀ; ਸੋਨੇ ਦਾ ਇੱਕ ਸਿੱਕਾ, ਮੋਹਰ, ਅਸ਼ਰਫ਼ੀ।

Ruddy, *a.* ਰੱਡੀ-ਲਾਲ, ਰਕਤਵਰਣ, ਸੁਰਖ਼, ਅਰੁਣ, ਅਰੋਗ, ਤੰਦਰੁਸਤ।

Rude, *a.* ਰੂਡ-ਅਨਘੜ, ਖੁਰਦਰਾ; ਸਥੂਲ, ਭੱਦਾ, ਅਸਭ੍ਯ, ਤੀਕਸ਼ਨ, ਵੇਗਵਾਨ, ਪਰਚੰਡ, ਕਠਿਨ, ਕਠੋਰ, ਮੂਰਖ, ਜੜ੍ਹ, ਵਿੱਦਿਆ ਹੀਨ, ਪੇਂਡੂ, ਅਨਾੜੀ, ਕੱਚਾ।

Rudeness, *n.* ਰੂਡਨੈਸ—ਛੋਟਾਈ, ਖੁਰਦਰਾ-ਪਨ, ਗੰਵਾਰਪਨ, ਅੱਖੜਪਨ, ਉਜੱਡਪਨਾ, ਅਨਾੜੀਪਨ, ਮੂਰਖਤਾ, ਮੂੜ੍ਹਤਾ, ਕਠੋਰਤਾ, ਜੜ੍ਹਤਾ, ਸਖ਼ਤੀ, ਤੁੰਦੀ, ਨਾਹਮਵਾਰੀ।

Rudiment, *n.* ਰੁਡੀਮੈਂਟ-ਜੜ੍ਹ, ਮੂਲ ਤੱਤਵ, ਮੂਲ ਸੂਤਰ, ਮੂਲ ਵਸਤੂ; ਆਦਿ ਸਿੱਖਿਆ, ਮੂਲ ਸਿਕਸ਼ਾ, ਨੇਮ, ਕਾਇਦਾ; ਅਧੂਰਾ ਅੰਗ।

Rudimental, Rudimentary, *a.* ਰੁਡੀ-ਮੈਨਟਲ, ਰੁਡੀਮੈਨਟਰੀ—ਮੂਲਕ; ਅਸੂਲੀ।

Rue, *v. t.* ਰੂ—ਸ਼ੋਕ ਜਾਂ ਵਿਲਾਪ ਕ०, ਪਛ-ਤਾਉਣਾ, ਰੋਣਾ, ਪਿੱਟਣਾ, ਹੱਥ ਮਲਣਾ; *n.* ਸ਼ੋਕ, ਵਿਲਾਪ; ਇੱਕ ਪਰਕਾਰ ਦਾ ਪੌਦਾ; ਕਾਲਾ ਦਾਣਾ।

Ruff, *n.* ਰਫ਼—ਚੀਨ, ਝਾਲਰ, ਭੰਨ, ਸ਼ਿਕਨ; ਘੁਮੰਡ, ਗ਼ਰੂਰ, ਤਕੱਬਰ, ਅਭਿਮਾਨ; ਬਦ-ਚਲਨੀ; ਢੋਲ ਦੀ ਮੰਦੀ ਆਵਾਜ਼; ਇੱਕ ਭਾਂਤ ਦੀ ਚਿੜੀ ਜਾ ਮੱਛੀ; ਤਾਸ਼ ਦੀ ਇੱਕ ਖੇਡ; *v. t.* ਤਿਤਰ ਬਿਤਰ ਕ०, ਖਲੇਰਨਾ, ਖਿੰਡਾ-ਉਣਾ, ਬੇਤਰਤੀਬ ਕ०, ਖ਼ਰਾਬ ਕ०; ਤਾਸ਼ ਜਿੱਤਣਾ; ਢੋਲ ਵਜਾਉਣਾ।

Ruffian, *n.* ਰੱਫ਼ੀਅਨ-ਬਧੱਕ, ਖ਼ੂਨੀ, ਹਲਾਕੂ; ਠੱਗ, ਚੋਰ, ਡਾਕੂ, ਬਦਮਾਰ।

Ruffle, *v. t.* ਰੱਫ਼ਲ—ਚੁੰਨੀ ਜਾ ਸਲਵਟ ਪਾਉਣਾ; ਉਲਟ ਪਲਟ ਕ०, ਵਿਆਕੁਲ ਕ०, ਘਬਰਾ ਦੇਣਾ, ਪਰੇਸ਼ਾਨ ਕ०; *n.* ਝੁਲਾਉ, ਵਿਆਕੁਲਤਾ, ਪਰੇਸ਼ਾਨੀ, ਘਬਰਾਹਟ; ਚੀਨ, ਝਾਲਰ, ਚੁੰਨਦਾਰ ਕੱਪੜਾ; ਢੋਲ ਦੀ ਧੀਮੀ ਜਾ ਮੱਧਮ ਆਵਾਜ਼।

Rug, *n.* ਰਗ—ਕੰਬਲ, ਧੁੱਸਾ, ਲੋਈ, ਪੱਟੂ, ਨਮਦਾ; ਝਬਰਾ ਕੁੱਤਾ।

Rugged, *a.* ਰਗਡ-ਖਰਖਰਾ, ਖੁਰਦਰਾ, ਅਣਘੜ, ਉੱਚਾ ਨੀਵਾਂ, ਅਨਪਧਰਾ, ਰੁੱਖਾ, ਤੇਜ਼, ਤੁੰਦ, ਕਰੜਾ, ਸਖ਼ਤ; ਵਾਲਦਾਰ, ਪਸ਼ਮ-ਦਾਰ; ਘਿਸਨ ਦਾ ਸ਼ਬਦ ਉਤਪੰਨ ਕਰਨ ਵਾਲਾ; *n.* Ruggedness.

Rugine, *n.* ਰੁਜਿਨ—ਜੱਰਾਹ ਦੀ ਰੇਤੀ।

Rugose, *a.* ਰੁਗੋਜ਼-ਸਲਵੱਟਾਂ ਨਾਲ ਭਰਿਆ ਹੋਇਆ।

Rugosity, *n.* ਰੁਗੋਸਿਟੀ—ਚੁਨਤ, ਚੋਨ।

Ruin, *n.* ਰੂਇਨ—ਉਜਾੜ, ਬਰਬਾਦੀ, ਸੱਤਿਆ-ਨਾਸ; ਖੰਡਰ, ਖਸ, ਧਵੰਸ, ਨਾਸ, ਪਰਾਜਯ, ਭੰਗ, ਖੰਡਰਾਤ; *v. t.* ਢਾਹ ਦੇਣਾ, ਤੋੜ ਦੇਣਾ, ਸੱਤਿਆਨਾਸ ਕ०, ਵਿਗਾੜਨਾ, ਖ਼ਰਾਬ ਕ०।

Ruinous, *a.* ਰੁਇਨਸ—ਟੁੱਟਾ ਫੁੱਟਾ, ਭੈਜਕ, ਉਜੜਿਆ ਪੁਜੜਿਆ, ਰੁੱਖਾ ਪੁੱਖਾ; ਬੁਰਾ, ਖ਼ਰਾਬ ਕਰਨ ਵਾਲਾ; *n.* Ruinousness.

Rule, *n.* ਰੂਲ—ਮਿਸਤਰ, ਲੀਕਾਂ ਖਿੱਚਨ ਦੀ ਫੱਟੀ; ਅਧਿਪਤਯ, ਹਕੂਮਤ, ਰਾਜ, ਬਾਦਸ਼ਾਹੀ, ਅਧਿਕਾਰ; ਵਿਧੀ, ਵਿਧਾਨ, ਨਿਯਮ, ਤਰੀਕਾ, ਦਸਤੂਰ, ਰੀਤ, ਰਸਮ, ਢੰਗ, ਚਾਲ, ਕਾਨੂਨ; *v. t.* ਵੱਸ ਕ०, ਅਧੀਨ ਕ०; ਨਿਭਾਉਣਾ, ਚਲਾਉਣਾ; ਵਿਧੀ ਜਾ ਨਿਯਮ ਅਨੁਸਾਰ ਨਿਰਣਯ ਕ०; ਫੱਟੀ ਨਾਲ ਲੀਕਾਂ ਖਿਚਣੀਆਂ, ਰੂਲ ਕ०; ਨਿਯਮ, ਵਿਧੀ, ਦਸਤੂਰ, ਤਰੀਕਾ ਜਾ ਕਾਇਦਾ ਬੰਨ੍ਹਣਾ।

Ruler, *n.* ਰੂਲਰ—ਪਰਭੂ, ਹਾਕਿਮ, ਅਧਿਪਤਿ; ਸਲਾਕਾ, ਸੂਤ, ਮਿਸਤਰ।

Ruling, *a.* ਰੂਲਿੰਗ—ਰਾਜ ਜਾ ਹਕੂਮਤ ਕਰਨ ਵਾਲਾ।

Rum, *n.* ਰਮ—ਇੱਕ ਪਰਕਾਰ ਦੀ ਗੁੜ ਦੀ ਮਦਰਾ (ਸ਼ਰਾਬ); *a.* ਪੁਰਾਣੀ ਚਾਲ ਦਾ; ਅਨੋਖਾ, ਨਿਰਾਲਾ, ਅਨੂਠਾ, ਅਜੀਬ।

Rumble, *v. t.* ਰੰਬਲ—ਗਰਜਨਾ, ਗੜਗੜ ਕ०; ਘੜਘੜ ਕ०; *n.* ਗੱਡੀ ਦੇ ਪਿੱਛੇ ਨੌਕਰ ਦੇ ਬੈਠਨ ਲਈ ਥਾਂ; ਲੋਹਾ ਉਜਾਲਨ ਦੀ ਕਲ; ਗੜਗੜਾਹਟ, ਘੜਘੜਾਹਟ।

Ruminant, *a.* ਰੁਮੀਨੈਂਟ—ਜੁਗਾਲੀ ਕਰਨ ਵਾਲਾ ।

Ruminate, *v. t.* ਰੁਮੀਨੇਟ–ਜੁਗਾਲੀ ਕ॰; ਸੋਚਣਾ, ਵਿਚਾਰ ਕ॰, ਜਾਂਚਣਾ, ਫ਼ਿਕਰ ਕ॰ ।

Rummage, *v. t.* ਰੁਮੇਜ–ਟੋਹਟਾਹ ਕ॰, ਤਲਾਸ਼ ਕ॰, ਛਾਨ ਮਾਰਨਾ, ਖੋਜਣਾ, ਖ਼ੂਬ ਤਲਾਸ਼ ਕ॰; *n.* ਖੋਜ, ਢੂੰਡ, ਤਲਾਸ਼, ਟੋਹਟਾਹ।

Rummer, *n.* ਰੱਮਰ–ਕੱਚ ਦਾ ਵੱਡਾ ਭਾਂਡਾ ।

Rumour, *n.* ਰੂਮਰ–ਅਫ਼ਵਾਹ, ਗੱਪ, ਚਰਚਾ, ਹੂ ਹਾ, ਅਫ਼ਵਾਹ; *v. t.* ਗੱਪ ਫੈਲਾਉਣਾ, ਅਫ਼ਵਾਹ ਉਡਾਉਣਾ, ਮਸ਼ਹੂਰ ਕ॰ ।

Rump, *n.* ਰੰਪ–ਚੁੱਤੜ, ਪੁੱਠਾ, ਪੁਠ ।

Rumple, *n.* ਰੰਪਲ–ਝੁਰੀ, ਸਲਵਟ, ਚੁਨਤ, ਪਰਤ, ਚੀਨ; *v. t.* ਝੁਰੀ, ਚੀਨ ਜਾ ਸਲਵਟ ਪਾਉਣਾ, ਮੇਸਣਾ ।

Rumpless, *a.* ਰੰਪਲੈਸ–ਪੂਛ ਹੀਨ, ਬਿਨਪੂਛਾ, ਬੇਦੁੱਮ, ਜਿਸਦੀ ਪੂਛ ਨਾ ਹੋਵੇ ।

Run, *v. i.* ਰਨ–ਦੌੜਨਾ, ਨੱਸਣਾ, ਭੱਜਣਾ, ਚੰਪਤ ਹੋਣਾ, ਰਫ਼ੂਚੱਕਰ ਹੋਣਾ; ਅਲਗ ਜਾ ਵੱਖ ਹੋਣਾ; ਹੋਣਾ ਹੋ ਜਾਣਾ, ਦਲਣਾ, ਅੱਗੇ ਵਧਣਾ; ਫ਼ਿਕਰ ਚਲਣਾ, ਗਲ ਨਿਕਲਣਾ; ਰੀਂਗਣਾ, ਸਰਕਣਾ, ਖਿਸਕਣਾ; ਵਗਣਾ, ਬਹਣਾ, ਜਾਰੀ ਹੋਣਾ; ਫੈਲਣਾ, ਖਿਲਰਨਾ; ਪਿਘਲਣਾ, ਗਲਣਾ, ਘੁਲਣਾ; ਘੁੱਮਣਾ, ਚੱਕਰ ਖਾਣਾ, ਫਿਰਨਾ; ਪਹੀਆਂ ਦੁਆਰਾ ਚਲਣਾ; ਡੋਲਣਾ; ਚਲਦੇ ਰਹਣਾ; ਪਰਸਿੱਧ ਜਾ ਮਸ਼ਹੂਰ ਹੋਣਾ, ਫੈਲਣਾ; ਵਧਣਾ; ਝੁਕਣਾ; *v. t.* ਦੌੜਾਨਾ, ਚਲਾਉਣਾ, ਧਕੇਲਣਾ; ਸੋਚਣਾ, ਵਿਚਾਰਨਾ, ਖ਼ਿਆਲ ਕ॰; ਦੁਭੋਣਾ, ਘੁਸੇੜਨਾ, ਧਸਾਉਣਾ, ਅੰਦਰ ਕ॰; ਚੜ੍ਹਾਉਣਾ; ਗਲਾਉਣਾ, ਪਿਘਲਾਉਣਾ, ਢਾਲਣਾ, ਬਣਾਉਣਾ; ਮਸੂਲੀ ਮਾਲ ਚੁਰਾਕੇ ਲੈ ਆਉਣਾ, ਮਹਸੂਲ ਮਾਰਨਾ; ਜੋਖੋਂ ਉਠਾਉਣਾ; ਨਿਗੰਦੇ ਜਾ ਧਾਗੇ ਪਾਉਣਾ; *n.* ਦੌੜ, ਨਸ, ਭੱਜ; ਨਦੀ, ਨਾਲਾ, ਸੋਤਾ; ਬਹਾਉ, ਰਵਾਨੀ; ਢੰਗ, ਤਰੀਕਾ; ਸਰਵ ਪਰੀਤੀ, ਹਰ ਦਿਲ ਅਜ਼ੀਜ਼ੀ; ਚੱਕੀ; ਧਰਨਾ, ਤਕਾਜ਼ਾ; ਜੰਗਲ, ਚਰਾਗਾਹ; ਸਫ਼ਰ, ਜਾਤਰਾ; ਤੋੜਾ; ਦੌੜ, ਧਾਵਾ ।

Runaway, *n.* ਰਨਅਵੇ–ਭਗੌੜਾ, ਬਲਵਈ, ਭਗੌੜੀ ।

Rundle, *n.* ਰੰਡਲ–ਡੰਡਾ, ਸੀੜ੍ਹੀ ਜਾ ਪੌੜੀ ਦਾ ਡੰਡਾ ਜਾ ਪਾਯਾ ।

Rundlet, Runlet, *n.* ਰੰਡਲੈਟ, ਰਨਲੈਟ— ਇਕ ਛੋਟਾ ਪੈਮਾਨਾ ।

Rung, *p. t.* and *p. p.* of Ring, ਰੰਗ —ਵੇਖੋ ਸ਼ਬਦ ring; ਟੁਣਕਾਯਾ; *n.* ਡੰਡਾ; ਜਹਾਜ਼ ਦੀ ਛੱਤ ਦੀ ਲੱਕੜ ।

Runner, *n.* ਰੰਨਰ–ਦੌੜਨ ਵਾਲਾ; ਹਰਕਾਰਾ, ਕਾਸਿਦ; ਚੱਕੀ ਦਾ ਉੱਪਰਲਾ ਪੁੜ ਜਾ ਪਟ; ਰੱਸਾ, ਰੱਸੀ ।

Runnet, *n.* ਰੰਨੈਟ–ਮਠਾ, ਜਾਵਨ, ਜਾਗ ।

Running, *a.* ਰਨਇੰਗ–ਘੋੜਦੌੜ ਦਾ; ਪੈ ਦਰ ਪੈ, ਬਰਾਬਰ, ਲਗਾਤਾਰ; ਵਗਦਾ, ਜਾਰੀ; ਤਰ, ਗਿੱਲਾ, ਭਿੱਜਾ ਹੋਇਆ ।

Runt, *n.* ਰੰਟ–ਬੁੱਢੀ ਗਾਂ; ਠਿੰਗਣਾ ਜੰਤੂ ।

Rupee, *n.* ਰੁਪੀ–ਰੁਪੈਯਾ ।

Ruption, *n.* ਰਪਸ਼ਨ–ਟੁੱਟਨ, ਖੰਡਨ, ਫਟਨ ।

Rupture, *n.* ਰਪਟੁਰ–ਟੁੱਟ ਫੁੱਟ, ਤੋੜ, ਖੰਡਨ, ਵਿਗਾੜ; ਲੜਾਈ, ਫ਼ਸਾਦ; ਫ਼ਤਕ, ਟੱਟਿਆਂ ਦਾ ਚਿਟਕਣਾ; *v. t.* ਤੋੜਨਾ, ਭੰਨਣਾ, ਫੋੜਨਾ, ਵਿਗਾੜ ਦੇਣਾ ।

Rural, *a.* ਰੂਰਲ–ਪੇਂਡੂ, ਦੇਹਾਤੀ, ਜੰਗਲੀ ।

Ruse, *n.* ਰੂਜ਼–ਛਲ ਵਲ, ਫ਼ਰੇਬ, ਚਲਾਕੀ, ਧੋਖਾ, ਮਕਰ, ਹਿਕਮਤ ਅਮਲੀ ।

Rush, *n.* ਰਸ਼—ਘਾਹ, ਨਾਗਰਮੋਥਾ, ਤਿੰਕਾ; ਝਪਟ, ਦੌੜ, ਝੋਕਾ, ਹੱਲਾ, ਠੇਲਮਟੇਲਾ; *v. i.* ਟੁੱਟ ਪੈਣਾ, ਝਪਟਣਾ, ਹੱਲਾ ਕ॰, ਧਸਣਾ, ਘੁਸ ਜਾਣਾ; ਬੇ ਸੋਚੇ ਸਮਝੇ ਕ॰ ।

Rushy, *a.* ਰਸ਼ੀ—ਨਾਗਰਮੋਥੇ ਦਾ ਭਰਿਆ ਜਾ ਬਣਿਆ ਹੋਇਆ ।

Rusk, *n.* ਰਸਕ–ਹੌਲੀ ਰੋਟੀ, ਫੁਲਕਾ; ਇੱਕ ਪਰਕਾਰ ਦੀ ਟਿੱਕੀ ।

Russet, *n.* ਰਸੈਟ–ਇੱਕ ਪਰਕਾਰ ਦਾ ਸੇਬ ਜਾ ਸਉ; *a.* ਗੰਵਾਰੀ, ਮੋਟਾ, ਦੇਹਾਤੀ; ਕਨਕ ਦੇ ਰੰਗ ਦਾ, ਗੰਦਮੀ, ਲਾਲੀ ਭਰੇ ਭੂਰੇ ਰੰਗ ਦਾ

Rust, *n.* ਰਸਟ–ਮੈਲ, ਜੰਗਾਲ, ਕੀੜਾ, ਰੋਲੀ; ਬੁਰਾ ਅਸਰ; *v. i.* ਜੰਗਾਲ ਲੱਗਣਾ, ਮੈਲ ਲੱਗਣਾ, ਵਿਗੜ ਜਾਣਾ, ਮੋਰਚਾ ਲੱਗਣਾ ।

Rustic, *a.* ਰਸਟਿਕ—ਸਿੱਧਾ, ਸਥੂਲ, ਪੇਂਡੂ, ਦੇਹਾਤੀ, ਦੇਹਕਾਨੀ, ਗੰਵਾਰ, ਉਜੱਡ, ਅੱਖੜ; ਮੋਟਾ, ਸਾਦਾ; *n.* ਜੱਟ, ਗੰਵਾਰ ।

Rusticate, *v. i.* ਰਸਟੀਕੇਟ–ਗਾਉਂ ਜਾ ਪਿੰਡ

ਵਿੱਚ ਰਹਨਾ; *v. t.* ਨਗਰ ਜਾ ਸ਼ਾਲਾ ਥੀਂ ਕੱਢਕੇ ਪਿੰਡ ਨੂੰ ਭੇਜ ਦੇਨਾ।

Rustication, *n.* ਰਸਟੀਕੇਸ਼ਨ–ਪਿੰਡ ਦਾ ਨਿਵਾਸ; ਵਿਦਯਾਰਥੀ ਨੂੰ ਕੁਝ ਕਾਲ ਲਈ ਸ਼ਾਲਾ ਵਿੱਚੋਂ ਕੱਢ ਦੇਨਾ।

Rusticity, *n.* ਰਸਟੀਸਿਟੀ–ਗੁੰਆਰਪਨ, ਸਾਦਗੀ, ਭੋਲਾਪਨ, ਦੇਹਕਾਨੀਅਤ।

Rustily, *adv.* ਰਸਟੀਲੀ–ਜ਼ੰਗ ਲੱਗੇ ਹੋਏ।

Rustiness, *n.* ਰਸਟੀਨੈਸ–ਸੁਸਤੀ, ਆਲਸ, ਨਿਰਬਲਤਾ, ਕਮਜ਼ੋਰੀ; ਜ਼ੰਗ ਆਲੂਦਗੀ।

Rustle, *v. i.* ਰਸਲ—ਸਰਸਰਾਉਨਾ, ਖੜ-ਖੜਾਉਨਾ, ਫੜਫੜਾਉਨਾ; *n.* ਖੜਖੜਾਹਟ, ਸਰਸਰਾਹਟ, ਫੜਫੜਾਹਟ।

Rusty, *a* ਰਸਟੀ–ਜੰਗਾਲ ਯਾ ਜ਼ੰਗ ਲੱਗਿਆ ਹੋਇਆ; ਨਿਕਾਰਾ, ਕੁੰਦ ਸੁਸਤ, ਢਿੱਲਾ।

Rut, *v. i.* ਰਟ—ਹਿਰਣੀ ਦਾ ਮਸਤਨਾ ਯਾ ਗਰਮ ਹੋਨਾ; *v. t.* ਪਹੀਯੇ ਨਾਲ ਲੀਕ ਪਾਉਨਾ; ਚੜ੍ਹਨਾ, ਗੱਭਣ ਕ॰।

Ruth, *n.* ਰਥ–ਕਰੁਣਾ, ਤਰਸ, ਦਯਾ, ਰਹਮ।

Ruthless, *a.* ਰਥਲੈਸ–ਨਿਰਦਈ, ਬੇਤਰਸ, ਦਯਾਹੀਨ, ਬੇਰਹਮ, ਬੇਦਰਦ, ਪੱਥਰ ਦਿਲ, ਸੰਗ ਦਿਲ, ਕਠੋਰ ਦਿਲ।

Rutilant, *a.* ਰੁਟੀਲੈਂਟ–ਚਮਕਦਾ ਹੋਯਾ।

Rutter, *n.* ਰੱਟਰ–ਸਵਾਰ, ਘੁੜਚੜ੍ਹਾ।

Ruttish, *a.* ਰੱਟਿਸ਼–ਮਸਤ, ਗਰਮ, ਸ਼ਹਵਤੀ।

Rye, *n.* ਰੀ—ਇੱਕ ਪਰਕਾਰ ਦਾ ਅਨਾਜ ਜੋ ਕਨਕ ਥੀਂ ਨਿਕ੍ਰਿਸ਼ਟ ਹੁੰਦਾ ਹੈ; ਘਿਕਰੇ ਦਾ ਇੱਕ ਰੋਗ।

S.

Sabaoth, *n.* ਸੈਬਾਓਥ–ਸੈਨਾ, ਫ਼ੌਜ, ਕਟਕ।

Sabbatarian, *n.* ਸੈਬੈਟੈਰੀਅਨ–ਵਿਸ਼ਰਾਮ ਤੇ ਪੂਜਾ ਦੇ ਦਿਨ ਦਾ ਮੰਨਣ ਵਾਲਾ।

Sabbath, *n.* ਸੈਬਥ–ਵਿਸ਼ਰਾਮ ਦਿਨ, ਕਸ਼ਟ ਯਾ ਸ਼ੋਕ ਦੀ ਨਿਵਰਤੀ, ਛੁੱਟੀ ਯਾ ਆਰਾਮ ਦਾ ਦਿਨ, ਐਤਵਾਰ, ਰਵਿਵਾਰ।

Sabine, *n.* ਸੈਬਿਨ—ਇੱਕ ਪਰਕਾਰ ਦੀ ਝਾੜੀ ਯਾ ਬੂੱਟੀ।

Sable, *n.* ਸੇਬਲ–ਇੱਕ ਜਨੌਰ ਜਿਸਥੀਂ ਸਮੂਰ ਬਨਦਾ ਹੈ, ਸਮੂਰ; ਪੋਸਤੀਨ, ਮਾਤਮੀ ਲਿਬਾਸ, ਸ਼ੋਕ ਵਸਤ੍ਰ; *a.* ਕਾਲਾ, ਸਿਆਹ।

Sabot, *n.* ਸੈਬੋ–ਕਾਠ ਦੀ ਜੁੱਤੀ, ਖੜਾਵਾਂ।

Sabre, *n.* ਸੇਬਰ–ਤਲਵਾਰ, ਕ੍ਰਿਪਾਨ, ਖੜਗ; *v. t.* ਤਲਵਾਰ ਮਾਰਨਾ, ਬਧ ਯਾ ਕਤਲ ਕ॰।

Saccharine, *a.* ਸੈਕੇਰਿਨ—ਚੀਨੀ ਯਾ ਖੰਡ ਸੰਬੰਧੀ; ਮਿੱਠਾ, ਮਧੁਰ, ਸ਼ੀਰੀਂ, ਸ਼ੱਕਰ ਸਮਾਨ

Sacerdotal, *a.* ਸੈਸਰਡੋਟਲ—ਪਰੋਹਿਤਕ, ਯਾਜਕ ਸੰਬੰਧੀ, ਪੀਰ ਦਾ; ਪਵਿੱਤਰ, ਪਾਕ।

Sachel, *n.* ਸੈਚਲ–ਥੇਰਾ, ਥੈਲਾ, ਖੀਸਾ, ਬਸਤਾ

Sack, *n.* ਸੈਕ—ਬੋਰਾ, ਗੱਠਾ, ਥੈਲਾ; ਢਿੱਲਾ ਅੰਗਰੱਖਾ, ਜਾਮਾ, ਲਬਾਦਾ; ਇੱਕ ਪਰਕਾਰ ਦੀ ਸ਼ਰਾਬ; ਲੁੱਟਮਾਰ; *v. t.* ਥੈਲਿਆਂ ਯਾ ਬੋਰਿਆਂ ਵਿੱਚ ਭਰਨਾ; ਹੱਲਾ ਯਾ ਹਮਲਾ ਕਰਕੇ ਲੈਨਾ, ਲੁੱਟਮਾਰ ਕ॰; ਜਵਾਬ ਦੇਨਾ, ਛੁੱਟੀ ਦੇਨਾ।

Sackbut, *n.* ਸੈਕਬਟ–ਇੱਕ ਪਰਕਾਰ ਦੀ ਤੁਰਹੀ; ਤੰਬੂਰਾ, ਤੁਰਾਈ।

Sack-cloth, *n.* ਸੈਕਕਲਾਥ–ਮਾਤਮੀ ਕੱਪੜਾ, ਛੁੜੀ; ਟਾਟ।

Sackful, *a.* ਸੈਕਫ਼ੁਲ–ਥੈਲੀ ਭਰ।

Sack-posset, *n.* ਸੈਕਪੋਸੈਟ–ਅੰਗੂਰੀ ਸ਼ਰਾਬ; ਦੁੱਧ ਆਦਿ ਦਾ ਸ਼ਰਬਤ।

Sacrament, *n.* ਸੈਕਰੇਮੈਂਟ–ਸਪਥ, ਕਸਮ, ਸੌਂ, ਸੁਗੰਧ; ਈਸਾ ਮਸੀਹ ਦੀ ਮੌਤ ਦੀ ਯਾਦਗਾਰ ਦਾ ਤੋਸ਼ਾ; ਮਹਾਂ ਪਰਸਾਦ; *v. t.* ਸੌਂ, ਕਸਮ ਯਾ ਸੁਗੰਧ ਖਿਲਾਉਨਾ।

Sacred, *a.* ਸੇਕਰੈਡ–ਧਰਮ ਸੰਬੰਧੀ, ਪਵਿਤ੍ਰ, ਪੂਜਯ, ਪੂਜਨ, ਪੂਜਨੀਯ, ਅਰਪਣ, ਨਮਿਤ, ਹੇਤ, ਪਾਕ, ਮੁਕੱਦਸ।

Sacredness, *n.* ਸੇਕਰੈਡਨੈਸ—ਪਵਿੱਤ੍ਰਤਾ, ਸ਼ੁੱਧਤਾ, ਪਾਕੀ, ਸਫ਼ਾਈ।

Sacrific, Sacrificial, *a.* ਸੈਕਰੀਫ਼ਿਕ, ਸੈਕਰੀਫ਼ੀਸ਼ਲ—ਜਗ ਸੰਬੰਧੀ, ਹੋਮ ਵਿਸ਼ਯਕ, ਯੱਗਕਾਰੀ, ਕੁਰਬਾਨੀ ਦੇ ਇਸਤੇਮਾਲ ਦਾ।

Sacrifice, *v. t.* ਸੈਕਰੀਫ਼ਾਇਸ–ਬਲੀਦਾਨ ਕ॰, ਬਲੀ ਕ॰, ਚੜ੍ਹਾਉਨਾ, ਸਮਰਪਣ ਕ॰, ਭੇਟ ਕ॰, ਮਾਰ ਡਾਲਨਾ, ਕੁਰਬਾਨ ਕ॰; *n.* ਬਲੀ, ਬਲੀਦਾਨ, ਕੁਰਬਾਨੀ, ਯੱਗ, ਹਵਨ, ਹੋਮ, ਭੇਟ, ਚੜ੍ਹਾਵਾ; ਤਿਆਗ; ਨੁਕਸਾਨ, ਹਾਨੀ

Sacrilege, *n.* ਸੈਕਰੀਲਿਜ—ਚੜ੍ਹਾਵੇ, ਜਾਂ ਧਰਮ ਸੰਬੰਧੀ ਚੀਜ਼ ਦਾ ਅਨਾਦਰ, ਧਾਰਮਿਕ ਅਪਮਾਨ; ਪੂਜਨ ਦੀ ਚੋਰੀ ।

Sacrist, Sacristan, *n.* ਸੈਕਰਿਸਟ ਸੈਕਰਿਸਟਨ—ਗਿਰਜੇ ਦੇ ਅਸਬਾਬ ਦਾ ਦਾਰੋਗਾ ਜਾਂ ਰਖਵਾਲਾ ।

Sacristy, *n.* ਸੈਕਰਿਸਟੀ—ਗਿਰਜੇ ਦਾ ਅਸਬਾਬ ਰੱਖਨ ਦੀ ਕੋਠੜੀ ਜਾਂ ਕਮਰਾ ।

Sad, *a.* ਸੈਡ—ਭਾਰੀ, ਡੂੰਘਾ; ਉਦਾਸ, ਸ਼ੋਕਵਾਨ, ਗ਼ਮਗੀਨ, ਦਿਲਗੀਰ; ਦੁਖਦਾਈ, ਬੁਰਾ ।

Sadden, *v.* ਸੈਡਨ—ਉਦਾਸ ਕ० ਜਾਂ ਹੋਣਾ ।

Saddle, *n.* ਸੈਡਲ—ਕਾਠੀ, ਜ਼ੀਨ; ਚੋਟੀ; *v. t.* ਕਾਠੀ ਪਾਉਣੀ; ਬੋਝਣਾ, ਲੱਦਣਾ ।

Saddler, *n.* ਸੈਡਲਰ—ਕਾਠੀ ਬਨਾਉਨ ਵਾਲਾ, ਮੋਚੀ ।

Saddlery, *n.* ਸੈਡਲਰੀ—ਜ਼ੀਨਸਾਜ਼ੀ ।

Sadduce, *n.* ਸੈਡੂਸ—ਫੇਰ ਜਿਉਂ ਉੱਠਨ, ਪਰਲੋਕ ਤੇ ਈਸ਼ਵਰ ਦੂਤ ਨੂੰ ਨਾ ਮੰਨਣ ਵਾਲਾ ਯਹੂਦੀ ।

Sadness, *n.* ਸੈਡਨੈਸ—ਉਦਾਸੀ, ਸ਼ੋਕ, ਖੇਦ ।

Safe, *a.* ਸੇਫ਼—ਭਲਾ ਚੰਗਾ, ਬੇਸੋਖੋਂ, ਨਿਰਭਯ, ਬੇਖ਼ਤਰ, ਵਿਪੱਤੀ ਮੁਕਤ; *n.* ਲੋਹੇ ਦਾ ਪੱਕਾ ਸੰਦੂਕ; ਰੱਖਯਾ ਦੀ ਥਾਂਓ, ਡੋਲੀ, ਪਿੰਜਰਾ ।

Safe-conduct, *n.* ਸੇਫ਼ਕੰਡਕਟ—ਰੱਖਯਕ; ਰਾਹਦਾਰੀ ਦਾ ਪਰਵਾਨਾ ।

Safeguard, *n.* ਸੇਫ਼ਗਾਰਡ—ਰੱਖਯਾ, ਬਚਾਓ; ਰੱਖਯਕ; ਪਰਵਾਨਾ ਰਾਹਦਾਰੀ ।

Safely, *adv.* ਸੇਫ਼ਲੀ—ਨੁਕਸਾਨ ਜਾਂ ਹਾਨੀ ਤੋਂ ਬਿਨਾ, ਬਾਖ਼ੈਰੀਅਤ ।

Safety, Safeness, *n.* ਸੇਫ਼ਟੀ, ਸੇਫ਼ਨੈਸ—ਭਯ ਮੁਕਤੀ, ਬਚਾਓ, ਨਿਰਭਯਤਾ, ਚੋਕਸੀ ।

Safflower, *n.* ਸੈਫ਼ਫ਼ਲੋਵਰ—ਕਸੁੰਬਾ ।

Saffron, *n.* ਸੈਫ਼ਰੋਨ—ਕੇਸਰ, ਜ਼ਾਫ਼ਰਾਨ ।

Saffrony, *a.* ਸੈਫ਼ਰੋਨੀ—ਕੇਸਰੀ, ਜ਼ਾਫ਼ਰਾਨੀ ।

Sag, *v. i.* ਸੈਗ—ਡੁੱਬਣਾ, ਧਸਣਾ, ਦਬਣਾ, ਝੁਕਣਾ, ਬੈਠਣਾ, ਭ੍ਰਮ ਖਾਣਾ ।

Sagacious, *a.* ਸੈਗੇਸ਼ਸ—ਚਤੁਰ, ਸਿਆਣਾ, ਤੀਖਣ ਬੁੱਧੀ, ਅਕਲਮੰਦ, ਦਾਨਾ ।

Sagacity, Sagaciousness, *n.* ਸੈਗੇਸਿਟੀ, ਸੈਗੇਸ਼ਸਨੈਸ—ਚਤੁਰਾਈ, ਸਿਆਣਪਣ, ਅਕਲਮੰਦੀ, ਦਾਨਾਈ, ਬੁੱਧੀਮੱਤਾ ।

Sagamore, *n.* ਸੈਗੇਮੋਰ—ਅਮਰੀਕਾ ਦੇਸ਼ ਦੀ ਪੁਰਾਣੀ ਜਾਤੀ ਦਾ ਮੁਖੀਆ ।

Sagathy, *n.* ਸੈਗੱਥੀ—ਇੱਕ ਪਰਕਾਰ ਦਾ ਉੱਨੀ ਕੱਪੜਾ ।

Sage, *n.* ਸੇਜ—ਗਯਾਨੀ, ਆਕਿਲ, ਦਾਨਾ, ਦੀਰਘ ਦਰਸ਼ੀ, ਬੁੱਧੀਮਾਨ, ਪੰਡਿਤ, ਮੁਨੀ, ਰਿਸ਼ੀ; ਇੱਕ ਪਰਕਾਰ ਦਾ ਪੌਦਾ ।

Sageness, *n.* ਸੇਜਨੈਸ—ਬੁੱਧੀਮੱਤਾ, ਅਕਲਮੰਦੀ, ਦਾਨਾਈ, ਚਤੁਰਾਈ ।

Sagittal, *a.* ਸੈਜਿੱਟਲ—ਬਾਨ ਜਾਂ ਤੀਰ ਸੰਬੰਧੀ, ਬਾਨ ਜਾਂ ਤੀਰ ਸਰੀਖਾ ।

Sagittarius, *n.* ਸੈਜਿਟੇਰੀਅਸ—ਧਨ ਰਾਸੀ, ਬੁਰਜੇ ਕਮਾਨ, ਕੋਸ ।

Sagittary, *n.* ਸੈਜੀਟਰੀ—ਇੱਕ ਕਲਪਿਤ ਜਾਨਵਰ ਅੱਧਾ ਘੋੜਾ ਅੱਧਾ ਆਦਮੀ ਤੇ ਤੀਰ ਕਮਾਨ ਲੀਤੇ ਹੋਏ ।

Sago, *n.* ਸੈਗੋ—ਸਾਗੂਦਾਨਾ, ਸਾਬੂਦਾਨਾ ।

Said, *p. t.* and *p. p.* of Say, *a.* ਸੈਡ—ਕਿਹਾ ਗਿਆ, ਉਕਤ, ਨਾਮ ਬੁਰਦਾ ।

Sail, *v. i.* ਸੇਲ—ਬੇੜੀ ਜਾਂ ਨਾਓ ਦੁਆਰਾ ਜਾਣਾ, ਜਲ ਦੇ ਰਸਤੇ ਜਾਣਾ; ਸੁਖ ਨਾਲ ਜਾਣਾ; ਜਹਾਜ਼ ਚਲਾਉਣਾ; ਹਵਾ ਵਿੱਚ ਉੱਡਣਾ; ਤੇਜ਼ ਹੋਣਾ; *n.* ਜਹਾਜ਼, ਨਾਓ, ਪਾਲ, ਬਾਦਬਾਨ ਦਾ ਪਰਦਾ; ਜਹਾਜ਼ਾਂ ਦਾ ਬੇੜਾ; ਜਹਾਜ਼ ।

Sailer, *n.* ਸੇਲਰ—ਜਹਾਜ਼, ਨਾਓ ।

Sailing, *n.* ਸੇਲਿੰਗ—ਨਦੀ ਯਾਤ੍ਰਾ, ਜਹਾਜ਼ ਦਾ ਸਫ਼ਰ, ਜਹਾਜ਼ਰਾਨੀ, ਦਰਯਾ ਦਾ ਸਫ਼ਰ ।

Sailor, *n.* ਸੇਲਰ—ਜਹਾਜ਼ੀ ਮੱਲਾਹ ।

Saint, *n.* ਸੇਂਟ—ਸਾਧੂ, ਜੋਗੀ, ਸਿੱਧ, ਰਿਸ਼ੀ, ਮੁਨੀ, ਮਹਾ ਪੁਰਸ਼, ਸੰਤ, ਪੁੰਨ ਆਤਮਾ, ਦਰਵੇਸ਼, ਪੀਰ; *v. t.* ਕਿਸੇ ਨੂੰ ਸਿੱਧਾਂ ਜਾਂ ਮੁਨੀਆਂ ਵਿੱਚ ਗਿਣਨਾ ।

Sainted, *a.* ਸੇਂਟਿਡ—ਮਹਾਤਮਾ, ਪੁੰਨ ਆਤਮਾ, ਧਰਮਾਤਮਾ, ਪਵਿੱਤ੍ਰ ।

Sainthood, Saintship, *n.* ਸੇਂਟਹੁੱਡ, ਸੇਂਟਸ਼ਿਪ—ਮੁਨੀਪਨਾ, ਸਾਧੁਤਾ, ਨਬੁੱਵਤ; ਔਲਯਾ, ਸਤੀ ਸਤੀ ।

Sake, *n.* ਸੇਕ—ਨੀਯਤ, ਕਾਰਣ, ਹਤੂ, ਪਰਯੋਜਨ, ਮਤਲਬ; ਵੱਲ, ਕਾਰਨ ।

Saker, *n.* ਸੇਕਰ—ਬਾਜ਼ (ਪੰਛੀ); ਇੱਕ ਤੋਪ ।

Sal, *n.* ਸਾਲ—ਨਮਕ, ਲੂਨ, ਲਵਨ ।

Salable, *a.* ਸੈਲੇਬਲ—ਵਿਕਾਊ, ਵਿਕਨ ਜੋਗ, ਫ਼ਰੋਖ਼ਤ ਹੋਨ ਦੇ ਲਾਇਕ ।

Salacious, *a.* ਸੈਲੇਸ਼ਸ—ਮਸਤ, ਕਾਮ ਸ਼ਕਤ ।

Salaciousness, **Salacity**, *n.* ਸੈਲੇਸ਼ਸਨੈਸ, ਸੈਲੇਸਿਟੀ—ਸ਼ਹਵਤ, ਮਸਤੀ, ਕਾਮ ਸ਼ਕਤੀ, ਹੁਸ਼ਿਆਰੀ, ਲੰਪਟਤਾ ।

Saland, *n.* ਸੈਲੈਂਡ—ਸਾਗ ਦਾ ਅਚਾਰ, ਚਟਨੀ, ਰਾਇਤਾ; ਕਚਾਲੂ ।

Salamander, *n.* ਸਲਾਮੰਡਰ—ਅੱਗ ਦਾ ਕੀੜਾ, ਅੱਗ ਨਿਵਾਸੀ ।

Salary, *n.* ਸੈਲਰੀ—ਤਲਬ, ਵੇਤਨ, ਮਾਲਯਾਨਾ, ਮਾਸਿਕ, ਤੰਖ਼ਾਹ ।

Sale, *n.* ਸੇਲ—ਵਿਕਰੀ, ਨੀਲਾਮ, ਬੈ, ਫ਼ਰੋਖ਼ਤ ।

Saleable, *a.* ਸੇਲਏਬਲ—ਵਿਕਾਊ, ਵਿਕਨ ਜੋਗ, ਫ਼ਰੋਖ਼ਤ ਹੋਨ ਦੇ ਲਾਇਕ ।

Salep, *n.* ਸੈਲੈਪ—ਸਾਲਬ ਮਿਸਰੀ ।

Salesman, *n.* ਸੇਲਜ਼ਮੈਨ—ਵੇਚਨ ਵਾਲਾ ।

Salework, *n.* ਸੇਲਵਰਕ—ਬਜ਼ਾਰੀ ਕੰਮ, ਚਲਦਾ ਕੰਮ ।

Salic, *n.* ਸਾਲਿਕ—ਫ਼ਰਾਂਸ ਦੇਸ ਦਾ ਇੱਕ ਕਾਨੂਨ ਜਿਸ ਕਰਕੇ ਪੁਰਖ ਗੱਦੀ ਪੁਰ ਬੈਠ ਸਕਦਾ ਹੈ ।

Salient, *a.* ਸੈਲੀਐਂਟ—ਕੁੱਦਨ ਵਾਲਾ; ਉੱਛਲਦਾ ਹੋਇਆ, ਉੱਭਰਿਆ ਹੋਇਆ; ਬਾਹਰੀ, ਬਾਹਰਲਾ, ਬੇਰੂਨੀ ।

alify, *v. t.* ਸੈਲੀਫ਼ਾਈ—ਨਮਕ ਯਾ ਲੂਨ ਬਨਾ ਦੇਨਾ ।

Salination, *n.* ਸੈਲੀਨੇਸ਼ਨ—ਨਮਕ ਯਾ ਲੂਨ ਦੇ ਪਾਨੀ ਨਾਲ ਧੋਨਾ ।

Salin, *a.* ਸੈਲਿਨ—ਸਲੂਨਾ, ਨਮਕੀਨ, ਖਾਰਾ, ਸ਼ੋਰਦਾਰ ।

Saliva, *n.* ਸੈਲੀਵਾ—ਥੁੱਕ, ਰਾਲ, ਲੁਆਬ ।

Salival, **Salivary**, *a.* ਸੈਲੀਵਲ, ਸੈਲੀਵਰੀ—ਥੁੱਕ ਦਾ, ਰਾਲ ਦਾ; ਜਿਸ ਥੀਂ ਥੁੱਕ ਨਿਕਲਦਾ ਯਾ ਬਨਦਾ ਹੈ ।

Salivate, *v. t.* ਸੈਲੀਵੇਟ—ਥੁੱਕਨਾ, ਮੂੰਹ ਲਾਉਨਾ ।

Salivious, *a.* ਸੈਲੀਵਿਅਸ—ਥੁੱਕ ਵਾਲਾ, ਥੁੱਕ ਭਰਿਆ ।

Sallet . ਸੈਲੈਟ—ਟੋਪ, ਸਿਰ ਅਸਤਰ, ਖੋਦ ।

Sallow, *n.* ਸੈਲੋ—ਬੇਦ ਮਜਨੂੰ; *a.* ਪੀਲਾ, ਜ਼ਰਦ, ਸਾਂਉਲਾ, ਫਿੱਕਾ; *n.* Sallowness.

Sally, *v. i.* ਸੈਲੀ—ਝਪਟਨਾ, ਝਪਟ ਪੈਨਾ, ਏਕਾ ਏਕੀ ਉੱਭਰਨਾ, ਬਾਹਰ ਨਿਕਲਨਾ; *n.* ਭਰਮਨ, ਮਨੋ ਬਿਲਾਸ, ਉਛਾਪਨ, ਖੇਡ, ਕਲੋਲ, ਝਪਟ, ਨਿਕਾਸ ।

Salmon, *n.* ਸਾਮਨ—ਇੱਕ ਪਰਕਾਰ ਦੀ ਮੱਛੀ।

Saloon, *n.* ਸੈਲੂਨ—ਦਾਲਾਨ, ਮਹਾਂ ਸਾਲਾ, ਕਚਹਰੀ ਦਾ ਘਰ, ਬੈਠਕ, ਦੀਵਾਨਖ਼ਾਨਾ ।

Saloop, *n.* ਸੈਲੂਪ—ਸਾਲਬ ਮਿਸਰੀ ਦਾ ਕਾੜ੍ਹਾ।

Salt, *n.* ਸਾਲਟ—ਲੂਨ, ਨਮਕ, ਲਵਨ; ਸਵਾਦ, ਰਸ, ਮਜ਼ਾ; ਖਾਰ, ਸ਼ੋਰ; ਸਮੁੰਦਰ ਦਾ ਕੀੜਾ; *a.* ਲੂਨ ਵਾਲਾ, ਸਲੂਨਾ, ਨਮਕੀਨ, ਖਾਰੀ, ਨਮਕਦਾਰ; ਖਾਰੀ ਪਾਨੀ ਦਾ; ਤੇਜ਼, ਚਰਪਰਾ, ਕੌੜਾ, ਮਸਤ; *v. t.* ਲੂਨ ਦੇਨਾ, ਲੂਨ ਪਾਉਨਾ, ਨਮਕੀਨ ਕ०, ਖਾਰੀ ਕ० ।

Saltation, *n.* ਸਾਲਟੇਸ਼ਨ—ਚੌਕੜ, ਕੂਦ, ਜਸਤ, ਕੁਲਾਂਚ; ਛੁਟਕੀ, ਤੜਪ, ਫੜਕ ।

Saltcellar, *n.* ਸਾਲਟਸੈਲਰ—ਨਮਕਦਾਨੀ ।

Salter, *n.* ਸਾਲਟਰ—ਲੂਨ ਲਗਾਉਨ ਵਾਲਾ; ਲੋਨੀਆ, ਨਮਕ ਫ਼ਰੋਸ਼ ।

Saltern, **Saltpan**, **Salt-pit**, *n.* ਸਾਲਟਰਨ, ਸਾਲਟਪੈਨ, ਸਾਲਟਪਿਟ—ਨਮਕ ਬਨਾਉਨ ਦੀ ਥਾਂ, ਨਮਕਸਾਰ, ਕਲਹਾਰੀ ।

Saltier, *n.* ਸਾਲਟੀਅਰ—ਕੁੱਦਨ ਵਾਲਾ; (X) ਰੂਪ ਦੀ ਸਲੀਬ (ਫਾਂਸੀ) ।

Saltish, *a.* ਸਾਲਟਿਸ਼—ਕੁਛ ਲੂਨਾ, ਖਾਰਾ ।

Saltless, *a.* ਸਾਲਟਲੈਸ—ਅਲੋਨਾ, ਫਿੱਕਾ, ਬੇਨਮਕ, ਲਵਨ ਹੀਨ ।

Saltness, *n.* ਸਾਲਟਨੈਸ—ਖਾਰਾਪਨ, ਨਮਕੀਨੀ; ਲੂਨ ਜੇਹਾ ਸਵਾਦ ਯਾ ਮਜ਼ਾ ।

Saltpeter, **Saltpetre**, *a.* ਸਾਲਟਪੀਟਰ—ਸ਼ੋਰਾ, ਸਜਾਖਾਰ ।

Salubrious, *a.* ਸਾਲੂਬਰੀਅਸ—ਅਰੋਗਦਾਯਕ, ਜਿਸਥੀਂ ਰੋਗ ਹਟ ਜਾਵੇ ।

Salutary, *a.* ਸੈਲੂਟਰੀ–ਰੋਗ ਹਟਾਉਣ ਵਾਲ ਸੇਹਤ ਬਖਸ਼, ਲਾਭਦਾਇਕ; ਰੱਖਿਆ ਦਾ ਪਨਾਹ ਦਾ, ਮੁਫ਼ੀਦ ।

Salutation, Salute, *n.* ਸੈਲੂਟੇਸ਼ਨ, ਸੈਲੂਟ—ਨਮਸਕਾਰ, ਪਰਨਾਮ, ਰਾਮ ਰਾਮ, ਨਮਸਤੇ, ਵਾਹਿਗੁਰੂ ਜੀ ਦੀ ਫਤੇ, ਸਲਾਮ ।

Salute, *v. t.* ਸੈਲੂਟ–ਬੰਦਨਾ, ਨਮਸਕਾਰ ਨਮਸਤੇ, ਪਰਨਾਮ ਜਾਂ ਸਲਾਮ ਕ० ।

Salvage, *n.* ਸੈਲਵੇਜ–ਡੁਬਦੇ ਮਾਲ ਨੂੰ ਬਚਾਉਣ ਦਾ ਬਦਲਾ ਜਾਂ ਇਨਾਮ ।

Salvation, *n.* ਸੈਲਵੇਸ਼ਨ–ਮੁਕਤੀ, ਛੁਟਕਾਰਾ, ਰੱਖਿਆ, ਬਚਾਓ, ਮੋਕਸ਼, ਨਜਾਤ, ਨਿਰਬਾਨ, ਮੁਕਤੀ ਦਾਤਾ ।

Salvatory, *n.* ਸੈਲਵੇਟੋਰੀ–ਭੰਡਾਰ, ਆਧਾਰ, ਖ਼ਜ਼ਾਨਾ ।

Salve, *n.* ਸਾਲਵ–ਲੇਪ, ਮਲ੍ਹਮ, ਮਰਹਮ; *v. t.* ਚੰਗਾ ਭਲਾ ਕ०, ਉਪਾਯ ਕ०, ਦਵਾ ਕ०, ਲੇਪ ਲਗਾਉਣਾ, ਮਲ੍ਹਮ ਪੱਟੀ ਕ० ।

Salver, *n.* ਸਾਲਵਰ–ਥਾਲੀ, ਪਰਾਤ, ਮੇਜ਼ੀ ।

Salvo, *n.* ਸੈਲਵੋ–ਸ਼ਰਤ, ਕੈਦ; ਸਲਵ, ਫ਼ੌਜੀ ਸਲਾਮੀ ।

Same, *a.* ਸੇਮ—ਉਹ ਹੀ, ਓਹੀ, ਸਦ੍ਰਿਸ਼, ਮਿਲਦਾ ਹੋਇਆ, ਤੁਲ੍ਯ, ਸਮਾਨ, ਇੱਕ ਹੀ, ਠੀਕ, ਹੂਬਹੂ, ਮਿਲਦਾ ਜੁਲਦਾ ।

Sameness, *n.* ਸੇਮਨੈਸ—ਤੁਲ੍ਯਤਾ, ਸਮਤਾ, ਸਦ੍ਰਿਸ਼ਤਾ, ਏਕਤਾ, ਮੁਤਾਬਕਤ ।

Sample, *n.* ਸੈਂਪਲ–ਨਮੂਨਾ, ਆਦਰਸ਼, ਦ੍ਰਿਸ਼ਟਾਂਤ, ਉਪਮਾ, ਮਿਸਾਲ; *v. t.* ਨਮੂਨਾ ਦਿਖਾਉਣਾ, ਦ੍ਰਿਸ਼ਟਾਂਤ ਦੇਣਾ ।

Sanative, Sanatory, *a.* ਸੈਨੇਟਿਵ, ਸੈਨੇਟੋਰੀ—ਅਰੋਗ ਦਾਇਕ, ਸੇਹਤ ਆਵਰ, ਸ਼ਫ਼ਾ ਬਖਸ਼, ਸ਼ਾਫ਼ੀ ।

Sanctification, *n.* ਸੈਂਕਟੀਫ਼ੀਕੇਸ਼ਨ–ਪਵਿੱਤ੍ਰਤਾ, ਤਕਦੀਸ, ਪਰਤਿਸ਼ਠਾ; ਮੂਰਤੀ ਅਸਥਾਪਨ, ਤਕੱਦੁਸ ।

Sanctify, *v. t.* ਸੈਂਕਟੀਫ਼ਾਈ–ਸੋਧਣਾ, ਪਾਕ ਜਾਂ ਪਵਿੱਤਰ ਕ०; ਇੱਜ਼ਤ ਜਾਂ ਮਾਨ ਦੇਣਾ ।

Sanctimony, *n.* ਸੈਂਕਟੀਮੋਨੀ–ਪਵਿੱਤਰ ਵੇਸ ਧਾਰਣ, ਪਾਰਸਾਈ ।

Sanction, *n.* ਸੈਂਕਸ਼ਨ—ਆਗਿਆ, ਹੁਕਮ, ਇਜਾਜ਼ਤ, ਮਤਜਾਪਨ, ਦ੍ਰਿੜ੍ਹ ਕਰਣ, ਸਨਦ, ਪਰਮਾਣ, ਮੰਜ਼ੂਰੀ; *v. t.* ਦ੍ਰਿੜ੍ਹ ਜਾਂ ਸਥਿਰ ਕ०, ਪਰਮਾਣੀ ਕ० ।

Sanctitude, *n.* ਸੈਂਕਟੀਟ੍ਯੂਡ—ਪਵਿੱਤਰਤਾ, ਸਾਧੁਤਾ, ਪਾਕੀ, ਤਕਦੀਸ ।

Sanctity, *n.* ਸੈਂਕਟਿਟੀ–ਅਤਿ ਪਵਿੱਤਰਤਾ, ਸੁੱਚੀ; ਪੂਜਨਤਾ, ਸਫ਼ਾਈ, ਬਜ਼ੁਰਗੀ ।

Sanctuary, *n.* ਸੈਂਕਚੁਅਰੀ–ਪਵਿੱਤ੍ਰ ਆਸਨ, ਧਰਮਸ਼ਾਲਾ, ਦੇਵਾਲਯ, ਆਸਰਾ, ਦਰਗਾਹ; ਬਚਾਓ ਦੀ ਜਗ੍ਹਾ, ਆੜ ।

Sand, *n.* ਸੈਂਡ–ਰੇਤ, ਬਾਲੂ, ਰੇਗ, *pl.* ਬਰੇਤਾ, ਰੇਗਸਤਾਨ; *v. t.* ਰੇਤਲਾ ਕ०, ਬਾਲੂ ਡਾਲਨਾ

Sandal, *n.* ਸੈਂਡਲ–ਖੜਾਵਾਂ ।

Sandal, Sanders, Sandal-wood, *n.* ਸੈਂਡਲ, ਸੈਂਡਰਸ, ਸੈਂਡਲਵੁੱਡ—ਚੰਦਨ, ਸੰਦਲ, ਚੰਨਣ ।

Sandy, *a.* ਸੈਂਡੀ–ਰੇਤਲਾ, ਬਾਲੂ ਦਾ ।

Sane, *a.* ਸੇਨ–ਸਵਸਥ, ਭਲਾ ਚੰਗਾ, ਅਰੋਗ, ਨਿਰੋਗੀ, ਤੰਦਰੁਸਤ ।

Sang, *p. t.* of Sing, ਗਾਇਆ ।

Sanguify, *v. t.* ਸੈਂਗਵੀਫ਼ਾਈ—ਲਹੂ ਜਾਂ ਖ਼ੂਨ ਵਧਾਉਣਾ ਜਾਂ ਪੈਦਾ ਕ० ।

Sanguinary, *a.* ਸੈਂਗਵੀਨਰੀ–ਕਰੂਰ, ਨਿਰਦਈ, ਘਾਤਕ; ਰਕਤਭਖ, ਖ਼ੂਨੀ, ਲਹੂ ਦਾ ।

anguine, *a.* ਸੈਂਗਵਿਨ–ਸੁਰਖ਼, ਲਾਲ, ਰਕਤ ਵਰਣ, ਲਹੂ ਜੇਹਾ; ਅਨੁਰਾਗੀ, ਪਰਚੰਡ, ਪੱਕਾ, ਯਕੀਨੀ ।

Sanies, *n.* ਸੈਨੀਸ—ਘਾਉ ਜਾਂ ਜ਼ਖ਼ਮ ਦਾ ਪਾਣੀ, ਪੀਕ, ਜ਼ਰਦ ਆਬ ।

Sanitarium, *n.* ਸੈਨੀਟੇਰੀਅਮ—ਉਹ ਥਾਂ ਜਿੱਥੋਂ ਦਾ ਜਲ ਪਾਣੀ ਜਾਂ ਆਬੋ ਹਵਾ ਅਰੋਗਤਾ (ਸੇਹਤ) ਲਈ ਚੰਗਾ ਹੋਵੇ ।

Sanitary, *a.* ਸੈਨੇਟਰੀ–ਅਰੋਗਤਾ ਰਖਣ ਸੰਬੰਧੀ, ਹਿਫ਼ਜ਼ੇ ਸੇਹਤ ਦੇ ਮੁਤਅੱਲਕ ।

Sanity, *n.* ਸੈਨੀਟੀ–ਸਵਾਸਥਤਾ, ਅਨੁਮੱਤਤਾ, ਸੇਹਤੇ ਦਿਮਾਗ, ਸੇਹਤ-ਉਲ-ਹਵਾਸੀ ।

Sank, *p. t.* of Sink, ਸੈਂਕ–ਡੁੱਬਾ ।

Sans, *prep.* ਸੈਂਸ–ਬਿਨਾ, ਬਿਨ, ਸਿਵਾਏ, ਛੋੜ ਕਰ, ਛੱਡਕੇ ।

Sanscrit, *n.* ਸੰਸਕ੍ਰਿਤ–ਸੰਸਕ੍ਰਿਤ ਭਾਖਾ, ਦੇਵ ਭਾਖਾ ।

Sap, *n.* ਸੈਪ—ਅਰਕ, ਰਸ, ਪਾਣੀ, ਦੁਧ, ਸਾਰ; ਮੁਰਖ, ਜੜ, ਅਹਮਕ, ਘੁੱਘੂ, ਬੇਵਕੂਫ਼; ਸੁਰੰਗ ਲਗਾਉਣ ਦੀ ਖਾਈ; *v. t.* ਸੁਰੰਗ ਲਗਾਉਣੀ; ਜੜ੍ਹ ਖੋਦਕੇ ਉਲਟ ਦੇਣਾ; ਸੁਰੰਗ ਲਗਾਕੇ ਅੱਗੇ ਵਧਣਾ; *v. i.* ਨਰਕ ਜਾਂ ਸੰਨ ਲਾਉਣੀ।

Sapful, *a.* ਸੈਪਫੁਲ—ਰਸਦਾਰ।

Sapid, *a.* ਸੈਪਿਡ—ਸੁਆਦੀ, ਮਜ਼ੇਦਾਰ, ਰੁਚਿਰ, ਸੁਆਦਲਾ, ਮਿੱਠਾ।

Sapidity, Sapidness, *n.* ਸੈਪੀਡਿਟੀ ਸੈਪਿਡਨੈਸ—ਸਵਾਦ, ਰਸ, ਮਜ਼ਾ, ਰੁਚਿ।

Sapience, *n.* ਸੈਪੀਐਂਸ—ਬੁੱਧੀ, ਗਿਆਨ, ਅਕਲ, ਦਾਨਾਈ।

Sapient, *a.* ਸੈਪੀਐਂਟ—ਗਿਆਨੀ, ਬੁੱਧੀਮਾਨ, ਵਿਵੇਕੀ, ਦਾਨਾ, ਅਕਲਮੰਦ।

Sapless, *a.* ਸੈਪਲੈਸ—ਬੇਰਸ, ਮਿਠਾਸ ਹੀਣ, ਸੁੱਕਿਆ ਹੋਇਆ, ਖੁਸ਼ਕ, ਮੁਰਝਾਇਆ ਹੋਇਆ; ਪੁਰਾਣਾ, ਦੇਰ ਦਾ।

Sapling, *n.* ਸੈਪਲਿੰਗ—ਪੌਦਾ, ਬਿਰਵਾ।

Saponacious, Saponary, *a.* ਸੈਪੋਨੇਸ਼ਸ, ਸੈਪੋਨਰੀ—ਸਾਬੁਨ ਸਦਰਿਸ਼, ਸਾਬਨ ਜਿਹਾ।

Sapor, *n.* ਸੇਪਰ—ਸਵਾਦ, ਰਸ, ਰੁਚੀ, ਮਜ਼ਾ, ਲੁਤਫ਼, ਲੱਜ਼ਤ।

Sapper, *n.* ਸੈਪਰ—ਸੁਰੰਗ ਲਗਾਉਣ ਵਾਲਾ।

Sapphire, *n.* ਸੈਫ਼ਿਰ—ਨੀਲ ਮਣੀ, ਨੀਲਮ, ਇੰਦਰ ਨੀਲ।

Sapphirine, *a.* ਸੈਫ਼ੀਰਿਨ—ਨੀਲਮ ਸਮਾਨ, ਨੀਲਮ ਦਾ ਬਣਿਆ ਹੋਇਆ।

Sappiness, *n.* ਸੈਪੀਨੈਸ—ਰਸੀਲਾਪਨ, ਤਰੀ, ਲੁਆਬਦਾਰੀ।

Sappy, *a.* ਸੈਪੀ—ਰਸਦਾਰ, ਰਸੀਲਾ, ਤਰ; ਕੋਮਲ, ਮੁਲਾਇਮ, ਨਰਮ; ਕੱਚਾ, ਯੁਵਕ; ਕਮਅਕਲ, ਨਾਦਾਨ, ਬੇਵਕੂਫ਼।

Saracen, *n.* ਸੈਰਾਸਨ—ਅਰਬ ਦੇ ਲੋਕ, ਮੁਸਲਮਾਨ

Sarcasm, *n.* ਸਰਕਾਂਸਮ—ਚੋਲੀ ਠੋਲੀ, ਮੇਹਣਾ, ਕੌੜੀ ਗੱਲ, ਤਾਨਾ।

Sarcastic, Sarcastical, *a.* ਸਾਰਕੈਸਟਿਕ ਸਾਰਕੈਸਟੀਕਲ—ਮੇਹਣੇ ਜਾਂ ਤਾਨੇ ਮਿਲਿਆ।

Sarcenet, *n.* ਸਾਰਸੇਨੇਟ—ਇੱਕ ਭਾਂਤ ਦਾ ਬਰੀਕ ਰੇਸ਼ਮੀ ਕੱਪੜਾ।

Sarcophagy, *n.* ਸਾਰਕੌਫ਼ੀਜੀ—ਮਾਸਾਹਾਰ, ਗੋਸ਼ਤਖੋਰੀ, ਮਾਸ ਭੱਖਣ।

Sarcotic, *n.* ਸਾਰਕੌਟਿਕ—ਮਾਸ ਵਧਾਉ ਔਖਧੀ, ਘਾਓ ਭਰਨ ਵਾਲੀ ਜਾਂ ਅੰਗੂਰ ਲਿਆਉਣ ਵਾਲੀ ਦੁਆ।

Sardel, Sardine, Sardius, *n.* ਸਰਡੈਲ, ਸਰਡਿਨ, ਸਰਡੀਅਸ—ਇੱਕ ਪਰਕਾਰ ਦਾ ਰਤਨ ਜਾਂ ਜਵਾਹਰ।

Sarsaparilla, *n.* ਸਾਰਸਾਪੇਰਿੱਲਾ—ਉਸ਼ਬਾਹ।

Sartorius, *n.* ਸਾਰਟੋਰੀਅਸ—ਉਹ ਪੱਠਾ ਜਿਸ ਨਾਲ ਆਦਮੀ ਇੱਕ ਟੰਗ ਨੂੰ ਦੂਜੀ ਪੁਰ ਰੱਖ ਸੱਕਦਾ ਹੈ।

Sash, *n.* ਸੈਸ਼—ਪਟਕਾ, ਸੇਲੀ, ਜਾਲੀ; ਸ਼ੀਸ਼ਿਆਂ ਵਾਲੀ ਬਾਰੀ ਦਾ ਚੌਖਟਾ।

Sasse, *n.* ਸੈਸੀ—ਪਾਣੀ ਨਿਕਲਨ ਦਾ ਫਾਟਕ; ਪਾਣੀ ਰੋਕਣ ਦੀ ਇੱਕ ਕਲ।

Sat, *p. p.* and *p. t.* of Sit, ਸੈਟ—ਬੈਠਾ।

Satan, *n.* ਸੈਟਨ—ਸ਼ੈਤਾਨ, ਪਿਸ਼ਾਚ।

Satanic, *a.* ਸੈਟੈਨਿਕ—ਸ਼ੈਤਾਨੀ, ਪਿਸ਼ਾਚੀ।

Satchel, *n.* ਸੈਚਲ—ਥੈਲੀ, ਬਸਤਾ, ਥੈਲਾ।

Sate, *v. t.* ਸੇਟ—ਬਹੁਤ ਖੁਆਉਣਾ, ਅਫਰਾਉਣਾ, ਅਤਿ ਤੁਸ਼ਟ ਕ०, ਅਧਿਕ ਰਜਾਉਣਾ।

Satellite, *n.* ਸੈਟੇਲਿਟ—ਛੋਟਾ ਸਿਆਰਾ ਜੋ ਵੱਡੇ ਦੇ ਗਿਰਦ ਚੱਕਰ ਲਗਾਉਂਦਾ ਹੈ, ਚੰਨ; ਉਪਗ੍ਰਹ; ਨੌਕਰ, ਚਾਕਰ।

Satiate, *v. t.* ਸੈਟੀਏਟ—ਭਰਨਾ, ਤ੍ਰਿਪਤ ਕ०, ਤੁਸ਼ਟ ਕ०; *a.* ਤ੍ਰਿਪਤ, ਤੁਸ਼ਟ, ਭਰਪੂਰ, ਰੱਜਿਆ ਹੋਇਆ, ਅਫਰਿਆ ਹੋਇਆ।

Satiation, Satiety, *n.* ਸੇਟੀਏਸ਼ਨ, ਸੈਟੀਇਟੀ—ਅਤਿ ਤ੍ਰਿਪਤੀ, ਰੱਜ, ਛਕਾਨ।

Satin, *n.* ਸਾਟਿਨ—ਸਾਟਨ, ਅਤਲਸ।

Satire, *n.* ਸੈਟਾਇਰ—ਚੋਲੀ ਠੋਲੀ, ਮੇਹਣਾ, ਕੌੜੀ ਬਾਤ, ਹਾਂਸੀ, ਨਿੰਦਾ; ਮੇਹਣੇ ਭਰਿਆ ਛੰਦ ਜਾਂ ਨਜ਼ਮ।

Satirize, *v. t.* ਸੈਟੀਰਾਇਜ਼—ਨਿੰਦਾ ਕ०।

Satisfaction, *n.* ਸੈਟਿਸਫ਼ੈਕਸ਼ਨ—ਸੰਤੋਖ, ਤਸੱਲੀ, ਦਿਲਜਮਈ, ਤ੍ਰਿਪਤ, ਚੈਨ, ਸੁਖ, ਆਰਾਮ, ਬਦਲਾ, ਨਿਸਤਾਰਾ, ਚੁਕਾਓ, ਬੇਬਾਕੀ।

Satisfactorily, *adv.* ਸੈਟਿਸਫ਼ੈਕਟੋਰੀਲੀ—ਤ੍ਰਿਪਤ ਕਰਨ ਦੀ ਰੀਤਿ ਨਾਲ, ਮਾਕੂਲ ਆਹ

Satisfactoriness, *n.* ਸੈਟਿਸਫ਼ੈਕਟੋਰੀਨੈਸ-ਤ੍ਰਿਪਤ ਪਰਾਪਤੀ, ਹਸੂਲ ਇਤਮੀਨਾਨ ।

Satisfactory, *a.* ਸੈਟਿਸਫ਼ੈਕਟੋਰੀ-ਮਨ ਚਾਹੁੰਦਾ, ਖ਼ਾਤਿਰ ਖ਼ਾਹ, ਨੁਕਸਾਨ ਦੂਰ ਕਰਨ ਵਾਲਾ, ਤਸੱਲੀ ਬਖ਼ਸ਼, ਕਾਫ਼ੀ, ਮਾਕੂਲ ।

Satisfied, *a.* ਸੈਟਿਸਫ਼ਾਇਡ-ਰਾਜ਼ੀ, ਨਿਸ਼ਚਿਤ, ਭਰਪਾਯਾ, ਮਨ ਮੰਨਿਆ, ਮੁਤਮਈਅਨ ।

Satisfy, *v. t.* ਸੈਟਿਸਫ਼ਾਈ-ਤ੍ਰਿਪਤ ਕ०, ਰਜਾਉਣਾ, ਸੰਤੁਸ਼ਟ ਕਰਨ ਸਈ ਦੇਣਾ, ਰਾਜ਼ੀ ਕ०, ਮਨਾਉਣਾ ।

Sative, *a.* ਸੈਟਿਵ—ਬਾਗ਼ਾਂ ਵਿੱਚ ਬੀਜਿਆ ਹੋਇਆ ।

Satrap, *n.* ਸੈਟਰੈਪ-ਮੰਡਲੇਸ਼ਵਰ, ਮੰਡਲ ਅਧਿਪਤੀ, ਸੂਬਾਦਾਰ ।

Satrapy, *n.* ਸੈਟਰੈਪੀ-ਸੂਬੇਦਾਰੀ ।

Saturable, *a.* ਸੈਟੂਰੇਬਲ-ਭਰ ਜਾਨ ਦੇ ਜੋਗ ।

Saturate, *v. t.* ਸੈਟੂਰੇਟ-ਭਰ ਦੇਣਾ, ਪੂਰਾ ਕ०; ਭਿਗੋਣਾ, ਤਰ ਕ० ।

Saturation, *n.* ਸੈਟੂਰੇਸ਼ਨ-ਭਰਾਈ, ਪੂਰਤੀ; ਤਰੀ, ਨਮੀ, ਗਿੱਲ ।

Saturday, *n.* ਸੈਟਰਡੇ-ਸ਼ਨੀਚਰਵਾਰ, ਸ਼ਨੀਵਾਰ, ਛਨਿਛਰਵਾਰ, ਸੰਥਾ, ਹਫ਼ਤਾ ।

Saturn, *n.* ਸੈਟਰਨ-ਸ਼ਨੀ, ਛਾਯਾ ਦਾ ਪੁੱਤਰ; ਸੀਸਾ; ਕਾਲਾ ਰੰਗ ।

Saturnian, *a.* ਸੈਟੂਰਨੀਅਨ-ਸਤਜੁਗੀ, ਆਨੰਦਮਯ ।

Saturnine, *a.* ਸੈਟੂਰਨਿਨ—ਭਾਰੀ, ਉਦਾਸ; ਸੀਸੇ ਦਾ ।

Satyr, *n.* ਸੈਟਿਰ-ਰੂਮੀਆਂ ਦਾ ਇੱਕ ਦਿਓਤਾ ਅੱਧਾ ਆਦਮੀ ਅੱਧਾ ਬਕਰਾ, ਬਣਮਾਨਸ ਦੇਵਤਾ

Sauce, *n,* ਸੌਸ—ਚਟਨੀ, ਚਾਸ਼ਨੀ, ਜਖਨੀ, ਨਾਲਦਾ, ਸਾਗਪਾਤ, ਭਾਜੀ, ਤਰਕਾਰੀ; ਸ਼ੋਖ਼ੀ, ਗੁਸਤਾਖ਼ੀ; *v. t.* ਚਟਨੀ ਜਾਂ ਲੂਨ ਮਿਰਚ ਲਗਾਉਣਾ, ਸਵਾਦੀ ਜਾਂ ਮਜ਼ੇਦਾਰ ਬਨਾਉਣਾ; ਔਗੇ ਬੋਲਨਾ, ਗੁਸਤਾਖ਼ੀ ਕ०, ਅਪਮਾਨ ਕ० ।

Saucer, *n.* ਸੋਸਰ-ਥਾਲੀ, ਤਸ਼ਤਰੀ ।

Sauce-pan, *n.* ਸੌਸਪੈਨ-ਡੱਬਾ, ਦੇਗਚੀ ।

Saucy, *a.* ਸੌਸੀ—ਢੀਠ, ਗੁਸਤਾਖ਼, ਸ਼ੋਖ਼, ਬੇਅਦਬ; ਦਲੇਰ, ਨਿਡਰ; *n.* Sauciness.

Saunter, *v. i.* ਸੌਂਟਰ-ਫਿਰਨਾ, ਘੁੰਮਣਾ, ਬਿਨਾ ਕੰਮ ਕਾਜ ਜਾਂ ਆਵਾਰਾ ਫਿਰਨਾ; *n.* ਆਵਾਰਾਗਰਦੀ ।

Sausage, *n.* ਸੌਸੇਜ-ਲੰਗੂਚਾ, ਕੁਲਮਾ, ਮਸਾਲੇ ਨਾਲ ਭਰੀ ਹੋਈ ਜਾਨਵਰ ਦੀ ਆਂਦਰ ।

Savable, *a.* ਸੇਵੇਬਲ-ਬਚਾਏ ਜਾਣ ਦੇ ਜੋਗ, ਰੱਖਯਾ ਦੇ ਲਾਇਕ ।

Savage, *a.* ਸੈਵੇਜ-ਜੰਗਲੀ, ਵਹਸ਼ੀ, ਕਰੂਰ, ਵੈਰ, ਕਠੋਰ ਚਿੱਤ, ਨਿਰਦਈ, ਬੇਰਹਮ, ਬੇਤਰਸ; *n.* ਬਨਮਾਨਸ, ਜੰਗਲੀ ਪੁਰਖ; ਨਿਰਦਈ ਆਦਮੀ ।

Savanna, *n.* ਸਾਵੰਨਾ—ਮੈਦਾਨ, ਜੰਗਲ, ਚਰਾਗਾਹ ।

Save, *v. t.* ਸੇਵ—ਬਚਾਉਣਾ, ਰੱਖਯਾ ਕ०, ਮੁਕਤ ਕ०, ਨਿਸਤਾਰਾ ਕ०; ਖ਼ਰਚ ਨਾ ਕ०, ਨਿਵਾਰਨ ਕ०, ਰੱਖ ਛੱਡਨਾ, ਰੋਕਨਾ; ਵੇਲਾ ਹੱਥੋਂ ਨਾ ਜਾਨ ਦੇਣਾ; *prep.* ਛੱਡਕਰ, ਛੱਡਕੇ, ਸਿਵਾਏ, ਬਿਨਾ, ਇਲਾਵਾ ।

Saving, *n.* ਸੇਵਿੰਗ-ਬਚਤ, ਬਚਾਓ, ਰੱਖਿਆ ਹੋਇਆ ਧਨ; ਜੋ ਚੀਜ਼ ਬਚਾਕੇ ਰੱਖੀ ਹੋਵੇ; *prep.* ਬਿਨਾ, ਛੁੱਟ, ਸਿਵਾਏ ।

Saviour, *n.* ਸੇਵੀਅਰ-ਤਰਾਤਾ, ਬਚਾਉਨ ਵਾਲਾ, ਮੋਕਸ਼ਕਾਰਕ, ਈਸਾ ਮਸੀਹ, ਮੁਕਤ ਦਾਤਾ, ਸ਼ਾਫ਼ੀ ।

Savour, *n.* ਸੇਵਰ-ਸਵਾਦ, ਜ਼ਾਇਕਾ, ਮਜ਼ਾ; ਗੰਧ, ਬਾਸ, ਬੂ; *v. t.* ਸਰਸ ਹੋਣਾ, ਚਾਹੁਣਾ, ਪਰੇਮ ਕ०; ਮਜ਼ਾ ਚੱਖਣਾ, ਸੁਆਦ ਲੈਣਾ; ਬ ਜਾਂ ਗੰਧ ਦੇਣਾ, ਬੂ ਜਾਂ ਬਾਸ ਰੱਖਣਾ ।

Savourless, *a.* ਸੇਵਰਲੇਸ-ਸਵਾਦਹੀਨ, ਬੇਮਜ਼ਾ, ਬੇਸਵਾਦ ।

Savoury, *n.* ਸੇਵਰੀ—ਸੁਆਦੀ, ਮਜ਼ੇਦਾਰ, ਲਜ਼ੀਜ਼, ਮਿੱਠਾ; ਸੁਗੰਧ ਵਾਲਾ ।

Savoy, *n.* ਸੇਵੋਏ-ਇੱਕ ਪਰਕਾਰ ਦੀ ਗੋਭੀ ।

Saw, *p. t.* of See, ਸੋ-ਦੇਖਿਆ ।

Saw, *n.* ਸਾ—ਆਰਾ; *v. t.* ਆਰੇ ਨਾਲ ਚੀਰਨਾ ਜਾਂ ਕੱਟਣਾ ।

Sawer, Sawyer, *n.* ਸਾਯਰ-ਆਰੇ ਨਾਲ ਚੀਰਨ ਜਾਂ ਕੱਟਨ ਵਾਲਾ, ਆਰਾਕਸ਼ ।

Saw-dust, *n.* ਸਾਡਸਟ-ਬੂਰਾ, ਬੁਰਾਦਾ ।

Saxifrage, *n.* ਸੈਕਸੀਫ਼ਰੇਜ-ਪੱਥਰੀ ਗਾਲਨ ਵਾਲੀ ਔਖਧੀ ।

Say, *v. t.* ਸੇ-ਬੋਲਣਾ, ਬਾਤ ਕ੦, ਕਹਿਣਾ, ਬਖਾਨਣਾ, ਗੱਲ ਕ੦, ਗਲ ਦੇਣੀ, ਕਥਨਾ; *n.* ਬੋਲ, ਗੱਲ, ਬਚਨ, ਬਾਤ, ਵਾਕ, ਕਥਨ ।

Saying, *n.* ਸੇਇੰਗ-ਉਕਤੀ, ਬਚਨ, ਵਾਕ, ਕਹਾਵਤ, ਬੋਲ, ਮਕੂਲਾ ।

Scab, *n.* ਸਕੈਬ-ਖੁਜਲੀ, ਖਾਜ, ਖੁਰਕ, ਖਸਰਾ, ਖੁਰੀ; ਮੈਲਾ ਜਾਂ ਨੀਚ ਆਦਮੀ ।

Scabbard, *n.* ਸਕੈਬਰਡ-ਤਲਵਾਰ ਦਾ ਮਿਆਨ, ਖਰਗਕੋਸ਼, ਗਲਾਫ਼, ਨਿਆਮ ।

Scabbed, *a.* ਸਕੈਬਡ-ਖੁਜਲੀ, ਅਧਮ, ਨੀਚ ।

Scabby, *a.* ਸਕੈਬੀ-ਖੁਰਕ ਵਾਲਾ ।

Scabious, *a.* ਸਕੈਬੀਅਸ-ਕੋੜ੍ਹੀ, ਜਰਬਾਮੀ; *n.* ਤਵਚਾ ਦੇ ਰੋਗਾਂ ਲਈ ਇੱਕ ਲਾਭਦਾਇਕ ਦੁਆਈ ਜਾਂ ਔਖਧੀ ।

Scabrous, *a.* ਸਕੈਬਰਸ-ਗੰਡ ਗੰਡੀਲਾ, ਖੁਰਦਰਾ, ਉੱਚਾ ਨੀਵਾਂ; ਸਖ਼ਤ, ਰੁੱਖਾ ।

Scaffold, *n.* ਸਕੈਫ਼ੋਲਡ—ਫਾਂਸੀ ਦੇਣ ਦਾ ਗਰਗਜਾ, ਮਚਾਨ, ਚਬੂਤਰਾ; *v. t.* ਮਚਾਨ ਬੰਨ੍ਹਣਾ, ਸੰਭਾਲਣਾ, ਥੰਮਣਾ ।

Shrink, *v. i.* ਸ਼ਰਿੰਕ–ਸਮੇਟਣਾ, ਸਿਕੋੜਨਾ, ਹਟਣਾ, ਟਲਣਾ, ਝਿਜਕਣਾ, ਕਤਰਾਨਾ; *n.* ਸਿਮਟਾਓ, ਝੁਰੀ, ਸਿਕੋੜ, ਸੁਕੇੜ; ਝਿਝਕ, ਸਿਮਟਣ ।

Shrive, *v. t.* ਸ਼ਰਾਇਵ—ਪਾਪ ਸਵੀਕਾਰ ਜਾਂ ਗੁਨਾਹ ਦਾ ਇਕਰਾਰ ਸੁਣਨਾ ।

Shrivel, *v. i.* ਸ਼ਰੀਵੈਲ–ਸਿਮਟਣਾ, ਮੁਰਝਾਨਾ, ਮੁਰਝਾਉਣਾ, ਝੁਰੀ ਪੈਣਾ ।

Shrivelled, *a.* ਸ਼ਰੀਵੈਲਡ–ਝੁਰੀਦਾਰ, ਮੁਰਝਾਇਆ ਹੋਯਾ, ਸੁਕੜਿਆ ਹੋਯਾ ।

Shroud, *n.* ਸ਼ਰੌਡ–ਆਸਰਾ, ਘੇਰਨ, ਆਛਾਦਨ; ਕਫ਼ਨ, ਖੱਫਣ, ਮੁਰਦੇ ਦਾ ਕੱਪੜਾ; *v. t* ਆਸਰਾ ਦੇਣਾ, ਲੁਕਾਉਣਾ, ਮੜ੍ਹਨਾ, ਛੁਪਾਉਣਾ, ਢਕਣਾ, ਦਬਣਾ ।

Shrub, *n.* ਸ਼ਰਬ–ਝਾੜੀ, ਬੂਟਾ; ਖੱਟੀ ਸ਼ਰਾਬ ਤੇ ਖੰਡ ਦਾ ਸ਼ਰਬਤ; *v. t.* ਝਾੜੀ ਨੂੰ ਕੱਟਣਾ ਜਾਂ ਦੂਰ ਕ० ।

Shrubby, *a.* ਸ਼ਰੱਬੀ–ਝਾੜੀ ਸਮਾਨ, ਝਾੜੀਦਾਰ, ਝਾੜੀਆਂ ਨਾਲ ਭਰਿਆ ਹੋਇਆ ।

Shrug *v. t.* ਸ਼ਰਗ—ਸਮੇਟਣਾ, ਸਕੋੜਨਾ, ਕੰਧੇ ਝਾੜਨਾ, ਮੋਢੇ ਚੜ੍ਹਾਉਣਾ, ਕੰਢਾਲਣਾ ।

Shrunk, *p. p.* of Shrink, ਸ਼ਰੰਕ—ਸਿਮਟਿਆ ।

Shudder, *v. i.* ਸ਼ੱਡਰ–ਭਯ ਜਾਂ ਡਰ ਥੀਂ ਕੰਬਣਾ, ਥਰਥਰਾਉਣਾ; *n.* ਲਰਜ਼ਾ, ਕੰਬਣੀ, ਥਰਥਰਾਹਟ ।

Shuffle, *v. t.* ਸ਼ੱਫ਼ਲ–ਗੜਬੜ ਕ०, ਉਲਟ ਪੁਲਟ ਕ०; ਟਾਲਮਟੋਲਾ ਕ०, ਬਾਤ ਬਨਾਉਣਾ; ਉਦਯੋਗ ਕ०, ਦੌੜ ਧੁਪ ਕ०; ਮਟਕ ਨਾਲ ਟੁਰਨਾ, ਪੈਰ ਘਸੀਟਕੇ ਚਲਨਾ; *n.* ਉਲਟ ਪਲਟ, ਟਾਲਮਟੋਲਾ, ਅਬਤਰੀ; ਧੁੱਤਾ, ਧੋਖਾ, ਛਲ, ਹੇਰਾਫੇਰੀ ।

Shun, *v. t.* ਸ਼ਨ–ਦੂਰ ਨੱਸਣਾ, ਟਲਣਾ, ਅਲਗ ਜਾਂ ਵੱਖ ਰਹਣਾ, ਅਸਵੀਕਾਰ ਕ०, ਬਚਣਾ, ਕਨਯਾਉਣਾ, ਕਤਰਾਉਣਾ, ਦੂਰ ਰਹਣਾ ।

Shunt, *v. t.* ਸ਼ੰਟ—ਰਾਹ ਬਦਲਣਾ, ਰਸਤਾ ਛੱਡਣਾ, ਕਿਨਾਰੇ ਹੋਣਾ ।

Shut, *v.t.* ਸ਼ਟ–ਲਗਾਉਣਾ, ਬੰਦ ਕ०, ਮੀਟਣਾ, ਅਟਕਾਉਣਾ; ਜੇਲਖਾਨੇ ਵਿੱਚ ਪਾਉਣਾ, ਰੋਕਣਾ, ਛੇਕਣਾ, ਮੁੱਠੀ ਬੰਨ੍ਹ ਲੈਣਾ; *v. i.* ਬੰਦ ਹੋਣਾ, ਮੁੰਦਣਾ; *n.* ਪਰਦਾ, ਖਿੜਕੀ, ਟੱਟੀ; ਢੱਕਣ, ਸਰਪੋਸ਼, ਬੰਦੀ ।

Shutter, *n.* ਸ਼ੱਟਰ–ਬੰਦ ਕਰਨ ਵਾਲਾ; ਚਿਕ, ਪਰਦਾ, ਢਾਂਪ, ਟੱਟੀ ।

Shuttle, *n.* ਸ਼ੱਟਲ–ਧਰਕੀ, ਨਾਲੀ; ਮੋਹਰੀ ।

Shuttle-cock, *n.* ਸ਼ੱਟਲਕੌਕ—ਪਰਦਾਰ ਗੇਂਦ (ਖੇਨੂ) ।

Shy, *a.* ਸ਼ੀ–ਭੜਕੀਲਾ, ਲਜੀਲਾ, ਸੰਕੋਚੀ, ਰੁੱਖਾ, ਸਾਵਧਾਨ, ਸੁਚੇਤ, ਹੁਸ਼ਿਆਰ; *v. i.* ਭੜਕਣਾ, ਚਮਕਣਾ, ਡਰਨਾ ।

Shyness, Shiness, *n.* ਸ਼ੀਨੈਸ—ਰੁਖਾਈ, ਸੰਕੋਚ, ਲੱਜਾ, ਭੜਕ, ਚਮਕ; ਡਰ ।

Sialogogue, *n.* ਸੀਐਲੋਗੌਗ–ਥੁੱਕ ਉਤਪੰਨ ਕਰਨ ਵਾਲੀ ਦੁਆ ।

Sibilant, *a.* ਸੀਬੀਲੈਂਟ–ਸਿਸਕਾਰੀ ਦਾ, ਸਨਸਨਾਹਟਦਾਰ ।

Sibilation, *n.* ਸੀਬੀਲੇਸ਼ਨ–ਸਿਸਕਾਰ, ਸਨਸਨਾਹਟ ।

Sibylline, *a.* ਸਿਬਿਲਿਨ–ਅਗਮ ਬਾਨੀ ਜਾਂ ਪੇਸ਼ੀਨਗੋਈ ਦਾ ਕਿਹਾ ਹੋਇਆ ।

Siccity, *n.* ਸਿਕਸਿਟੀ–ਖੁਸ਼ਕੀ, ਸੁੱਕਾਪਨ ।

Sice, *n.* ਸਿਸ–ਛੱਕਾ, ਛਕੜੀ ।

Sick, *a.* ਸਿਕ–ਜਿਸਦਾ ਜੀ ਮਿਚਲਦਾ ਹੋਵੇ; ਉਦਾਸ, ਉੱਚਾਟ; ਰੋਗੀ, ਮਾਂਦਾ, ਬੀਮਾਰ; ਅੱਕਿਆ ਹੋਇਆ, ਦਵੇਸ਼ੀ ।

Sicken, *v. t.* ਸਿਕਨ–ਥਕਾਉਣਾ, ਅਪਰਸੰਨ ਕ०, ਦਿਕ ਕ०, ਰੋਗੀ ਜਾਂ ਬੀਮਾਰ ਕ०; *v.i.* ਰੱਜ ਜਾਨਾ, ਜੀ ਡਰ ਜਾਣਾ; ਰੋਗੀ ਜਾਂ ਬੀਮਾਰ ਹੋਣਾ, ਥਕ ਜਾਨਾ, ਮੁਰਝਾ ਜਾਨਾ, ਝੁਰਨਾ ।

Sickish, *a.* ਸਿਕਿਸ਼–ਕੁਝ ਰੋਗੀ, ਥੋੜਾ ਬੀਮਾਰ, ਰੋਗੀ ਜੇਹਾ, ਬੀਮਾਰ ਵਰਗਾ ।

Sickle, *n.* ਸਿੱਕਲ–ਦਰਾਂਤੀ, ਦਾਤਰੀ ।

Sickliness, *n.* ਸਿਕਲੀਨੈਸ—ਰੋਗੀਪਨ, ਬੀਮਾਰੀ ਦੀ ਹਾਲਤ, ਅਨਮੇਲ, ਨਾਮੁਆਫ਼ਿਕਤ।

Sickly, *a.* ਸਿਕਲੀ–ਰੋਗੀ, ਮਾਂਦਾ, ਬੀਮਾਰ; ਰੋਗ ਕਰਨ ਵਾਲਾ; ਸੁਸਤ, ਰੋਗੀ ਜੇਹਾ; ਮਾੜਾ, ਨਿਰਬਲ, ਕਮਜ਼ੋਰ ।

Sickness, *n.* ਸਿਕਨੈਸ–ਰੋਗ, ਦੁੱਖ, ਮਰਜ਼; ਸੁਸਤੀ, ਨਿਰਬਲਤਾ, ਕਮਜ਼ੋਰੀ; ਪਰਭੀਰੂਲਤਾ, ਰੋਗ ਦੀ ਅਵਸਥਾ, ਮਤਲੀ, ਮਾਂਦਗੀ ।

Side, *n.* ਸਾਇਡ–ਪਾਸਾ, ਤਰਫ਼, ਓਰ, ਵੱਲ, ਸਾਹਿਬ; ਸਿਰਾ, ਕਿਨਾਰਾ; ਓਟ, ਪਰਬਤ, ਅਰਧ ਅੰਗ, ਪਸਲੀ; ਢਾਲ; ਕਰੀਬ, ਸਾਥ; ਨਾਤਾ, ਰਿਸ਼ਤਾ; *a.* ਟੇਢ਼ਾ, ਵਿੰਗਾ, ਬਗ਼ਲੀ, ਪਹਲੂ ਦਾ; *v. t* ਪਕਸ਼ੀ ਹੋਣਾ, ਪਕਸ਼ਪਾਤ ਕ०, ਪੱਖ ਯਾ ਤਰਫ਼ਦਾਰੀ ਕ० ।

Sider, *n.* ਸਾਇਡਰ–ਪਕਸ਼ੀ, ਤਰਫ਼ਦਾਰ ।

Sidereal, *a.* ਸਿਡੇਰਲ–ਤਾਰਾ ਸੰਬੰਧੀ, ਤਾਰਾਮਯ, ਤਾਰਿਆਂ ਵਾਲਾ ।

Sidereated, *a.* ਸਿਡੇਰੇਟਿਡ—ਗ੍ਰਹ ਪੀੜਤ, ਮੁਰਝਾਇਆ ਹੋਯਾ, ਝੁਲਸਿਆ ਹੋਯਾ ।

Siderite, *n.* ਸਿਡੇਰਿਟ–ਚੁੰਬਕ ਪੱਥਰ, ਚਮਕ ਪੱਥਰ, ਆਹਨਰੁਬਾ ।

Siding, *n.* ਸਾਈਡਿੰਗ–ਪਕਸ਼ਤਾ, ਪਕਸ਼ਪਾਤ, ਤਰਫ਼ਦਾਰੀ; ਰੇਲ ਦਾ ਮੋੜ ।

Sidle, *v. i.* ਸਿਡਲ–ਵਿੰਗਾ ਯਾ ਤਿਰਛਾ ਚਲਨਾ

Siege, *n.* ਸੀਜ–ਕਿਲੇ ਦਾ ਘੇਰਾ, ਚੇਰੀ ।

Sieve, *n.* ਸੀਵ–ਛਾਨਣਾ, ਛਲਨੀ, ਛਾਨਣੀ ।

Sift, *v. t.* ਸਿਫ਼ਟ–ਛਾਨਣਾ, ਝਾੜਨਾ, ਮਥਨਾ, ਰੋਲਨਾ, ਪਰੀਖਯਾ ਲੈਨੀ, ਇਮਤਿਹਾਨ ਕ०, ਅਜ਼ਮਾਉਣਾ, ਜਾਂਚਨਾ ।

Sigh, *v. t.* ਸਾਈ–ਹੋਕਾ ਭਰਨਾ, ਹਾਯ ਕ०, ਸਾਂਸ ਭਰਨਾ, ਵਿਲਾਪ ਕ०, ਖੇਦ ਕ०, ਸ਼ੋਕ ਕ०, ਰੋਣਾ, ਕੁੜ੍ਹਨਾ; *n.* ਹੋਕਾ, ਹਾਯ, ਠੰਡਾ ਸਾਹ, ਸ਼ੋਕ, ਅਫ਼ਸੋਸ ।

Sight, *n.* ਸਾਇਟ–ਦੀਦ, ਸੂਝ, ਨਜ਼ਰ, ਦਰਸ਼ਨ, ਸੈਰ, ਦਰਿਸ਼ਟ ਸ਼ਕਤੀ, ਅਵਲੋਕਨ, ਕੌਤੁਕ, ਦਰਿਸ਼ਟੀ ਗੋਚਰ, ਬੋਧਨ; ਬੰਦੂਕ ਦੀ ਮੱਖੀ; *v. t.* ਦੇਖਨਾ, ਨਜ਼ਰ ਪਾਉਣੀ; ਜਾਂਚਨਾ, ਨਿਸ਼ਾਨਾ ਬੰਨ੍ਹਣਾ, ਸ਼ਿਸਤ ਲਗਾਉਣੀ ।

Sigil, *n.* ਸਿਗਿਲ–ਮੋਹਰ, ਮੁਦਰਾ ਛਾਪ ।

Sign, *n.* ਸਾਇਨ—ਦਸਤਖ਼ਤ, ਸਹੀ, ਸੈਨ; ਚਿੰਨ੍ਹ ਨਿਸ਼ਾਨ, ਸੂਚਨਾ, ਮੁਦਰਾ ਸੰਕੇਤ, ਲਛਨ ਲਿੰਗ, ਅਦਭੁਤ ਚਮਤਕਾਰ, ਆਸ਼ਚਰਯ ਪਰਮਾਣ; *v. t.* ਸੂਚਨਾ ਕ०, ਸੁਝਾਉਣਾ, ਜਤਾਉਣਾ; ਨਾਉਂ ਲਿਖਨਾ, ਦਸਤਖ਼ਤ ਕ० ।

Signal, *n.* ਸਿਗਨਲ–ਸੂਚਨਾ ਚਿਹਨ, ਇਸ਼ਾਰਾ, ਚੇਤਾਵਨੀ, ਨਿਸ਼ਾਨੀ; *a.* ਪਰਸਿੱਧ, ਨਾਮੀ, ਮਸ਼ਹੂਰ, ਅਪੂਰਵ, ਬੜਾ, ਵੱਡਾ, ਕਾਬਿਲ ਯਾਦਗਾਰ ।

Signalize, *v. t.* ਸਿਗਨੇਲਿਜ਼–ਪਰਸਿੱਧ ਕ० ਨਾਮੀ ਕ०, ਮਸ਼ਹੂਰ ਕ०, ਜਤਾਉਣਾ, ਬਤਾਉਣਾ, ਇਸ਼ਾਰਾ ਕ० ।

Signature, *n.* ਸਿਗਨੇਚਰ–ਨਿਸ਼ਾਨ, ਚਿਹਨ ਦਸਤਖ਼ਤ, ਹਸਤਾਖਰ, ਸਹੀ ।

Signet, *n.* ਸਿਗਨੇਟ–ਰਾਜ ਮੁਦਰਾ, ਮੋਹਰ, ਸ਼ਾਹੀ ਮੋਹਰ, ਖ਼ਾਸ ਮੋਹਰ ।

Significance, Significancy, *n.* ਸਿਗਨੀਫ਼ੀਕੈਂਸ, ਸਿਗਨੀਫ਼ੀਕੈਨਸੀ—ਅਰਥ, ਮਤਲਬ, ਮੁਰਾਦ; ਬਲ, ਜ਼ੋਰ, ਕੁੱਵਤ; ਕਦਰ, ਮਾਨ, ਇੱਜ਼ਤ, ਵਕਅਤ ।

Significant, *a.* ਸਿਗਨੀਫ਼ੀਕੈਂਟ–ਵੱਡਾ, ਸੂਚਕ, ਵਾਚਕ, ਅਰਥ ਬੋਧਕ, ਸਾਰਥ, ਬਤਾਉਣ ਵਾਲਾ ।

Significantly, *adv.* ਸਿਗਨੀਫ਼ੀਕੈਂਟਲੀ—ਸਾਰਥ, ਪੂਰੇ ਅਰਥਾਂ ਨਾਲ, ਬਾ ਮਾਨੇ ।

Signification, *n.* ਸਿਗਨੀਫ਼ੀਕੇਸ਼ਨ–ਸੂਚਨਾ, ਸੂਚਨ, ਇਸ਼ਾਰਾ, ਇਜ਼ਹਾਰ; ਮਤਲਬ, ਅਰਥ, ਮੁਰਾਦ ।

Significative, *a.* ਸਿਗਨੀਫ਼ੀਕੇਟਿਵ–ਸੂਚਕ, ਵਾਚਕ, ਅਰਥ ਬੋਧਕ, ਅਰਥਵਤ, ਬਾ ਮਾਨੇ

Significator, Significatory, *n.* ਸਿਗਨੀਫ਼ੀਕੇਟਰ, ਸਿਗਨੀਫ਼ੀਕੇਟਰੀ—ਪਰਗਟ ਯਾ ਜ਼ਾਹਿਰ ਕਰਨ ਵਾਲਾ ।

Signify, *v. t.* ਸਿਗਨੀਫ਼ਾਈ–ਸੂਚਨਾ ਦੇਣਾ, ਪਰਕਾਸ਼ ਕ०, ਜਤਾਉਣਾ, ਬਤਾਉਣਾ, ਦਿਖਲਾਉਣਾ; ਮਤਲਬ, ਅਰਥ, ਮਾਨੇ ਯਾ ਮੁਰਾਦ ਰੱਖਣਾ; ਕਦਰ, ਮਾਨ ਯਾ ਵਜ਼ਨ ਰੱਖਣਾ ।

Signior, *n.* ਸੈਨਯਰ-ਮਾਨ ਲਈ ਇਕ ਸ਼ਬਦ ਸਾਹਿਬ, ਮਹਾਸ਼ਯ, ਲਾਲਾ ਆਦਿ ।

Silence, *n.* ਸਾਇਲੈਂਸ-ਚੁੱਪ, ਮੌਨ, ਚੁਪਾਓ, ਗੋਪਨ, ਗੁਪਤਤਾ, ਖ਼ਾਮੋਸ਼ੀ, ਛੁਪਾਓ; ਚੀਮਾ-ਪਨ; *v. i.* ਜੀਭ ਪਕੜਨਾ, ਮੂੰਹ ਸਿਊਣਾ, ਚੁੱਪ ਕ॰, ਮੂੰਹ ਬੰਦ ਕ॰; ਨਿਰਉੱਤਰ ਯਾ ਲਾਜਵਾਬ ਕ॰; *Int.* ਚੁੱਪ, ਖ਼ਾਮੋਸ਼ ।

Silent, *a.* ਸਾਇਲੈਂਟ-ਚੁੱਪਚਾਪ, ਮੌਨੀ, ਅਨ-ਬੋਲਾ, ਗੁੰਗਾ; ਸ਼ਾਂਤ, ਸਥਿਰ, ਖ਼ਾਮੋਸ਼, ਸੁੰਨਸਾਨ, ਚੁਪਕਾ, ਸੁਸਤ, ਬੇਅਸਰ ।

Silently, *adv.* ਸਾਇਲੈਂਟਲੀ-ਚੁੱਪ ਚਾਪ, ਚੁਪਕੇ, ਚੁੱਪ ਚੁਪਾਤੇ, ਚੁੱਪ ਗੁੱਪ ।

Silicious, *a.* ਸੀਲੀਸ਼ਸ-ਵਾਲਾਂ ਦਾ ਬਣਿਆ ਹੋਇਆ ।

Silicous, *a.* ਸੀਲੀਕਸ-ਪਥਰੀ ਜੇਹਾ, ਪਥ-ਰੀਲਾ, ਪਥਰੀ ਵਰਗਾ ।

Silique, *n.* ਸੀਲੀਕ-ਫਲੀ, ਛੀਮੀ ।

Siliquose, Siliquous, *a.* ਸਿਲੀਕਵੋਜ਼, ਸਿਲੀਕਵਸ-ਫਲੀ ਵਾਲਾ, ਫਲੀਦਾਰ ।

Silk, *n.* ਸਿਲਕ-ਪੱਟ, ਰੇਸ਼ਮ; ਰੇਸ਼ਮੀ ਕਪੜਾ, ਟੱਸਰ, ਕੀਟ ਸੂਤਰ, ਪਤੰਬਰ ।

Silk-cotton, *n.* ਸਿਲਕਕਾਟਨ-ਨਰਮੇ ਦੀ ਰੂੰ ।

Silken, *a.* ਸਿਲਕਨ-ਪੱਟ ਦਾ, ਰੇਸ਼ਮੀ, ਰੇਸ਼ਮ ਦਾ; ਰੇਸ਼ਮ ਜੇਹਾ; ਨਰਮ, ਕੋਮਲ, ਮੁਲਾਇਮ; ਰੇਸ਼ਮੀ ਵਸਤਰ ਪਹਨੇ ਹੋਏ ।

Silkiness, *n.* ਸਿਲਕੀਨੈਸ-ਕੋਮਲਤਾ, ਨਰਮੀ, ਸਫ਼ਾਈ; ਨਜ਼ਾਕਤ ।

Silkworm, *n* ਸਿਲਕਵਾਰਮ-ਰੇਸ਼ਮ ਦਾ ਕੀੜਾ

Silky, *a.* ਸਿਲਕੀ-ਰੇਸ਼ਮੀ, ਨਰਮ, ਕੋਮਲ, ਮ੍ਰਿਦੁ, ਚਿਕਨਾ, ਸਾਫ਼ ।

Sill, *n.* ਸਿਲ-ਦਹਲੀਜ਼, ਬੂਹੇ ਦੀ ਚੁਗਾਠ ।

Sillabub, *n.* ਸਿਲਬਬ-ਅੰਗੂਰੀ ਸ਼ਰਾਬ ਤੇ ਦੁੱਧ ਦਾ ਬਣਿਆ ਹੋਇਆ ਸ਼ਰਬਤ ।

Silliness, *n.* ਸਿੱਲੀਨੈਸ-ਭੋਲਾਪਨ, ਮੂਰਖਤਾ, ਅਗਿਆਨਤਾ, ਅਨਾੜੀਪਨ, ਸਾਦਗੀ ।

Silly, *a.* ਸਿੱਲੀ-ਨਿਰਬਲ, ਜੜ੍ਹ, ਮੂਰਖ, ਨਿਰ-ਬੋਧ, ਮੂੜ੍ਹ, ਭੋਲਾ ।

Silt, *n.* ਸਿਲਟ-ਕੀਚੜ, ਚਿੱਕੜ, ਗਾਰਾ, ਮਿੱਟੀ

Silver, *n.* ਸਿਲਵਰ-ਚਾਂਦੀ, ਰੁੱਪਾ, ਰੁਪੈਯਾ, ਮੁਦਰਾ; *a.* ਰੁਪੈ ਯਾ ਚਾਂਦੀ ਦਾ, ਰੁਪੈਲੀ; ਚਿੱਟਾ, ਸਫ਼ੇਦ; ਨਰਮ, ਮਿੱਠਾ; *v. t.* ਚਾਂਦੀ ਯਾ ਪਾਰਾ ਚੜ੍ਹਾਉਣਾ; ਕਲੈਈ ਕ॰; ਚਮਕ-ਦਾਰ ਯਾ ਚਿਕਨਾ ਕ॰; ਚਿੱਟਾ ਯਾ ਧੌਲਾ ਕ॰, ਸਫ਼ੈਦ ਕ॰ ।

Silvery, *a.* ਸਿਲਵਰੀ-ਚਿੱਟੇ ਰੰਗ ਦਾ, ਸ਼ਵੇਤ ਵਰਣ, ਚਾਂਦੀ ਵਰਗਾ ।

Similar, *a.* ਸਿਮੀਲਰ-ਸਦ੍ਰਿਸ਼, ਤੁਲ੍ਯ, ਸਮਾਨ, ਸਰੀਖਾ, ਮੁਤਾਬਿਕ, ਮਿਸਲ, ਉਸੇਹਾ ਹੀ, ਮਿਲਦਾ ਜੁਲਦਾ, ਇੱਕੋ ਜੇਹਾ, ਮੁਤਾਬਿਕ ।

Similarity, *n.* ਸੀਮੀਲੈਰੀਟੀ-ਸਦ੍ਰਿਸ਼ਤਾ, ਤੁਲ੍ਯਤਾ, ਸਮਾਨਤਾ, ਬਰਾਬਰੀ, ਮੁਤਾਬਕਤ, ਮੁਸ਼ਾਬਹਤ, ਮੇਲ, ਯਕਸਾਨੀਯਤ ।

Simile, *n.* ਸੀਮਾਇਲ-ਉਪਮਾ, ਦ੍ਰਿਸ਼ਟਾਂਤ, ਉਦਾਹਰਣ, ਤਸ਼ਬੀਹ ।

Similitude, *n.* ਸੀਮੀਲੀਟੂਡ-ਉਪਮਾ, ਸਮਾ-ਨਤਾ, ਦ੍ਰਿਸ਼ਟਾਂਤ, ਤਸ਼ਬੀਹ, ਮੁਤਾਬਕਤ ।

Simmer, *v. i.* ਸਿੱਮਰ-ਧੀਮੇ ੨ ਖੌਲਨਾ ।

Simnel, *n.* ਸਿਮਨੇਲ-ਮਿੱਠੀ ਰੋਟੀ, ਮਿੱਠੀ ਪੂਰੀ, ਮਾਲ ਪੂੜਾ ।

Simoniac, *n.* ਸੀਮੋਨੀਅਕ-ਗਿਰਜੇ ਦੇ ਧਰਮ ਪਦ ਦੇ ਮੁੱਲ ਲੈਨ ਯਾ ਵੇਚਨ ਦਾ ਅਪਰਾਧੀ ।

Simony, *n.* ਸੀਮੋਨੀ-ਗਿਰਜੇ ਦੇ ਧਰਮ ਪਦ ਨੂੰ ਮੁੱਲ ਲੈਨ ਯਾ ਵੇਚਨ ਦਾ ਅਪਰਾਧ ।

Simper, *v. t* ਸਿਮਪਰ-ਮੁਸਕਾਨਾ, ਮੁਸ-ਕਰਾਉਣਾ, ਮੂੰਹ ਵਿੱਚ ਹੱਸਣਾ; *n.* ਮੁਸਕਰਾਹਟ

Simple, *a.* ਸਿਮਪਲ-ਨਿਰਾ, ਨਿਰਮਲ, ਬੇਮੇਲ, ਸਰਲ, ਸਪਸ਼ਟ, ਸਿੱਧਾ, ਸਾਦਾ, ਨਿਸ਼ਕਪਟ, ਮਾਯਾਹੀਨ, ਛਲਹੀਨ, ਸੁੱਧਮਤੀ, ਸ਼ੁਧ, ਕੇਵਲ, ਭੋਲਾ, ਅਲਪ ਬੁੱਧੀ ਅਕਲੀ; *n.* ਔਖਧੀ, ਜੜੀ ਬੂਟੀ; ਜੁਜ਼, ਅੰਗ, ਫਰਦ ।

Simpleness, *n.* ਸਿੰਪਲਨੈਸ-ਭੋਲਾਪਨ, ਸਰਲਤਾ, ਮਾਯਾਹੀਨਤਾ, ਸਾਦਗੀ, ਸਫ਼ਾਈ ।

Simpler, *n.* ਸਿੰਪਲਰ-ਨਬਾਤਾਤ (ਸਬਜ਼ੀ ਭਾਜੀ) ਇਕੱਠੀ ਕਰਨ ਵਾਲਾ ।

Simpleton, *n.* ਸਿੰਪਲੇਟਨ-ਅਨਾੜੀ, ਮੂਰਖ, ਅਲਪ ਬੁੱਧੀ, ਅਹਮਕ, ਨਾਦਾਨ ।

Simplician, *n.* ਸਿੰਪਲੀਸ਼ੀਅਨ-ਨਿਸ਼ਕਪਟੀ, ਛਲਹੀਨ, ਸ਼ੁਧਮਤੀ ।

implicity, *n.* ਸਿੰਪਲੀਸਿਟੀ-ਸਰਲਤਾ

ਸਪਸ਼ਟਤਾ, ਸਿੱਧਾਪਨ, ਸਾਦਗੀ, ਛਲਹੀਨਤਾ, ਭੋਲਾਪਨ, ਸਾਦਾਪਨ ।

Simplification, *n.* ਸਿੰਪਲੀਫ਼ੀਕੇਸ਼ਨ—ਹਲਕਾ, ਲਘੂ ਯਾ ਸਪਸ਼ਟ ਕਰਣ, ਆਸਾਨੀ

Simplify, *v. t.* ਸਿੰਪਲੀਫ਼ਾਈ-ਸਪਸ਼ਟ ਕ०, ਸੁਗਮ ਕ०, ਹਲਕਾ ਯਾ ਹੋਲਾ ਕ० ਸਰਲ ਕ०, ਖੋਲ੍ਹਨਾ ।

Simply, *adv.* ਸਿੰਪਲੀ—ਨਿਪਟ, ਸਿਰਫ਼. ਕੇਵਲ; ਭੋਲੇਪਨ ਨਾਲ, ਸਾਦਗੀ ਨਾਲ; ਅਨਾੜੀਪਨੇ ਨਾਲ ।

Simulate, *v. t.* ਸੀਮੂਲੇਟ—ਸਵਾਂਗ ਕ०, ਕਪਟਵੇਸ਼ ਕ०, ਨਕਲ ਕ०, ਬਹਾਨਾ ਕ०. ਭਗਲ ਬਣਾਉਣਾ; *a.* ਝੂਠਾ, ਮਿਥਯਾ, ਨਕਲੀ ।

Simulation, *n.* ਸੀਮੂਲੇਸ਼ਨ-ਬਨਾਵਟ, ਨਕਲ, ਪਾਖੰਡ, ਭਗਲ, ਮਕਰ, ਜ਼ਾਹਰਦਾਰੀ, ਬਹਾਨਾ, ਫ਼ਰੇਬ ।

Simultaneous, *a.* ਸੀਮਲਟੇਨੀਅਸ—ਇੱਕ ਕਾਲ ਦਾ, ਸਮਕਾਲਿਕ, ਹਮਐਹਦ, ਹਮਅਸਰ

Simultaneously, *adv.* ਸੀਮਲਟੇਨੀਅਸਲੀ—ਇੱਕ ਕਾਲ ਵਿੱਚ, ਇੱਕ ਸਮੇਂ ਵਿੱਚ, ਉਸੇ ਵੇਲੇ, ਇੱਕ ਸਾਥ ।

Sin, *n.* ਸਿਨ-ਅਪਰਾਧ, ਦੋਸ਼, ਗੁਨਾਹ, ਪਾਪ; *v. t.* ਗੁਨਾਹ, ਪਾਪ, ਅਪਰਾਧ ਯਾ ਦੋਸ਼ ਕ०।

Sinapism, *n.* ਸੀਨਾਪਿਜ਼ਮ-ਰਾਈ ਦੀ ਲੁਪਰੀ (ਪੁਲਟਿਸ) ।

Since, *conj.* ਸਿੰਸ—ਇਸ ਕਾਰਣ ਕਿ, ਇਸ ਹੇਤੂ ਕਿ, ਇਸ ਲਈ ਕਿ; *adv.* ਜਬ ਸੇ, ਅੱਗੇ, ਇਸਥੋਂ ਪਹਲੇ, ਜਦ ਥੀਂ, ਜੋਕਿ; *prep.* ਸੇ, ਥੀਂ, ਤੋਂ ।

Sincere, *a.* ਸਿਨਸੀਅਰ—ਖਰਾ, ਨਿਰਮਲ ਸਵੱਛ, ਸ਼ੁੱਧ, ਸੱਚਾ, ਅਕਪਟ ।

Sincerely, *adv.* ਸਿਨਸੀਅਰਲੀ—ਸਚਾਈ ਨਾਲ, ਮਾਯਾਹੀਨਤਾ ਨਾਲ, ਸਾਫ਼ਦਿਲੀ ਨਾਲ ।

Sincereness Sincerity, *n.* ਸਿਸੀਅਰਨੈਸ, ਸਿੰਸੈਰਿਟੀ—ਸਚਾਈ, ਸ਼ੁੱਧਤਾ, ਖਰਾਈ, ਸਤਜਤਾ, ਸਦਾਕਤ ।

Sindon, *n.* ਸਿੰਡਨ-ਬੇਠਨ, ਲਿਫ਼ਾਫ਼ਾ ।

Sinecure, *n.* ਸੈਨੇਕੂਰ—ਪਦ ਯਾ ਓਹਦਾ ਜਿਸ ਪੁਰ ਕੁਛ ਕੰਮ ਨਾ ਕਰਨਾ ਪਵੇ, ਬੇਫ਼ਿਕਰੀ ਦੀ ਨੌਕਰੀ ।

Sinew, *n.* ਸਿਨੂ-ਸਿਰਾ, ਪੱਠਾ, ਨਾੜੀ; ਬਲ, ਸ਼ਕਤੀ; *v. t.* ਜੋੜਨਾ, ਗੰਢਨਾ, ਸਾਂਟਨਾ ।

Sinewed, *a.* ਸੀਨੂਡ-ਪੁਸ਼ਟ, ਬਲਵਾਨ ।

Sinewless, *a.* ਸੀਨੂਲੈਸ-ਬਲਹੀਨ, ਅਸਮਰਥ

Sinewy, *a.* ਸੀਨੂਈ—ਪਰਬਲ, ਬਲਵਾਨ, ਤਾਕਤਵਰ, ਬਲੀ, ਡੰਡਪੇਲ ਮਜ਼ਬੂਤ ।

Sinful, *a.* ਸਿਨਫ਼ੁਲ-ਪਾਪੀ, ਪਾਪ ਆਤਮਾ, ਅਪਰਾਧੀ, ਗੁਨਾਹਗਾਰ ।

Sinfully, *adv.* ਸਿਨਫ਼ੁੱਲੀ—ਦੁਸ਼ਟਤਾ, ਪਾਪ ਯਾ ਅਪਰਾਧ ਨਾਲ ।

Sinfulness, *n.* ਸਿਨਫ਼ੁਲਨੈਸ-ਦੁਸ਼ਟਤਾ, ਖੋਟਾਈ, ਬੁਰਾਈ, ਪਾਪੀਪਨ, ਗੁਨਾਹਗਾਰੀ ।

Sing, *v. t.* ਸਿੰਗ-ਗਾਉਣਾ, ਅਲਾਪਨਾ; ਪਰਸ਼ੰਸਾ ਯਾ ਉਸਤਤੀ ਕ०, ਸਰਾਹੁਨਾ ।

Singe, *v. t.* ਸਿੰਜ-ਝੁਲਸਾਉਣਾ, ਭੁਲਸਾਉਣਾ ਦਾਗ਼ੀ ਕ० ।

Singer, *n.* ਸਿੰਗਰ—ਕੱਥਕ, ਗਾਉਣ ਵਾਲਾ, ਕਲੌਂਤ, ਗਵੈਯਾ, ਟੱਪੇਬਾਜ਼, ਮਿਰਾਸੀ ।

Singing, *n.* ਸਿੰਗਇੰਗ-ਗਾਉਣ, ਸਰੋਦ, ਰਾਗ ਰੰਗ, ਗਾਨਾ ।

Single, *a.* ਸਿੰਗਲ-ਇੱਕ, ਇਕੱਲਾ, ਅਕੇਲਾ, ਨਿਰਾਲਾ, ਸ਼ੁੱਧ, ਅਨਮੇਲ, ਫ਼ਰਦ, ਛੜਾ ਛਟਾਂਕ, ਇਕੈਹਰਾ, ਇਕਤੈਹਾ; ਸਾਫ਼, ਪਾਕ; *v. t.* ਅਲੱਗ ਕ०, ਇੱਕ ਨੂੰ ਕੱਢਨਾ, ਛਾਂਟਨਾ, ਚੁਣਨਾ, ਇੱਕ ਨੂੰ ਫੜ ਲੈਨਾ ।

Singleness, *n.* ਸਿੰਗਲਨੈਸ—ਨਿਰਾਲਾਪਨ, ਏਕਤਾਈ, ਤੈਹਾਈ; ਸਚਾਈ, ਰਾਸਤੀ, ਰਾਸਤਬਾਜ਼ੀ, ਸਫ਼ਾਈ, ਪਾਕੀਜ਼ਗੀ ।

Singly, *adv.* ਸਿੰਗਲੀ—ਅਲਗ ਅਲਗ, ਇੱਕ ੨ ਕਰਕੇ, ਕੇਵਲ, ਮਾਤਰ, ਵੱਖੋ ਵੱਖ ।

Sing-song, *v. i.* ਸਿੰਗਸੌਂਗ—ਬੁਰਾ ਗੀਤ ਗਾਉਣਾ, ਖ਼ਰਾਬ ਯਾ ਭੈੜਾ ਗਾਉਣਾ ।

Singular, *a.* ਸਿੰਗੂਲਰ-ਇੱਕ ਵਚਨ, ਇੱਕ ਵਾਚਕ; ਅਦਭੁਤ, ਅਪੂਰਵ, ਅਨੂਠਾ, ਅਲੌਕਿਕ, ਕੇਵਲ, ਨਿਰਾਲਾ, ਵੱਡਾ, ਅਦੁਤੀ, ਲਾਸਾਨੀ ।

Singularity, *n.* ਸਿੰਗੂਲੈਰੀਟੀ-ਵਿਸ਼ੇਸ਼ ਗੁਣ, ਅਸਾਧਾਰਣਤਾ, ਅਸੰਗਤੀ, ਅਨੂਠਾਪਨ, ਨਿਰਾਲਾਪਨ, ਖ਼ਸੂਸੀਅਤ ।

Singularly, *adv.* ਸਿੰਗੂਲਰਲੀ—ਵਿਸ਼ੇਸ਼ ਕਰਕੇ, ਅਨੂਠੀ ਰੀਤਿ ਨਾਲ, ਨਿਰਾਲੇਪਨ ਨਾਲ, ਅਨੋਖੇ ਢੰਗ ਨਾਲ, ਅਜੀਬ ਤੌਰ ਪੁਰ ।

Sinister, *a.* ਸੀਨਿਸਟਰ–ਟੇਡਾ, ਖਾਜਾਂ, ਵਿੰਗਾ, ਕਪਟੀ, ਅਧਰਮੀ, ਛਲੀ, ਬੁਰਾ, ਮੰਦਾ ।

Sinisterly, Sinistrously, *adv.* ਸੀਨਿਸਟਰਲੀ, ਸੀਨਿਸਟਰਸਲੀ—ਬੁਰਾਈ ਯਾ ਅਨਯਾਯ ਨਾਲ, ਕੁਥਾਂ, ਖੋਜਾ ।

Sink, *v. i.* ਸਿੰਕ–ਡੁਬਨਾ, ਧਸਨਾ, ਧਸਕਨਾ, ਘਟਨਾ, ਬੈਠਨਾ, ਘੁਸਨਾ, ਉਤਰਨਾ, ਅਸਤ ਯਾ ਗਾਯਬ ਹੋਨਾ, ਢਲਨਾ, ਦਬਨਾ; *v. t.* ਡੋਬਨਾ, ਦਬਾਉਨਾ, ਖੋਦਨਾ, ਘਟਾਉਨਾ, ਨਾਸ਼ ਕ੦; ਗੱਦਾਉਨਾ, ਮਿੱਟੀ ਵਿੱਚ ਮਿਲਾਉਨਾ, ਲੁਕਾਉਨਾ, ਮੁੱਲ ਘਟਾਉਨਾ; ਡੋਬਨਾ, ਗਾਰਕ ਕ੦; *n.* ਪਰਨਾਲਾ, ਮੋਰਾਸ, ਨਾਲੀ, ਮੋਰੀ ।

Sinless, *a.* ਸਿਨਲੈਸ—ਪਾਪਹੀਨ, ਪਵਿਤਰ, ਨਿਰਮਲ, ਸਵੱਛ, ਨਿਰਦੋਸ਼, ਬੇਗੁਨਾਹ ।

Sinlessness, *n.* ਸਿਨਲੈਸਨੈਸ–ਨਿਸ਼ਪਾਪਤਾ, ਪਾਪ ਹੀਨਤਾ ।

Sinner, *n.* ਸਿੱਨਰ–ਪਾਪਕਾਰੀ, ਪਾਪੀ, ਗੁਨਾਹਗਾਰ, ਕੁਕਰਮੀ ।

Sinuate, *v. t.* ਸੀਨੂਏਟ–ਸੱਪ ਦੀ ਚਾਲ ਦੀ ਤਰਾਂ ਬਨਾਉਨਾ, ਲਹਰਯਾ ਬਨਾਉਨਾ, ਪੇਚਦਾਰ ਕ੦ ।

Sinuation, *n.* ਸੀਨੂਏਸ਼ਨ—ਸੱਪ ਦੀ ਚਾਲ ਵਾਂਗੂ, ਲਹਰਯਾ, ਪੇਚ ।

Sinuous, Sinuose, *a.* ਸੀਨੂਅਸ, ਸਿਨੂਓਸ—ਸੱਪ ਦੀ ਚਾਲ ਦੇ ਰੂਪ ਦਾ ।

Sinus, *n.* ਸੀਨਸ—ਦਰਾਰ, ਤਰੇੜ, ਖਿਗਾੜ; ਕੋਲ, ਖਾੜੀ, ਖਲੀਜ; ਫੋੜੇ ਵਿੱਚ ਪੀਪ ਯਾ ਪਾਕ ਦਾ ਛੇਕ ।

Sip, *v. t.* ਸਿਪ–ਚੁਸਨਾ, ਸੁੜਕਨਾ, ਘੁੱਟ ਲੈਨਾ; *n.* ਘੁੱਟ, ਚੁਸਕੀ ।

Siphon, *n.* ਸੀਫਨ–ਟੇਢੀ ਨਾਲੀ ਜਿਸਦਾ ਇਕ ਸਿਰਾ ਉੱਤੇ ਤੇ ਦੂਸਾ ਹੇਠਾਂ ਹੋਵੇ ।

Siquis, *n.* ਸੀਕਵਿਸ—ਇਸ਼ਤਿਹਾਰ, ਸੂਚਨਾ, ਵਿਗਯਾਪਨ, ਏਲਾਨ ।

Sir, *n.* ਸਰ–ਉਪਾਧਿ ਵਿਸ਼ੇਸ਼; ਬਾਬੂ, ਲਾਲਾ, ਠਾਕੁਰ ਜੀ, ਮਹਾਰਾਜ, ਸਾਹਿਬ, ਮੀਆਂ, ਭਾਈ, ਅਜੀ, ਜੀ, ਜਨਾਬ, ਸਰਦਾਰ ।

Sire, *n.* ਸਾਇਰ–ਬਾਬਾ, ਬਾਪ, ਬਾਪੂ; ਰਾਜਾ ਦੀ ਪਦਵੀ ਯਾ ਉਪਾਧਿ ਜੇਹਾ ਮਹਾਰਾਜ, ਸ੍ਰੀ ਮਾਨ ਦੇਵ, ਰਾਜਨ ਆਦਿ ।

Siren, *n.* ਸੀਰੇਨ–ਮੋਹਨੀ, ਠਗਨੀ; ਭਰਮਾਉਨ ਵਾਲੀ, ਕੁਟਨੀ; ਇੱਕ ਪਰਕਾਰ ਦਾ ਕੀੜਾ ।

Sirocco, *n.* ਸੀਰੋਕੋ–ਅਪਕਾਰਕ ਵਾਯੂ, ਨੁਕਸਾਨ ਦੇਹ ਹਵਾ ।

Sirrah, *n.* ਸੀਰਾਹ–ਅਬੇ, ਅਰੇ, ਓ, ਹੇ ।

Sirup, *n.* ਸੀਰਪ–ਸ਼ੀਰਾ, ਮਧੁਰ ਰਸ, ਰਾਬ, ਰਹੋ, ਮਿੱਠਾ ਰਸ, ਸ਼ਰਬਤ ।

Sirupy, *a.* ਸੀਰਪੀ–ਸੀਰੇ ਜੇਹਾ ।

Sissoo, *n.* ਸੀਸੋ–ਸ਼ੀਸ਼ਮ, ਟਾਹਲੀ ।

Sister, *n.* ਸਿਸਟਰ–ਭੈਣ, ਹਮਸ਼ੀਰਾ, ਭਗਨੀ, ਸਜਾਤੀ; ਸਖੀ, ਸਮ ਵਰਣ; *v. i.* ਸਜਾਤੀ ਯਾ ਸਦ੍ਰਿਸ਼ ਹੋਨਾ ।

Sisterhood, *n.* ਸਿਸਟਰਹੁਡ–ਭਨੇਪਾ ।

Sister-in-law, *n.* ਸਿਸਟਰਇਨਲਾ–ਸਾਲੀ, ਨਨਦ, ਨਨਾਣ, ਭਾਬੀ, ਭਾਵਜ, ਭਰਜਾਈ, ਭਾਬੋ; ਦਰਾਣੀ, ਜਠਾਣੀ ।

Sisterly, *a.* ਸਿਸਟਰਲੀ–ਭੈਣ ਜੇਹਾ, ਪਰੇਮ ਦਾ।

Sit, *v. i.* ਸਿਟ—ਬੈਠਨਾ, ਆਸਨ ਜਮਾਉਨਾ, ਵੱਸਨਾ, ਟਿਕਨਾ, ਅੰਡੇ ਪੁਰ ਬੈਠਨਾ, ਬਸੇਰਾ ਲੈਨਾ, ਠੀਕ ਆਉਨਾ, ਠੀਕ ਬੈਠਨਾ, ਫਬਨਾ, ਠੀਕ ਹੋਨਾ, ਲਗਨਾ, ਬੀਤਨਾ, ਹੋਨਾ; ਇਜਲਾਸ ਕ੦, ਕਚਹਰੀ ਕ੦; *v. t.* ਆਸਨ ਜਮਾਉਨਾ, ਸਵਾਰ ਹੋਨਾ ।

Site, *n.* ਸਾਇਟ—ਥਾਂਓ, ਟਿਕਾਨਾ, ਜਗਹ, ਅਸਥਾਨ, ਮਕਾਨ, ਅਸਥਲ ।

Sitting, *n.* ਸਿਟਿੰਗ–ਬੈਠਕ, ਜਗਹ; ਜਲਸਾ; ਕੰਮ, ਸੁਗਲ; ਅੰਡੇ ਪੁਰ ਬੈਠਨਾ, ਸੇਵਨਾ ।

Situate, Situated, *a.* ਸੀਟੂਏਟ, ਸੀਟੂਏਟਿਡ—ਸਥਿਤ, ਸੰਸਥਿਤ, ਵਾਕੇ, ਕਾਯਮ ।

Situation, *n.* ਸੀਟੂਏਸ਼ਨ—ਦਸ਼ਾ, ਹਾਲਤ, ਅਵਸਥਾ, ਸਥਾਨ, ਪਦ, ਮੌਕਾ, ਥਾਂਓ, ਜਗਹ, ਅਸਥਾਨ; ਦਰਜਾ, ਪਦਵੀ, ਓਹਦਾ, ਮੰਸਬ, ਅਸਾਮੀ, ਨੌਕਰੀ ।

Six, *a.* ਸਿਕਸ–ਛੀ (੬), ਖਟ; *n.* ਛੱਕਾ, ਛੀ ਦਾ ਅੰਕ ਯਾ ਹਿੰਦਸਾ ।

Sixteen, *a.* ਸਿਕਸਟੀਨ–ਸੋਲਾਂ (੧੬), ਖੋੜਸ਼, ਦਸ ਤੇ ਛੀ, ਅੱਠ ਤੇ ਅੱਠ, ਚਾਰ ਚੌਕੇ ।

Sixteenth, *a.* ਸਿਕਸਟੀਂਥ–ਸੋਲਵਾਂ ।

Sixth, *a.* ਸਿਕਸਥ—ਛਟਵਾਂ, ਛੇਵਾਂ, ਛੀਵਾਂ; *n.* ਛੇਵਾਂ ਹਿੱਸਾ ਯਾ ਭਾਗ ।

Sixthly, *adv*. ਸਿਕਸਥਲੀ-ਛੇਵੀਂ ਜਗਾਹ ਵਿੱਚ, ਛੇਵੀਂ ਥਾਂਓ, ਛਟੇ, ਸ਼ਸ਼ਮ।

Sixtieth, *a*. ਸਿਕਸਟੀਐਥ-ਸਾਠਵਾਂ, ਸੱਠਵਾਂ।

Sixty, *a*. ਸਿਕਸਟੀ-ਸੱਠ (੬੦), ਸਾਠ।

Sizable, *a*. ਸਾਇਜ਼ੇਬਲ-ਲੰਮਾ, ਚੌੜਾ, ਵੱਡਾ।

Size, *n*. ਸਾਇਜ਼—ਕੱਦ, ਡੀਲਡੋਲ, ਲੰਬਾਈ ਚੌੜਾਈ, ਅਕਾਰਮਾਨ, ਪਰਿਮਾਨ, ਸ਼ੇਣਿਕਾ; ਲਾਸਾ, ਸਰੇਸ; *v. t.* ਪਰਿਮਾਨ ਜਾ ਲੰਬਾਈ ਚੌੜਾਈ ਦੇ ਅਨੁਸਾਰ ਜਥਾਕ੍ਰਮ ਰੱਖਣਾ; ਬਧਾਉਣਾ, ਨਿਸ਼ਚਿਤ ਕ੦. ਠੋਹਰਾਉਣਾ; ਲਾਸਾ ਲਪੇਟਣਾ, ਛਾਨਣਾ, ਮਿਕਦਾਰ ਥੇਨ੍ਹਣਾ।

Sizer, *n*. ਸਾਇਜ਼ਰ—ਸਬ ਥੋਂ ਹੇਠਲੇ ਦਰਜੇ ਦਾ ਵਿਦਯਾਰਥੀ।

Siziness, *n*. ਸੀਜ਼ੀਨੇਸ-ਲਸਲਸਾਹਟ, ਚਿਪਚਿਪਾਹਟ, ਲੇਸ।

Sizy, *a*. ਸਿਜ਼ੀ-ਲਸਲਸਾ, ਚਿਪਚਿਪਾ, ਲੇਸਲਾ, ਲੇਸਦਾਰ।

Skain, *n*. ਸਕੇਨ-ਲੱਛਾ, ਪੇਚਕ, ਅੱਟੀ।

Skate, *n*. ਸਕੇਟ-ਬਰਫ਼ ਪੁਰ ਫਿਸਲਕੇ ਚੱਲਨ ਦੀ ਇੱਕ ਜੁੱਤੀ ਜਾ ਖੜਾਵਾਂ; ਇੱਕ ਤਰਾਂ ਦੀ ਮੱਛੀ; *v. i.* ਇੱਕ ਪ੍ਰਕਾਰ ਦੀ ਜੁੱਤੀ ਜਾ ਖੜਾਵਾਂ ਨਾਲ ਬਰਫ਼ ਪੁਰ ਫਿਸਲਕੇ ਚਲਨਾ।

Skean, *n*. ਸਕੀਨ—ਇੱਕ ਛੋਟੀ ਤਲਵਾਰ; ਕਰਦ, ਛੁਰੀ।

Skein, *n*. ਸਕੀਨ-ਲੱਛਾ, ਪੇਚਕ, ਅੱਟੀ।

Skeleton, *n*. ਸਕੈਲੇਟਨ-ਅਸਥੀ ਪਿੰਜਰ, ਹੱਡੀਆਂ ਦਾ ਪਿੰਜਰ, ਠਠਰੀ, ਢਾਂਚ; ਢੰਗਾ, ਤਿੰਕਾ, ਨਕਸ਼ਾ, ਖ਼ਾਕਾ।

Skellum, *n*. ਸਕੈਲਮ-ਦੁਰਆਤਮਾ, ਦੁਰਜਨ, ਪਾਪ ਆਤਮਾ, ਗੁਨਾਹਗਾਰ।

Sketch, *n*. ਸਕੈਚ-ਖਰੜਾ, ਖਸਰਾ, ਮਸੂਲਾ ਲੇਖ; *v. t.* ਖਸਰਾ, ਢਾਂਚਾ ਜਾ ਖਰੜਾ ਬਣਾਉਣਾ; ਇਸ਼ਾਰਾ ਜਾ ਸੈਨਤ ਕ੦, ਕਥਨ ਕ੦।

Skew, *a*. ਸਕੂ-ਤਿਰਛਾ, ਟੇਢਾ, ਵਿੰਗਾ; *adv*. ਤਿਰਛਾ; *v. t.* ਤਿਰਛਾ ਦੇਖਣਾ, ਵਿੰਗਾ ਚਲਨਾ

Skewer, *n*. ਸਕੂਅਰ-ਕਬਾਬ ਬਨਾਉਨ ਵਾਲੀ ਸੀਖ, ਸਲਾਕਾ ਜਾ ਸਲਾਈ; *v. t.* ਸੀਖ ਜਾ ਸਲਾਈ ਵਿੱਚ ਪਿਰੋਨਾ।

Skiff, *n*. ਸਕਿਫ਼-ਡੋਂਗੀ, ਛੋਟੀ ਜਾ ਹੌਲੀ ਨਾਓ; *v. t.* ਡੋਂਗੀ ਵਿਚ ਪਾਰ ਕ੦ ਜਾ ਹੋਨਾ।

Skilful, *a*. ਸਕਿਲਫੁਲ-ਨਿਪੁਣ, ਪੂਰਾ, ਪੱਕਾ, ਪਰਬੀਨ, ਚਤੁਰ, ਚਪਲ, ਚਾਲਾਕ, ਹੁਸ਼ਿਆਰ, ਕਾਰੀਗਰ, ਉਸਤਾਦ, ਦਾਨਾ, ਹੁਨਰਮੰਦ, ਮਾਹਿਰ

Skilfully, *adv*. ਸਕਿਲਫੁੱਲੀ—ਨਿਪੁਣਤਾ ਕਾਰੀਗਰੀ ਉਸਤਾਦੀ ਜਾ ਚਤੁਰਾਈ ਨਾਲ।

Skilfulness, *n*. ਸਕਿਲਫੁਲਨੈਸ-ਨਿਪੁਣਤਾ, ਸਿਆਨਾਪਨ, ਪਰਬੀਨਤਾ, ਚਤੁਰਾਈ, ਯੋਗਤਾ, ਸੁਘੜਤਾ, ਉਸਤਾਦੀ, ਲਿਆਕਤ, ਹੁਨਰਮੰਦੀ।

Skill, *n*. ਸਕਿੱਲ—ਗੁਣ, ਵਿੱਦਯਾ, ਹੁਨਰ; ਚਤੁਰਾਈ, ਉਸਤਾਦੀ; ਉਪਾਯ, ਤਰਕੀਬ, ਤਦਬੀਰ, ਇਲਾਜ।

Skilled, *a*. ਸਕਿੱਲਡ-ਬੁੱਧੀਮਾਨ, ਹੁਨਰਮੰਦ, ਚੁਸਤ, ਚਾਲਾਕ, ਨਿਪੁਣ, ਆਕਿਲ, ਦਾਨਾ।

Skillet, *n*. ਸਕੀਲੇਟ-ਛੋਟਾ ਦੇਗਚਾ, ਦਲਟੋਈ।

Skim, *v. i.* ਸਕਿਮ-ਕੱਢਣਾ, ਛਾਂਟਣਾ; ਫੇਨ, ਕਫ਼ ਜਾ ਮਲਾਈ ਉਤਾਰਨਾ; ਉੱਤੇ ੨ ਚਲੇ ਜਾਣਾ; ਹੌਲੀ ੨ ਜਾਨਾ, ਸੁਗਮਤਾ ਨਾਲ ਲੰਘਨਾ

Skimmer, *n*. ਸਕਿੱਮਰ-ਕਰਛੀ, ਪੌਨੀ।

Skim-milk, *n*. ਸਕਿਮਮਿਲਕ—ਮਲਾਈ ਲਾਹਿਆ ਹੋਯਾ ਦੁੱਧ, ਪਸਾਓ ਦੁੱਧ।

Skin, *n*. ਸਕਿਨ-ਖੱਲੜੀ, ਚੰਮ, ਚਮੜਾ, ਖੱਲ, ਛਿਲਕਾ, ਝਿੱਲੀ; *v. t.* ਚੰਮ ਉਧੇੜਨਾ, ਖੱਲ ਲਾਹੁਣੀ, ਛਿਲਨਾ; ਚੰਮ ਜਾ ਝਿੱਲੀ ਆਉਣਾ।

Skindeep, *a*. ਸਕਿਨਡੀਪ—ਹੌਲਾ, ਹਲਕਾ, ਤੁੱਛ, ਥੋੜਾ, ਅਲਪ।

Skinflint, *n*. ਸਕਿਨਫ਼ਲਿੰਟ-ਮੱਖੀਚੂਸ, ਸੂਮ, ਕੰਜੂਸ, ਪੱਥਰਚੱਟ।

Skink, *n*. ਸਕਿੰਕ-ਕੋੜ੍ਹਕਿੱਲੀ, ਛਿਪਕਲੀ।

Skinned, *a*. ਸਕਿਨਡ-ਚਰਮ ਯੁਕਤ।

Skinner, *n*. ਸਕਿੱਨਰ-ਚਮੜੇ ਦਾ ਬਿਉਪਾਰੀ; ਖੱਲ ਉਧੇੜਨ ਵਾਲਾ, ਚੁਮਾਰ।

Skinny, *a*. ਸਕਿੱਨੀ-ਦੁਬਲਾ, ਪਤਲਾ; ਬਿਨਾ ਮਾਸ ਦਾ; ਚੰਮ ਦਾ।

Skip, *v. t.* ਸਕਿਪ-ਕੁੱਦਣਾ, ਉਛਲਨਾ, ਫਲਾਂਗਨਾ, ਕੁਦ ਫਾਂਦ ਕ੦; ਭੁੱਲ ਜਾਨਾ, ਛਡਨਾ; *n*. ਛਲਾਂਗ, ਫਲਾਂਗ, ਉੱਛਲ ਕੁੱਦ।

Skipper, *n*. ਸਕਿੱਪਰ-ਕੁੱਦਨ ਜਾ ਫਲਾਂਗਨ ਵਾਲਾ; ਨੌਕਾਪਤਿ, ਜਹਾਜ਼ ਦਾ ਮਾਲਿਕ; ਬੇਫ਼ਿਕਰ, ਅੱਲ੍ਹੜ; ਇੱਕ ਪਰਕਾਰ ਦੀ ਮੱਛੀ।

Skirmish, *n*. ਸਕਿਰਮਿਸ਼-ਲੜਾਈ ਝਗੜਾ,

ਨੋਕ ਝੋਕ, ਝਗੜਾ ਰਗੜਾ, ਝੜਪਾ ਝੜਪ, ਖਟਪਟੀ ਥੋੜੀ ਲੜਾਈ; *v. t.* ਥੋੜੀ ਲੜਾਈ ਜਾ ਰਗੜਾ ਝਗੜਾ ਕ०, ਖਟਪਟੀ ਕ० ।

Skirt, *n.* ਸਕਰਟ—ਆਂਚਲ ਹਾਸ਼ੀਆ, ਝੋਲ, ਸੀਮਾ, ਹੱਦ, ਪਰਾਂਤ, ਲਹਿੰਗਾ; ਓੜ੍ਹਨੀ; *v. i.* ਨਿਕਟ ਰਹਨਾ, ਸੀਮਾ ਜਾ ਹੱਦ ਪੁਰ ਰਹਨਾ, ਕੰਢੇ ੨ ਚਲਨਾ, ਚਾਰੇ ਪਾਸੇ ਜਾਨਾ, ਨੇੜੇ ਹੋਨਾ ।

Skit, *n.* ਸਕਿਟ-ਚੰਚਲ ਤੇ ਅਥਿਰ ਲੜਕੀ ।

Skittish, *a.* ਸਕਿਟਿਸ਼-ਚੰਚਲ, ਚਪਲ, ਚਾਲਾਕ, ਅਥਿਰ, ਭੜਕਨ ਵਾਲਾ ।

Skulk, *v. i.* ਸਕਲਕ—ਦਬਕਨਾ, ਲੁਕਨਾ, ਛਿਪਨਾ, ਜੀ ਚੁਰਾਉਨਾ ।

Skull, *n.* ਸਕੱਲ-ਕਪਾਲ, ਖੋਪਰੀ, ਸਿਰ ਦੀ ਹੱਡੀ; ਮਗ਼ਜ਼, ਦਿਮਾਗ਼, ਅਕਲ, ਬੁੱਧ ।

Sky, *n.* ਸਕਾਈ-ਆਕਾਸ਼, ਗਗਣ, ਆਸਮਾਨ ।

Skyey, *a.* ਸਕਾਈਈ—ਆਕਾਸ਼ ਜਹਾ, ਆਕਾਸ਼ ਸੰਬੰਧੀ, ਆਸਮਾਨੀ ।

Slab, *n.* ਸਲੈਬ—ਸਿਲ; ਪੱਥਰ ਦਾ ਚੌਕਾ; ਤਖ਼ਤਾ; ਫੱਟਾ ।

Slabber, *v. i.* ਸਲੈਬਰ-ਮੂੰਹ ਵਿੱਚੋਂ ਰਾਲ ਜਾ ਥੁੱਕ ਕਢਨਾ, ਪੀ ਜਾਨਾ, ਚਟਨਾ, ਸੁੜਪਨਾ ।

Slabby, *a.* ਸਲੈਬੀ—ਲਸਲਸਾ, ਚਿਪਚਿਪਾ; ਸਥੂਲ, ਮੋਟਾ, ਗਾੜ੍ਹਾ ।

Slack, *a.* ਸਲੈਕ-ਢਿੱਲਾ, ਧੀਮਾ, ਠੰਡਾ, ਅਸਾਵਧਾਨ, ਨਿਰਬਲ, ਆਲਸੀ, ਸੁਸਤ, ਕਮਜ਼ੋਰ; *n.* ਢਿੱਲੀ ਲਟਕੀ ਹੋਈ ਰੱਸੀ; ਕੋਲਿਆਂ ਦਾ ਚੂਰਾ; ਘਾਟੀ ।

Slack, Slacken, *v. t.* ਸਲੈਕ, ਸਲੈਕਨ—ਧੀਮਾ, ਮੰਦਾ, ਸੁਸਤ ਜਾ ਢਿੱਲਾ ਕ०, ਘਟਾਉਨਾ; ਠੰਡਾ ਕ०, ਪਾਨੀ ਪਾਉਨਾ; ਰੋਕਨਾ, ਦਬਾਉਨਾ; ਭੁੱਲਨਾ, ਵਿਸਰਨਾ; ਚੂਰ ੨ ਕਰ; *v. i.* ਢਿੱਲਾ, ਸੁਸਤ ਜਾ ਮੰਦਾ ਹੋਨਾ; ਖਿਲਨਾ, ਖੁਲਨਾ, ਖਿੜਨਾ; ਬੁਝਨਾ ।

Slackly, *adv.* ਸਲੈਕਲੀ-ਢਿਲੇਪਨ, ਸੁਸਤੀ ਜਾ ਅਸਾਵਧਾਨੀ ਨਾਲ ।

Slackness, *n.* ਸਲੈਕਨੈਸ-ਢਿੱਲ, ਢਿੱਲਾਪਨ, ਢਿਲਕੜਾ, ਧੀਮਾਪਨ, ਸੁਸਤੀ, ਆਲਸ, ਗ਼ਫ਼ਲਤ, ਨਰਮੀ ।

Slade, *n.* ਸਲੇਡ-ਛੋਟਾ ਦਰਾ ।

Slag, *n.* ਸਲੈਗ-ਧਾਤ ਦੀ ਮੈਲ ।

Slain, *p. t.* of Slay, ਸਲੇਨ—ਕਤਲ ਜਾ ਬਧ ਕੀਤਾ ।

Slake, *v. t.* ਸਲੇਕ-ਪਿਆਸ ਬੁਝਾਉਨਾ; ਤਰ ਜਾ ਠੰਡਾ ਕ० ।

Slam, *n.* ਸਲੈਮ-ਟੱਕਰ, ਟੱਕਰ; ਹਾਰ, ਖਲਾਲ; *v. t.* ਟਕਰਾਉਨਾ, ਜ਼ੋਰ ਨਾਲ ਬੰਦ ਕ०; ਜਿੱਤ ਲੈਨਾ, ਮਾਰਨਾ, ਖਲਾਲ ਕ० ।

Slander, *n.* ਸਲੈਂਡਰ—ਮਿਥਿਆ ਕਲੰਕ ਜਾ ਅਪਵਾਦ, ਅਪਮਾਨ, ਬਦਨਾਮੀ, ਹੱਤਕ ਇੱਜ਼ਤ; *v. t.* ਝੂਠਾ ਕਲੰਕ ਲਗਾਉਨਾ, ਬਦਨਾਮ ਕ०, ਬਇੱਜ਼ਤ ਕ०, ਦਾਗ਼ ਲਗਾਉਨਾ ।

Slanderous, *a.* ਸਲੈਂਡਰਸ-ਝੂਠਾ, ਕਲੰਕੀ, ਤੋਹਮਤ ਨਾਲ ਭਰਿਆ ਹੋਇਆ ।

Slang, *p. t.* of Sling, ਸਲੈਂਗ-ਸਿੱਟਯਾ, ਮਾਰਿਆ; *n.* ਬੋਲੀ, ਪੈਰੜੀ; ਆਮ ਲੋਕਾਂ ਦੀ ਬੋਲੀ, ਬਾਜ਼ਾਰੀ ਬੋਲੀ ।

Slant, *a.* ਸਲਾਂਟ-ਤਿਰਛਾ, ਢਾਲੂ, ਢਾਲਵਾਂ; *v. t.* ਤਿਰਛਾ ਕ०, ਢਾਲੂ ਜਾ ਢਾਲਵਾਂ ਕ०; *n.* ਢਾਲ, ਢਲਾਨ, ਢਲਵਾਨ; ਲਾਨ ਤਾਨ, ਬੋਲੀ, ਝਿੜਕ, ਮੇਹਨਾ, ਤਾਨਾ ।

Slanting, *n.* ਸਲਾਂਟਿੰਗ-ਮੇਹਨਾ, ਵਕ੍ਰੋਕਤਿ, ਤਾਨਾ; *a.* ਤਿਰਛਾ, ਆੜਾ, ਟੇਢਾ ।

Slantingly, *adv.* ਸਲਾਂਟਿੰਗਲੀ-ਉਤਾਰ ਜਾ ਝੁਕਾਓ ਨਾਲ, ਓਟੇਬਦਾਂ; ਤਾਨੇ ਨਾਲ ।

Siantly, Slantwise, *a.* ਸਲਾਂਟਲੀ, ਸਲਾਂਟਵਾਇਜ਼—ਵਿੰਗਾ, ਤਿਰਛਾ, ਝੁਕਿਆ ਹੋਇਆ ।

Slap, *n.* ਸਲੈਪ-ਥੱਪਾ, ਧੌਲ, ਥੱਪੜ, ਤਮਾਂਚਾ; *v. t.* ਧੌਲ, ਥੱਪਾ ਜਾ ਚਪੇੜ ਮਾਰਨਾ; *adv.* ਅਕਸਮਿਕ ਤੇ ਸਖ਼ਤ ਥੱਪੜ ਨਾਲ ।

Slapdash, *adv.* ਸਲੈਪਡੈਸ਼-ਝਟਪਟ, ਤੁਰੰਤ, ਝਬਦੇ ਫ਼ੌਰਨ, ਛੇਤੀ ।

Slash, *v. t.* ਸਲੈਸ਼-ਪਾੜਨਾ, ਫਾੜਨਾ, ਚੀਰਨਾ, ਕੱਟਨਾ; *n.* ਚੀਰ, ਕਾਟ, ਫਾੜ ।

Slat, *n.* ਸਲੈਟ-ਘਸੁੰਨ, ਮੁੱਕਾ, ਪਛਾੜ; *v. t.* ਘਸੁੰਨ ਜਾ ਮੁੱਕਾ ਮਾਰਨਾ ।

Slate, *n.* ਸਲੇਟ-ਇੱਕ ਪਰਕਾਰ ਦਾ ਪੱਥਰ ਜਿਸ ਦੀਆਂ ਪੱਟੀਆਂ ਬਨਦੀਆਂ ਹਨ; ਪੱਥਰ ਦੀ ਪੱਟੀ; *v. t.* ਪੱਥਰ ਦੀਆਂ ਪਟੜੀਆਂ ਨਾਲ ਮੜ੍ਹਨਾ ਜਾ ਪਾਟਨਾ।

Slatter, *v. i.* ਸਲੈਟਰ-ਮੈਲਾ ਕੁਚੈਲਾ ਹੋਨਾ;

ਅਸੋਚ ਜਾ ਅਸਾਵਧਾਨ ਹੋਨਾ, ਵਸਤਰਾਂ ਜਾ ਕੱਪੜਿਆਂ ਦੀ ਬੇਪਰਵਾਹੀ ਕ० ।

Slattern, *n.* ਸਲੈਟਰਨ–ਮੈਲੀ ਕੁਚੈਲੀ ਇਸਤ੍ਰੀ; *v. t.* ਫੂਕ ਦੇਨਾ, ਉਡਾ ਦੇਨਾ; ਕੁਥਾਂ ਜਾ ਬੇਜਾ ਖ਼ਰਚ ਕ०, ਉਡਾਉਨਾ, ਲੁਟਾਉਨਾ ।

Slatternly, *a.* ਸਲੈਟਰਨਲੀ–ਮੈਲਾ ਕੁਚੈਲਾ, ਮਲੀਨ, ਗੰਦਾ; ਬੇਪਰਵਾਹ; *adv.* ਅਸਾਵਧਾਨੀ, ਬੇਪਰਵਾਹੀ, ਗ਼ਫ਼ਲਤ ਜਾ ਕੁੱਢੇਪਨ ਨਾਲ

Slaty, *a.* ਸਲੇਟੀ—ਪੱਥਰ ਦੀ ਪੱਟੀ ਜੇਹਾ; ਤੈਹਦਾਰ, ਪਰਤ ਪਰਤ, ਤੈਹ ਬਤੈਹ ।

Slaughter, *n.* ਸਲੌਟਰ–ਬਧ, ਸੰਹਾਰ, ਕਤਲ, ਘਾਤ; *v. t.* ਵੱਢ ਦੇਨਾ, ਬਧ ਜਾ ਕਤਲ ਕ० ।

Slaughterer, *n.* ਸਲੌਟਰਰ–ਬਧਕ, ਘਾਤ ਸੁੱਟਨ ਵਾਲਾ, ਕਤਲ ਕਰਨ ਵਾਲਾ ।

Slaughter-house, *n.* ਸਲੌਟਰ ਹਾਊਸ—ਬਧ ਸਥਾਨ, ਕਤਲਗਾਹ, ਬੁੱਚੜਖ਼ਾਨਾ ।

Slaughterous, *a.* ਸਲੌਟਰਸ–ਨਾਸ਼ਕ, ਘਾਤਕ, ਖ਼ੂਨੀ, ਕਾਤਿਲ, ਮੋਹਲਕ ।

Slave, *n.* ਸਲੇਵ–ਦਾਸ, ਕਿੰਕਰ, ਟਹਲੂਆ, ਸੇਵਕ, ਚੇਲਾ, ਗੁਲਾਮ; *v. i.* ਟਹਲ ਕ०, ਮਜ਼ਦੂਰੀ ਜਾ ਗੁਲਾਮੀ ਕ०; ਦੌੜ ਧੁਪ ਕ०, ਮੇਹਨਤ ਕ०; ਗੁਲਾਮਾਂ ਦਾ ਬਿਉਪਾਰ ਕ० ।

Slave-born, *n.* ਸਲੇਵਬੌਰਨ–ਦਾਸੀ ਪੁੱਤਰ, ਗੁਲਾਮਜ਼ਾਦਾ, ਲੌਂਡੀ ਬੱਚਾ ।

Slaver, *n.* ਸਲੇਵਰ–ਮੂੰਹ ਦਾ ਪਾਨੀ, ਰਾਲ, ਰਤੂਬਤ; *v. i.* ਮੂੰਹ ਵਿੱਚੋਂ ਰਾਲ ਜਾ ਲਾਲਾਂ ਵਗਨੀਆਂ ।

Slavery, *n.* ਸਲੇਵਰੀ—ਦਾਸ ਭਾਵ, ਦਾਸ ਅਵਸਥਾ, ਦਾਸਤੱਵ, ਗੁਲਾਮੀ ।

Slavish, *a.* ਸਲੇਵਿਸ਼–ਦਾਸ ਸੰਬੰਧੀ, ਗੁਲਾਮੀ ਦਾ; ਨੀਚ, ਅਧਮ, ਪਾਜੀ, ਕਮੀਨਾ ।

Slavishly, *adv.* ਸਲੈਵਿਸ਼ਲੀ—ਅਧਮਤਾ, ਨੀਚਤਾ, ਦਾਸਭਾਵ ਜਾ ਕਮੀਨੇਪਨ ਨਾਲ ।

Slavishness, *n.* ਸਲੇਵਿਸ਼ਨੈਸ–ਗੁਲਾਮੀ, ਦਾਸਤੱਵ; ਪਾਜੀਪਨ, ਅਧਮਤਾ, ਨੀਚਤਾ, ਕਮੀਨਗੀ, ਕਮੀਨਾਪਨ ।

Slay, *v. t.* ਸਲੇ–ਮਾਰ ਦੇਨਾ, ਪਰਾਣ ਲੈਨਾ, ਜੀਵ ਹੱਤਿਆ ਕ०; ਵਢਨਾ, ਹਨਨਾ, ਬਧਨਾ ।

Sleave, *n.* ਸਲੀਵ—ਰੇਸ਼ਮ ਜਾ ਸੂਤਰ ਦਾ ਲੱਛਾ; *v. t.* ਰੇਸ਼ਮ ਜਾ ਸੂਤਰ ਨੂੰ ਸੁਲਝਨਾ ।

Sleaved, *n.* ਸਲੀਵਡ–ਕੱਚਾ ਜਾ ਅਨਘੜਿਆ ।

Sleazy, Sleezy, *a.* ਸਲੀਜ਼ੀ–ਢਿੱਲਾ, ਪਤਲਾ, ਪਤੀਲਾ, ਕਮਜ਼ੋਰ, ਫਿਸਫਿਸਾ ।

Sled, *n.* ਸਲੈਡ–ਰਹੜੂ, ਬਿਨਾ ਪਹੀਏ ਦੀ ਗੱਡੀ

Sledge, *n.* ਸਲੈਜ–ਵੱਡਾ ਹਥੌੜਾ; ਇੱਕ ਤਰਾਂ ਦੀ ਗੱਡੀ ।

Sleek, *a.* ਸਲੀਕ—ਚਿਕਨਾ, ਸਾਫ਼; *v. i.* ਚਿਕਨਾ ਕ०; ਇੱਕੋ ਜੇਹਾ ਜਾ ਹਮਵਾਰ ਕ० ।

Sleep, *v. t.* ਸਲੀਪ–ਅੱਖ ਲਗਾਉਣੀ, ਨਿਦਰਾ ਕ० ਨੀਂਦ ਲੈਨਾ, ਸੈਨਾ; ਠਹਰਨਾ, ਨਿਸ਼ਚਲ ਹੋਨਾ; *n.* ਨੀਂਦ, ਨਿਦਰਾ, ਖ਼ੁਆਬ ।

Sleeper, *n.* ਸਲੀਪਰ–ਸੌਨ ਵਾਲਾ, ਸੋਵਨਹਾਰ; ਜਨੌਰ ਜੋ ਠੰਡ ਦੀ ਰੁੱਤ ਵਿੱਚ ਸਵੇ; ਸੁਸਤ ਜਾ ਆਲਸੀ ਜਨ; ਸਿਲਪਟ; ਲੋਹੇ ਦੀ ਸੀਖ; ਇੱਕ ਪਰਕਾਰ ਦੀ ਮੱਛੀ ।

Sleepy, *a.* ਸਲੀਪੀ–ਨੀਂਦ ਲਿਆਉਨ ਵਾਲਾ, ਸੁਸਤ, ਢਿੱਲਾ, ਨਿੰਦਾਸਾ, ਨਿੰਦਾਲੂ; ਸੁਸਤ ।

Sleet, *n.* ਸਲੀਟ–ਮੀਂਹ ਤੇ ਬਰਫ਼ ਦੀ ਇੱਕੋ ਵਾਰ ਬਰਖਾ; *v. i.* ਮੀਂਹ ਦੇ ਨਾਲ ਬਰਫ਼ ਦਾ ਵੱਸਨਾ ।

Sleeve, *n.* ਸਲੀਵ–ਬਾਹੁਲੀ, ਆਸਤੀਨ, ਬਾਂਹ, ਬਾਹੂ ਬਸਤਰ ।

Sleeveless, *a.* ਸਲੀਵਲੈਸ–ਬੇਠਿਕਾਣੇ, ਬੇਠੌਰ, ਬੇਫ਼ਾਇਦਾ, ਬੇਠਿਕਾਨਾ, ਬਾਹੁਲੀ ਹੀਨ ।

Sleight, *n.* ਸਲਿਟ—ਜੁਗਤ, ਹਿਕਮਤ, ਚਾਲਾਕੀ, ਮਾਯਾ, ਇੰਦਰਜਾਲ, ਛਲਵਲ ।

Slender, *a.* ਸਲੈਂਡਰ—ਪਤਲਾ, ਸੂਖਸ਼ਮ, ਥੋੜਾ, ਅਲਪ, ਸਾਦਾ, ਲਘੁ, ਨਾਜ਼ੁਕ, ਮਹੀਨ, ਬਰੀਕ ।

Slenderly, *adv.* ਸਲੈਂਡਰਲੀ–ਸੂਖਸ਼ਮਤਾ, ਬਰੀਕੀ ਜਾ ਅਲਪਤਾ ਨਾਲ, ਬਾਕਿੱਲਤ ।

Slenderness, *n.* ਸਲੈਂਡਰਨੈਸ–ਪਤਲਾਪਨ, ਅਲਪਤਾ, ਹਲਕਾਪਨ, ਨਾਜ਼ੁਕਤਾ, ਤੰਗੀ, ਕਮਜ਼ੋਰੀ, ਨਿਰਬਲਤਾ ।

Slept, *p. t.* of Sleep, ਸਲੈਪਟ—ਸੌਯਾ, ਸੁੱਤਾ ਹੋਇਆ ।

Slew, *p. t.* of Slay, ਸਲੂ–ਬਧ ਕੀਤਾ ।

Sley, *n.* ਸਲਾ—ਟੰਗਾਂ ਨੂੰ ਵੱਖ ਰੱਖਨ ਲਈ ਜੁਲਾਹ ਦਾ ਇੱਕ ਜੰਤਰ; *v. t.* ਟੰਗਾਂ ਨੂੰ ਵੱਖ ਰੱਖਣਾ ।

Sleyd, *v. t.* ਸਲੈਡ-ਨਿਆਰਾ, ਅਲੱਗ, ਵੱਖ ਜਾਂ ਜੁਦਾ ਕ੦ ।

Slice, *v. t.* ਸਲਾਇਸ-ਕੱਟ ਲੈਣਾ, ਫਾੜੀਆਂ ਕ੦; *n.* ਫਾਂਕ, ਫਾੜੀ, ਵਰਕ, ਕਤਲਾ, ਟਿੱਕਾ, ਤਬਾਕ; ਇੱਕ ਚਾਕੂ ਇੱਕ ਔਜ਼ਾਰ ।

Slide, *v. i.* ਸਲਾਇਡ-ਫਿਸਲਨਾ, ਖਿਸਕਨਾ, ਸਰਕਨਾ, ਗਿਰਨਾ, ਵਗਣਾ, ਬਹਨਾ, ਝੁਕਨਾ, ਡਿਗਣਾ, ਚੁੱਪ ਕਰਕੇ ਨਿਕਲ ਪੈਣਾ; *n* ਸਮ ਧਾਰਾ, ਸਮ ਪਰਵਾਹ; ਫਿਸਲਨ ਦੀ ਥਾਂਓਂ, ਢਾਲ; ਰਗ, ਪੈਂਡਾ; ਫਿਸਲਨ ਵਾਲਾ ।

Slight, *a.* ਸਲਾਇਟ-ਹੌਲਾ, ਲਘੁ, ਅਬਲ, ਨਿਰਬਲ, ਹਲਕਾ, ਖੀਨ, ਪਤਲਾ, ਨਰਮ, ਦੁਬਲਾ, ਤੁੱਛ, ਥੋੜਾ, ਅਲਪ; ਸਰਸਰੀ; ਬੇ-ਪਰਵਾਹ, ਅਹਮਕ; *n.* ਅਨਾਦਰ, ਅਪਮਾਨ; ਗ਼ਫ਼ਲਤ, ਬੇਪਰਵਾਹੀ, ਅਚੇਤਤਾ; ਹਲਕਾਪਨ; ਚਾਲਾਕੀ, ਫ਼ਰੇਬ; *v. i.* ਤੁੱਛ ਜਾਨਣਾ, ਅਪ-ਮਾਨ ਕ੦, ਹਲਕਾ ਸਮਝਨਾ; ਧਿਆਨ ਨਾ ਦੇਣਾ, ਲਾਪਰਵਾਹੀ ਕ੦, ਗ਼ਫ਼ਲਤ ਕ੦ ।

Slightness, *n.* ਸਲਾਇਟਨੈਸ—ਬੇਪਰਵਾਹੀ, ਨਰਮੀ, ਸੁਘਰੀ ।

Slighty, *a.* ਸਲਾਇਟੀ—ਥੋੜਾ, ਘਟ, ਕਮ, ਹੌਲਾ, ਤੁੱਛ ।

Slily, *adv.* ਸਲੀਲੀ—ਅੱਖ ਬਚਾਕੇ, ਚੁਪ ਚੁਪਾਤੇ, ਚਾਲਾਕੀ ਨਾਲ ।

Slim, *a.* ਸਲਿਮ-ਨਿਰਬਲ, ਦੁਰਬਲ, ਕਮਜ਼ੋਰ, ਫੁਲਕਾ, ਦੁਬਲਾ, ਅਧਮ. ਛੋਟਾ, ਤੁੱਛ, ਬੁਰਾ, ਹਲਕਾ, ਹੌਲਾ, ਖ਼ਰਾਬ ।

Slime, *n.* ਸਲਾਇਮ—ਚਿੱਕੜ, ਚਿਕਨੀ ਤੇ ਗਿੱਲੀ ਮਿੱਟੀ, ਰੇਗ ।

Slimy, *a.* ਸਲਿਮੀ-ਚਿਕੜਦਾਰ, ਚਿਕਨੀ ਮਿੱਟੀ ਨਾਲ ਭਰਿਆ ਹੋਇਆ; ਚਿਪਚਿਪਾ, ਲਸਲਸਾ, ਚਿਕਨਾ; ਸਿੱਲਿਆ ਹੋਇਆ, ਤਰ, ਗਿੱਲਾ ।

Sliminess, *n.* ਸਲਿੱਮੀਨੈਸ-ਚਿਪਚਿਪਾਹਟ ।

Sliness, *n.* ਸਲੀਨੈਸ-ਸਿਆਣਾਪਨ, ਚਾਲਾਕੀ ।

Sling, *n.* ਸਲਿੰਗ-ਗੋਪਨ, ਧੱਕਾ, ਫੈਂਕ; ਛਿੱਕਾ, ਢੋਲਵਾ; ਗਲ ਪੱਟੀ ਜੋ ਬਾਂਹ ਟੁੱਟਨ ਜਾਂ ਹੱਥ ਨੂੰ ਸੱਟ ਲੱਗਨ ਕਰਕੇ ਗਲ ਵਿੱਚ ਪਾਉਂਦੇ ਹਨ; ਸ਼ਰਬਤ ਮਿਲੀ ਹੋਈ ਸ਼ਰਾਬ; *v. t.* ਮਾਰਨਾ, ਫੈਂਕਨਾ, ਗੋਪੀਆ ਚਲਾਉਣਾ; ਝੁਲਾ-ਉਣਾ, ਲਟਕਾਉਣਾ, ਟੰਗਣਾ; ਛਿੱਕੇ ਵਿਚ ਰੱਖਣਾ

Slink, *v. i.* ਸਲਿੰਕ-ਚੁਪਚਾਪ ਖਿਸਕ ਜਾਣਾ, ਦਬਕ ਜਾਣਾ, ਉਲਟ ਜਾਣਾ; ਗਰਭ ਜਾਂ ਹਮਲ ਸਿੱਟਣਾ; *a.* ਅਪੂਰਣ ਕਾਲ ਉਤਪਨ, ਠੀਕ ਸਮਯ ਥੀਂ ਪਹਲੇ ਜੰਮਿਆ ਹੋਇਆ; ਅਧੂਰਾ ਬੱਚਾ, ਕੱਚਾ; ਨੀਚ ਜਨ ।

Slip, *v. i.* ਸਲਿਪ-ਸਰਕਨਾ, ਖਿਸਕਨਾ, ਹਟਨਾ, ਭੱਜਣਾ; ਨਿਕਲਨਾ, ਦਬਕ ਜਾਣਾ, ਚੁਕਣਾ; ਚੁਪਚੁਪਾਤੇ ਖਿਸਕ ਜਾਣਾ; ਭੁੱਲਨਾ, ਜਾਂਦੇ ਰਹਣਾ; ਆ ਜਾਣਾ, ਘੁਸ ਜਾਣਾ; ਅਲੋਪ ਹੋ ਜਾਣਾ; *v. t.* ਖੋਲਨਾ, ਢਿੱਲਾ ਕ੦; ਭੁੱਲ ਨਾਲ ਛੱਡ ਦੇਣਾ; ਪਾੜ ਸੁੱਟਣਾ, ਫਾੜ ਦੇਣਾ; ਉਲਟ ਦੇਣਾ, ਸੁੱਟ ਦੇਣਾ, ਕੱਟਣਾ, ਹਮਲ ਸਿੱਟਣਾ; *n.* ਖਿਸਕ, ਫਿਸਲਨ; ਭੁੱਲ, ਚੁਕ; [illegible]; ਸ਼ਾਖ਼, ਡਾਲੀ, ਟਾਹਣੀ; ਕੁੱਤੇ ਦੇ ਗਲ ਦਾ ਰੱਸਾ ਜਾਂ ਪੱਟਾ; ਪੁਰਜ਼ਾ, ਪਰਚਾ, ਪੱਟੀ, ਚਿਟ; ਲੰਮੇ ਕਾਗ਼ਜ਼ ਪੁਰ ਛਾਪੇ ਦਾ ਨਮੂਨਾ; ਲਹੰਗਾ, ਜਾਮਾ, ਪਿਛਵਾੜ. ਢਿੱਲਾ ਕੁਰਤਾ, ਗਿਲਾਫ਼, ਭਾਂਡੇ ਜੋੜਨ ਦਾ ਮਸਾਲਾ; ਦਰਯਾ ਦਾ ਕੰਢਾ ਜਾਂ ਕਿਨਾਰਾ; ਫਿਸਲਨ ਦੀ ਥਾਂਓਂ; ਤੰਗਦਿਲੀ, ਕੰਜੂਸੀ, ਸੂਮਪਨਾ ।

Slipper, *n.* ਸਲਿੱਪਰ-ਢਿੱਲੀ ਜੁੱਤੀ ।

Slippery, *a.* ਸਲਿੱਪਰੀ-ਫਿਸਲ ਜਾਣ ਵਾਲਾ, ਚਿਕਨਾ, ਅਵਾਰਾ, ਚੰਚਲ, ਨਾ ਪੱਕਾ ।

Slipslop, *n.* ਸਲਿਪਸਲੌਪ—ਲਚਰ ਲੇਖ ਜਾਂ ਇਬਾਰਤ; ਥਰਰਾ, ਖ਼ਰਾਬ ਸ਼ਰਾਬ ।

Slipstring, *n.* ਸਲਿਪਸਟਰਿੰਗ-ਉਡਾਉ, ਗੁਆਉ, ਫ਼ਜ਼ੂਲ ਖ਼ਰਚ, ਆਵਾਰਾ, ਖੁਲੇ ਬੰਦੇ ।

Slit, *v. t.* ਸਲਿਟ-ਫਾੜਨਾ, ਚੀਰਨਾ, ਕੱਟਣਾ, ਚਿਰੀ ਪਾਉਣੀ; *n.* ਚੀਰ, ਲੰਮਾ ਛੇਕ, ਚਿਰੀ ।

Sliver, *n.* ਸਲੀਵਰ-ਚਿਪਟੀ, ਲੰਮਾ ਟੁਕੜਾ; *v. t.* ਲੰਮੇ ੨ ਟੋਟੇ ਚੀਰਨਾ ਜਾਂ ਫਾੜਨਾ ।

Slobbery, *a.* ਸਲੌਬਰੀ—ਗਿੱਲਾ, ਤਰ, ਨਮ, ਭਿੱਜਿਆ ਹੋਇਆ ।

Sloe, *n.* ਸਲੋ—ਇੱਕ ਪਰਕਾਰ ਦਾ ਜੰਗਲੀ ਖੱਟਾ ਬੇਰ ।

Sloop, *n.* ਸਲੂਪ-ਇੱਕ ਮਸਤੂਲ ਦਾ ਜਹਾਜ਼ ।

Slop, *n.* ਸਲੌਪ-ਥਰਰਾ ਜਾਂ ਖ਼ਰਾਬ ਸ਼ਰਾਬ; ਗਦਲਾ ਜਾਂ ਗੰਦਾ ਪਾਣੀ; ਪਾਜਾਮਾ, ਸੁੱਥਨ; ਬਣੇ ਬਣਾਏ ਕੱਪੜੇ ।

Slope, *a.* ਸਲੋਪ-ਤਿਰਛਾ, ਟੇਢਾ, ਵਿੰਗਾ; *n.* ਢਾਲ, ਉਤਾਰ, ਝੁਕਾਓ; ਢਾਲੂ ਜ਼ਮੀਨ; *v. t.*

ਢਾਲੂ ਰਖਨਾ, ਝੁਕਾਉਨਾ, ਵਿੰਗਾ ਕ੦, ਢਲਵਾਨ ਕ੦; *v. i.* ਝੁਕਨਾ, ਵਿੰਗਾ ਯਾ ਟੇਢਾ ਹੋਨਾ।

Sloping, *p. a.* ਸਲੋਪਿੰਗ—ਤ੍ਰਿਛਾ, ਟੇਢਾ, ਢਾਲੂ, ਝੁਕਿਆ ਹੋਇਆ।

Slop-seller, *n.* ਸਲੋਪਸੈਲਰ—ਤਿਆਰ ਕੱਪੜੇ ਵੇਚਨ ਵਾਲਾ।

Slot, *n.* ਸਲੋਟ—ਹਿਰਨ ਦੇ ਪੈਰ ਦਾ ਚਿੰਨ੍ਹ; ਲੱਕੜ ਦੀ ਚੌੜੀ ਪੱਟੀ, ਚਿੱਲੀ।

Sloth, *n.* ਸਲੋਥ—ਮੰਦਤਾ, ਸੁਸਤਾ, ਆਲਸ, ਸੁਸਤੀ; ਢਿੱਲ, ਦੇਰ; ਇਕ ਸੁਸਤ ਜਨੌਰ।

Slothful, *a.* ਸਲੋਥਫ਼ੁਲ—ਆਲਸੀ, ਢਿੱਲੜ, ਸੁਸਤ, ਮੰਦ, ਆਰਾਮ ਪ੍ਰਸਤ।

Slottery, *a.* ਸਲੋਟਰੀ—ਮੈਲਾ ਕੁਚੈਲਾ, ਮਲੀਨ, ਗਦਲਾ, ਗੰਦਾ, ਨਾਪਾਕ।

Sloch, *n.* ਸਲੌਚ—ਭੱਦਾ, ਉਜੱਡ ਚਾਲ, ਗੰਵਾਰ, ਅਨਾੜੀ; *v. i.* ਹੇਠਾਂ ਅੱਖਾਂ ਕੀਤੇ ਹੋਏ ਅਨਾੜੀਪਨ ਨਾਲ ਦੇਖਨਾ ਯਾ ਚਲਨਾ; ਝੁਕਨਾ, ਲਟਕਨਾ; ਗੋਡਿਆਂ ਵਿੱਚ ਸਿਰ ਦੇਨਾ।

Slough, *n.* ਸਲਫ—ਦਲਦਲ, ਯਸਾਨ; ਛਿਛੜਾ, ਕੰਜ, ਮੁਰਦਾਰ ਮਾਸ; *v. i.* ਮੁਰਦਾਰ ਦੀ ਖੱਲ ਲਾਹੁਨੀ।

Sloughy, *a.* ਸਲੋਈ—ਦਲਦਲਾ, ਗਦਲਾ, ਮੈਲਾ, ਦਲਦਲ ਨਾਲ ਭਰਿਆ ਹੋਇਆ।

Sloven, *n.* ਸਲੋਵਨ—ਮੈਲਾ ਕੁਚੈਲਾ ਆਦਮੀ, ਗੰਦਾ, ਮਲੀਨ, ਭਿਸ਼ਟਲ, ਭਰਿਸ਼ਟ।

Slow, *a.* ਸਲੋ—ਮੰਦਗਤਿ, ਮੰਦਗਾਮੀ, ਵਿਲੰਬੀ, ਢਿੱਲਾ, ਧੀਮਾ, ਦੇਰ ਨਾਲ ਹੋਨ ਵਾਲਾ; ਕੁੰਦ, ਮੰਦਾ, ਮੱਠਾ, ਮੱਧਮ, ਸੁਸਤ, ਆਲਸੀ; ਪਿੱਛੇ; ਮੋਟੀ ਬੁੱਧ ਵਾਲਾ, ਬੁੱਧੂ; *v. t.* ਵਿਲੰਬ, ਦੇਰ ਯਾ ਢਿੱਲ ਕ੦।

Slowly, *adv.* ਸਲੋਲੀ—ਹੌਲੀ ਹੌਲੀ, ਧੀਰੇ ਧੀਰੇ, ਢਿੱਲ ਨਾਲ, ਸੁਸਤੀ ਯਾ ਧੀਮੇਪਨ ਨਾਲ।

Slowness, *n.* ਸਲੋਨੈਸ—ਮੰਦਤਾ, ਧੀਮਾਪਨ, ਢਿੱਲ, ਵਿਲੰਬ, ਸੁਸਤੀ, ਧੀਮੀ ਚਾਲ, ਦੇਰ; ਧੀਰਜ, ਸਹਾਰਾ, ਤਹੱਮਲ।

Slubber, *v. t.* ਸਲੱਬਰ—ਮੈਲਾ ਕ੦, ਧੱਬਾ ਯਾ ਦਾਗ਼ ਪਾਉਨਾ।

Sludge, *n.* ਸਲਜ—ਚਿੱਕੜ, ਕੀਚੜ, ਮਿੱਟੀ।

Slue, *v. i.* ਸਲੂ—ਲਠ ਨੂੰ ਫੇਰਨਾ।

Slug, *n.* ਸਲਗ—ਧਾਤ ਦਾ ਟੁਕੜਾ ਜੋ ਬੇਲਨ ਯਾ ਅੰਡੇ ਸਮਾਨ ਹੁੰਦਾ ਹੈ; ਪੈਸਾ; ਆਲਸੀ ਯਾ ਸੁਸਤ ਆਦਮੀ; ਇੱਕ ਭਾਂਤ ਦਾ ਘੋਂਘਾ।

Sluggard, *a.* ਸਲਗਰਡ—ਸੁਸਤ, ਆਲਸੀ, ਮਾਂਚੋਤੜ, ਆਰਾਮ ਪ੍ਰਸਤ।

Sluggish, *a* ਸਲਗਇਸ਼—ਆਲਸੀ, ਢਿੱਲਾ, ਸੁਸਤ ਕਦਮ, ਧੀਮਾ, ਮੂਰਖ, ਅਹਮਕ।

Sluice, *n.* ਸਲੂਸ—ਪਰਨਾਲਾ, ਮੋਰੀ, ਬਦਰਰੋ, ਜਲ ਦੁਆਰ, ਜਲ ਪਰਵਾਹ।

Sluicy, *a.* ਸਲੂਸੀ—ਮੋਰੀ ਯਾ ਬਦਰਰੋ ਥੀਂ ਡਿਗਦਾ ਹੋਇਆ।

Slum, *n.* ਸਲਮ—ਗੰਦਾ ਨਾਲਾ।

Slumber, *v. i.* ਸਲੰਬਰ—ਉਂਘਨਾ, ਨੀਂਦ ਲੈਨਾ, ਸੌਨਾ, ਬੇਖ਼ਬਰ ਰਹਨਾ, ਕੰਨਾਂ ਵਿੱਚ ਤੇਲ ਪਾਉਨਾ; *n.* ਹਲਕੀ ਯਾ ਕੱਚੀ ਨੀਂਦਰ, ਉਂਘ, ਨੀਂਦ ਦਾ ਝੌਕਾ, ਗਨੂਦਗੀ।

Slumberous, Slumbery, *a.* ਸਲੰਬਰਸ, ਸਲੰਬਰੀ—ਨੀਂਦ ਲਿਆਉਨ ਵਾਲਾ, ਨਿੰਦਾਸਾ।

Slung, *p. t.* and *p.p.* of Sling, ਸਲੰਗ ਸਿੱਟਿਆ ਹੋਇਆ, ਮਾਰਿਆ ਹੋਇਆ।

Slunk, *p. t.* and *p. p.* of Slink, ਸਲੰਕ ਸਟਕਿਆ ਹੋਯਾ, ਨਿਕਲਿਆ ਹੋਯਾ।

Slur, *v. t.* ਸਲਰ—ਮੈਲਾ ਕ੦, ਧੂਲ ਪਾਉਨੀ; ਛਲਨਾ, ਠੱਗਨਾ; ਲੁਕਾਉਨਾ; ਲੈ ਨਾਲ ਗਾਉਨਾ; ਬੁਰਾ ਕਹਨਾ; ਟਾਲਨਾ, ਉਡਾਉਨਾ; *n.* ਦਾਗ਼, ਧੱਬਾ; ਧੋਖਾ, ਜੁੱਲ, ਦਗ਼ਾਬਾਜ਼ੀ, ਮਰਗੋਲ।

Slush, *n.* ਸਲਸ਼—ਚੀਕਨੀ ਮਿੱਟੀ, ਦਲਦਲ, ਚਿੱਕੜ, ਕੀਚੜ; ਚਿਕਨਾਈ, ਚੋਪੜ।

Slut, *n.* ਸਲਟ—ਮੈਲੀ ਕੁਚੈਲੀ ਇਸਤ੍ਰੀ।

Sluttery, *n.* ਸਲਟਰੀ—ਮੈਲੀ ਕੁਚੈਲੀ ਇਸਤ੍ਰੀ ਦਾ ਗੁਣ ਯਾ ਆਚਰਣ।

Sluttish, *a.* ਸਲੱਟਿਸ਼—ਮੈਲਾ, ਮਲੀਨ, ਗੰਦਾ।

Sly, *n.* ਸਲੀ—ਸਿਆਨਾ, ਧੂਰਤ, ਮੱਕਾਰ, ਚਤੁਰ।

Slyly, Slily, *adv.* ਸਲੀਲੀ—ਸਿਆਨੇਪਨ ਯਾ ਧੂਰਤਤਾ ਨਾਲ, ਚੁਪਚਪਾਤੇ।

Slyness, *n.* ਸਲੀਨੈਸ—ਸਿਆਨਾਪਨ, ਛਲ, ਕਪਟ, ਮੱਕਾਰੀ, ਧੋਖਾਬਾਜ਼ੀ।

Smack, *v. t.* ਸਮਾਕ—ਸਵਾਦ ਚੱਖਨਾ, ਚੁੰਮਾ ਲੈਨਾ; ਚਟਕਾਰੇ ਭਰਨਾ; ਮਜ਼ਾ ਰਖਨਾ; ਮਾਰਨਾ, ਫਟਕਾਰਨਾ; *n.* ਸਵਾਦ, ਮਜ਼ਾ, ਲੱਜ਼ਤ; ਕੂਟ, ਰਸ, ਗੰਧ; ਥੱਪੀ, ਚੁੰਮਾ, ਬੋਸਾ; ਛਾਂਦਾ।

Small, *a*. ਸਮਾਲ—ਛੋਟਾ, ਨਨ੍ਹਾ, ਪਤਲਾ, ਮਹੀਨ, ਬਰੀਕ, ਸੂਖਸ਼ਮ, ਕੋਮਲ, ਹਲਕਾ, ਨਿਰਬਲ, ਮਾੜਾ, ਨਿਤਾਣਾ, ਕਮੀਨਾ; *n*. ਕਿਸੇ ਵਸਤੂ ਦਾ ਛੋਟਾ ਯਾ ਪਤਲਾ ਭਾਗ।

Smallage, *n*. ਸਮਾਲੇਜ—ਚੋਲਾਈ ਦਾ ਸਾਗ।

Smallish, *a*. ਸਮਾਲਿਸ਼—ਛੋਟਾ ਯਾ ਪਤਲਾ ਜੇਹਾ, ਜ਼ਰਾ ਸਾ।

Smallness, *n*. ਸਮਾਲਨੈਸ—ਛੋਟਾਈ, ਪਤਲਾਪਨ, ਅਲਪਤਾ, ਓਛਾਪਨ, ਤੰਗੀ, ਬਾਰੀਕੀ।

Small-pox, *a*. ਸਮਾਲਪੌਕਸ—ਮਾਤਾ, ਸੀਤਲਾ, ਚੀਚਕ, ਵਿਸਫੋਟ, ਸ਼ਿਦਰੀ।

Smalt, *n*. ਸਮਾਲਟ—ਨੀਲਾ ਸ਼ੀਸ਼ਾ।

Smart, *v. i*. ਸਮਾਰਟ—ਚੀਸ ਮਾਰਨਾ, ਜਲਨਾ, ਭੁਗਤਨਾ, ਫਟਨਾ, ਦੁਖਨਾ; ਲਗਨਾ, ਰੜਕਨਾ, ਚਿਨਗ ਮਾਰਨਾ, ਚਿਲਕਨਾ; *n*. ਚਿਨਗ, ਚਿਲਕ, ਜਲਨ, ਰੜਕ, ਟੀਸ, ਚੀਸ; ਸੋਗ, ਅਫ਼ਸੋਸ; *a*. ਤੀਖਣ, ਤਿੱਖਾ, ਫੁਰਤੀਲਾ, ਚਾਲਾਕ, ਚਟਕੀਲਾ, ਕੜਾ, ਤੇਜ਼, ਤੁੰਦ, ਚੁੱਭਨ ਵਾਲਾ, ਘੁੱਸਨ ਵਾਲਾ, ਪਰਬੀਣ, ਚਤੁਰ, ਬਾਂਕਾ, ਬਨਿਆ ਠਨਿਆ, ਰੰਗੀਲਾ; ਤਾਜ਼ਾ, ਨਵਾਂ, ਚੋਖਾ, ਸ਼ਬਾਬ।

Smartly, *adv*. ਸਮਾਰਟਲੀ—ਫੁਰਤੀ, ਸ਼ੀਘਰਤਾ, ਤੀਕਸ਼ਨਤਾ, ਬਲ, ਵੇਗ, ਜ਼ੋਰ, ਟੀਸ, ਚਤੁਰਾਈ ਯਾ ਚਾਲਾਕੀ ਨਾਲ।

Smartness, *n*. ਸਮਾਰਟਨੈਸ—ਸ਼ੀਘਰਤਾ, ਬਲ, ਸ਼ਕਤੀ, ਫੁਰਤੀ, ਵੇਗ, ਤੁੰਦੀ, ਜ਼ੋਰ, ਤੇਜ਼ੀ, ਟੀਸ, ਚੀਸ, ਚਤੁਰਾਈ, ਫ਼ਿਹਾਨਤ।

Smash, *v. t*. ਸਮਾਸ਼—ਟੋਟੇ ੨ ਕ०, ਚੂਰ ੨ ਕ०, ਟੁਕੜੇ ੨ ਕ०, ਪੁਰਜ਼ੇ ਕ०।

Smatch, *v. t*. ਸਮੈਚ—ਸਵਾਦ ਯਾ ਰਸ ਰਖਨਾ; *n*. ਸਵਾਦ, ਰਸ, ਢੰਗ।

Smatter, *v. i*. ਸਮੈਟਰ—ਥੋੜੀ ਯੋਗਤਾ ਰੱਖਨਾ, ਬਿਨਾ ਗਜਾਨ ਬੋਲਨਾ।

Smear, *v. t*. ਸਮੀਅਰ—ਭਰਨਾ, ਲੇਸਨਾ, ਵਿਗਾੜਨਾ, ਚੁਪੜਨਾ, ਮਲਨਾ, ਲਗਾਉਣਾ, ਮੈਲਾ ਯਾ ਖ਼ਰਾਬ ਕ०।

Smell, *v.t*. ਸਮੈਲ—ਸੁੰਘਨਾ, ਬਾਸ ਯਾ ਵਾਸਨਾ ਲੈਨਾ, ਬੂ ਲੈਨਾ, ਨੱਕ ਰਾਹ ਜਾਨਨਾ; ਜਾਨਨਾ, ਤਾੜਨਾ, ਪਹਚਾਨਣਾ; *v. i*. ਬੂ ਯਾ ਬਾਸ ਰੱਖਨਾ, ਮਹਕਨਾ, ਢੰਗ ਹੋਨਾ; *n*. ਘਰਾਣ ਸ਼ਕਤੀ, ਨੱਕ, ਸੁੰਘਨ ਦੀ ਇੰਦਰੀ; ਬੂ, ਗੰਧ, ਵਾਸਨਾ, ਮਹਕ

Smelling. *n*. ਸਮੈਲਿੰਗ—ਬੂ, ਬਾਸ, ਸੁਗੰਧ, ਵਾਸਨਾ; ਘ੍ਰਾਣ ਸ਼ਕਤੀ, ਘ੍ਰਾਣ ਇੰਦਰੀ।

Smelt, *v. t*. ਸਮੈਲਟ—ਧਾਤ ਨੂੰ ਗਾਲਕੇ ਸਾਫ਼ ਯਾ ਨਿਰਮਲ ਕ०, ਧਾਤ ਦੀ ਮੈਲ ਕੱਢਨਾ, ਸੋਧਨਾ, ਠੀਕ ਕ०; *n*. ਇੱਕ ਪਰਕਾਰ ਦੀ ਮੱਛੀ; *p. p*. of Smell, ਸੁੰਘਿਆ।

Smicker, *v. t*. ਸਮਿੱਕਰ—ਕਾਮ, ਰਸਿਕ ਭਾਵ ਯਾ ਸ਼ੌਕ ਨਾਲ ਦੇਖਨਾ।

Smile, *v. i*. ਸਮਾਇਲ—ਮੁਸਕਰਾਉਣਾ, ਬੁੱਲਾਂ ਵਿਚ ਹੱਸਨਾ; ਖ਼ੁਸ਼ ਯਾ ਪਰਸੰਨ ਹੋਨਾ, ਹੱਸਨਾ, ਫੁਲਨਾ, ਖਿਲਨਾ, ਲਹਲਹਾਉਣਾ; *n*. ਮੁਸਕਰਾਹਟ, ਆਨੰਦ, ਖ਼ੁਸ਼ੀ।

Smirch, *v. t*. ਸਮਰਚ—ਅੰਧੇਰਾ, ਮੈਲਾ ਯਾ ਧੁੰਦਲਾ ਕ०, ਘੁਟਨਾ।

Smirk, *v. t*. ਸਮਰਕ—ਚੋਂਚਲੇ ਯਾ ਨਖ਼ਰੇ ਨਾਲ ਹੱਸਨਾ; *a*. ਉੱਤਮ, ਸੁੰਦਰ; *n*. ਹਾਸਾ, ਵਿਲਕਸ਼ਨ, ਕਠ ਹੰਸੀ।

Smite, *v. t*. ਸਮਾਇਟ—ਮਾਰਨਾ, ਪਰਾਣ ਲੈਨਾ; ਨਸ਼ਟ ਕ०, ਪੀੜਾ ਦੇਨਾ, ਦੰਡ ਦੇਨਾ; ਸਾੜਨਾ, ਜਲਾਉਣਾ, ਫੁਕਨਾ; ਅਸਰ ਕ०, ਪ੍ਰੇਮ ਯਾ ਇਸ਼ਕ ਨਾਲ ਮਾਰਨਾ।

Smiter, *n*. ਸਮਾਇਟਰ—ਹਿੰਸਕ, ਘਾਤਕ।

Smith. *n*. ਸਮਿਥ—ਲੋਹਾਰ, ਸੁਨਿਆਰ, ਧਾਤ ਦਾ ਕੰਮ ਕਰਨ ਵਾਲਾ, ਕਾਰੀਗਰ।

Smithery, *n*. ਸਮਿਥਰੀ—ਲੋਹਾਰਖ਼ਾਨਾ; ਲੋਹਾਰ ਯਾ ਸੁਨਿਆਰ ਦਾ ਬਨਾਇਆ ਹੋਇਆ ਕੰਮ।

Smock, *n*. ਸਮੌਕ—ਇਕ ਝੱਗਾ ਜੋ ਇਸਤ੍ਰੀਆਂ ਕੱਪੜਿਆਂ ਦੇ ਹੇਠਾਂ ਪਾਂਦੀਆਂ ਹਨ।

Smoke, *n*. ਸਮੋਕ—ਧੂਆਂ, ਧੂੰ; *v. t*. ਧੂਆਂ ਦੇਨਾ, ਜਲਨਾ; ਤਮਾਕੂ ਪੀਨਾ।

Smoker, *n*. ਸਮੋਕਰ—ਤਮਾਕੂ ਪੀਨ ਵਾਲਾ; ਧੂਏਂ ਵਿੱਚ ਸੁਕਾਉਨ ਵਾਲਾ।

Smoking, *n*. ਸਮੋਕਿੰਗ—ਹੁੱਕਾ ਪੀਨਾ।

Smoky, *a*. ਸਮੋਕੀ—ਜਿਸ ਥਾਂ ਧੂਆਂ ਨਿਕਲੇ, ਧੂਏਂ ਨਾਲ ਭਰਿਆ ਹੋਇਆ; ਧੂਏਂ ਜੇਹਾ, ਧੂਏਂ ਦੇ ਰੰਗ ਦਾ, ਕਾਲਾ।

Smooth, *a*. ਸਮੂਦ—ਸਮ, ਬਰਾਬਰ, ਇੱਕੋ ਜੇਹਾ, ਚੌਰਸ; ਚਿਕਨਾ, ਕੋਮਲ, ਨਰਮ, ਮ੍ਰਿਦੁ;

ਵਗਦਾ ਹੋਇਆ, ਲਹਰਹੀਨ; *n.* ਕਿਸੇ ਵਸਤੂ ਦਾ ਕੋਮਲ ਜਾ ਚਿਕਨਾ ਭਾਗ; *v t.* ਹਮਵਾਰ, ਸਮ, ਕੋਮਲ, ਸੁਗਮ, ਸਰਲ, ਸਹਜ ਜਾ ਮਰਿਦੁ ਕ०, ਨਰਮ ਕ० ਘਟਾਉਣਾ, ਤਸੱਲੀ ਦੇਣਾ।

Smoothly, *adv.* ਸਮੂਦਲੀ—ਚਿਕਨਾਈ, ਕੋਮਲਤਾ, ਸਹਜ, ਸਮਾਨਤਾ, ਨਰਮੀ ਜਾ ਸੁਗਮਤਾ ਨਾਲ, ਧੀਮੇ ਧੀਮੇ।

Smoothness, *n.* ਸਮੂਦਨੈਸ—ਚਿਕਨਾਹਟ, ਚਿਕਨਾਈ, ਸਫ਼ਾਈ, ਘੁਟਾਈ, ਨਰਮੀ, ਕੋਮਲਤਾ; ਬਰਾਬਰੀ, ਸਮਤਾ।

Smote, *p. t.* of Smite, ਸਮੋਟ—ਮਾਰਿਆ।

Smother, *v. t.* ਸਮੋਦਰ—ਸਾਂਸ ਜਾ ਸਾਹ ਰੋਕਕੇ ਮਾਰ ਸਿੱਟਣਾ, ਗਲ ਘੁੱਟਣਾ, ਦਮ ਬੰਦ ਕ०, ਰੋਕਣਾ, ਘਬਾਉਣਾ; *v i.* ਦਮ ਜਾ ਸਾਹ ਰੁਕਣਾ, ਗਲ ਘੁੱਟਿਆ ਜਾਣਾ; ਸੁਲਗਣਾ, ਹੌਲੀ ਹੌਲੀ ਜਲਣਾ; ਦਬਣਾ, ਬੰਦ ਰਹਣਾ।

Smoulder, *v. i.* ਸਮੋਲਡਰ—ਇਸ ਤਰਾਂ ਜਲਣਾ ਕਿ ਧੂਆਂ ਨਾ ਨਿਕਲੇ।

Smudge, *v. t.* ਸਮਜ—ਭਰਨਾ, ਮੈਲਾ ਕ०।

Smug, *a.* ਸਮਗ—ਸੁਥਰਾ, ਚਿਕਨਾ, ਬਨਿਆ ਠਨਿਆ, ਛੈਲ ਛਬੀਲਾ, ਚਿਕਨਾ ਚੁਪੜਾ।

Smuggle, *v. t.* ਸਮੱਗਲ—ਚੁੱਪਚਾਪ ਜਾ ਚੋਰੀ ੨ ਦੂਜੇ ਦੇਸ਼ ਥੀਂ ਲਿਆਉਣਾ ਜਾ ਦੂਜੇ ਦੇਸ਼ ਨੂੰ ਲੈ ਜਾਣਾ, ਮਹਸੂਲ ਮਾਰਨਾ।

Smut, *n.* ਸਮਟ—ਕੱਜਲ, ਧੂਏਂ ਦਾ ਦਾਗ, ਕਾਜਲ, ਕਾਲਕ; ਗੰਦੀਆਂ ਗੱਲਾਂ; *v.t.* ਕੱਜਲ ਜਾ ਕਾਲਕ ਨਾਲ ਭਰ ਦੇਣਾ, ਕਾਲਾ ਕ०।

Smutch, *v. t.* ਸਮਚ—ਧੂਏਂ ਨਾਲ ਕਾਲਾ ਕ०।

Smutty, *a.* ਸਮੱਟੀ—ਧੂਏਂਦਾਰ; ਗੰਦਾ, ਫ਼ੋਹਸ਼, ਖੁਰਾਫ਼ਾਤੀ; ਰੋਗ ਲੱਗਿਆ।

Snack, *n.* ਸਨੈਕ—ਹਿੱਸਾ, ਭਾਗ, ਅੰਸ਼; ਥੋੜਾ ਭੋਜਨ, ਥੋੜਾ ਆਹਾਰ, ਨਸ਼ਤਾ, ਹਾਜ਼ਰੀ।

Snaffle, *n.* ਸਨੈਫ਼ਲ—ਦੁਕੜੀ, ਕੜਾਈ; *v. t* ਰੋਕਣਾ, ਦੁਕੜੀ ਲਗਾਉਣਾ, ਥੰਮਣਾ, ਲਗਾਮ ਦੇਣਾ, ਲਗਾਮ ਫੜਕੇ ਕਾਬੂ ਵਿੱਚ ਰੱਖਣਾ।

Snag, *n.* ਸਨੈਗ—ਗਿਰਹ, ਗੰਡ, ਗਾਂਠ; ਦੰਦ; ਸ਼ਾਖ਼, ਟਹਣੀ।

Snail, *n.* ਸਨੇਲ—ਘੋਂਗਾ, ਸੁਸਤ ਜਾ ਆਲਸੀ ਆਦਮੀ।

Snake, *n.* ਸਨੇਕ—ਸੱਪ, ਨਾਗ, ਸਰਪ।

Snaky, *a.* ਸਨੇਕੀ—ਸੱਪ ਸੰਬੰਧੀ, ਸਰਪ ਜੇਹਾ, ਸੱਪ ਦਾ, ਵਲਦਾਰ, ਪੇਚੀਦਾ; ਧੋਖੇਬਾਜ਼, ਛਲੀਆ; ਸੱਪਾਂ ਨਾਲ ਭਰਿਆ ਹੋਇਆ।

Snap, *v. t.* ਸਨੈਪ—ਕੜਕਾਉਣਾ, ਤੜਕਾਉਣਾ, ਤੋੜ ਦੇਣਾ; ਚੁਟਕੀ ਵਜਾਉਣਾ, ਖਟਖਟਾਉਣਾ; ਵੱਢ ਖਾਣ ਨੂੰ ਦੌੜਨਾ; ਕੌੜੀਆਂ ਗੱਲਾਂ ਕਹਣੀਆਂ; ਫਟਕਾਰਨਾ, ਧਤਕਾਰਨਾ; *n.* ਚਟਕ, ਤੜਾਕ, ਕੜਕ ਚਟ, ਮੜਕ, ਘੁਟਕਾ, ਕੜਾਕਾ; ਸੁੰਡ ਦੀ ਟਿੱਕੀ; ਘੁੰਡੀ, ਅੰਕੜਾ।

Snare, *n.* ਸਨੇਅਰ—ਫੰਦਾ, ਫਾਂਸੀ, ਜਾਲ, ਪਾਸ਼, ਕਮੰਦ, ਤਸਮਾ; *v. t.* ਫਸਾਉਣਾ, ਫੰਦੇ ਨਾਲ ਪਕੜਨਾ।

Snarl, *v. i.* ਸਨਾਰਲ—ਗੁਰਰਾਉਣਾ, ਘੁੰਗਜਾਉਣਾ, ਘੜਘੜਾਉਣਾ; *v. t.* ਪੇਚਦਾਰ ਕ०, ਉਲਝਾਉਣਾ, ਵਲ ਦੇਣਾ; ਵਿਆਕੁਲ ਜਾ ਹੈਰਾਨ ਕ०, ਘਬਰਾਉਣਾ; *n.* ਪੇਚ, ਉਲਝੇੜਾ।

Snary, *a.* ਸਨੇਰੀ—ਫਸਾਉਣ ਜਾ ਉਲਝਾਉਣ ਵਾਲਾ, ਕਪਟੀ।

Snast, *n.* ਸਨਾਸਟ—ਗੁਲ, ਬੱਤੀ ਦਾ ਸੜਿਆ ਹੋਇਆ ਭਾਗ।

Snatch, *v. t.* ਸਨੈਚ—ਛੀਨ ਲੈਣਾ, ਖੋਹ ਲੈਣਾ, ਖਿੱਚ ਲੈਣਾ, ਹੱਥ ਮਾਰਨਾ, ਝਪਟ ਲੈਣਾ; ਚੁੱਕ ਲੈ ਜਾਣਾ; *n.* ਝਪਟ, ਤਰੰਗ, ਲਹਰ, ਝਪੱਟਾ, ਪਕੜ; ਠਹਰਾਉ, ਟੁਕੜਾ, ਟੋਟਾ, ਟਾਲਮਟੋਲਾ।

Snattock, *n.* ਸਨੈਟਕ—ਟੁਕੜਾ, ਛੋਲਨ, ਫਾਂਕ

Snead, *n.* ਸਨੀਡ—ਦਾਤਰੀ ਦਾ ਦਸਤਾ।

Sneak, *v. i.* ਸਨੀਕ—ਖਿਸਕਣਾ, ਸਟਕਣਾ, ਚੁਪ ਚੁਪਾਤੇ ਚਲੇ ਜਾਣਾ, ਰੀਂਗਣਾ ਦਬਣਾ, ਖ਼ੁਸ਼ਾਮਦ ਕ०; *n.* ਖ਼ੁਸ਼ਾਮਦੀ, ਚਾਪਲੂਸ।

Sneaker, *n.* ਸਨੀਕਰ—ਪਿਆਲਾ, ਕਟੋਰਾ।

Sneaking, *p. a.* ਸਨੀਕਿੰਗ—ਦਬਕ ਜਾਣ ਵਾਲਾ, ਨੀਚ, ਅਧਮ, ਦਬੇਲ, ਪਾਜੀ।

Sneap, *v. t.* ਸਨੀਪ—ਡਾਂਟਣਾ, ਘੁਰਕਣਾ, ਝਿੜਕਣਾ, ਝਾੜਨਾ।

Sneb, *v. t.* ਸਨੇਬ—ਡਾਂਟਣਾ, ਝਿੜਕਣਾ, ਝਾੜਨਾ

Sneer, *v. t.* ਸਨੀਅਰ—ਬੋਲੀ, ਮੇਹਣਾ ਜਾ ਤਾਨ੍ਹਾ ਮਾਰਨਾ, ਨੱਕ ਚੜ੍ਹਾਉਣਾ, ਬੋਲੀ ਠੋਲੀ ਬੋਲਣਾ; ਬਨਾਵਟੀ ਖ਼ੁਸ਼ੀ ਪਰਗਟ ਕ०; *n.* ਨੱਕ ਚੜ੍ਹਾਈ, ਮੇਹਣਾ, ਬੋਲੀ ਠੋਲੀ।

Sneeze, *v. i.* ਸਨੀਜ਼-ਨਿਛਨਾ, ਛੀਂਕਨਾ, ਨਿਛ ਮਾਰਨੀ; *n.* ਨਿਛ, ਛੀਂਕ ।

Snicker, Snigger, *v. i.* ਸਨਿੱਕਰ, ਸਨਿੱਗਰ—ਥੀ ੨ ਕ॰, ਨਿਰਅਰਥਕ ਯਾ ਫ਼ਜ਼ੂਲ ਹੱਸਨਾ ।

Sniff, *v. t.* ਸਨਿਫ਼-ਸੁੰਘਣਾ, ਸੁੜਕਨਾ, ਨੱਕ ਨਾਲ ਖਿੱਚਨਾ ।

Sniggle, *v. t.* ਸਨਿੱਗਲ-ਜਾਲ ਨਾਲ ਫੜਨਾ, ਫਾਂਸਨਾ, ਫੰਦੇ ਨਾਲ ਪਕੜਨਾ, ਫਾਹਨਾ ।

Snip, *v. t.* ਸਨਿਪ—ਕੁਤਰ ਲੈਨਾ, ਕਤਰਨਾ; *n.* ਕਾਂਟ, ਛਾਂਟ, ਕਤਰਨ, ਛਾਂਟਨ, ਟੁਕੜਾ; ਦਰਜ਼ੀ ।

Snipe, *n.* ਸਨਾਇਪ-ਮੂਰਖ ਯਾ ਬੇਵਕੂਫ਼ ਜਨ; ਇੱਕ ਤਰਾਂ ਦੀ ਚਿੜੀ ।

Snipsnap, *n.* ਸਨਿਪਸਨੈਪ-ਕੌੜੀ ਗਲ ਬਾਤ, ਟੇਢਾ ਉੱਤਰ, ਝੱਲਾ, ਤੇਜ਼, ਨੋਕ ਝੋਕ ਦਾ ।

Snivel, *v. i.* ਸਨੀਵਲ—ਨੱਕ ਵਗਨਾ ਯਾ ਚਲਨਾ; ਬਾਲ ਵਾਂਗੂ ਰੋਨਾ, ਰੂੰ ਰੂੰ ਕ॰ ।

Snob, *n.* ਸਨੌਬ—ਪੇਂਡੂ, ਗੰਵਾਰ, ਦੇਹਾਤੀ, ਬਾਹਰ ਦਾ; ਚੁਮਿਆਰ, ਮੋਚੀ, ਜੁੱਤੀਆਂ ਬਨਾਉਨ ਵਾਲਾ ।

Snore, *v. i* ਸਨੋਰ—ਖੁਰਰਾਟੇ ਯਾ ਘੁਰਰਾਟੇ ਮਾਰਨਾ, ਸੁੱਤੇ ਹੋਏ ਖਰਖਰ ਕ॰; *n.* ਖਰਖਰ, ਘੁਰਰਾਟਾ, ਖਰਰਾਟਾ ।

Snort, *v. i.* ਸਨੌਰਟ-ਘੋੜੇ ਦਾ ਨਥਨਿਆਂ ਦੇ ਰਾਹ ਜ਼ੋਰ ਨਾਲ ਆਵਾਜ਼ ਕੱਡਨਾ, ਖਰਰਾਟ ਲੈਨਾ ।

Snot, *n.* ਸਨੌਟ-ਨੱਕ ਦੀ ਮੈਲ, ਰੇਂਟ, ਸਿਨਕ ਸੀਂਢ; *v. i.* ਨੱਕ ਸੁਨਕਣਾ, ਨੱਕ ਸਾਫ਼ ਕ॰ ਨੱਕ ਵਗਨਾ ।

Snotty, *a.* ਸਨੌਟੀ-ਜਿਸਦਾ ਨੱਕ ਵਗਦਾ ਹੋਵੇ ਮਲੀਨ, ਮੈਲਾ, ਗੰਦਾ, ਕਲੀਜ਼, ਘਿਨਾਉਨਾ ।

Snout, *n.* ਸਨੌਟ-ਥੁਥਨੀ, ਪਸੂਆਂ ਦਾ ਨੱਕ ।

Snow, *n.* ਸਨੋ-ਬਰਫ਼, ਹਿਮ; *v. i.* ਬਰਫ਼ ਯਾ ਪਾਲਾ ਪੈਨਾ ।

Snowy, *a.* ਸਨੋਈ-ਬਰਫ਼ਮਯ, ਸ਼ਵੇਤ, ਧੌਲਾ ਚਿੱਟਾ, ਬਰਫ਼ ਜੇਹਾ, ਬਰਫ਼ ਨਾਲ ਭਰਿਆ ਯਾ ਢਕਿਆ ਹੋਯਾ, ਸਾਫ਼, ਬਰਫ਼ ਜੇਹਾ ਚਿੱਟਾ ।

Snub, *n.* ਸਨਬ—ਝਿੜਕ, ਝਿੜਕੀ; *v. i* ਡਾਂਟਨਾ, ਝਿੜਕਨਾ, ਮਲਾਮਤ ਕ॰, ਰੋਕਨਾ; ਛਾਂਟਨਾ, ਕਤਰਨਾ, ਵਧਨ ਨਾ ਦੇਨਾ ।

Snudge, *v. i.* ਸਨੱਜ-ਇੱਕ ਕੋਨੇ ਯਾ ਨੁੱਕਰ ਵਿੱਚ ਦਬਕ ਰਹਨਾ ।

Snuff, *n.* ਸਨਫ਼—ਗੁਲ, ਬੱਤੀ ਦਾ ਸੜਿਆ ਹੋਇਆ ਭਾਗ; ਗੁੱਸਾ, ਦਵੇਖ, ਕਰੋਧ; *v. t.* ਨੱਕ ਨਾਲ ਸੁੜਕਨਾ, ਸਾਹ ਨਾਲ ਖਿੱਚਨਾ, ਸੁੰਘਨਾ; ਬੱਤੀ ਦੇ ਸੜੇ ਹੋਏ ਭਾਗ ਨੂੰ ਕੱਟਨਾ; ਫੁੜਕੀ ਮਾਰਨਾ, ਘਿਨਾ ਯਾ ਨਫ਼ਰਤ ਕ॰; *v. i.* ਨੱਕ ਚੜ੍ਹਾਉਨਾ ।

Snuffers, *n. pl.* ਸਨਫ਼ਰਸ-ਗੁੱਲ ਯਾ ਸੜੀ ਹੋਈ ਬੱਤੀ ਕੱਟਨ ਦੀ ਕਤਰਨੀ ।

Snuffle, *v. i.* ਸਨੱਫ਼ਲ-ਨੱਕ ਵਿੱਚ ਬੋਲਨਾ, ਗੁਨਗੁਨਾਉਨਾ, ਮੁਨਮੁਨਾਉਨਾ ।

Snuffy, *a.* ਸਨੱਫ਼ੀ-ਮਸਤ, ਮਤਵਾਲਾ, ਰੁੱਖਾ, ਚਿੜਚਿੜਾ, ਅਪਰਸੰਨ, ਨਾਖ਼ੁਸ਼ ।

Snug, *v. i.* ਸਨਗ-ਲਿਪਟਨਾ, ਚਿਮਟਨਾ; *a.* ਚਿਪਟਿਆ ਯਾ ਲਿਪਟਿਆ ਹੋਇਆ; ਗੁਪਤ, ਲੁਕਿਆ ਯਾ ਛਿਪਿਆ ਹੋਇਆ; ਸ਼ਾਂਤ, ਠੀਕ ।

Snuggle, *v. i.* ਸਨੱਗਲ-ਗਰਮੀ ਯਾ ਆਰਾਮ ਲਈ ਪਾਸ ਲੇਟਨਾ, ਘੁਸੜੇ ਰਹਨਾ, ਸਟਨਾ ।

Snugness, *n.* ਸਨਗਨੈਸ-ਚਿਮਟਾਓ, ਲਿਪਟ, ਚੁਸਤੀ ।

So, *adv.* ਸੋ-ਵੈਸਾ, ਤੈਸਾ, ਤਥਾ, ਐਸਾ, ਇਸ ਰੀਤਿ ਨਾਲ, ਇਸ ਤਰਾਂ, ਇਸ ਪਰਕਾਰ, ਇਸ ਡੌਲ, ਸੁੰ ਤੂੰ, ਅਜੇਹਾ, ਉੱਨਾ, ਜਿੰਨਾ, ਇਤਨਾ; ਪਸ, ਇਸ ਵਾਸਤੇ, ਇਸ ਲਈ; ਚੰਗਾ, ਅੱਛਾ, ਭਲਾ; *conj.* ਇਸ ਸ਼ਰਤ ਪੁਰ ਕਿ ।

Soak, *v. t.* ਸੋਕ-ਭਿਗੋਨਾ, ਤਰ ਕ॰, ਡੋਬਾ ਦੇਨਾ, ਗੋਤਾ ਦੇਨਾ, ਭਿਗੋਨਾ, ਗਿੱਲਾ ਕ॰; ਪੀਨਾ, ਚੂਸਨਾ; *v. i.* ਤਰ ਬਤਰ ਹੋਨਾ, ਭਿੱਜਨਾ, ਗਿੱਲਾ ਹੋਨਾ, ਡੁਬਨਾ, ਤਰ ਰਹਨਾ; ਸੁੱਕਨਾ, ਮਰਨਾ, ਜਜ਼ਬ ਹੋਨਾ; ਬਹੁਤ ਸ਼ਰਾਬ ਪੀਨਾ ।

Soaker, *n.* ਸੋਕਰ-ਸਮੁੰਦਰ ਸੋਖ; ਸ਼ਰਾਬੀ ।

Soap, *n.* ਸੋਪ-ਸਾਬਨ; ਖ਼ੁਸ਼ਾਮਦ; *v.t.* ਸਾਬਨ ਮਲਨਾ ਯਾ ਲਗਾਉਨਾ; ਖ਼ੁਸ਼ਾਮਦ ਕ॰ ।

Soapy, *a.* ਸੋਪੀ-ਸਾਬਨ ਜੇਹਾ, ਚਿਕਨਾ, ਸਾਬਨ ਨਾਲ ਭਰਿਆ ਹੋਇਆ ।

Soar, *v. i.* ਸੋਰ-ਉੱਡਨਾ, ਉਡਕੇ ਉੱਚੇ ਜਾਨਾ, ਉੱਪਰ ਚੜ੍ਹਨਾ; *n.* ਉਡਾਨ, ਉੱਪਰ ਚੜ੍ਹਾਈ ।

Sob, *v. i.* ਸੋਬ–ਹਿਚਕੀ ਬਧਨਾ, ਸਿਸਕਨਾ, ਸਿਸਕੀ ਭਰਨਾ, ਸੁਬਕਨਾ; *n.* ਸਿਸਕ, ਸਿਸਕੀ, ਹਿਚਕੀ ।

Sober, *a.* ਸੋਬਰ–ਠੰਡਾ, ਸ਼ਾਂਤ, ਨਿਰਤ, ਸੁਚੇਤ, ਧੀਰਾ, ਠੀਕ, ਸਥਿਰ, ਗੰਭੀਰ, ਪਰਹੇਜ਼ਗਾਰ, ਸਲੀਮ, ਆਹਿਸਤਾ, ਮਾਕੂਲ, ਸੰਜੀਦਾ; *v. t* ਸ਼ਾਂਤ, ਠੀਕ ਯਾ ਸਥਿਰ ਕ੍ਰ੦; ਹੋਸ਼ ਵਿੱਚ ਲਿਆਉਣਾ, ਮਦ ਹਟਾਉਣਾ, ਨਸ਼ਾ ਦੂਰ ਕ੦ ।

Soberness, Sebriety, *n.* ਸੋਬਰਨੈਸ, ਸੋਬ-ਰਾਇਟੀ—ਗੰਭੀਰਤਾ, ਧੀਰਜ, ਹੁਸ਼ਿਆਰੀ, ਤਕੜਾ, ਹੌਸਲਾ, ਪਰਹੇਜ਼ਗਾਰੀ, ਆਹਿਸਤਗੀ ।

Soc, *n.* ਸੋਕ–ਅਧਿਪਤਜ, ਅਧਿਕਾਰ ।

Sociable, Social, *a.* ਸੋਸ਼ੀਏਬਲ, ਸੋਸ਼ਲ–ਮਿਲਾਏ ਜਾਨ ਦੇ ਯੋਗ, ਮੇਲੀ, ਮਿਲਾਪੀ, ਹਿਲਿਆ ਮਿਲਿਆ, ਮਿਲਨਸਾਰ, ਬੋਲਨ ਚਲਨ ਵਾਲਾ; ਜ਼ਾਤੀ ਦਾ, ਸਾਮਾਜਿਕ; *n.* Sociableness, Sociability, Sociality.

Sociate, *v. t.* ਸੋਸ਼ੀਏਟ—ਸੰਸਰਗ ਕ੦, ਮਿਲਨਸਾਰ ਹੋਨਾ, ਮਿਲਾਪ ਕ੦ ।

Society, *n.* ਸੋਸਾਇਟੀ–ਸਭਾ, ਸਮਾਗਮ, ਸੰਘਾ, ਮੰਡਲੀ, ਮਜਲਿਸ, ਅੰਜਮਨ, ਜਮਾਅਤ, ਮਜਮਾ, ਸਮਾਜ, ਸਾਂਝ, ਸ਼ਿਰਾਕਤ, ਜਨਸਮੂਹ, ਮੇਲਜੋਲ, ਸੰਗਤ, ਜੋੜ, ਉਰਸ, ਸੋਹਬਤ ।

Socinian, *n.* ਸੋਸੀਨੀਅਨ–ਸੋਸੀਨਸ ਦਾ ਅਨੁਜਾਈ ਜੋ ਈਸਾ ਨੂੰ ਕੇਵਲ ਮਨੁਖ (ਆਦਮੀ) ਮੰਨਦਾ ਸੀ ।

Sociology, *n.* ਸੋਸ਼ੀਔਲੋਜੀ–ਪਰਬੰਧ ਵਿਦਯਾ, ਇਲਮੇ ਮੁਦਨ ।

Sock, *n.* ਸੌਕ–ਪਰਾਚੀਨ ਕਾਲ ਦੇ ਭੰਡਾਂ ਦੀ ਜੁੱਤੀ, ਜੁਰਾਬ; ਮਖੌਲ, ਖ਼ੁਸ਼ੀ ਦੀ ਨਕਲ ।

Socket, *n.* ਸੌਕਟ–ਪੋਲਾ ਭਾਗ, ਕਟੋਰਾ, ਅੱਖ ਦਾ ਘਰ, ਛੇਕ, ਸ਼ਮਾਦਾਨ ਵਿੱਚ ਬੱਤੀ ਰੱਖਨ ਦੀ ਥਾਂਉ, ਕਿਸੇ ਚੀਜ਼ ਦਾ ਘਰ ।

Sod, *n.* ਸੌਡ–ਘਾਹ ਦੀਆਂ ਜੜ੍ਹਾਂ ਰਲਿਆ ਹੋਯਾ ਢੇਲਾ; *p. t.* of Seeth, ਉਬਲਿਆ ।

Soda, *n.* ਸੋਡਾ–ਖਾਰ, ਸੱਜੀ ।

Sodality, *n.* ਸੋਡੈਲੀਟੀ–ਭਾਈਚਾਰਾ; ਭਾਈ-ਬੰਦੀ, ਬਿਰਾਦਰੀ ।

Sodden, *p. p.* of Seeth, ਸੌਡਨ—ਉਬ-ਲਿਆ ਹੋਇਆ ।

Soder, *v. t.* ਸੌਡਰ–ਟਾਂਕਾ ਲਗਾਉਣਾ, ਝਾਲਨਾ; *n.* ਟਾਂਕਾ, ਝਾਲ ।

Sodomite, *n.* ਸੋਡੋਮਾਇਟ–ਮੁੰਡੇਬਾਜ਼, ਲੌਂਡੇ-ਬਾਜ਼, ਇਗਲਾਮੀ, ਲੂਤੀ ।

Sodomy, *n.* ਸੌਡੋਮੀ–ਮੁੰਡੇਬਾਜ਼ੀ, ਗੁਦਾਮੈਥਨ ।

Soever, *adv.* ਸੋਐਵਰ-ਕਿੰਨਾ ਹੀ, ਕਿਹਾ ਹੀ, ਕ੍ਰਝ ਹੀ, ਕਿਤਨਾ ਹੀ, ਕੈਸਾ ਹੀ, ਕੁਛ ਹੀ ।

Sofa, *n.* ਸੋਫ਼ਾ–ਕੋਚ, ਕੁਰਸੀਦਾਰ ਥਾਂ, ਸੁਫ਼ਾ ।

Soft, *a.* ਸੌਫ਼ਟ—ਨਰਮ, ਪਿਚਪਿਚਾ, ਚਿਕਨਾ, ਗੁਦਗੁਦਾ, ਮਿੱਠਾ, ਕੋਮਲ, ਮਰਿਦੁ, ਸ਼ਾਂਤ, ਧੀਮਾ, ਮੰਦਾ, ਹੌਲਾ; ਭੋਂਦੂ, ਅਲਪਬੁੱਧੀ; ਅਲੋਨਾ; *Int.* ਠਹਰੋ, ਥੰਮੋ, ਬਸ ।

Soften, *v. t.* ਸੌਫ਼ਨ—ਮਰਿਦੁ, ਕੋਮਲ, ਨਰਮ, ਪਿਲਪਿਲਾ, ਧੀਮਾ, ਮੰਦ, ਮੋਮ, ਹੌਲਾ, ਮੰਦਾ ਜਾ ਕਮਜ਼ੋਰ ਕ੦, ਘਟਾਉਣਾ, ਸੰਧੀ ਕ੦ ।

Softly, *adv.* ਸੌਫ਼ਟਲੀ–ਧੀਰੇ, ਹੌਲੀ, ਮੰਦਤਾ ਯਾ ਨਰਮੀ ਨਾਲ ।

Softness, *n.* ਸੌਫ਼ਟਨੈਸ–ਮਰਿਦੁਤਾ, ਕੋਮਲਤਾ, ਸੂਕਸ਼ਮਤਾ, ਨਰਮੀ, ਨਜ਼ਾਕਤ, ਪਿਲਪਲਾਹਟ ।

Soggy, *a.* ਸੌਗੀ–ਗਿੱਲਾ, ਤਰ, ਨਰਮ ।

Soho, *Int.* ਸੋਹੋ–ਓ, ਅਰੇ, ਅਜੀ, ਹੇ ।

Soil, *v. t.* ਸੌਇਲ–ਮਲੀਨ, ਅਪਵਿਤਰ, ਖ਼ਰਾਬ ਜਾ ਗੰਦਾ ਕ੦; ਘੋੜੇ ਜਾ ਪਸ਼ੂ ਨੂੰ ਜੁਲਾਬ ਦੇਨਾ; *n.* ਮੈਲ, ਮਲ, ਅਪਵਿਤ੍ਰਤਾ, ਦਾਗ਼, ਧੱਬਾ, ਗੋਹਾ, ਗੋਬਰ; ਖ਼ਾਕ, ਮਿੱਟੀ, ਭੂਮੀ, ਮਰਿਤਕਾ; ਦੇਸ਼, ਪਰਦੇਸ਼ ।

Sojourn, *v. i.* ਸੋਜਰਨ—ਥੋੜੇ ਦਿਨ ਰਹਨਾ, ਡੇਰਾ ਕ੦; *n.* ਥੋੜੇ ਦਿਨਾਂ ਲਈ ਪਰਦੇਸ਼, ਡੇਰਾ ।

Sol, *n.* ਸੌਲ–ਇੱਕ ਸੁਰ; ਸੂਰਜ; ਫ਼ਰਾਂਸ ਦਾ ਇੱਕ ਸਿੱਕਾ ।

Solace, *v. t.* ਸੌਲੇਸ—ਧੀਰਜ, ਦਿਲਾਸਾ, ਚਾਰਜ, ਹਰਸ਼ ਯਾ ਆਨੰਦ ਦੇਣਾ, ਰਝਾਉਣਾ; *n.* ਪਰਬੋਧ, ਦਿਲਾਸਾ, ਚਾਰਜ, ਤਸੱਲੀ, ਧੀਰਜ; ਓਹ ਵਸਤੂ ਜੋ ਕਸ਼ਟ ਨੂੰ ਸ਼ਾਂਤ ਕਰੇ ।

Solar, *a.* ਸੋਲਰ–ਸੂਰਜ ਦਾ, ਸੂਰਜ ਸੰਬੰਧੀ; ਸੰਕ੍ਰਾਨਤੀ, ਆਫ਼ਤਾਬੀ, ਸ਼ਮਸੀ ।

Sold, *p. t.* and *p. p.* of Sell, ਸੋਲਡ —ਵੇਚਿਆ, ਵੇਚਿਆ ਹੋਇਆ ।

Solder, *v. t.* ਸੌਲਡਰ—ਮਿਲਾਉਣਾ, ਜੋੜਨਾ, ਟਾਂਕਾ ਲਗਾਉਣਾ; *n.* ਟਾਂਕਾ, ਜੋੜ, ਝਾਲ ।

Soldier, *n.* ਸੋਲਜਰ–ਤਿਲੰਗਾ, ਸਿਪਾਹੀ, ਜੋਧਾ, ਬਹਾਦੁਰ ਸੂਰਮਾ।

Soldieress, *n.* ਸੋਲਜਰੇਸ–ਸਿਪਾਹਿਨ।

Soldiership, *n.* ਸੋਲਜਰਸ਼ਿਪ–ਸਿਪਾਹੀਪਨਾ, ਸਿਪਾਹਗਰੀ।

Soldiery, *n.* ਸੋਲਜਰੀ–ਲਸ਼ਕਰ, ਸੈਨਾ ਸਮੂਹ, ਸਿਪਾਹੀ ਲੋਗ।

Sole, *n.* ਸੋਲ–ਤਲਵਾ, ਤਲੀ, ਪੈਂਦਾ, ਜੁੱਤੀ ਦਾ ਤਲਾ; ਇੱਕ ਭਾਂਤ ਦੀ ਮੱਛੀ; *a.* ਇਕੱਲਾ, ਇੱਕ, ਨਿਰਾਲਾ, ਕੇਵਲ, ਵਾਹਿਦ; *v. t.* ਤਲਾ ਚੜ੍ਹਾਉਨਾ।

Solecism, *n.* ਸੋਲਸਿਜ਼ਮ—ਅਸ਼ੁੱਧ ਸ਼ਬਦ, ਅਯੋਗਤਾ, ਅਣਗਤੀ, ਨਾਮੁਨਾਸਬਤ, ਨਾਦਰੁਸਤੀ; ਔਖੇ ਕੰਮ, ਬੇਮੁਹਾਵਰਾ।

Solecize, *v. t.* ਸੋਲਸਾਇਜ਼–ਅਸ਼ੁੱਧ ਬੋਲਨਾ ਜਾ ਲਿਖਨਾ, ਅਸ਼ੁਧ ਸ਼ਬਦ ਦਾ ਵਿਵਹਾਰ ਕ०

Solely, *adv.* ਸੋਲਲੀ—ਇਕੱਲਾ, ਅਕੇਲਾ, ਕੇਵਲ, ਸਿਰਫ਼, ਨਿਰਾ।

Solemn, *a.* ਸੋਲਮ—ਸ਼ੁੱਧ, ਗੰਭੀਰ, ਧੀਰ, ਪਵਿੱਤ੍ਰ, ਧਰਮ ਸੰਬੰਧੀ, ਸਖ਼ਤ, ਦੀਨੀ, ਪਾਕ, ਬਾਜ਼ਾਬਤਾ, ਪੁਖ਼ਤਾ, ਪੱਕਾ।

Solemnity, *n.* ਸੋਲਮਨਿਟੀ–ਤੀਜ ਤਿਓਹਾਰ, ਰੀਤ, ਵਡਿਆਈ, ਧਰਮ ਵਿਧੀ, ਗੰਭੀਰਤਾ।

Solemnization, *n.* ਸੋਲੇਮਨੀਜ਼ੇਸ਼ਨ—ਧੂਮ ਧਾਮ, ਉਤਸਵ, ਸ਼ੋਹਰਤ।

Solemnize, *v. t.* ਸੋਲੇਮਨਾਇਜ਼–ਯਥਾ ਸ਼ਾਸਤ੍ਰ ਕ०, ਵਿਧੀ ਅਨੁਸਾਰ ਕ०, ਵਿਧੀ ਗੰਭੀਰ ਕ०, ਪ੍ਰਸਨਾ, ਉਤਸਵ ਕ०, ਰੀਤ ਰਸਮ ਕ०, ਧੂਮਧਾਮ ਕ०, ਸ਼ੋਹਰਤ ਕ०।

Solemnly, *adv.* ਸੋਲੇਮਲੀ–ਗੰਭੀਰਤਾ, ਗੌਰਵ ਯਾ ਜੁਗਤ ਨਾਲ, ਯਥਾ ਵਿਧੀ, ਸ਼ਾਸਤ੍ਰ ਅਨੁਸਾਰ, ਅਸੂਲ ਦੇ ਮੁਤਾਬਿਕ, ਮਾਨ ਨਾਲ।

Solfa, *v. i.* ਸੋਲਫ਼ਾ–ਸੁਰ ਕੱਢਨਾ, ਗਾਉਨਾ।

Solicit, *v. t.* ਸੋਲੀਸਿਟ–ਮੰਗਨਾ, ਚਾਹੁਨਾ, ਢੂੰਡਨਾ, ਖੋਜਨਾ, ਪ੍ਰਾਰਥਨਾ, ਬੇਨਤੀ, ਯਾਚਨਾ, ਦਰਖ਼ਾਸਤ, ਅਰਦਾਸ ਯਾ ਤਲਬ ਕ०; ਬੇਚੈਨ ਜਾ ਵਿਆਕੁਲ ਕ०; ਬੁਲਾਉਨਾ, ਸੱਦਨਾ।

Solicitation, *n.* ਸੋਲੀਸੀਟੇਸ਼ਨ—ਪ੍ਰਾਰਥਨਾ, ਬੇਨਤੀ, ਯਾਚਨਾ, ਮਿੰਨਤ, ਅਰਦਾਸ, ਮੰਗ, ਦਰਖ਼ਾਸਤ, ਫ਼ਿਲਤਿਜਾ।

Solicitor, *n.* ਸੋਲੀਸੀਟਰ–ਪ੍ਰਾਰਥਕ, ਯਾਚਕ, ਸਾਇਲ, ਬੇਨਤੀ ਕਰਨ ਵਾਲਾ; ਮੁਖ਼ਤਾਰ, ਵਕੀਲ, ਮੁਲਤਜੀ।

Solicitous, *a.* ਸੋਲੀਸੀਟਸ–ਉਤਕੰਠਿਤ, ਡਾਵਿਤ, ਚਿੰਤਾ ਗ੍ਰਸਤ, ਵਿਆਕੁਲ, ਫ਼ਿਕਰਮੰਦ, ਵਸ਼ੀਭੂਤ, ਲਵਲੀਨ।

Solicitress, *n.* ਸੋਲੀਸੀਟਰੈਸ–ਯਾਚਨਾ, ਅਰਦਾਸ, ਬੇਨਤੀ ਯਾ ਦਰਖਾਸਤ ਕਰਨ ਵਾਲੀ।

Solicitude, *n.* ਸੋਲੀਸੀਟੂਡ—ਉਤਕੰਠਤਾ, ਚਿੰਤਾ, ਵਿਆਕੁਲਤਾ, ਫ਼ਿਕਰ, ਬੇਕਰਾਰੀ।

Solid, *a* ਸੌਲਿਡ—ਸੰਘਿਆ ਹੋਇਆ, ਠੋਸ, ਗਰਭ ਪੂਰਣ, ਪੋਲਾ ਨਹੀਂ, ਪੁਸ਼ਟ, ਘਨਾ, ਗੜ੍ਹਾ, ਕਠੋਰ, ਗੰਭੀਰ, ਸਖ਼ਤ, ਪੱਕਾ, ਨਿੱਗਰ, ਅਸਲ, ਭਾਰੀ; *n.* ਠੋਸ ਸ਼ੈ ਯਾ ਚੀਜ਼, ਨਿੱਗਰ ਵਸਤੂ, ਜਸਾਮਤ।

Solidate, *v. t.* ਸੌਲੀਡੇਟ—ਦਰਿੜ੍ਹ, ਪੁਸ਼ਟ, ਠੋਸ, ਪੱਕਾ ਯਾ ਘਨਾ ਕ०।

Solidity, Solidness, *n.* ਸੌਲੀਡਿਟੀ, ਸੌਲਿਡਨੈਸ—ਦਰਿੜ੍ਹਤਾ, ਪੁਸ਼ਟਤਾ, ਮਜ਼ਬੂਤੀ, ਘਨਤਾ, ਠੋਸਪਨਾ, ਪੁਖ਼ਤਾਈ।

Solidly, *adv.* ਸੌਲਿਡਲੀ–ਦਰਿੜ੍ਹਤਾ, ਪੁਖ਼ਤਾਈ, ਪੁਸ਼ਟਤਾ ਯਾ ਮਜ਼ਬੂਤੀ ਨਾਲ।

Solidungulous, *a.* ਸੌਲਿਡਅੰਗੁਲਸ–ਸਮੁੱਚੇ ਖੁਰ ਵਾਲਾ, ਬਿਨਾ ਚੀਰੇ ਸੁਮ ਦਾ।

Solifidian, *n.* ਸੌਲੀਫ਼ੀਡੀਅਨ–ਓਹ ਆਦਮੀ ਜਿਸਦਾ ਏਹ ਮਤ ਹੈ ਕਿ ਕ੍ਰਿਯਾ ਦੇ ਬਿਨਾ ਸ਼ਰੱਧਾ ਨਾਲ ਮੁਕਤੀ ਹੁੰਦੀ ਹੈ।

Soliloquize, *v. i.* ਸੌਲੀਲੋਕਵਾਇਜ਼–ਆਤਮ ਭਾਸ਼ਨ ਕ०, ਆਪ ਹੀ ਆਪ ਗੱਲਾਂ ਕਰਨਾ।

Soliloquy, *n.* ਸੌਲੀਲੋਕਵੀ–ਅਤਾਮ ਭਾਸ਼ਨ, ਵਾਕ ਯਾ ਗੱਲ ਜੋ ਅਪਨੇ ਮਨ ਨਾਲ ਕੀਤੀ ਜਾਵੇ।

Soliped, *n.* ਸੌਲਿਪਡ–ਸਮੁੱਚੇ ਯਾ ਬਿਨ ਚੀਰੇ ਖੁਰ ਵਾਲਾ ਜੰਤੂ।

Solitaire, *n.* ਸੋਲੀਟੇਅਰ–ਗਲ ਦਾ ਗਹਨਾ ਯਾ ਭੂਸ਼ਨ; ਬਨ ਨਿਵਾਸੀ, ਗੋਸ਼ਾ ਨਸ਼ੀਨ; ਇੱਕ ਖੇਡ ਜੋ ਆਦਮੀ ਇਕੱਲਾ ਖੇਡ ਸੱਕੇ।

Solitarily, *adv.* ਸੌਲੀਟੈਰੀਲੀ—ਏਕਾਂਤਤਾ ਨਾਲ, ਨਿਰਾਲਾ, ਅਕੇਲਾ, ਇਕੱਲਾ, ਤਨਹਾ।

Solitariness, *n.* ਸੌਲੀਟਰੀਨੈਸ–ਬਨ ਨਿਵਾਸ, ਗੋਸ਼ਾਨਸ਼ੀਨੀ, ਏਕਾਂਤ ਸੇਵਨ।

Solitary, *a*. ਸੋਲੀਟਰੀ–ਏਕਾਂਤੀ, ਨਿਰਜਨਸਥ, ਨਿਰਾਲਾ, ਏਕਾਂਤ, ਅਕੇਲਾ, ਇਕੱਲਾ, ਉਦਾਸ; *n*. ਬਨਬਾਸੀ, ਜੋਗੀ, ਸਨਿਆਸੀ, ਉਦਾਸੀ ।

Solitude, *n*. ਸੋਲੀਟੂਡ–ਏਕਾਂਤਤਾ, ਨਿਰਜਨਤਾ; ਬਨ, ਉਜਾੜ, ਜੰਗਲ; ਦੂਰੀ, ਤਨਹਾਈ, ਜੁਦਾਈ

Solivagant, *a*. ਸੋਲੀਵੈਗੈਂਟ–ਇਕੱਲਾ ਫਿਰਨ ਜਾ ਘੁੰਮਣ ਵਾਲਾ ।

Solmization, *n*. ਸੋਲਮੀਜ਼ੇਸ਼ਨ–ਸਰਗਮ ਦਾ ਦੁਹਰਾਓ, ਰਾਗ ਦਾ ਸੁ[illegible] ।

Solo, *n*. ਸੋਲੋ–ਰਾਗ ਦੀ ਲੈ ਜੋ ਇੱਕ ਵਾਜੇ ਯਾ ਆਵਾਜ਼ ਥੀਂ ਹੋਵੇ ।

Solstice, *n*. ਸੋਲਿਸਟਿਸ–ਦਖਨਾਯਨ ਸੂਰਜ, ਸੂਰਜ ਦਾ ਥਿਰ ਰਹਨਾ, ਅਯਨਾ, ਕ੍ਰਾਂਤੀ ।

Soluble, *a*. ਸੋਲੂਬਲ–ਗਲਨ ਯਾ ਪਿਘਲਨ ਜੋਗ, ਗਲਨਹਾਰ, ਘੁਲਨ ਦੇ ਕਾਬਿਲ ।

Solution, *n*. ਸੋਲੂਸ਼ਨ–ਗਲਾਓ, ਪਿਘਲਾਓ, ਵਿਆਖਯਾ, ਸਮਝਾਓ, ਮੁਕਤੀ, ਨਿਸਤਾਰਾ, ਉੱਧਾਰ, ਹਲ, ਅਮਲ, ਖਲਾਸੀ, ਰਿਹਾਈ, ਜੁਦਾਈ, ਛੁਟਕਾਰਾ; ਟੁਟ, ਫੁਟ ।

Solutive, *a*. ਸੋਲੂਟਿਵ–ਘੁਲਨ ਵਾਲਾ, ਗਲਨ ਵਾਲਾ ।

Solvable, Solvible, *a*. ਸੋਲਵੇਬਲ, ਸੋਲਵੀਬਲ–ਸਮਝਾਏ ਜਾਨ ਦੇ ਜੋਗ, ਹੱਲ ਹੋਨ ਦੇ ਲਾਇਕ, ਸਪਸ਼ਟ ਕੀਤੇ ਜਾਨ ਦੇ ਜੋਗ ।

Solve, *v. t.* ਸੋਲਵ–ਸਪਸ਼ਟ ਕ०, ਖੋਲਕੇ ਸਮਝਾਉਨਾ, ਸੁਲਝਾਉਨਾ, ਬੁਝਾਉਨਾ; ਵਿਆਖਯਾ ਕ०, ਹੱਲ ਕ०, ਖੋਲਨਾ ।

Solvency, *n*. ਸੋਲਵੈਨਸੀ–ਰਿਣ (ਉਧਾਰ) ਚੁਕਾਉਨ ਦੀ ਸ਼ਕਤੀ, ਮਾਲਦਾਰੀ ।

Solvent, *a*. ਸੋਲਵੈਂਟ–ਰਿਣ ਚੁਕਾ ਦੇਨ ਦੇ ਜੋਗ, ਮਾਲਦਾਰ ਧਨਵਾਨ; ਗਲਾਉਨ ਵਾਲਾ ।

Sombre, Sombrous, *a*. ਸੋਮਬਰ, ਸੋਮਬਰਸ–ਧੁੰਦਲਾ ਅੰਧੇਰਾ, ਬੱਦਲ ਛਾਇਆ ਹੋਇਆ, ਬੱਦਲ ਦਾ; ਉਦਾਸ, ਗ਼ਮਗੀਨ ।

Some, *a*. ਸਮ–ਕੁਝ, ਕੁਛਕੁ, ਕੋਈ, ਅਮੁਕ, ਥੋੜਾ, ਬਹੁਤ, ਬਹੁਤੇਰੇ, ਕੋਈ ਕੋਈ, ਕੁਛ, ਇੱਕ, ਕੋਈ ਅੰਗ, ਕੋਈ ਹਿੱਸਾ ਯਾ ਭਾਗ ।

Somebody, *n*. ਸਮਬੌਡੀ–ਕੋਈ ਆਦਮੀ ।

Somehow, *adv*. ਸਮਹੌ–ਕਿਸੇ ਰੀਤਿ ਯਾ ਭਾਂਤਿ ਨਾਲ, ਕਿਸੇ ਪਰਕਾਰ ਕਿਸੇ ਨਾ ਕਿਸੇ ਤਰਾਂ, ਕਿਸੇ ਢੰਗ ਨ[illegible] ।

Somersault, Somerset, *n*. ਸੋਮਰਸਾਲਟ, ਸੋਮਰਸੈਟ–[illegible]ਲੀ, ਕਲਾਬਾਜ਼ੀ; ਕੁਦ ।

Something, *n*. ਸਮਥਿੰਗ–ਕੋਈ ਸ਼ੈ, ਕੁਛ ਚੀਜ਼; ਥੋੜਾ ਹਿੱਸਾ, ਕੁਝ ਭਾਗ; *adv*. ਕਿੰਚਤ, ਥੋੜਾ ਬਹੁਤ, ਕੁਝ, ਕੁਝ ਇੱਕ ।

Sometime, *adv*. ਸਮਟਾਇਮ–ਇੱਕ ਸਮਯ ਥੀਂ ਅੱਗੇ ਯਾ ਪੂਰਵ ਕਾਲ ਵਿੱਚ, ਕਿਸੇ ਨਾ ਕਿਸੇ ਸਮਯ ਵਿੱਚ, ਕਦੀ, ਕਭੀ, ਪਰਾਚੀਨ ਕਾਲ ਵਿੱਚ, ਪੇਸ਼ਤਰ; *a*. ਪੁਰਾਣਾ, ਪਰਾਚੀਨ, ਪਹਲੇ ਦਾ, ਕਦੀਮ ।

Sometimes, *adv*. ਸਮਟਾਇਮਜ਼–ਜਬ ਤਬ, ਕਭੀ ਕਭੀ, ਕਦੇ ਕਦੇ, ਜਦ ਤਕ, ਕਿਸੇ ਵੇਲੇ ।

Somewhat, *a*. ਸਮਵ੍ਹਾਟ–ਕੁਝ, ਥੋੜਾ ਬਹੁਤ, ਥੋੜਾ ਜਿੰਨਾ; *adv*. ਕਿੰਚਤ ।

Somewhere, *adv*. ਸਮਵ੍ਹੇਅਰ–ਕਹੀਂ, ਕਿਤੇ, ਕਿਧਰੇ, ਕਿਸੇ ਜਗਹ, ਕਿਸੇ ਥਾਂਓ ।

Somnambulist, *n*. ਸੋਮਨਮਬੁਲਿਸਟ–ਸੁੱਤੇ ਹੋਏ ਚੱਲਨ ਵਾਲਾ, ਸਵਪਨ ਚਾਰੀ, ਨੀਂਦਰ ਵਿੱਚ ਚੱਲਨ ਵਾਲਾ ।

Somniferous, *a*. ਸਮਨੀਫ਼ੇਰਸ–ਨਿਦਰਾ ਜਨਕ, ਜਿਸਥੀਂ ਨੀਂਦ ਆਵੇ, ਨੀਂਦਰ ਲਿਆਉਨ ਵਾਲਾ, ਖ਼ੁਆਬ ਆਵਰ ।

Somnolence, Somnolency, *n*. ਸਮਨੋਲੈਂਸ, ਸਮਨੋਲੈਨਸੀ–ਊਂਘ, ਊਂਘਾਈ, ਆਲਸ, ਨਿੰਦਾਸ, ਨੀਂਦਰ ।

Son, *n*. ਸਨ–ਪੁੱਤਰ, ਸੁਤ, ਆਤਮਜ, ਬੇਟਾ, ਇਬਨ, ਪਿਸਰ, ਫ਼ਰਜ਼ੰਦ, ਲੜਕਾ, ਜਾਯਾ, ਸੰਤਾਨ, ਔਲਾਦ; ਦੇਸ਼ਵਾਸੀ ।

Sonance, *n*. ਸੋਨੰਸ–ਆਵਾਜ਼, ਸ਼ਬਦ ।

Sonant, *a*. ਸੋਨੈਂਟ–ਸ਼ਬਦ ਵਾਲਾ, ਆਵਾਜ਼ਦਾਰ

Sonata, *n*. ਸੋਨਾਟਾ–ਇੱਕ ਸੁਰ ਦਾ ਰਾਗ ।

Soncy, *a*. ਸੋਨਸੀ–ਭਾਗਵਾਨ, ਬਖ਼ਤਾਵਰ ।

Song, *n*. ਸੌਂਗ–ਗਾਉਨ, ਗੀਤ, ਗਾਥਾ, ਕਾਵਯ, ਕਵਿਤਾ, ਸਰੋਦ, ਨਗ਼ਮਾਹ, ਪਦ, ਨਜ਼ਮ; ਚਿੜੀਆਂ ਦੀ ਮਿੱਠੀ ੨ ਬੋਲੀ ।

Songster, *n*. ਸੌਂਗਸਟਰ–ਗਾਉਨ ਵਾਲਾ, ਗਵੈਯਾ, ਗਾਯਕ ।

Songstress, *n*. ਸੌਂਗਸਟਰੈਸ–ਗਾਉਨ ਵਾਲੀ, ਗੱਵਾਲਨ, ਗਵੈਯਨ ।

Son-in-law, *n.* ਸਨਇਨਲਾ–ਜਵਾਈ, ਧੀ ਜਾਂ ਲੜਕੀ ਦਾ ਪਤੀ, ਦਾਮਾਦ ।

Soniferous, Sonorific, *a.* ਸੋਨੀਫ਼ੈਰਸ, ਸੋਨੋਰੀਫ਼ਿਕ—ਆਵਾਜ਼ ਦੇਨ ਵਾਲਾ ।

Sonnet, *n.* ਸੋਨੈਟ—ਚੌਦਾਂ ਪਦਾਂ ਦੀ ਕਵਿਤਾ ।

Sonneteer, *n.* ਸੋਨੇਟੀਅਰ—ਚੌਦਾਂ ਪਦਾਂ ਦੀ ਕਵਿਤਾ ਕਹਨ ਵਾਲਾ, ਕੱਚਾ ਕਵੀ, ਛੋਟਾ ਸ਼ਾਇਰ ।

Sonorous, *a.* ਸੋਨੋਰਸ–ਮਹਾਂ ਸ਼ਬਦ ਜਾਂ ਭਾਰੀ ਬੋਲ ਵਾਲਾ; ਵੱਜਨ ਵਾਲਾ, ਜਿਸ ਵਿੱਚੋਂ ਆਵਾਜ਼ ਨਿਕਲੇ, ਪੁਰ ਆਵਾਜ਼ ।

Soon, *adv.* ਸੂਨ–ਸਵੇਰੇ, ਸਿਦੌਸੀ; ਥੋੜੇ ਦਿਨਾਂ ਵਿੱਚ; ਤੁਰਤ, ਸ਼ੀਘਰ, ਹੁਣੇ, ਅਭੀ, ਵਧਦੇ ।

Soot, *n.* ਸੂਟ–ਧੂਆਂ, ਕਾਲਕ, ਕੱਜਲ ।

Sooth, *n.* ਸੂਥ–ਸਤਜਤਾ, ਸਚਾਈ, ਰਾਸਤੀ, ਸ਼ਬਾਰਥਤਾ, ਤੱਤਵ, ਸਚ ।

Soothe, *v. t.* ਸੂਦ–ਲੁਭਖੁਸ਼ੀ ਕ०, ਖ਼ੁਸ਼ਾਮਦ ਕ०, ਚਾਪਲੂਸੀ ਕ०, ਮਨਾਉਣਾ, ਪਚਕਾਰਨਾ; ਘਟ, ਧੀਮਾ, ਠੰਡਾ ਜਾਂ ਮੁਲਾਇਮ ਕ०; ਖ਼ੁਸ਼ ਜਾਂ ਪਰਸੰਨ ਕ०, ਆਨੰਦ ਦੇਨਾ ।

Soother, *n.* ਸੂਦਰ—ਨਰਮ ਕਰਨ ਵਾਲਾ, ਘਟਾਉਨ ਵਾਲਾ, ਢਾਰਸ ਦੇਨ ਵਾਲਾ ।

Soothsay, *v. t.* ਸੂਦਸੇ–ਅਗਮ ਕਹਨਾ, ਜਤਾਉਣਾ, ਬਖਾਨਣਾ, ਫ਼ਾਲਗੋਈ ਕ० ।

Sooty, *a.* ਸੂਟੀ–ਧੂਏਂਦਾਰ, ਕਾਲਾ, ਕੋਲੇ ਜੇਹਾ ।

Sop, *n.* ਸੋਪ–ਖਾਨ ਦੀ ਕੋਈ ਭਿੱਜੀ ਹੋਈ ਚੀਜ਼, ਭਰ ਨਿਵਾਲਾ, ਗਰਾਹੀ, ਲੁਕਮਾ ।

Sophical, *a.* ਸੋਫ਼ੀਕਲ–ਗਿਆਨ ਸਿਖਜਕ, ਬੋਧ ਸਿਖਾਉਨ ਵਾਲਾ ।

Sophism, *n.* ਸੋਫ਼ਿਜ਼ਮ–ਝੂਠਾ ਹੇਤੂ, ਮਿਥਜਾ ਵਾਦ, ਧੋਖਾ, ਪੇਚ, ਲਪੇਟ ।

Sophistic, Sophistical, *a.* ਸੋਫ਼ਿਸਟਿਕ, ਸੋਫ਼ਿਸਟੀਕਲ—ਮਿਥਜਾ, ਝੂਠਾ, ਧੋਖੇ ਦਾ ।

Sophistically, *adv.* ਸੋਫ਼ਿਸਟੀਕਲੀ–ਵਾਕ ਛਲ, ਮਿਥਜਾ ਹੇਤੂ, ਧੋਖੇ ਜਾਂ ਝੂਠ ਨਾਲ ।

Sophisticate, *v. t.* ਸੋਫ਼ਿਸਟੀਕੇਟ–ਭਰਸ਼ਟ ਕ०, ਖੋਟਾ ਕ०, ਵਿਗਾੜਨਾ ।

Sophisticate, Sophisticated, *a.* ਸੋਫ਼ਿਸਟੀਕੇਟ, ਸੋਫ਼ਿਸਟੀਕੇਟਿਡ—ਖੋਟਾ, ਵਿਗੜਿਆ ਹੋਇਆ, ਨਾਕਿਸ ।

Sophistication, *n.* ਸੋਫ਼ਿਸਟੀਕੇਸ਼ਨ–ਖੋਟ, ਮਿਲਾਵਟ, ਮੇਲ, ਆਮੇਜ਼ਸ਼ ।

Sophistry, *n.* ਸੋਫ਼ਿਸਟਰੀ—ਖੋਟੀ ਜੁਕਤੀ, ਧੋਖੇ ਦੀ ਦਲੀਲ ।

Soporific, Soporiferous, Soporous, *a.* ਸੋਪੋਰੀਫ਼ਿਕ, ਸੋਪੋਰਾਫ਼ੈਰਸ, ਸੋਪੋਰਸ—ਨਿਦਰਾ ਜਨਕ, ਜਿਸਥੋਂ ਨੀਂਦ ਆਵੇ ।

Soporific, *n.* ਸੋਪੋਰੀਫ਼ਿਕ–ਨੀਂਦ ਲਿਆਉਨ ਵਾਲੀ ਦਵਾ ਜਾਂ ਔਖਧੀ ।

Soprano, *n.* ਸੋਪਰੈਨੋ—ਤਰੀਮਤ (ਔਰਤ) ਦਾ ਉੱਚਾ ਸੁਰ ਜਾਂ ਆਵਾਜ਼ ।

Sorcerer, *n.* ਸੋਰਸੇਰਰ–ਮਾਯਾਕਾਰ, ਇੰਦਰ ਜਾਲਕ, ਸਿਆਨਾ, ਜਾਦੂਗਰ, ਟੂਨਾ ਕਰਨ ਵਾਲਾ

Sorceress, *n.* ਸੋਰਸਰੈਸ–ਮਾਯਾਕਾਰਿਣੀ, ਜਾਦੂਗਰਨੀ, ਟੂਨਾ ਕਰਨ ਵਾਲੀ ।

Sorcerous, *a.* ਸੋਰਸਰਸ–ਜਾਦੂ ਦਾ, ਟੂਨੇ ਦਾ ।

Sorcery, *n.* ਸੋਰਸਰੀ—ਜਾਦੂ, ਜਾਦੂਗਰੀ, ਭੂਤ ਪਰੇਤ ਵਿੱਦਜਾ, ਟੂਨਾ ਵਿਦਜਾ ।

Sordes, *n.* ਸੋਰਡੈਸ–ਮੈਲ, ਛਾਂਟ, ਤਲਛਟ ।

Sordid, *a.* ਸੋਰਡਿਡ–ਮੈਲਾ, ਗੰਦਾ, ਮਲੀਨ, ਨਾਪਾਕ, ਅਧਮ, ਨੀਚ, ਪਾਜੀ; ਲੋਭੀ, ਸੂਮ, ਕੰਜੂਸ, ਤੰਗਦਿਲ, ਕ੍ਰਿਪਣ, ਬਖੀਲ ।

Sore, *a.* ਸੋਰ–ਦੁਖਦਾ, ਪੀੜ ਨਾਲ ਭਰਿਆ ਹੋਇਆ, ਦੁਖਦਾਈ, ਕਸ਼ਟ ਦੇਨ ਵਾਲਾ, ਕੜਾ, ਸਖ਼ਤ, ਕਠਿਨ; *n.* ਫੋੜਾ, ਘਾਓ, ਜ਼ਖ਼ਮ, ਨਾਸੂਰ, ਦੁਖਦੀ ਥਾਂਓ; ਦੁੱਖ, ਬਿਪਤਾ, ਕਸ਼ਟ, ਮੁਸੀਬਤ ।

Sorel, *n.* ਸੋਰੈਲ—ਲਾਲ ਰੰਗ; ਤਿਨ ਸਾਲਾ ਹਿਰਣ ਜਾਂ ਮ੍ਰਿਗ ।

Sorely, *adv.* ਸੋਰਲੀ—ਬੜੀ ਪੀੜਾ ਜਾਂ ਕਠਿਨਤਾ ਨਾਲ; ਬਹੁਤ, ਅਤਯੰਤ ।

Soreness, *n.* ਸੋਰਨੈਸ–ਦੁਖ, ਪੀੜਾ, ਦਰਦ, ਉੱਗਰਤਾ, ਕਠਿਨਤਾ, ਸ਼ਿੱਦਤ, ਬੇਜ਼ਾਰੀ ।

Sorites, *n.* ਸੋਰੀਟੇਜ਼—ਮਿਲੇ ਹੋਏ ਵਿਚਾਰ, ਕਿਆਸੇ ਮੁਤੱਰਕਬ ।

Sorn, *v. i.* ਸੋਰਨ–ਧਰਨਾ ਮਾਰਨਾ, ਢਈ ਦੇਨਾ, ਮੁਫ਼ਤ ਦੀਆਂ ਰੋਟੀਆਂ ਤੋੜਨਾ ।

Sorrel, *n.* ਸੋਰੈਲ–ਖੱਟਾ ਸਾਗ, ਤੁਰਸ਼ਾਹ ।

Sorrily, *adv.* ਸੋਰੀਲੀ–ਨੀਚਤਾ ਜਾਂ ਪਾਜੀਪਨੇ ਨਾਲ, ਕਮੀਨਗੀ ਨਾਲ ।

Sorrow, *n.* ਸੋਰੋ–ਸੋਗ, ਸ਼ੋਕ, ਸੰਤਾਪ, ਖੇਦ, ਉਦਾਸੀ, ਰੰਜ, ਅਫ਼ਸੋਸ; *v. i.* ਸ਼ੋਕ, ਰੰਜ, ਅਫ਼ਸੋਸ ਜਾਂ ਖੇਦ ਕ०, ਉਦਾਸ ਹੋਣਾ ।

Sorrowful, *a.* ਸੋਰੋਫ਼ੁਲ–ਸੋਗ ਆਤੁਰ, ਸ਼ੋਕ ਜਨਕ, ਸ਼ੋਕੀ, ਉਦਾਸੀਨ, ਦਰਦਮੰਦ, ਸੋਗੀ, ਗ਼ਮਗੀਨ, ਦਿਲਗੀਰ ।

Sorry, *a.* ਸੋਰੀ–ਪਛਤਾਊ, ਉਦਾਸ, ਖੇਦਜੁਗਤ, ਅਧਮ, ਨੀਚ, ਤੁਛ, ਅ... ਸ਼ੋਕਵਾਨ, ਗ਼ਮਗੀਨ, ਸ਼ੋਕ ਜਨਕ ।

Sort, *n.* ਸੋਰਟ–ਡੌਲ, ਤਰਾਂ, ਢੰਗ, ਭਾਂਤਿ, ਕਿਸਮ, ਪਰਕਾਰ, ਜਾਤਿ, ਵਰਗ, ਰੀਤਿ, ਪਰਮਾਣ, ਤੌਰ, ਸੂਰਤ, ਤਰੀਕਾ; *v. t.* ਜਾਤਿ ਕ੍ਰਮ ਨਾਲ ਧਰਨਾ, ਤਰੀਕੇ ਨਾਲ ਰੱਖਣਾ, ਸੁਧਾਰਨਾ, ਜੋੜਨਾ, ਛਾਂਟਨਾ, ਚੁਣਨਾ, ਇੰਤਜ਼ਾਮ ਕ०, ਸਜਾਉਣਾ, ਤਰਤੀਬ ਦੇਣਾ; *v. i.* ਜੁੜਨਾ, ਠੀਕ ਹੋਣਾ, ਲੱਗਾ ਖਾਣਾ ।

Sortable, *a.* ਸੋਰਟੇਬਲ–ਛਾਂਟੇ ਜਾਣ ਦੇ ਜੋਗ ।

Sortie, *v.* ਸੋਰਟੀ–ਮੁਹਾਸਰੇ ਵਿੱਚੋਂ ਨਿਕਲਕੇ ਹਮਲਾ ਕ० ।

Sortilege, *n.* ਸੋਰਟੀਲੇਜ–ਕੁਰਰਾ ਅੰਦਾਜ਼ੀ ।

So-so, *a.* ਸੋਸੋ—ਵਿਚਲੇ ਮੇਲ ਦਾ, ਨਾ ਚੰਗਾ ਨਾ ਬੁਰਾ, ਰਾਸੀ ।

Sot, *n.* ਸੋਟ–ਨਸ਼ੇਬਾਜ਼, ਮਦਮੱਤ, ਮਤਵਾਲਾ ਮੂਰਖ, ਜੜ੍ਹ, ਅਹਮਕ, ਬੇਵਕੂਫ਼, ਬੁੱਧੂ ।

Sot, Sottish, *a.* ਸੋਟ, ਸੋਟਿਸ਼—ਮਤਵਾਲਾ, ਬੇਹੋਸ਼, ਅਚੇਤ, ਮੂਰਖ, ਨਿਰਬੁੱਧੀ ।

Sou, *n.* ਸੋ–ਅੱਧੀ ਦਮੜੀ ।

Sough, *n.* ਸਫ–ਮੋਰੀ, ਨਾਲੀ, ਬਦਰਰੋ; ਹਵਾ ਦੀ ਆਵਾਜ਼, ਸਰਸਰਾਹਟ; *v. i.* ਸੋਂ ੨ ਕ०, ਸਰਸਰਾਉਣਾ; ਸੀਟੀ ਮਾਰਨੀ ਜਾਂ ਵਜਾਉਣੀ ।

Sought, *p. t.* of Seek, ਸੋਟ–ਢੂੰਡਿਆ ।

Soul, *n.* ਸੋਲ–ਆਤਮਾ, ਜੀਵ ਆਤਮਾ, ਚੇਤਨ ਬੁੱਧੀ, ਪਰਾਣ, ਜੀਵ, ਰੂਹ, ਸਾਰ, ਤੱਤ; ਬਲ, ਤਾਕਤ; ਮਨ, ਦਮ, ਨਫ਼ਰ, ਮਨੁੱਖ, ਆਦਮੀ, ਪੁਰਖ, ਬਸ਼ਰ, ਸ਼ਖ਼ਸ ।

Soulless, *a.* ਸੋਲਲੈਸ—ਨਿਰਜੀਵ, ਅਧਮ, ਨੀਚ, ਪਰਾਣ ਹੀਨ, ਬੇਜਾਨ, ਕਮੀਨਾ ।

Sound, *a.* ਸੌਂਡ–ਨਿਰੋਗ ਭਲਾ ਚੰਗਾ, ਅਰੋਗੀ, ਸਮੁੱਚਾ, ਸਾਰਾ, ਪੂਰਾ, ਅਖੰਡ, ਨਿਰਦੋਸ਼, ਪੁਸ਼ਟ, ਪੱਕਾ, ਦ੍ਰਿੜ੍ਹ, ਸੰਪੂਰਣ, ਠੀਕ, ਸ਼ੁੱਧ, ਕਠਿਨ, ਭਾਰੀ, ਕੁਲ, ਬੇਦਾਗ਼, ਬੇਨੁਕਸ, ਬੇਐਬ, ਸਹੀਹ, ਜਾਇਜ਼, ਵਾਜਿਬ, ਕਾਮਿਲ; *n.* ਜਲਡਮਰੂ ਮਧ, ਨੱਕ ... ਆਵਾਜ਼ ਸ਼ਬਦ; ਬਾਂਗ, ਨਿਦਾ, ਸਦਾ ਆ...ਜ਼ਾ; ਸ਼ੋਰ, ਆਹਟ, ਖਟਕਾ; ਸੱਗਾਹ ... ਲਾਈ; *v. t.* ਪਾਣੀ ਦੇ ਥਾਹ ਨੂੰ ਜਾਣਨਾ; ਬੋਲਣਾ, ਨਾਦ ਵਜਾਉਣਾ, ਆਵਾਜ਼ ਕੱਢਣੀ, ਸੁਰ ਨਿਕਾਲਣਾ; ਆਗਿਆ ਕ०, ਆਦੇਸ਼ ਕ०; ਕੂਕਣਾ, ਵਜਾਉਣਾ; ਗੁਣ-ਗੁਣਾਉਣਾ, ਮੂੰਹ ਵਿੱਚ ਬੋਲਣਾ; ਪਰਸਿੱਧ ਜਾਂ ਮਸ਼ਹੂਰ ਕ०; ਸਲਾਈ ਪਾਕੇ ਦੇਖਣਾ; *v. i.* ਸ਼ਬਦ ਹੋਣਾ, ਆਵਾਜ਼ ਨਿਕਲਣਾ, ਵੱਜਣਾ, ਬੋਲਣਾ; ਫੈਲਣਾ, ਪਰਸਿੱਧ ਜਾਂ ਮਸ਼ਹੂਰ ਹੋਣਾ; *adv.* ਗੋਹਰਾ, ਡੂੰਘਾ, ਖ਼ੂਬ, ਚੰਗੀ ਤਰਾਂ, ਬੇਖ਼ਬਰ, ਬੇਹੋਸ਼, ਬੇਸੁਧ ।

Sounding, *n.* ਸੌਂਡਿੰਗ–ਬੋਲ, ਆਵਾਜ਼, ਸੁਰ; ਇੱਕ ਤਰਾਂ ਦਾ ਵਾਜਾ ।

Soundness, *n.* ਸੌਂਡਨੈਸ–ਸੱਚਾਈ, ਅਰੋਗਤਾ, ਤੰਦਰੁਸਤੀ, ਪਕਿਆਈ, ਮਜ਼ਬੂਤੀ ਸਲਾਮਤੀ ।

Soup, *n.* ਸੂਪ–ਯਖਨੀ, ਮਾਂਸ ਦਾ ਰਸ, ਸ਼ੋਰਬਾ ।

Sour, *a.* ਸੌਰ–ਖੱਟਾ, ਕੌੜਾ, ਅਮਲ, ਚਿੜਚਿੜਾ, ਜਲਜਲਾ, ਰੁੱਖਾ, ਸੜਿਆ ਹੋਇਆ, ਤੁਰਸ਼, ਸੁਸਤ, ਉਦਾਸ; *v. t.* ਖੱਟਾ, ਤੁਰਸ਼, ਕੜਾ ਜਾਂ ਚਿੜਚਿੜਾ ਕ०, ਸੜਾਉਣਾ, ਸਾੜਨਾ, ਉਠਾਉਣਾ, ਫਾੜਨਾ, ਕੌੜਾ ਕ०, ਖ਼ਰਾਬ ਕ० ।

Source, *n.* ਸੋਰਸ—ਉਤਪੱਤੀ ਸਥਾਨ, ਮੂਲ, ਬੀਜ, ਜੜ, ਮੁਖ ਹੇਤੂ, ਅਸਲ, ਮੰਬਾ, ਨਿਕਾਸ, ਮੂੰਹ, ਬਾਨੀ, ਧਾਤੂ, ਮਸਦਰ ।

Sourish, *a.* ਸੌਰਿਸ਼—ਖੱਟਾ ਜੇਹਾ, ਤੁਰਸ਼ੀ ਮਾਇਲ, ਕੁਝਕੁ ਖੱਟਾ, ਕਿਸੀ ਕਦਰ ਖੱਟਾ ।

Sourness, *n.* ਸੌਰਨੈਸ—ਖਟਾਈ, ਤੁਰਸ਼ੀ, ਖਟਾਸ, ਤਲਖ਼ੀ, ਰੁੱਖਾਪਨ, ਬਦਮਿਜ਼ਾਜੀ ।

Souse, *n.* ਸੌਸ–ਪਾਣੀ ਦਾ ਆਚਾਰ; ਸੂਰ ਦਾ ਆਚਾਰ; *v. i.* ਝਪਟਣਾ, ਝਪੱਟਾ ਮਾਰਨਾ; *v. t.* ਲੈ ਬੈਠਣਾ, ਡੁਬੋਣਾ, ਅਚਾਰ ਪਾਉਣਾ ।

South, *n.* ਸੌਥ–ਦੱਖਣ ਦਿਸ਼ਾ, ਜਨੂਬ, ਦੱਖਣ; ਦਖਣੀ ਦੇਸ਼; *a.* ਜਨੂਬੀ, ਦਖਣ ਦਾ ।

South-east, *n.* ਸੌਥਈਸਟ–ਦੱਖਣ ਤੇ ਪੂਰਬ ਦਾ ਵਿਚਲਾ ਕੋਣਾ, ਅਗਨੀ ਕੋਣ ।

Southern, *a.* ਸੌਦਰਨ–ਜਨੂਬੀ, ਦੱਖਣੀ ।

Southward, *n.* ਸੌਥਵਰਡ—ਦੱਖਣ ਦੇਸ਼; *adv.* ਦੱਖਣ ਵਲ ।

South-west, *n.* ਸੌਥਵੈਸਟ—ਦੱਖਣ ਪੱਛਮ ਕੋਣ, ਨਿਰਰਿਤੀ, ਜਨੂਬ ਮਗ਼ਰਬੀ ਕੋਣ ।

Sovereign, *a.* ਸੌਵਰਇਨ—ਸਰਵ ਸਰੇਸ਼ਟ, ਉੱਤਮ, ਆਲਾ, ਅਜ਼ੀਮ; *n.* ਰਾਜਾ, ਮਹਾਰਾਜਾ, ਅਧਿਪਤੀ, ਸਰਵ ਅਧਿਕਾਰੀ; ਇੰਗਲੈਂਡ ਦੇਸ਼ ਦਾ ਇੱਕ ਸਿੱਕਾ ।

Sovereignly, *adv.* ਸੌਵਰਇਨਲੀ-ਬਹੁਤ, ਅਤਯੰਤ; ਸ਼ਾਹਾਨਾ, ਸ਼ਾਹੀ, ਰਾਜਸੀ ।

Sovereignty, *n.* ਸੌਵਰਇਨਟੀ—ਪਰਭੁਤਾ, ਰਾਜ, ਸ਼ਹਿਨਸ਼ਾਹੀ, ਫ਼ਰਮਾਂ ਰਵਾਈ ।

Sow, *n.* ਸੌ-ਵਰਾਹੀ, ਸੂਰੀ, ਸੂਰਨੀ; ਮਾਹੂ ਇੱਕ ਤਰਾਂ ਦਾ ਕੀੜਾ; ਰੈਨੀ, ਰੇਜ਼ਾ, ਧਾਂਤ ਢਾਲਨ ਦਾ ਇੱਕ ਹਥਿਆਰ; *v. t.* ਬੋਨਾ, ਬੀਜਣਾ; ਫੈਲਾਉਣਾ, ਵਧਾਉਣਾ, ਖਿਡਾਉਣਾ ।

Sower, *n.* ਸੋਅਰ-ਬੀਜਨ ਵਾਲਾ, ਫੈਲਾਉਨ ਵਾਲਾ, ਬਾਨੀ, ਮੂਜਿਦ ।

Sowins, *n.* ਸੌਇਨਜ਼-ਕਾਂਜੀ, ਪਿੱਛ, ਮਾਂਡ ।

Soy, *n.* ਸੌਈ-ਇੱਕ ਪਰਕਾਰ ਦੀ ਚਟਨੀ ਜੋ ਜਾਪਾਨ ਦੇਸ਼ ਥੀਂ ਆਉਂਦੀ ਹੈ ।

Space, *n.* ਸਪੇਸ-ਅਕਾਸ, ਜਗਾ, ਠੌਰ, ਫੈਲਾਓ, ਪਸਾਰ, ਲੰਬਾਈ ਚੌੜਾਈ, ਜੁਗ, ਅੰਤਰ, ਬੀਚ, ਮਧ, ਗੁੰਜਾਇਸ਼, ਮੈਦਾਨ, ਵਕਤ, ਮੁੱਦਤ, ਵਕਫ਼ਾ, ਅਸਨਾ, ਅਰਸਾ, ਫ਼ਾਸਲਾ; ਵਾਜੇ ਦੇ ਪਰਦਿਆਂ ਦਾ ਫ਼ਾਸਲਾ, ਸਿੱਕੇ ਯਾ ਛਾਪੇ ਦੇ ਹਰਫ਼ਾਂ ਵਿੱਚ ਖ਼ਾਲੀ ਥਾਂਓ ਰੱਖਨ ਲਈ ਚੀਜ਼ ।

Spacious, *a.* ਸਪੇਸ਼ਸ—ਵੱਡਾ, ਲੰਮਾ ਚੌੜਾ, ਫ਼ਰਾਖ਼, ਫੈਲਿਆ ਹੋਇਆ, ਖੁਸ਼ਾਦਾ ।

Spaddle, *n.* ਸਪੈਡਲ-ਛੋਟਾ ਫਾਉੜਾ, ਕੁਦਾਲੀ, ਬੇਲਚਾ ।

Spade, *n.* ਸਪੇਡ-ਕੁਦਾਲ, ਫਾਉੜਾ, ਬੇਲਚਾ ।

Spadiceous, *a.* ਸਪੇਡੀਸ਼ਸ-ਹੌਲੇ ਲਾਲ ਰੰਗ ਦਾ, ਸਮੰਦ ।

Spado, *n.* ਸਪੇਡੋ-ਜ਼ਨਾਨਾ, ਨਪੁੰਸਕ, ਮੁਖੱਨਸ, ਖੋਜਾ; ਖੱਸੀ, ਅਖ਼ਤਾਹ ।

Spadroon, *n.* ਸਪੈਡਰੂਨ-ਨੀਮਚਾ, ਘਟ ਚੌੜੀ ਤਲਵਾਰ ।

Spagyric, Spagyrical, *a.* ਸਪੈਜਿਰਿਕ, ਸਪੈਜਿਰੀਕਲ— ਰਸਾਯਨੀ, ਕੀਮਯਾਈ ।

Spahi, *n.* ਸਪਾਹੀ-ਤੁਰਕ ਦੇਸ਼ ਦਾ ਘੁੜਚੜ੍ਹਾ ।

Spake, *p. t.* of Speak, ਸਪੇਕ-ਬੋਲਿਆ ।

Span, *p, t.* of Spin, ਸਪੈਨ-ਕੱਤਿਆ; *n.* ਚੌੜਾ ਸਮਯ ਯਾ ਵਕਫ਼ਾ; ਨੌਂ ਇੰਚ, ਗਿੱਠ, ਬਾਲਿਸ਼ਤ; ਮਹਰਾਬ ਦੀ ਚੌੜਾਈ; ਵਹਨ; ਘੋੜਿਆਂ ਦੀ ਜੋੜੀ; *v. t.* ਬਾਲਿਸ਼ਤ ਯਾ ਗਿੱਠ ਨਾਲ ਮਾਪਣਾ, ਨਾਪਨਾ, ਅੰਦਾਜ਼ਾ ਕ॰; ਜੋਤਣਾ, ਜੋੜਨਾ ।

Spangle, *n.* ਸਪੈਂਗਲ-ਸਿਤਾਰਾ, ਚਮਕਦੀ ਚੀਜ਼, ਬਿੰਦੀ; *v. t.* ਸਤਾਰੇ ਯਾ ਬਿੰਦੀਆਂ ਲਾਉਣੀਆਂ ਯਾ ਜੜਨੀਆਂ ।

Spaniel, *n.* ਸਪੈਨੀਅਲ—ਇੱਕ ਭਾਂਤ ਦਾ ਸ਼ਿਕਾਰੀ ਕੁੱਤਾ; ਖ਼ੁਸ਼ਾਮਦੀ ਟੱਟੂ, ਦਰਬਾਰੀ ਯਾ ਕਚੈਹਰੀ ਦਾ ਕੁੱਤਾ, ਜੀ ਹਜ਼ੂਰੀਆ ।

Spanish, *a.* ਸਪੈਨਿਸ਼-ਸਪੇਨ ਦੇਸ਼ ਦਾ, ਸਪੇਨ ਦੇਸ਼ ਸੰਬੰਧੀ; *n.* ਸਪੇਨ ਦੇਸ਼ ਦੀ ਭਾਖਾ ।

Spank, *v. t.* ਸਪੈਂਕ—ਤਮਾਚਾ, ਚਪੇੜ ਯਾ ਥੱਪੜ ਮਾਰਨਾ ।

Spanker, *n.* ਸਪੈਂਕਰ—ਕੋਈ ਵੱਡੀ ਚੀਜ਼; ਇੱਕ ਸਿੱਕਾ; ਲੰਮੀ ਲਿਗ ਵਾਲਾ ।

Spanner, *n.* ਸਪੈਨਰ—ਮਾਪਨ ਵਾਲਾ; ਪੇਚ ਕੱਸਨ ਦੀ ਲੋਹੇ ਦੀ ਸੀਖ ।

Span-new, *a.* ਸਪੈਨਨਿਊ-ਨਵਾਂ ਨਕੋਰ, ਕੋਰਾ

Spar, *v. i.* ਸਪਾਰ-ਪੰਜਾ ਕ॰, ਖਮ ਠੋਕਨਾ; ਲੜਨਾ, ਝਗੜਨਾ, ਅਟਕਨਾ; *n.* ਇਕ ਚਮਕਦਾਰ ਖਾਨੀ ਮਿੱਟੀ; ਜਹਾਜ਼ ਦਾ ਮਸਤੂਲ, ਕੜੀ, ਤਖ਼ਤਾ ਆਦਿ; ਡੰਡਾ, ਗਜ਼, ਸੰਗਲਾ; ਮੁੱਕਾ, ਦੂਕ, ਘੁੰਸਾ, ਘਸੁੰਨ, ਸਦਮਾ; ਮੁੱਕੇਬਾਜ਼ੀ, ਘਸੁੰਨਮਘਸੁੰਨੀ ।

Spare, *v.t.* ਸਪੇਅਰ-ਛਡਣਾ, ਜਾਨ ਦੇਨਾ, ਤਜਨਾ, ਤਿਆਗਨਾ; ਬਚਾਉਣਾ, ਕਿਫ਼ਾਯਤ ਕ॰, ਜੁਗਤ ਨਾਲ ਚਲਨਾ; ਦੇਨਾ; ਮੁਆਫ਼ ਕ॰, ਖਿਮਾ ਕ॰; ਦਰਗੁਜ਼ਰ ਕ॰; *v. i.* ਬਚਨਾ, ਰਿਆਯਤ ਕ॰; *a.* ਥੋੜਾ, ਅਲਪ, ਇਕਹਿਰਾ, ਪਤਲਾ, ਲਿੱਸਾ, ਦੁਬਲਾ, ਘਟ; ਕਿਫਾਯਤ ਸ਼ਆਰ, ਸੋਚਕੇ ਖਰਚ ਕਰਨ ਵਾਲਾ; ਵਾਧੂ, ਫਾਲਤੂ, ਅਧਿਕ, ਵਧੀਕ, ਜ਼ਿਆਦਾ ।

Spareness, *n.* ਸਪੇਅਰਨੈਸ—ਲਿੱਸਾਪਨ, ਦੁਬਲਾਪਨ, ਪਤਲਾਪਨ, ਲਾਗਰੀ ।

Sparing, *a.* ਸਪੇਰਿੰਗ-ਥੋੜਾ, ਘੱਟ ਖਰਚ, ਕਿਫਾਯਤੀ, ਕੰਜੂਸ ।

Spark, *n.* ਸਪਾਰਕ—ਚਿੰਗਾੜੀ, ਪਤੰਗਾ, ਸ਼ਰਾਰਾ; ਚਮਕਦੀ ਹੋਈ ਕੋਈ ਚੀਜ਼; ਬਿਮਾਹ, ਟੇਢਾ, ਬਾਂਕਾ, ਛੈਲਾ; ਆਸ਼ਕ, ਜਾਰ, ਬਿਸ਼ਨੀ ।

Sparkish, *a.* ਸਪਾਰਕਿਸ਼—ਚਮਕੀਲਾ, ਚਟਕੀਲਾ, ਰੰਗੀਲਾ, ਚੰਗਾ, ਅੱਛਾ, ਦਿਖਨੌਤ ।

Sparkle, *n.* ਸਪਾਰਕਲ—ਝਲਕ, ਪਰਭਾ, ਰੌਣਕ, ਆਬ, ਚਮਕ, ਪਰਤਾਪ, ਚਿੰਗਾੜਾ; *v. i.* ਚਿੰਗਾੜੀਆਂ ਨਿਕਲਣਾ, ਫੁਲ ਝੜਨਾ, ਚਮਕਣਾ, ਝਲਕਣਾ, ਜਗਮਗਾਉਣਾ, ਜਗਮਗ ਜਗਮਗ ਕ०, ਟਿਮਟਿਮਾਉਣਾ; ਬੁਲਬੁਲੇ ਉੱਠਣਾ; *v. t.* ਚਿੰਗਾੜੀਆਂ ਛੱਡਣਾ; ਭੇਦ ਜਾਂ ਭੇਤ ਖੋਲ੍ਹਣਾ; ਪਤੰਗੇ ਉਡਾਉਣੇ ।

Sparkler, *n.* ਸਪਾਰਕਲਰ—ਚਮਕਦੀਆਂ ਅੱਖਾਂ ਵਾਲਾ ।

Sparkling, *a.* ਸਪਾਰਕਲਿੰਗ—ਚਮਕੀਲਾ, ਪਰਕਾਸ਼ਮਾਨ, ਚੰਚਲ, ਚਟਕੀਲਾ, ਚਮਕਦਾ ਹੋਇਆ; *adv.* ਚਮਕ, ਝਲਕ ਜਾਂ ਝਿਲਮਿਲਾਹਟ ਨਾਲ ।

Sparring, *n.* ਸਪਾਰਿੰਗ—ਨੋਕ ਝੋਕ, ਝੜਪ, ਲੜਾਈ ਝਗੜਾ, ਟੰਟਾ ।

Sparrow, *n.* ਸਪੈਰੋ—ਗੌਰੈਯਾ, ਚਿੜੀ ।

Sparry, *n.* ਸਪੈਰੀ—ਬਲੌਰੀਨ ।

Sparse, *v. t.* ਸਪਾਰਸ—ਫੈਲਾਉਣਾ, ਛਿਟਕਾਉਣਾ; *a.* ਫੈਲਿਆ ਹੋਇਆ, ਅਲਗ ੨ ਛਿਦਰਿਆ, ਚੁਣਿਆ ਹੋਇਆ ।

Sparseness, *n.* ਸਪਾਰਸਨੈਸ—ਫੈਲਾਵਟ, ਖਿਲਾਰ, ਇੰਤਸ਼ਾਰ, ਕਮੀ, ਕਿੱਲਤ ।

Spasm, *n.* ਸਪਾਜ਼ਮ—ਜਕੜ, ਮਰੋੜ, ਅੰਗ ਸੂਲ, ਤਸ਼ਾਨੁਜ ।

Spasmodic, *n.* ਸਪਾਜ਼ਮੋਡਿਕ—ਮਰੋੜਾਂ ਨੂੰ ਹਟਾਉਣ ਦੀ ਔਖਧੀ; *a.* ਮਰੋੜਾਂ ਦਾ, ਤਸ਼ਾਨੁਜ ਦਾ ।

Spat, *p. t.* of Spit, ਸਪੈਟ—ਥੁਕਿਆ; *n.* ਘੋਂਗੇ ਦਾ ਬੱਚਾ; ਮੁੱਕਾ, ਘਸੁੰਨ, ਘੁੰਸਾ; ਤੂੰ ਤੂੰ ਮੈਂ ਮੈਂ, ਲੜਾਈ, ਤਕਰਾਰ ।

Spatiate, *v. i.* ਸਪੈਸ਼ੀਏਟ—ਘੁਮਣਾ, ਭਰਮਣ ਕ०, ਫਿਰਨਾ, ਸੈਰ ਕ० ।

Spatter, *v. t.* ਸਪੈਟਰ—ਚਿੱਕੜ ਜਾਂ ਮਿੱਟੀ ਨਾਲ ਭਰ ਦੇਣਾ, ਮੈਲਾ ਕ०, ਨਾਪਾਕ ਕ०; ਐਬ ਜਾਂ ਤੋਹਮਤ ਲਗਾਉਣਾ; *v. i.* ਥੁਕਣਾ, ਉਗਲਣਾ ।

Spatula, Spattle, *n.* ਸਪੈਟੂਲਾ, ਸਪੈਟਲ—ਲੇਪ ਕਰਨ ਜਾਂ ਮਰਹਮ ਲਗਾਉਣ ਦਾ ਸੰਦ ।

Spavin, *n.* ਸਪੈਵਿਨ—ਮੋਚੜਾ, ਹੱਡਾ ਘੋੜਿਆਂ ਦਾ ਰੋਗ ਜਾਂ ਬੀਮਾਰੀ ।

Spawl, *v. i.* ਸਪਾਲ—ਥੁੱਕਣਾ, ਥੁੱਕ ਸੁੱਟਣਾ; *n.* ਥੁੱਕ, ਰਾਲ, ਖੰਘਾਰ ।

Spawn, *n.* ਸਪੌਨ—ਮੱਛੀਆਂ ਜਾਂ ਡੱਡੂਆਂ ਦੇ ਅੰਡੇ ਬੱਚੇ, ਫੈਲ, ਔਲਾਦ; ਰੂਈ ਜਿਸ ਥੀਂ ਖੁੰਬ ਜੰਮਦੀ ਹੈ; *v. t.* ਅੰਡੇ ਦੇਣਾ, ਜਣਨਾ, ਉਤਪੰਨ ਜਾਂ ਪੈਦਾ ਕ० ।

Spawner, *n.* ਸਪੌਨਰ—ਮੱਛੀ (ਇਸਤ੍ਰੀ ਲਿੰਗ) ।

Spay, *v. t.* ਸਪੇ—ਅੰਡਾਧਾਰ ਨਾਸ਼ ਕ०, ਨਾਰੀ (ਮਾਦਾ) ਨੂੰ ਖੱਸੀ ਕ० ।

Speak, *v. i.* ਸਪੀਕ—ਬੋਲਣਾ, ਬਾਤਚੀਤ ਕ०, ਕਹਣਾ; *v. t.* ਉਸਤਤੀ ਕ०, ਸ਼ੋਹਰਤ ਕ०, ਪਰਸਿੱਧ ਕ०, ਦਿਖਾਉਣਾ, ਪ੍ਰਗਟ ਕ० ।

Speakable, *a.* ਸਪੀਕੇਬਲ—ਕਹਣ ਜੋਗ ।

Speaker, *n.* ਸਪੀਕਰ—ਵਕਤਾ, ਭਾਸ਼ੀ, ਕਹਣ ਵਾਲਾ, ਬੋਲਣ ਵਾਲਾ, ਮੁਤਕੱਲਿਮ, ਬੋਲਣ ਦਾ ਬਲ ਰੱਖਣ ਵਾਲਾ ।

Speaking, *a.* ਸਪੀਕਿੰਗ—ਬੋਲਦੀ ਹੋਈ, ਹੂਬਹੂ, ਜੀਵਤ; *n.* ਵਾਰਤਾਲਾਪ, ਗਲਬਾਤ, ਬਾਤਚੀਤ, ਗੁਫ਼ਤਗੂ, ਤਕਰੀਰ, ਬਚਨ ਬਿਲਾਸ ।

Spear, *n.* ਸਪੀਅਰ—ਭਾਲਾ, ਬਰਛਾ, ਬਰਛੀ, ਬੱਲਮ, ਨੇਜ਼ਾ; ਪੱਤਾ, ਪੱਠਾ; *v. t.* ਭਾਲਾ ਜਾਂ ਬੱਲਮ ਮਾਰਨਾ; *v. i.* ਕਿੱਲਾ ਫੁੱਟਣਾ ।

Special, *a.* ਸਪੈਸ਼ੀਅਲ—ਜਾਤਿ ਵਾਚਕ, ਅਸਾਧਾਰਣ, ਅਨੂਠਾ, ਅਨੋਖਾ, ਅਪਰਸਿੱਧ, ਵਿਸ਼ੇਸ਼, ਜੋਗ, ਮਖਸੂਸ, ਖਾਸ, ਸ਼ਾਜ਼ਾਂ, ਨਾਦਿਰ, ਉਮਦਾ, ਲਾਸਾਨੀ ।

Speciality, Specialty, *n.* ਸਪੈਸ਼ੀਐਲੀਟੀ, ਸਪੈਸ਼ੀਅਲਟੀ—ਵਿਸ਼ੇਸ਼ਤਾ, ਅਸਾਧਾਰਣਤਾ, ਗੁਣ, ਸੁਭਾਉ, ਖ਼ਾਸੀਅਤ, ਖਾਸਾ ।

Specialize, *v. t.* ਸਪੈਸ਼ੀਏਲਾਇਜ਼—ਵਿਸ਼ੇਸ਼ ਕਰਕੇ ਵਰਨਣ ਜਾਂ ਚਰਚਾ ਕ०, ਮਖਸੂਸ ਕ० ।

Specially, *adv.* ਸਪੈਸ਼ੀਅਲੀ—ਮੁਖ ਜਾਂ ਵਿਸ਼ੇਸ਼ ਕਰਕੇ, ਖਾਸ ਕਰ, ਖ਼ਸੂਸਨ ।

Specie, *n.* ਸਪੈਸ਼ੀ—ਨਕਦੀ, ਰੋਕੜ, ਰੁਪਯਾ, ਅਸ਼ਰਫ਼ੀ, ਸਿੱਕਾ ।

Species, *n.* ਸਪੀਸ਼ਜ਼—ਜਾਤੀ, ਤਰਾਂ, ਭਾਂਤਿ, ਕਿਸਮ, ਪਰਕਾਰ; ਜਿੰਸ, ਨਸਲ, ਇੱਕ ਅੰਗ ਜਾਂ ਸੂਰਤ; ਢੰਗ, ਸ਼ਕਲ, ਦਸ਼ਾ ।

Specific, Specifical, *a.* ਸਪੈਸੀਫ਼ਿਕ, ਸਪਸੀਫ਼ੀਕਲ—ਅਸਾਧਾਰਣ, ਵਿਸ਼ੇਸ਼, ਖ਼ਾਸ, ਜਿੰਸੀ, ਕਿਸਮੀ, ਭਾਂਤਿ ਦਾ ।

Specific, *n.* ਸਪੈਸੀਫ਼ਿਕ—ਵਿਸ਼ੇਸ਼ ਔਖਧੀ, ਕਟਕਾ, ਹੁਕਮੀ ਦੁਆ, ਟੋਟਕਾ ।

Specifically, *adv.* ਸਪੈਸੀਫ਼ੀਕਲੀ—ਜਿੰਸਵਾਰ, ਸਵਭਾਵ ਨਾਲ ।

Specification, *n.* ਸਪੈਸੀਫ਼ੀਕੇਸ਼ਨ—ਠਹਰਾਓ, ਵਿਓਰਾ, ਤਫ਼ਸੀਲ, ਤਸ਼ਰੀਹ ।

Specificness, *n.* ਸਪੈਸੀਫ਼ਿਕਨੈਸ—ਵਿਸ਼ੇਸ਼ ਚਿੰਨ੍ਹ, ਖ਼ਾਸ ਨਿਸ਼ਾਨ, ਖ਼ਾਸਾ ।

Specify, *v. t.* ਸਪੈਸੀਫ਼ਾਈ—ਵਿਸ਼ੇਸ਼ ਵਰਨਣ ਕ॰, ਵਿਸਤਾਰ ਪੂਰਬਕ ਕਹਨਾ ਜਾ ਲਿਖਨਾ ।

Specimen, *n.* ਸਪੈਸੀਮੈਨ—ਨਮੂਨਾ, ਮਿਸਾਲ, ਆਦਰਸ਼, ਬਾਂਗੀ ।

Specious, *a.* ਸਪੇਸ਼ਸ—ਦਿਖਾਵੇ ਦਾ, ਨੁਮਾਇਸ਼ੀ, ਜ਼ਾਹਰਦਾਰ, ਉੱਪਰੋਂ ਦੇਖਨ ਵਿੱਚ ਚੰਗਾ, ਧੋਖੇ ਦਾ ।

Speciousness, *n.* ਸਪੇਸ਼ਸਨੈਸ—ਰੰਗਤ, ਦਿਖਾਵਾ, ਓਪਰਾ ਰੂਪ, ਜ਼ਾਹਰੀ ਸ਼ਕਲ ।

Speck, *n.* ਸਪੈਕ—ਚਿੰਨ੍ਹ, ਬਿੰਦੂ, ਬੂੰਦ, ਦਾਗ਼, ਤਿਲ, ਨਿਸ਼ਾਨ; ਮੱਛੀ ਦੀ ਚਰਬੀ ।

Speck, Speckle, *v. t.* ਸਪੈਕ, ਸਪੈਕਲ—ਦਾਗੀ ਕ॰, ਬਿੰਦੂ ਜਾ ਧੱਬਾ ਲਗਾਉਨਾ ।

Speckle, *n.* ਸਪੈਕਲ—ਛੋਟਾ ਦਾਗ਼ ਜਾ ਬਿੰਦੂ ।

Spectacle, *n.* ਸਪੈਕਟੇਕਲ—ਤਮਾਸ਼ਾ, ਲੀਲ੍ਹਾ, ਦਿਖਾਵਾ, *pl.* ਉਪਨੇਤਰ, ਐਨਕ, ਚਸ਼ਮਾ; ਰੂਪ, ਮੂਰਤ, ਸ਼ਕਲ ।

Spectacular, *a.* ਸਪੈਕਟੇਕੂਲਰ—ਤਮਾਸ਼ੇ ਦਾ ।

Spectation, *n.* ਸਪਕਟੇਸ਼ਨ—ਮਾਨ, ਆਦਰ, ਸਤਿਕਾਰ, ਇੱਜ਼ਤ ।

Spectator, *n.* ਸਪੈਕਟੇਟਰ—ਦਰਸ਼ਟਾ, ਦੇਖਨ ਵਾਲਾ, ਤਮਾਸ਼ਾਈ, ਤਮਾਸ਼ਬੀਨ ।

Spectatress, *n.* ਸਪੈਕਟੇਟਰੈਸ—ਦੇਖਨ ਵਾਲੀ ।

Spectre, *n.* ਸਪੈਕਟਰ—ਛਾਯਾ, ਪਰੇਤ, ਭੂਤ, ਬੈਤਾਲ, ਪਿਸ਼ਾਚ ।

Spectrum, *n.* ਸਪੈਕਟਰਮ—ਰੂਪ ਜੋ ਅੱਖ ਬੰਦ ਕਰਨ ਪਿੱਛੋਂ ਦਿੱਸੇ; ਰੰਗ ਜੋ ਹਨੇਰੇ ਵਿੱਚ ਕਿਰਣ ਪੈਨ ਪੁਰ ਦਿੱਸਣ ।

Specular, *a.* ਸਪੈਕੂਲਰ—ਦਰਿਸ਼ਟੀ ਸਹਾਯਕ ।

Speculate, *v. i.* ਸਪੈਕੂਲੇਟ—ਵਿਚਾਰਨਾ, ਸੋਚਨਾ, ਕਲਪਨਾ ਕ॰, ਅਟਕਲ ਕ॰; ਲਾਭ ਦੀ ਆਸ ਪੁਰ ਰੁਪਯਾ ਲਗਾਉਨਾ ।

Speculation, *n.* ਸਪੈਕੂਲੇਸ਼ਨ—ਵਿਚਾਰ, ਸੋਚ, ਚਿੰਤਾ, ਕਲਪਨਾ, ਖ਼ਿਆਲ, ਕਿਆਸ ।

Speculatist, *n.* ਸਪੈਕੂਲੇਟਿਸਟ—ਖ਼ਰੀਦ ਪੁਰ ਲਾਭ ਦੀ ਆਸ ਰੱਖਨ ਵਾਲਾ ।

Speculative, *a.* ਸਪੈਕੂਲੇਟਿਵ—ਚਿੰਤਾਵਾਨ, ਧਿਆਨੀ, ਕਿਆਸੀ, ਖ਼ਿਆਲੀ; ਆਸ ਪੁਰ ਰੁਪਯਾ ਲਗਾਉਣ ਵਾਲਾ ।

Speculator, *n.* ਸਪੈਕੁਲੇਟਰ—ਉਦਯੋਗੀ, ਅਟਕਲਬਾਜ਼; ਲਾਭ ਦੀ ਆਸ ਪੁਰ ਬਿਓਪਾਰ ਕਰਨ ਵਾਲਾ ।

Speculum, *n.* ਸਪੈਕੂਲਮ—ਦਰਪਣ, ਆਰਸੀ, ਆਇਨਾ, ਸ਼ੀਸ਼ਾ; ਘਾਓ (ਜ਼ਖ਼ਮ) ਨੂੰ ਚੌੜਾ ਕਰਨ ਦਾ ਇੱਕ ਯੰਤਰ; ਬਤਖ਼ ਦੇ ਪਰਾਂ ਪੁਰ ਚਿੱਟੇ ਧੱਬੇ ।

Speech, *n.* ਸਪੀਚ—ਬੋਲੀ, ਬਾਨੀ, ਕਲਾਮ, ਸ਼ਬਦ, ਜ਼ਬਾਨ, ਭਾਖਾ, ਬਖਾਨ, ਤਕਰੀਰ, ਵਰਨਣ, ਬਿਆਨ, ਕਥਨ ।

Speed, *v. i.* ਸਪੀਡ—ਜਲਦੀ, ਸ਼ਿਤਾਬੀ ਜਾ ਫੁਰਤੀ ਕ॰, ਜਲਦੀ ਜਾਨਾ; ਵਧਨਾ, ਫੁਲਨਾ; ਗੁਜ਼ਰਨਾ, ਨਿਭਨਾ, ਰਹਨਾ, ਕਾਮਯਾਬ ਹੋਨਾ, ਬਨ ਪੈਨਾ; ਚੰਗੀ ਜਾ ਬੁਰੀ ਦਸ਼ਾ ਵਿੱਚ ਹੋਨਾ; *v. t.* ਦੌੜਾਉਨਾ, ਭਜਾਉਨਾ, ਚਲਾਉਨਾ; ਬਧਦੇ, ਜਲਦੀ, ਸ਼ੀਘਰ ਜਾ ਛੇਤੀ ਭੇਜਨਾ; ਸਹਾਇਤਾ ਜਾ ਮੱਦਦ ਦੇਨਾ, ਹੱਥ ਲਾਉਨਾ; ਨਤੀਜੇ ਪੁਰ ਪਹੁੰਚਨਾ; ਮਾਰ ਮਿੱਟਨਾ, ਬਧ ਕ॰, ਸਮਾਪਤ ਕ॰; *n.* ਸ਼ੀਘਰਤਾ, ਚਾਲਾਕੀ, ਤੇਜ਼ੀ, ਜਲਦੀ, ਉਤਾਵਲੀ, ਫੁਰਤੀ ।

Speediness, *n.* ਸਪੀਡੀਨੈਸ—ਸ਼ਿਤਾਬੀ, ਜਲਦੀ, ਚਾਲਾਕੀ, ਸ਼ੀਘਰਤਾ ।

Speedy, *a.* ਸਪੀਡੀ—ਜਲਦ, ਫੁਰਤੀਲਾ, ਤੇਜ਼, ਉਤਾਵਲਾ, ਚਾਲਾਕ, ਚੰਚਲ, ਜਲਦਬਾਜ਼ ।

Spell, *n.* ਸਪੈਲ—ਜਾਦੂ, ਟੂਨਾ, ਮੰਤਰ; ਕੰਮ ਦੀ ਵਾਰੀ, ਬਦਲੀ, ਥੋੜਾ ਸਮਯ; ਹਿਜਾ, ਅੱਖਰ ਦਾ ਜੋੜ, ਤਲੱਫ਼ੁਜ਼, ਉੱਚਾਰਣ; *v. t.* ਵਾਚ ਲੈਨਾ, ਪੜ੍ਹਨਾ, ਜਾਨਣਾ, ਹਿਜੇ ਜਾ ਜੋੜ ਕ॰; ਟੂਨਾ ਜਾ ਜਾਦੂ ਕ॰; *v. i.* ਵਾਰੀ ਨਾਲ ਕੰਮ ਕ॰, ਬਦਲੀ ਕ॰ ।

Spelling, *n.* ਸਪੈਲਿੰਗ—ਹਿਜੇ, ਅਖਰੌਤੀ, ਵਰਤਨੀ, ਇਮਲਾ, ਠੀਕ ਅੱਖਰਾਂ ਨਾਲ ਸ਼ਬਦ ਲਿਖਣ ਦਾ ਢੰਗ ।

Spelt, *p.t.* of Spell, ਸਪੈਲਟ-ਹਿਜੇ ਕੀਤਾ, ਹਿਜੇ ਕੀਤਾ ਹੋਇਆ; *n.* ਪੱਮਨ ਕਨਕ ।

Spelter, *n.* ਸਪੈਲਟਰ-ਅ... ਜਸਤ ।

Spencer, *n.* ਸਪੈਨਸਰ-ਸਦਰੀ, ਫਤੂਹੀ ।

Spend, *v. t.* ਸਪੈਂਡ-ਲਗਾਉਣਾ, ਉਠਾਉਣਾ ਵਯ ਕ॰, ਦੇਣਾ, ਖ਼ਰਚ ਕ॰; ਨਸ਼ਟ ..., ਲੁਟਾਉਣਾ, ਕੱਟਣਾ, ਤੋੜਨਾ; *v. i.* ਲੁਕ ਜਾਣਾ, ਗੁਮ ਹੋਣਾ, ਉਡ ਜਾਣਾ, ਹੋ ਚੁਕਣਾ ।

Spending, *n.* ਸਪੈਂਡਿੰਗ-ਖਰਚ, ਵਯ ।

Spere, *v. t.* ਸਪਰ—ਪੁੱਛਣਾ, ਮਲੂਮ ਕ॰, ਦਰਯਾਫ਼ਤ ਕ॰, ਪਤਾ ਕ॰ ।

Sperm, *n.* ਸਪਰਮ-ਬੀਰਜ, ਧਾਂਤ, ਨੁਤਫ਼ਾ, ਮਨੀ; ਇੱਕ ਦਰਿਆਈ ਜੀਵ ਦੇ ਸਿਰ ਦਾ ਤੇਲ; ਮੱਛੀਆਂ ਯਾ ਡੱਡੂਆਂ ਦੇ ਆਂਡੇ ।

Spermaceti, *n.* ਸਪਰਮੇਸੇਟੀ-ਵੇਲ ਮੱਛੀ ਦੇ ਸਿਰ ਦਾ ਤੇਲ ।

Spermatic, *a.* ਸਪਰਮੇਟਿਕ-ਮਨੀ, ਨੁਤਫ਼ਾ ਯਾ ਬੀਰਜ ਦਾ, ਧਾਂਤ ਸੰਬੰਧੀ ।

Spermatorrhœa, *n.* ਸਪਰਮੇਟੋਰੀਆ—ਪਰਮੇਹ, ਧਾਂਤ ਦਾ ਵਗਣਾ, ਜਰਯਾਨ ਮਨੀ ।

Spew, *v. t.* ਸਪੂ-ਛਾਂਟਣਾ, ਕੱਢ ਦੇਣਾ, ਕੈ ਕ॰, ਉਗਲਣਾ ।

Spewy, *a.* ਸਪੂਈ-ਤਰ, ਗਿੱਲਾ, ਠੰਡਾ, ਨਮ

Sphacelate, *v. i.* ਸਫੈਸੇਲੇਟ-ਗਲਣਾ, ਸੜਨਾ, ਛਿਜਣਾ ।

Sphacelus, *n.* ਸਫੈਸੇਲਸ—ਸੜਨ, ਗਲਨ, ਹੱਡੀ ਦਾ ਮਰ ਜਾਣਾ ।

Sphagnous, *a.* ਸਫੈਗ..ਸ-ਕਾਈਦਾਰ ।

Sphene, *n.* ਸਫੇਨ-ਇੱਕ ਪਰਕਾਰ ਦੀ ਰੰਗ ਬਰੰਗੀ ਖਾਣੀ ਯਾ ਕਾਨੀ ਚੀਜ਼ ।

Sphenoid, Sphenoidal, *a.* ਸਫੈਨੋਇਡ, ਸਫੈਨੋਈਡਲ—ਮੇਖ ਦੇ ਰੂਪ ਦਾ ।

Sphere, *n.* ਸਫੀਅਰ-ਮੰਡਲ, ਗੋਲਾ, ਗੇਂਦ, ਵਿੰਬ, ਚਕ੍ਰ; ਵਿਸ਼ਯ, ਧਰਮ, ਪਰਕਰਣ, ਅਧਿਕਾਰ, ਦੇਸ਼, ਪਦ, ਸਥਾਨ, ਦਰਜਾ, ਗੁਣ, ਕੁਰਾਹ, ਆਕਾਸ਼, ਰਾਸ਼, ਦੌਰ, ਸਿਰਦਾ, ਹਲਕਾ; *v. t.* ਮੰਡਲ ਵਿੱਚ ਧਰਨਾ, ਗੋਲਾਕਾਰ ਯਾ ਗੋਲਾ ਬਨਾਉਣਾ ।

Spheric, Spherical, *a.* ਸਫੈਰਿਕ, ਸਫੈਰੀਕਲ-ਗੋਲਾਕਾਰ, ਕੁਰਵੀ ।

Spherul, *n.* ਸਫੈਰੂਲ-ਗੋਲੀ, ਛੋਟਾ ਕੁਰਾਹ ।

Sphinx, *n* ਸਫਿੰਕਸ—ਇੱਕ ਕਲਪਿਤ ਜੰਤੂ ਜਿਸਦਾ ਮੂੰਹ ਇਸਤਰੀ ਜੇਹਾ ਤੇ ਸਰੀਰ ਸ਼ੇਰ ਜੇਹਾ ਹੁੰਦਾ ਹੈ ।

Spice, *n.* ਸਪਾਇਸ-ਮਸਾਲਾ, ਬਾਸ, ਗੰਧ, ਬੂ; *v. t.* ਮਸਾਲੇ ਵਾਲਾ ਕ॰, ਛੌਂਕਣਾ, ਬਘਾਰਨਾ, ਸਵਾਦੀ ਬਨਾਉਣਾ ।

Spicery, Spices, *n.* ਸਪਾਇਸਰੀ, ਸਪੀਸੇਜ਼—ਗਰਮ ਮਸਾਲਾ, ਕਿਰਾਨਾ; ਮਸਾਲੇ ਦੀ ਹੱਟੀ

Spicular, *a.* ਸਪੀਕੂਲਰ-ਨੋਕਦਾਰ ।

Spiculate, *v. t.* ਸਪੀਕੂਲੇਟ—ਨੁਕੀਲਾ ਯਾ ਨੋਕਦਾਰ ਕ॰, ਨੋਕ ਤਿੱਖੀ ਕ॰ ।

Spicy, *a.* ਸਪੀਸੀ-ਮਸਾਲੇਦਾਰ, ਖ਼ੁਸ਼ਬੂਦਾਰ; ਤਿੱਖਾ, ਤੇਜ਼, ਚੁਭਦਾ ਹੋਇਆ ।

Spider, *n.* ਸਪਾਇਡਰ-ਮਕੜੀ, ਮਕੌੜਾ; ਇਕ ਤਰਾਂ ਦਾ ਭਾਂਡਾ ।

Spigot, *n.* ਸਪੀਗੋਟ-ਡਾਟ, ਗੱਟਾ, ਡੱਟਾ ।

Spike, *n.* ਸਪਾਇਕ—ਮੇਖ, ਕਿੱਲ, ਕੋਂਪਲ, ਅੰਕੁਰ; ਸੀਸ, ਝੁੰਮਾ, ਵਾਲ; *v. t.* ਮੇਖ ਜੜਨਾ, ਬੰਦ ਕ॰, ਕਿੱਲਾਂ ਨਾਲ ਜਕੜਨਾ; ਨੋਕ ਕੱਢਣਾ, ਤੇਜ਼ ਕ॰; ਤੋਪ ਵਿੱਚ ਮੇਖ ਠੋਕਣਾ

Spikenard, *n.* ਸਪਾਇਕਨਾਰਡ-ਬਾਲ ਛੜ, ਜਟਾਮਾਸੀ ।

Spiky, *a.* ਸਪੀਕੀ-ਨੁਕੀਲਾ, ਨੋਕਦਾਰ; ਮੇਖ ਯਾ ਕਿੱਲ ਲੱਗਿਆ ।

Spill, *v. t.* ਸਪਿਲ-ਛਲਕਾਉਣਾ, ਗਿਰਾਉਣਾ, ਡਾਲਨਾ, ਗਿਰਾ ਦੇਣਾ, ਡੁਲ੍ਹਾ ਦੇਣਾ, ਲੁਟਾਉਣਾ, ਉੱਧਾ ਕ॰, ਖਿੰਡਾਉਣਾ; *n.* ਕਿਲ, ਡਾਟ, ਗੱਟਾ; ਸੂਈ, ਸੀਖ, ਸਲਾਖ, ਡੱਕਲਾ, ਸਲਾਈ

Spiller, *n.* ਸਪਿੱਲਰ-ਮੱਛੀ ਫੜਨ ਦੀ ਡੋਰੀ ਯਾ ਰੱਸੀ; ਛਲਕਾਣ ਵਾਲਾ, ਡਾਨ ਵਾਲਾ ।

Spin, *v. t.* ਸਪਿਨ—ਕੱਤਣਾ, ਖਿੱਚਣਾ, ਲੰਬਾ ਕ॰, ਵਧਾਉਣਾ, ਘੁਮਾਉਣਾ, ਫਿਰਾਉਣਾ, ਚੱਕ੍ਰ ਮਾਰਨਾ, ਪੂਰਾ ਕ॰, ਭਰਨਾ ।

Spinach, Spinage, *n.* ਸਪੀਨੇਚ, ਸਪੀਨੇਜ—ਇੱਕ ਪਰਕਾਰ ਦਾ ਸਾਗ, ਪਾਲਕ, ਬਾਥੂ ।

Spinal, *a.* ਸਪੀਨਲ—ਰੀੜ੍ਹ ਦਾ, ਕੰਗਰੋੜ ਸੰਬੰਧੀ ।

Spindle, *n.* ਸਪਿੰਡਲ—ਤਕਲਾ, ਫਿਰਕੀ, ਧੁਰ, ਚਮਰਖ, ਦਮਾਖੜਾ; ਘੜੀ ਦਾ ਇੱਕ ਪੁਰਜ਼ਾ; ਡੰਠਲ; ਨਰਦਾ, ਡੰਡਾ; ਇੱਕ ਨਾਪ; *v. t.* ਪਤਲੀ ਸ਼ਾਖ ਦੇ ਰੂਪ ਵਿੱਚ ਵਧਣਾ, ਡੰਡਲ ਨਿਕਲਣਾ ।

Spine, *n.* ਸਪਾਇਨ—ਕੰਡਾ, ਕਾਂਟਾ, ਖ਼ਾਰ, ਸੂਲ; ਰੀੜ੍ਹ, ਕੰਗਰੋੜ; ਪਿੰਡਲੀ ਦੇ ਅੱਗੇ ਦੀ ਹੱਡੀ; ਪਹਾੜੀ, ਪੁਸ਼ਤਾਹ ।

Spinel, Spinelle, *n.* ਸਪੀਨੈਲ—ਧਾਤ, ਇੱਕ ਕਾਨੀ ਜਾਂ ਖਾਨੀ ਸ਼ੈ ।

Spinet, *n.* ਸਪੀਨੈਟ—ਇੱਕ ਤਰਾਂ ਦਾ ਵਾਜਾ ।

Spink, *n.* ਸਪਿੰਕ—ਇੱਕ ਛੋਟੀ ਚਿੜੀ ।

Spinner, *n.* ਸਪਿੱਨਰ—ਕੱਤਣ ਵਾਲਾ, ਮਕੜੀ ।

Spinning, *n.* ਸਪਿਨਿੰਗ—ਕੱਤਣਾ, ਕਾਤਣਾ ।

Spinose, Spinous, *a.* ਸਪੀਨੋਜ਼, ਸਪੀਨਸ—ਕੰਟੀਲਾ, ਖ਼ਾਰਦਾਰ, ਕਾਂਟੇਦਾਰ, ਕੰਡਿਆਂ ਨਾਲ ਭਰਿਆ ਹੋਇਆ; *n.* Spinosity.

Spinster, *n.* ਸਪਿੰਸਟਰ—ਕੱਤਣ ਵਾਲੀ; ਕੰਞਾਂ, ਕੁਆਰੀ, ਬਿਨ ਵਿਆਹੀ ।

Spiny, *a.* ਸਪਿਨੀ—ਕੰਟੀਲਾ, ਕੰਡਿਆਂ ਵਾਲਾ; ਕਠਿਨ, ਮੁਸ਼ਕਲ, ਔਖਾ, ਦੁਸ਼ਵਾਰ ।

Spiracle, *n.* ਸਪੀਰੇਕਲ—ਵਾਯੂ ਪਥ, ਦਮ ਜਾਂ ਸਾਹ ਲੈਣ ਦਾ ਛੇਕ ।

Spiral, *a.* ਸਪਿਰਲ—ਪੇਚਦਾਰ, ਨਾਗਦੁਮ, ਮੀਨਾਰੀ; *n.* ਪੇਚਦਾਰ ਪਹੀਯਾ ।

Spire, *n.* ਸਪਾਇਰ—ਪੇਚ, ਲਪੇਟ, ਮਰੋੜੀ; ਮੀਨਾਰ, ਮੁਨਾਰਾ, ਲਠ; ਡੰਡੀ, ਡੰਠਲ, ਪੱਠਾ; ਸਿਰਾ, ਨੋਕ, ਚੋਟੀ; ਚਕ੍ਰ, ਪੇਚ, ਘੁਮ ।

Spirit, *n.* ਸਪਿਰਿਟ—ਦਮ, ਸਾਹ, ਸਾਂਸ, ਸਵਾਸ, ਪਰਾਣ, ਜੀ, ਜਾਨ, ਜ਼ਿੰਦਗੀ, ਕੁੱਵਤ, ਆਤਮਾ, ਰੂਹ; ਜਿੰਨ, ਭੂਤ, ਪਰੇਤ, ਪਿਸ਼ਾਚ; ਸਦਭਾਵ, ਉਤਸ਼ਾਹ ਸਰਗਰਮੀ, ਚਿਤ, ਮਨ, ਪਰਾਕ੍ਰਤੀ, ਵਡੀ ਲਾਲਸਾ, ਕਾਮਨਾ, ਚਾਹ, ਇੱਛਾ; ਫੁਰਤੀਲਾ ਜਾਂ ਚਾਲਾਕ ਆਦਮੀ; ਮਦ, ਸ਼ਰਾਬ; ਸਾਹਸ, ਹੌਸਲਾ, ਧੁੱਧੀ, ਸ਼ਕਤੀ, ਆਨੰਦ, ਹੁਲਾਸ, ਹਰਖ, ਖ਼ੁਸ਼ੀ; ਰਾਜ, ਅਰਥ, ਮਤਲਬ, ਤਾਤਪਰਜ, ਤੱਤਵ, ਮੁੱਦਾ, ਮੁਰਾਦ, ਮੰਸ਼ਾ; ਇਤਰ, ਸਤ, ਰੂਹ; *v. t.* ਸਾਹਸ, ਦਲੇਰੀ ਜਾਂ ਹੌਸਲਾ ਦੇਣਾ, ਉਕਸਾਉਣਾ, ਹਿੰਮਤ ਵਧਾਉਣਾ; ਲੈ ਭਜਣਾ, ਭਜਾ ਲੈ ਜਾਣਾ ।

Spirited, *a.* ਸਪਿਰਿਟਿਡ—ਤੇਜ਼, ਫੁਰਤੀਲਾ, ਤੀਕਸ਼ਨ, ਪਰਬਲ, ਜ਼ਿੰਦਾ ਦਿਲ, ਦਲੇਰ, ਜਾਨ-ਦਾਰ, ਹਿੰਮਤ ਵਾਲਾ, ਤੇਜ਼ਾ, ਸਰਗਰਮ, ਚਾਲਾਕ ।

Spiritous, *a.* ਸਪਿਰੀਟਸ—ਆਤਮਾ ਸਮਾਨ, ਰੂਹ ਦੀ ਮਾਨਿੰਦ; ਸ਼ੁੱਧ, ਸਾਫ਼, ਖਾਲਿਸ; ਚਾਲਾਕ, ਤੇਜ਼, ਫੁਰਤੀਲਾ ।

Spiritual, *a.* ਸਪਿਰਟੂਅਲ—ਆਤਮਿਕ, ਆਤਮ ਸਰੂਪ, ਅਮੂਰਤਿਮਾਨ, ਨਿਰਾਕਾਰ, ਪਵਿੱਤਰ, ਸੁੱਚਾ, ਧਰਮ ਵਿਸ਼ਯਕ, ਧਰਮ ਦਾ, ਰੂਹਾਨੀ, ਦਿਲੀ, ਪਾਕ, ਸਾਫ਼ ।

Spiritualism, *n.* ਸਪਿਰਿਟੂਅਲਿਜ਼ਮ—ਇਹ ਮਤ ਕਿ ਜੋ ਕੁਝ ਹੈ ਸੋ ਆਤਮਾ ਹੈ, ਗਿਆਨ ਮਾਰਗ, ਬ੍ਰਹਮਵਾਦ ।

Spirituality, *n.* ਸਪਿਰਿਟੂਐਲੀਟੀ—ਨਿਰਾਕਾਰ ਤੱਤ, ਅਮੂਰਤੀ ਤੱਤਵ, ਨਾਜਿਸਮਾਨੀਅਤ ।

Spiritualize, *v. t.* ਸਪਿਰਿਟੂਏਲਾਇਜ਼—ਸਾਫ਼, ਨਿਰਮਲ ਜਾਂ ਸਵੱਛ ਕ०, ਸੋਧਣਾ; ਰੂਹ ਖਿੱਚਣਾ ।

Spiritualty, *n.* ਸਪਿਰਿਟੂਅਲਟੀ—ਧਰਮ ਸਮਾਜ, ਦੀਨੀ ਜਮਾਅਤ ।

Spirometer, *n.* ਸਪਿਰੋਮੇਟਰ—ਸਾਂਸ, ਦਮ ਜਾਂ ਸਵਾਸ ਨਾਪ ।

Spirt, *v. i.* ਸਪਰਟ—ਉਬਲਣਾ, ਫੁਟਣਾ, ਨਿਕਲਣਾ, ਛਟਕਣਾ; *n.* ਨਿਕਾਸ, ਏਕਾਏਕੀ ਦੀ ਚੇਸ਼ਟਾ ।

Spiry, *a.* ਸਪਿਰੀ—ਪੇਚਦਾਰ, ਪੇਚੀਦਾ, ਮੁਨਾਰੇ ਜੇਹਾ, ਮੁਨਾਰੇਦਾਰ ।

Spirtle, *v. i.* ਸਪਰਟਲ—ਛਿੜਕਣਾ, ਛਿਟਕਣਾ ।

Spissated, *a.* ਸਪਿਸਸੇਟਿਡ—ਮੋਟਾ, ਸਥੂਲ, ਗਾੜ੍ਹਾ, ਘਣਾ ।

Spissitude, *n.* ਸਪਿਸਸੀਟੂਡ—ਮੋਟਾਈ, ਘਣਾ-ਪਨ, ਸਥੂਲਤਾ, ਗਾੜ੍ਹਾਪਨ ।

Spit, *n.* ਸਪਿਟ—ਲੋਹੇ ਦੀ ਸਲਾਈ, ਸੀਖ; ਨਾਸ, ਜ਼ਿਮੀਂ ਦੀ ਗਿੱਠੀ; ਫਾਉੜਾ ਭਰ ਮਿੱਟੀ; ਥੁੱਕ, ਰਾਲ; *v. t.* ਸੀਖ ਪੁਰ ਧਰਨਾ, ਪਰੋਣਾ, ਗੁੰਥਣਾ; ਥੁਕਣਾ, ਥੁਕ ਸਿੱਟਣਾ ।

Spitch, Spitch-cock, *v. t.* ਸਪਿਚ, ਸਪਿਚਕੌਕ—ਬਾਮ ਮੱਛੀ ਨੂੰ ਖੜਾ ਚੀਰਕੇ ਕੋਲਿਆਂ ਪੁਰ ਭੁਨਣਾ ।

Spite, *n.* ਸਪਾਇਟ—ਦਵੇਖ, ਲਾਗਬਾਜ਼ੀ, ਵੈਰ, ਕੀਨਾ, ਈਰਖਾ, ਘਿਨਾ; ਅਕਸ, ਜ਼ਿਦ; *v. t.* ਕੱਟਣਾ, ਤੋੜਨਾ; ਸਤਾਉਣਾ, ਅਪਰਸੰਨ, ਨਾ-ਖ਼ੁਸ਼, ਨਾਰਾਜ਼ ਯਾ ਦਿਕ ਕ੦; ਈਰਖਾ ਕ੦ ।

Spiteful, *a.* ਸਪਾਇਟਫੁਲ—ਦਵੈਖੀ, ਧਰੋਹੀ, ਈਰਖਾਲੂ, ਕੀਨਾਵਰ ।

Spitfire, *n.* ਸਪਿਟਫ਼ਾਇਰ—ਆਗਬਗੋਲਾ, ਗੁੱਸੇ ਵਾਲਾ, ਕ੍ਰੋਧਵਾਨ ।

Spittle, *n.* ਸਪਿੱਟਲ—ਥੁੱਕ, ਰਾਲ ।

Spittoon, *n.* ਸਪਿਟੂਨ—ਉਗਾਲਦਾਨ, ਪੀਕਦਾਨ ।

Splash, *v. t.* ਸਪਲਾਸ਼—ਛਿੱਟਾਂ ਉਡਾਉਣੀਆਂ, ਪਾਣੀ ਨਾਲ ਭਰਨਾ, ਛਿੱਟਾ ਮਾਰਨਾ; ਧੱਬਾ ਯਾ ਦਾਗ਼ ਪਾਉਣਾ, ਭਰਨਾ ।

Splashy, *a.* ਸਪਲੈਸ਼ੀ—ਕੀਚੜਦਾਰ, ਚਿੱਕੜ ਭਰਿਆ, ਕਿਚੜੀਲਾ ।

Splatter, *v. i.* ਸਪਲੈਟਰ—ਛਿੱਟਾਂ ਉਡਾਉਣੀਆਂ

Splatterdash, *n.* ਸਪਲੈਟਰਡੈਸ਼—ਗੁੱਲ ਗਪਾੜਾ, ਰੌਲਾ ਗੌਲਾ, ਸ਼ੋਰ ਸ਼ਰਾਬਾ ।

Splay, *a.* ਸਪਲੇ—ਫੈਲਿਆ ਹੋਇਆ, ਬਾਹਰ ਵੱਲ ਝੁਕਿਆ ਹੋਇਆ; *v. t.* ਘੋੜੇ ਦੇ ਮੋਢੇ ਦੀ ਹੱਡੀ ਤੋੜਨਾ ਯਾ ਉਤਾਰਨਾ; ਵਿੰਗਾ ਕ੦ ਮੋੜਨਾ, ਟੇਢਾ ਕ੦ ।

Spleen, *n.* ਸਪਲੀਨ—ਤਾਪਤਿੱਲੀ, ਤਿੱਲੀ; ਕ੍ਰੋਧ, ਕ੍ਰੋਧ, ਗੁੱਸਾ, ਦਵੇਸ਼, ਉਦਾਸੀ, ਖੇਦ, ਰੰਜ, ਦੁੱਖ, ਉਦਾਸੀਨਤਾ ।

Spleened, *a.* ਸਪਲੀਂਡ—ਬਿਨ ਤਿੱਲੀ ਦਾ, ਤਿੱਲੀ ਹੀਨ ।

Spleenful, Splinish, *a.* ਸਪਲੀਨਫ਼ੁਲ, ਸਪਲੀਨਿਸ਼—ਝਬਦੇ ਗੁੱਸੇ ਹੋਣ ਵਾਲਾ, ਜ਼ੂਦ-ਰੰਜ, ਤੁਨਕ ਮਿਜ਼ਾਜ ।

Spleenless, *a.* ਸਪਲੀਨਲੈਸ—ਕ੍ਰਿਪਾਲੂ, ਦਿਆਲੂ, ਕੋਮਲ, ਸ਼ਾਂਤ, ਹਲੀਮ, ਰਹੀਮ ।

Spleenwort, *n.* ਸਪਲੀਨਵਰਟ—ਤਿੱਲੀ ਨਾਸ਼ਕ ਔਖਧੀ ਯਾ ਦੁਆਈ ।

Spleeny, *a.* ਸਪਲੀਨੀ—ਕਰੋਧੀ, ਜਲਜਲਾ, ਰੁਸ਼ਟ, ਉਦਾਸ, ਜ਼ੂਦਰੰਜ ।

Splendent, *a.* ਸਪਲੈਂਡੈਂਟ—ਚਮਕਦਾ ਹੋਯਾ, ਚਮਕੀਲਾ, ਚਿਕਨਾ, ਰੌਸ਼ਨ, ਨੂਰਾਨੀ ।

Splendid, *a.* ਸਪਲੈਂਡਿਡ—ਚਮਕਦਾ ਜਗ-ਮਗਾਉਂਦਾ, ਚਮਕੀਲਾ, ਭੜਕੀਲਾ, ਰੰਗੀਲਾ, ਰੌਸ਼ਨ; ਵੱਡਾ, ਮਹਾਨ, ਅਜ਼ੀਮ ਉਮਦਾ, ਅਜ਼ੀਮ-ਉਲ ਸ਼ਾਨ, ਧੂਮਧਾਮ ਦਾ ।

Splendidly *adv.* ਸਪਲੈਂਡਿਡਲੀ—ਮਹਾਂ ਪਰਤਾਪ, ਬਹੁਤ ਸ਼ੋਭਾ, ਰੌਣਕ, ਚਮਕ ਦਮਕ ਯਾ ਉਮਦਗੀ ਨਾਲ ।

Splendour, *n.* ਸਪਲੈਂਡਰ—ਪਰਭਾ, ਸ਼ੋਭਾ, ਪਰਤਾਪ, ਵਿਭੂਤੀ, ਠਾਠ, ਧੂਮਧਾਮ, ਜਲਵਾ, ਰੋਸ਼ਨੀ, ਰੌਣਕ, ਚਟਕ, ਕਰਰੋਫ਼ਰ, ਅਜ਼ਮਤ ।

Splenetic, Splenetical, *a.* ਸਪਲੈਨੇਟਿਕ; ਸਪਲੈਨੇਟੀਕਲ—ਤਿੱਲੀ ਦਾ ਰੋਗੀ; ਤੁੰਦ ਖ਼ੂ, ਜ਼ੂਦ ਰੰਜ, ਝਬਦੇ ਗੁੱਸੇ ਹੋਣ ਵਾਲਾ ।

Splice, *v. t.* ਸਪਲਾਈਸ—ਗਾਂਢਣਾ, ਗੁੰਥਣਾ, ਜੋੜਨਾ ।

Splint, Splinter, *n.* ਸਪਲਿੰਟ, ਸਪਲਿੰਟਰ—ਕਿਰਚ, ਟੁਕੜਾ, ਟੋਟਾ, ਰੇਸ਼ਾ, ਛਿਪਟੀ, ਫਾਂਸ; ਘੋੜੇ ਦੇ ਕਮਰੇ ਦੀ ਗਿਲਟੀ; *v. t.* ਚੀਰਨਾ, ਫਾੜਨਾ, ਪਰਛੇ ਉਡਾਉਣਾ, ਟੋਟੇ ੨ ਯਾ ਰੇਸ਼ਾ ੨ ਕ੦; ਕਮਾਨਗਰੀ ਕ੦; ਕੰਬਣਾ, ਥਰਥਰਾਉਣਾ ।

Split, *v. t.* ਸਪਲਿਟ—ਚੀਰਨਾ, ਫਾੜਨਾ; ਵੱਖ, ਅਲੱਗ ਯਾ ਜੁਦਾ ਕ੦; ਧੜਾ ਪਾਉਣਾ, ਨਫਾ ਕਢਣਾ, ਤੋੜਨਾ; *v. i.* ਫਟਣਾ, ਵੱਖ, ਅਲੱਗ ਯਾ ਜੁਦਾ ਹੋਣਾ; ਖ਼ੂਬ ਹੱਸਣਾ, ਹਾਸੇ ਦੇ ਮਾਰੇ ਢਿੱਡ ਵਿੱਚ ਵਲ ਪੈਣੇ ।

Splutter, *v. i.* ਸਪਲੱਟਰ—ਗੜਬੜ ਬੋਲਣਾ, ਝਬਦੇ ਤੇ ਬੇਠਿਕਾਣੇ ਬੋਲਣਾ ।

Spoil, *v. t.* ਸਪੌਇਲ—ਛੀਨ ਯਾ ਖੋਹ ਲੈਣਾ, ਲੁੱਟਣਾ; ਨਸ਼ਟ ਕ੦, ਵਿਗਾੜਨਾ, ਭਰਸ਼ਟ ਕ੦, ਸਾੜਨਾ, ਨਿਕੰਮਾ ਕ੦; *n.* ਲੁੱਟ, ਲੁੱਟਮਾਰ, ਬਟਮਾਰੀ, ਡਕੈਤੀ, ਉਜਾੜ; ਵਿਗਾੜ, ਖ਼ਰਾਬੀ, ਬਰਬਾਦੀ; ਕੁੰਜ, ਸੱਪ ਦੀ ਕੰਚਲੀ ਯਾ ਕੁੰਜ ।

Spoiler, *n.* ਸਪੌਇਲਰ—ਲੁਟੇਰਾ, ਡਾਕੂ, ਵਿਗਾੜੂ, ਉਜਾੜੂ ।

Spoke, *p. t.* of Speak, ਸਪੋਕ—ਬੋਲਿਆ; *n.* ਚਕ੍ਰ ਯਾ ਪਹੀਯੇ ਦਾ ਆਰਾ; ਪੌੜੀ ਯਾ ਸੀੜ੍ਹੀ ਦਾ ਡੰਡਾ; ਆੜ, ਰੋਕ ।

Spoken, *p. p.* of Speak, ਸਪੋਕਨ—ਬੋਲਿਆ ਹੋਇਆ ।

Spokesman, *n.* ਸਪੋਕਸਮੈਨ—ਦੂਜੇ ਵੱਲੋਂ ਬੋਲਣ ਵਾਲਾ, ਅਗਾਊ।

Spoliation, *n.* ਸਪੋਲੀਏਸ਼ਨ-ਲੁੱਟਮਾਰ; ਗਾਰਤਗਰੀ।

Spondee, *n.* ਸਪੌਂਡੀ-ਦੋ ਪਦਾਂ ਦਾ ਛੰਦ।

Spondyl, Spondyle, *n.* ਸਪੌਨਡਿਲ-ਰੀੜ੍ਹ ਦੀ ਹੱਡੀ ਦਾ ਜੋੜ, ਮਣਕਾ।

Sponge, *n.* ਸਪੌਂਜ-ਇਸਪੰਜ, ਮੁਰਦਾ ਬੱਦਲ; ਸਮੁੰਦਰ ਫੇਨ; ਰੋਟੀ ਤੋੜ, ਟੁਕੜਾ ਜ਼ੋਰ; ਖਮੀਰ, ਗੁਨ੍ਹਿਆ ਹੋਇਆ ਆਟਾ; ਨਾਲ ਦਾ ਪਿਛਲਾ ਹਿੱਸਾ, ਮੂੰਹਾ; *v. t.* ਇਸਪੰਜ ਨਾਲ ਧੋਣਾ, ਪੂੰਝਣਾ, ਚੂਸਣਾ, ਮਿਟਾ ਦੇਣਾ, ਰਗੜਨਾ, ਦੂਰ ਕ०; ਦੂਜੇ ਦਾ ਸਿਰ ਖਾਣਾ, ਪਰਾਈਆਂ ਰੋਟੀਆਂ ਪੁਰ ਗੁਜ਼ਾਰਾ ਕ०; *v. i.* ਸੁੱਕਣਾ, ਖੁਸ਼ਕ ਹੋਣਾ; ਸੁੰਘਦੇ ਫਿਰਨਾ।

Sponginess, *n.* ਸਪੌਂਜੀਨੈਸ-ਪੋਲਾਪਨ, ਗਿਲਗਿਲਾਪਨ, ਨਰਮੀ।

Spongy, *a.* ਸਪੌਂਜੀ-ਇਸਪੰਜ ਜੇਹਾ, ਪੋਲਾ, ਨਰਮ, ਛੇਕਾਂ ਵਾਲਾ; ਤਰ, ਨਮ ਵਾਲਾ, ਗਿੱਲਾ; ਜੂਕਾ ਦੇਣ ਵਾਲਾ।

Sponsion, *n.* ਸਪੌਨਸ਼ਨ-ਅਹਦ ਜੋ ਰਿਆਸਤ ਦਾ ਅਜੇਹਾ ਮੁਖਤਾਰ ਕਰੇ ਜਿਸਨੂੰ ਉਸਦਾ ਅਖ਼ਤਿਆਰ ਨਾ ਦਿੱਤਾ ਗਿਆ ਹੋਵੇ।

Sponsor, *n.* ਸਪੌਨਸਰ-ਜ਼ਾਮਿਨ, ਧਰਮ ਮਾਂ, ਧਰਮ ਬਾਪ।

Spontaneous, *a.* ਸਪੌਨਟੇਨੀਅਸ-ਮਨਮਾਨੀ, ਸਵਇੱਛਾ ਪੂਰਵਕ, ਆਪ ਥੀਂ ਆਪ, ਦਿਲ ਦਾ, ਇਖ਼ਤਿਆਰੀ।

Spontaneously, *adv.* ਸਪੌਨਟੇਨੀਅਸਲੀ-ਆਪ ਥੀਂ ਆਪ, ਆਪ ਹੀ, ਸਵਯੰ ਹੀ, ਆਪ ਰੁਪ, ਇਰਾਦੇ ਨਾਲ।

Spontoon, *n.* ਸਪੌਨਟੂਨ—ਛੋਟਾ ਨੇਜ਼ਾ, ਛੋਟੀ ਬਰਛੀ।

Spoom, *v. t.* ਸਪੂਮ-ਸ਼ੀਘਰ ਯਾ ਛੇਤੀ ਜਾਣਾ, ਦੌੜਨਾ, ਭੱਜਣਾ, ਹਵਾ ਦੇ ਰੁਖ਼ ਚਲਨਾ।

Spoon, *n.* ਸਪੂਨ-ਚਮਚਾ, ਕੜਛੀ, ਡੋਈ।

Spoonbill, *n.* ਸਪੂਨਬਿਲ-ਇਕ ਚਿੜੀ।

Spoonful, *a.* ਸਪੂਨਫੁਲ-ਕੜਛੀ ਭਰ, ਚਮਚ ਭਰ, ਥੋੜਾ ਜਿਨਾ।

Spoonmeat, *n.* ਸਪੂਨਮੀਟ-ਭੋਜਨ ਜੋ ਚਮਚੇ ਯਾ ਕੜਛੀ ਨਾਲ ਖਾਧਾ ਜਾਂਦਾ ਹੈ, ਸ਼ੋਰਬਾ, ਦਾਲਦਾ।

Sporadic, Sporadical, *a.* ਸਪੋਰੈਡਿਕ, ਸਪੋਰੈਡੀਕਲ-ਅਲੱਗ, ਪ੍ਰਿਥਕ, ਨਿਆਰਾ, ਜੁਦਾ, ਵੱਖਰਾ, ਅਕੇਲਾ, ਇਕੱਲਾ; ਇੱਧਰ ਉੱਧਰ ਫੈਲਿਆ ਹੋਇਆ; ਅਸਾਧਾਰਣ; ਮੌਸਮੀ ਰੋਗ ਜੋ ਕਿਤੇ ਕਿਤੇ ਟੁੱਕੇ ਟੁੱਕੇ ਨੂੰ ਹੋਵੇ।

Sport, *n.* ਸਪੋਰਟ-ਖੇਲ, ਖੇਡ, ਤਮਾਸ਼ਾ, ਬਾਜ਼ੀ; ਕਰੀੜਾ, ਆਨੰਦ, ਹਾਂਸੀ, ਠੱਠਾ, ਬੋਲੀ ਠੱਠੀ; ਖਿਡੌਣਾ; *v. t.* ਖੇਲਨਾ, ਖੇਡਨਾ, ਮਨ ਬਹਲਾਉਣਾ, ਆਨੰਦ ਦੇਣਾ, ਖ਼ੁਸ਼ ਕ०, ਹਾਂਸੀ ਠੱਠਾ ਕ०, ਖੇਡਦੇ ਫਿਰਨਾ; ਦਿਖਾਉਣਾ, ਭੜਕ ਦਿਖਾਉਣਾ।

Sportful, *a.* ਸਪੋਰਟਫੁਲ-ਪਰਸੰਨ, ਵਿਲਾਸੀ, ਖਿਲਾੜ, ਖਿਡਾਰੀ; ਖੇਡ ਦਾ।

Sportsman, *n.* ਸਪੋਰਟਸਮੈਨ-ਸ਼ਿਕਾਰੀ।

Spot, *n.* ਸਪੌਟ—ਦਾਗ਼, ਧੱਬਾ, ਖ਼ਾਲ, ਤਿਲ, ਛਿਟ, ਚਿੱਤੀ; ਕਲੰਕ, ਦੋਸ਼, ਇਲਜ਼ਾਮ, ਕਲੰਕ ਦਾ ਟਿੱਕਾ; ਥੋੜੀ ਜਗਹ; ਇੱਕ ਕਬੂਤਰ; *v. t.* ਕਲੰਕ ਲਗਾਉਣਾ; ਚਿੱਤੀਆਂ ਪਾਉਣੀਆਂ; ਨਿਸ਼ਾਨ ਪਾਉਣਾ, ਦਾਗੀ ਕ०।

Spotless, *a.* ਸਪੌਟਲੈਸ-ਨਿਸ਼ਕਲੰਕ, ਨਿਰਦੋਸ਼, ਨਿਰਮਲ, ਸਵੱਛ, ਬੇਦਾਗ਼, ਬੇਗੁਨਾਹ।

Spotty, *a.* ਸਪੌਟੀ—ਧੱਬੇਦਾਰ, ਦਾਗ਼ਦਾਰ, ਚਿੱਤੀਦਾਰ।

Spousal, *a.* ਸਪੌਜ਼ਲ-ਵਿਆਹ ਦਾ, ਨਿਕਾਹ ਦਾ, ਨਿਕਾਹੀ, ਸ਼ਾਦੀ ਦਾ, ਵਿਵਾਹਕ।

Spouse, *n.* ਸਪੌਜ਼-ਪਤਿ ਇਸਤ੍ਰੀ, ਜੋੜਾ, ਜੋੜੀ; ਵਰ, ਮੰਗੇਤਰ; *v. t.* ਵਿਆਹ ਯਾ ਸ਼ਾਦੀ ਕ०।

Spouseless, *a.* ਸਪੌਜ਼ਲੈਸ—ਪਤਨੀ ਹੀਨ, ਕੁਆਰਾ, ਅਣਵਿਹਾਜਾ।

Spout, *n.* ਸਪੌਟ—ਟੂਟੀ, ਪਰਨਾਲਾ, ਨਲੀ; ਪਾਣੀ ਜੋ ਸਮੁੰਦਰ ਵਿੱਚੋਂ ਫੁਹਾਰੇ ਵਾਂਗੂ ਉੱਠਦਾ ਹੈ; *v. t.* ਛੁਟਨਾ, ਫੁੱਟ ਨਿਕਲਨਾ, ਪਾਣੀ ਉਛਲਨਾ; ਮੂੰਹ ਫੁਲਾਕੇ ਬੋਲਨਾ, ਵੱਡੀ ਗੱਲ ਕਹਨਾ; ਫੁਹਾਰਾ ਛੱਡਨਾ।

Sprain, *v. t.* ਸਪਰੇਨ-ਮਰੋੜਨਾ, ਮੋੜਨਾ, ਬਲ ਮਾਰਨਾ; *n.* ਮਰੋੜ, ਮੋਚ।

Sprang, *p. t.* of Spring, ਸਪਰੈਂਗ—ਕੁਦਿਆ, ਛਲਾਂਗਿਆ, ਆਦਿ ਦੇਖੋ ਸ਼ਬਦ Spring.

Sprat, *n.* ਸਪਰੈਟ—ਇੱਕ ਭਾਂਤ ਦੀ ਛੋਟੀ ਸਮੁੰਦਰੀ ਮੱਛੀ।

Sprawl, *v. i.* ਸਪਰੌਲ—ਲੇਟੇ ੨ ਹੱਥ ਪੈਰ ਮਾਰਨਾ, ਚਟਪਟਾਉਣਾ, ਤੜਪਣਾ, ਤੁਟਨਾ; ਹੱਥ ਪੈਰ ਫੈਲਾਕੇ ਲੇਟ ਜਾਣਾ; ਖਿਖਰਨਾ, ਫੈਲਨਾ।

Spray, *n.* ਸਪਰੇ-ਟਹਣੀ, ਸ਼ਾਖ਼, ਡਾਲੀ; ਸ਼ਾਖ਼ਾਂ ਦਾ ਗੁੱਛਾ; ਸਮੁੰਦਰ ਦੀ ਲਹਰ ਦਾ ਉਛਲਦਾ ਪਾਣੀ।

Spread, *v. t.* ਸਪਰੈਡ-ਫੈਲਾਉਣਾ, ਵਧਾਉਣਾ, ਖੋਲਨਾ, ਲੰਬਾ ਕ०, ਵਿਸਤਾਰ ਕ०, ਤਾਨਣਾ, ਪਸਾਰਨਾ, ਵਿਛਾਉਣਾ; ਮਸ਼ਹੂਰ ਕ०; ਤਿਆਰ ਕ०, ਲਗਾਉਣਾ; *v. i.* ਫੈਲਨਾ, ਮੀਹ, ਖੁੱਲਾ ਜਾ ਲੰਮਾ ਚੌੜਾ ਹੋਣਾ।

Spree, *n.* ਸਪਰੀ—ਰੰਗ ਰਸ, ਹਾਂਸੀ ਠੱਠਾ, ਮੌਜ ਬਹਾਰ।

Sprig, *n.* ਸਪਰਿਗ-ਛੋਟੀ ਸ਼ਾਖ਼ ਜਾ ਟਾਹਣੀ; ਕਿਲ, ਲੜਕਾ, ਮੁੰਡਾ।

Spright, Sprite, *n.* ਸਪਰਾਇਟ—ਛਾਯਾ, ਆਤਮਾ, ਪਰੇਤ, ਭੂਤ, ਦਿਲ, ਮਨ, ਜੀ।

Spring, *v. i.* ਸਪਰਿੰਗ-ਜੰਮਣਾ, ਉੱਗਣਾ, ਨਿਕਲਨਾ, ਉੱਠਣਾ; ਕੁੱਦਣਾ, ਉੱਛਲਨਾ; ਚੌਂਕ ਉੱਠਣਾ; ਮਰੋੜ ਖਾਣਾ; *v. t.* ਉਠਾਉਣਾ, ਜਗਾਉਣਾ; ਪੈਦਾ ਕ०, ਜਮਾਉਣਾ; ਚੀਰਨਾ, ਫਾੜਨਾ; ਬੰਦ ਕ०; ਮੋੜਨਾ, ਝੁਕਾਉਣਾ; ਉਡਾਉਣਾ; *n.* ਬਸੰਤ ਕਾਲ, ਮਧੁਮਾਸ; ਉਤਪੱਤੀ, ਉੱਦਮ, ਲਚਕ, ਛਲਾਂਗ, ਕੁੱਦ, ਝਪਟ; ਕਮਾਨੀ; ਫੁਹਾਰਾ, ਸੋਤਾ, ਚਸ਼ਮਾ; ਅਸਲ, ਜੜ, ਮੰਬਾ, ਨਿਕਾਸ, ਛੇਕ; ਜਹਾਜ਼ ਦੀ ਰੱਸੀ।

Springal, *n.* ਸਪਰਿੰਗਲ—ਜੁਵਾ, ਜਵਾਨ, ਕੁਆਰਾ, ਫੁਰਤੀਲਾ।

Springe, *n.* ਸਪਰਿੰਜ-ਫੰਦਾ, ਫਾਂਸੀ; *v. t* ਫੰਦੇ ਵਿੱਚ ਫਾਹਨਾ, ਫਾਂਹਨਾ।

Springer, *n.* ਸਪਰਿੰਜਰ-ਛਲਾਂਗ ਮਾਰਨ ਵਾਲਾ, ਉਛਲਨ ਵਾਲਾ; ਪੌਦਾ, ਛੋਟਾ ਰੁੱਖ; ਇੱਕ ਪਰਕਾਰ ਦਾ ਕੁੱਤਾ; ਓਹ ਥਾਉਂ ਜਿੱਥੋਂ ਮਹਰਾਬ ਸ਼ੁਰੂ ਹੁੰਦੀ ਹੈ।

Springy, *a.* ਸਪਰਿੰਜੀ-ਲਚਕਦਾਰ; ਸੋਤਿਆਂ ਜਾ ਚਸ਼ਮਿਆਂ ਨਾਲ ਭਰਿਆ ਹੋਇਆ।

Sprinkle, *v. t.* ਸਪਰਿੰਕਲ—ਛੱਟੇ ਮਾਰਣੇ, ਛਿੜਕਨਾ, ਧੋਣਾ, ਤਰ ਕ०; *v. i.* ਮੀਂਹ ਦੀਆਂ ਛਿੱਟਾਂ ਜਾ ਬੂੰਦਾਂ ਪੈਣੀਆਂ।

Sprinkling, *n.* ਸਪਰਿੰਕਲਿੰਗ—ਛਿੜਕਾਉ, ਛਿੱਟਾਂ; ਮੀਂਹ ਦਾ ਹਲਕ ਦੀ ਵਰਖਾ।

Sprit, *n.* ਸਪਰਿਟ—ਜਹਾਜ਼ ਦੇ ਪਾਲ ਦਾ ਇੱਕ ਡੰਡਾ।

Sprite, *n.* ਸਪਰਾਇਟ—ਭੂਤ, ਪਰੇਤ, ਰੂਹ, ਆਤਮਾ।

Sprout, *v. i.* ਸਪਰੌਟ-ਖਿਲਨਾ, ਜਮਣਾ, ਉੱਗਣਾ, ਡਾਲੀ ਨਿਕਲਨਾ; *n.* ਗਾਭਾ, ਪੌਦਾ, ਕੋਂਪਲ, ਅੰਕੁਰ; ਗੋਭੀ ਦਾ ਫੁੱਲ।

Spruce, *a.* ਸਪਰੂਸ-ਸੁਥਰਾ, ਬਨਿਆ ਠਨਿਆ, ਬਾਂਕਾ, ਛੈਲਾ; *v. t.* ਬਨਾਉਣਾ, ਸੰਵਾਰਨਾ, ਸਜਾਉਣਾ, ਸੁਧਾਰਨਾ; *n.* ਇੱਕ ਪਰਕਾਰ ਦਾ ਸਨੋਬਰ, ਝਾਊ।

Sprung, *p. p.* of Spring, ਸਪਰੰਗ—ਜਗਾਇਆ ਜਾ ਉਠਾਇਆ ਹੋਇਆ ਆਦਿ ਵੇਖੋ ਸ਼ਬਦ Spring.

Spry, *a.* ਸਪਰੀ-ਫੁਰਤੀਲਾ, ਚਾਲਾਕ, ਤੇਜ਼।

Spud, *n.* ਸਪਡ-ਖੁਰਪੀ, ਛੋਟੀ ਮੋਟੀ ਚੀਜ਼।

Spume, *n.* ਸਪ੍ਯੂਮ-ਫੇਨ, ਝਗ, ਕਫ਼; *v. t.* ਝਗ ਲਿਆਉਣਾ, ਕਫ਼ ਆਉਣਾ।

Spumous, Spumy, *a.* ਸਪ੍ਯੂਮਸ ਸਪ੍ਯੂਮੀ—ਝਗਦਾਰ, ਝਗੀਲਾ।

Spun, *p. t.* and *p. p.* of Spin, ਸਪਨ—ਕੱਤਿਆ, ਕੱਤਿਆ ਹੋਇਆ।

Spunk, *n.* ਸਪੰਕ—ਓਹ ਲੱਕੜ ਜੋ ਅੱਗ ਨੂੰ ਛੂੰਹਦੇ ਹੀ ਬਲ ਉੱਠਦੀ ਹੈ, ਦੀਆਸਲਾਈ, ਤੇਜ਼ੀ, ਚਿੜਚਿੜਾਹਟ।

Spur, *n.* ਸਪਰ-ਕੋੜਾ, ਕਾਂਟਾ, ਅੱਡੀ, ਨਖ, ਉਕਸਾਉ, ਦੰਦਾਨਾ, ਗੰਢ; *v. t.* ਉਕਸਾਉਣਾ, ਛੇੜਨਾ, ਚਲਾਉਣਾ, ਅੱਡੀਮਾਰਨਾ।

Spurious, *a.* ਸਪ੍ਯੂਰੀਅਸ—ਝੂਠਾ, ਕਲਪਿਤ, ਜਾਲੀ, ਖੋਟਾ, ਨਕਲੀ; ਹਰਾਮ ਦਾ, ਛਨਾਲ ਦਾ,

Spurn, *v. t.* ਸਪਰਨ-ਠੋਕਰ ਮਾਰਨਾ, ਲੱਤ ਮਾਰਨਾ, ਪੈਰ ਨਾਲ ਹਟਾ ਦੇਣਾ, ਅਨਾਦਰ ਕ०; *n.* ਅਨਾਦਰ, ਬੇਕਦਰੀ, ਬੁਰਾ ਸਲੂਕ, ਜੁੱਤੀ, ਲੱਤ, ਪੈਜ਼ਾਰ, ਠੋਕਰ।

Spurt, *v. i.* ਸਪਰਟ-ਕੁੱਦਣਾ, ਉਛਲਨਾ; ਕੁੱਦਣਾ, ਨਿਕਲਨਾ।

Sputation, *n.* ਸਪ੍ਯੂਟੇਸ਼ਨ-ਥੁੱਕ, ਰਤੂਬਤ।

Sputative, *a.* ਸਪੂਟੇਟਿਵ-ਬਹੁਤ ਥੁੱਕ ਸਿੱਟਨ ਵਾਲਾ।

Sputter, *v. i.* ਸਪੱਟਰ-ਥੁਕਨਾ, ਥੁੱਕ ਨਾਲ ਭਰ ਦੇਨਾ; ਛੀਘਰ ਤੇ ਅਸਪਸ਼ਟ ਬੋਲਨਾ, ਬਕਨਾ; *n.* ਥੁੱਕ, ਲੁਆਬ; ਰੌਲਾ, ਬਕਵਾਸ।

Sputum, *n.* ਸਪ੍ਯੁਟਮ-ਥੁੱਕ, ਖੰਘਾਰ।

Spy, *n.* ਸਪਾਈ-ਗੁਪਤ ਦੂਤ, ਭੇਦੀ, ਜਾਸੂਸ, ਸ਼ਹਰ ਖਬਰਾ; *v. t.* ਦੂਰ ਥੀਂ ਦੇਖ ਪਾਉਨਾ, ਪਰੀਖਿਆ ਨਾਲ ਜਾਨਣਾ ਜਾ ਦੇਖਨਾ, ਜਾਂਚਨਾ, ਖੋਜਨਾ, ਢੂੰਡਨਾ, ਜਾਸੂਸੀ ਕ੦, ਭੇਦ ਲੈਨਾ।

Squab, *a.* ਸਕਵਾਬ-ਬਿਨ ਖੰਭ ਦਾ, ਪੰਖਹੀਨ; ਮਥੂਲ, ਭਾਰੀ, ਅਜ਼ੀਮ, ਮੋਟਾ, ਗੁੱਟਾ; *n.* ਮੋਟਾ ਠਿਗਨਾ ਜਨ; ਗੱਦਾ, ਮਸਨਦ; ਕਬੂਤਰ ਦਾ ਬੱਚਾ; *adv.* ਧੜਾਕੇ ਜਾ ਧਮਾਕੇ ਨਾਲ।

Squabble, *v. t.* ਸਕਵਾਬਲ-ਝਗੜਨਾ, ਲੜਨਾ, ਟੰਟਾ ਕ੦, ਤਕਰਾਰ ਕ੦; *n.* ਟੰਟਾ, ਬਖੇੜਾ, ਝਗੜਾ, ਤਕਰਾਰ, ਝੰਝਟ।

Squad, *n.* ਸਕਵਾਡ-ਸਿਪਾਹੀਆਂ ਜਾ ਸ਼ਸਤ੍ਰ ਧਾਰੀਆਂ ਦਾ ਛੋਟਾ ਝੁੰਡ ਜਾ ਮੰਡਲੀ।

Squadron, *n.* ਸਕ੍ਵਾਡ੍ਰਨ-ਸੈਨਾ ਗਣ, ਨੌਕਾ ਸਮੂਹ, ਸਮਚਤੁਰ ਕੋਨਾਕਾਰ ਸੈਨਾ ਦਲ।

Squalid, *a.* ਸਕਵਾਲਿਡ-ਮੈਲਾ, ਮਲੀਨ, ਗੰਦਾ, ਅਘੋਰੀ, ਅਪਵਿੱਤ੍ਰ।

Squall, *v. t.* ਸਕਵਾਲ—ਚੀਕਨਾ, ਕੂਕਨਾ, ਚੀਖ ਮਾਰਨਾ; *n.* ਚੀਖ, ਕੂਕ, ਚਿੱਲਾਹਟ; ਅੰਧੇਰੀ, ਝੱਖੜ।

Squalor, *n.* ਸਕਵਾਲਰ-ਮੈਲਾਪਨ, ਅਘੋਰਪਨ, ਨਾਪਾਕੀ, ਅਸ਼ੁੱਧਤਾ।

Squamose, **Squamous**, *a.* ਸਕ੍ਵਾਮੋਜ਼, ਸਕਵਾਮਸ—ਛਿਲਕੇ ਨਾਲ ਭਰਿਆ ਹੋਇਆ, ਖਪਰੋਦਾਰ।

Squander, *v. t.* ਸਕਵਾਂਡਰ-ਗੰਵਾਉਨਾ, ਲੁਟਾਉਨਾ, ਬਰਬਾਦ ਕ੦।

Square, *a.* ਸਕਵਰ-ਮੁਰੱਬਾ, ਚੌਕੂੰਟਾ, ਚੌਕੋਨਾ, ਚੌਗੋਸ਼ਾ, ਚੌਕੋਰ; ਮੋਟਾ ਤਾਜ਼ਾ; ਮੁਨਾਸਬ, ਉਚਿਤ, ਵਾਜਿਬ, ਜੋਗ, ਸੱਚਾ; ਚੌਰਸ, ਹਮਵਾਰ, ਬਰਾਬਰ; ਬੇਬਾਕ, ਚੁਕਦਾ; ਖ਼ੂਬ, ਬਹੁਤ; ਚਾਰੋ ਪਾਸਿਓਂ ਇੱਕੋ ਜੇਹਾ, ਤੁਲ੍ਯ, ਸਮਾਨ, ਠੀਕ; *n.* ਸਮਕੋਨ; ਚੌਕਾ; ਚੌਕ, ਚੁਰਾਹਾ; ਠੀਕ ਕਰਨ ਦਾ ਇੱਕ ਜੰਤਰ, ਗੁਨਿਆਂ, ਸਾਧਨੀ, ਕੋਨੀਆ; ਚੌੜਾਈ, ਬਰਾਬਰੀ; *v. t.* ਸਮਕੋਨ ਕ੦, ਮੁਰੱਬਾ ਕ੦; ਸਾਧਨੀ ਜਾ ਗੁਨਆਂ ਬਨਾਉਨਾ; ਮੇਲਨਾ, ਫੇਰਨਾ; ਮਿਲਾਉਨਾ, ਸਾਧਨਾ, ਤੋਲਨਾ, ਮੁਰੱਬਾ ਜਾ ਚੌਰਸ ਕ੦; ਠੀਕ ਕ੦, ਦਰੁਸਤ ਕ੦, ਸੁਧਾਰਨਾ; ਬਾਕੀ ਕੱਢਨੀ; ਚੁਕਾ ਦੇਨਾ, ਬੇਬਾਕ ਕ੦; *v. i.* ਅਨੁਕੂਲ ਜਾ ਮੁਆਫ਼ਿਕ ਹੋਨਾ; ਲੜਨ ਲਈ ਖੜਾ ਹੋਨਾ।

Squarely, *adv.* ਸਕਵਰਲੀ—ਉਚਿਤ ਢੰਗ ਪੁਰ, ਮੁਨਾਸਿਬ ਤੌਰ ਪੁਰ; ਚੌਰਸ ਰੂਪ ਨਾਲ, ਬਾ ਸ਼ਕਲੇ ਮੁਰੱਬਾ।

Squareness, *n.* ਸਕਵਰਨੈਸ-ਚੁਰਸਾਈ, ਚੌਕੂੰਟਾਪਨ।

Squash, *v. t.* ਸਕਵਾਸ਼—ਕੁਚਲਨਾ, ਦਬਾ ਦੇਨਾ, ਮਸਲਨਾ; *n.* ਕੋਈ ਕੋਮਲ ਵਸਤੂ; ਧਮੱਕਾ, ਚਪੇੜ, ਧੱਪਾ; ਕੂਟ (ਮੇਵਾ)।

Squat, *v. i.* ਸਕਵਾਟ-ਚੌਕੜੀ ਮਾਰਕੇ ਬੈਠਨਾ; *a.* ਚੌਕੜੀ ਮਾਰਕੇ ਬੈਠਿਆ ਹੋਇਆ, ਚਾਰਜ਼ਾਨੂੰ; ਨਾਟਾ, ਛੋਟਾ ਮੋਟਾ; *n.* ਚੌਕੜੀ ਮਾਰਕੇ ਬੈਠਕ; ਇੱਕ ਧਾਤ।

Squaw, *n.* ਸਕਵਾ-ਭਾਰਯਾ, ਧਰਮ ਪਤਨੀ, ਵਹੁਟੀ, ਜੋਰੂ, ਇਸਤ੍ਰੀ, ਲੁਗਾਈ, ਬੀਵੀ, ਰੰਨ।

Squeak, **Squeal**, *v. i.* ਸਕਵੀਕ, ਸਕਵੀਲ—ਚੂੰ ੨ ਕ੦, ਚੀਖਨਾ; *n.* ਚੂੰ ਚੂੰ, ਚੀਖ, ਚੀਕ, ਕੂਕ।

Squeamish, *a.* ਸਕਵੀਮਿਸ਼-ਮੁਕਸ਼ਮ ਦਰਸ਼ੀ, ਨਕ ਚੜ੍ਹਾ, ਨਾਜ਼ਕ ਮਿਜ਼ਾਜ।

Squeeze, *v. t.* ਸਕਵੀਜ਼-ਦਬਾਉਨਾ, ਤੋੜਨਾ, ਮਲਨਾ, ਕੁਚਲਨਾ, ਨਿਚੋੜਨਾ, *v. i.* ਦਬਕੇ ਨਿਕਲ ਜਾਨਾ; *n.* ਦਬਾਓ, ਨਿਚੋੜ।

Squib, *n.* ਸਕਵਿਬ—ਪਟਾਕਾ, ਪਟਾਖ਼ਾ, ਛਛੂੰਦਰ; ਨਿੰਦਾ, ਹਜੋ।

Squill, *n.* ਸਕਵਿਲ-ਜੰਗਲੀ ਪਿਆਜ਼; ਇੱਕ ਕੀੜਾ; ਇੱਕ ਪਰਕਾਰ ਦਾ ਕੇਕੜਾ।

Squint, *n.* ਸਕਵਿੰਟ—ਭੈਂਗਾ, ਟੇਢਾ ਦੇਖਨ ਵਾਲਾ, ਏਂਚਾ ਤਾਨਾ; ਸੰਦੇਹ ਜਾ ਸ਼ੱਕ ਦੀ ਨਜ਼ਰ ਨਾਲ ਦੇਖਨ ਵਾਲਾ; ਭੈਂਗਾਪਨ, ਤਿਰਛਾਪਨ; *v. t.* ਟੇਢਾ ਜਾ ਭੈਂਗਾ ਦੇਖਨਾ।

Squire, *n.* ਸਕਵਿਰ—ਬਹਾਦੁਰ, ਮਹਾਰਾਜ, ਆਰਜ, ਸਰਦਾਰ, ਮਿਰਜ਼ਾ, ਰਾਜ, ਲਾਲਾ ਆਦਿ; *v. t.* ਨੌਕਰ ਵਾਂਗੂ ਨਾਲ ਰਹਨਾ, ਸਾਥੀ ਬਨਨਾ, ਹਮ ਰਕਾਬ ਹੋਨਾ।

Squirrel, *n.* ਸਕ੍ਵਿਰਲ—ਗਿਲਹਰੀ, ਕੱਟੂ, ਕਾਲੂਕ।

Squirt, *v. t.* ਸਕਵਰਟ—ਪਿਚਕਾਰੀ ਛਡਨਾ ਜਾ ਮਾਰਨਾ; *n.* ਪਿਚਕਾਰੀ; ਛੋਟੀ ਤੇਜ਼ ਧਾਰ।

Stab, *n.* ਸਟੈਬ—ਚੋਭ, ਘਾਓ, ਜ਼ਖ਼ਮ; *v. t.* ਚੁਭੋਣਾ, ਕਟਾਰ ਮਾਰਨਾ, ਘੁਸੇੜਨਾ, ਹੂਲਨਾ; ਘਾਇਲ ਜਾ ਜ਼ਖ਼ਮੀ ਕ०।

Stability, *n.* ਸਟੇਬਿਲਿਟੀ—ਥਿਰਤਾ, ਧੀਰਜ, ਦ੍ਰਿੜਤਾ, ਮਜ਼ਬੂਤੀ, ਪਾਏਦਾਰੀ।

Stable, *a.* ਸਟੇਬਲ—ਅਚਲ, ਸਥਾਇਰ, ਅਟਲ, ਸਥਿਰ, ਟਿਕਾਊ, ਠਹਰਿਆ ਹੋਇਆ; ਪੱਕਾ, ਮਜ਼ਬੂਤ, ਦ੍ਰਿੜ; *n.* ਅਸਤਬਲ, ਘੁੜਸਾਲ, ਤਬੇਲਾ; *v. t.* ਘੁੜਸਾਲ ਜਾ ਤਬੇਲੇ ਵਿੱਚ ਰੱਖਨਾ।

Stack, *n.* ਸਟੈਕ—ਅੰਬਾਰ, ਢੇਰ, ਟਾਲ, ਤੋਦਾ; ਬੰਦੂਕਾਂ ਦੀ ਕੋਤਲ; *v. t.* ਟਾਲ, ਤੋਦਾ ਜਾ ਅੰਬਾਰ ਲਗਾਉਨਾ, ਢੇਰ ਲਾਉਨਾ।

Stacte, *n.* ਸਟਕਟੇ—ਦਾਰਚੀਨੀ ਦਾ ਤੇਲ।

Staddle, *n.* ਸਟੈਡਲ—ਸਹਾਰ, ਸਡ਼, ਟੇਕ, ਡੰਡਾ, ਲਾਠੀ, ਛੜੀ, ਸੋਟੀ; ਇੱਕ ਛੋਟਾ ਰੁੱਖ।

Staff, *n.* ਸਟਾਫ਼—ਛੜੀ, ਲਾਠੀ, ਸੋਟਾ, ਖੰਬਾ, ਬਾਂਸ, ਸੀੜ੍ਹੀ ਜਾ ਪੌੜੀ ਦਾ ਡੰਡਾ; ਸਲੋਕ, ਬੈਂਤ; ਅਧਿਕਾਰ ਸਮੂਹ; ਫ਼ੌਜ ਸੰਬੰਧੀ ਨੌਕਰ ਚਾਕਰ; ਅਮਲਾ ਫ਼ੈਲਾ; ਬੰਦ; ਕੁੰਡਲੀ।

Stag, *n.* ਸਟੈਗ—ਬਾਰਾਸਿੰਗਾ, ਪਾੜ੍ਹਾ; ਪੱਠਾ, ਬਛੇੜਾ; ਦੱਲਾਲ।

Stage, *n.* ਸਟੇਜ—ਮਚਾਨ, ਚਬੂਤਰਾ, ਤਮਾਸ਼ਾ ਘਰ, ਅਖਾੜਾ, ਟਿਕਾਨਾ, ਅਵਸਥਾ, ਪਦ, ਕ੍ਰਮ, ਵਾਰਦਾਤ ਦਾ ਮੌਕਾ, ਦਰਜਾ, ਹਾਲਤ, ਨੌਬਤ; ਪੜਾਓ, ਚੌਕੀ, ਮੰਜ਼ਿਲ, ਉਤਾਰਾ, ਅਰਸਾ, ਮੁਸਾਫ਼ਤ।

Stager, *n.* ਸਟੇਜਰ—ਸਾਂਗੀਆ; ਤਜੁਰਬਾਕਾਰ, ਠੰਡਾ ਤੱਤਾ ਵੇਖੇ ਹੋਏ, ਸਹਾਂਦੀਦਾ।

Stagger, *v. i.* ਸਟੈਗਰ—ਡਗਮਗਾਉਨਾ, ਡੋਲਨਾ, ਥਿੜਕਨਾ, ਅੱਗਾ ਪਿੱਛਾ ਕ०, ਮਨ ਵਿੱਚ ਸੰਦੇਹ ਪਾਉਨਾ, ਹਿਚਕਨਾ, ਟਲਨਾ, ਹਟਨਾ, ਡਾਵਾਂਡੋਲ ਹੋਨਾ; *v. t.* ਘਬਰਾ ਦੇਨਾ, ਹੈਰਾਨ ਜਾ ਵਿਆਕੁਲ ਕ०, ਨਿਰਉੱਤਰ ਕ०।

Stagnancy, Stagnation, *n.* ਸਟੈਗਨੈਨਸੀ, ਸਟੈਗਨੇਸ਼ਨ—ਅਟਕਾਓ, ਰੁਕਾਓ, ਬੰਧੇਜ, ਕਯਾਮ, ਰੁਕਾਵਟ।

Stagnant, *a.* ਸਟੈਗਨੇਂਟ—ਬੰਦ, ਅਚਲ, ਰੁਕਿਆ ਹੋਇਆ, ਖਲੋਤਾ, ਖੜਾ, ਸੋਮਾ, ਮੰਦਾ, ਢਿੱਲਾ, ਸੁਸਤ, ਆਲਸੀ।

Stagnate, *v. i.* ਸਟੈਗਨੇਟ—ਅਟਕਨਾ, ਰੁਕਨਾ, ਖੜਾ ਹੋਨਾ, ਖੜਾ ਰਹਨਾ, ਵਗਨ ਥੋਂ ਬੰਦ ਹੋਨਾ; ਮੰਦਾ ਪੈਨਾ।

Staid, *a.* ਸਟੇਡ—ਗੰਭੀਰ, ਦ੍ਰਿੜ, ਪੱਕਾ, ਸਥਿਰ, ਧੀਰ, ਠਹਰਿਆ ਹੋਇਆ।

Stain, *v. i* ਸਟੇਨ—ਰੰਗਨਾ, ਧੱਬਾ ਪਾਉਨਾ; ਕਲੰਕ ਲਗਾਉਨਾ, ਦੂਖਿਤ ਕ०; ਛਾਪਨਾ; *n.* ਚਿੰਨ੍ਹ, ਲੀਕ, ਲੱਛਨ, ਦਾਗ਼, ਧੱਬਾ, ਛਿਟ; ਅਪੀਰਤੀ, ਬਦਨਾਮੀ, ਕਲੰਕ।

Stair, *n.* ਸਟੇਅਰ—ਪੌੜੀ, ਸੀੜ੍ਹੀ।

Stake, *n.* ਸਟੇਕ—ਮੇਖ, ਸੂਈ, ਖੁੰਟੀ, ਛੜੀ, ਚੋਬ, ਸਲਾਕਾ, ਖੰਬਾ, ਲੱਕੜ; ਬਾਜ਼ੀ, ਦਾਓ, ਸ਼ਰਤ; ਹੋੜ, ਜੋਖੋਂ, ਖ਼ਤਰਾ; ਐਹਰਨ, ਨਿਹਾਈ; *v. t.* ਮੇਖਾਂ ਨਾਲ ਪੱਕਾ ਕ०, ਧਰਨਾ, ਰਖਨਾ, ਲਗਾਉਨਾ, ਸਹਾਰਨਾ, ਸਹਾਰਾ ਲਗਾਉਨਾ; ਮੇਖਾਂ ਨਾਲ ਹੱਦ ਦੇ ਨਿਸ਼ਾਨ ਲਗਾਉਨਾ; ਸ਼ਰਤ ਬੰਨ੍ਹਣਾ, ਦਾਓਂ ਪੁਰ ਲਗਾਉਨਾ ਜਾ ਰੱਖਨਾ।

Stale, *a.* ਸਟੇਲ—ਫਿੱਕਾ, ਘਸਿਆ ਹੋਇਆ, ਪੁਰਾਨਾ, ਬਿਹਾ, ਉਬਾਸਿਆ ਹੋਇਆ, ਉਤਰਿਆ ਹੋਇਆ, ਚਲੀ ਹੋਈ; *v. t.* ਪੁਰਾਨਾ ਕ०, ਘਸਾਉਨਾ; *v. i.* ਜਨੌਰ ਦਾ ਮੂਤਨਾ ਜਾ ਪੇਸ਼ਾਬ ਕ०; *n.* ਦਸਤਾ, ਬੈਂਟਾ।

Staleness, *n.* ਸਟੇਲਨੈਸ—ਪੁਰਾਨਾਪਨ, ਬਾਸੀਪਨ।

Stalk, *n.* ਸਟਾਕ—ਅੰਠੀ ਚਾਲ; ਡੰਠਲ, ਨਲੀ, ਡੰਡੀ, ਡਾਲੀ; *v. i.* ਆਕੜਕੇ ਜਾ ਛਾਤੀ ਕੱਢਕੇ ਚਲਨਾ; ਚੁੱਪਚਾਪ ਜਾ ਲੁਕ ਲੁਕਕੇ ਜਾਨਾ।

Stalky, *a.* ਸਟਾਕੀ—ਡੰਡਲ ਜੇਹਾ।

Stall, *n.* ਸਟਾਲ—ਤਬੇਲਾ, ਘੁੜਸਾਲ; ਤਖ਼ਤਾ ਜਿਸ ਪੁਰ ਕੋਈ ਚੀਜ਼ ਵੇਚਨ ਲਈ ਰੱਖੀ ਜਾਵੇ; ਖੋਖਾ, ਦੁਕਾਨ, ਚਬੂਤਰਾ; ਪਾਦਰੀ ਦੀ ਕੁਰਸੀ।

Stallage, *n.* ਸਟਾਲੇਜ—ਤਬੇਲੇ ਦਾ ਕਿਰਾਯਾ; ਮੇਲਿਆਂ ਪੁਰ ਦੁਕਾਨ ਲਗਾਉਨ ਦਾ ਹੱਕ।

Stallion, *n.* ਸਟਾਲੀਅਨ—ਘੋੜਾ ਜੋ ਖੱਸੀ ਨਾ ਕੀਤਾ ਹੋਵੇ, ਸਾਂਡ ਘੋੜਾ।

Stalwart, Stalworth. *a.* ਸਟਾਲਵਰਟ, ਸਟਾਲਵਰਥ—ਬਲਵਾਨ, ਪੁਸ਼ਟ, ਸਾਹਸੀ, ਤਕੜਾ, ਬੀਰ, ਰਿਸ਼ਟ ਪੁਸ਼ਟ, ਹੱਟਾ ਕੱਟਾ।

Stamen, *n.* ਸਟੈਮੈਨ-ਤਾਗਾ, ਧਾਗਾ, ਸੂਤ; ਮੂਲ, ਜੜ੍ਹ, ਸਰੀਰ ਦਾ ਓਹ ਅੰਗ ਜਿਸਥੀਂ ਇਸਨੂੰ ਬਲ ਮਿਲੇ ਜੇਹਾ ਪਸ਼ੂਆਂ ਵਿੱਚ ਹੱਡੀਆਂ, ਅਸਲ; ਫੁੱਲ ਦੀ ਡੰਡੀ।

Staminate, *v. t.* ਸਟੈਮੀਨੇਟ—ਸੱਚਾ ਬਲ ਦੇਨਾ, ਅਸਲੀ ਤਾਕਤ ਦੇਨਾ।

Stammel, *n.* ਸਟੈਮੈਲ-ਪੀਲੀ ਚਮ ਦਾ ਲਾਲ ਰੰਗ; ਭੱਦਾ ਘੋੜਾ।

Stammer, *v. t.* ਸਟੈਮਰ-ਤੁਤਲਾਉਣਾ, ਲੜਖੜਾਉਣਾ; *n.* ਤੁਤਲਾਹਟ, ਲੁਕਨਤ।

Stamp, *v. t.* ਸਟੈਮਪ-ਪਾਂਓ ਜਾ ਪੈਰ ਮਾਰਨਾ, ਪਟਪਟਾਉਣਾ; ਛਾਪਨਾ, ਲਗਾਉਣਾ, ਥਾਪਨਾ, ਮੁਦਰਾ ਬਨਾਉਣਾ; ਮੋਹਰ ਲਗਾਉਣੀ, ਨਿਸ਼ਾਨ ਪਾਉਣਾ; ਦਿਲ ਪੁਰ ਜਮਾਉਣਾ; ਸਿੱਕਾ ਬਨਾਉਣਾ, ਘੜਨਾ; ਕੁੱਟਨਾ; *n.* ਠੱਪਾ, ਛਾਪਾ, ਛਪੀ ਹੋਈ ਵਸਤੂ, ਰੂਪ, ਆਕਾਰ, ਡੌਲ, ਢਬ, ਪਰਮਾਣ, ਸੁਭਾਵ; ਮੋਹਰ, ਸਿੱਕਾ, ਸਨਦ; ਚਿੰਨ੍ਹ, ਨਿਸ਼ਾਨ; ਤਰੀਕਾ, ਚਾਲ, ਸਰੂਪ; ਧਾਂਤ ਖੀਸਨ ਦੀ ਕਲ।

Stampede, *n.* ਸਟੈਮਪੈਡ—ਅਚਾਨਕ ਤਰਥਲੀ, ਭਾਜੜ।

Stanch, *v. t.* ਸਟਾਂਸ਼-ਲਹੂ ਆਦਿ ਬੰਦ ਕ੦, ਰੋਕਨਾ, ਥੰਮਨਾ; *a.* ਪੁਸ਼ਟ, ਦ੍ਰਿੜ, ਪੱਕਾ, ਅਰੋਗ, ਕਾਮਿਲ, ਪੂਰਾ।

Stand, *v. t.* ਸਟੈਂਡ-ਖੜਾ ਕ੦, ਉਠਾਉਣਾ, ਕਾਯਮ ਕ੦; *v. i.* ਖੜਾ ਹੋਨਾ, ਟਿਕਨਾ, ਕਾਯਮ ਹੋਨਾ; ਹੋਨਾ, ਠਹਰਨਾ, ਥੰਮਨਾ, ਇੱਕ ਹਾਲ ਪੁਰ ਰਹਨਾ; ਸਹਨਾ, ਝੇਲਨਾ, ਸਹਾਰਨਾ; ਸੂੰ ਦਾ ਤੂੰ ਹੋਨਾ; ਕਾਮਯਾਬ ਹੋਨਾ; ਜੰਮੇ ਰਹਨਾ, ਅਟਕੇ ਰਹਨਾ, ਡਟਨਾ; ਕਿਸੇ ਜਗਹ, ਦਰਜੇ ਯਾ ਰੁਤਬੇ ਪਰ ਹੋਨਾ; ਮਿਲਨਾ, ਠੀਕ ਬੈਠਨਾ, ਮੁਤਾਬਿਕ ਹੋਨਾ; ਰੁਕਨਾ, ਬੰਦ ਰਹਨਾ; ਜਾਰੀ ਰਹਨਾ, ਚਲਨਾ, ਜਾਰੀ ਹੋਨਾ, ਵਰਤਮਾਨ ਹੋਨਾ; *n.* ਠਿਕਾਨਾ, ਠੌਰ, ਜਗਹ, ਸਥਾਨ, ਅੱਡਾ; ਪੜਾਓ, ਮੁਕਾਮ, ਚਬੂਤਰਾ; ਟਿਕਟਿਕੀ, ਘੜਵੰਜੀ, ਘੜੌਂਚੀ, ਟਿਪਾਈ; ਰੱਖਨ ਦੀ ਚੀਜ਼, ਘੋੜੀ; ਛੋਟੀ ਜੇਹੀ ਮੇਜ਼, ਤ੍ਰਿਪਾਈ, ਗੁਆਹ ਦੇ ਖੜੇ ਹੋਨ ਦੀ ਥਾਂਓ; ਮੁਕਾਬਲਾ, ਸਾਹਮਨਾ; ਇੱਕ ਤੋਲ, ਪੇੜੀ।

Standard, *n.* ਸਟੈਨਡਰਡ—ਝੰਡਾ, ਧਵਜਾ, ਨਿਸ਼ਾਨ; ਪਰਿਮਾਣ, ਪੈਮਾਨਾ, ਜਾਂਚ, ਤੋਲ, ਭਾਵ, ਦਸਤੂਰ, ਰੀਤ, ਰਸਮ; ਸਿੱਧਾ ਖੜਾ ਰੁੱਖ; *a.* ਮੁਕਰਰਾ, ਨਿਯਤ, ਕਤਈ।

Standing, *a.* ਸਟੈਨਡਿੰਗ-ਨਿਯਤ, ਮੁਕਰਰਾ; ਬਹੁਤ ਕਾਲ ਤਕ ਰਹਨ ਵਾਲਾ, ਮੁਦਾਮੀ; ਸਥਿਰ, ਬੰਦ, ਖੜਾ, ਖਲੋਤਾ, ਪੱਕਾ; *n.* ਕਾਲ, ਮੁੱਦਤ, ਅਰਸਾ; ਪਕਿਆਈ, ਪਾਯਦਾਰੀ; ਅੱਡਾ, ਥਾਂਓ, ਜਗਹ; ਬਲ, ਜ਼ੋਰ, ਤਾਕਤ; ਪਦਵੀ, ਦਰਜਾ, ਰੁਤਬਾ।

Standish, *n.* ਸਟੈਂਡਿਸ਼-ਕਲਮਦਾਨ।

Standpoint, *n.* ਸਟੈਂਡਪੋਇੰਟ—ਖਲੋਨ ਦੀ ਥਾਂਓ, ਮੌਕਾ।

Stang, *n.* ਸਟੈਂਗ-ਡੰਡਾ, ਛੜ, ਬਾਂਸ, ਨਾਪ, ਮਾਪ, ਲੱਗੀ।

Stank, *p. t.* of Stink, ਸਟੈਂਕ—ਬੁੱਸਿਆ ਵੇਖੋ ਸ਼ਬਦ Stink.

Stannary, *n.* ਸਟੈਨਰੀ-ਟੀਨ ਦੀ ਕਾਨ ਜਾ ਖਾਨ; *a.* ਟੀਨ ਦੇ ਕੰਮ ਦਾ।

Stanza, *n.* ਸਟੈਨਜ਼ਾ-ਸ਼ਲੋਕ, ਗਾਥਾ, ਦੋਹਾ, ਸੋਰਠਾ, ਛੰਦ, ਚੌਪਈ, ਬੰਦ, ਰੁਬਾਈ।

Staple, *n.* ਸਟੇਪਲ—ਮੰਡੀ, ਬਜ਼ਾਰ, ਦਸੌਰ; ਸੌਦਾ, ਜਿੰਸ, ਸ਼ੈ; ਰੇਸ਼ਾ, ਵਾਲ, ਰੂਈਂ; ਕੜੀ, ਕੁੰਡਾ; ਸਾਮਗਰੀ; *a.* ਨਿਯਤ, ਮੁਕੱਰਰ, ਵੱਡਾ, ਅਸਲ।

Stapler, *n.* ਸਟੇਪਲਰ-ਬਿਓਪਾਰੀ, ਬਨੀਆ, ਲੈਨ ਦੇਨ ਕਰਨ ਵਾਲਾ, ਸੌਦਾਗਰ।

Star, *n.* ਸਟਾਰ-ਤਾਰਾ, ਨਛੱਤਰ; *v. t.* ਤਾਰੇ ਲਗਾਉਣੇ, ਤਾਰਿਆਂ ਨਾਲ ਸਜਾਉਣਾ।

Starch, *n.* ਸਟਾਰਚ-ਮਾਵਾ, ਨਸ਼ਾਸਤਾ, ਕਾਂਜੀ; ਬਨਾਵਟ, ਬੇਕਾਇਦਗੀ; *v. t.* ਕੜਾ ਕ੦, ਕਲਫ ਲਗਾਉਣਾ, ਅਹਾਰ ਚੜ੍ਹਾਉਣਾ।

Stare, *v. i.* ਸਟੇਅਰ—ਘੂਰਨਾ, ਟਿਕਟਿਕੀ ਬੰਨ੍ਹਣਾ, ਤਕਨਾ; ਉਭਰਨਾ; *n.* ਤਕ, ਟਿਕਟਿਕੀ, ਨਜ਼ਰਬਾਜ਼ੀ।

Stark, *a.* ਸਟਾਰਕ-ਕੜਾ, ਕਠਿਨ, ਗੰਭੀਰ, ਕੇਵਲ, ਮਾਤਰ, ਨਿਪਟ, ਅਤਯੰਤ; ਮਜ਼ਬੂਤ, ਸਖ਼ਤ, ਬਿਲਕੁਲ, ਸਰਾਸਰ; *adv.* ਸਭ, ਸੰਪੂਰਨ ਰੂਪ ਨਾਲ, ਤਮਾਮ।

Starling, *n.* ਸਟਾਰਲਿੰਗ–ਮੈਨਾ, ਸ਼ਾਰਕ ।

Starry, *a.* ਸਟਾਰੀ–ਤਾਰਿਆਂ ਨਾਲ ਭਰਿਆ ਹੋਇਆ, ਤਾਰਿਆਂ ਜੇਹਾ ਚਮਕਦਾ ।

Start, *v. t.* ਸਟਾਰਟ—ਉਠਾਉਣਾ, ਛੇੜਨਾ, ਭੜਕਾਉਣਾ, ਚਮਕਾਉਣਾ, ਚਲਾਉਣਾ, ਖੋਲ੍ਹਨਾ, ਜਾਰੀ ਕ०; ਉਪਜਾਉਣਾ, ਜਗਹ ਥੀਂ ਹਟਾ ਦੇਣਾ; ਉਧੇੜਨਾ, ਖਾਲੀ ਕ०; *v, i.* ਚਲਣਾ, ਰਵੱਨਾ ਹੋਣਾ; ਚੌਂਕਣਾ, ਚਮਕਣਾ, ਜਾਰੀ ਹੋਣਾ, ਸ਼ੁਰੂ ਹੋਣਾ; ਛੁਟਣਾ, ਨਿਕਲਣਾ; *n.* ਚੌਂਕ, ਭੜਕ, ਚਮਕ; ਐਂਠਨ; ਛਾਲ, ਛਲਾਂਗ, ਪਰਵਾਜ਼, ਉਡਾਨ; ਉਮੰਗ, ਜੋਸ਼, ਉਦੇਗ, ਲਹਰ, ਮੌਜ; ਰਵਾਨਗੀ, ਚਾਲਾ; ਕੋਈ ਨਿਕਲੀ ਯਾ ਉੱਭਰੀ ਹੋਈ ਚੀਜ਼; ਅਰੰਭ, ਸ਼ੁਰੂ ।

Startle, *v. t.* ਸਟਾਰਟਲ—ਭੜਕਾਉਣਾ, ਡਰਾਉਣਾ, ਡਰ ਵਿਖਾਕੇ ਮਨ ਤੋੜਨਾ, ਚਮਕਾਉਣਾ; *v. i.* ਚੌਂਕਣਾ, ਭੜਕਣਾ, ਡਰਨਾ; *n.* ਚੌਂਕ, ਧੜਕ, ਹੜਬੜੀ ।

Starvation, *n.* ਸਟਾਰਵੇਸ਼ਨ—ਭੁੱਖ ਨਾਲ ਮਰਨ ਦੀ ਹਾਲਤ, ਫ਼ਾਕਾਕਸ਼ੀ ।

Starve, *v. t.* ਸਟਾਰਵ–ਭੁੱਖਾ ਮਾਰਨਾ, ਨਿਰਬਲ ਯਾ ਕਮਜ਼ੋਰ ਕ०; *v. i.* ਭੁੱਖਾ ਮਰਨਾ, ਭੁੱਖੇ ਤਿਰਹਾਏ ਰਹਨਾ, ਫ਼ਾਕਾਕਸ਼ੀ ਕ० ।

Starveling, *n.* ਸਟਾਰਵੇਲਿੰਗ—ਦੁਬਲਾ ਤੇ ਨਿਰਬਲ ਜੰਤੂ ਯਾ ਰੁੱਖ; *a.* ਭੁੱਖਾ, ਦੁਬਲਾ, ਮੁਰਝਾਇਆ ਹੋਇਆ, ਲਿੱਸਾ, ਸੁੱਕਾ ।

State, *n.* ਸਟੇਟ—ਤੌਰ, ਦਸਾ, ਢੰਗ, ਚਾਲ, ਹਾਲਤ, ਗਤੀ, ਦਸ਼ਾ; ਦਰਜਾ, ਪਦਵੀ, ਰੁਤਬਾ; ਧੂਮਧਾਮ, ਸ਼ਾਨੋ ਸ਼ੌਕਤ; ਮੰਡਲੀ, ਜੱਥਾ, ਟੋਲੀ, ਜਮਾਇਤ, ਗਿਰੋਹ; ਕਾਨੂਨ ਬਨਾਉਣ ਵਾਲਿਆਂ ਦੀ ਮੰਡਲੀ; ਰਾਜ, ਸਰਕਾਰ, ਬਾਦਸ਼ਾਹਤ, *pl.* ਕੁਲੀਨ ਲੋਕ, ਕੁਲੀਨ ਜਨ ਸਮੂਹ; *v. t.* ਨਿਸ਼ਚਿਤ ਕ०, ਨਿੱਯਤ ਕ०, ਠਹਿਰਾਉਣਾ, ਮੁਕੱਰਰ ਕ०; ਕਹਣਾ, ਨਿਵੇਦਨ ਕ०, ਕਥਾ ਕ०, ਬਿਆਨ ਕ०, ਬੇਨਤੀ ਯਾ ਦਰਖ਼ਾਸਤ ਕ०, ਅਰਜ਼ ਕ० ।

Stateliness, *n.* ਸਟੇਟਲੀਨੈਸ–ਮਹਾਨਤਾ, ਵਡਿਆਈ, ਸ਼ਾਨ, ਦਬਦਬਾ, ਜਲਾਲ ।

Stately, *a.* ਸਟੇਟਲੀ—ਮਹਾਨ, ਰਾਜਕੀਯ, ਉੱਚਾ, ਬੁਲੰਦ; ਵੱਡ ਕੱਦ ਵਾਲਾ, ਕੱਦਾਵਰ ।

Statement, *n.* ਸਟੇਟਮੈਂਟ–ਨਿਵੇਦਨ, ਬਖਾਨ, ਬਿਰਤਾਂਤ, ਵਿਆਖਯਾ, ਬਿਆਨ, ਇਸ਼ਤਿਹਾਰ; ਨਕਸ਼ਾ, ਲੇਖਾ, ਤਖਮੀਨਾ, ਖਬਰ ।

Statesman, *n.* ਸਟੇਟਸਮੈਨ—ਰਾਜਨੀਤਿ ਜਾਨਣ ਵਾਲਾ, ਰਾਜ ਕਾਰਜ ਵਿਵਹਾਰੀ, ਦੀਵਾਨ, ਮੁਦੱਬਿਰ, ਪਰਬੰਧ ਕਰਤਾ, ਨਾਜ਼ਿਮ ।

Stateswoman, *n.* ਸਟੇਟਸਵੋਮੈਨ–ਓਹ ਇਸਤ੍ਰੀ ਜੋ ਰਾਜ ਕਾਰਜ ਵਿਚ ਨਿਪੁਣ ਹੋਵੇ ।

Static, Statical, *a.* ਸਟੈਟਿਕ, ਸਟੈਟੀਕਲ—ਚੀਜ਼ਾਂ ਦੇ ਤੋਲਨ ਯਾ ਮਾਪਨ ਦੀ ਵਿੱਦਯਾ ਸੰਬੰਧੀ, ਵਜ਼ਨੀ, ਤੋਲ ਯਾ ਮਾਪ ਦਾ ।

Statics, *n.* ਸਟੈਟਿਕਸ–ਪਦਾਰਥ ਭਾਰ ਪਰਿਮਾਣ ਵਿੱਦਯਾ, ਧਨ, ਹੁਨਰ, ਪੇਸ਼ਾ ਯਾ ਬੋਝ (ਭਾਰ) ਵਿੱਦਯਾ ।

Station, *n.* ਸਟੇਸ਼ਨ—ਜਗਹ, ਥਾਂਉ, ਠੌਰ, ਸਥਾਨ, ਠਿਕਾਨਾ; ਅਧਿਕਾਰ, ਪਦ, ਸਥਲ, ਪਦਵੀ, ਮਾਨ, ਮਰਯਾਦਾ, ਦਸ਼ਾ, ਅਵਸਥਾ, ਡੌਲ, ਭਾਵ, ਸਥਿਤੀ, ਪਰਕ੍ਰਿਤੀ; *v. t.* ਰਖਣਾ, ਧਰਨਾ, ਬਿਠਾਉਣਾ, ਠਹਿਰਾਉਣਾ, ਖਲ੍ਹਾਰਨਾ, ਟਿਕਾਉਣਾ, ਖੜਾ ਕ०, ਕਾਇਮ ਕ० ।

Stationary, *a* ਸਟੇਸ਼ਨਰੀ–ਖੜਾ, ਠਹਿਰਿਆ, ਅਚਲ, ਬੰਦ, ਕਿਸੇ ਥਾਂ ਦਾ, ਮੁਕਾਮੀ, ਸਥਾਨੀ ।

Stationer, *n.* ਸਟੇਸ਼ਨਰ—ਕਾਗਜ਼, ਕਲਮ, ਦਵਾਤ ਆਦਿਕ ਵੇਚਣ ਵਾਲਾ ।

Stationery, *a.* ਸਟੇਸ਼ਨਰੀ–ਲਿਖਨ ਦਾ ਸਾਮਾਨ ਜੇਹਾ ਕਾਗਜ਼, ਕਲਮ, ਦਵਾਤ ਆਦਿ ।

Statism, *n.* ਸਟੈਟਿਜ਼ਮ—ਰਾਜਨੀਤਿ, ਨੀਤਿ ਵਿੱਦਯਾ ।

Statistic, Statistical, *a.* ਸਟੈਟਿਸਟਿਕ, ਸਟੈਟਿਸਟੀਕਲ—ਦੇਸ਼ ਬ੍ਰਿਤਾਂਤ ਸੰਬੰਧੀ, ਮੁਲਕੀ ਹਾਲ ਦੇ ਮੁਤਅੱਲਕ ।

Statistics, *n.* ਸਟੈਟਿਸਟਿਕਸ–ਓਹ ਵਿੱਦਯਾ ਜਿਸ ਵਿਚ ਦੇਸ਼ ਵਾਸੀਆਂ ਦੀ ਅਵਸਥਾ, ਧਨ, ਹੁਨਰ, ਪੇਸ਼ਾ, ਸ਼ਕਤੀ ਆਦਿ ਦਾ ਵਰਨਣ ਹੁੰਦਾ ਹੈ. ਜਾਤੀਆਂ ਯਾ ਦੇਸ਼ ਦੀ ਦਸ਼ਾ (ਹਾਲਤ) ਦੀ ਵਿੱਦਯਾ ।

Statuary, *n.* ਸਟੈਚੂਅਰੀ–ਪਰਿਤਮਾ, ਮੂਰਤ, ਬੁੱਤ, ਪੁਤਲਾ ਯਾ ਮੂਰਤੀ ਘੜਨ ਦੀ ਵਿੱਦਯਾ; ਮੂਰਤ ਯਾ ਬੁੱਤ ਬਨਾਉਣ ਵਾਲਾ; ਬੁੱਤ, ਮੂਰਤ

Statue, *n.* ਸਟੈਚੂ–ਪਰਿਤਮਾ, ਬੁੱਤ, ਮੂਰਤੀ, ਪੁਤਲਾ, ਕਿਸੇ ਜੰਤੂ ਦੀ ਮੂਰਤੀ ਜੋ ਖੋਦਕੇ ਬਨੇ ।

Stature, *n.* ਸਟੇਚੁਰ—ਡੀਲ ਡੌਲ, ਜਿੰਸ, ਕਿਸੇ ਜੰਤੂ ਦੀ ਉਚਾਈ, ਕੱਦ ।

Status, *n.* ਸਟੇਟਸ–ਪਦਵੀ, ਦਰਜਾ, ਰੁਤਬਾ ।

Statutable, *a.* ਸਟੈਟੂਟੇਬਲ–ਨੇਮ ਯਾ ਕਾਨੂਨ ਸੰਬੰਧੀ ।

Statutably, *adv.* ਸਟੈਟੂਟੇਬਲੀ—ਨੇਮ ਯਾ ਕਾਨੂਨ ਦੇ ਅਨੁਕੂਲ ਯਾ ਮੁਤਾਬਿਕ ।

Statute, *n.* ਸਟੈਟੂਟ–ਨਿਯਮ, ਵਿਧਾਨ, ਰਾਜ ਵਿਵਸਥਾ, ਕਾਨੂਨ, ਆਈਨ; ਰੀਤ, ਰਸਮ, ਦਸਤੂਰ, ਕਾਇਦਾ, ਮਰਯਾਦਾ ।

Stave, *n.* ਸਟੇਵ—ਪਟੜਾ, ਪਟੜੀ, ਤਖ਼ਤਾ; ਗਿਰਜੇ ਦਾ ਇੱਕ ਗੀਤ; *v. t.* ਤੋੜਨਾ, ਚੀਰਨਾ, ਫਾੜਨਾ; ਛੇਦ, ਛੇਕ ਯਾ ਸੁਰਾਖ਼ ਕ०, ਮੋਰੀ ਕੱਢਣਾ; ਧਕੇਲਨਾ, ਧੱਕਨਾ; ਨਿਕਾਲਨਾ, ਰੱਦਣਾ; ਢਿੱਲ ਕ०, ਦੇਰ ਕ०, ਰੋਕਨਾ, ਅਟਕਾਉਣਾ; ਜਮਾਉਣਾ, ਪੱਕਾ ਕ० ।

Stay, *v. i.* ਸਟੇ–ਕਿਸੇ ਜਗਹ ਵਿੱਚ ਰਹਣਾ, ਟਿਕਣਾ, ਵਸਨਾ, ਠਹਰਨਾ, ਰੁਕਨਾ; ਇਤਬਾਰ ਯਾ ਭਰੋਸਾ ਕ०; ਖੜਾ ਰਹਣਾ; ਜਹਾਜ਼ ਦਾ ਫੇਰਨਾ; *v. t.* ਰੋਕਣਾ, ਠਹਰਾਉਣਾ, ਅਟਕਾਉਣਾ, ਸੰਭਾਲਣਾ, ਥੰਮਨਾ, ਸਹਾਰਾ ਦੇਣਾ; *n.* ਠਹਰਾਓ, ਬਸਰਾ; ਰੋਕ, ਆੜ; ਹਜ਼ਮ, ਹੁਸ਼ਿਆਰੀ; ਆਸਰਾ, ਟੇਕ, ਓਟ, ਸਹਾਰਾ, ਭਰੋਸਾ; ਮਜ਼ਬੂਤ ਬਨੂਣ ਦੀ ਰੱਸੀ ।

Stays, *n.* ਸਟੇਜ਼–ਅੰਗੀ, ਚੋਲੀ ।

Stead, *n.* ਸਟੈਡ—ਜਗਹ, ਠੌਰ, ਸਥਾਨ; ਬਦਲਾ, ਇਵਜ਼; ਪਲੰਗ, ਖਾਟ, ਖਟੋਲਾ, ਮੰਜਾ; *v. t.* ਸੰਭਾਲਨਾ, ਆਸਰਾ ਦੇਨਾ, ਸਹਾਇਤਾ ਯਾ ਮੱਦਦ ਕ० ।

Steadfast, *a.* ਸਟੈਡਫ਼ਾਸਟ–ਦ੍ਰਿੜ, ਅਟਲ, ਅਚਲ, ਗੰਭੀਰ ।

Steadily, *adv.* ਸਟੈਡੀਲੀ—ਦ੍ਰਿੜਤਾ ਯਾ ਸਾਬਿਰਤਾ ਨਾਲ; ਬਰਾਬਰ, ਇੱਕੋ ਜੇਹਾ ।

Steadiness, *n.* ਸਟੈਡੀਨੈਸ–ਦ੍ਰਿੜਤਾ, ਨਿਸ਼ਚਲਤਾ, ਅਟਲਪਾ, ਸਥਿਰਤਾ, ਇਸਤਿਕਲਾਲ, ਮਜ਼ਬੂਤੀ, ਸਾਬਤ ਕਦਮੀ ।

Steady, *a.* ਸਟੈਡੀ–ਦ੍ਰਿੜ, ਅਟਲ, ਅਚਲ, ਨਿਸਚਲ, ਸਥਿਰ; ਯਥਾ ਵਿਧੀ ਨਿਯਤ, ਨਿਯਮ ਅਨੁਸਾਰੀ; ਸਮਾਨ ਰੂਪ, ਬਰਾਬਰ ਦਾ; ਪੱਕਾ, ਮੁਸਤਹਕਮ, ਸਾਬਿਤ ਕਦਮ, ਮੁਸਤਕਿਲ; ਬਰਾਬਰ, ਯਕਸਾਨ; *v. t.* ਦ੍ਰਿੜ, ਸਥਿਰ, ਪੱਕਾ ਯਾ ਮਜ਼ਬੂਤ ਕ०, ਸੰਭਾਲਨਾ ।

Steak, *n.* ਸਟੀਕ–ਮਾਸ ਦੀ ਭੁੱਨੀ ਹੋਈ ਬੋਟੀ ।

Steal, *v. t.* ਸਟੀਲ–ਚੁਰਾਉਣਾ, ਹਰਨਾ, ਚੁਰਾ ਲੈ ਜਾਨਾ, ਚੋਰੀ ਕ०; ਦਿਲ ਯਾ ਚਿੱਤ ਲੈਣਾ, ਮੋਹਨਾ, ਲੁਭਾਉਣਾ, ਖਿੱਚਨਾ; *v. i.* ਅੱਖ ਬਚਾਕੇ ਯਾ ਚੁਪਕੇ ਚਲੇ ਜਾਨਾ, ਖਿਸਕ ਜਾਨਾ, ਸਟਕ ਜਾਨਾ ।

Stealing, *n.* ਸਟੀਲਿੰਗ–ਚੋਰੀ ।

Stealth, *n.* ਸਟੈਲਥ–ਚੋਰੀ, ਲੁਕਿਆ ਕੰਮ ।

Stealthily, By-Stealth, *adv.* ਸਟੈਲਥੀਲੀ, ਬਾਈ ਸਟੈਲਥ—ਚੋਰੀ ਚੋਰੀ, ਚੁੱਪ ਗੁੱਪ, ਚੋਰੀ ਛਿੱਪੀ, ਲੁਕ ਛਿਪਕੇ ।

Stealthy, *a.* ਸਟੈਲਥੀ–ਗੁਪਤ, ਚੋਰੀ, ਚੁਪਕੇ ।

Steam, *n.* ਸਟੀਮ—ਭਾਫ਼, ਧੂਆਂ, ਬੁਖ਼ਾਰ; *v. t.* ਭਾਫ਼ ਬਨਾਉਣਾ, ਭਾਫ਼ ਬਨਾਕੇ ਉਡਾਉਣਾ; *v. i.* ਭਾਫ਼ ਹੋਕੇ ਉੱਡ ਜਾਨਾ, ਭਾਫ਼ ਨਿਕਲਨਾ ।

Steed, *n.* ਸਟੀਡ–ਜੰਗੀ ਘੋੜਾ, ਤੁਰੰਗ ।

Steel, *n.* ਸਟੀਲ–ਇਸਪਾਤ, ਫ਼ੌਲਾਦ; ਕਵਚ, ਬਖ਼ਤਰ; ਕੜਾਪਨ, ਸਖ਼ਤੀ, ਕਰਖ਼ਤਗੀ; ਫ਼ੌਲਾਦ ਦੀ ਇੱਕ ਦਵਾ; *v. t.* ਫ਼ੌਲਾਦ ਚੜ੍ਹਾਉਣਾ; ਕੜਾ, ਕਠਿਨ, ਦ੍ਰਿੜ, ਸਖ਼ਤ, ਪੱਕਾ ਯਾ ਮਜ਼ਬੂਤ ਕ० ।

Steep, *a.* ਸਟੀਪ–ਬਹੁਤ ਢਾਲੂ ਯਾ ਢਲਵਾਨ, ਖੜਾ, ਉੱਚਾ; *n.* ਟੇਕ, ਕੰਦਲਾ; ਢਲਵਾਨ ਪਹਾੜੀ ਯਾ ਜਗਹ, ਕੜਾੜਾ; *v. t.* ਭਿਗੋਨਾ, ਡਬੋਣਾ, ਤਰ ਰਖਨਾ ।

Steeple, *n.* ਸਟੀਪਲ–ਮੀਨਾਰ, ਲਠ, ਮੁਨਾਰਾ ।

Steepness, *n.* ਸਟੀਪਨੈਸ—ਢਾਲ, ਢਲਾਨ, ਉਚਾਈ ।

Steer, *n.* ਸਟੀਅਰ–ਬਛੜਾ, ਢੱਗਾ, ਝੋਟਾ, ਛੋਟਾ ਸਾਂਡ; *v. t* ਚਲਨਾ, ਲੈ ਜਾਨਾ, ਨਾਵ ਚਲਾਉਣਾ, ਰਾਹ ਲੈਣਾ, ਰਸਤਾ ਦੱਸਨਾ ।

Steerage, *n.* ਸਟੀਰੇਜ—ਜਹਾਜ਼ਰਾਨੀ; ਪਥ ਦਰਸ਼ਨ; ਜਹਾਜ਼ ਦਾ ਇੱਕ ਭਾਗ; ਸਿੱਖਯਾ, ਹਦਾਇਤ; ਪਰਬੰਧ, ਇੰਤਜ਼ਾਮ; ਪਥ ਦਰਸ਼ਕ ਵਸਤੂ, ਰਾਹ ਦੱਸਨ ਵਾਲਾ ਨਿਸ਼ਾਨ ਯਾ ਚਿੰਨ੍ਹ ।

Steersman, *n.* ਸਟੀਰਜ਼ਮੈਨ—ਨਾਵਕ, ਮਾਂਝੀ, ਮੱਲਾਹ, ਪਤਵਾਰਯਾ ।

Steganography, *n.* ਸਟੀਗੇਨੋਗਰਾਫੀ—ਗੁਪਤ ਅੱਖਰਾਂ ਵਿੱਚ ਲਿਖਨ ਦੀ ਵਿੱਦਯਾ, ਇਸ਼ਾਰਿਆਂ ਦੀ ਲਿਖਤ ।

Stellar, Stellary, *a.* ਸਟੈਲਰ, ਸਟੈਲਰੀ–ਤਾਰਾਮਯ, ਤਾਰੇ ਸੰਬੰਧੀ, ਤਾਰਿਆਂ ਨਾਲ ਭਰਿਆ ਹੋਇਆ, ਤਾਰੇ ਜੇਹਾ ।

Stellate, Stellated, *a.* ਸਟੈਲੇਟ, ਸਟੈਲੇਟਿਡ—ਤਾਰਾ ਸਦ੍ਰਿਸ਼, ਤਾਰਾਵਤ, ਕਿਰਣਦਾਰ, ਤਾਰੇ ਜੇਹਾ ।

Stellionate, *n.* ਸਟੈਲੀਓਨੇਟ—ਛਲ ਕਪਟ ਕੀਤੇ ਬਚਨ ਦਾ ਅਪਰਾਧ, ਕਿਸੇ ਦੂਜੇ ਦੀ ਚੀਜ਼ ਨੂੰ ਧੋਖੇ ਨਾਲ ਵੇਚਣਾ ।

Stellography, *n.* ਸਟੈਲੋਗਰਾਫ਼ੀ—ਖੰਭਿਆਂ ਯਾ ਸਤੂਨਾਂ ਪੁਰ ਲਿਖਨ ਦੀ ਵਿੱਦਯਾ ।

Stem, *n.* ਸਟੈਮ—ਡੰਡਾ, ਡਾਲੀ, ਡਾਲ, ਸ਼ਾਖ਼; ਔਲਾਦ, ਵੰਸ, ਗੋਤਰ, ਜਾਤਿ; ਨਾਉ ਯਾ ਬੇੜੀ ਦਾ ਮੱਥਾ, ਜਹਾਜ਼ ਦਾ ਅੱਗਾ; ਤਾਨ; ਸੁਰ ਦਾ ਚਿੰਨ੍ਹ; *v. t.* ਪਾਣੀ ਚੀਰਨਾ ਯਾ ਕੱਟਣਾ, ਧਾਰ ਪੁਰ ਚਲਨਾ; ਰੋਕਣਾ, ਠਹਿਰਾਉਣਾ ।

Stench, *n.* ਸਟੈਂਚ—ਬਦਬੂ, ਸਰਾਂਦ, ਦੁਰਗੰਧ ।

Stenchy, *a.* ਸਟੈਂਚੀ—ਬਦਬੂਦਾਰ, ਦੁਰਗੰਧ ਵਾਲਾ, ਦੁਰਗੰਧਿਤ, ਬੂਦਾਰ ।

Stenography, *n* ਸਟੈਨੋਗਰਾਫ਼ੀ—ਸੰਖਿਪਤ ਅਖਰ ਵਿਦਯਾ, ਮੁਖ਼ਤਸਿਰ ਲਫ਼ਜ਼ ਯਾ ਹਰਫ਼ ਲਿਖਨ ਦਾ ਹੁਨਰ ।

Stentorian, *n.* ਸਟੈਨਟੋਰੀਅਨ—ਉੱਚੀ ਸੁਰ, ਉੱਚੀ ਆਵਾਜ਼ ।

Step, *v. t.* ਸਟੈਪ—ਪੈਰ ਚਲਾਉਣਾ, ਪੈਰ ਉਠਾਉਣਾ; ਧੀਰਤਾ ਯਾ ਗੰਭੀਰਤਾ ਨਾਲ ਟਹਿਲਨਾ, ਥੋੜੀ ਦੂਰ ਜਾਨਾ ਯਾ ਚਲਨਾ; *n.* ਥੋੜੀ ਦੂਰ ਯਾ ਥੋੜਾ ਅੰਤਰ ਚਾਲ, ਕ੍ਰਮ ਪਦ ਕਦਮ; ਕਾਮ, ਕਰਤੂਤ, ਉਪਾਇ; ਪੌੜੀ, ਸੀੜ੍ਹੀ; ਡੰਡਾ; ਹੱਦ, ਦਰਜਾ, ਨੌਬਤ, ਉੱਨਤੀ, ਤਰੱਕੀ, ਬਹੁਤਰੀ, ਪੈਰ, ਤਦਬੀਰ, ਤਜਵੀਜ਼, ਉਦਯੋਗ, ਅਮਲ; ਪੌੜੀ ਦਾ ਡੰਡਾ ।

Step-father, *n.* ਸਟੈਪਫ਼ਾਦਰ—ਧਰਮ ਪਿਤਾ, ਪਿਤਾ ਦੇ ਮਰਨ ਪੁਰ ਮਾਂ ਦਾ ਦੂਜਾ ਪਤੀ ।

Step-mother, *n.* ਸਟੈਪਮਦਰ—ਸੁਤੇਲੀ ਮਾਂ, ਮਤਰੇਈ ਮਾਂ ।

Stereography, *n* ਸਟੈਰੀਓਗਰਾਫ਼ੀ—ਆਕਾਰਾਂ ਵਾਲੇ ਯਾ ਠੋਸ ਪਦਾਰਥਾਂ ਦੀ ਆਕ੍ਰਿਤੀ ਯਾ ਰੂਪ ਖਿੱਚਨ ਦੀ ਵਿੱਦਯਾ ।

Stereotype, *n.* ਸਟੀਰੀਓਟਾਇਪ—ਸਿੱਕੇ ਪੁਰ ਢਲੇ ਹੋਏ ਅੱਖਰਾਂ ਦੀ ਫੱਟੀ ।

Sterile, *a.* ਸਟੈਰਿਲ—ਉੱਖੜ, ਨਿਸ਼ਫਲ, ਬਾਂਝ, ਅਫਲ, ਕੱਲਰ, ਬੰਜਰ; *n.* **Sterility**.

Sterilize, *v. t.* ਸਟੈਰੀਲਾਇਜ਼—ਬਾਂਝ ਯਾ ਨਿਸ਼ਫਲ ਕ०, ਉੱਖੜ ਕ० ।

Sterling, *a.* ਸਟਰਲਿੰਗ—ਪੂਰੇ ਭਾਰ ਯਾ ਵਜ਼ਨ ਦਾ; ਨਿਰਮਲ, ਸਾਫ਼, ਸਵੱਛ, ਖ਼ਾਲਿਸ, ਸ਼ੁੱਧ, ਸਾਫ਼; ਅਸਲੀ, ਉਮਦਾ; *n.* ਇੰਗਲੈਂਡ ਦੇਸ਼ ਦਾ ਇੱਕ ਮੁਦਰਾ ।

Stern, *a.* ਸਟਰਨ—ਕਠਿਨ, ਰੁੱਖਾ, ਕਠੋਰ, ਕੌੜਾ, ਕੜਾ, ਸਖ਼ਤ, ਨਿਰਦਈ, ਬੇਰਹਮ; *n.* ਨਾਉ ਦਾ ਪਿੱਛਾ, ਜਹਾਜ਼ ਦੀ ਪਿਛਾੜੀ; ਪੁਸ਼ਤ, ਪਿੱਛਾ, ਪਿਛਾੜੀ ।

Sternness, *n.* ਸਟਰਨਨੈਸ—ਰੁੱਖਾਪਨ, ਕੌੜਾਪਨ, ਰੁਖਾਈ, ਕੜਾਪਨ, ਨਿਰਦਯਤਾ, ਕਠੋਰਤਾ, ਬੇਰਹਮੀ ।

Sternum, *n.* ਸਟਰਨਮ—ਛਾਤੀ ਦੀ ਹੱਡੀ ।

Sternutation, *n.* ਸਟਰਨੂਟੇਸ਼ਨ—ਨਿਛ, ਛਿੱਕ

Sternutatory, *n.* ਸਟਰਨੂਟਟੋਰੀ—ਛਿੱਕਣੀ, ਨਸਵਾਰ, ਨਿੱਛ ਲਿਆਉਣ ਵਾਲੀ ਚੀਜ਼ ।

Stethoscope, *n.* ਸਟੈਥਸਕੋਪ—ਸ਼ਬਦ ਨਾਲ ਫਿਫੜਿਆਂ ਦੀ ਦਸ਼ਾ ਜਾਨਣ ਦਾ ਯੰਤਰ, ਸੀਨਾ ਬੀਨ, ਸੀਨਾ ਪਰਖਕ ਯੰਤਰ।

Stew, *v. t.* ਸਟ੍ਯੂ—ਧੀਰੇ ੨ ਪਕਾਉਣਾ, ਧੀਮੀ ਅੱਗ ਪੁਰ ਪਕਾਉਣਾ, ਉਸੀਜਣਾ; *n.* ਧੀਰੇ ੨ ਪਕਾਇਆ ਹੋਇਆ ਮਾਂਸ, ਯਖਨੀ, ਦਲਯਾ; ਇੱਕ ਉਥਨ ਘਰ ਜਿਸ ਵਿੱਚ ਪੌਦੇ ਰੱਖੇ ਜਾਂਦੇ ਹਨ ਅਤੇ ਫਲ ਪਕਾਏ ਜਾਂਦੇ ਹਨ; ਪਰੇਸ਼ਾਨੀ, ਘਬਰਾਹਟ, ਵਿਆਕੁਲਤਾ ।

Steward, *n.* ਸਟ੍ਯੂਅਰਡ—ਭੰਡਾਰੀ, ਕਾਰਯ ਆਧੀਸ਼, ਕਾਰਿੰਦਾ, ਗੁਮਾਸ਼ਤਾ, ਕਾਰੋਬਾਰੀ; ਬਾਵਰਚੀਖ਼ਾਨੇ ਦਾ ਦਾਰੋਗ਼ਾ, ਰਸੋਈਘਰ ਦਾ ਅਧਯਕਸ਼, ਖ਼ਾਨਸਾਮਾਂ ।

Stibial, *a.* ਸਟੀਬੀਅਲ—ਸੁਰਮੇ ਦਾ ਬਨਿਆ ਹੋਇਆ, ਸੁਰਮੇ ਸੰਬੰਧੀ, ਸੁਰਮੇ ਜੇਹਾ ।

Stibium, *n.* ਸਟੀਬੀਅਮ—ਸੁਰਮਾ, ਲੌਚਕ ।

Stich, *n.* ਸਟਿਕ—ਪਦ, ਕਵਿਤਾ, ਨਜ਼ਮ, ਬੈਂਤ, ਸ਼ੇਰ, ਮਿਸਰਾ; ਇੰਜੀਲ ਦੀ ਇੱਕ ਸਤਰ; ਰੁੱਖਾਂ ਦੀ ਕਤਾਰ, ਪੰਗਤੀ ।

Stick, *n.* ਸਟਿੱਕ—ਟਾਹਣੀ, ਲਕੜੀ, ਲਾਠੀ, ਛੜਾ, ਸੋਟੀ; ਬਾਲਣ, ਈਂਧਨ; ਬੱਤੀ, ਕਲਮ; ਹਰਫ਼ (ਅੱਖਰ) ਜੋੜਨ ਦੀ ਪਟੜੀ; ਪੌੜਾ; *v. t.* ਛੇੜਨਾ, ਮਾਰਨਾ, ਗੋਡਨਾ, ਘੁਸੇੜਨਾ, ਅਟਕਾਉਣਾ, ਚੁਭੋਣਾ; ਲਗਾਉਣਾ, ਜੋੜਨਾ,

ਚਿਪਕਾਉਣਾ, ਜੋੜਨਾ; *v. i.* ਜਮ ਜਾਣਾ, ਚਿਪਕਣਾ, ਚਿਮਟਣਾ, ਜੁੜਨਾ, ਲਿਪਟਣਾ; ਘੁਲ ਮਿਲ ਰਹਿਣਾ; ਰੁਕਣਾ, ਠਹਿਰਨਾ, ਅਟਕਣਾ, ਫਸਣਾ; ਝਿਜਕਣਾ, ਹਿਚਕਣਾ, ਐਂਗਾ ਪਿੱਛਾ ਕ॰; ਉਲਝਣਾ।

Stickiness, *n.* ਸਟਿਕੀਨੈਸ-ਲੇਸ, ਚੇਪ, ਜਮ।

Stickle, *v. i.* ਸਟਿੱਕਲ—ਪਕਸ਼ਪਾਤ ਕ॰, ਝਗੜਨਾ, ਝਗੜਨਾ, ਤਰਫ਼ਦਾਰੀ ਕ॰; ਡਾਵਾਂ-ਡੋਲ ਹੋਣਾ, ਦਖ਼ਲ ਦੇਣਾ, ਹੁੱਜਤ ਕ॰, ਹਿਚਕਣਾ

Sticky, *a.* ਸਟਿੱਕੀ-ਲਸਲਸਾ, ਚਿਪਚਿਪਾ, ਲਸਲਾ, ਲੇਸਦਾਰ, ਚੇਪਦਾਰ।

Stiff, *a.* ਸਟਿਫ਼—ਕਠਿਨ, ਕਠੋਰ, ਬਲਵਾਨ, ਰੁੱਖਾ, ਹਠੀਲਾ, ਕੜਾ, ਸਖ਼ਤ, ਆਕੜਿਆ ਹੋਇਆ, ਕਰੜਤ; ਗਾੜ੍ਹਾ, ਗ਼ਲੀਜ਼, ਤੇਜ਼, ਤੁੰਦ, ਜ਼ੋਰ ਦਾ, ਬਨਾਵਟੀ, ਜ਼ਿੱਦੀ।

Stiffen, *v. t.* ਸਟੀਫ਼ਨ-ਸਕੜਨਾ, ਕੜਾ ਕ॰, ਗਾੜ੍ਹਾ ਕ॰; *v. i.* ਹਠ ਜਾਂ ਜ਼ਿਦ ਕ॰; ਕੜਾ, ਸਖ਼ਤ ਜਾਂ ਗਾੜ੍ਹਾ ਹੋਣਾ, ਆਕੜਨਾ।

Stiffness, *n.* ਸਟਿਫ਼ਨੈਸ-ਕੜਾਪਨ, ਸਖ਼ਤੀ, ਗਾੜ੍ਹਾਪਨ; ਸੁਸਤੀ; ਜ਼ਿਦ, ਹਠ, ਖਿਚਾਓ, ਬਨਾਵਟ, ਪਾਬੰਦੀ, ਰੁੱਖਾਪਨ।

Stifle, *v. t.* ਸਟਿਫ਼ਲ—ਸਾਂਸ ਰੋਕਣਾ, ਗਲ ਘੁੱਟਕੇ ਮਾਰਨਾ, ਦਬਾਉਣਾ, ਬੁਝਾਉਣਾ, ਖੋਣਾ।

Stigma, *n.* ਸਟਿਗਮਾ-ਕਲੰਕ, ਵੱਟਾ, ਦਾਗ਼, ਧੱਬਾ, ਕਲੰਕ ਦਾ ਟਿੱਕਾ; ਥਿੰਡ ਹੋਣ ਵਾਲੇ ਅੰਗ ਦਾ ਸਿਰ।

Stigmatic, Stigmatical, *a.* ਸਟਿਗਮੈਟਿਕ, ਸਟਿਗਮੈਟੀਕਲ—ਕਾਲਾ ਮੂੰਹ ਕੀਤਾ ਹੋਇਆ, ਬਦਨਾਮੀ ਦਾ, ਕਲੰਕੀ।

Stigmatize, *v. t.* ਸਟਿਗਮੈਟਾਇਜ਼-ਦਾਗ਼ੀ ਕ॰, ਦਾਗ਼ ਲਗਾਉਣਾ, ਬਦਨਾਮ ਕ॰, ਦੋਸ਼ ਜਾਂ ਕਲੰਕ ਲਗਾਉਣਾ।

Stile, *n.* ਸਟਾਇਲ-ਸੀੜ੍ਹੀ, ਪੌੜੀ; ਧੁੱਪ ਘੜੀ ਦੀ ਸੂਈ।

Stiletto, *n.* ਸਟੀਲੈਟੋ—ਕਟਾਰ, ਖ਼ੰਜਰ, ਛੋਟਾ ਛੁਰਾ, ਨੇਸ਼ਤਰ।

Still, *v. t.* ਸਟਿਲ—ਚੁੱਪ, ਸਥਿਰ, ਸ਼ਾਂਤ ਜਾਂ ਠੰਡਾ ਕ॰; ਚੁਆਉਣਾ, ਟਪਕਾਉਣਾ, ਖਿੱਚਣਾ, ਦਬਾਉਣਾ, ਠਹਿਰਾਉਣਾ; *a.* ਚੁੱਪ, ਸੁਨਸਾਨ, ਚੁੱਪ ਚੁੱਪ, ਮੰਦ, ਸ਼ਾਂਤ, ਸਥਿਰ, ਠੰਡਾ, ਨਿਸ਼ਚਲ, ਅਚਲ; *n.* ਸ਼ਾਂਤੀ, ਸਥਿਰਤਾ; ਮੌਨ, ਚੁੱਪ, ਖ਼ਾਮੋਸ਼ੀ; ਭਬਕਾ, ਵਾਕਜ ਜੰਤਰ; *adv.* ਅਜੇ ਤਕ, ਅਜੇ ਤੀਕ, ਹੁਣ ਤਾਈਂ, ਹੁਣ ਤੋੜੀ; ਤਿਸ ਪੁਰ ਭੀ; ਸਦਾ, ਨਿੱਤ, ਹਮੇਸ਼ਾ; ਉਸਦੇ ਪਿੱਛੇ; ਫੇਰ ਭੀ, ਤਦ ਭੀ।

Stillatim, *adv.* ਸਟੀਲੇਟਿਮ—ਬੂੰਦ ਬੂੰਦ, ਕਤਰਾ ਕਤਰਾ, ਚੋਇਆ ਚੋਇਆ, ਤੁਪਕਾ ਤੁਪਕਾ।

Stillness, *n,* ਸਟਿਲਨੈਸ-ਸੈਨਾਟਾ, ਚੁੱਪ ਚਾਂ, ਖ਼ਾਮੋਸ਼ੀ, ਧੀਮਾਪਨ, ਮੰਦਾਪਨ।

Stilly, *adv.* ਸਟਿੱਲੀ-ਚੁੱਪ ਕਰਕੇ।

Stilt, *n.* ਸਟਿਲਟ-ਇੱਕ ਲੱਕੜ ਜਿਸ ਵਿੱਚ ਪੈਰ ਰੱਖਕੇ ਚਲਦੇ ਹਨ, ਟੇਕ, ਬੈਸਾਖੀ; ਜੜ੍ਹ ਜੋ ਜ਼ਿਮੀਂ ਦੇ ਉੱਪਰ ਨਿਕਲ ਆਵੇ; ਇੱਕ ਪੰਛੀ; *v. t.* ਉਠਾਉਣਾ, ਉੱਚਾ ਕ॰।

Stimulant. *a.* ਸਟੀਮੂਲੈਂਟ-ਉਤੇਜਕ, ਉਕਸਾਉਣ ਵਾਲਾ, ਪ੍ਰੇਰਿਕ, ਦਿਲ ਨੂੰ ਬਲ ਜਾਂ ਤਾਕਤ ਦੇਣ ਵਾਲਾ।

Stimulant, Stimulous, *n.* ਸਟੀਮੂਲੈਂਟ, ਸਟੀਮੂਲਸ—ਬਲਦਾਇਕ ਔਖਧੀ, ਤਾਕਤ ਦੇਣ ਵਾਲੀ ਦੁਆ; ਆਡ, ਅੰਕੁਸ਼, ਉਕਸਾਵਾ।

Stimulate, *v. t.* ਸਟੀਮੂਲੇਟ—ਚੁਭਾਉਣਾ, ਉਕਸਾਉਣਾ, ਜਗਾਉਣਾ, ਛੇੜਨਾ, ਚਲਾਉਣਾ; ਵਧਾਉਣਾ, ਬਲ ਜਾਂ ਤਾਕਤ ਦੇਣਾ।

Stimulation, *n.* ਸਟੀਮੂਲੇਸ਼ਨ—ਉੱਤੇਜਨ, ਭੜਕਾਓ, ਉਕਸਾਓ, ਚੁਭਾਓ, ਤਰਗ਼ੀਬ।

Sting, *v. t.* ਸਟਿੰਗ-ਡੰਗ ਮਾਰਨਾ, ਡਸਣਾ, ਕਟਣਾ, ਚੁਭੋਣਾ; *n.* ਡੰਗ, ਚੁਭਕ, ਸੂਲ, ਖ਼ਾਰ, ਕੰਡਾ, ਕਾਂਟਾ।

Stinginess, *n.* ਸਟਿੰਜੀਨੈਸ-ਕੰਜੂਸੀ, ਸੂਮਪੁਣਾ, ਤੰਗਦਿਲੀ, ਬੁਖ਼ਲ।

Stingy, *a.* ਸਟਿੰਜੀ-ਸੂਮ, ਕੰਜੂਸ, ਮੱਖੀਚੂਸ, ਲਾਲਚੀ, ਲੋਭੀ।

Stink, *v. i.* ਸਟਿੰਕ-ਦੁਰਗੰਧ ਆਉਣਾ, ਬਦਬੂ ਕ॰, ਬੁੱਸਣਾ; *n.* ਕੁਬਾਸ, ਦੁਰਗੰਧ, ਬਸਾਂਦ, ਬਦਬੂ।

Stinkard, *a.* ਸਟਿੰਕਰਡ—ਮਕਰੂਹ, ਗੰਦਾ, ਬੁੱਸਿਆ ਹੋਇਆ; *n.* ਕੁਹੇਲਾ।

Stint, *v. t.* ਸਟਿੰਟ—ਰੋਕਣਾ, ਹੱਦ ਬੰਨ੍ਹਣਾ; ਮੇਹਨਤ ਮਜ਼ਦੂਰੀ ਦੀ ਹੱਦ ਬੰਨ੍ਹਣਾ; *n.* ਸੀਮਾ, ਹੱਦ, ਬੰਧੇਜ, ਅਟਕਾਓ, ਰੋਕ, ਕੈਦ; ਅੰਦਾਜ਼ਾ; ਇੱਕ ਛੋਟੀ ਚਿੜੀ।

Stipend, *n.* ਸਟੀਪੈਂਡ-ਉਜਰਤ, ਮੇਹਨਤਾਨਾ ।

Stipple, *v. t.* ਸਟਿੱਪਲ-ਲੀਕਾਂ ਦੀ ਥਾਂ ਬਿੰਦੀਆਂ ਖੋਦਨੀਆਂ ।

Stipulate, *v. i.* ਸਟੀਪੁਲੇਟ—ਨਿਯਤ ਕ०, ਮੁਕੱਰਰ ਕ०, ਠੈਹਰਾਉਣਾ, ਬੰਧੇਜ ਕ०, ਸ਼ਰਤ ਕ०, ਕੌਲੋ ਕਰਾਰ ਕ० ।

Stipulation, *n.* ਸਟੀਪੁਲੇਸ਼ਨ-ਬਚਨ, ਸ਼ਰਤ, ਪਰਮਾਣ, ਬੰਧੇਜ; ਇਕਰਾਰਨਾਮਾ, ਅਹਦ-ਨਾਮਾ; ਜ਼ਮਾਨਤ ।

Stir, *v. t.* ਸਟਿਰ-ਸਰਕਾਉਣਾ, ਹਿਲਾਉਣਾ, ਮਥਣਾ, ਚਲਾਉਣਾ, ਉਕਸਾਉਣਾ, ਉਠਾਉਣਾ, ਭੜਕਾਉਣਾ, ਖੜਾ ਕ०; *v. i.* ਹਿਲਣਾ, ਚਲਣਾ, ਟਲਣਾ, ਡਿਗਣਾ, ਖਿਸਕਣਾ; ਗੱਲ ਚਲਣਾ, ਸ਼ੁਰੂ ਹੋਣਾ; ਉੱਠਣਾ, ਜਾਗਣਾ; *n.* ਬਖੇੜਾ, ਟੰਟਾ, ਹਲਚਲ, ਧੂਮ ਧੜੱਕਾ, ਹੁੱਲੜ, ਹੜਬੜੀ, ਉਧੇੜ ਬੁਨ, ਬੇਚੈਨੀ ।

Stirrup, *n.* ਸਟੀਰਪ-ਰਕਾਬ ।

Stitch, *v. t.* ਸਟਿਚ—ਸਿਉਣਾ, ਟਾਂਕਣਾ, ਪਰੋਣਾ, ਡੋਭਾ ਪਾਉਣਾ, ਜੋੜਨਾ; *n.* ਸੀਉਣ, ਬਖੀਆ, ਟਾਂਕਾ; ਖੇਤ ਦਾ ਵਾਹਣ, ਟੀਸ ।

Stitchery, *n.* ਸਟਿੱਚਰੀ-ਸੂਈ ਦਾ ਕੰਮ ।

Stithy, *n.* ਸਟਿਥੀ—ਨਿਹਾਈ, ਐਹਰਣ; ਲੋਹਾਰ ਦੀ ਦੁਕਾਨ ।

Stoat, *n.* ਸਟੋਟ-ਇੱਕ ਪਰਕਾਰ ਦਾ ਨਿਉਲਾ ।

Stoccado, *n.* ਸਟੋਕਕੈਡੋ-ਚੋਂਭਾ, ਭੋਂਕ ।

Stock, *n.* ਸਟਾਕ-ਮੂਰਖ, ਐਹਮਕ, ਬੇਵਕੂਫ਼, ਨਿਰਬੁੱਧੀ; ਤਨਾ, ਡੰਡਾ; ਕਾਠ, ਲੱਕੜ, ਪੋਰਾ, ਕੁੰਡਾ; ਸ਼ਾਖ ਜਿਸ ਵਿੱਚ ਪੈਵੰਦ ਲਾਇਆ ਜਾਵੇ; ਡੰਡੀ; ਥੂਣੀ, ਥੱਲੀ, ਟੇਕਣ; ਦਸਤਾ, ਕਬਜ਼ਾ; ਕੁਲ, ਪੀੜ੍ਹੀ, ਵੰਸ਼, ਖ਼ਾਨਦਾਨ; ਧਨ, ਪੂੰਜੀ, ਰਾਸ; ਹਿੱਸਾ, ਪੱਤੀ; ਸਰਕਾਰੀ ਕਰਜ਼ੇ ਦੀ ਹੁੰਡੀ; ਢੇਰ, ਜ਼ਖ਼ੀਰਾ, ਸਾਮਾਨ, ਰਸਦ, ਗੋਦਾਮ, ਭੰਡਾਰ; ਗੁਲੂਬੰਦ; *v. t.* ਜਮਾ ਕ०, ਢੇਰ ਲਗਾਉਣਾ, ਭਰ ਦੇਣਾ; ਬੀਜ ਪਾਉਣਾ; ਕਾਠ ਵਿੱਚ ਠੋਕਣਾ ।

Stockade, *n.* ਸਟੋਕੇਡ-ਮੋਰਚਾ ਜੋ ਨੋਕਦਾਰ ਥੰਲੀਆਂ ਨਾਲ ਬਣਦਾ ਹੈ; ਵਾੜਾ, ਲੱਕੜ ਕੋਟ।

Stocking, *n.* ਸਟੋਕਿੰਗ-ਜੁਰਾਬ, ਮੋਜ਼ਾ ।

Stocky, *a.* ਸਟੋਕੀ-ਛੋਟਾ ਤੇ ਮੋਟਾ, ਨਾਟਾ ।

Stoke, *v. t.* ਸਟੋਕ—ਅੱਗ ਲਗਾਉਣਾ, ਭੜ-ਕਾਉਣਾ ।

Stole, *p. t.* of Steal, ਸਟੋਲ-ਚੁਰਾਇਆ; *n.* ਇੱਕ ਪਰਕਾਰ ਦੀ ਲੰਮੀ ਚੋਲੀ ਜਾ ਜਾਮਾ।

Stolen, *a. p. p.* of Steal, ਸਟੋਲਨ—ਚੁਰਾਇਆ ਹੋਇਆ, ਚੋਰੀ ਦਾ ।

Stolid, *a.* ਸਟੋਲਿਡ-ਮੰਦਮਤਿ, ਬੂਛ, ਮੂਰਖ ।

Stomach, *n.* ਸਟਾਮਕ-ਭੁੱਖ; ਪੇਟਾ, ਮੇਹਦਾ, ਪਚੌਨੀ; ਇੱਛਾ, ਰੁਚੀ, ਚਾਹ, ਖ਼ੁਆਹਿਸ਼; *v.t.* ਬੁਰਾ ਮੰਨਣਾ, ਅਪਰਸੰਨ ਜਾ ਨਾਰਾਜ਼ ਹੋਣਾ ।

Stomacher, *n.* ਸਟਾਮਕਰ-ਇਸਤ੍ਰੀਆਂ ਦੀ ਛਾਤੀ ਦਾ ਗਹਨਾ, ਸੀਨਾਬੰਦ ।

Stone, *n.* ਸਟੋਨ-ਪੱਥਰ, ਪਾਸ਼ਾਣ, ਰਤਨ, ਮਣੀ, ਪਥਰੀ; ਮੁਰਦੇ ਦੀ ਯਾਦਗਾਰ ਦੀ ਤਖ਼ਤੀ; ਗੋਲਾ, ਅੰਡ, ਟੱਟਾ; ਗੁਠਲੀ, ਬੀਜ; ਸਤ ਸੇਰ ਦੇ ਲਗਭਗ ਵਜ਼ਨ ਜਾ ਤੋਲ; *v. t.* ਪੱਥਰ ਵਸਾਉਣੇ, ਪੱਥਰਾਂ ਨਾਲ ਮਾਰਨਾ; ਸਖ਼ਤ ਕ०, ਪੱਥਰ ਜੇਹਾ ਕ०; *n.* Stoniness.

Stony, *a.* ਸਟੋਨੀ—ਪੱਥਰ ਦਾ, ਪਥਰੀਲਾ; ਪੱਥਰ ਕਰ ਦੇਣ ਜਾ ਬਨਾਉਣ ਵਾਲਾ; ਸਖ਼ਤ, ਕਠੋਰ, ਕੱਟਰ, ਬੇਰਹਮ, ਨਿਰਦਈ ।

Stood, *p. t.* of Stand, ਸਟੁਡ-ਖਲੋਤਾ ।

Stool, *n.* ਸਟੂਲ-ਮੂੜ੍ਹਾ, ਬਿਨਾ ਪਿਠ ਦੀ ਚੌਂਕੀ, ਪੀੜ੍ਹੀ; ਦਸਤ, ਇਸਹਾਲ, ਝਾੜਾ, ਪਾਖ਼ਾਨਾ; ਮੂਲ ਰੁੱਖ ਜਿਸਦੀਆਂ ਟਾਹਣੀਆਂ ਥੀਂ ਰੁੱਖ ਬਣੇ ਹੋਣ ।

Stoop, *n.* ਸਟੂਪ-ਝੁਕਾਉ, ਉਤਾਰ, ਝਪੱਟਾ; ਮਦ ਪਾਤਰ, ਸ਼ਰਾਬ ਦਾ ਬਰਤਨ, ਪਿਆਲਾ; *v. i.* ਝੁਕਣਾ, ਨਿਉਂਣਾ, ਨੀਵਾਂ ਹੋਣਾ; ਮੰਨਣਾ, ਸਿਰ ਝੁਕਾਉਣਾ, ਦਬਣਾ; ਨਿਮਰਤਾ ਕ०; ਝਪੱਟਾ ਮਾਰਨਾ, ਬੈਠਣਾ, ਉਤਰਨਾ ।

Stop, *v. t.* ਸਟੋਪ—ਅਟਕਾਉਣਾ, ਰੋਕਣਾ, ਛੇਕਣਾ, ਦਬਾਉਣਾ, ਮਾਰਨਾ; ਬੰਨ੍ਹਣਾ; *v. i.* ਰੈਹ ਜਾਣਾ, ਠੈਹਰਨਾ, ਥੰਮਣਾ, ਰੁਕਣਾ; *n.* ਅਟਕਾਉ, ਆੜ, ਦਬਾਉ, ਠੈਹਰਾਉ, ਰੋਕ; ਬਾਜੇ ਦੀ ਖੂੰਟੀ; ਠੈਹਰਾਉ ਜਾ ਵਿਸ਼ਰਾਮ ਦਾ ਚਿੰਨ੍ਹ ।

Stoppage, *n.* ਸਟੋਪੇਜ-ਅਟਕ, ਆੜ, ਰੋਕ ।

Stopper, Stopple, *n.* ਸਟੋਪਰ, ਸਟੋਪਲ—ਡੱਟਾ, ਡਾਟ, ਗੱਟਾ; ਮੋਟਾ ਰੱਸਾ ।

Storage, *n.* ਸਟੋਰੇਜ-ਭਰਤੀ, ਜ਼ਖ਼ੀਰਾ; ਗੋਦਾਮ ਦਾ ਮਹਸੂਲ, ਭਰਤੀ ਦਾ ਕਰ ।

Storax, *n.* ਸਟੋਰੈਕਸ–ਮਿਲਾਸੀਤ, ਮਿਲਾ ਰਸ; ਇੱਕ ਭਾਂਤ ਦਾ ਸੁਗੰਧਿਤ ਪੌਦਾ।

Store, *n.* ਸਟੋਰ–ਬਹੁਤਾਤ, ਅਧਿਕਾਈ; ਢੇਰ, ਅੰਬਾਰ, ਭੰਡਾਰ, ਗੋਦਾਮ, ਕੋਠੀ, ਖਾਤਾ; ਸਾਮਾਨ, ਗੋਲਾ ਬਾਰੂਦ; *v. t.* ਸੰਚਯ ਕ०, ਭਰਨਾ, ਰਖਨਾ, ਢੇਰ ਲਗਾਉਣਾ, ਇਕੱਠਾ ਕ०, ਸੰਪੂਰਣ ਕ०, ਗੋਦਾਮ ਵਿੱਚ ਰੱਖਣਾ।

Storied, *a.* ਸਟੋਰੀਡ—ਕਈ ਛੱਤਾਂ ਵਾਲਾ; ਕਹਾਣੀਆਂ ਨਾਲ ਭਰਿਆ ਹੋਇਆ।

Stork, *n.* ਸਟਾਰਕ–ਲਕਲਕ, ਸਾਰਸ।

Storm, *n.* ਸਟੌਰਮ–ਤੂਫ਼ਾਨ, ਝੱਖੜ, ਆਂਧੀ, ਹਨੇਰੀ; ਹਲਚਲ, ਬਲਵਾ, ਫ਼ਸਾਦ, ਗਦਰ; ਰੰਜ, ਪੀੜਾ, ਦੁੱਖ, ਕਲੇਸ਼, ਬਿਪਤਾ; ਧਾਵਾ, ਚੜ੍ਹਾਈ, ਹਮਲਾ; *v. t.* ਧਾਵਾ ਜਾਂ ਹਮਲਾ ਕ०; *v. i.* ਝੱਖੜ ਚਲਨਾ, ਤੂਫ਼ਾਨ ਆਉਣਾ; ਗੱਜਣਾ, ਜੋਸ਼ ਵਿੱਚ ਆਉਣਾ, ਗੁੱਸੇ ਹੋਣਾ।

Stormy, *a.* ਸਟੌਰਮੀ—ਉਦੰਡ, ਵਾਤਮਯ, ਤੀਬਰ, ਤੂਫ਼ਾਨੀ, ਤੁੰਦ।

Story, *n.* ਸਟੋਰੀ–ਕਥਾ, ਗੱਪ, ਕਹਾਣੀ, ਇਤਿਹਾਸ, ਕਿੱਸਾ, ਬਿਰਤਾਂਤ, ਝੂਠ; ਖਨ, ਮੰਜ਼ਿਲ, ਦਰਜਾ; *v. t.* ਕਹਣਾ, ਵਰਨਣ ਕ०।

Stout, *a.* ਸਟੌਟ–ਬਲੀ, ਬਲਵਾਨ, ਪਰਬਲ, ਸੂਰਮਾ, ਸੂਰਬੀਰ, ਨਿਧੜਕ, ਸਾਹਸੀ, ਢੀਠ, ਘੁਮੰਡੀ, ਅਹੰਕਾਰੀ, ਹਠੀ, ਜ਼ੋਰਾਵਰ, ਦਲੇਰ; ਮੋਟਾ, ਮਜ਼ਬੂਤ; *n.* Stoutness.

Stove, *n.* ਸਟੋਵ—ਤੰਦੂਰ, ਤਨੂਰ, ਅੰਗੀਠੀ, ਭਾੜ, ਚੁੱਲ੍ਹਾ, ਅਗਨੀ ਕੁੰਡ; *v.t.* ਕਿਸੇ ਮਕਾਨ ਨੂੰ ਅੰਗੀਠੀ ਦੀ ਅੱਗ ਨਾਲ ਗਰਮ ਰੱਖਣਾ।

Stover, *n.* ਸਟੋਵਰ–ਘਾਸ, ਚਾਰਾ, ਘਾਸ ਪਾਤ।

Stow, *v. t.* ਸਟੋ–ਪਾਸ ਪਾਸ ਰਖਨਾ, ਧਰਨਾ, ਸਮਾਉਣਾ, ਹੇਠਾਂ ਉੱਤੇ ਰਖਨਾ, ਭਰਨਾ, ਲੱਦਨਾ, ਤਹਿ ਪੁਰ ਤਹਿ ਰੱਖਣਾ।

Stowage, *n.* ਸਟੋਏਜ—ਕ੍ਰਮ ਜਾਂ ਢੰਗ ਨਾਲ ਰੱਖਣਾ।

Strabism, Strabismus, *n.* ਸਟਰੈਬਿਜ਼ਮ, ਸਟਰੈਬਿਸਮਸ—ਭੈਂਗਾਪਨ।

Straddle, *v. i.* ਸਟਰੈਡਲ—ਟੰਗਾਂ ਚੌੜੀਆਂ ਕਰਕੇ ਚਲਨਾ ਜਾਂ ਖੜ੍ਹਾ ਹੋਣਾ।

Straggle, *v. i.* ਸਟਰੈਗਲ–ਭਟਕਦੇ ਫਿਰਨਾ, ਇੱਧਰ ਉੱਧਰ ਫਿਰਨਾ, ਅਵਾਰਾ ਫਿਰਨਾ; ਬਿਖਰਨਾ, ਵੱਖ ਹੋਣਾ; *v. t.* ਫੈਲਾਉਣਾ, ਖਿਲਾਰਨਾ, ਪਸਾਰਨਾ।

Straight, *a.* ਸਟਰੇਟ–ਸਰਲ, ਸਿੱਧਾ, ਖੜ੍ਹਾ, ਚੁਸਤ; ਕੱਸਿਆ ਹੋਇਆ, ਤਣਿਆ ਹੋਇਆ; ਧਰਮੀ, ਸੱਚਾ, ਦਿਆਨਤਦਾਰ, ਈਮਾਨਦਾਰ।

Straight, Straightforth, *adv.* ਸਟਰੇਟ, ਸਟਰੇਟਫ਼ੋਰਥ—ਤੁਰਤ, ਉਸੇ ਵੇਲੇ, ਝੱਟ ਪੱਟ, ਤਤਕਾਲ, ਫ਼ੌਰਨ, ਤੁਰੰਤ।

Straighten, *v. t.* ਸਟਰੇਟਨ—ਸਰਲ ਕ०, ਸਿੱਧਾ ਕ०, ਵਲ ਕੱਢਣੇ।

Straightforward, *a.* ਸਟਰੇਟਫ਼ਾਰਵਰਡ–ਸਿੱਧਾ, ਸੱਚਾ।

Straightly, *adv.* ਸਟਰੇਟਲੀ–ਸਿੱਧਾ, ਬਰਾਬਰ।

Straightness, *n.* ਸਟਰੇਟਨੈਸ—ਸਿੱਧਾਪਨ, ਸੱਚਾਈ, ਰਾਸਤੀ, ਸ਼ੁਧਤਾ।

Straightway, *adv.* ਸਟਰੇਟਵੇ—ਤੁਰਤ, ਫ਼ੌਰਨ, ਬਹੁਤ ਛੇਤੀ, ਬਿਨਾ ਢਿੱਲ।

Strain, *v. t.* ਸਟਰੇਨ—ਤਾਨਣਾ, ਫੈਲਾਉਣਾ, ਖਿੱਚਣਾ; ਨਿਚੋੜਨਾ, ਨਿਖਾਰਨਾ; ਟਪਕਨਾ, ਛਿੜਨਾ, ਰਸਨਾ; ਹੱਥ ਪੈਰ ਮਾਰਨਾ; ਬਹੁਤ ਮੇਹਨਤ ਜਾਂ ਕੰਮ ਲੈਣਾ, ਤੇਲ ਕੱਢਣਾ; ਵਲ ਦੇਣਾ, ਮਰੋੜਨਾ; ਕੱਸਣਾ, ਸਕੋੜਨਾ; ਮਜਬੂਰ ਕ०, ਦਬਾਉਣਾ; ਚੁਆਉਣਾ, ਟਪਕਾਉਣਾ; *v. i.* ਵਿੱਤ ਜਿੰਨਾ ਜਤਨ ਕ०, ਜਿੰਨੀ ਹੋ ਸਕੇ ਕੋਸ਼ਿਸ਼ ਕ० ਜ਼ੋਰ ਮਾਰਨਾ; *n.* ਬਹੁਤ ਜਤਨ; ਮਰੋੜ, ਮੋਚ, ਲਚਕ; ਸ਼ਬਦ, ਧਵਨੀ, ਮੁਹਾਵਰਾ; ਗੀਤ, ਲੈ, ਰਾਗ; ਸੁਭਾਵ, ਢੰਗ, ਢਬ, ਤੌਰ, ਰੰਗ; ਝੁਕਾਉ।

Strainer, *n.* ਸਟਰੇਨਰ–ਛਾਨਣਾ, ਸਾਫ਼ੀ।

Strait, *a.* ਸਟਰੇਟ–ਤੰਗ, ਕੱਸਿਆ ਹੋਇਆ, ਕੜਾ, ਕਠਨ, ਸੰਕੇਤ; *n.* ਘਾਟੀ, ਗਲੀ; ਆਬਨਾਯ, ਜਲ ਡਮਰੂ ਮਧ; ਕਸ਼ਟ, ਪੀੜਾ, ਦੁੱਖ, ਸੰਕਟ, ਤੰਗੀ, ਦਿੱਕਤ।

Straiten, *v. t.* ਸਟਰੇਟਨ–ਤੰਗ ਕ०, ਨਜ਼ੂਕ ਕ०, ਘਟਾਉਣਾ, ਸਮੇਟਣਾ; ਪੀੜਾ ਜਾਂ ਦੁੱਖ ਦੇਣਾ, ਦਿਕ ਕ०, ਜ਼ਿਚ ਕ०, ਪਰੇਸ਼ਾਨ ਕ०।

Straitly, *adv.* ਸਟਰੇਟਲੀ—ਤੰਗੀ, ਸਖ਼ਤੀ ਜਾਂ ਕਠਿਨਤਾ ਨਾਲ।

Straitness, *n.* ਸਟਰੇਟਨੈਸ–ਚੁਸਤੀ, ਸਖ਼ਤੀ, ਕਠਿਨਾਈ; ਦੁੱਖ, ਮੁਸੀਬਤ; ਕਮੀ।

Stramineous, *a.* ਸਟਰੈਮੀਨੇਅਸ-ਤੂੜੀ ਜੇਹਾ ਹਲਕਾ, ਹੌਲਾ, ਭੋਹ ਵਾਂਗੂ ।

Strand, *n.* ਸਟਰੈਂਡ-ਤਟ, ਕਿਨਾਰਾ, ਕੰਢਾ, ਤੀਰ; ਰੱਸੀ ਦਾ ਵਲ, ਭੰਜ; *v. t.* ਤਟ ਪੁਰ ਚੜ੍ਹਾਉਣਾ ਯਾ ਦੇ ਮਾਰਨਾ; ਰੇਤੀ ਪੁਰ ਚੜ੍ਹਾਉਣਾ; ਰੱਸੀ ਦੇ ਵਲ ਖੋਲ੍ਹਣਾ ਯਾ ਉਧੜਨਾ ।

Strange, *a.* ਸਟਰੇਂਜ—ਪਰਦੇਸੀ, ਬਦੇਸੀ; ਅੰਜਾਨ; ਅਦਭੁਤ, ਅਨੂਠਾ, ਅਨੋਖਾ, ਨਿਰਾਲਾ, ਨਵਾਂ; *Int.* ਵਾਹ, ਅਜਬ, ਤਮਾਸ਼ਾ ।

Stranger, *n.* ਸਟਰੇਂਜਰ-ਪਰਦੇਸੀ, ਅੰਜਾਨ, ਅਤਿਥਿ, ਪਰੋਹਣਾ, ਅਭਯਾਗਤ; ਦੂਜੇ ਦੇਸ, ਸ਼ਹਰ, ਨੱਗਰ, ਬਸਤੀ ਯਾ ਪਿੰਡ ਦਾ ।

Strangle, *v. t.* ਸਟਰੈਂਗਲ-ਫਾਂਸੀ ਦੇਣਾ, ਗਲਾ ਦਬਾਉਣਾ, ਸਾਹ ਰੋਕਕੇ ਯਾ ਗਲਾ ਘੁਟਕੇ ਮਾਰ ਦੇਣਾ ।

Strangulation, *n.* ਸਟਰੈਂਗਲੇਸ਼ਨ—ਰੁਕਾਵਟ, ਗਲ ਘੁੱਟਣ ।

Stranguary, *n.* ਸਟਰੈਂਗੁਅਰੀ-ਮੂਤਰ ਰੋਗ, ਰੁਕਰ ਮੂਤਨ, ਛਿਨੰਗ ।

Strap, *n.* ਸਟਰੈਪ—ਚੰਮ ਦੀ ਪੱਟੀ, ਚਮੋਟੀ, ਤਸਮਾ, ਪੇਟੀ; ਲੋਹੇ ਦੀ ਪੱਟੀ ਯਾ ਬੰਦ; ਰੱਸੀ; *v. t.* ਚੰਮ ਦੀ ਪੱਟੀ ਨਾਲ ਬੰਨ੍ਹਣਾ ਯਾ ਕੱਸਣਾ, ਚੰਮ ਪੁਰ ਤੇਜ਼ ਕ० ।

Strapping, *a.* ਸਟਰੈਪਿੰਗ-ਮੁਸ਼ਟੰਡਾ, ਲਮਛੜ, ਲਮਤੜੰਗਾ, ਦਿਓ ਜੇਡਾ ।

Stratagem, *n.* ਸਟਰੈਟੇਜਮ—ਦਾਉ, ਘਾਤ, ਚਾਲ; ਦਗਾ, ਛਲ, ਫ਼ਰੇਬ; ਯੁਧ ਸੰਬੰਧੀ ਛਲ ਵਲ ਯਾ ਧੋਖਾ ।

Strategy, *n.* ਸਟਰੈਟੇਜੀ—ਸੈਨਾ ਪਰਬੰਧ ਵਿੱਦਯਾ, ਫ਼ੌਜ ਯਾ ਲਸ਼ਕਰ ਨੂੰ ਤਰਤੀਬ ਦੇਣ ਦਾ ਇਲਮ ।

Strath, *n.* ਸਟਰੈਥ-ਦੋ ਪਹਾੜਾਂ ਦੇ ਵਿਚਕਾਰ ਦੀ ਭੂਮੀ, ਖੱਡ ।

Stratify, *v.t.* ਸਟਰੈਟੀਫ਼ਾਈ-ਤੈਹ ਜਮਾਉਣਾ, ਤੈਹ ਬਤੈਹ ਰੱਖਣਾ; *n.* Stratification.

Stratocracy, *n.* ਸਟਰੈਟੋਕਰੇਸੀ-ਸੈਨਾ ਦਾ ਅਧਿਪਤਜ, ਲਸ਼ਕਰੀ ਯਾ ਜੰਗੀ ਹਕੂਮਤ ।

Stratum, *n.* ਸਟਰੈਟਮ-ਪਰਤ, ਅਸਤਰਨ, ਤਬਕ, ਤੈਹ; *pl.* Strata.

Straw, *n.* ਸਟਰਾ-ਤਿੰਕਾ, ਤੂਸਾ, ਭੋਹ; ਘਾਸ ਫੂਸ, ਤੁੱਛ ਚੀਜ਼, ਕੂੜਾ ਕਬਾੜ, ਆਦ ਪੌਡੀ ।

Strawy, *a.* ਸਟਰਾਈ—ਭੋਹ ਜੇਹਾ, ਹੌਲਾ, ਤਿਣਕੇ ਦਾ ।

Stray, *v. i.* ਸਟਰੇ—ਭਟਕਣਾ, ਡਾਂਵਾਂਡੋਲ ਫਿਰਨਾ, ਖਿਸਕਣਾ; ਭੁਲਣਾ, ਚੁਕਣਾ; *n.* ਪਸ਼ੂ ਜੋ ਭਟਕਦਾ ਫਿਰੇ; *a.* ਭੁਲਿਆ ਭਟਕਿਆ, ਵਿਛੜਿਆ ।

Streak, *n.* ਸਟਰੀਕ-ਧਾਰੀ, ਰੇਖਾ, ਲਹਰ, ਲਕੀਰ, ਖ਼ਤ; ਤਖ਼ਤਿਆਂ ਦੀ ਕਤਾਰ; *v. t.* ਰੇਖਾ ਅੰਕਿਤ ਯਾ ਲਹਿਰਯਾ ਕ०, ਨਾਨਾ ਰੰਗ ਕ०, ਧਾਰੀਆਂ ਪਾਉਣੀਆਂ ।

Streaked, Streaky, *a.* ਸਟਰੀਕਡ, ਸਟਰੀਕੀ—ਲਹਿਰਯਾ, ਲਹਰਦਾਰ, ਡੋਰਯਾ, ਧਾਰੀਦਾਰ ।

Stream, *n.* ਸਟਰੀਮ—ਨਦੀ, ਨਾਲਾ, ਧਾਰਾ, ਪਰਵਾਹ, ਜਲ ਵੇਗ; ਹਵਾ ਦਾ ਝੋਂਕਾ; ਰੌ, ਬਹਾਓ, ਵਹਾਓ; *v. i.* ਵਗਣਾ, ਬਹਨਾ, ਜਾਰੀ ਹੋਣਾ, ਫੈਲਣਾ ।

Streamer, *n.* ਸਟਰੀਮਰ—ਝੰਡਾ, ਪਤਾਕਾ; ਉੱਤਰੀ ਪਰਭਾ ਦੀ ਕਿਰਣ ।

Streamlet, *n.* ਸਟਰੀਮਲੇਟ-ਛੋਟੀ ਨਦੀ, ਨਾਲਾ, ਸੋਤਾ, ਖਾਲ ।

Streamy, *a.* ਸਟਰੀਮੀ-ਜਿਸ ਵਿੱਚ ਬਹੁਤ ਨਦੀਆਂ ਵਗਦੀਆਂ ਹੋਣ; ਵਗਦਾ, ਜਾਰੀ, ਲਹਰਾਉਂਦਾ ਹੋਇਆ ।

Strength, *n.* ਸਟਰੈਂਗਥ-ਬਲ, ਜ਼ੋਰ, ਸ਼ਕਤੀ, ਤਾਕਤ, ਕੁੱਵਤ; ਦਲੇਰੀ, ਹਿੰਮਤ; ਕਰੜਾਪਨ, ਸਖ਼ਤੀ, ਪੱਕਾਪਨ; ਦਰੁਸਤੀ; ਭਰੋਸਾ, ਇਤਬਾਰ, ਵਿਸ਼ਵਾਸ; ਸੈਨਾ, ਫ਼ੌਜ, ਲਸ਼ਕਰ; ਚਮਕ, ਸਫ਼ਾਈ; ਗੈਹਰਾਪਨ; ਤੇਜ਼ੀ, ਤੁੰਦੀ; ਜਮਾਤ, ਮਜ਼ਦੂਰ, ਹੈਸੀਅਤ ।

Strengthen, *v. t.* ਸਟਰੈਂਗਥਨ-ਬਲਵਾਨ, ਪੱਕਾ, ਪੁਸ਼ਟ, ਪੁਖ਼ਤਾ ਯਾ ਮਜ਼ਬੂਤ ਕ० ।

Strenuous, *a.* ਸਟਰੇਨੂਅਸ-ਨਿਧੜਕ, ਸੂਰਬੀਰ, ਚਪਲ, ਫੁਰਤੀਲਾ, ਤੇਜ਼, ਸਰਗਰਮ ।

Strepent, *a.* ਸਟਰੀਪੈਂਟ-ਮਹਾਂ ਸ਼ਬਦਕ, ਉੱਚੇ ਬੋਲ ਦਾ, ਦਲੇਰ, ਤੇਜ਼, ਸਰਗਰਮ ।

Stress, *n.* ਸਟਰੈਸ—ਸਖ਼ਤੀ, ਤੁੰਦੀ; ਬੋਝ, ਦਬਾਓ, ਭਾਰ; ਬਲ, ਜ਼ੋਰ; *v. t.* ਪੀੜਾ, ਦੁੱਖ ਯਾ ਕਸ਼ਟ ਦੇਣਾ ।

Stretch, *v. t.* ਸਟਰੈਚ-ਫੈਲਾਉਣਾ, ਚੌੜਾ ਕ०, ਪਸਾਰਨਾ, ਟੰਗਾਂ ਪੈਰ ਖਿਲਾਰਨਾ; ਕੱਸਣਾ,

ਤਾਨਣਾ, ਖਿੱਚਣਾ; ਢੰਗ ਮਾਰਨਾ, ਵਧਾਉਣਾ; *v. i.* ਫੈਲਣਾ, ਪਸਰਨਾ, ਚੌੜਾ ਹੋਣਾ, ਵਧਣਾ; *n* ਵਿਸਥਾਰ, ਫੈਲਾਓ, ਤਣਾਓ, ਖਿਚਾਓ; ਜਤਨ, ਕੋਸ਼ਿਸ਼; ਓਰ, ਤਰਫ਼, ਵੱਲ, ਰਾਹ।

Stretcher, *n.* ਸਟਰੈਚਰ—ਫੈਲਾਉਣ ਵਾਲਾ, ਤਾਨਣ ਵਾਲਾ; ਇੱਟ ਜੋ ਲੰਮੇ ਰੁਖ਼ ਕੰਧ ਵਿੱਚ ਲਗਾਈ ਜਾਵੇ; ਨਾਵਕ ਯਾ ਮੱਲਾਹ ਦੇ ਪੈਰ ਰੱਖਣ ਦਾ ਤਖ਼ਤਾ; ਖੁੱਲ੍ਹੀ ਡੋਲੀ; ਛਤਰੀ ਦੀ ਤੀਲੀ; ਵਧਕੇ ਰਹਿਣ ਵਾਲਾ।

Strew, *v. t.* ਸਟਰੂ—ਖਲੇਰਨਾ, ਫੈਲਾਉਣਾ, ਵਰਸਾਉਣਾ; ਮਸ਼ਹੂਰ ਯਾ ਪਰਸਿੱਧ ਕ०।

Stria, *n.* ਸਟਰੀਆ—ਛੋਟੀਆਂ ੨ ਲਕੀਰਾਂ ਜੋ ਸਿੱਪੀਆਂ ਯਾ ਕੌਡੀਆਂ ਪੁਰ ਹੁੰਦੀਆਂ ਹਨ।

Striate, Striated, *a.* ਸਟਰੀਏਟ, ਸਟਰੀਏਟਿਡ—ਜਿਸ ਵਿੱਚ ਸੂਤਰ ਵਾਂਗ ਛੋਟੀਆਂ ੨ ਲਕੀਰਾਂ ਹੋਣ।

Stricken, *p. a.* ਸਟਰਿੱਕਨ—ਮਾਰਿਆ ਹੋਯਾ, ਜ਼ਖ਼ਮੀ; ਅੱਗੇ ਵਧਿਆ ਹੋਇਆ; ਵੱਡੀ ਆਯੂ ਯਾ ਉਮਰਾਂ ਦਾ।

Strict, *a.* ਸਟਰਿਕਟ—ਤਣਿਆ, ਕੱਸਿਆ ਯਾ ਜਕੜਿਆ ਹੋਇਆ; ਠੀਕ, ਦਰੁਸਤ; ਸਖ਼ਤ, ਕੜਾ, ਕਠੋਰ, ਸੰਗੀਨ; ਪਾਬੰਦ; ਚੁਸਤ; ਸਿੱਧਾ ਤੇ ਪਤਲਾ।

Strictly, *adv.* ਸਟਰਿਕਟਲੀ—ਠੀਕ ਠੀਕ, ਹੂਬਹੂ; ਕਠਿਨਤਾ ਯਾ ਸਖ਼ਤੀ ਨਾਲ।

Strictness, *n.* ਸਟਰਿਕਟਨੈਸ—ਦਰੁਸਤੀ; ਸਖ਼ਤੀ, ਕੜਾਪਨ, ਤਾਕੀਦ।

Stricture, *n.* ਸਟਰਿਕਚਰ—ਸਪਰਸ਼, ਸਿਕੋੜ, ਨਿੰਦਾ, ਇਤਰਾਜ਼, ਝਿੜਕੀ, ਸੁਕੇੜ, ਸੁਕੜਾਓ।

Stride, *n.* ਸਟਰਾਇਡ—ਛਲਾਂਗ, ਕਦਮ; *v. i.* ਛਲਾਂਗ ਮਾਰਨਾ, ਲੰਮੇ ਪਾਉਂ ਚਲਨਾ।

Strife, *n.* ਸਟਰਾਇਫ਼—ਝਗੜਾ, ਟੰਟਾ, ਰਾੜ, ਵੈਰ, ਜ਼ਿਦ, ਲੜਾਈ ਜੰਗ।

Strike, *v. t.* ਸਟਰਾਇਕ—ਮਾਰਨਾ, ਠੋਕਣਾ, ਪੀਟਣਾਂ, ਟੱਕਰ ਮਾਰਨਾ, ਦੇ ਮਾਰਨਾ; ਛਾਪਣਾ, ਮੁਦਰਾ ਬਣਾਉਣਾ; ਵਜਾਉਣਾ; ਸ਼ਬਦ ਦਵਾਰਾ ਪਰਕਾਸ਼ ਕ०; ਡਰ ਦਿਖਾਉਣਾ, ਖੇਲਣਾ, ਪਰਮਾਨੀ ਕ०, ਅਸਰ ਕ०; *v. i.* ਲਗਣਾ; ਵਜਣਾ, ਘੇਲਣਾ, ਆਵਾਜ਼ ਨਿਕਲਣਾ; ਝਪਟਣਾ, ਦੌੜਨਾ; ਫਿਰਨਾ; ਆਗਯਾ (ਹੁਕਮ) ਨਾ ਮੰਨਣਾ, ਕੰਮ ਛਡਣਾ; *n.* ੩੨ ਸੇਰ ਦਾ ਇੱਕ ਮਾਪ। ਖੁਸ਼ੀ, ਅੱੜਾਪਨ, ਉਮਦਗੀ; ਬਨਾਵਟ, ਸਰਗਰਮੀ, ਵਲ, ਤਰਫ਼, ਓਰ।

Striking, *a.* ਸਟਰਾਇਕਿੰਗ—ਅਸਰ ਕਰਨ ਵਾਲਾ, ਅਦਭੁਤ, ਅਜੀਬ।

String, *n.* ਸਟਰਿੰਗ—ਰੱਸੀ, ਡੋਰਾ, ਸਿਓਣੀ, ਸੂਤ, ਤਾਰ, ਧਾਗਾ, ਨਾੜੀ, ਲੜੀ, ਮਾਲਾ, ਹਾਰ, ਜ਼ੰਜੀਰ, ਰਗ, ਨਸ, ਕਤਾਰ; ਸ਼ਰੇਣੀ, ਅਵਲੀ; ਕਮਾਨ ਦੀ ਡੋਰੀ; *v. t.* ਚੜ੍ਹਾਉਣਾ, ਵਜਾਉਣਾ, ਫੈਲਣਾ, ਪਰੋਣਾ, ਲੰਬੀ ਕ०, ਗੁੰਥਣਾ; ਪੱਕਾ ਕ०, ਮਜ਼ਬੂਤ ਕ०, ਨਸਾਂ ਯਾ ਨਾੜਾਂ ਕਢਣੀਆਂ।

Stringed, *a.* ਸਟਰਿੰਗਡ—ਤਾਰ ਲਗਾਯਾ ਹੋਯਾ।

Stringent, *a.* ਸਟਰਿੰਜੈਂਟ—ਤਾਕੀਦੀ, ਜ਼ਰੂਰੀ, ਆਵਸ਼ਕ; ਕੜਾ, ਸਖ਼ਤ।

Stringy, *a.* ਸਟਰਿੰਜੀ—ਸੂਤਦਾਰ, ਰੇਸ਼ੇਦਾਰ।

Strip, *v.* ਸਟਰਿਪ—ਉਧੇੜਨਾ, ਖਿਚਣਾ, ਉਤਾਰਨਾ; ਨੰਗਾ ਕ०, ਕਪੜੇ ਲਾਹੁਣੇ; ਛਿਲਣਾ, ਛਿਲਕਾ ਲਾਹੁਣਾ, ਲੁਟ ਲੈਣਾ, ਨਿਚੋੜਨਾ, ਖਾਲੀ ਕ०; ਝੂਠਾ ਕ०; *n.* ਧੱਜੀ, ਪੱਟੀ, ਕਤਰਨ, ਲੀਰ।

Stripe, *n.* ਸਟਰਾਇਪ—ਧਾਰੀ, ਲਕੀਰ, ਕੋੜੇ ਯਾ ਬੈਂਤ ਦੀ ਮਾਰ *v. t.* ਲਕੀਰਾਂ ਯਾ ਧਾਰੀਆਂ ਪਾਉਣੀਆਂ, ਬੈਂਤ ਯਾ ਕੋੜੇ ਮਾਰਨੇ।

Striped, *a.* ਸਟਰਿਪਡ—ਚਿਤਰਿਤ, ਧਾਰੀਦਾਰ, ਲਹਰਯਾ।

Stripling, *n.* ਸਟਰਿਪਲਿੰਗ—ਲੜਕਾ, ਗਭਰੂ, ਪੱਠਾ, ਜਵਾਂਮਰਦ, ਯੁਵਕ।

Strive, *v. i.* ਸਟਰਾਇਵ—ਚੇਸ਼ਟਾ, ਮੇਹਨਤ, ਉੱਦਮ, ਦੌੜਧੁਪ ਯਾ ਬਹੁਤ ਕੁਝ ਕ०, ਝਗੜਨਾ।

Stroke, *v.t.* ਸਟਰੋਕ—ਹੱਥ ਫੇਰਨਾ, ਥਪਕਣਾ, ਮਲਣਾ, ਝਾੜਨਾ; *n.* ਠੋਕ; ਮਾਰ, ਚੋਟ; ਬਿਪਤਾ, ਬਲਾ, ਮੁਸੀਬਤ; ਘੰਟੇ ਦੀ ਖਟ ਖਟ, ਲਕੀਰ; ਕਾਰੀਗਰੀ, ਉਸਤਾਦੀ, ਅਸਰ, ਛਾਪੇ ਵਿੱਚ / ਇਸ ਪਰਕਾਰ ਦਾ ਚਿਨ੍ਹ।

Stroll, *v. i.* ਸਟਰੋਲ—ਰਮਤਾ, ਡਾਵਾਂਡੋਲ ਯਾ ਆਵਾਰਾ ਫਿਰਨਾ, *n.* ਸੈਰ, ਗਸ਼ਤ।

Strong, *a.* ਸਟਰੌਂਗ—ਬਲਵਾਨ, ਬਲੀ, ਪ੍ਰਬਲ, ਚੋਖਾ, ਕਟੂ, ਪੱਕਾ, ਮਜ਼ਬੂਤ, ਸਥਿਰ, ਧਨਵਾਨ, ਤੇਜ਼, ਤੁੰਦ; ਸਖ਼ਤ; ਹੱਟਾ ਕੱਟਾ, ਮੋਟਾ ਤਾਜ਼ਾ; ਕਾਰਗਰ, ਕੌੜਾ, ਗਾੜ੍ਹਾ, ਨਸ਼ਾਆਵਰ, ਚਮਕੀਲਾ; ਚਿਕਨਾ, ਦਿਲ ਨਾਲ ਪਚਨ ਵਾਲਾ।

Stronghold, *n.* ਸਟਰਾਂਗਹੋਲਡ—ਕਿਲਾ, ਦੁਰਗ, ਕੋਟ, ਗੜ੍ਹ।

Strophe, *n.* ਸਟਰੋਫੀ—ਸਲੋਕ, ਟੋਟਕਾ, ਅੰਤ ।

Strove, *p. t.* of Strive, ਸਟਰੋਵ—ਉਦਮਦਾ ਜਾ ਮੇਹਨਤ ਕੀਤੀ ।

Struck, *p. t.* and *p. p.* of Strike, ਸਟਰੱਕ—ਮਾਰਿਆ, ਮਾਰਿਆ ਹੋਇਆ ।

Structure *n.* ਸਟਰੱਕਚੁਰ—ਨਿਰਮਾਣ, ਬਨਾਵਟ, ਘੜਤ, ਢਬ, ਡੌਲ, ਆਕਾਰ, ਰੂਪ; ਭਵਨ, ਘਰ, ਇਮਾਰਤ ।

Struggle, *v. i.* ਸਟਰੱਗਲ—ਹਥ ਪੈਰ ਮਾਰਨਾ, ਜਤਨ ਕ०, ਤੜਪਨਾ, ਲੜਨਾ; *n.* ਪਰਿਸ਼ਰਮ, ਜਤਨ, ਮੇਹਨਤ, ਜੁਧ; ਯੜ ਪਕੜ, ਹੱਥਾਪਾਈ, ਧੱਕਮ ਧੱਕਾ, ਮੌਤ ਦਾ ਵੇਲਾ, ਜਾਨ ਕੰਦਨੀ ।

Struma, *n.* ਸਟਰੂਮਾ—ਮਲਾਗੰਡ, ਕੰਠਮਾਲਾ, ਗੰਡ ਮਾਲਾ, ਖਨਾਜ਼ੀਰ; ਸਟਰੋਖਾ ।

Strumous, *a.* ਸਟਰੂਮਸ—ਕੰਠਮਾਲਾ ਦਾ ।

Strumpet, *n* ਸਟਰਮਪੇਟ—ਵੇਸਵਾ ਗਣਿਕਾ, ਕਸਬਿਨ; *a.* ਚੰਚਲ, ਗਣਿਕਾ ਜੇਹਾ, ਛਿਨਾਲ ।

Strung, *p. t.* and *p. p.* of string, ਸਟਰੰਗ—ਤਾਰ ਲਗਾਈ, ਤਾਰ ਲਗਾਈ ਹੋਈ

Strut, *v. i.* ਸਟਰਟ—ਐਂਠਨਾ, ਘੁਮੰਡ ਨਾਲ ਜਾ ਆਕੜਕੇ ਚਲਨਾ, ਫੁਲਨਾ, ਗ਼ਰੂਰ ਵਿੱਚ ਹੋਨਾ; *n.* ਐਂਠ, ਟੌਂ, ਆਕੜ; ਟੇਢਾ ਤਕਲਾ ।

Strychnia, *n.* ਸਟਰਿਕਨੀਆ—ਕੁਚਲਾ ।

Stub, *v. t.* ਸਟਬ—ਉਖਾੜਨਾ, ਜੜ੍ਹੋਂ ਪੁੱਟਣਾ; *n.* ਕੁੰਡਾ, ਪੋਰਾ ।

Stubbed, *a.* ਸਟੱਬਡ—ਕੜਾ, ਪੱਕਾ, ਸਖ਼ਤ; ਛੋਟਾ ਤੇ ਮੋਟਾ ।

Stubble, *n.* ਸਟੱਬਲ—ਖੁੰਟੀ ।

Stubborn, *a.* ਸਟਬਬੋਰਨ—ਹਠੀ, ਮਚਲਾ, ਕਠਿਨ, ਕੜਾ, ਸਖ਼ਤ ।

Stucco, *n.* ਸਟਕਕੋ—ਸੰਗਮਰਮਰ ਦਾ ਚੂਨਾ; *v. t.* ਅਸਤਰਕਾਰੀ ਕ० ।

Treat, *v. t.* ਟਰੀਟ-ਬਾਤਚੀਤ ਕ੦, ਰੱਖਣਾ, ਵਰਤਾਉ ਕ੦, ਖਿਲਾਉਣਾ, ਆਚਰਣ ਕ੦, ਵਿਆਖਯਾ ਕ੦; ਮਾਨ ਕ੦, ਇਲਾਜ ਕ੦; *n.* ਖਾਣਾ, ਵਰਤਾਰ, ਦਾਵਤ, ਜ਼ਿਆਫ਼ਤ, ਮਿਠਾਈ, ਚੰਗਾ ਭੋਜਨ ।

Treatise, *n.* ਟਰੀਟਿਜ਼-ਲੇਖ, ਪਰਬੰਧ, ਗਰੰਥ

Treatment, *n.* ਟਰੀਟਮੈਂਟ-ਵਿਵਹਾਰ, ਚਾਲ, ਕਾਰਗੁਜ਼ਾਰੀ, ਇੰਤਜ਼ਾਮ, ਸਲੂਕ, ਇਲਾਜ ।

Treaty, *n.* ਟਰੀਟੀ-ਕੌਲ ਕਰਾਰ, ਮੇਲ, ਸੰਧੀ, ਸੁਲਹ, ਬਾਤਚੀਤ ।

Treble, *a.* ਟਰੇਬਲ-ਤਿਗੁਣਾ; *v. t.* ਤਿਗੁਣਾ ਕ੦; *n.* ਮਹੀਨ ਤੇ ਤੀਖਣ ਸੁਰ ।

Trebly, *adv.* ਟਰੇਬਲੀ-ਤਿਗੁਣਾ, ਤਿੰਨ ਗੁਣਾ ।

Tree, *n.* ਟਰੀ-ਬਿਰਿਖ, ਪੇੜ, ਰੁੱਖ, ਦਰਖ਼ਤ ।

Trefoil, *n.* ਟਰੀਫ਼ੌਇਲ-ਇੱਕ ਤਿਪਤੜਾ ਘਾਹ ।

Treillage, *n.* ਟਰੀਲੇਜ-ਜੰਗਲਾ, ਕਟੈਹਰਾ ।

Trellis, *n.* ਟਰੈਲਿਸ-ਜਾਲੀ, ਝਾਂਝਰੀ ।

Tremendous, *a.* ਟਰੈਮੈਨਡਸ—ਡਰਾਉਣਾ, ਤੇਜ਼, ਤੁੰਦ, ਹੈਬਤਨਾਕ ।

Tremble, *v. i.* ਟਰੈਮਬਲ-ਕਾਂਪਣਾ, ਕੰਬਣਾ, ਥਰਥਰਾਉਣਾ, ਹਿਲਨਾ ।

Trembling, *n.* ਟਰੈਮਬਲਿੰਗ-ਥਰਥਰੀ, ਕੰਬਣੀ ।

Tremando, *n.* ਟਰੈਮੈਨਡੋ—ਝਮਝਮਾ, ਕਿਟਕੀਰੀ ।

Tremor, *n*. ਟਰੈਮਰ-ਹਿਲ ਹਿਲਾਹਟ, ਥਰ-ਥਰਾਹਟ, ਕਾਂਬਾ, ਕਪਕਪੀ, ਥਰਥਰੀ ।

Tremulous, *a*. ਟਰੈਮੁਲਸ-ਕੰਬਦਾ ਹੋਇਆ, ਥਰਥਰਾਉਂਦਾ ।

Trench, *v. t.* ਟਰੈਂਚ-ਖੋਦਣਾ, ਮੋਰਚਾ ਬਣਾਉਣਾ, ਖਾਈ ਖੋਦਣਾ; *n*. ਖਾਈ, ਖੰਦਕ, ਨਾਲ, ਨਾਲੀ; ਸੇਗਾੜ੍ਹ ।

Trencher, *n*. ਟਰੈਨਚਰ-ਖਾਈ ਖੋਦਣ ਵਾਲਾ; ਕਠੜਾ, ਕਠੌਤੀ; ਮੇਜ਼, ਖਾਨਾ ਜੋ ਮੇਜ਼ ਦੇ ਉੱਪਰ ਲਗਾਯਾ ਜਾਵੇ ।

Trepan, *n*. ਟਰੈਪਨ-ਹੱਡੀ ਕੱਟਣ ਦਾ ਇੱਕ ਜੰਤਰ; ਜਾਲ, ਫੰਦਾ ।

Trespass, *v. t.* ਟਰੈਸਪਾਸ—ਦੂਜੇ ਦੇ ਧਨ ਪੁਰ ਹੱਥ ਪਾਉਣਾ, ਘੁਸਣਾ, ਭੰਜਨ ਕ०, ਅਪ-ਰਾਧ ਕ०; *n*. ਅਪਰਾਧ, ਪਾਪ, ਕਸੂਰ, ਖੋਟ, ਗੁਨਾਹ; ਵਧੀਕੀ, ਤਸਾਦਸ਼, ਦਸਤ ਅੰਦਾਜ਼ੀ, ਹਸਤਖਸ਼ੇਪ, ਮੁਦਾਖ਼ਲਤ ਬੇਜਾ ।

Tress, *n*. ਟਰੈਸ-ਜ਼ੁਲਫ਼, ਕਾਕ ਪਕਸ਼, ਲਟਾ, ਜਟਾ, ਗੇਸੂ, ਮੇਂਢੀ, ਅਲਕਾਵਲ ।

Trestle, *n*. ਟਰੈਸਲ-ਟਿਕਟਿਕੀ, ਮੇਜ਼ ਦਾ ਢਾਂਚਾ, ਛੱਪਰ ।

Tret, *n*. ਟਰੈਟ-ਘੱਟਾ, ਵੱਟਾ, ਕਰਦਾ ।

Trevet, *n*. ਟਰੈਵੇਟ-ਤ੍ਰਿਪਾਈ, ਟਿਕਟਿਕੀ ।

Tri, *prefix*. ਟਰੀ-ਤਿਨ, ਤੀਨ ।

Triable, *a*. ਟਰਾਯਬਲ—ਪਰੀਕਸ਼ਣੀਯ, ਵਿਵੇਚਨੀਯ, ਅਜ਼ਮਾਉਣ ਦੇ ਜੋਗ ।

Triad, *n*. ਟਰੀਅਡ-ਤਿਕੜੀ, ਤਰੈ, ਤਸਲੀਸ ।

Trial, *n*. ਟਰਾਯਲ-ਜਾਂਚ, ਵਿਚਾਰ, ਪਰੀਖਯਾ, ਇਮਤਿਹਾਨ, ਤਜੁਰਬਾ, ਪਰਮਾਣ, ਅਟਕਲ, ਪਰਖ, ਤਸਦੀਕ਼; ਕਸ਼ਟ, ਦੁੱਖ, ਤਕਲੀਫ਼ ।

Trialogue, *n*. ਟਰਾਯਲੋਗ—ਤਿੰਨਾਂ ਜਣਿਆਂ ਦੀ ਗੱਲ ਬਾਤ ।

Triangle, *n*. ਟਰਾਯਐਂਗਲ-ਤ੍ਰਿਕੋਣ, ਤਿੰਨਾਂ ਕੋਣਿਆਂ ਵਾਲਾ, ਤਰਿਭੁਜ, ਤਿਕੋਨ, ਸੇਗੋਸ਼ਾ ।

Triangular, *a*. ਟਰੀਐਂਗੁਲਰ-ਤਿਕੋਣੀਆ, ਮੁਸੱਲਸੀ, ਸੇਗੋਸ਼ਾ ।

Tribe, *n*. ਟਰਾਇਬ-ਜਾਤਿ, ਕੌਮ, ਕੁਲ, ਵਰਗ, ਗੋਤਰ, ਵਰਣ, ਆਸ਼ਰਮ, ਜ਼ਾਤ, ਕਿਸਮ; ਜੱਥਾ, ਟੋਲੀ, ਗਿਰੋਹ, ਮੰਡਲੀ ।

Triblet, Tribolet, *n*. ਟਰਿਬਲੇਟ, ਟਰੀਬੋ-ਲੇਟ—ਮੁੰਦਰੀ ਬਣਾਉਣ ਦਾ ਜੰਤਰ ।

Tribulation, *n*. ਟਰੀਬੁਲੇਸ਼ਨ-ਦੁੱਖ, ਰੰਜ, ਕਲੇਸ਼, ਬਲਾ, ਆਫ਼ਤ ।

Tribunal, *n*. ਟਰੀਬੁਨਲ—ਨਿਆਯ ਆਸਨ, ਅਦਾਲਤ ਦੀ ਕੁਰਸੀ; ਨਿਆਯ ਸਭਾ, ਦਰ-ਬਾਰ, ਕਚਹਰੀ ।

Tribune, *n*. ਟਰੀਬ੍ਯੂਨ-ਫ਼ੌਜਦਾਰੀ ਦਾ ਹਾਕਿਮ; ਚਬੂਤਰਾ, ਥੜਾ, ਸਰਵ ਸਾਧਾਰਣ ਵਿੱਚ ਬੋਲਨ ਲਈ ਚੌਕੀ ।

Tributary, *a*. ਟਰੀਬ੍ਯੂਟਰੀ-ਅਧੀਨ, ਛੋਟਾ, ਮੁਤੀਹ, ਸਹਾਯਕ; *n*. ਕਰ ਦੇਣ ਵਾਲਾ ਰਾਜ ।

Tribute, *n*. ਟਰੀਬ੍ਯੂਟ-ਕਰ, ਖਿਰਾਜ, ਭੇਟ ।

Trice, *n*. ਟਰਾਇਸ-ਪਲ, ਖਿਨ, ਦੇਰ ।

Trick, *n*. ਟਰਿਕ-ਛਲ, ਧੋਖਾ, ਮਾਯਾ, ਕਪਟ, ਠਗ ਵਿੱਦਯਾ; ਦੰਗਾ, ਫ਼ਸਾਦ; ਆਦਤ, ਬਾਣ, ਵਾਦੀ; *v. t.* ਠਗਣਾ, ਧੋਖਾ ਦੇਣਾ, ਛਲਣਾ; ਸੰਵਾਰਨਾ, ਸਜਾਉਣਾ; ਖਾਕਾ ਖਿੱਚਣਾ; *v. i.* ਛਲ ਨਾਲ ਰੋਟੀ ਕਮਾਉਣੀ ।

Trickery, Tricking, *n*. ਟਰਿੱਕਰੀ, ਟਰਿਕਿੰਗ—ਛਲ, ਕਪਟ, ਫ਼ਰੇਬ, ਮਕਰ; ਮਸਾਦਣ, ਜ਼ੀਨਤ ।

Trickle, *v. t.* ਟਰਿੱਕਲ-ਟਪਕਣਾ, ਚਲਕਣਾ, ਝਿਰਨਾ, ਚੋਣਾ, ਰਿਸਣਾ ।

Trickster, *n*. ਟਰਿਕਸਟਰ-ਛਲੀਆ, ਫ਼ਰੇਬੀ, ਦਗ਼ਾਬਾਜ਼ ।

Tricksy, Tricky, *n*. ਟਰਿਕਸੀ, ਟਰਿੱਕੀ-ਛਲੀਆ, ਠਗ, ਫ਼ਰੇਬੀ ।

Tricorn, *n*: ਟਰੀਕੋਰਨ—ਤਿਨ ਸਿੰਗਾ, ਤਿਨ ਸ਼ਾਖ਼ਾ ।

Tricuspid, *a*. ਟਰੀਕਸਪਿਡ-ਤਿਨ ਨੁਕਤੇ ਯਾ ਬਿੰਦੀਆਂ ਵਾਲਾ ।

Tride, *a*. ਟਰਾਇਡ—ਫੁਰਤੀਲਾ, ਚਾਲਾਕ ।

Trident, *n*. ਟਰੀਡੈਂਟ-ਤ੍ਰਿਸ਼ੂਲ ।

Trident, Tridented, :*a*. ਟਰੀਡੈਂਟ, ਟਰੀ-ਡੈਨਟਿਡ—ਤ੍ਰਿਸੂਲੀ ।

Triennial, *a*. ਟਰੀਏਨੀਅਲ—ਤਿਨ ਬਰਸ ਪਿੱਛੋਂ ਹੋਣ ਵਾਲਾ, ਤ੍ਰਿਸਾਲਾ ।

Trier, *n*. ਟਰਾਯਰ-ਪਰੀਕਸ਼ਕ, ਜਾਂਚਨਹਾਰ ।

Trifid, *a.* ਟਰੀਫ਼ਿਡ-ਤ੍ਰਿਭਾਗ।

Trifistulary, *a.* ਟਰੀਫ਼ਿਸਟੂਲਰੀ-ਤ੍ਰਿਨਲਾ।

Trifle, *n.* ਟਰੀਫ਼ਲ—ਹਲਕੀ ਬਾਤ, ਅਲਪ ਵਿਸ਼ਯ; ਇੱਕ ਮਿਠਾਈ; *v. i.* ਤੁੱਛ ਹੋਣਾ, ਖੇਲਣਾ, ਬਾਲਕਾਂ ਸਮਾਨ ਕੰਮ ਜਾਂ ਬਾਤ ਚੀਤ ਕ੦; *v. t.* ਖੋਣਾ, ਗੰਵਾਉਣਾ, ਨਸ਼ਟ ਕ੦, ਬਰਬਾਦ ਕ੦, ਜ਼ਾਯਾ ਕ੦।

Trifling, *a.* ਟਰਿਫ਼ਲਿੰਗ-ਛੋਟਾ, ਹਲਕਾ, ਤੁੱਛ, ਨਿਰਅਰਥਕ, ਬੇਕਦਰ, ਬੇਮਾਨੀ।

Triflorous, *a.* ਟਰੀਫ਼ਲੋਅਸ-ਤਿੰਨਾਂ ਫੁੱਲਾਂ ਦਾ।

Trifoliate, *a.* ਟਰੀਫ਼ੋਲੀਏਟ-ਤ੍ਰਿਨ ਪਤ੍ਰਯਾ।

Trifoly, *n.* ਟਰੀਫ਼ੋਲੀ-ਤ੍ਰਿਫਲਾ, ਤਰੀਫਲ।

Trifucate, *a.* ਟਰੀਫ਼ੁਕੇਟ-ਤ੍ਰਿਨ ਸ਼ਾਖ਼ਾ।

Trig, *n.* ਟਰਿਗ—ਆੜ, ਰੋਕ; *v. t.* ਅਟਕਾਉਣਾ, ਰੋਕ ਲਗਾਉਣਾ, ਰੋੜਾ ਅਟਕਾਉਣਾ।

Trigamist, *n.* ਟਰਿਗਾਮਿਸਟ-ਤਿੰਨਾਂ ਖਸਮਾਂ ਵਾਲੀ ਇਸਤ੍ਰੀ ਜਾਂ ਤਿੰਨਾਂ ਵਹੁਟੀਆਂ ਵਾਲਾ ਆਦਮੀ।

Trigger, *n.* ਟਰਿੱਗਰ-ਬੰਦੂਕ ਦਾ ਘੋੜਾ; ਰੋਕ, ਅਟਕਾਉ।

Trigon, *n.* ਟਰੀਗਨ-ਤ੍ਰਿਖੂੰਟਾ, ਮੁਸੱਲਸ; ਦੋਹਾਂ ਸਿਤਾਰਿਆਂ ਵਿੱਚ ਤਿਹਾਈ ਦਾਇਰੇ ਦਾ ਅੰਤਰ

Trigonal, Trigonous, *a.* ਟਰੀਗੋਨਲ, ਟਰੀਗੋਨਸ—ਤ੍ਰਿਕੋਨੀਯਾ।

Trigonometry, *n.* ਟਰਿਗਨੋਮੈਟਰੀ-ਤ੍ਰਿਕੋਣ ਮਿਤਿ, ਇਲਮੇ ਮੁਸੱਲਿਸ।

Trilateral, *a.* ਟਰੀਲੇਟਰਲ—ਤ੍ਰਿਭੁਜਾ, ਤ੍ਰਿਨ ਪਹਲੂ, ਤ੍ਰਿਨ ਤਰਫ਼ਾ, ਤਿੰਨਾਂ ਬਾਹੀਆਂ ਵਾਲਾ।

Trilingual, *a.* ਟਰੀਲਿੰਗੁਅਲ-ਤਿੰਨਾ ਬੋਲੀਆਂ ਜਾਂ ਜ਼ੁਬਾਨਾਂ ਵਾਲਾ।

Triliteral, *a.* ਟਰੀਲਿਟਰਲ—ਤ੍ਰਿਨ ਅਖਰੀ, ਸੇਹਰਫ਼ੀ।

Trill, *n.* ਟਰਿਲ-ਆਵਾਜ਼ ਦੀ ਥਰਥਰੀ, ਸਵਰ ਦਾ ਕੰਬਾਉ; *v. i.* ਥਿਰਕਿਰਾਉਣਾ, ਪਤਲੀ ਧਾਰ ਹੋਕੇ ਵਗਣਾ; ਕੰਬਣਾ; *v. t.* ਗਿਟਕੀਰੀ ਲੈਣਾ।

Trillion, *n.* ਟਰੀਲੀਅਨ-ਮਹਾਂ ਸੰਖ, ਪਦਮ।

Trim, *a.* ਟਰਿਮ—ਉੱਤਮ, ਭਲਾ, ਸੁਥਰਾ, ਚਲਿਆ ਠਲਿਆ, ਕੱਪੜੇ ਲੱਤੇ ਨਾਲ ਸਜਿਆ ਹੋਇਆ; *v. t.* ਠੀਕ ਕ੦, ਸੁਧਾਰਨਾ, ਮੁਰਤਬ ਕ੦, ਸੰਵਾਰਨਾ; *v. i.* ਦੋ ਵਿਰੋਧੀਆਂ ਵਿੱਚ ਇਸ ਤਰਹ ਰਹਨਾ ਕਿ ਹਰ ਕੋਈ ਅਪਣਾ ਸਮਝੇ; *n.* ਬਸਤਰ, ਕੱਪੜੇ, ਗਹਨਾ, ਸ਼ਿੰਗਾਰ, ਅਭਰਨ, ਜ਼ੇਵਰ; ਮੁਰਤਬੀ, ਆਰਾਮਤਗੀ।

Trimming, *n.* ਟਰਿਮਿੰਗ-ਸੋਭਾ ਦੇ ਪਦਾਰਥ, ਉੱਪਰਲੇ ਭੂਸ਼ਨ; ਮਾਰ ਪਿੱਟ।

Trimness, *n.* ਟਰਿਮਨੈਸ-ਦੀਪਦਾਪ, ਬਨਾਉ ਬਣਾਉ, ਸੰਵਾਰ, ਦਰੁਸਤੀ, ਸਫ਼ਾਈ।

Trinal, Trine, *a.* ਟਰੀਨਲ, ਟਰੀਨ—ਤ੍ਰਿਗਨਾ, ਸੇਚੰਦ।

Trinity, *n.* ਟਰੀਨੀਟੀ—ਤ੍ਰਸਲੀਸ, ਤ੍ਰਿਦੇਵ, ਤ੍ਰਿਮੂਰਤਿ, ਪਿਤਾ ਪੁਤਰ ਪਵਿਤ੍ਰ ਆਤਮਾ।

Trinket, *n.* ਟਰਿਨਕੇਟ-ਮੁੰਦਰੀ, ਛੱਲਾ, ਹੌਲਾ ਗਹਨਾ, ਖਿਡੌਣਾ, ਤੁੱਛ ਚੀਜ਼।

Trio, *n.* ਟਰੀਓ—ਤ੍ਰਿਗੱਡਾ, ਤਿੰਨਾਂ ਅੰਤਰਿਆਂ ਦਾ ਰਾਗ।

Trip, *n.* ਟਰਿਪ—ਠੁਮਕ ਚਾਲ, ਛੋਟਾ ਦੌੜਾ; ਭੁੱਲ, ਚੂਕ, ਗ਼ਲਤੀ, ਦਾਉ, ਪੇਚ, ਅੜੰਗਾ, ਛੋਟਾ ਰੇਦੜ, ਠੋਕਰ; *v. i.* ਭੁਲਣਾ, ਥੋੜੀ ਦੂਰ ਜਾਂ ਥੋੜੇ ਦਿਨ ਜਾਤਰਾ ਕ੦; ਠੁਮਕਣਾ, ਹੌਲੀ ੨ ਚਲਨਾ, ਦੌੜਾ ਕ੦; ਠੋਕਰ ਖਾਣਾ, ਡਿੱਗਣਾ; *v. t.* ਚਿਤ ਕ੦, ਢਾਹਣਾ, ਪਛਾੜਨਾ; ਲੰਗੀ, ਅੜੰਗਾ ਜਾਂ ਚਪੜਾਸ ਮਾਰਨਾ; ਲੰਗਰ ਦਾ ਛੁੱਟ ਜਾਣਾ।

Tripartite, *n.* ਟਰੀਪਰਟਿਟ—ਤਿੰਨਾਂ ਸ਼ਾਖ਼ਾਂ ਜਾਂ ਫਾਂਕਾਂ ਵਾਲਾ।

Tripe, *n.* ਟਰੀਪ—ਅੰਤੜੀ, ਆਂਦਰ, ਝੋਲੀ, ਪੇਟ, ਓਝ।

Tripedal, *n.* ਟਰੀਪੇਡਲ—ਤ੍ਰਿਪਾਈ, ਤਿੰਨਾਂ ਪੈਰਾਂ ਵਾਲੀ ਮੇਜ਼।

Triphthong, *n.* ਟਰਿਫ਼ਥੌਂਗ-ਤਿੰਨਾਂ ਸਵਰਾਂ ਦਾ ਮਿਲਾਪ ਜਾਂ ਸੰਜਮ।

Triple, *a.* ਟਰਿਪਲ-ਤੇਹਰਾ, ਤਿਲੜਾ, ਤ੍ਰਿਗਨਾ; *v. t.* ਤ੍ਰਿਗਨਾ ਕ੦, ਤੇਹਰਾ ਕ੦, ਤਿਲੜਾ ਕ੦

Triplicate, *a.* ਟਰਿਪਲੀਕੇਟ—ਤੇਹਰਾ, ਤ੍ਰਿਨ ਕਾੜਾ; *n.* ਤੀਜੀ ਨਕਲ।

Tripod, *n.* ਟਰੀਪੋਡ—ਤ੍ਰਿਪਾਈ, ਤ੍ਰਿਪਦ, ਤ੍ਰਿਪਾਦ।

Tripoli, *n.* ਟਰੀਪੋਲੀ-ਇਕ ਬਾਲੂ ਮਿੱਟੀ।

Tripper, *n.* ਟਰਿੱਪਰ—ਅਟੇਰਿਆ, ਠੋਕਰ ਮਾਰਨ ਵਾਲਾ, ਤੇਜ਼ ਚੱਲਣ ਵਾਲਾ।

Tripping, *n.* ਟਰਿਪਿੰਗ—ਠੁਮਕ ਚਾਲ; *a.* ਤਿੱਖੀ ਚੱਲਨ, ਤੇਜ਼ ਕਦਮ।

Tripsis, *n.* ਟਰਿਪਸਿਸ—ਮਾਲਿਸ਼, ਦੇਹ ਮਰਦਨ

Trisect, *v. t.* ਟਰੀਸੈਕਟ—ਤਿੰਨ ਇੱਕੋ ਜੇਹੇ ਹਿੱਸੇ ਕ०, ਤਿਨ ਟੁਕ ਕ०।

Trispermous, *a.* ਟਰਿਸਪਰਮਸ—ਤਿਬੀਜਾ।

Trisulcate, *a.* ਟਰੀਸਲਕੇਟ—ਤਿਕੋਨਾ।

Trisyllable, *n.* ਟਰੀਸਿਲੇਬਲ—ਤਿਨਾਂ ਟੋਟਿਆਂ ਦਾ ਸ਼ਬਦ।

Trite, *a.* ਟਰਿਟ—ਪੁਰਾਨਾ, ਸਾਧਾਰਣ।

Triturable, *a.* ਟਰੀਟੁਰੇਬਲ—ਜਿਸਦਾ ਚੂਰਣ ਯਾ ਸਫੂਫ਼ ਬਣ ਸਕੇ।

Triturate, *v. t.* ਟਰੀਟੁਰੇਟ—ਰਗੜਨਾ, ਪੀਹਣਾ, ਖਰਲ ਕ०, ਮਹੀਨ ਕ०।

Trituration, *n.* ਟਰੀਟੁਰੇਸ਼ਨ—ਪਿਸਾਈ, ਸਫੂਫ਼ਸਾਜ਼ੀ।

Triumph, *n.* ਟਰੀਅੰਫ—ਜਯ, ਜਿੱਤ, ਵਿਜਯ ਫਤੇਹ, ਖੁਸ਼ੀ; *v. i.* ਜਿਤਣਾ, ਜਯ ਕ०, ਖੁਸ਼ ਹੋਣਾ, ਜਯਕਾਰਾ ਬੋਲਨਾ; ਫਲਨਾ, ਫੁਲਨਾ।

Triumphal, *a.* ਟਰੀਅਮਫਲ—ਜਿੱਤ ਦਾ, ਜਯ ਦਾ, ਫ਼ਤੇਹ ਦਾ।

Triumphant, *a.* ਟਰੀਅਮਫੈਂਟ—ਜਯਵੰਤ, ਵਿਜਈ, ਫ਼ਤੇਹਮੰਦ, ਖ਼ੁਸ਼ੀ ਕਰਨ ਵਾਲਾ।

Triumvir, *n.* ਟਰੀਅਮਵਿਰ—ਤਿੰਨਾਂ ਵਿੱਚੋਂ ਇੱਕ।

Trivial, *a.* ਟਰੀਵੀਅਲ—ਹਲਕਾ, ਛੋਟਾ, ਹੋਲਾ

Triviality, *n.* ਟਰੀਵੀਐਲੀਟੀ—ਬਾਜ਼ਾਰੀ ਗਪ ਸ਼ਪ।

Trivium, *n.* ਟਰੀਵੀਅਮ—ਮੰਤ੍ਰਿਕ, ਕਥਨ।

Triweekly, *a.* ਟਰੀਵੀਕਲੀ—ਹਫ਼ਤੇ ਵਿੱਚ ਤਿੰਨ ਵਾਰ।

Troat, *n.* ਟਰੋਟ—ਹਿਰਨੀ ਦਾ ਮੁਸਕਨਾ

Trocar, *n.* ਟਰੋਕਾਰ—ਇਕ ਜੱਰਾਹੀ ਦਾ ਜੰਤਰ।

Troche, *n.* ਟਰੋਚ—ਦਵਾਈ ਦੀ ਟਿੱਕੀ।

Trochee, *n.* ਟਰੋਕੀ—ਇੱਕ ਗੀਤ ਜਿਸਦਾ ਪਹਲਾ ਪਦ ਲੰਮਾ ਤੇ ਦੂਜਾ ਛੋਟਾ ਹੁੰਦਾ ਹੈ।

Trochilic, *a.* ਟਰੌਕੀਲਿਕ—ਘੁਮਾਨ ਜਾ ਫਿਰਨ ਦਾ ਬਲ ਰੱਖਨ ਵਾਲਾ।

Trochilics, *n.* ਟਰੋਕੀਲਿਕਸ—ਚੱਕਰ ਚਾਲ ਵਿੱਦਯਾ, ਹਰਕਤ ਦਾ ਇਲਮ।

Troll, *v. t.* ਟਰੋਲ—ਚੱਕਰ ਦੇਣਾ, ਘੁਮਾਉਣਾ, ਫੇਰਨਾ, ਦੌਰ ਚਲਾਉਣਾ; ਬੋਲ ਜਾ ਅੰਤਰਾ ਪਕੜਨਾ; ਫੁਸਲਾਉਣਾ, ਲੁਭਾਉਣਾ, ਇਕਵਾ ਕ०; ਮੱਛੀ ਫੜਨਾ।

Trollop, *n.* ਟਰੋਲਪ—ਢਿੱਲੇ ਕੱਪੜੇ ਪਾਏ ਹੋਏ ਇਸਤ੍ਰੀ, ਫੁਆੜ, ਟਰਖਲ।

Troop, *n.* ਟਰੂਪ—ਦਲ, ਸੈਨਾ, ਫ਼ੌਜ, ਘੁੜ-ਚੜ੍ਹਿਆਂ ਦਾ ਦਲ; ਝੁੰਡ, ਸਮੂਹ, ਮੰਡਲੀ, ਸੰਗਤ; ਇੱਕ ਸੰਗੀ ਰਾਗ; *v. i.* ਦਲ ਬੰਨ੍ਹਕੇ ਚਲਨਾ, ਜੱਥਾ ਬਨਾਉਣਾ; ਕੂਚ ਕ०, ਜਲਦੀ ਨਾਲ ਅੱਗੇ ਵਧਣਾ।

Trooper, *n.* ਟਰੂਪਰ—ਘੁੜ ਚੜ੍ਹਿਆ, ਸਵਾਰ।

Trope, *n.* ਟਰੋਪ—ਰੂਪਕ, ਮਿਜ਼ਾਜ।

Trophy, *n.* ਟਰੋਫੀ—ਜਯ ਦਾ ਚਿੰਨ੍ਹ, ਫ਼ਤੇਹ ਦਾ ਨਿਸ਼ਾਨ; ਰੁੱਖ ਯਾ ਦਰਖ਼ਤ ਜਿਸ ਪੁਰ ਹਥਯਾਰ ਲਟਕਦੇ ਹੋਨ।

Tropic, *n.* ਟਰੌਪਿਕ—ਕ੍ਰਾਂਤੀ ਸੀਮਾ, ਦੱਖਣ ਉਤਰਾਇਨ ਸੀਮਾ।

Tropic, Tropical, *a.* ਟਰੌਪਿਕ, ਟਰੌਪੀਕਲ—ਕ੍ਰਾਂਤੀ ਸੀਮਾ ਸੰਬੰਧੀ।

Trot, *v. i.* ਟਰੋਟ—ਨੱਸਣਾ, ਭਜਨਾ, ਦੁਲਕੀ ਚਲਨਾ; *n.* ਦੁਲਕੀ, ਕੂਕਰ ਚਾਲ।

Troth, *n.* ਟਰੌਥ—ਸੱਚਾਈ, ਰਾਸਤੀ।

Trouble, *v. t.* ਟਰੱਬਲ—ਪੀੜਾ ਜਾ ਦੁੱਖ ਦੇਣਾ, ਸਤਾਉਣਾ, ਕਲਪਾਉਣਾ, ਛੇੜਨਾ; ਨਾਲਿਸ਼ ਕ०; *n.* ਦੁੱਖ, ਪੀੜਾ, ਬਿਪਤਾ, ਕਲੇਸ਼, ਮੁਸੀਬਤ, ਮੇਹਨਤ, ਪਰਿਸ਼ਰਮ।

Troublesome, *a.* ਟਰਬਲਸਮ—ਦੁਖਦਾਈ, ਕਠਿਨ, ਕਲੇਸ਼ ਦਾਇਕ।

Trough, *n.* ਟਰਫ—ਕਾਠੜਾ, ਚਰਨੀ, ਦਾਬੜਾ, ਰੌਂਗੀ, ਕੁੰਡ।

Trounce, *v. t.* ਟਰੌਂਸ—ਮਾਰਨਾ, ਦੰਡ ਜਾ ਸਜ਼ਾ ਦੇਣਾ, ਪੀਟਣਾ।

Trousers, *n.* ਟਰੌਜ਼ਰਜ਼—ਪਜਾਮਾ ਘੁਟੱਨਾ।

Trout, *n.* ਟਰੌਟ—ਦਰਯਾਈ ਮੱਛੀ, ਘੱਈ।

Trover, *n.* ਟਰੋਵਰ–ਉਸ ਮਾਲ ਦਾ ਦਾਵਾ ਜੋ ਅਨਜ ਜਨ ਮਾਲਿਕ ਨੂੰ ਨਾ ਦੇਵੇ ।

Trow, *v. t.* ਟਰੋ—ਸੋਚਨਾ, ਅਟਕਲ ਕ०, ਬੁੱਝਣਾ, ਵਿਚਾਰਨਾ ।

Trowel, *n.* ਟਰੋਐਲ–ਕੰਡੀ, ਕਾਨੀ, ਮੁਰਮੇ ।

Troy, Troy-weight, *n.* ਟਰੌਜ, ਟਰੌਜਵੇਟ—ਚਾਂਦੀ ਸੋਨਾ ਤੋਲਨ ਦੇ ਵੱਟੇ ।

Truant, *a.* ਟਰੂਐਂਟ–ਆਲਸੀ, ਸੁਸਤ; ਅਵਾਰਾ; *n.* ਕਮਚੋਰ, ਅਵਾਰਾ ਜਨ, ਬਾਉ ਡੰਡੀ ।

Truce, *n.* ਟਰੂਸ–ਸੁਖ, ਚੈਨ; ਮੋਹਲਤ, ਥੋੜੇ ਦਿਨਾਂ ਲਈ ਸੁਲਹ ।

Truck, *v. t.* ਟਰਕ—ਹੇਰ ਫੇਰ ਕ०, ਪਲਟਾ ਕ०, ਲੈਨ ਦੇਨ ਕ०; *n.* ਵਟਜ, ਬਿਉਪਾਰ, ਪਲਟਾ; ਛੋਟਾ ਪਹੀਯਾ; ਛੋਟੇ ਪਹੀਯਾਂ ਦੀ ਗੱਡੀ, ਠੇਲਾ, ਖੁੱਲੀ ਯਾ ਬੇਛੱਤੀ ਗੱਡੀ ।

Truckage, *n.* ਟਰੱਕੇਜ–ਬਦਲਾ, ਪਲਟਾ ।

Truckle, *n.* ਟਰੱਕਲ–ਛੋਟਾ ਪਹੀਯਾ; *v. i.* ਦਬਨਾ, ਅਧੀਨ ਯਾ ਤਾਬੇਦਾਰ ਹੋਨਾ ।

Truculent, *a.* ਟਰੂਕੁਲੈਂਟ–ਨਿਰਦਈ, ਕਰੂਰ, ਬੇਰਹਮ, ਸੰਗਦਿਲ, ਵਹਸ਼ੀ ।

Trudge, *v. i.* ਟਰੱਜ–ਪੈਰ ਘਸੀਟਨਾ, ਪੈਰੀਂ ਯਾ ਪੈਦਲ ਜਾਨਾ, ਕਸ਼ਟ ਉਠਾਉਨਾ ।

True, *a.* ਟਰੂ–ਸਤਯ, ਸੱਚਾ, ਸਤਵਾਦੀ, ਯਥਾਰਥ, ਧਾਰਮਿਕ, ਠੀਕ, ਦਰੁਸਤ; ਧਰਮੀ, ਦਿਆਨਤਦਾਰ, ਬਚਨਪਾਲ; ਅਨਮਿਲਿਆ, ਅਸਲੀ, ਖਰਾ, ਸਾਫ਼, ਚੋਖਾ, ਯਕੀਨੀ, ਹਕੀਕੀ

Trueblue, *a.* ਟਰੂਬਲੂ–ਪੱਕਾ, ਸੱਚਾ ।

Trueborn, *a.* ਟਰੂਬੋਰਨ–ਸਤਪੁੱਤਰ, ਸਪੁੱਤਰ, ਅਸਲੀ ।

Truffle, *n.* ਟਰੱਫ਼ਲ–ਖੁੰਬੀ, ਕੁਕਰਮੁੱਤਾ ।

Trug, *n.* ਟਰਗ–ਇੱਕ ਪੈਮਾਨਾ, ਇੱਕ ਨਾਪ; ਟੋਕਰੀ, ਡਲ, ਛਾਬਾ; ਠੂੰਡੀ, ਪਤੂਰਯਾ ।

Truism, *n.* ਟਰੂਇਜ਼ਮ—ਸੱਚਾਈ, ਸਤਯਤਾ, ਰਾਸਤੀ, ਸਿਦਕ ।

Trull, *n.* ਟਰਲ–ਕਸਬੀ, ਚੰਡੋ, ਮਾਲਜ਼ਾਦੀ ।

Truly, *adv.* ਟਰੂਲੀ–ਸਚ ਸਚ, ਠੀਕ ਠੀਕ, ਧਰਮ ਨਾਲ, ਵਾਸਤਵ ਵਿੱਚ, ਹਕੀਕਤ ਵਿੱਚ ।

Trump, *n.* ਟਰੰਪ–ਤਾਸ਼ ਦੀ ਖੇਡ ਵਿੱਚ ਮੀਰ, ਹੁਕਮ, ਤੁਰਹੀ; ਵੱਡਾ ਚੰਗਾ ਆਦਮੀ; *v. t.* ਠੱਗਨਾ, ਧੋਖਾ ਦੇਨਾ, ਯੁਕਤੀ ਕ०; ਤਾਸ਼ ਵਿੱਚ ਮੀਰ ਨਾਲ ਬਾਜ਼ੀ ਜਿੱਤਨਾ ।

Trumpery, *n.* ਟਰੰਪਰੀ–ਝੂਠ, ਫ਼ਰੇਬ, ਧੋਖਾ; ਪੈਂਠੀ, ਕਬਾੜ, ਦਿਖਾਵੇ ਦੀ ਚੀਜ਼ ।

Trumpet, *n.* ਟਰਮਪੇਟ–ਸਿੰਗਾ, ਤੁਰਹੀ; *v. t.* ਡੌਂਡੀ ਪਿੱਟਨਾ, ਢੰਡੋਰਾ ਦੇਨਾ ।

Truncate, *v. t.* ਟਰੰਕੇਟ–ਛਾਂਟਨਾ, ਕੱਟਨਾ; *a.* ਛਾਂਟਿਆ ਯਾ ਕੱਟਿਆ ਹੋਇਆ ।

Truncation, *n.* ਟਰੰਕੇਸ਼ਨ–ਕਾਟ, ਛਾਂਟ ।

Truncheon, *n.* ਟਰੰਚਨ–ਸੋਟਾ, ਡੰਡਾ, ਲਾਠੀ, ਛੜੀ, ਡਾਂਗ, ਆਸਾ, ਜਰੀਬ ।

Trundle, *v. t.* ਟਰੰਡਲ–ਰੁੜ੍ਹਾਉਨਾ, ਚਲਾਉਨਾ; *n.* ਗੋਲੀ, ਚਕ੍ਰ ਆਦਿ ਕੋਈ ਗੋਲ ਪਦਾਰਥ; ਛੋਟਾ ਪਹੀਯਾ; ਠੇਲਾ, ਛੋਟੀ ਗੱਡੀ ।

Trunk, *n.* ਟਰੰਕ–ਮੁੰਡ, ਲੰਬੀ ਨਲੀ, ਪੇਟੀ, ਕਾਂਡ, ਧੜ, ਪਿੰਡ, ਰੁੰਡ, ਆਧਾਰ, ਤਨਾ, ਵੱਡਾ ਭਾਗ, ਡੰਡੀ; ਥੰਮ ਦਾ ਵਿਚਲਾ ਭਾਗ; ਧਾਤ ਸਾਫ਼ ਕਰਨ ਦੀ ਨਾਰ; ਚਮ ਮੜ੍ਹਿਆ ਹੋਇਆ ਲੰਮਾ ਸੰਦੂਕ, ਟੀਨ ਦਾ ਸੰਦੂਕ; ਨਾਲੀ, ਨਲ ।

Trusion, *n.* ਟਰੂਜ਼ਨ–ਧੱਕਾ, ਧਕੇਲ ।

Truss, *n.* ਟਰਸ–ਪੂਲਾ, ਪੂਲੀ, ਗੱਡੀ, ਗਠੜੀ, ਅਫ਼ਾਰ, ਪੁਲਿੰਦਾ; ਕੁਰਤੀ ਜੋ ਜ਼ਿਰਾ ਦੇ ਹੇਠਾਂ ਪਾਉਂਦੇ ਹਨ, ਲੰਗੋਟੀ; ਕੈਂਚੀ; *v. t.* ਕੱਸਨਾ, ਜਕੜਨਾ, ਬੰਨ੍ਹਣਾ, ਖਿੱਚਨਾ; ਲਟਕਾਉਨਾ, ਟਾਂਗਨਾ, ਲਮਕਾਉਨਾ ।

Trust, *v. t.* ਟਰਸਟ–ਵਿਸ਼ਵਾਸ ਕ०, ਭਰੋਸਾ ਕ०, ਹੁਦਾਰ ਦੇਨਾ, ਆਸ਼ਾ ਕ०; *n.* ਵਿਸ਼ਵਾਸ, ਪਰਤੀਤ, ਸਾਖ, ਇਤਬਾਰ; ਹੁਦਾਰ; ਆਸਰਾ, ਉਮੇਦ, ਸਿੱਖਾ; ਅਮਾਨਤ ।

Trustee, *n.* ਟਰਸਟੀ–ਅਮੀਨ, ਉਹ ਆਦਮੀ ਜਿਸਦੇ ਪਾਸ ਕਿਸੇ ਦੂਜੇ ਦਾ ਧਨ ਰਵੇ, ਅਮਾਨਤਦਾਰ, ਜ਼ਿੰਮੇਵਾਰ, ਧਰਾ ।

Trustworthy, *a.* ਟਰਸਟਵਰਦੀ–ਭਰੋਸੇ ਦਾ, ਵਿਸ਼ਵਾਸ ਜੋਗ, ਕਾਬਿਲੇ ਇਤਬਾਰ, ਯਕੀਨ ਦੇ ਲਾਇਕ, ਇਤਬਾਰੀ, ਮੋਤਬਿਰ ।

Trusty, *a.* ਟਰਸਟੀ–ਵਿਸ਼ਵਾਸੀ, ਧਾਰਮਿਕ, ਸੱਚਾ, ਪੱਕਾ, ਦਿਆਨਤਦਾਰ ।

Truth, *n.* ਟਰੂਥ–ਸੱਚ, ਸੱਚਾਈ, ਸਤਯ, ਪਰਮਾਰਥ, ਅਸੂਲ, ਦਿਆਨਤਦਾਰੀ, ਸਤਯਤਾ ।

Truthful, *a.* ਟਰੂਥਫੁਲ—ਸੱਚਾ, ਖਰਾ, ਠੇਠ, ਪਾਕ, ਸਤਵਾਦੀ ।

Try, *v. t.* ਟਰਾਈ–ਜਾਂਚਣਾ, ਪਰੀਖਿਆ ਲੈਣੀ, ਅਜ਼ਮਾਉਣਾ, ਵਿਚਾਰ ਕ॰, ਜਤਨ ਕ॰, ਕੋਸ਼ਿਸ਼ ਕ॰, ਸਾਫ਼ ਕ॰, ਚਲਾਉਣਾ, ਕਸਣਾ, ਪਰਖਣਾ ਸੁਣਨਾ, ਤਦਬੀਰ ਕ॰, ਹੱਥ ਪੈਰ ਮਾਰਨੇ ਚੱਖਣਾ, ਸੁਆਦ ਲੈਣਾ ।

Trying, *a.* ਟਰਾਇੰਗ–ਕਠਿਨ, ਸਖ਼ਤ, ਕਸ਼ਟ, ਥਕਾਉਣ ਵਾਲਾ ।

Tub, *n.* ਟਬ—ਕਾਠੜਾ, ਛੋਟਾ ਪੀਪਾ; ਇੱਕ ਪੈਮਾਨਾ; *v. t.* ਗਮਲੇ ਵਿੱਚ ਲਗਾਉਣਾ ।

Tube, *n.* ਟ੍ਯੂਬ–ਨਲ, ਨਲੀ, ਨਲਕੀ, ਨਾਲੀ, ਟੂਟੀ; ਰਗ, ਨਸ ।

Tubercle, *n.* ਟ੍ਯੂਬਰਕਲ–ਫੋੜਾ, ਫੁੰਸੀ, ਫਿਨਸੀ, ਗੰਢ, ਗਿਲਟੀ; ਗੁਮੜੀ, ਤਿਲ ।

Tuberose, *n.* ਟ੍ਯੂਬਰੋਜ਼–ਸੁੱਧੂ (ਫੁੱਲ) ।

Tuberous, *a.* ਟ੍ਯੂਬਰਸ–ਗੰਢਦਾਰ, ਗੰਠੀਲਾ ।

Tubule, *n.* ਟ੍ਯੂਬੂਲ–ਇੱਕ ਛੋਟੀ ਨਲੀ ।

Tubulous, Tubular, Tubulated, *a.* ਟ੍ਯੂਬੂਲਸ, ਟ੍ਯੂਬੂਲਰ, ਟ੍ਯੂਬੂਲੇਟਿਡ—ਨਲੀ ਦੇ ਰੂਪ ਦਾ, ਨਲੀਦਾਰ ।

Tuck, *n.* ਟਕ—ਤਲਵਾਰ, ਨੀਮਚਾ, ਕਟਾਰ; ਇੱਕ ਪਰਕਾਰ ਦਾ ਜਾਲ; ਜਹਾਜ਼ ਦਾ ਉਹ ਭਾਗ ਜਿੱਥੇ ਪੇਂਦੀ ਦੇ ਫੱਟਿਆਂ ਦੇ ਸਿਰੇ ਮਿਲਦੇ ਹਨ; ਮੇਦਾ; *v. t.* ਸਮੇਟਣਾ, ਦਬਾਉਣਾ, ਸੁਕੇੜਨਾ, ਉਠਾਉਣਾ; ਲਪੇਟਣਾ, ਢੱਕਣਾ ।

Tuesday, *n.* ਟ੍ਯੂਜ਼ਡੇ–ਮੰਗਲਵਾਰ, ਸੋਹਸੰਥਾ ।

Tuff, *n.* ਟੱਫ਼–ਨਰਮ ਤੇ ਪੋਲਾ ਪੱਥਰ ।

Tuft, *n.* ਟਫ਼ਟ–ਚੁਟਾ, ਗੁੱਛਾ, ਸਮੂਹ, ਚੋਟੀ, ਲੱਛਾ, ਲਟ; ਝੁੰਡ; ਤਾਜ, ਤੁਰਰਾ, ਕਲਗੀ, ਝੁੰਡਾ, ਜੂੜਾ; *v. t.* ਕਲਗੀ ਲਗਾਉਣਾ ।

Tufty, Tufted, *a.* ਟਫ਼ਟੀ, ਟਫ਼ਟਿਡ—ਕਲਗੀਦਾਰ, ਝੁੰਡੇਦਾਰ; ਘਨਾ, ਘੰਦਾਰ ।

Tug, *v. t.* ਟਗ–ਘਸੀਟਣਾ, ਖਿੱਚਣਾ, ਲੈਂਚਣਾ; *v. i* ਬਲ ਕ॰, ਜ਼ੋਰ ਮਾਰਨਾ; *n.* ਖਿੱਚ, ਘਸੀਟਣ, ਐਂਠ, ਖਿੱਚਾਖਿੱਚੀ; ਗੱਡੀ ਦੀ ਜੋਤ ।

Tuition, *n.* ਟ੍ਯੂਸ਼ਨ–ਰੱਖਿਆ, ਰਖਵਾਲੀ, ਰਾਖੀ, ਨਿਗਰਾਨੀ; ਤਾਲੀਮ, ਸਿੱਖਿਆ ।

Tuitionary, *a.* ਟ੍ਯੂਸ਼ਨਰੀ–ਸਿੱਖਿਆ ਸੰਬੰਧੀ, ਤਾਲੀਮੀ, ਵਿੱਦਿਆ ਦਾ ।

Tulip, *n.* ਟ੍ਯੂਲਿਪ—ਇੱਕ ਭਾਂਤ ਦਾ ਬਹੁਤ ਸੋਹਣਾ ਫੁੱਲ, ਲਾਲਾ ।

Tumble, *v. i.* ਟੰਬਲ–ਡਿਗਣਾ, ਢੈ ਪੈਣਾ, ਠੋਕਰ ਖਾਣਾ, ਉਲਟਣਾ; *v. t.* ਉਲਟ ਪਲਟ ਕ॰, ਹੇਠਾਂ ਉੱਤੇ ਕ॰, ਸਲਵੱਟ ਪਾਉਣੇ; ਢਾਉਣਾ, ਡੇਗਣਾ; *n.* ਪਟਕਨ, ਲੋਟਨ, ਪਛਾੜ, ਲੁੜ੍ਹਕਣੀ ।

Tumbler, *n.* ਟੰਬਲਰ—ਡਿੱਗਣ ਵਾਲਾ; ਕਟੋਰਾ, ਆਬਖ਼ੋਰਾ; ਨਟ; ਲੋਟਨ; ਇੱਕ ਪਰਕਾਰ ਦਾ ਕਬੂਤਰ; ਇੱਕ ਭਾਂਤ ਦਾ ਕੁੱਤਾ ।

Tumbrel, Tumbril, *n.* ਟੰਬਰੇਲ, ਟੰਬਰਿਲ—ਛਕੜਾ, ਦੋ ਪਹੀਆਂ ਦੀ ਗੱਡੀ; ਟੋਕਰਾ ।

Tumefaction, Tumidity, *n.* ਟ੍ਯੂਮੀਫ਼ੈਕਸ਼ਨ, ਟ੍ਯੂਮੀਡਿਟੀ—ਸੋਜ, ਸੁਜਨ, ਵਰਮ ।

Tumify, *v. i.* ਟ੍ਯੂਮੀਫ਼ਾਈ–ਸੁੱਜਣਾ; ਫੁੱਲਣਾ ।

Tumid, *a.* ਟ੍ਯੂਮਿਡ–ਫੁੱਲਿਆ ਹੋਇਆ, ਉੱਠਿਆ ਹੋਇਆ, ਸੁੱਜਿਆ ਹੋਇਆ, ਨਿਕਲਿਆ ਹੋਇਆ, ਉੱਭਰਿਆ ਹੋਇਆ ।

Tumour, Tumor, *n.* ਟ੍ਯੂਮਰ–ਸੋਜ, ਫੋੜਾ, ਗਿਲਟੀ; ਗੰਢ, ਗੁਮੜਾ ।

Tumult, *n.* ਟ੍ਯੂਮਲਟ—ਉਪਦ੍ਰ, ਕੋਲਾਹਲ, ਬਲਵਾ, ਦੰਗਾ, ਫ਼ਸਾਦ, ਬਖੇੜਾ; ਹੁੱਲੜ, ਅਫੜਾ ਤਫੜੀ, ਹਲਚਲ ।

Tumultuary, *a.* ਟ੍ਯੂਮਲਟੂਅਰੀ–ਉਲਟ ਪਲਟ, ਬੇਤਰਤੀਬ; ਪਰੇਸ਼ਾਨ, ਹੈਰਾਨ ।

Tumultuous, *a.* ਟ੍ਯੂਮਲਟੂਅਸ—ਦੰਗਈ, ਫ਼ਸਾਦੀ, ਲੁੱਚਾ; ਤੇਜ਼, ਤੁੰਦ, ਸ਼ੋਰੀ ।

Tun, *n.* ਟਨ—ਇੱਕ ਪੈਮਾਨਾ; ਇੱਕ ਵੱਡਾ ਪੀਪਾ; ਮਤਵਾਲਾ, ਮਸਤ, ਸ਼ਰਾਬੀ ।

Tunable, *a.* ਟ੍ਯੂਨੇਬਲ–ਆਵਾਜ਼ ਵਿੱਚ ਮਿਲਦਾ ਜੁਲਦਾ, ਸਮ ਸ਼ਬਦ, ਸੁਰੀਲਾ, ਹਮ ਆਹੰਗ ।

Tune, *n.* ਟ੍ਯੂਨ—ਤਾਲ, ਲਯ, ਤਾਨ, ਸਵਰ, ਰਾਗ, ਤਰਾਨਾ, ਸੁਰੀਲਾਪਨ, ਤਾਲ ਮੇਲ, ਸਰੋਦ, ਲਹਜਾ; ਉਚਿਤ ਦਸ਼ਾ; *v. t.* ਸੁਰ ਮਿਲਾਉਣਾ, ਅਲਾਪਣਾ, ਛੇੜਨਾ, ਠੀਕ ਕ॰ ।

Tuneful, *a.* ਟ੍ਯੂਨਫੁਲ–ਚੰਗੇ ਸੁਰ ਦਾ, ਰਸੀਲਾ, ਸੁਰੀਲਾ ।

Tuneless, *a.* ਟ੍ਯੂਨਲੈੱਸ–ਬੇਸੁਰਾ, ਅਨਮੇਲ ।

Tuner, *n.* ਟ੍ਯੂਨਰ–ਵਾਜੇ ਨੂੰ ਸੁਰ ਕਰਨ ਵਾਲਾ ।

Tunic, *n.* ਟ੍ਯੂਨਿਕ—ਕੁਰਤਾ, ਕੁਰਤੀ; ਝਿੱਲੀ, ਖੱਲ, ਛਿਲਕਾ, ਪੋਸਤ ।

Tunnel, *n.* ਟੱਨਲ—ਪਹਾੜੀ ਯਾ ਜ਼ਿਮੀਂ ਦੇ ਹੇਠ ਰਾਹ, ਸੁਰੰਗ ।

Tunny, *n.* ਟੱਨੀ—ਇੱਕ ਭਾਂਤ ਦੀ ਮੱਛੀ ।

Tup, *v. t.* ਟਪ—ਮੇਢੇ ਦਾ ਟੱਕਰ ਮਾਰਨਾ ਯਾ ਭੋਗ ਕ੦ ।

Turban, *n.* ਟਰਬਨ—ਪਗੜੀ, ਚੀਰਾ, ਪੱਗ, ਮੰਡਾਸਾ, ਸਰਬੰਦ, ਸਾਫ਼ਾ, ਦਸਤਾਰ, ਸਰਪੇਚ, ਅੱਮਾਮਾ ।

Turbid, *a.* ਟਰਬਿਡ—ਗਦਲਾ, ਮੈਲਾ ।

Turbidness, *n.* ਟਰਬਿਡਨੈਸ—ਮੈਲਾਪਨ, ਗਦਲਾਪਨ, ਆਲੂਦਗੀ ।

Turbinate, Turbinated, *a.* ਟਰਬੀਨੇਟ, ਟਰਬੀਨੇਟਿਡ—ਲਾਟੂ ਵਾਂਗੂ ਭੌਂਦਾ ਯਾ ਘੁਮਦਾ

Turbulence, Turbulency, *n.* ਟਰਬੂਲੈਂਸ, ਟਰਬੂਲੈਨਸੀ—ਹਲਚਲ, ਦੰਗਾ, ਫ਼ਸਾਦ, ਸ਼ੋਰ ਸ਼ਰਾਬਾ, ਖਲਬਲੀ, ਹੁੱਲੜ ।

Turbulent, *a.* ਟਰਬੂਲੈਂਟ—ਦੰਗਈ, ਸ਼ਰੀਰ, ਫ਼ਸਾਦੀ, ਝਗੜਾਲੂ ।

Turf, *n.* ਟਰਫ਼—ਓਹ ਜ਼ਿਮੀਂ ਯਾ ਭੋਂ ਜਿਸ ਵਿੱਚ ਸਬਜ਼ੀ ਦੀਆਂ ਜੜਾਂ ਰੈਂਹਦੀਆਂ ਹਨ, ਘਾਹ ਦਾ ਢੇਲਾ, ਜੜ; ਘੁੜਦੌੜ ਦਾ ਮੈਦਾਨ ।

Turgent, *a.* ਟਰਜੈਂਟ—ਸੁਜਦਾ ਹੋਯਾ, ਫੁਲਦਾ ਹੋਇਆ, ਵਧਦਾ ਹੋਇਆ ।

Turgescence, Turgescency, *n.* ਟਰਜੇਸੈਂਸ, ਟਰਜੇਸੈਨਸੀ—ਸੋਜ, ਉਠਾ; ਦਿਖਾਵਾ, ਨੁਮਾਇਸ਼ ।

Turgid, *a.* ਟਰਜਿਡ—ਫੁੱਲਿਆ ਹੋਯਾ, ਸੁੱਜਿਆ ਹੋਇਆ, ਠਾਠੀ, ਬਨਾਉਟੀ ।

Turgidity, Turgidness, *n.* ਟਰਜੀਡਿਟੀ, ਟਰਜਿਡਨੈਸ—ਸੂਜਨ, ਸੋਜ; ਦਿਖਾਵਾ, ਨਮੂਦ, ਰੰਗੀਨੀ, ਟੀਪਟਾਪ, ਨੁਮਾਇਸ਼ ।

Turkey, *n.* ਟਰਕੀ—ਪੀਰੂ, ਫੀਲਮੁਰਗ਼ ।

Turmeric, *n.* ਟਰਮੇਰਿਕ—ਹਲਦੀ, ਹਰਦੀ, ਵਸਾਰ, ਪਿੜਰਸ, ਜ਼ਰਦਚੋਬ ।

Turmoil, *n.* ਟਰਮੌਇਲ—ਹਲਚਲ, ਬੇਚੈਨੀ, ਅਸ਼ਾਨਤੀ, ਉਤਪਾਤ, ਫ਼ਸਾਦ, ਦੰਗਾ; *v. t.* ਸਤਾਉਣਾ, ਅਸ਼ਾਂਤ, ਬੇਚੈਨ ਯਾ ਪਰੇਸ਼ਾਨ ਕ੦ ।

Turn, *v. t.* ਟਰਨ—ਫਿਰਾਉਣਾ, ਘੁਮਾਉਣਾ, ਚੱਕਰ ਦੇਣਾ; ਮੋੜਨਾ, ਫੇਰਨਾ; ਸਿੱਧੇ ਰਾਹ ਥੀਂ ਹਟਾਉਣਾ; ਬਚਾਉਣਾ; ਹੇਠਲਾ ਪਾਸਾ ਉੱਤੇ ਕ੦, ਉਲਟਾ ਕ੦; ਕਿਸੇ ਵੱਲ ਮੂੰਹ ਫੇਰਨਾ, ਸੰਮੁਖ ਹੋਣਾ, ਅੱਖਾਂ ਚੁੱਕਕੇ ਵੇਖਣਾ; ਖਰਾਦ ਕ੦, ਬਨਾਉਣਾ, ਘੜਨਾ, ਸੱਚੇ ਵਿੱਚ ਢਾਲਣਾ, ਡੌਲ ਦੇਣਾ, ਸ਼ਕਲ ਯਾ ਰੂਪ ਬਨਾਉਣਾ, ਕਾਯਾ ਪਲਟਣਾ; ਧਰਮ, ਰਾਯ ਯਾ ਸੰਮਤੀ ਬਦਲਣਾ; ਉਲਟਾ ਕ੦, ਫਰਸੂਆ ਕ੦; ਦੂਜੇ ਨੂੰ ਦੇਣਾ; ਮਨ ਯਾ ਮੂੰਹ ਫੇਰਨਾ, ਜੀ ਉਕਤਾਉਣਾ; ਪਾਗਲ ਕ੦, ਦਿਲ ਚਲਨਾ, ਸਿਰ ਘੁਮਨਾ; ਸੋਚਣਾ, ਵਿਚਾਰਨਾ, ਉਧੇੜ ਬੁਨ ਕ੦; ਰੱਦ ਕ੦, ਮਨਸੂਖ ਕ੦, ਹਟਾ ਦੇਣਾ; ਚਲਾਉਣਾ, ਜਾਰੀ ਰੱਖਣਾ; ਲਗਾਉਣਾ, ਠੀਕ ਬਿਠਾਉਣਾ, ਖੱਟਾ ਕ੦; ਫਾੜਨਾ; *v. i.* ਘੁਮਨਾ, ਫਿਰਨਾ, ਚੱਕਰ ਖਾਣਾ; ਲਗਨਾ; ਧਿਆਨ ਦੇਣਾ, ਮੂੰਹ ਕ੦, ਮੁੜਨਾ; ਰੂਪ ਵਟਾਉਣਾ; ਹੋਣਾ; ਪਾਸੇ ਬਦਲਣੇ, ਕਰਵਟਾਂ ਲੈਣੀਆਂ; ਇਰਾਦਾ ਯਾ ਰਾਯ ਬਦਲਨਾ; ਖੱਟਾ ਹੋਣਾ, ਫਰਨਾ; ਲਾਭ ਉਠਾਉਣਾ, ਕੰਮ ਕਢਨਾ; ਸਿਰ ਘੁਮਨਾ; ਜੱਮਨ ਦੇ ਸੌਖ ਲਈ ਬੱਚੇ ਦੇ ਪੈਰ ਗਰਭ ਥੀਂ ਬਾਹਰ ਕੱਢਨੇ; *n.* ਫੇਰ, ਘੁਮਾਉ, ਫੇਰਾ, ਵਾਰੀ, ਚੱਕਰ, ਦਾਉ, ਪੇਚ, ਮੋੜ; ਫੇਰਾ, ਛੋਟਾ ਸਫ਼ਰ; ਉਲਟ ਪਲਟ ਬਦਲ, ਬਦਲਾ, ਪਲਟਾ, ਤਬਦੀਲੀ; ਮਤਲਬ, ਮਨੋਰਥ, ਮੰਸ਼ਾ, ਮੁੱਦਾ; ਸ਼ਕਲ, ਰੂਪ, ਡੌਲ, ਵਜ਼ਾ, ਢੰਗ; ਵੱਟ, ਪੇਚ, ਵਲ; ਭਾਂਜ, ਗਾਰ; ਰਿਤੂ ਕਾਲ, ਹੈਜ਼, ਕੱਪੜੇ ।

Turnbench, *n.* ਟਰਨਬੈਂਚ—ਇੱਕ ਭਾਂਤ ਦਾ ਲੋਹੇ ਦਾ ਖਰਾਦ ।

Turncoat, *n.* ਟਰਨਕੋਟ—ਸਵਮਤ ਤਿਆਗੀ, ਅਪਨਾ ਮਤ ਛੱਡਣ ਵਾਲਾ; ਦੁਭੇਸੀਆ, ਗੌਂ ਦਾ ਯਾਰ, ਮਤਲਬੀ, ਜ਼ਮਾਨਾਸਾਜ਼ ।

Turner, *n.* ਟਰਨਰ—ਖਰਾਦ ਪੁਰ ਉਤਰਨ ਵਾਲਾ, ਲੋਟਨ ਕਬੂਤਰ, ਭਲਵਾਨ, ਪਹਲਵਾਨ ।

Turnery, *n.* ਟਰਨਰੀ—ਖਰਾਦੀ, ਖਰਾਦ ਦੀਆਂ ਬਨੀਆਂ ਹੋਈਆਂ ਚੀਜ਼ਾਂ ।

Turning, *n.* ਟਰਨਿੰਗ—ਚੱਕਰ, ਗਰਦਿਸ਼, ਘੁਮਾਉ, ਫੇਰ; ਖਰਾਦ ਦਾ ਕੰਮ ।

Turnip, *n.* ਟਰਨਿਪ—ਸ਼ਲਗਮ, ਗੋਂਗਲੂ ।

Turnkey, *n.* ਟਰਨਕੀ—ਜੇਲਖਾਨੇ ਦੀਆਂ ਕੁੰਜੀਆਂ ਰੱਖਣ ਵਾਲਾ ।

Turn-out, *n.* ਟਰਨਆਉਟ—ਨੌਕਰੀ ਦਾ ਤਿਆਗ; ਸਵਾਰੀ, ਗੱਡੀ ਘੋੜਾ; ਪੈਦਾਵਾਰ, ਕਮ ਦਾ ਫਲ ਯਾ ਨਤੀਜਾ ।

Turnpike, *n.* ਟਰਨਪਾਇਕ—ਦਰਵੱਜ਼ੇ ਦੀ ਕੰਡੇਦਾਰ ਆੜ; ਸੜਕ ਦੇ ਮਹਸੂਲ ਦੀ ਚੌਕੀ

Turnscrew, *n.* ਟਰਨਸਕਰੂ–ਪੇਚ ਕਸ, ਮਾਰਤੋਲ ।

Turpentine, *n.* ਟਰਪੈਨਟਿਨ–ਤਾਰਪੀਨ ਦਾ ਤੇਲ, ਬਰਜਨ ਰਸ ।

Turpitude, *n.* ਟਰਪੀਟੂਡ–ਖੁਟਾਈ, ਨੀਚਤਾ, ਅਧਮਤਾ, ਬਦਜ਼ਾਤੀ, ਕਮੀਨਗੀ ।

Turret, *n.* ਟੂਰੇਟ—ਗੁਮਟੀ, ਕਲਸ, ਕੋਠਾ, ਬੁਰਜੀ ।

Turtle, *n.* ਟਰਟਲ–ਕੂਰਮ, ਕੱਛੂ ।

Turtle-dove, *n.* ਟਰਟਲਡਵ–ਪੰਡੁਕ, ਟੋਟਰੂ ਕਬੂਤਰ, ਘੁੱਗੀ, ਫ਼ਾਖ਼ਤਾ ।

Tush, *Int.* ਟਸ਼–ਛੀਹ, ਓਹ ।

Tusk, *n.* ਟਸਕ–ਹਾਥੀ ਯਾ ਸੂਰ ਦਾ ਦੰਦ ।

Tusked, Tusky, *a.* ਟਸਕਡ, ਟਸਕੀ—ਦੰਦਾਨੇਦਾਰ, ਕੰਡਿਆਂ ਵਾਲਾ, ਦੰਤੀਲਾ ।

Tut, *int.* ਟਟ–ਛੀਹ, ਘਿਨ ਵਾਚਕ ਸ਼ਬਦ ।

Tutelar, Tutelary, *a.* ਟੂਟੇਲਰ, ਟੂਟੇਲਰੀ—ਰੱਖਯਕ, ਪਾਲਕ, ਹਾਮੀ, ਨਿਗਾਹਬਾਨ ।

Tutor, *n.* ਟੂਟਰ–ਗੁਰੂ, ਉਸਤਾਦ, ਅਧਯਾਪਕ; *v. t.* ਸਿਖਾਉਣਾ, ਸਿੱਖਯਾ ਦੇਣਾ ।

Tutoress, *n.* ਟੂਟੋਰੈਸ—ਅਧਯਾਪਕਾ, ਉਸਤਾਦਨੀ ।

Tutty, *n.* ਟੂਟੀ–ਯਾਂਤ ਦੀ ਮੈਲ, ਤੂਤੀਯਾ ।

Twaddle, *v. i.* ਟਵੈਡਲ–ਬਕਣਾ, ਬੜਬੜਾਉਣਾ, ਟਰਟਰਾਉਣਾ ।

Twaddle, Twaddy, *n.* ਟਵੈਡਲ, ਟਵੈਡੀ—ਬਕਵਾਸ, ਫ਼ਟਲ ।

Twain, *a.* ਟਵੇਨ–ਦੋ (੨) ।

Twang, *n.* ਟਵਾਂਗ–ਝੰਕਾਰ, ਟੰਕਾਰ, ਟੰਕਾਰ; *v. i.* ਝਨਕਣਾ, ਝਨਝਨਾਉਣਾ, ਠਿਨਕਣਾ ।

Twattle, *v. i.* ਟਵੈਟਲ–ਟਰਟਰ ਕ॰, ਬੜਬੜਾਉਣਾ ।

Tweak, *v. t.* ਟਵੀਕ—ਮਰੋੜਨਾ, ਮਲਨਾ, ਦਬਾਉਣਾ, ਨੋਚਣਾ; *n.* ਨੋਚ, ਝਟਕ, ਹੈਰਾਨੀ ।

Tweedle, *v. t.* ਟਵੀਡਲ—ਹੌਲੇ ਹੱਥ ਨਾਲ ਸਾਰੰਗੀ ਵਜਾਉਣਾ ।

Tweeds, *n.* ਟਵੀਡਜ਼–ਇੱਕ ਪਰਕਾਰ ਦਾ ਬਸਤਰ ।

Tweezers, *n.* ਟਵੀਜ਼ਰਜ਼–ਚਿਮਟੀ, ਮੋਚਨਾ ।

Twelfth, *a.* ਟਵੈਲਫ਼ਥ–ਬਾਹਰਵਾਂ ।

Twelve, *a.* ਟਵੈਲਵ–ਬਾਰਾਂ (੧੨), ਦਵਾਦਸ ।

Twentieth, *a.* ਟਵੈਂਟੀਅਥ–ਬੀਸਵਾਂ ।

Twenty, *a.* ਟਵੈਨਟੀ—ਵੀਹ (੨੦), ਬੀਸ, ਕੋੜੀ; ਬਹੁਤ, ਬੇਅੰਤ ।

Twibill, *n.* ਟਵੀਬਿਲ—ਖੁਦਾਲੀ, ਕਾਉੜੀ, ਫਰਸਾ; ਦਰਾਤਨੀ ।

Twice, *adv.* ਟਵਾਇਸ–ਦੋ ਫੇਰ, ਦੂਜੀ ਵਾਰ, ਦੂਣਾ, ਦੁਗਣਾ, ਦੋਬਾਰਾ ।

Twig, *n.* ਟਵਿਗ–ਟਾਹਣੀ, ਡਾਲੀ, ਸ਼ਾਖ਼ ।

Twiggy, *a.* ਟਵਿੱਗੀ—ਟਾਹਣੀਆਂ ਨਾਲ ਭਰਿਆ ਹੋਇਆ, ਸ਼ਾਖ਼ਦਾਰ ।

Twilight, *n.* ਟਵੀਲਾਇਟ—ਧੁਰੀ ਸੰਝ, ਗੋਧੂਲ, ਸੰਧਯਾ, ਝਲਕ, ਸੁਬਹ ।

Twill, *n.* ਟਵਿਲ–ਖੇਸ ਦੀ ਬੁਨਾਵਟ ਦਾ ਕੱਪੜਾ

Twin, *n.* ਟਵਿਨ—ਜੌੜੇ ਬੱਚੇ, ਜੌਆਂ, ਯਮਜ, ਜੋੜਾ, ਜੁੜਵਾਂ, ਹਮਜ਼ਾਦ; ਮਿਥੁਨ; *v. i.* ਜੌੜੇ ਬੱਚਿਆਂ ਦਾ ਜੰਮਣਾ ।

Twine, *v. t.* ਟਵਾਇਨ—ਵਟਣਾ, ਵਲ ਦੇਣਾ, ਘੁਮਾਉਣਾ, ਮਰੋੜਨਾ, ਲਪੇਟਣਾ; *n.* ਸੂਤਲੀ, ਵਾਨ, ਡੋਰਾ; ਮਰੋੜ, ਪੇਚ, ਲਪੇਟ, ਭੰਜ, ਵਲ ।

Twinge, *n.* ਟਵਿੰਜ—ਟੀਸ, ਚੀਸ, ਦਰਦ, ਮਰੋੜ, ਚਿਨੰਗ; *v. i.* ਟੀਸ ਯਾ ਚੀਸ ਮਾਰਨਾ, ਮਰੋੜਨਾ, ਮਲਨਾ, ਖਿਚਣਾ ।

Twinkle, *v. i.* ਟਵਿੰਕਲ–ਚਮਕਣਾ, ਝਲਝਲਾਉਣਾ, ਝਲਕ ਮਾਰਨਾ; ਘੜੀ ੨ ਪਲਕ ਮਾਰਨਾ, ਅੱਖਾਂ ਮੀਚਣਾ, ਝਿਲਮਿਲ ਕ॰, ਝਿਲਮਿਲਾਉਣਾ; ਝਮਕ, ਪਲ, ਲਹਜ਼ਾ ।

Twinkling, *n.* ਟਵਿੰਕਲਿੰਗ–ਝਪਕੀ, ਝਮਕ, ਝਲਕ, ਪਲਕ ।

Twirl, *v. t.* ਟਵਰਲ—ਫੇਰਨਾ, ਚੱਕਰ ਦੇਣਾ, ਘੁਮਾਉਣਾ; *n.* ਚੱਕਰ, ਘੁਮਾਓ, ਤੇਜ਼ ਗਰਦਿਸ਼

Twist, *v. t.* ਟਵਿਸਟ–ਪੇਚਦਾਰ ਕ॰, ਉਲਝਾਉਣਾ, ਲਪੇਟਣਾ, ਮਤਲਬ ਬਦਲਣਾ, ਗਲ ਵਿੱਚ ਵਲ ਪਾਉਣਾ, ਘੇਰਨਾ, ਬਣਾਉਣਾ, ਜੋੜਨਾ, ਘੜਨਾ; ਵਟਣਾ, ਭੰਜਣਾ, ਵਲ ਦੇਣਾ, ਮਰੋੜਨਾ; *n.* ਐਂਠ, ਮਰੋੜ, ਵਲ, ਪੇਚ, ਡੋਰੀ, ਸੂਤਲੀ, ਤਾਗਾ, ਧਾਗਾ, ਵੱਟਿਆ ਹੋਇਆ ਰੇਸ਼ਮ; ਇੱਕੀ ।

Twit, *v. t.* ਟਵਿਟ—ਤਾਂਹਨਾ, ਤਾਨਾ ਯਾ ਮੇਹਨਾ ਮਾਰਨਾ, ਘੁਰਕਨਾ, ਬੁਰਾ ਭਲਾ ਕਹਨਾ ।

Twitch, *v. t.* ਟਵਿਚ—ਜ਼ੋਰ ਨਾਲ ਖੋਹ ਲੈਣਾ, ਖਿੱਚਨਾ, ਝਟਕਾ ਮਾਰਨਾ; *n.* ਖਸੋਟ, ਝੋਕਾ, ਝਟਕਾ, ਮਰੋੜ, ਐਂਠਨ ।

Twitter, *v. i.* ਟਵਿਟਰ—ਬੋਲਨਾ, ਚੂੰ ੨ ਕ० ਫੜਕਨਾ; *n.* ਚੂੰ ਚੂੰ, ਚਿੜਚਿੜ; ਭੜਕ ।

Two, *a.* ਟੂ—ਦੋ (੨) ।

Two-fold, *a.* ਟੂਫੋਲਡ—ਦੁਗਨਾ, ਦੂਨਾ, ਦੋਹਰਾ, ਦੋਪਤਰਾ, ਦੁਲੜਾ ।

Tyke, *n.* ਟੀਕ—ਕੁੱਤਾ, ਸਵਾਨ, ਸਗ ।

Tymbal, *n.* ਟਿਮਬਲ—ਧੌਂਸਾ, ਤੰਬੂਰ ।

Tympanum, *n.* ਟਿਮਪੇਨਮ—ਕਨ ਦਾ ਪਰਦਾ; ਬੂਹ ਯਾ ਕਿਵਾੜ ਦਾ ਫਿਲਾ ।

Type, *n.* ਟਾਇਪ—ਲਕਸ਼ਨ, ਆਕਾਰ, ਠੱਪਾ, ਰੂਪ, ਸ਼ਕਲ, ਚਿੰਨ੍ਹ, ਨਿਸ਼ਾਨ, ਨਿਸ਼ਾਨੀ; ਨਮੂਨਾ; ਛਾਪੇ ਯਾ ਸਿੱਕੇ ਦੇ ਅੱਖਰ ।

Typhon, *n.* ਟੀਫਨ—ਦੁਸ਼ਟ, ਸ਼ੈਤਾਨ ।

Typhoon, *n.* ਟੀਫੂਨ—ਸਖ਼ਤ ਤੂਫ਼ਾਨ ।

Typhus, *n.* ਟੀਫਸ—ਇਕ ਪਰਕਾਰ ਦਾ ਜ਼ਵਰ (ਬੁਖ਼ਾਰ) ।

Typic, Typical, *a.* ਟਿਪਿਕ, ਟਿਪੀਕਲ—ਸੂਚਕ, ਲਕਸ਼ਨਿਕ, ਚਿੰਨ੍ਹਤ ।

Typify, *v. t.* ਟੀਪੀਫ਼ਾਈ—ਨਿਸ਼ਾਨ ਨਾਲ ਪਰਗਟ ਕ०, ਜ਼ਾਹਿਰ ਕ० ।

Typography, *n.* ਟੀਪੋਗਰਾਫ਼ੀ—ਸਿੱਕੇ ਦੇ ਅੱਖਰਾਂ ਦਾ ਛਾਪਾ ।

Tyrannic, Tyrannical, *a.* ਟੀਰੈਨਿਕ ਟੀਰੈਨੀਕਲ—ਜ਼ਾਲਮ, ਨਿਰਦਈ, ਕੈਹਰੀ ।

Tyrannize, *v. t.* ਟੀਰੇਨਾਇਜ਼—ਅਨੀਤੀ ਕ०, ਉਪੱਦਰਵ ਕ०, ਜ਼ੁਲਮ ਕ० ।

Tyranny, *n.* ਟੀਰੈਨੀ—ਸਵਤੰਤਰ ਰਾਜ, ਕਠੋਰਤਾ, ਜ਼ੁਲਮ, ਅਨੀਤੀ ।

Tyrant, *a.* ਟੀਰੈਂਟ—ਸਵਤੰਤਰ ਅਧਿਪਤਿ, ਜ਼ਾਲਿਮ, ਉਪਦਰਵੀ ।

Tyro, *n.* ਟੀਰੋ—ਵਿੱਦਯਾ ਅਰੰਭਕ, ਓਹ ਆਦਮੀ ਜਿਸਨੇ ਵਿੱਦਯਾ ਅਰੰਭ ਕੀਤੀ ਹੋਵੇ ॥

U.

Ubiquist, Ubiquitarian, *n.* ਉਬੀਕਵਿਸਟ, ਉਬੀਕਵੀਟੇਰੀਅਨ—ਈਸਾ ਮਸੀਹ ਨੂੰ ਸਰਬ ਵਿਆਪੀ ਯਾ ਸਬ ਥਾਉਂ ਹਾਜ਼ਰ ਮੰਨਣ ਵਾਲਾ ।

Ubiquitary, *a.* ਉਬੀਕਵੇਟਰੀ—ਸਰਬ ਵਿਆਪੀ, ਸਬ ਥਾਉਂ ਹਾਜ਼ਰ ।

Ubiquity, *n.* ਉਬੀਕਵੀਟੀ—ਸਰਬ ਵਿਆਪਕਤਾ, ਸਬ ਥਾਉਂ ਹੋਨ ਦਾ ਗੁਣ ।

Udder, *n.* ਅੱਡਰ—ਥਨ, ਲੇਵਾ, ਬਾਖ ।

Udometer, *n.* ਉਡੋਮੇਟਰ—ਪਾਨੀ ਨਾਪ ।

Ugliness, *n.* ਅਗਲੀਨੈਸ—ਕੁਰੂਪਤਾ, ਬਦ-ਸੂਰਤੀ, ਅਸੁੰਦਰਤਾ, ਕੋਝਾਪਨ ।

Ugly, *a.* ਅਗਲੀ—ਕਰੂਪ, ਅਸੁੰਦਰ, ਕੋਝਾ, ਰੂਪ ਹੀਨ, ਬਦਸੂਰਤ; ਅੱਖੜ ।

Ulcer, *n.* ਅਲਸਰ—ਫੋੜਾ, ਫੁੰਸੀ, ਨਸੂਰ ।

Ulcerate, *v. i.* ਅਲਸਰੇਟ—ਪਕਨਾ, ਪਕਾ ਦੇਨਾ, ਫੋੜਾ ਬਨ ਜਾਨਾ ।

Ulcerative, *a.* ਅਲਸਰੇਟਿਵ—ਨਾਸੂਰ ਯਾ ਫੋੜੇ ਦਾ ਛੇਕ ਪਾਉਨ ਵਾਲਾ ।

Ulcerous, *a.* ਅਲਸਰਸ—ਨਾਸੂਰ ਦਾ, ਫੋੜੇ ਦਾ, ਨਾਸੂਰਦਾਰ ।

Uliginous, *a.* ਯੂਲੀਜੀਨਸ—ਮੈਲਾ, ਗੰਦਲਾ, ਰਿਸਨ ਵਾਲਾ ।

Ullage, *n.* ਯੂਲੇਜ—ਛਿਜ, ਕਰਦਾਹ ।

Ulna, *n.* ਉਲਨਾ—ਹੱਥ ਦੀ ਵੱਡੀ ਹੱਡੀ ।

Ulterior, *a.* ਅਲਟੀਰੀਅਰ—ਪਰਲਾ, ਅੱਗੇ ਵੱਲ ਦਾ, ਦੂਰਤਰ, ਦੂਰ ।

Ultimate, *a.* ਅਲਟੀਮੇਟ—ਪਿਛਲਾ, ਅੰਤਿਮ, ਆਖ਼ਰੀ; *v. t.* ਅੰਤ ਨੂੰ ਪਹੁੰਚਾਉਨਾ, ਖ਼ਤਮ ਕ०, ਮੁਕਾਉਨਾ ।

Ultimately, *adv.* ਅਲਟੀਮੇਟਲੀ—ਅੰਤ ਨੂੰ, ਸ਼ੇਸ਼ ਵਿੱਚ, ਆਖ਼ਿਰਕਾਰ, ਆਖ਼ਿਰ ਨੂੰ ।

Ultimatum, *n.* ਅਲਟੀਮੇਟਮ—ਅੰਤ ਵਾਕ, ਅੰਤ ਪਰਤਿਗਯਾ, ਆਖ਼ਰੀ ਸ਼ਰਤ ।

Ultimo, *n.* ਅਲਟੀਮੋ—ਬੀਤਿਆ ਹੋਇਆ ਯਾ ਪਿਛਲਾ ਮਹੀਨਾ ।

Ultra, *a.* ਅਲਟਰਾ—ਪਾਰ, ਪਰੇ, ਦੂਰ, ਅਤਿ, ਬਹੁਤ, ਅਜ਼ਹਦ ।

Ultramarine, *a.* ਅਲਟਰਾਮੇਰਿਨ–ਸਮੁੰਦਰ ਪਾਰ, ਦਰਜਾ ਪਾਰ ।

Ultramontane, *a.* ਅਲਟਰਾਮੋਨਟੇਨ–ਪਹਾੜਾਂ ਦੇ ਪਾਰ ਦਾ, ਪਰਦੇਸੀ, ਪਰਦੇਸੀ ।

Ultramundane, *a.* ਅਲਟਰਾਮੰਡੇਨ–ਸੰਸਾਰ ਜਾਂ ਦੁਨੀਆਂ ਥੀਂ ਬਾਹਰ ।

Ululate, *v. i.* ਉਲੂਲੇਟ–ਭੌਂਕਣਾ, ਹੌਂ ਹੌਂ ਕ०

Umbel, *n.* ਅੰਬੇਲ–ਇੱਕ ਛਤਰੀਦਾਰ ਫੁੱਲ ।

Umber, *n.* ਅੰਬਰ—ਇੱਕ ਭਾਂਤ ਦਾ ਕੋਲਾ; ਇੱਕ ਖਾਨੀ (ਕਾਲੀ) ਚੀਜ਼; ਇੱਕ ਮਿੱਟੀ; ਇੱਕ ਮੱਛੀ; *v. t.* ਕਾਲਾ ਕ०, ਚਿੱਤਰ ਜਾਂ ਤਸਵੀਰ ਉਤੇ ਕਾਲਾ ਦਿਖਾਉਣਾ ।

Umbilic, *n.* ਅਮਬਿਲਿਕ–ਨਾਫ਼, ਨਾਭੀ, ਤੁੰਦ ।

Umbilic, Umbilical, *a.* ਅਮਬੀਲਿਕ, ਅਮਬੀਲੀਕਲ–ਨਾਫ਼ ਜਾਂ ਨਾਭੀ ਦਾ, ਨਾਫ਼ਰੂਪ ।

Umbles, *n. pl.* ਅੰਬਲਜ਼–ਹਿਰਨ ਦੀਆਂ ਆਂਦਰਾਂ ।

Umbo, *n.* ਅੰਬੋ–ਢਾਲ ਦਾ ਫੁੱਲ ।

Umbra, *n.* ਅੰਬਰਾ–ਸਾਯਾ, ਗ੍ਰਹਣ ।

Umbrage, *n.* ਅੰਬਰੇਜ–ਸਾਯਾ, ਛਾਂਓ, ਕ੍ਰੋਧ, ਅਸੰਤੋਖ, ਖ਼ਫ਼ਗੀ ।

Umbrageous, *a.* ਅੰਬਰੇਜਸ—ਛਾਯਾ ਕਰਨ ਵਾਲਾ, ਸਾਯਾਦਾਰ, ਧੁੰਦਲਾ ।

Umbrella, *n.* ਅੰਬਰੈੱਲਾ—ਛਾਤਾ, ਛਤਰ, ਛਤਰੀ, ਸੂਰਜਮੁਖੀ ।

Umpirage, *n.* ਅੰਪੀਰੇਜ–ਪੰਚਾਇਤ, ਸਾਲਸੀ

Umpire, *n.* ਅੰਪਾਇਰ–ਸਰਪੰਚ, ਮਧਜਸਥ, ਫ਼ੈਸਲਾ, ਮੁੰਸਿਫ਼ ।

Un, *prefix*, ਅਨ–ਸ਼ਬਦਾਂ ਦੇ ਆਦਿ ਵਿੱਚ ਨਕਾਰ ਦੇ ਅਰਥਾਂ ਦਾ ਅਖਰ, ਅਨ, ਨਿਰ, ਨੀ, ਕੁ, ਬੇ, ਨਾ, ਕਮ, ਪੰਜਾਬੀ ਵਿੱਚ ਇਹੋ ਕੰਮ ਦਿੰਦਾ ਹੈ ਜਿਹਾ ਅਨਪੜ੍ਹ, ਅਨਪਚ, ਅਨ ਦੇਖਿਆ, ਅਨਰੀਤਾ ।

Unabashed, *a.* ਅਨਅਬਾਸ਼ਡ—ਨਿਰਲੱਜ, ਬੇਸ਼ਰਮ, ਬੇਹਯਾ ।

Unabated, *a.* ਅਨਅਬੇਟਿਡ—ਪੂਰਾ, ਜਿਉਂ ਦਾ ਤਿਉਂ, ਬਿਨਾ ਕਮੀ ।

Unable, *a.* ਅਨਏਬਲ–ਅਸਮਰਥ, ਅਜੋਗ, ਨਾਕਾਬਿਲ, ਨਾਚਾਰ, ਲਾਚਾਰ ।

Unacceptable, *a.* ਅਨਐਕਸੇਪਟੇਬਲ—ਅਗ੍ਰਾਹਜ, ਨਾਪਸੰਦ ।

Unaccompanied, *a.* ਅਨਅਕਮਪੇਨੀਡ—ਇਕੱਲਾ, ਅਕੇਲਾ ।

Unaccustomed, *a.* ਅਨਅਕਸਟਮਡ–ਨਵਾਂ, ਨਯਾ, ਅਨਵਰਤਿਆ ।

Unacquainted, *a.* ਅਨਅਕਵੇਨਟਿਡ—ਨਾਵਾਕਿਫ਼ਕਾਰ, ਅੰਜਾਨ ।

Unadvisable, *a.* ਅਨਐਡਵਾਇਜ਼ੇਬਲ—ਅਨੁਚਿਤ, ਨਿਰਾਲਾ, ਨਹੀਂ ਚਾਹੀਦਾ ।

Unaffected, *a.* ਅਨਅਫ਼ੈਕਟਿਡ—ਮਿੱਠਾ, ਸੱਚਾ, ਸਹਜ, ਅਸਲੀ ।

Unaffectedly, *adv.* ਅਨਅਫ਼ੈਕਟਿਡਲੀ—ਸਚਮੁਚ, ਯਥਾਰਥ, ਠੀਕ ਤੌਰ ਪੁਰ ।

Unaided, *a.* ਅਨਏਡਿਡ–ਸਹਾਇਤਾ ਰਹਤ ।

Unalloyed, *a.* ਅਨਅਲੌਇਡ–ਸਾਫ਼, ਬੇਮੇਲ, ਅਨਮੇਲ, ਖ਼ਾਲਿਸ ।

Unalterable, *a.* ਅਨਆਲਟਰੇਬਲ–ਅਟਲ, ਜੋ ਬਦਲੇ ਨਾ, ਨਾ ਕਾਬਿਲੇ ਤਬਦੀਲ ।

Unamiable, *a.* ਅਨਐਮੀਏਬਲ–ਜੋ ਮਿਲਨਸਾਰ ਨਾ ਹੋਵੇ ।

Unanimity, *n.* ਯੂਨਾਨੀਮਿਟੀ–ਏਕਤਾ, ਇੱਕ ਦਿਲੀ, ਇਤਫ਼ਾਕ, ਸਜਾਨਗਤ ।

Unanimous, *a.* ਯੁਨਾਨੀਮਸ—ਇੱਕ ਮਤ, ਇੱਕ ਦਿਲ, ਇਕ ਰਾਯ, ਇਕ ਰੰਗ ।

Unanimously, *adv.* ਯੁਨਾਨੀਮਸਲੀ—ਇੱਕ ਮਤ ਨਾਲ, ਮਿਲਕੇ, ਇੱਕ ਰਾਯ ਹੋਕੇ ।

Unapt, *a.* ਅਨਐਪਟ–ਅਜੋਗ, ਨਾਕਾਬਿਲ ।

Unarmed, *a.* ਅਨਆਰਮਡ–ਨਿਹੱਥਾ, ਖ਼ਾਲੀ ਹੱਥ, ਬੇ ਹਥਿਆਰ ।

Unasked, *a.* ਅਨਆਸਕਡ—ਬਿਨ ਬੁਲਾਯਾ, ਬਿਨ ਸੱਦਿਆ ।

Unaspiring, *a.* ਅਨਅਸਪੀਰਿੰਗ–ਬੇ ਹੌਸਲਾ, ਨਿਰ ਹੰਕਾਰੀ ।

Unattainable, *a.* ਅਨਅਟੇਨਏਬਲ–ਅਪ੍ਰਾਪਤ, ਜੋ ਮਿਲ ਨਾ ਸੱਕੇ ।

Unattempted, *a.* ਅਨਅਟੈਂਪਟਿਡ—ਅਪਰੀਖਿਤ, ਬਿਨ ਪਰੀਖਯਾ ਦੇ ।

Unauthentic, *a.* ਅਨਔਥੈਨਟਿਕ—ਅਪਰਮਾਣਿਕ, ਝੂਠਾ ।

Unauthorized, *a.* ਅਨਔਥੋਰਾਇਜ਼ਡ—ਆਗਿਆ ਰਹਿਤ, ਅਨ ਉਚਿਤ, ਬੇਸਨਦ ।

Unavailable, *a.* ਅਨਅਵੇਲਏਬਲ-ਨਿਰਫਲ, ਵਿਅਰਥ, ਅਕਾਰਥ, ਬੇਫ਼ਾਇਦਾ ।

Unavoidable, *a.* ਅਨਅਵੋਇਡੇਬਲ-ਅਸਾਧ, ਅਤਜਾਗਜ, ਲਾਇਲਾਜ ।

Unaware, *a.* ਅਨਅਵੇਅਰ—ਅਸਾਵਧਾਨ, ਬੇਖ਼ਬਰ, ਗ਼ਾਫ਼ਿਲ, ਨਾਵਾਕਿਫ਼ ।

Unaware, Unawares, *adv.* ਅਨਅਵੇਅਰ, ਅਨਅਵੇਰਜ਼—ਚਾਨਚਕ, ਬੇਖਬਰੀ ਵਿਚ, ਅਕਸਮਾਤ, ਅਚਾਨਕ, ਅਚਨਚੇਤ ।

Unawed, *a.* ਅਨਔਡ—ਨਿਡਰ, ਨਿਧੜਕ, ਬੇਖ਼ੌਫ਼ ।

Unbar, *v. t.* ਅਨਬਾਰ-ਖੋਲ੍ਹਨਾ ।

Unbecoming, *a.* ਅਨਬੀਕਮਿੰਗ—ਅਜੋਗ, ਅਨੁਚਿਤ, ਨਾਮੁਨਾਸਿਬ ।

Unbelief, *n.* ਅਨਬੀਲੀਫ਼-ਅਵਿਸ਼ਵਾਸ, ਸ਼ੱਕ, ਵਸਵਾਸ, ਅਧਰਮ ।

Unbeliever, *n.* ਅਨਬੀਲੀਵਰ—ਨਾਸਤਿਕ, ਵੇਦ ਨਿੰਦਕ, ਕਾਫ਼ਿਰ, ਬੇਦੀਨ ।

Unbend, *v.t.* ਅਨਬੈਂਡ-ਸਿੱਧਾ ਕ੦; ਆਰਾਮ ਦੇਣਾ; ਢਿੱਲਾ ਕ੦, ਖੋਲ੍ਹਨਾ ।

Unbending, *a.* ਅਨਬੈਂਡਿੰਗ-ਸਖਤ, ਖੜਾ, ਤਣਿਆ ਹੋਇਆ, ਅਟਲ, ਅਡਿਗ, ਜੋ ਮੁੜ ਨਾ ਸਕੇ ।

Unbiassed, *a.* ਅਨਬਾਇਸਡ-ਅਪਕਸ਼ਪਾਤੀ, ਬੇਤਰਫ਼ਦਾਰ, ਬੇਤਅੱਸੁਬ ।

Unbind, *v.t.* ਅਨਬਾਇੰਡ-ਖੋਲ੍ਹਨਾ, ਢਿੱਲਾ ਕ੦

Unblamable, *a.* ਅਨਬਲੇਮਏਬਲ—ਨਿਰਦੋਸ਼, ਗੈਰ ਮੁਲਜ਼ਿਮ ।

Unblemished, *a.* ਅਨਬਲੈਮਿਸ਼ਡ—ਦੋਸ਼ ਰਹਿਤ, ਪਵਿਤਰ, ਸੁੱਚਾ, ਬੇਦਾਗ਼ ।

Unblest, *a.* ਅਨਬਲੈਸਟ-ਸਰਾਪਿਆ ਗਿਆ, ਅਸੁਖੀ, ਕਮਬਖ਼ਤ, ਨਾਮੁਬਾਰਕ ।

Unblown, *a.* ਅਨਬਲੋਨ-ਨਾ ਖਿੜਿਆ ਹੋਇਆ ।

Unblushing, *a.* ਅਨਬਲੱਸ਼ਿੰਗ-ਨਿਰਲੱਜ, ਢੀਠ, ਬੇਸ਼ਰਮ, ਬੇਹਯਾ ।

Unbolt, *v.* ਅਨਬੋਲਟ—ਖਿੱਲੀ, ਚਟਖਨੀ ਜਾਂ ਕੁੰਡੀ ਖੋਲ੍ਹਨਾ ।

Unborn, *a.* ਅਨਬੋਰਨ—ਅਜ, ਅਜਨਮਾ, ਅਜਨਮਿਆ, ਜੋ ਅਜੇ ਜੰਮਿਆ ਨਾ ਹੋਵੇ ।

Unbosom, *v. t.* ਅਨਬੋਜ਼ਮ-ਪਰਗਟ ਕ੦, ਭੇਦ ਦੱਸਣਾ, ਮਨ ਦੀ ਘੁੰਡੀ ਖੋਲ੍ਹਨਾ ।

Unbought, *a.* ਅਨਬੋਟ-ਮੁਫ਼ਤ ਦਾ, ਨਾ ਮੁੱਲ ਕੀਤਾ ਹੋਇਆ ।

Unbound, *a* ਅਨਬੌਂਡ-ਬਿਨਾ ਜਿਲਦ, ਜਿਸ ਦੀ ਜਿਲਦ ਨਾ ਬੰਨ੍ਹੀ ਹੋਵੇ ।

Unbounded, *a.* ਅਨਬੌਨਡਿਡ-ਬੇਹੱਦ, ਅਨਗਿਣਤ, ਬੇ ਠਿਕਾਣਾ ।

Unbrace, *v. t.* ਅਨਬਰੇਸ-ਖੋਲ੍ਹਨਾ, ਢਿੱਲਾ ਕ੦, ਢੈਲਾ ਕ੦ ।

Unbred, *a* ਅਨਬਰੈਡ-ਅਸਭ੍ਯ, ਅਨਪੜ੍ਹਿਆ ।

Unbridle, *v. t.* ਅਨਬਰੀਡਲ-ਲਗਾਮ ਖੋਲ੍ਹਨਾ ।

Unbroken, *a.* ਅਨਬਰੋਕਨ-ਪੂਰਾ, ਸਾਬਤ, ਅਨਟੁੱਟਾ ।

Unburden, *v. t.* ਅਨਬਰਡਨ—ਭਾਰ ਜਾਂ ਬੋਝ ਲਾਹ ਲੈਣਾ ।

Unbutton, *v. t.* ਅਨਬੱਟਨ-ਖੋਲ੍ਹਨਾ, ਤੁਕਮਾ ਜਾਂ ਘੁੰਡੀ ਖੋਲ੍ਹਨਾ ।

Uncage, *v. t.* ਅਨਕੇਜ-ਪਿੰਜਰੇ ਵਿਚੋਂ ਬਾਹਰ ਕੱਢਣਾ, ਛੁਡਾਉਣਾ ।

Uncalled, *a.* ਅਨਕਾਲਡ-ਬਿਨ ਬੁਲਾਇਆ ।

Uncandid, *a.* ਅਨਕੈਨਡਿਡ-ਕਪਟੀ, ਛਲੀ ।

Uncertain, *a.* ਅਨਸਰਟੇਨ—ਅਨਿਸ਼ਚਿਤ, ਡਾਂਵਾਂਡੋਲ, ਬੇਠੌਰ, ਬੇ ਠਿਕਾਣੇ ।

Uncertainty, *n.* ਅਨਸਰਟੇਨਟੀ—ਸੰਦੇਹ, ਸ਼ਕ, ਬੇਇਤਬਾਰੀ, ਅਨਿਸ਼ਚਤਤਾ ।

Unchain, *v. t.* ਅਨਚੇਨ-ਜ਼ੰਜੀਰ ਖੋਲ੍ਹਨਾ ।

Unchangeable, *a.* ਅਨਚੇਂਜਏਬਲ-ਅਟਿਲ, ਜੋ ਬਦਲਿਆ ਨਾ ਜਾ ਸਕੇ ।

Uncharitable, *a.* ਅਨਚੈਰੀਟੇਬਲ—ਸੂਮ, ਅਦਾਤਾ, ਤੰਗਦਿਲ, ਕਰਿਪਣ ।

Unchaste, *a.* ਅਨਚੇਸਟ-ਅਸਾਧੂ, ਨਾਪਾਕ, ਵਿਭਚਾਰੀ ।

Unchecked, *a.* ਅਨਚੈਕਡ-ਬੇਰੋਕ ।

Uncivil, *a.* ਅਨਸਿਵਿਲ—ਖੂੰਖਾਰ, ਉਜੱਡ, ਰੁੱਖਾ, ਔਖੜ।

Uncivilized, *a.* ਅਨਸੀਵੀਲਾਇਜ਼ਡ-ਔਖੜ, ਵਹਸ਼ੀ, ਜੰਗਲੀ, ਗੰਵਾਰ, ਅਸਭ੍ਯ।

Unclad, *a.* ਅਨਕਲੈਡ-ਨੰਗਾ, ਬੇਕਪੜੇ।

Unclaimed, *a.* ਅਨਕਲੇਮਡ—ਲਾਵਾਰਸ, ਲਾਦਾਵਾ, ਸਵਾਮੀ ਹੀਨ।

Unclassified, *a.* ਅਨਕਲਾਸੀਫ਼ਾਇਡ-ਕਿਸੇ ਨੇਮ ਥੀਂ ਬਾਹਿਰ, ਅਟੇਮਾ, ਬੇ ਤਰਤੀਬ।

Uncle, *n.* ਅੰਕਲ-ਚਾਚਾ, ਮਾਮਾ, ਫੁੱਫੜ।

Unclean, Uncleanly, *a.* ਅਨਕਲੀਨ, ਅਨਕਲੀਨਲੀ—ਮੈਲਾ, ਮਲੀਨ, ਅਪਵਿਤ੍ਰ, ਅਸ਼ੌਚ, ਗੰਦਾ।

Unclose, *v. t.* ਅਨਕਲੋਜ਼-ਖੋਲਨਾ, ਪਰਗਟ ਕ॰, ਜ਼ਾਹਿਰ ਕ॰।

Uncomely, *a.* ਅਨਕਮਲੀ-ਕਰੂਪ, ਕੁਡੌਲ, ਬੇਡੌਲ, ਕੋਝਾ।

Uncomfortable, *a.* ਅਨਕਮਫ਼ੋਰਟੇਬਲ—ਦੁਖਦਾਈ, ਅਸ਼ਾਂਤ, ਬੇਆਰਾਮ।

Uncommon, *a.* ਅਨਕੋਮਨ-ਅਨੂਠਾ, ਅਦ-ਭੁਤ, ਅਨੋਖਾ, ਅਜੀਬ।

Uncompromising, *a.* ਅਨਕਮਪਰੋਮਾਇ-ਜ਼ਿੰਗ—ਨਿਪਟਾਉਨ ਦੇ ਜੋਗ।

Uncompact, *a.* ਅਨਕਮਪੈਕਟ—ਢਿੱਲਾ, ਕਚਰ, ਫ਼ਜ਼ੂਲ।

Uucompensated, *a.* ਅਨਕਮਪੇਨਸੇਟਿਡ—ਬਿਨਾ ਮੇਹਨਤਾਨਾ ਜਾ ਉਜਰਤ।

Uncompleted, *a.* ਅਨਕਮਪਲੀਟਿਡ—ਨਾ ਮੁਕਯਾ ਹੋਯਾ, ਅਧੂਰਾ, ਨਾਮੁਕੱਮਲ।

Unconcern, *n.* ਅਨਕੰਸਰਨ-ਉਦਾਸੀਨਤਾ, ਬੇਪਰਵਾਹੀ, ਬੇਫ਼ਿਕਰੀ।

Unconcerned, *a.* ਅਨਕੰਸਰਨਡ—ਅਚੇਤ, ਬੇਪਰਵਾਹ, ਨਿਰਮੋਹੀ, ਬੇਫ਼ਿਕਰ।

Uncondemned, *a.* ਅਨਕੰਡੇਮਡ-ਨਿਰਦੋਸ਼, ਬੇਗੁਨਾਹ।

Unconditional, *a.* ਅਨਕੰਡੀਸ਼ਨਲ—ਬਿਨ ਸ਼ਰਤਾ, ਬੇਕੈਦ।

Unconditioned, *a.* ਅਨਕੰਡੀਸ਼ੰਡ-ਅਗਮ, ਅਪਾਰ, ਵਿਚਾਰ ਥੀਂ ਬਾਹਿਰ।

Unconformable, *a.* ਅਨਕੰਫ਼ਾਰਮੇਬਲ—ਪਰਤੀਕੂਲ, ਨਾਮੁਆਫ਼ਿਕ।

Unconformity, *n.* ਅਨਕੰਫ਼ਾਰਮਿਟੀ—ਪਰਤੀਕੂਲਤਾ, ਨਾਮੁਆਫ਼ਿਕਤ।

Unconjugal, *a.* ਅਨਕੰਜੁਗਲ-ਧਰਮ ਪਤਨੀ ਬਨਨ ਦੇ ਅਜੋਗ।

Unconnected, *a.* ਅਨਕੋਨਨੈਕਟਿਡ-ਬੇਜੋੜ, ਅਨਮੇਲ, ਵੱਖਰਾ, ਅਲਗ, ਜੁਦਾ।

Unconquerable, *a.* ਅਨਕੰਕਰਏਬਲ—ਅਜਯ, ਜੋ ਜਿੱਤਿਆ ਨਾ ਜਾ ਸਕੇ।

Unconscious, *a.* ਅਨਕੰਸ਼ਸ—ਅਗਯਾਤ, ਅੰਜਾਨ, ਗ਼ਾਫ਼ਿਲ, ਬੇਖ਼ਬਰ।

Uncontrollable, *a.* ਅਨਕੰਟਰੋਲੇਬਲ—ਅਰੋਕ, ਬੇਰੋਕ, ਬੇਕੈਦ।

Uncorrupt, *a.* ਅਨਕੋਰਪਟ-ਧਰਮੀ, ਔਛਾ, ਦਿਆਨਤਦਾਰ।

Uncouple, *v. t.* ਅਨਕਪਲ-ਵੱਖ, ਜੁਦਾ ਯਾ ਅਲਗ ਕ॰।

Uncourteous, *a.* ਅਨਕੋਰਟੇਅਸ-ਅਸਿਸ਼ਟ, ਔਖੜ, ਬੇਅਦਬ, ਬਦਖ਼ੁਲਕ।

Uncouth, *a.* ਅਨਕੌਥ—ਅਨੂਠਾ, ਅਨੋਖਾ; ਕੁਡੌਲ, ਭੱਦਾ।

Uncovenanted, *a.* ਅਨਕੋਵੇਨੈਨਟਿਡ—ਪਰ-ਤਿਗਯਾ ਯਾ ਕੌਲੋ ਕਰਾਰ ਨਾ ਕੀਤਾ ਹੋਯਾ।

Uncover, *v. t.* ਅਨਕਵਰ-ਖੋਲਨਾ, ਨੰਗਾ ਕ॰, ਉਘਾੜਨਾ, ਪਰਗਟ ਕ॰; ਸਿਰ ਨੰਗਾ ਕ॰, ਟੋਪੀ ਯਾ ਪੱਗ ਲਾਹੁਨੀ।

Uncovered, *a.* ਅਨਕਵਰਡ—ਨਾ ਕੱਜਿਆ ਹੋਯਾ, ਖੁੱਲਾ, ਨੰਗਾ, ਉਘੜਾ।

Unction, *n.* ਅੰਗਕਸ਼ਨ-ਮਾਲਿਸ਼, ਲੇਪ, ਵਟਨਾ, ਉਬਟਨ।

Unctuous, *a.* ਅੰਗਕਚੂਅਸ-ਮੋਟਾ, ਚਿਕਨਾ।

Uncultivated, *a.* ਅਨਕਲਟੀਵੇਟਿਡ-ਗੰਵਾਰ, ਅਨਜੋਤਿਆ, ਅਸਭ੍ਯ।

Uncurrent, *a.* ਅਨਕਰੈਂਟ-ਅਚਲਿਤ।

Uncustomary, *a.* ਅਨਕਸਟੋਮਰੀ-ਬੇਨੇਮਾ, ਬੇਦਸਤੂਰ, ਗੈਰ ਮਾਮੂਲੀ।

Uncut, *a.* ਅਨਕਟ—ਸੰਪੂਰਣ, ਨਾ ਕੱਟਿਆ ਹੋਇਆ।

Undamaged, *a.* ਅਨਡੈਮਜਡ-ਜਿਸਨੂੰ ਨੁਕਸਾਨ ਨਾ ਪਹੁੰਚਿਆ ਹੋਵੇ ।

Undauntable, *a.* ਅਨਡੌਨਟੇਬਲ—ਨਿਡਰ, ਬੇਖ਼ੌਫ਼ ।

Undaunted, *a.* ਅਨਡੌਨਟਿਡ—ਨਿਡਰ, ਸਾਹਸੀ, ਦਲੇਰ ।

Undecagon, *a.* ਅਨਡੀਕੇਗਨ—ਯਾਰਾਂ ਕੋਨਿਆਂ ਵਾਲਾ, ਗਿਆਰਾਂ ਕੋਨ ।

Undeceive,* *v. t.* ਅਨਡੀਸੀਵ-ਧੋਖਾ ਦੂਰ ਕ०, ਸਮਝਾਉਣਾ, ਕੰਨ ਖੋਲ੍ਹਨ, ਸੁਝਾਉਣਾ ।

Undecided, *a* ਅਨ ਡੀਸਾਇਡਿਡ—ਜਿਸਦਾ ਫ਼ੈਸਲਾ ਨਾ ਹੋਇਆ ਹੋਵੇ ।

Undefended, *a.* ਅਨਡੀਫ਼ੈਨਡਿਡ—ਬੇਰੋਕ, ਉੱਤਰ ਦਿੱਤੇ ਬਿਨਾ, ਨਿਰਅਰਥਕ ।

Undefiled, *a.* ਅਨਡੀਫ਼ਾਇਲਡ—ਨਿਰਮਲ, ਪਵਿੱਤਰ, ਅਛੂਤਾ, ਬੇਦਾਗ਼ ।

Undeniable, *a.* ਅਨਡੀਨਾਇਅਬਲ—ਅਖੰਡਨੀਯ, ਜਿਸਥੀਂ ਇਨਕਾਰ ਨਾ ਹੋ ਸਕੇ ।

Under, *prep.* ਅੰਡਰ-ਨੀਚੇ, ਤਲੇ, ਹੇਠਾਂ, ਅਧੀਨ, ਥੋੜਾ, ਤੁਛ, ਘਟ, ਦੁਆਰਾ, ਸ, ਥੀਂ, ਬਿਨਾ, ਬਗੈਰ; *a.* ਅਧੀਨ, ਮਾਤਹਤ, ਘਟ ।

Underbear, *v. t.* ਅੰਡਰਬੇਰ—ਸਹਾਰਨਾ, ਸਹਨਾ, ਬਰਦਾਸ਼ਤ ਕ० ।

Underbid, *v. t.* ਅੰਡਰਬਿਡ-ਘਟ ਮੁੱਲ ਜਾ ਥੋੜੀ ਕੀਮਤ ਪਾਉਣਾ ।

Underbuy, *v. t.* ਅੰਡਰਬਾਈ-ਸਸਤਾ ਮੁੱਲ ਲੈਣਾ, ਸਸਤਾ ਖਰੀਦਣਾ ।

Underdealing, *n.* ਅੰਡਰਡੀਲਿੰਗ—ਛਲ ਦਗ਼ਾਬਾਜ਼ੀ, ਫ਼ਰੇਬ ।

Underdo, *v. t.* ਅੰਡਰਡੂ-ਕੱਚਾ ਰਖਣਾ, ਘਟ ਪਕਾਉਣਾ; *v. i.* ਕਮੀ ਜਾ ਘਾਟਾ ਕ०, ਕੋਈ ਕੰਮ ਆਪਣੀ ਯੋਗਤਾ ਥੀਂ ਘਟ ਕ० ।

Underfoot, *a.* ਅੰਡਰਫ਼ੁਟ-ਤੁੱਛ, ਅਦਨਾ, ਪਾਜੀ; *adv.* ਹੇਠਾਂ, ਥੱਲੇ, ਨੀਚੇ ।

Undergo, *v. t.* ਅੰਡਰਗੋ-ਝੇਲਣਾ, ਸਹਣਾ, ਸਹਾਰਨਾ, ਭੋਗਣਾ, ਭੁਗਤਣਾ, ਕਟਣਾ ।

Undergraduate, *n.* ਅੰਡਰਗਰੇਜੂਏਟ-ਉਹ ਵਿਦਿਆਰਥੀ ਜਿਸਨੂੰ ਪਦਵੀ ਨਾ ਮਿਲੀ ਹੋਵੇ ।

Underground, *n.* ਅੰਡਰਗਰਾਉਂਡ-ਤੈਹਖ਼ਾਨਾ; *a.* ਭੂਮੀ ਤਲੇ, ਜ਼ਮੀਨ ਹੇਠ ।

Undergrowth, *n.* ਅੰਡਰਗਰੋਥ—ਛੋਟੇ ੨ ਪੇੜ ਜੋ ਵੱਡੇ ਪੇੜਾਂ ਦੇ ਤਲੇ ਹੁੰਦੇ ਹਨ ।

Underhand, *a.* ਅੰਡਰਹੈਂਡ-ਗੁਪਤ, ਲੁਕਿਆ ਛਿਪਿਆ, ਤੌਰ; *adv.* ਛਿਪਕੇ, ਲੁਕਕੇ ।

Underlay, *v. t.* ਅੰਡਰਲੇ-ਸੰਭਾਲਣਾ, ਸਹਾਰਾ ਲਗਾਉਣਾ, ਥੰਮਣਾ, ਆਸਰਾ ਦੇਣਾ, ਤਲਾ ਚੜ੍ਹਾਉਣਾ ।

Underlie, *v. t.* ਅੰਡਰਲਾਈ-ਹੇਠਾਂ ਜਾ ਤਲੇ ਰਹਣਾ ।

Underline, *v. t.* ਅੰਡਰਲਾਇਨ—ਸ਼ਬਦਾਂ ਹੇਠ ਲਕੀਰ ਖਿੱਚਣਾ ।

Underling, *n.* ਅੰਡਰਲਿੰਗ-ਟਹਲੂਆ, ਦਾਸ, ਅਧੀਨ, ਮਾਤਹਤ, ਜ਼ੇਰ ਦਸਤ ।

Undermeal, *n.* ਅੰਡਰਮੀਲ—ਲੌਢਾ ਵੇਲਾ, ਪਿਛਲਾ ਪਹਰ, ਨਾਸ਼ਤਾ ।

Undermine *v. t.* ਅੰਡਰਮਾਇਨ-ਸੁਰੰਗ ਜਾ ਸੰਧ ਲਗਾਉਣਾ; ਛਿਪ ਛਿਪਾਕੇ ਬੁਰਿਆਈ ਕ०; ਜੜ੍ਹ ਕੱਟਣਾ ਜਾ ਵੱਢਣਾ ।

Undermost, *a.* ਅੰਡਰਮੋਸਟ-ਬਹੁਤ ਛੋਟਾ, ਨਿੱਕਾ ਜੇਹਾ ।

Underneath, *adv.* or *prep.* ਅੰਡਰਨੈਥ —ਨੀਚੇ, ਤਲੇ, ਹੇਠਾਂ ।

Underpin, *v. t.* ਅੰਡਰਪਿਨ-ਸਹਾਰਾ ਦੇਣਾ, ਟੇਕ ਲਗਾਉਣਾ ।

Underpraise, *v. t.* ਅੰਡਰਪਰੇਜ਼—ਘੱਟ ਉਪਮਾ ਜਾ ਤਾਰੀਫ਼ ਕ० ।

Underprize, *v. t.* ਅੰਡਰਪਰਾਇਜ਼—ਘੱਟ ਮੁੱਲ ਪਾਉਣਾ, ਘੱਟ ਆਂਕਣਾ ।

Underrate, *v. t.* ਅੰਡਰਰੇਟ—ਬਹੁਤ ਹੀ ਥੋੜਾ ਮੁੱਲ ਕ०, ਜਿਤਨੀ ਚਾਹੀਏ ਉਸ ਥੀਂ ਘੱਟ ਕੀਮਤ ਦੇਣੀ ।

Underscore, *v. t.* ਅੰਡਰਸਕੋਰ—ਤਲੇ ਜਾ ਹੇਠ ਲਕੀਰ ਖਿੱਚਣਾ ।

Undersell, *v. t.* ਅੰਡਰਸੇਲ-ਦੂਸੇ ਥੀਂ ਸਸਤਾ ਵੇਚਣਾ, ਔਨੇ ਪੌਨੇ ਵਿੱਚ ਦੇਣਾ ।

Underset, *n.* ਅੰਡਰਸੈਟ-ਪਾਣੀ ਦੀ ਧਾਰ ਜੋ ਧਰਤੀ ਦੇ ਹੇਠ ਵਗਦੀ ਹੈ; *v. t.* ਸਹਾਰਨਾ, ਹੇਠ ਜਾ ਤਲੇ ਲਗਾਉਣਾ ।

Undersetter, *n.* ਅੰਡਰਸੈਟਰ-ਸਹਾਰਾ, ਥੰਮ੍ਹਾ, ਮਿਤੁਨ, ਥਮ ।

Undersetting, *n.* ਅੰਡਰਸੈਟਿੰਗ—ਖੰਭੇ ਜਾ ਸਿਤੂਨ ਦੀ ਟੇਕੀ।

Undershot, *a.* ਅੰਡਰਸ਼ੌਟ-ਜਿਸ ਕਲਾ ਦੇ ਪਹੀਯੇ ਨੂੰ ਪਾਣੀ ਹੇਠਾਂ ਥੀਂ ਫਿਰਾਵੇ।

Undersign, *v. t.* ਅੰਡਰਸਾਇਨ-ਹੇਠ ਹਸ-ਤਾਖਰ ਜਾ ਦਸਤਖਤ ਕ੦।

Undersigned, *n.* ਅੰਡਰਸਾਇੰਡ-ਹੇਠ ਹਸ-ਤਾਖਰ ਜਾ ਦਸਤਖਤ ਕਰਨ ਵਾਲਾ, ਲੇਖਿਕ।

Undersized, *a.* ਅੰਡਰਸਾਇਜ਼ਡ—ਮਾਮੂਲੀ ਜਾ ਸਾਧਾਰਣ ਕੱਦ ਥੀਂ ਛੋਟਾ, ਠਿਗਨਾ।

Understand, *v. t.* ਅੰਡਰਸਟੈਂਡ-ਸਮਝਨਾ, ਵਿਚਾਰਨਾ, ਬੋਧ ਕ੦, ਬੁੱਝਨਾ, ਤਾੜਨਾ, ਜਾਨਣਾ, ਖ਼ਬਰ ਰੱਖਣਾ; ਅਰਥ ਰੱਖਣਾ।

Understanding, *n.* ਅੰਡਰਸਟੈਂਡਿੰਗ-ਬੋਧ, ਗਜਾਨ, ਸਮਝ, ਵਿਚਾਰ, ਬੂਝ, ਬੁੱਧੀ, ਅਕਲ, ਮਿਲਾਪ, ਮੇਲ।

Understood, *a.* ਅੰਡਰਸਟੁਡ—ਬਿਗਜਾਤ, ਗੁਪਤ, ਸਮਝਿਆ ਹੋਯਾ, ਮਹਜ਼ੂਫ਼।

Undertake, *v. t.* ਅੰਡਰਟੇਕ—ਹੱਥ ਲਗਾਉਣਾ, ਅੰਗੀਕਾਰ ਕ੦, ਬਚਨ ਦੇਣਾ, ਬੀੜਾ ਉਠਾਉਣਾ, ਅਪਨੇ ਜ਼ੁਮੇਂ ਯਾ ਅਪਨੇ ਉਪਰ ਲੈਣਾ

Undertaking, *n.* ਅੰਡਰਟੇਕਿੰਗ—ਕਾਰਯ, ਕਾਮ, ਕਾਜ, ਜ਼ਿਮੇਂ, ਕੰਮ, ਉਦੱਮ।

Undervalue, *v. t.* ਅੰਡਰਵੈਲਯੂ—ਜਿੰਨਾ ਚਾਹੀਯੇ ਉਸ ਥੀਂ ਘੱਟ ਮੁੱਲ ਪਾਉਣਾ, ਹਲਕਾ ਜਾਣਨਾ, ਅਨਾਦਰ ਕ੦, ਕਮ ਕਦਰ ਸਮਝਣਾ।

Underwood, *n.* ਅੰਡਰਵੁਡ-ਝਾੜੀ।

Underwork, *n.* ਅੰਡਰਵਰਕ—ਛੋਟਾ ਜਾ ਹਲਕਾ ਕੰਮ; *v. t.* ਘੱਟ ਮਜ਼ਦੂਰੀ ਪੁਰ ਕੰਮ ਕ੦; ਜੜ੍ਹ ਕੱਟਣਾ, ਨੀਂਹ ਕੱਢਣਾ।

Underwrite, *v. t.* ਅੰਡਰਰਾਇਟ—ਨੀਚੇ ਲਿਖਣਾ, ਅਪਨਾ ਨਾਂਉ ਲਿਖਣਾ, ਹਸਤਾਖਰ ਕ੦, ਬੀਮਾ ਕ੦।

Undeserving, *a.* ਅੰਡੀਜ਼ਰਵਿੰਗ-ਅਯੋਗਜ, ਨਾਲਾਯਕ, ਨਾਕਾਬਿਲ।

Undesigning, *a.* ਅਨਡੀਜ਼ਾਇਨਿੰਗ-ਖਰਾ, ਸੱਚਾ, ਨਿਸ਼ਕਪਟ, ਸਿੱਧਾ।

Undisguised, *a.* ਅਨਡਿਸਗਾਇਜ਼ਡ-ਸਰਲ ਸੁਭਾਵ, ਸਾਫ਼।

Undismayed, *a.* ਅਨਡਿਸਮੇਡ—ਦਲੇਰ, ਨਿਰਭਯ, ਬੇਖ਼ਤਰ, ਨਿਡਰ।

Undisturbed, *a.* ਅਨਡਿਸਟਰਬਡ—ਸ਼ਾਂਤ, ਨਿਸ਼ਚਲ, ਥਿਰ, ਬੇਹਰਕਤ।

Undo, *v. t.* ਅਨਡੂ—ਖੋਲ੍ਹਨਾ, ਵਿਗਾੜਨਾ, ਉਧੇੜਨਾ, ਨਿਰਧਨ ਕ੦, ਕੰਗਾਲ ਕ੦, ਨਾਸ ਕ੦, ਤਬਾਹ ਕ੦, ਬਰਬਾਦ ਕ੦।

Undoing, *n.* ਅਨਡੂਇੰਗ-ਨਾਸ ਜਾ ਬਰਬਾਦ ਕਰਨ ਵਾਲਾ, ਵਿਗਾੜੂ।

Undone, *a.* ਅਨਡਨ-ਖਰਾਬ, ਬਰਬਾਦ।

Undoubtedly, *adv.* ਅਨਡੌਟਿਡਲੀ—ਨਿਸਸੰਦੇਹ, ਬਿਲਾਸ਼ੱਕ, ਅਲਬੱਤਾ।

Undress *v. t.* ਅਨਡਰੈਸ-ਨੰਗਾ ਕ੦, ਕਪੜੇ ਉਤਾਰ ਲੈਣਾ, ਪੱਟੀ ਖੋਲ੍ਹਨਾ, ਬਾਜਾ ਲਾਹੁਣਾ।

Undue, *a.* ਅਨਡਿਊ—ਅਯੋਗਜ, ਅਨੁਚਿਤ, ਬੇਜਾ, ਫ਼ਜ਼ੂਲ, ਹੱਦ ਥੀਂ ਵਧੀਕ।

Undulate, *v. t.* ਅਨਡੂਲੇਟ—ਲਹਰਾਉਣਾ, ਮੌਜ ਮਾਰਨਾ, ਹਿਲਕੋਰਨਾ।

Undulation, *n.* ਅਨਡੂਲੇਸ਼ਨ-ਲਹਰ, ਮੌਜ, ਲਹਰ ਚਾਲ।

Unduly, *adv.* ਅਨਡੂਲੀ—ਅਨੁਚਿਤ ਜਾ ਅਯੋਗ ਰੀਤਿ ਨਾਲ, ਬਹੁਤ, ਹਦ ਥੀਂ ਵਧੀਕ।

Unduteous, *a.* ਅਨਡੂਟੀਅਸ—ਨਾਖ਼ਲਫ਼, ਕਪੁੱਤ, ਸਰਕਸ਼।

Undying, *a.* ਅਨਡਾਇੰਗ-ਅਮਰ, ਅਜਰ, ਅਵਿਨਾਸ਼ੀ, ਜੋ ਕਦੇ ਨਾ ਮਰੇ।

Unearth, *v. t.* ਅਨਅਰਥ-ਖੋਦਨਾ, ਧਰਤੀ ਥੀਂ ਉਖਾੜਨਾ, ਪੁੱਟਣਾ।

Uneasiness, *n.* ਅਨਈਜ਼ੀਨੈਸ-ਬੇਚੈਨੀ, ਹਲ ਚਲ, ਘਬਰਾਹਟ, ਕਸ਼ਟ।

Uneasy, *a* ਅਨਈਜ਼ੀ—ਅਸੁਖੀ, ਦੁਖੀ, ਵਿਆਕੁਲ, ਬੇਚੈਨ, ਪਰੇਸ਼ਾਨ, ਬੇਆਰਾਮ।

Uneducated, *a.* ਅਨਐਡੂਕੇਟਿਡ—ਅਨਪੜ੍ਹ, ਵਿੱਦਯਾ ਹੀਨ, ਕੁਪੜ੍ਹ, ਜਾਹਿਲ।

Unemployed, *a.* ਅਨਐਮਪਲਾਇਡ-ਖਾਲੀ, ਬੇਰੋਜ਼ਗਾਰ, ਬੇਕਾਰ, ਨਿਕੱਮਾ।

Unengaged, *a.* ਅਨਐਨਗੇਜਡ-ਨਾ ਲੱਗਿਆ ਹੋਇਆ, ਖਾਲੀ।

Unending, *a.* ਅਨਐਨਡਿੰਗ-ਬੇਅੰਤ, ਬੇਹੱਦ।

Unenlightend, *a.* ਅਨਐਨਲਾਇਟੰਡ—ਅਗਿਆਨੀ, ਬੇਅਕਲ ।

Unequal, *a.* ਅਨਈਕਵਲ–ਛੋਟਾ ਵੱਡਾ, ਨਾ-ਹਮਵਾਰ, ਵੱਧ ਘੱਟ; ਅਨਿਆਂ ਦਾ; ਛੋਟਾ, ਅਨਮੇਲ, ਬੇਟਿਕਾਣੇ, ਬੇਮੇਲ ।

Unequivocal. *a.* ਅਨਈਕਵੋਕਲ—ਸਾਫ਼, ਸਪਸ਼ਟ, ਬਿਨ ਸੰਦੇਹ, ਬੇਸ਼ੁਬਹ ।

Unerring, *a.* ਅਨਅਰਿੰਗ–ਅਚੂਕ, ਨਿਸ਼-ਚਿਤ, ਸਹੀਹ, ਠੀਕ, ਅਕੀਨੀ ।

Unessential, *a.* ਅਨਅਸੈਨਸ਼ਲ–ਗ਼ੈਰ ਜ਼ਰੂਰੀ ਅਨਆਵਸ਼ਯਕ, ਬੇਲੋੜਾ, ਫ਼ਜ਼ੂਲ ।

Uneven. *a.* ਅਨਈਵਨ—ਅਸਮਾਨ, ਉੱਚ ਨੀਵਾਂ, ਵਿੰਗਾ ਟੇਢਾ, ਨਾਬਰਾਬਰ ।

Unexamined, *a.* ਅਨਐਗਜ਼ਾਮਿੰਡ—ਅਨ ਜਾਂਚਾ, ਜਿਸਨੂੰ ਪੁੱਛ ਨਾ ਕੀਤੀ ਹੋਵੇ ।

Unexampled, *a.* ਅਨਐਗਜ਼ੈਮਪਲਡ—ਅਜੋੜ, ਅਦੁਤੀ, ਲਾਸਾਨੀ ।

Unexpected, *a.* ਅਨਐਕਸਪੈਕਟਿਡ–ਅਕਸਮਿਕ, ਅਚਨਚੇਤ, ਅਚਾਨਕ ।

Unexpectedly, *adv.* ਅਨਐਕਸਪੈਕਟਿਡਲੀ—ਅਕਸਮਾਤ, ਏਕਾਏਕੀ, ਅਨਭੋਲ ।

Unexposed, *a.* ਅਨਐਕਸਪੋਜ਼ਡ—ਗੁਪਤ, ਪੋਸ਼ੀਦਾ, ਲੁਕਿਆ ਹੋਇਆ ।

Unfading, ;*a.* ਅਨਫ਼ੇਡਿੰਗ–ਜੋ ਨਾ ਮੁਰਝਾਏ ਸਦਾ ਹਰਾ ਰਹਨ ਵਾਲਾ ।

Unfailing, *a.* ਅਨਫ਼ੇਲਿੰਗ–ਸਦੈਵ, ਬੇਚੂਕ ।

Unfair, *a.* ਅਨਫ਼ੇਅਰ–ਛਲੀ, ਅਯੋਗ, ਅਧਰਮੀ, ਅਨਉਚਿਤ, ਦਗ਼ਾਬਾਜ਼ ।

Unfairness, *a* ਅਨਫ਼ੇਅਰਨੈਸ—ਅਨਿਆਇ ਅਸਤਤਾ, ਬੇਇੰਸਾਫ਼ੀ, ਬੇਈਮਾਨੀ ।

Unfaithful, *a.* ਅਨਫ਼ੇਥਫ਼ੁਲ–ਕਪਟੀ, ਛਲੀ, ਅਧਰਮੀ, ਬੇਵਫ਼ਾ, ਝੂਠਾ, ਇਕਰਾਰ ਤੋੜਨ ਵਾਲਾ

Unfaithfulness, *n.* ਅਨਫ਼ੇਥਫ਼ੁਲਨੈਸ—ਕਪਟ ਛਲ, ਬੇਵਫ਼ਾਈ, ਦਗ਼ਾਬਾਜ਼ੀ ।

Unfamiliar, *a.* ਅਨਫ਼ੈਮੀਲੀਅਰ–ਨਾਵਾਕਫ਼, ਅਨਾੜੀ, ਅੰਜਾਨ ।

Unfashionable, *n*, ਅਨਫ਼ੈਸ਼ਨਏਬਲ—ਬੇ-ਰਿਵਾਜ, ਅਪਰਚਲਿਤ, ਬੇਚਲਨ ।

Unfashioned, *a.* ਅਨਫ਼ੈਸ਼ੰਡ–ਬੇਡੌਲ, ਬੇਢੰਗਾ, ਕਰੂਪ, ਭੱਦਾ ।

Unfasten, *v. t.* ਅਨਫ਼ਾਸਨ—ਢਿੱਲਾ ਕ०, ਖੋਲ੍ਹਨਾ ।

Unfathomable, *a.* ਅਨਫ਼ੈਦਮਏਬਲ—ਅਥਾਹ, ਅ[illegible], ਬੇਇੰਤਹਾ, ਅਮੋਲ ।

Unfavourable, *a.* ਅਨਫ਼ੇਵਰਏਬਲ–ਅਸ਼ੁਭ, ਅਮੰਗਲ, ਨਾਮੁਆਫ਼ਿਕ, ਪਰਤੀਕੂਲ, ਖ਼ਰਾਬ ।

Unfeathered, *a.* ਅਨਫ਼ੈਦਰਡ—ਲੂੰਡਾ, ਪਰ ਝੜਿਆ ਹੋਯਾ, ਪਰਹੀਨ ਪੰਛੀ ।

Unfeeling, *a.* ਅਨਫ਼ੀਲਿੰਗ—ਬੇਹਿਸ, ਨਾ-ਤਰਸ, ਕਠੋਰ, ਬੇਰਹਮ ।

Unfeigned, *a.* ਅਨਫ਼ੇਂਡ–ਸੱਚਾ, ਖਰਾ ।

Unfence, *v. t.* ਅਨਫ਼ੈਂਸ—ਰੋਕ ਦੂਰ ਕ०, ਬਾੜ ਹਟਾਉਨਾ ।

Unfetter, *v. t.* ਅਨਫ਼ੈਟਰ—ਬੇੜੀ ਕੱਟਨਾ, ਛੱਡਨਾ, ਆਜ਼ਾਦ ਕ० ।

Unfilial, *a* ਅਨਫ਼ਿਲੀਅਲ–ਕਪੁੱਤ, ਨਾਖ਼ਲਫ਼

Unfinished, *a.* ਅਨਫ਼ਿਨਿਸ਼ਡ—ਅਸਮਾਪਤ, ਅਧੂਰਾ, ਨਾ ਮੁਕਿਆ ਹੋਯਾ ।

Unfirm, *a.* ਅਨਫ਼ਰਮ—ਨਿਰਬਲ, ਬੋਦਾ, ਕਮਜ਼ੋਰ, ਬਲਹੀਨ ।

Unfit, *v. t.* ਅਨਫ਼ਿਟ–ਅਯੋਗ ਕ०, ਨਾਕਾਬਿਲ ਕ०; *a.* ਅਯੋਗ, ਨਾਕਾਬਿਲ, ਪਰਤੀਕੂਲ ।

Unfix, *v. t.* ਅਨਫ਼ਿਕਸ–ਹਟਾਉਨਾ, ਅਲੱਗ ਕ०, ਢਿੱਲਾ ਕ०; ਗਲਾਉਨਾ, ਪਿਘਲਾਉਨਾ ।

Unfold, *v. t.* ਅਨਫ਼ੋਲਡ—ਖੋਲ੍ਹਨਾ, ਪਰਕਾਸ਼ ਕ०, ਦਿਖਾਉਨਾ ।

Unforeseen, *a.* ਅਨਫ਼ਾਰਸੀਨ–ਅਦ੍ਰਿਸ਼ਟ, ਨਾਦੀਦਾ, ਜੋ ਕਦੇ ਨਾ ਡਿੱਠਾ ਹੋਵੇ ।

Unformed, *a.* ਅਨਫ਼ਾਰਮਡ–ਬੇਡੌਲ, ਕਰੂਪ ।

Unfortunate, *a.* ਅਨਫ਼ੌਰਟੂਨੇਟ—ਅਭਾਗਾ, ਬਦਨਸੀਬ, ਨਿਭਾਗਾ ।

Unfounded, *a.* ਅਨਫ਼ੌਨਡਿਡ—ਨਿਰਮੂਲ, ਝੂਠਾ, ਬੇਵਜ੍ਹਾ, ਅਕਾਰਣ ।

Unfrequented, *a.* ਅਨਫ਼ਰੀਕਵੈਨਟਿਡ—ਜਿੱਥੇ ਚਲਨਾ ਫਿਰਨਾ ਘੱਟ ਹੋਵੇ ।

Unfriendly, *a.* ਅਨਫ਼ਰੈਂਡਲੀ–ਵਿਮੁਖ, ਅਹਿਤ, ਰੁੱਖਾ, ਨਾਮੁਆਫ਼ਿਕ ।

Unfruitful, *a.* ਅਨਫ਼ਰੂਟਫ਼ੁਲ—ਫਲਹੀਨ, ਊੱਖਰ, ਬਾਂਝ, ਬੰਜਰ, ਨਿਸ਼ਫਲ, ਬੇਫ਼ਾਇਦਾ ।

Unfulfilled, *a.* ਅਨਫੁਲਫਿਲਡ—ਪੂਰਾ ਨਾ ਕੀਤਾ ਹੋਇਆ ।

Unfunded, *a.* ਅਨਫੰਡਿਡ—ਬੇਪੂੰਜੀ, ਬੇ-ਸਰਮਾਯਾ ।

Unfurl, *v. t.* ਅਨਫਰਲ–ਖੋਲ੍ਹਨਾ, ਫੈਲਾਉਣਾ, ਪਸਾਰਨਾ, ਖਿਲਾਰਨਾ ।

Unfurnished, *a.* ਅਨਫਰਨਿਸ਼ਡ—ਸਾਮਾਨ ਰਹਤ, ਬੇ ਅਸਬਾਬ ।

Ungainly, *a.* ਅਨਗੇਨਲੀ–ਕੁਢੰਗੀ ।

Ungathered, *a.* ਅਨਗੈਦਰਡ–ਨਾ ਇਕੱਠਾ ਕੀਤਾ ਹੋਯਾ, ਰੁੱਖਾਂ ਥੀਂ ਨਾ ਤੋੜਿਆ ਹੋਯਾ ।

Ungenerous, *a.* ਅਨਜੈਨਰਸ–ਨੀਚ, ਸੂਮ, ਅਦਾਤਾ, ਨਿਰਦਈ, ਬੇਹਿੱਮਤ ।

Ungenial, *a.* ਅਨਜੀਨੀਅਲ—ਨਾਗਵਾਰ, ਪਰਤੀਕੂਲ, ਨਾਮੁਆਫ਼ਿਕ ।

Ungenteel, *a.* ਅਨਜੈਨਟੀਲ–ਅੱਖੜ, ਬਦ-ਸਲੂਕ, ਉਜੱਡ ।

Ungentlemanlike, *a.* ਅਨਜੈਂਟਲਮੈਨ-ਲਾਇਕ—ਭਲੇ ਮਾਣਸ ਦੀ ਤਰਾਂ ਨਹੀਂ ।

Ungently, *adv.* ਅਨਜੈਂਟਲੀ—ਅੱਖੜਪਨ ਨਾਲ, ਕਰਖਤਾ ਨਾਲ, ਬਦਮਿਜ਼ਾਜੀ ਨਾਲ ।

Ungirt, *v. t.* ਅਨਗਰਟ–ਕਮਰ ਖੋਲ੍ਹਨਾ ।

Ungodliness, *n.* ਅਨਗੌਡਲੀਨੈਸ–ਦੁਸ਼ਟਤਾ, ਅਧਰਮਤਾ, ਨਾ ਖ਼ੁਦਾਤਰਸੀ ।

Ungodly, *a.* ਅਨਗੌਡਲੀ—ਪਾਪੀ, ਦੁਸ਼ਟ, ਅਧਰਮੀ, ਸ਼ੈਤਾਨ ।

Ungovernable, *a.* ਅਨਗਵਰਨੇਬਲ–ਬੇਰੋਕ, ਬੇਕਾਬੂ, ਬੇਲਗਾਮ, ਸਰਕਸ਼ ।

Ungraceful, *a.* ਅਨਗਰੇਸਫ਼ੁਲ—ਬੇਢੰਗਾ, ਭੱਦਾ, ਬਦਸੂਰਤ, ਬਦਜ਼ੇਬ ।

Uugracious, *a.* ਅਨਗਰੇਸ਼ਸ—ਨਾਪਸੰਦ, ਨਾਮੰਜ਼ੂਰ ।

Ungrateful, *a.* ਅਨਗਰੇਟਫੁਲ—ਕ੍ਰਿਤਘਨ, ਨਾਸ਼ੁਕਰਾ, ਹਕ ਨਾਸ਼ਿਨਾਸ ।

Ungrounded, *a.* ਅਨਗਰੌਂਡਿਡ–ਸਬੂਤਹੀਨ, ਬੇਬੁਨਿਆਦ, ਬੇਅਸਲ ।

Unguarded, *a.* ਅਨਗਾਰਡਿਡ—ਬੇ ਪਹਰੇ, ਅਚੇਤ, ਬਿਨ ਬਚਾਓ, ਰਖਯਾ ਰਹਤ ।

Unguent, *n.* ਅਨਗਵੈਂਟ—ਲੇਪ, ਮਰਹਮ, ਮਲ੍ਹਮ ।

Unhandily, *a.* ਅਨਹੈਂਡੀਲੀ—ਅਨਾੜੀਪਨ ਨਾਲ, ਫੂਹੜਪਨ ਨਾਲ ।

Unhappy, *a.* ਅਨਹੈਪੀ—ਦੁਖੀ, ਅਭਾਗਾ, ਨਾਖ਼ੁਸ਼, ਨਾਰਾਜ਼, ਅਪਰਸੰਨ ।

Unharness, *v. t.* ਅਨਹਾਰਨੈਸ—ਘੋੜੇ ਦਾ ਸਾਜ਼ ਉਤਾਰਨਾ; ਹਥਸਾਰ ਜਾਂ ਬਸਤਰ ਲਾਹੁਣਾ

Unhealthy, *a.* ਅਨਹੈਲਥੀ–ਰੋਗੀ, ਬੀਮਾਰ ।

Unheard, *a.* ਅਨਹਰਡ–ਅਨਸੁਣਿਆ ।

Unhesitatingly, *adv.* ਅਨਹੈਜ਼ੀਟੇਟਿੰਗਲੀ—ਨਿਸਸੰਦੇਹ, ਬਿਨ ਸੋਚੇ ।

Unhinge, *v. t.* ਅਨਹਿੰਜ–ਕਬਜ਼ਾ ਉਖਾੜਨਾ, ਖੋਲ੍ਹਨਾ, ਹਟਾਉਣਾ, ਚੂਲ ਉਠਾਉਣਾ ।

Unhoard, *v. t.* ਅਨਹੋਰਡ—ਫੈਲਾਉਣਾ, ਬਖੇਰਨਾ, ਖਿਲਾਰਨਾ ।

Unholy, *a.* ਅਨਹੋਲੀ–ਪਾਪੀ, ਅਧਰਮੀ ।

Unhook, *v. t.* ਅਨਹੁਕ–ਕਾਂਟਾ, ਅੰਕੜਾ ਜਾਂ ਕੁੰਡਾ ਖੋਲ੍ਹਨਾ ।

Unhopeful, *a.* ਅਨਹੋਪਫੁਲ—ਜਿਸਨੂੰ ਕੁਝ ਆਸ ਜਾਂ ਉਮੇਦ ਨਾ ਹੋਵੇ ।

Unhorse, *v. t.* ਅਨਹੋਰਸ—ਘੋੜੇ ਪੁਰ ਥੀਂ ਢਾਉਣਾ ।

Unhouse, *v. t.* ਅਨਹੌਸ–ਨਿਘਰਾ ਕ੦, ਘਰ ਥੀਂ ਬਾਹਰ ਕੱਢਣਾ ।

Unhurt, *a.* ਅਨਹਰਟ–ਅਚੋਟ, ਬੇਜ਼ਖ਼ਮਾ, ਬੇਸੱਟਾ, ਬੇਚੋਟ ।

Unicorn, *n.* ਯੂਨੀਕੌਰਨ–ਇੱਕ ਸਿੰਙਾ, ਗੈਂਡਾ, ਇੱਕ ਕੀੜਾ, ਇੱਕ ਵੱਡਾ ਪੰਛੀ ।

Unicornous, *a.* ਯੂਨੀਕੌਰਨਸ–ਇਕ ਸਿੰਙਾ ।

Unification, *n.* ਯੂਨੀਫ਼ੀਕੇਸ਼ਨ–ਮਿਲਕੇ ਇਕ ਹੋ ਜਾਣ ਦੀ ਹਾਲਤ ।

Uniflorous, *a.* ਯੂਨੀਫ਼ਲੋਰਸ–ਇਕ ਫੁੱਲਾ ।

Unifoliate, *a.* ਯੂਨੀਫ਼ੋਲੀਏਟ–ਇਕ ਪਤਰਾ ।

Uniform, *n.* ਯੂਨੀਫ਼ਾਰਮ—ਸਿਪਾਹੀ ਦਾ ਬਾਣਾ, ਵਰਦੀ; *a.* ਇਕ ਭਾਵ, ਇਕ ਰੰਗ, ਹਮਵਾਰ, ਸਮ, ਬਰਾਬਰ ।

Uniformity, *n.* ਯੂਨੀਫ਼ਾਰਮਿਟੀ–ਬਰਾਬਰੀ, ਸਮਤਾ, ਮੇਲ, ਮੁਆਫ਼ਿਕਤ, ਹਮਰੰਗੀ ।

Uniformly, *adv.* ਯੂਨੀਫ਼ਾਰਮਲੀ–ਸਮ ਰੂਪ ਨਾਲ, ਬਰਾਬਰ, ਯਕਸਾਂ ।

Unigeniture, *n.* ਯੂਨੀਜੈਨੀਟੂਰ–ਇਕਲੌਤਾ-ਪਨ, ਤਨ ਤਨਹਾਈ, ਇਕੱਲਾਪਨ।

Unigenous, *a.* ਯੂਨੀਜੈਨਸ–ਇਕਜਾਤੀ, ਹਮ ਜਿੰਸ, ਸਮਜਾਤੀ।

Unilateral, *a.* ਯੂਨੀਲੇਟਰਲ–ਇਕ ਪਾਸਾ, ਇਕ ਤਰਫ਼ਾ, ਯਕ ਪਹਲੂ।

Uniliteral, *a.* ਯੂਨੀਲਿਟਰਲ–ਇਕ ਅੱਖਰਾ।

Unilluminated, *a.* ਅਨਇਲਲੂਮੀਨੇਟਿਡ–ਅੰਧ, ਅੰਧੇਰਾ, ਨਾਰੌਸ਼ਨ, ਚਾਨਣ ਰਹਤ।

Unillustrated, *a.* ਅਨਇਲਲਸਟਰੇਟਿਡ—ਬਿਨ ਟੀਕਾ, ਅਚਿੱਤਰਾ, ਬੇ ਤਫ਼ਸੀਰ।

Unimportant, *a.* ਅਨਇਮਪੌਰਟੈਂਟ–ਅਪਰਸਿੱਧ, ਲਘੂ, ਛੋਟਾ, ਹੌਲਾ, ਬੇਕਦਰ।

Uninhabited, *a.* ਅਨਇੰਹੈਬੀਟਿਡ–ਖਾਲੀ, ਉਜੜਿਆ ਹੋਯਾ, ਗ਼ੈਰ ਆਬਾਦ।

Uninjured, *a.* ਅਨਇੰਜੂਰਡ—ਬੇਚੋਟ, ਅਨਸੱਟਾ।

Unintelligible, *a.* ਅਨਇਨਟੈਲੀਜੀਬਲ—ਅਸਪਸ਼ਟ, ਜੋ ਸਮਝ ਵਿੱਚ ਨਾ ਆਵੇ।

Uninterested, *a.* ਅਨਇੰਟਰੈਸਟਿਡ—ਬੇਵਾਸਤਾ, ਸੰਬੰਧ ਰਹਿਤ, ਬੇਗ਼ਰਜ਼।

Uninterrupted, *a.* ਅਨਇੰਟਰਰਪਟਿਡ—ਬੇਰੋਕ, ਅਖੰਡਿਤ, ਬਿਲਾ ਫ਼ਸਲ।

Uninvited, *a.* ਅਨਇਨਵਾਈਟਿਡ—ਬਿਨ ਬੁਲਾਯਾ, ਬਿਲਾ ਦਰਖ਼ਾਸਤ।

Union, *n.* ਯੂਨੀਅਨ–ਮਿਲਾਪ, ਮੇਲ, ਸੰਜਮ ਜੋੜ, ਏਕਾ, ਇਕਦਿਲੀ, ਇਤਫ਼ਾਕ।

Unionist, *n.* ਯੂਨੀਅਨਇਸਟ–ਉੱਨਤੀ, ਮੇਲ ਯਾ ਤਰੱਕੀ ਚਾਹੁਨ ਵਾਲਾ।

Uniparous, *a.* ਯੂਨੀਪੇਰਸ–ਇੱਕ ਵਾਰ ਇੱਕ ਬੱਚਾ ਜੰਮਨ ਵਾਲੀ।

Unique, *a.* ਯੂਨੀਕ–ਅਜੋੜ, ਅਨੋਖਾ, ਅਨੂਠਾ, ਦੇਨਜ਼ੀਰ, ਨਿਰਾਲਾ, ਬੇਮਿਸਾਲ, ਲਾਸਾਨੀ।

Unison, *n.* ਯੂਨੀਸਨ–ਇਕਸੁਰ, ਹਮ ਆਵਾਜ਼, ਏਕਤਾ, ਇਤਫ਼ਾਕ।

Unisonous, *a.* ਯੂਨੀਸੋਨਸ–ਸਮ ਸੁਰ, ਸਮ ਆਵਾਜ਼, ਹਮ ਆਹੰਗ।

Unit, *n.* ਯੂਨਿਟ–ਇੱਕ, ਇਕਾਈ, ਏਕਮ।

Unitarian, *n.* ਯੂਨੀਟੇਰੀਅਨ–ਤਸਲੀਸ ਜਾਂ ਤ੍ਰਿਮੂਰਤੀ ਨੂੰ ਨਾ ਮੰਨਣ ਵਾਲਾ।

Unite, *v. t.* ਯੂਨਾਇਟ–ਇੱਕ ਕਰ, ਗਾਂਠਨਾ, ਮਿਲਾਉਣਾ, ਮੁਤਫ਼ਿਕ ਕ॰, ਜੋੜਨਾ; *v. i.* ਇੱਕ ਹੋਨਾ, ਜੁੜਨਾ, ਮਿਲਨਾ।

Unitedly, *adv.* ਯੂਨਾਈਟਿਡਲੀ—ਇਕੱਠੇ ਮਿਲਕੇ, ਇੱਕ ਹੋਕੇ, ਇਤਫ਼ਾਕ ਨਾਲ।

Unity, *n.* ਯੂਨੀਟੀ–ਏਕਤਾ, ਮੇਲ, ਯੋਗ, ਏਕਤਾਈ, ਇਤਹਾਦ, ਭਾਈਚਾਰਾ, ਬਾਪਲਾਤ।

Univalve, *a.* ਯੂਨੀਵਾਲਵ–ਇਕ ਤਹਿ ਵਾਲਾ, ਇੱਕ ਪਰਤ ਵਾਲਾ।

Universal, *a.* ਯੂਨੀਵਰਸਲ–ਸੰਪੂਰਣ, ਸਬ, ਸਕਲ, ਕੁੱਲ, ਸਰਵ ਸੰਬੰਧੀ, ਕੁੱਲੀ।

Universality, *n.* ਯੂਨੀਵਰਸੈਲੀਟੀ—ਸਰਬ ਵਿਆਪਤਾ, ਸੰਪੂਰਣਤਾ, ਤੁਮੂਯਾਤ।

Universally, *adv.* ਜੂਨੀਵਰਸਲੀ—ਸਰਵੱਤਰ, ਹਰ ਥਾਂਓਂ, ਸਾਰੇ, ਬਿਲਕੁਲ, ਅਮੂਮਨ।

Universe, *n.* ਯੂਨੀਵਰਸ—ਸੰਸਾਰ, ਜਹਾਨ, ਸ੍ਰਿਸ਼ਟੀ, ਤ੍ਰਿਲੋਕੀ, ਦੁਨਯਾਂ, ਆਲਮ।

University, *n.* ਯੂਨੀਵਰਸਿਟੀ—ਮਹਾਂ ਵਿਦਯਾਲਯ, ਖ਼ਾਸ ਪਾਠਸ਼ਾਲਾ।

Univocal, *a.* ਯੂਨੀਵੋਕਲ–ਏਕਾਰਥ, ਇੱਕ ਮਾਨੇ ਦਾ।

Unjust, *a.* ਅਨਜਸਟ–ਅਧਰਮੀ, ਅਨਿਆਈ, ਬੇਇੰਸਾਫ਼, ਨਾਮੁਨਾਸਿਬ, ਅਣਉਚਿਤ।

Unjustifiable, *a.* ਅਨਜਸਟੀਫ਼ਾਇਏਬਲ—ਅਨੁਚਿਤ, ਨਾਜਾਇਜ਼, ਗ਼ੈਰ ਵਾਜਿਬ।

Unjustly, *adv.* ਅਨਜਸਟਲੀ—ਅਨਿਆਯ, ਅਧਰਮ, ਅਨੀਤ ਯਾ ਜ਼ੁਲਮ ਨਾਲ।

Unkennel, *v. t.* ਅਨਕੈਨਲ—ਭਟ ਵਿੱਚੋਂ ਕੁੱਤਿਆਂ ਨੂੰ ਛੱਡਨਾ, ਗਾਰ ਵਿੱਚੋਂ ਕੱਢਨਾ।

Unkind, *a.* ਅਨਕਾਇੰਡ—ਨਿਰਦਈ, ਕਠੋਰ ਚਿਤ, ਜ਼ਾਲਮ, ਬੇਤਰਸ, ਨਾਮੇਹਰਬਾਨ।

Unking, *v. t.* ਅਨਕਿੰਗ–ਗੱਦੀ ਯਾ ਸਿੰਘਾਸਨ ਥੀਂ ਉਤਾਰਨਾ ਯਾ ਲਾਹੁਨਾ।

Unknowable, *a.* ਅਨਨੋਏਬਲ–ਸਮਝ ਥੀਂ ਬਾਹਰ।

Unknowingly, *adv.* ਅਨਨੋਇੰਗਲੀ—ਅਗਿਆਨਤਾ ਨਾਲ, ਅਨਜਾਨੇ, ਨਾਮਾਲੂਮ।

Unknown, *a.* ਅਨਨੋਨ-ਅਪਰਸਿਧ, ਅੰਜਾਨ, ਬੇਖ਼ਬਰ, ਨਾਮਾਲੂਮ ।

Unlace, *v. t.* ਅਨਲੇਸ—ਗਹਨਾ ਉਤਾਰਨਾ, ਬੰਧਨ ਜਾ ਡੋਰੀ ਖੋਲਨਾ ।

Unlade, *v. t.* ਅਨਲੇਡ—ਜਹਾਜ਼ ਪੁਰ ਥੰ: ਬੋਝਾ ਯਾ ਭਾਰ ਉਤਾਰਨਾ ।

Unlawful, *a.* ਅਨਲਾਫ਼ੁਲ—ਸ਼ਾਸਤਰ ਯਾ ਕਾਨੂਨ ਦੇ ਵਿਰੁੱਧ, ਹਰਾਮੀ, ਕਪੂਤ ।

Unlearn, *v. t.* ਅਨਲਰਨ-ਭੁੱਲਨਾ ।

Unlearned, *a.* ਅਨਲਰਨੇਡ-ਮੂਰਖ, ਕੁਪੜ੍ਹ, ਅਨਪੜ੍ਹ, ਵਿੱਦਯਾ ਹੀਨ, ਜਾਹਿਲ ।

Unless, *conj.* ਅਨਲੇਸ-ਬਿਨਾ, ਯਦਿ, ਜੇ, ਨਹੀਂ, ਮਗਰ, ਜਦ ਤੀਕੁ ਕਿ ਨਾ ।

Unlettered, *a.* ਅਨਲੈਟਰਡ-ਮੂਰਖ, ਅਨਪੜ੍ਹ

Unlike, *a.* ਅਨਲਾਇਕ—ਅਸਮਾਨ, ਭਿੰਨ, ਅਨਮੇਲ, ਨਾਮੁਆਫ਼ਿਕ, ਨਾਹਮਵਾਰ ।

Unlikely, *a. adv.* ਅਨਲਾਇਕਲੀ-ਅਸੰਭਵ, ਅਨਹੋਨੀ, ਅਸੁਗਤ, ਵਿਚਾਰ ਵਿਰੁੱਧ ।

Unlimited, *a.* ਅਨਲਿਮੀਟਿਡ—ਅਤਯੰਤ, ਅਪਾਰ, ਅਸੀਮਾ, ਬੇਹਦ, ਬਿਲਾ ਕੈਦ ।

Unlink, *v. t.* ਅਨਲਿੰਕ-ਖੋਲਨਾ, ਛੁਡਾਉਨਾ ।

Unload, *v. t.* ਅਨਲੋਡ—ਬੋਝਾ ਯਾ ਭਾਰ ਉਤਾਰਨਾ, ਹੌਲਾ ਕ੦, ਖ਼ਾਲੀ ਕ੦ ।

Unlock, *v. t.* ਅਨਲੌਕ-ਤਾਲਾ ਯਾ ਜੰਦਰਾ ਖੋਲਨਾ ।

Unlucky, *a.* ਅਨਲੱਕੀ-ਅਭਾਗਾ, ਕਮਬਖ਼ਤ, ਮਬਜ਼ਕਦਮਾ, ਨਹਸ, ਬਦਕਿਸਮਤ ।

Unmade, *a.* ਅਨਮੇਡ-ਅਨਬਨਿਆ ।

Unman, *v. t.* ਅਨਮੈਨ-ਮਨ ਤੋੜਨਾ, ਉਦਾਸ ਕ੦; ਨਾਮਰਦ ਯਾ ਨਪੁੰਸਕ ਬਨਾਉਨਾ ।

Unmanageable, *a.* ਅਨਮੈਨਜਏਬਲ-ਮੂੰਹ ਜ਼ੋਰ, ਬੇਲਗਾਮ, ਜਿਸਦਾ ਪਰਬੰਧ ਨਾ ਹੋ ਸਕੇ ।

Unmarriageable, *a.* ਅਨਮੈਰਜਏਬਲ—ਜੋ ਵਿਆਹੁਨ ਜੋਗ ਨਾ ਹੋਵੇ ।

Unmarried, *a.* ਅਨਮੈਰਿਡ—ਅਨਵਿਆਹਾ, ਕੁਆਰਾ, ਕੁਆਰੀ ।

Unmask, *v. t.* ਅਨਮਾਸਕ-ਘੁੰਡ ਲਾਹੁਨਾ, ਬੁਰਕਾ ਉਤਾਰਨਾ, ਮੂੰਹ ਨੰਗਾ ਕ੦, ਭੇਦ ਦੇਨਾ ।

Unmasked, *a.* ਅਨਮਾਸਕਡ—ਬੇ ਬੁਰਕਾ, ਪਰਗਟ, ਖੁਲਯਾ ਹੋਯਾ, ਜ਼ਾਹਿਰ ।

Unmastered, *a.* ਅਨਮਾਸਟਰਡ-ਜੋ ਸਿਖਯਾ ਹੋਯਾ ਨਾ ਹੋਵੇ, ਜੋ ਕਾਬੂ ਵਿੱਚ ਨ ਆਯਾ ਹੋਵੇ ।

Unmatched, *a.* ਅਨਮੈਚਡ-ਜਿਸਦੇ ਸਮਾਨ ਕੋਈ ਨਾ ਹੋਵੇ, ਅਜੋੜ, ਲਾਸਾਨੀ, ਅਦੁਤੀ ।

Unmeasured, *a.* ਅਨਮੇਯਰਡ-ਅਨਮਾਪਯਾ, ਬਹਿਸਾਬ, ਬੇਹਦ, ਅਨਗਿਨਤ ।

Unmentionable, *a.* ਅਨਮੈਨਸ਼ਨਬਲ—ਜਿਸਦਾ ਕਥਨ ਨਾ ਹੋ ਸਕੇ, ਨਾ ਕਾਬਲੇ ਜ਼ਿਕਰ

Unmentionables, *n.* ਅਨਮੈਨਸ਼ਨੇਬਲਜ਼-ਓਹ ਕੱਪੜੇ ਜਿਨ੍ਹਾਂ ਦਾ ਨਾਂਓ ਨਾ ਲੈਨਾ ਹੋਵੇ, ਛੋਟੇ ਕੱਪੜੇ ।

Unmerciful, *a.* ਅਨਮਰਸੀਫ਼ੁਲ—ਕਠੋਰ, ਨਿਰਦਈ, ਜ਼ਾਲਮ, ਸਖ਼ਤ, ਬੇਰਹਮ ।

Unmerited, *a.* ਅਨਮੈਰਟਿਡ-ਅਯੋਗ, ਬੇਜਾ, ਅਨੁਚਿਤ, ਨਾਲਾਇਕ, ਨਾਹਕ ।

Unmindful, *a.* ਅਨਮਾਇੰਡਫ਼ੁਲ—ਅਚੇਤ, ਬੇਖ਼ਬਰ, ਗ਼ਾਫ਼ਿਲ ।

Unmingled, *a.* ਅਨਮਿੰਗਲਡ-ਨਿਰਾ, ਸ਼ੁੱਧ, ਅਨਮੇਲ, ਖ਼ਾਲਿਸ ।

Unmistakable, *a.* ਅਨਮਿਸਟੇਕੇਬਲ—ਅਚੂਕ, ਜਿਸ ਵਿੱਚ ਗ਼ਲਤੀ ਨਾ ਹੋਵੇ ।

Unmixed, *a.* ਅਨਮਿਕਸਡ-ਬਿਨ ਮਿਲਾਵਟ, ਨਿਰਾ, ਖ਼ਾਲਿਸ ।

Unmolested, *a.* ਅਨਮੋਲੈਸਟਿਡ—ਬੇਰੋਕ, ਬੇਖਟਕੇ, ਬਿਲਾ ਰੋਕ ਟੋਕ ।

Unmoor, *v. t.* ਅਨਮੂਰ-ਲੰਗਰ ਉਠਾਉਨਾ, ਜਹਾਜ਼ ਖੋਲਨਾ ।

Unmotherly, *a* ਅਨਮਦਰਲੀ—ਜੋ ਮਾਤਾ ਦੇ ਸਮਾਨ ਨਾ ਹੋਵੇ ।

Unmoved, *a.* ਅਨਮੂਵਡ-ਕਠੋਰ, ਨਿਰਦਈ; ਬੇਹਰਕਤ, ਜੋ ਹਿੱਲੇ ਨਾ, ਦ੍ਰਿੜ੍ਹ ।

Unnamed, *a.* ਅਨਨੇਮਡ-ਅਪਰਸਿੱਧ, ਗੁਮ-ਨਾਮ, ਜੋ ਮਸ਼ਹੂਰ ਨਾ ਹੋਵੇ ।

Unnatural, *a.* ਅਨਨੈਟੂਰਲ—ਸੁਭਾਵ ਯਾ ਨੇਮ ਵਿਰੁੱਧ, ਬੇਕਾਇਦਾ; ਮੂੰਹ ਬੋਲਾ, ਮਜ਼ਾਜੀ

Unnecessary, *a.* ਅਨਨੈਸੇਸਰੀ—ਬਿਰਥਾ, ਬੇਲੋੜਾ, ਫ਼ਜ਼ੂਲ ।

Unnerve, *v. t.* ਅਨੱਨਰਵ—ਨਿਰਬਲ ਕ०, ਕਮਜ਼ੋਰ ਕ०, ਬਲਹੀਨ ਕ० ।

Unnoticed, *a.* ਅਨਨੌਟਿਸਡ—ਬਿਨਾ ਸੂਚਨਾ, ਬੇ ਇਤਲਾਹ, ਬੇਖ਼ਬਰ, ਨਾਮਾਲੂਮ ।

Unneeded, *a.* ਅਨਨੀਡਿਡ—ਜਿਸਦੀ ਲੋੜ ਨਾ ਹੋਵੇ, ਗ਼ੈਰ ਜ਼ਰੂਰੀ ।

Unoccupied, *a.* ਅਨਔਕੂਪਾਇਡ—ਖਾਲੀ, ਸੁੰਨ ਬੇਦਖ਼ਲ, ਬਿਨ ਕੰਮੋਂ ।

Unoffended, *a.* ਅਨਓਫ਼ੈਨਡਿਡ—ਬਿਨਾ ਬੁਰਾ ਮੰਨੇ, ਬੇਖ਼ਫ਼ਗੀ ।

Unopened, *a.* ਅਨਓਪੰਡ—ਬੰਦ, ਨਾ ਖੁੱਲ੍ਹਾ, ਲੁਕਯਾ, ਛੁਪਯਾ, ਗੁਪਤ ।

Unopposed, *a.* ਅਨਅਪੋਜ਼ਡ—ਬੇਰੋਕ ।

Unostantatious *a.* ਅਨਔਸਟੈਨਟੇਸ਼ਸ—ਸਾਦਾ, ਬਿਨਾ ਧੂਮਧਾਮ ।

Unowned, *a.* ਅਨਓਂਡ—ਬੇਮਾਲਿਕ, ਲਾਵਾਰਿਸ, ਸਵਾਮੀ ਹੀਨ ।

Unpack, *v. t.* ਅਨਪੈਕ—ਗਠੜੀ ਖੋਲ੍ਹਨਾ, ਭਾਰ ਲਾਹੁਨਾ, ਬੋਝਾ ਉਤਾਰਨਾ ।

Unpaid, *a.* ਅਨਪੇਡ—ਬਾਕੀ, ਅਨਚੁਕਾ, ਖੜਾ

Unpalatable, *a.* ਅਨਪੈਲੇਟੇਬਲ—ਬੇਸਵਾਦ ਨਾਗਵਾਰ, ਨਾਪਸੰਦ, ਸਵਾਦ ਹੀਨ ।

Unparadise, *v. t,* ਅਨਪੈਰੇਡਾਇਜ਼—ਆਨੰਦ ਹਟਾਉਨਾ, ਗ਼ਮੀ ਕ०, ਰੰਜੀਦਾ ਕ०

Unparagoned, *a.* ਅਨਪੈਰਾਗੌਂਡ—ਅਦੁਤੀ, ਲਾਸਾਨੀ, ਬੇਨਜ਼ੀਰ, ਬੇਮਿਸਾਲ ।

Unparalled, *a.* ਅਨਪੈਰਾਲਲਡ—ਅਨੂਠਾ, ਅਨੋਖਾ, ਅਜੀਬ, ਅਸਮਾਨ ।

Unpardonable, *a.* ਅਨਪਾਰਡਨਏਬਲ—ਨਿਖਿਮਾ, ਜੋ ਮੁਆਫ਼ੀ ਦੇ ਜੋਗ ਨਾ ਹੋਵੇ ।

Unphilosophic, Unphilosophical, *a.* ਅਨਫਿਲੋਸੋਫ਼ਿਕ, ਅਨਫ਼ੀਲੋਸੋਫ਼ੀਕਲ—ਵਿਚਾਰ ਵਿੱਦਯਾ ਦੇ ਵਿਰੁੱਧ, ਹਿਕਮਤ ਦੇ ਖ਼ਿਲਾਫ਼, ਨਾਮਾਕੂਲ, ਬੁੱਧ ਦੇ ਵਿਰੁੱਧ ।

Unpitying, *a.* ਅਨਪਿਟੀਇੰਗ—ਦਯਾਹੀਨ ।

Unpleasant *a.* ਅਨਪਲੈਜ਼ੰਟ—ਅਨਸੁਹਾਵਨਾ, ਨਾਖ਼ੁਸ਼, ਨਾ ਪਸੰਦੀਦਾ ।

Unpolished, *a.* ਅਨਪੌਲਿਸ਼ਡ—ਅਸਭ੍ਯ, ਸਾਦਾ, ਅਨਘੜ, ਬੇਸਿਕਲ ।

Unpolite, *a.* ਅਨਪੋਲਿਟ—ਗੰਵਾਰ, ਰੁੱਖਾ ।

Unpolluted, *a.* ਅਨਪੋਲੂਟਿਡ—ਪਵਿੱਤਰ, ਪਾਕ, ਅਛੂਤਾ, ਅਨ ਵਿਗੜਿਆ ।

Unpopular, *a.* ਅਨਪੌਪੂਲਰ—ਸਭ ਕੋਂ ਨਾ ਚਾਹਿਆ ਹੋਯਾ, ਬਦਨਾਮ, ਗ਼ੈਰ ਮਸ਼ਹੂਰ ।

Unobstrusive, *a.* ਅਨਔਬਟਰੂਜ਼ਿਵ—ਸ਼ਰਮਾਲੂ, ਲਜਯਾਵਾਨ, ਮੋਹਤਾਜ ।

Unportable, *a.* ਅਨਪੋਰਟੇਬਲ—ਜੋ ਚੁੱਕਕੇ ਨਾ ਲੈਜਾਯਾ ਜਾ ਸਕੇ ।

Unpssessed, *a.* ਅਨਪੋਜ਼ੈਸਡ—ਜਿਸ ਪੁਰ ਕਿਸੇ ਦਾ ਕਬਜ਼ਾ (ਸਵੱਤਯ) ਨਾ ਹੋਵੇ ।

Unprecedented, *a.* ਅਨਪਰੀਸੀਡੈਨਟਿਡ—ਅਨੋਖਾ, ਅਨੂਠਾ, ਜਿਸਦ ਜੇਹਾ ਕੋਈ ਨਾ ਹੋਵੇ ।

Unprejudiced, *a.* ਅਨਪਰੀਜੁਡਿਸਡ—ਪਖਪਾਤ ਰਹਤ, ਬੇਤਅੱਸੁਬ ।

Unpremeditated, *a.* ਅਨਪਰੀਮੈਡੀਟੇਟਿਡ—ਪਹਲੇ ਕੀ ਨਾ ਸੋਚਿਆ ਹੋਯਾ ।

Unprepared, *a* ਅਨਪਰੀਪੇਅਰਡ—ਅਤਿਆਰ, ਜੋ ਤਿਆਰ ਨਾ ਹੋਯਾ ਹੋਵੇ ।

Unpretending, Unpretentious, *a.* ਅਨਪਰੀਟੈਨਡਿੰਗ, ਅਨਪਰੀਟੈਨਸ਼ਸ—ਗਰਭਹੀਨ, ਬੇਗ਼ਰੂਰ, ਨਰਮ ਦਿਲ, ਹਲੀਮ ।

Unprincipled, *a.* ਅਨਪਰਿੰਸੀਪਲਡ—ਅਧਰਮੀ, ਦੁਰਾਚਾਰੀ, ਬੇਨੇਮਾ ।

Unprinted, *a.* ਅਨਪਰਿਨਟਿਡ—ਛਾਪੇ ਦਾ ਨਹੀਂ, ਲਿਖਤ, ਬਗ਼ੈਰ ਛਾਪਾ ।

Unproductive, *a.* ਅਨਪਰੋਡਕਟਿਵ—ਅਨ ਉਤਪਾਦਕ, ਉਖੜ, ਬੰਜਰ, ਬਾਂਝ, ਬੇਤਾਸੀਰ ।

Unprofitable, *a.* ਅਨਪਰੋਫ਼ੀਟੇਬਲ—ਲਾਭਹੀਨ, ਬੇਫ਼ਾਇਦਾ, ਬੇਸੂਦ ।

Unpromising *a* ਅਨਪਰੋਮਿਸਿੰਗ—ਨਾ ਹੋਨਹਾਰ, ਨਾ ਸੁਚਨੀ ।

Unpromulgated, *a.* ਅਨਪਰੋਮਲਗੇਟਿਡ—ਅਪਰਸਿੱਧ, ਜੋ ਮਸ਼ਹੂਰ ਨਾ ਹੋਵੇ ।

Unpronounceable, *a.* ਅਨਪਰੋਨੌਨਸੇਬਲ—ਜਿਸਦਾ ਉੱਚਾਰਨ ਨਾ ਹੋ ਸਕੇ ।

Unpropitious, *a.* ਅਨਪਰੋਪੀਸ਼ਸ—ਅਸ਼ੁੱਭ, ਅਮੰਗਲਕਾਰੀ, ਮਨਹੂਸ, ਕਮਬਖ਼ਤ ।

Unproportioned, *a.* ਅਨਪਰੋਪੋਰਸ਼ੰਡ—ਅਨਗਿਣਤ, ਬੇਸ਼ੁਮਾਰ, ਬੇਹਿਸਾਬ ।

Unprosperous, *a.* ਅਨਪਰੋਸਪਰਸ—ਅਭਾਗਾ, ਬਦਨਸੀਬ ।

Unprotected, *a.* ਅਨਪਰੋਟੈਕਟਿਡ—ਰੱਖਯਾ-ਹੀਨ, ਬੇਹਿਫ਼ਾਜ਼ਤ ।

Unprovided, *a.* ਅਨਪਰੋਵਾਇਡਡ—ਖ਼ਾਲੀ ।

Unpublished, *a.* ਅਨਪਬਲਿਸ਼ਡ—ਅਨਛਪਯਾ, ਜੋ ਪਰਗਟ ਨਾ ਕੀਤਾ ਗਯਾ ਹੋਵੇ ।

Unpunished, *a.* ਅਨਪਨਿਸ਼ਡ—ਦੰਡ ਯਾ ਸਜ਼ਾ ਨਾ ਪਾਯਾ ਹੋਯਾ ।

Unpurchasable, *a.* ਅਨਪਰਚੇਜ਼ੇਬਲ—ਨਾ ਮੁੱਲ ਲੈਨ ਦੇ ਜੋਗ ।

Unqualified, *a.* ਅਨਕਵਾਲੀਫ਼ਾਇਡ—ਨਾ-ਲਾਇਕ, ਅਯੋਗ, ਜਿਸਨੇ ਸੌਂਹ ਨ ਖਾਧੀ ਹੋਵੇ

Unquenchable, *a.* ਅਨਕਵੈਂਚੇਬਲ—ਜੋ ਬੁਝ ਨਾ ਸਕੇ ।

Unquestionable, *a.* ਅਨਕਵੈਸਚਨੇਬਲ—ਨਿਸਸੰਦੇਹ, ਕਾਮਿਲ, ਯਕੀਨੀ, ਨਿਰਉੱਤਰ ।

Unquiet, *a.* ਅਨਕੁਵਾਇਟ—ਬੇਚੈਨ, ਵਯਾਕੁਲ, ਘਬਰਾਯਾ ਹੋਯਾ, ਬੇਆਰਾਮ, ਬੇਕਲ ।

Unravel, *v. t.* ਅਨਰੈਵਲ—ਖੋਲ੍ਹਨਾ, ਉਧੇੜਨਾ, ਸੁਲਝਾਉਣਾ ।

Unready, *a.* ਅਨਰੈਡੀ—ਨਾ ਤਿਆਰ, ਸੁਸਤ ।

Unreal, *a.* ਅਨਰੀਅਲ—ਬਨੌਟੀ, ਜੋ ਅਸਲੀ ਨਾ ਹੋਵੇ, ਜ਼ਾਹਰੀ, ਸੂਰਤੀ, ਮਸਨੂਈ ।

Unreasonable, *a.* ਅਨਰੀਜ਼ਨੇਬਲ—ਬੁੱਧ ਯਾ ਅਕਲ ਥੀਂ ਦੂਰ, ਬੁੱਧ ਵਿਰੁੱਧ, ਅਨਉਚਿਤ, ਗ਼ੈਰ ਵਾਜਿਬ ।

Unrecognized, *a.* ਅਨਰੀਕਗਨਾਇਜ਼ਡ—ਅਪਰਸਿੱਧ, ਅਗਯਾਤ, ਨਾਮਾਲੂਮ ।

Unregardful, *a.* ਅਨਰੀਗਾਰਡਫ਼ੁਲ—ਬੇਪਰਵਾਹ, ਗ਼ਾਫ਼ਿਲ, ਅਚੇਤ ।

Unregistered, *a.* ਅਨਰੀਜਿਸਟਰਡ—ਜੋ ਕਿਸੇ ਵਹੀ ਯਾ ਕਿਤਾਬ ਵਿੱਚ ਦਰਜ ਨਾ ਹੋਵੇ ।

Unrelated, *a.* ਅਨਰੀਲੇਟਿਡ—ਜੋ ਸੰਬੰਧ ਨਾ ਰਖਦਾ ਹੋਵੇ ।

Unrelenting, *a.* ਅਨਰੀਲੈਨਟਿੰਗ—ਕਠੋਰ, ਨਿਰਦਈ, ਬੇਰਹਮ ।

Unreliable, *a.* ਅਨਰੀਲਾਂਇਬਲ—ਬੇਇਤਬਾਰਾ

Unremitting, *a.* ਅਨਰੀਮਿਟਿੰਗ—ਲਗਾਤਾਰ, ਬਿਨਾਂ ਨਾਗਾ, ਸਦੈਵ, ਮੁਤਵਾਤਰ ।

Unrenewed, *a.* ਅਨਰੀਨੂਡ—ਜੋ ਨਵਾਂ ਨਾ ਹੋਯਾ ਹੋਵੇ ।

Unrepenting, *a.* ਅਨਰੀਪੈਨਟਿੰਗ—ਬਿਨ ਪਛਤਾਵੇ ਦਾ ।

Unreported, *a.* ਅਨਰੀਪੋਰਟਿਡ—ਜਿਸਦੀ ਖ਼ਬਰ ਨਾ ਦਿੱਤੀ ਗਈ ਹੋਵੇ, ਬਿਨ ਖ਼ਬਰ ।

Unrequested, *a.* ਅਨਰੀਕਵੈਸਟਿਡ—ਬਿਨ ਮੰਗਯਾ ।

Unreserve, *n.* ਅਨਰੀਜ਼ਰਵ—ਸਾਫ਼ ਦਿਲੀ ।

Unreserved, *a.* ਅਨਰੀਜ਼ਰਵਡ—ਸੰਪੂਰਣ, ਪੂਰਾ, ਤਮਾਮ, ਕੁੱਲ, ਜੂੰ ਦਾ ਤੂੰ, ਨਿਸ਼ਕਪਟ, ਸਾਦਾ, ਸਾਫ਼ ।

Unresisted, *a.* ਅਨਰੀਜ਼ਿਸਟਿਡ—ਬੇਰੋਕ ।

Unresolvable, *a.* ਅਨਰੀਜ਼ੌਲਵੇਬਲ—ਜੋ ਹਲ ਨਾ ਹੋਵੇ, ਬੇਹਲ ।

Unrestrained, *a.* ਅਨਰੇਸਟਰੇਂਡ—ਬੇਰੋਕ, ਖੁਲ੍ਹੇ ਬੰਦੇਂ, ਸਵਤੰਤਰ, ਬੇਲਗਾਮ, ਆਜ਼ਾਦ ।

Unrestricted, *a.* ਅਨਰੈਸਟਰਿਕਟਿਡ—ਬੇਰੋਕ, ਬਿਲਾ ਅਟਕਾ ।

Unrevealed, *a.* ਅਨਰੀਵੀਲਡ—ਗੁਪਤ, ਲੁਕਿਆ ਹੋਇਆ, ਪੋਸ਼ੀਦਾ, ਮਖ਼ਫ਼ੀ ।

Unrevenged, *a.* ਅਨਰੇਵੈਂਜਡ—ਬੇਬਦਲਾ ।

Unrewarded, *a.* ਅਨਰੀਵਾਰਡਿਡ—ਪਰਤੋਸ਼ਕ ਹੀਨ, ਬੇਇਨਾਮ ।

Unriddle, *v. t.* ਅਨਰਿਡੱਲ—ਸਪਸ਼ਟ ਕ॰, ਖੋਲ੍ਹਨਾ, ਹਲ ਕ॰ ।

Unrighteous, *a.* ਅਨਰਿਟਅਸ—ਅਧਾਰਮਕ, ਦਿਲ ਦਾ ਕਾਲਾ ।

Unripe, *a.* ਅਨਰਾਇਪ—ਕੱਚਾ, ਬਿਨ ਪੱਕਯਾ ।

Unrivelled, *a.* ਅਨਰੀਵਲਡ—ਅਨੂਪਮ, ਅਨੋਖਾ, ਬੇਮਿਸਾਲ, ਲਾਸਾਨੀ ।

Unrobe, *v. t.* ਅਨਰੋਬ—ਕੱਪੜੇ ਉਤਾਰਨਾ ।

Unroll, *v. t.* ਅਨਰੋਲ—ਉਧੇੜਨਾ, ਖੋਲਣਾ, ਪਰਗਟ ਕ॰ ।

Unruffle, *v. t.* ਅਨਰੱਫ਼ਲ—ਥਮਣਾ ।

Unruffled, *a.* ਅਨਰਫ਼ਲਡ—ਸ਼ਾਂਤ, ਥਿਰ, ਬੇਜੋਸ਼, ਖੜਾ, ਥਮਯਾ ਹੋਯਾ ।

Unsafe, *a.* ਅਨਸੇਫ਼—ਅਰਖਿਤ, ਬੇਅਮਨ ।

Unsaid, *a.* ਅਨਸੈਡ—ਨਾ ਕਿਹਾ ਹੋਯਾ ।

Unsailable, *a.* ਅਨਸੇਲਏਬਲ—ਜਿਸ ਵਿੱਚ ਜਹਾਜ਼ ਨਾ ਚਲ ਸੱਕਨ ।

Unsaleable, *a.* ਅਨਸੇਲੇਬਲ-ਜੋ ਵਿਕ ਜਾ ਫ਼ਰੋਖ਼ਤ ਨਾ ਹੋ ਸੱਕੇ ।

Unsanctified. *a.* ਅਨਸੈਂਕਟੀਫ਼ਾਇਡ—ਅਪਵਿੱਤਰ, ਨਾਪਾਕ ।

Unsated, Unsatiate, *a.* ਅਨਸੇਟਿਡ, ਅਨਸੈਸ਼ੀਏਟ—ਨਾ ਰੱਜਯਾ ਹੋਯਾ ।

Unsatisfactory, *a.* ਅਨਸੈਟਿਸਫ਼ੈਕਟੋਰੀ—ਅਸੰਤੋਖਕ, ਨਾਪਸੰਦ, ਜਿਸ ਥੀਂ ਤਸੱਲੀ ਨ ਹੋਵੇ

Unsatisfied, *a.* ਅਨਸੈਟਿਸਫ਼ਾਇਡ-ਨਾਖ਼ੁਸ਼, ਅਪ੍ਰਸੰਨ, ਨਾਰਾਜ਼, ਬੇਮਨ ।

